ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ

Digitized by Panjab Digital Library | www.panjabdigilib.org

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬੀ ਭਾਸ਼ਾ ਤੇ ਸਾਹਿਤ
ਨੂੰ
ਈਸਾਈ ਮਿਸ਼ਨਰੀਆਂ ਦੀ ਦੇਣ

ਡਾ. ਗੁਰਚਰਨ ਸਿੰਘ ਅਰਸ਼ੀ

GOVT. PUNJAB

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

Punjabi Bhasha Te Sahit Nu Isai Missionarian di Dain
(in Punjabi)
by
Dr. Gurcharan Singh Arshi

(ਦਿੱਲੀ ਯੂਨੀਵਰਸਿਟੀ ਦੀ ਪੀ-ਐਚ. ਡੀ. ਡਿਗਰੀ ਲਈ ਪ੍ਰਵਾਨਿਤ ਥੀਸਿਸ)

ਪਹਿਲੀ ਵਾਰ, 1975
ਕੀਮਤ : 6 ਰੁਪਏ 5 ਪੈਸੇ
ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਛਾਪਕ : ਜੈਹਿੰਦ ਪ੍ਰਿੰਟਿੰਗ ਪ੍ਰੈਸ, ਨਹਿਰੂ ਗਾਰਡਨ ਰੋਡ, ਜਲੰਧਰ ਸ਼ਹਿਰ
ਰਾਹੀਂ
ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ।

Digitized by Panjab Digital Library | www.panjabdigilib.org

ਪੰਜਾਬੀ ਭਾਸ਼ਾ ਤੇ ਸਾਹਿਤ
ਨੂੰ
ਈਸਾਈ ਮਿਸ਼ਨਰੀਆਂ ਦੀ ਦੇਣ

Digitized by Panjab Digital Library | www.panjabdigilib.org

[illegible]

[illegible]

[illegible]

Digitized by Panjab Digital Library | www.panjabdigilib.org

ਵਿਸ਼ਾ-ਸੂਚੀ

				ਪੰਨਾ
1.	ਦੋ ਸ਼ਬਦ	:	ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ	
2.	ਪ੍ਰਸਤਾਵਨਾ	:		1
3.	ਅਧਿਆਇ ਪਹਿਲਾ	:	ਈਸਾਈ ਮਿਸ਼ਨਰੀਆਂ ਦਾ ਪੰਜਾਬ-ਪ੍ਰਵੇਸ਼ ਅਤੇ ਗਤੀਵਿਧੀਆਂ	11
4.	ਅਧਿਆਇ ਦੂਜਾ	:	ਮਿਸ਼ਨਰੀਆਂ ਦੀਆਂ ਭਾਸ਼ਾਈ ਕਿਰਤਾਂ	53
5.	ਅਧਿਆਇ ਤੀਜਾ	:	ਮਿਸ਼ਨਰੀਆਂ ਦੀਆਂ ਸਾਹਿਤਕ ਕਿਰਤਾਂ	107
6.	ਸਿੱਟਾ	:		181
7.	ਪਰਿਸ਼ਿਸ਼ਟ	:	(ੳ) ਪ੍ਰਸਿੱਧ ਈਸਾਈ ਮਿਸ਼ਨਰੀ ਲੇਖਕ	193
			(ਅ) ਰੇਲ ਗੱਡੀ ਦਾ ਸਫ਼ਰ	201
			(ੲ) ਮਲਕਾ ਅਸਤਰ	209
8.	ਚੋਣਵੀਆਂ ਸਹਾਇਕ ਪੁਸਤਕਾਂ ਦੀ ਸੂਚੀ			217
9.	ਸ਼ਬਦ-ਅਨੁਕ੍ਰਮਣਿਕਾ :			227

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਧੰਨਵਾਦ

ਇਸ ਕਠਿਨ ਕਾਰਜ ਦੇ ਦੌਰਾਨ ਜਿਨ੍ਹਾਂ ਵਿਅਕਤੀਆਂ ਨੇ ਮੇਰੀ ਸਹਾਇਤਾ ਕੀਤੀ, ਜਾਂ ਕਈ ਮਹੱਤਵਪੂਰਨ ਸੁਝਾਉ ਦਿੱਤੇ ਹਨ, ਮੈਂ ਉਨ੍ਹਾਂ ਦਾ ਧੰਨਵਾਦ ਕਰਨਾ ਆਪਣਾ ਪ੍ਰਮੁਖ ਕਰਤੱਵ ਸਮਝਦਾ ਹਾਂ। ਅੱਜ ਤੋਂ ਸੱਤ ਵਰ੍ਹੇ ਪਹਿਲਾਂ ਮੈਂ ਇਹ ਖੋਜ-ਕਾਰਜ ਡਾ: ਹਰਚਰਨ ਸਿੰਘ ਜੀ ਦੀ ਰਾਹਨੁਮਾਈ ਵਿਚ ਆਰੰਭ ਕੀਤਾ ਸੀ। ਵਿਸ਼ੇ ਸੰਬੰਧੀ ਸੁਝਾਉ ਮੈਨੂੰ ਉਨ੍ਹਾਂ ਪਾਸੋਂ ਹੀ ਪ੍ਰਾਪਤ ਹੋਇਆ ਸੀ। ਭਾਗਵਸ ਉਨ੍ਹਾਂ ਨੇ ਇਕ ਵਰ੍ਹੇ ਮਗਰੋਂ ਦਿੱਲੀ ਵਿਸ਼ਵ ਵਿਦਿਆਲਯ ਦੇ ਪੋਸਟ ਗ੍ਰੈਜੂਏਟ ਈਵਨਿੰਗ ਇੰਸਟੀਚਿਊਟ ਦੇ ਪੰਜਾਬੀ ਵਿਭਾਗ ਦਾ ਅਧਿਅਕਸ਼-ਪਦ ਤਿਆਗ ਕੇ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਅਧਿਅਕਸ਼-ਪਦ ਸੰਭਾਲ ਲਿਆ। ਇਸ ਤੋਂ ਮਗਰੋਂ ਮੈਨੂੰ ਡਾ: ਸਾਹਿਬ ਨੂੰ ਵਧੇਰੇ ਮਿਲਣ ਦਾ ਸੁਭਾਗ ਤਾਂ ਭਾਵੇਂ ਨਾ ਪ੍ਰਾਪਤ ਹੋ ਸਕਿਆ, ਪਰ ਮਹੀਨੇ ਦੋ ਮਹੀਨਿਆਂ ਵਿਚ ਇਕ ਅੱਧ ਵਾਰੀ ਮੈਂ ਉਨ੍ਹਾਂ ਨੂੰ ਆਪਣੇ ਕਾਗਜ਼-ਪੱਤਰ ਦਿਖਾ ਆਉਂਦਾ ਸੀ। ਕਾਫ਼ੀ ਸਮਾਂ ਬਦਲ ਜਾਣ ਮਗਰੋਂ, ਜਦ ਇਸ ਖੋਜ-ਪ੍ਰਬੰਧ ਦਾ ਪਹਿਲਾ ਖਰੜਾ ਤਿਆਰ ਹੋ ਚੁੱਕਾ ਸੀ, ਕੋਈ ਕਾਨੂੰਨੀ ਅੜਚਨ ਪੈਣ ਕਰਕੇ ਨਿਰਦੇਸ਼ਕ ਬਦਲਣਾ ਜ਼ਰੂਰੀ ਹੋ ਗਿਆ। ਇਸ ਸਮੇਂ ਤਕ ਡਾ: ਹਰਿਭਜਨ ਸਿੰਘ ਜੀ ਦਿੱਲੀ ਵਿਸ਼ਵ ਵਿਦਿਆਲਾ ਦੇ ਆਧੁਨਿਕ ਭਾਸ਼ਾ ਵਿਭਾਗ ਵਿਚ ਪ੍ਰੋਫ਼ੈਸਰ ਆਫ਼ ਪੰਜਾਬੀ ਨਿਯੁਕਤ ਹੋ ਚੁੱਕੇ ਸਨ। ਉਨ੍ਹਾਂ ਨੇ ਮੈਨੂੰ ਫੇਰ ਉਤਸ਼ਾਹ ਦਿੱਤਾ ਅਤੇ ਮੇਰੇ ਇਸ ਖੋਜ-ਕਾਰਜ ਦੇ ਨਿਰਦੇਸ਼ਨ ਦਾ ਭਾਰ ਆਪਣੇ ਜ਼ਿੰਮੇ ਲੈ ਲਿਆ। ਉਨ੍ਹਾਂ ਦੇ ਸੁਝਾਵਾਂ ਦੀ

Digitized by Panjab Digital Library | www.panjabdigilib.org

ਰੋਸ਼ਨੀ ਵਿਚ ਮੈਨੂੰ ਏਹਿ ਖੋਜ-ਪ੍ਰਬੰਧ ਦੁਬਾਰਾ ਲਿਖਣਾ ਪਿਆ। ਡਾ: ਹਰਿਭਜਨ ਸਿੰਘ ਜੀ ਨੇ ਆਪਣੇ ਰੁਝੇਵਿਆਂ ਦੇ ਬਾਵਜੂਦ ਮੇਰੇ ਖੋਜ-ਪ੍ਰਬੰਧ ਦੀ ਹਰ ਪੰਕਤੀ ਨੂੰ ਪੜ੍ਹਿਆ ਅਤੇ ਲੋੜੀਂਦੀ ਸੁਧਾਈ ਵੀ ਕੀਤੀ। ਉਨ੍ਹਾਂ ਦੇ ਨਿਰਦੇਸ਼ਨ ਤੋਂ ਬਿਨਾਂ ਇਹ ਕੰਮ ਸਿਰੇ ਚੜ੍ਹਨਾ ਅਸੰਭਵ ਸੀ। ਇਨ੍ਹਾਂ ਤੋਂ ਉਪਰੰਤ ਸ੍ਰੀ ਮਤੀ ਅਤੇ ਸ੍ਰੀ ਡਾ: ਸੀ. ਐਚ. ਲੋਹਿਲਿਨ, ਰੈਵਰੈਂਡ ਈ. ਵਾਈ. ਕੈਂਬਲ, ਮਿਸ ਈ. ਐਲ. ਸਾਂਡਰਸ, ਮਿਸਟਰ ਕੇ. ਡੀ. ਮੈਥਿਊ, ਮਿਸਟਰ ਸਮਾਰਤ (ਪ੍ਰਿੰ: ਸੀਰਾਮਪੁਰ ਕਾਲਜ), ਪਾਦਰੀ ਕੇ. ਡੀ. ਡਬਲਿਊ ਆਨੰਦ, ਰੈਵਰੈਂਡ ਜੇਮਜ਼ ਆਲਟਰ, ਪ੍ਰੋ: ਫ੍ਰੈਂਕ ਠਾਕੁਰਦਾਸ, ਡਾ: ਜਾਨ ਵੈਬਸਟਰ, ਡਾ: ਕਾਲਾ ਸਿੰਘ ਬੇਦੀ, ਪ੍ਰੋ: ਪ੍ਰੀਤਮ ਸਿੰਘ, ਡਾ: ਨਿਰੰਜਨ ਚਕ੍ਰਵਰਤੀ, ਡਾ: ਸਵਿੰਦਰ ਸਿੰਘ ਉੱਪਲ, ਮਿਸ ਈ. ਐਲ. ਸਵੋਰਡ, ਡਾ: ਗੰਡਾ ਸਿੰਘ ਅਤੇ ਡਾ: ਹਰਕੀਰਤ ਸਿੰਘ ਵੀ ਮੇਰੇ ਧੰਨਵਾਦ ਦੇ ਪਾਤਰ ਹਨ।

ਗੁਰਚਰਨ ਸਿੰਘ 'ਅਰਸ਼ੀ'

ਅਧਿਅਕਸ਼, ਪੰਜਾਬੀ ਵਿਭਾਗ
ਦੇਸ਼ ਬੰਧੂ ਕਾਲਜ (ਦਿੱਲੀ ਯੂਨੀਵਰਸਿਟੀ)
ਕਾਲਕਾ ਜੀ, ਨਵੀਂ ਦਿੱਲੀ—19.

Digitized by Panjab Digital Library | www.panjabdigilib.org

ਦੋ ਸ਼ਬਦ

ਈਸਾਈ ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਵਡਮੁਲੀ ਸੇਵਾ ਕੀਤੀ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਉਨ੍ਹਾਂ ਨੇ ਪੰਜਾਬੀ ਨੂੰ ਸਾਹਿਤਕ ਭਾਸ਼ਾ ਦਾ ਰੂਪ ਧਾਰਨ ਕਰਨ ਲਈ ਸਹਾਰਾ ਹੀ ਨਹੀਂ ਦਿਤਾ ਸਗੋਂ ਪੰਜਾਬੀ ਭਾਸ਼ਾ ਦੀ ਜ਼ਮੀਨ ਨੂੰ ਪੱਧਰਾ ਕਰਕੇ ਉਸ ਵਿਚ ਸਾਹਿਤ ਵਿਸ਼ੇਸ਼ ਕਰਕੇ ਗੱਦ ਸਾਹਿਤ ਦੇ ਬੂਟੇ ਨੂੰ ਵਿਕਸਿਤ ਵੀ ਕੀਤਾ।

ਕੋਈ ਵੀ ਭਾਸ਼ਾ ਉਦੋਂ ਤਕ ਸਹੀ ਅਰਥਾਂ ਵਿਚ ਸਹਿਤਕ ਭਾਸ਼ਾ ਅਖਵਾਉਣ ਦੀ ਹੱਕਦਾਰ ਨਹੀਂ ਹੁੰਦੀ ਜਦੋਂ ਤਕ ਉਸ ਦਾ ਕੋਈ ਵਿਆਕਰਣ ਤੇ ਕੋਸ਼ ਨਹੀਂ ਬਣ ਜਾਂਦਾ। ਈਸਾਈ ਮਿਸ਼ਨਰੀਆਂ ਨੇ ਪੰਜਾਬੀ ਦੇ ਸਭ ਤੋਂ ਪਹਿਲੇ ਵਿਆਕਰਣ ਅਰਥਾਤ 'ਗਰੈਮਰ ਆਫ ਦੀ ਪੰਜਾਬੀ ਲੈਂਗੂਏਜ' (ਕੇਰੀ ਵਿਲਿਅਮ 1812) ਦੀ ਰਚਨਾ ਕੀਤੀ। ਇਸ ਦੇ ਨਾਲ ਹੀ 'ਡਿਕਸ਼ਨਰੀ ਆਫ ਦੀ ਪੰਜਾਬੀ ਲੈਂਗੂਏਜ' (ਲੁਧਿਆਣਾ ਮਿਸ਼ਨ 1854) ਲਿਖ ਕੇ ਪੰਜਾਬੀ ਕੋਸ਼ ਰਚਨਾ ਵਿਚ ਵੀ ਉਨ੍ਹਾਂ ਪਹਿਲ ਕੀਤੀ। ਇਸ ਤੋਂ ਇਲਾਵਾ ਪੰਜਾਬੀ ਮੁਹਾਵਰਿਆਂ ਤੇ ਅਖਾਣਾ ਦਾ ਸੰਗ੍ਰਹਿ—(ਇਡੀਓਮੈਟਿਕ ਸਨਟੈਨਸਿਜ਼ ਇੰਨ ਇੰਗਲਿਸ਼ ਐਂਡ ਪੰਜਾਬੀ-ਐਲ, ਜੇਨਵੀਅਰ—1846 ਅਤੇ ਪੰਜਾਬੀ ਪਰੋਵਰਵਜ਼ ਐਂਡ ਇਡੀਓਮੈਟਿਕ ਸਨਟੈਨਸਿਜ਼) ਵੀ ਉਨ੍ਹਾਂ ਸਭ ਤੋਂ ਪਹਿਲਾ ਪ੍ਰਕਾਸ਼ਤ ਕੀਤੇ। ਉਸ ਸਮੇਂ ਪ੍ਰਚਲਤ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਉਚਾਰਣ ਨੂੰ ਵੀ ਉਨ੍ਹਾਂ ਆਪਣੇ ਕੋਸ਼ਾਂ ਵਿਚ ਸੰਭਾਲੀ ਰਖਿਆ ਹੈ, ਜਿਹੜਾ ਅਜੋਕੀ ਭਾਸ਼ਾ ਵਿਗਿਆਨਕ ਖੋਜ ਵਿਚ ਬੜਾ ਸਹਾਈ ਸਿੱਧ ਹੋ ਰਿਹਾ ਹੈ।

ਮਿਸ਼ਨਰੀਆਂ ਨੇ ਪੰਜਾਬੀ ਨੂੰ ਭਾਸ਼ਾ ਦਾ ਰੂਪ ਦੇਣ ਦੇ ਨਾਲ ਨਾਲ ਇਸ ਦੇ ਸਾਹਿਤ, ਵਿਸ਼ੇਸ਼ ਕਰਕੇ ਗੱਦ ਸਾਹਿਤ ਨੂੰ ਭਰਪੂਰ ਬਣਾਉਣ ਲਈ ਵੀ ਉਚੇਚੇ ਉਪਰਾਲੇ ਕੀਤੇ। ਮਿਸ਼ਨਰੀਆਂ ਨੂੰ ਅਜੋਕੀ ਪੰਜਾਬੀ ਗਲਪ ਦਾ ਜਨਮ-ਦਾਤਾ ਕਿਹਾ ਜਾ ਸਕਦਾ ਹੈ। ਉਨ੍ਹਾਂ ਪੰਜਾਬੀ ਵਾਰਤਕ ਨੂੰ ਜਨਮ ਸਾਖੀਆਂ ਅਤੇ ਭਾਈ ਮਨੀ ਸਿੰਘ ਤੇ ਅੱਡਨ ਸ਼ਾਹ ਦੀ ਵਾਰਤਕ, ਜਿਹੜੀ ਮੁਸ਼ਕਲ ਨਾਲ ਧਾਰਮਿਕ ਲੋੜਾਂ ਹੀ ਪੂਰੀਆਂ ਕਰ ਸਕਦੀ ਸੀ, ਤੋਂ ਵਿਕਸਿਤ ਕਰਕੇ ਅਜਿਹੀ ਵਿਗਿਆਨਕ ਵਾਰਤਕ ਦਾ ਮੁੱਢ ਬੰਨ੍ਹਿਆ ਜਿਹੜੀ ਅਗੇ ਚਲਕੇ ਵਰਤਮਾਨ ਯੁਗ ਦੀਆਂ ਵਿਗਿਆਨਕ, ਪ੍ਰਬੰਧਕ, ਸਿਖਿਅਕ ਤੇ ਸਾਹਿਤਕ ਲੋੜਾਂ ਨੂੰ ਪੂਰਾ ਕਰਨ ਵਿਚ ਪੂਰੀ ਤਰ੍ਹਾਂ ਸਮਰਥ ਹੋਈ।

ਈਸਾਈ ਮਿਸ਼ਨਰੀਆਂ ਨੂੰ ਕੇਵਲ ਇਸ ਗਲ ਦਾ ਮਾਣ ਹੀ ਨਹੀਂ ਜਾਂਦਾ ਕਿ ਉਨ੍ਹਾਂ ਪੰਜਾਬੀ ਨੂੰ ਨਰੋਆ ਤੇ ਵਿਗਿਆਨਕ ਗੱਦ ਹੀ ਦਿਤਾ ਸਗੋਂ ਇਸ ਵਿਚ ਭਿੰਨ ਭਿੰਨ ਸਾਹਿਤਕ ਵੰਨਗੀਆਂ ਦਾ ਮੁੱਢ ਵੀ ਉਨ੍ਹਾਂ ਹੀ ਬੰਨਿਆ। ਆਪਣੇ ਧਰਮ ਪ੍ਰਚਾਰ ਦੇ ਸਬੰਧ ਵਿਚ ਅਨੇਕਾਂ ਨਿਬੰਧ ਲਿਖਕੇ ਉਨ੍ਹਾਂ ਪੰਜਾਬੀ ਵਿਚ ਨਿਬੰਧ ਰਚਨਾ ਦਾ ਕੰਮ ਸ਼ੁਰੂ ਕੀਤਾ। ਪੰਜਾਬੀ ਕਹਾਣੀ ਦਾ ਅਰੰਭ ਵੀ ਉਨ੍ਹਾਂ ਨੇ 'ਬਾਈਬਲ ਦੀਆਂ ਮਰਤਾਂ ਅਤੇ ਕਹਾਣੀਆਂ' (1877) ਲਿਖਕੇ ਕੀਤਾ। ਉਨ੍ਹਾਂ ਦੀਆਂ

Digitized by Panjab Digital Library | www.panjabdigilib.org

ਚੁਪਤ੍ਰੀਆਂ ਦੇ ਰੂਪ ਵਿਚ ਪ੍ਰਕਾਸ਼ਿਤ ਬਾਈਬਲ ਉਤੇ ਅਧਾਰਤ ਕੁਝ ਕਹਾਣੀਆਂ, ਜਿਵੇਂ ਰਾਜ-ਮਾਤਾ ਆਦਿ, ਅਜੋਕੀ ਪੰਜਾਬੀ ਨਿਕੀ ਕਹਾਣੀ ਦੀ ਜਨਨੀ ਮੰਨੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਉਨ੍ਹਾਂ ਦੇ ਜਯੋਤਿਰਦਯ (1882) ਨਾਵਲ ਦੇ ਨਾਲ ਪੰਜਾਬੀ ਨਾਵਲ ਨੇ ਆਪਣੀ ਯਾਤਰਾ ਆਰੰਭ ਕੀਤੀ। ਭਾਵੇਂ ਜਨਮ-ਸਾਖੀਆ ਦੇ ਰੂਪ ਵਿਚ ਜੀਵਨੀ ਲਿਖਣ ਦੀ ਪ੍ਰਥਾ ਪੰਜਾਬੀ ਵਿਚ ਪ੍ਰਚਲਤ ਸੀ ਪਰ ਆਧੁਨਿਕ ਲੀਹਾਂ ਤੇ ਜੀਵਨੀ ਲਿਖਣ ਦਾ ਮੁੱਢ ਵੀ ਈਸਾਈ ਮਿਸ਼ਨਰੀਆਂ ਨੇ ਹੀ 'ਜੀਵਨ ਪੁਸਤਕ ਯਿਸੂ ਮਸੀਹ (1892) ਲਿਖਕੇ ਤੋਰਿਆ। ਇਸੇ ਤਰ੍ਹਾਂ ਬੈਬਲ ਦੇ ਇਤਿਹਾਸ ਵਿਚ ਚੋਣਵੀਆਂ ਯਾਦਾਂ ਲਿਖਕੇ (1836) ਉਨ੍ਹਾਂ ਪੰਜਾਬੀ ਵਿਚ ਸੰਸਮਰਣ ਲੇਖਣ ਸ਼ੁਰੂ ਕੀਤਾ। ਪਾਦਰੀ ਐਸ. ਐਸ. ਬਚਿੰਤ ਦੁਆਰਾ ਲਿਖੇ 'ਮਲਕਾ ਅਸਤਰ' ਨਾਟਕ ਨਾਲ ਪੰਜਾਬੀ ਨਾਟਕ ਦੀ ਕਹਾਣੀ ਸ਼ੁਰੂ ਹੁੰਦੀ ਹੈ। ਪੰਜਾਬੀ ਸਫਰਨਾਮੇ ਦਾ ਅਰੰਭ ਵੀ 'ਏਸ਼ੀਆ ਦੀ ਸੈਲ' ਨਾਲ ਹੁੰਦਾ ਹੈ ਜਿਹੜਾ ਕਿ ਇਕ ਪਾਦਰੀ ਨੇ ਸੰਨ 1901 ਵਿਚ ਲਿਖਿਆ ਸੀ। ਇਸ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦੀ ਪਿਰਤ ਵੀ ਈਸਾਈ ਮਿਸ਼ਨਰੀਆਂ ਨੇ ਹੀ ਪਾਈ ਜਦੋਂ ਪਹਿਲੀ ਵਾਰ ਕਲਕਤੇ ਵਿਚ ਬੈਠ ਕੇ ਇਕ ਪਾਦਰੀ ਨੇ ਬਾਈਬਲ ਦਾ ਪੰਜਾਬੀ ਵਿਚ ਅਨੁਵਾਦ (1812) ਕੀਤਾ।

ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਨੂੰ ਆਪਣੇ ਪੈਰਾਂ ਤੇ ਖੜਾ ਕਰਕੇ ਨਾ ਕੇਵਲ ਉਸ ਵਿਚ ਨਵੀਆਂ ਸਾਹਿਤਕ ਵੰਨਗੀਆਂ ਹੀ ਤੋਰੀਆਂ ਸਗੋਂ ਇਸ ਦੇ ਨਾਲ ਨਾਲ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਪੜ੍ਹਨ ਲਈ ਪਾਠਕ ਵੀ ਪੈਦਾ ਕੀਤੇ। ਮਿਸ਼ਨਰੀਆਂ ਦੇ ਆਉਣ ਤੋਂ ਪਹਿਲਾਂ ਪੰਜਾਬੀ ਪੁਸਤਕਾਂ ਹਥ-ਲਿਖਤਾਂ ਦੇ ਰੂਪ ਵਿਚ ਹੀ ਮਿਲਦੀਆਂ ਸਨ ਜਿਸ ਦੇ ਸਿੱਟੇ ਵਜੋਂ ਇਹ ਨਾ ਕੇਵਲ ਬਹੁਤ ਮਹਿੰਗੀਆਂ ਹੀ ਸਨ ਸਗੋਂ ਪਾਠਕਾਂ ਨੂੰ ਅਸਾਨੀ ਨਾਲ ਮਿਲਦੀਆਂ ਵੀ ਨਹੀਂ ਸਨ। ਅਜਿਹੀ ਸਥਿਤੀ ਵਿਚ ਪੰਜਾਬੀ ਪਾਠਕਾਂ ਦਾ ਘੇਰਾ ਬਹੁਤ ਸੀਮਤ ਰਹਿੰਦਾ ਸੀ, ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਿਚ ਛਪਾਈ ਦਾ ਕੰਮ ਆਰੰਭ ਕੀਤਾ ਜਿਸਦੇ ਫਲਸਰੂਪ ਧੜਾਧੜ ਪੁਸਤਕਾਂ ਛਪਣੀਆਂ ਸ਼ੁਰੂ ਹੋ ਗਈਆਂ ਅਤੇ ਉਨ੍ਹਾਂ ਦੇ ਨਾਲ ਹੀ ਪਾਠਕਾਂ ਦੀ ਗਿਣਤੀ ਵੀ ਵਧਦੀ ਗਈ।

ਪੰਜਾਬੀ ਵਿਚ ਵਿਗਿਆਨਕ ਲੀਹਾਂ ਤੇ ਸਿਖਿਆ ਦੇਣ ਦਾ ਕੰਮ ਵੀ ਈਸਾਈ ਮਿਸ਼ਨਰੀਆਂ ਨੇ ਹੀ ਸਭ ਤੋਂ ਪਹਿਲਾਂ ਸ਼ੁਰੂ ਕੀਤਾ। ਉਨ੍ਹਾਂ ਸਭ ਤੋਂ ਪਹਿਲਾਂ ਪੰਜਾਬੀ ਅੱਖਰ-ਬੋਧ, ਪੰਜਾਬੀ ਪਰਾਈਮਰਾਂ ਆਦਿ ਦੀ ਰਚਨਾ ਕੀਤੀ ਅਤੇ ਬਚਿਆਂ ਲਈ ਬਾਲ ਸਾਹਿਤ ਦੀ ਸਿਰਜਨਾ ਵੀ। ਇਸ ਤਰ੍ਹਾਂ ਪੰਜਾਬੀ ਵਿਆਕਰਣ ਦੀ ਸਹਾਇਤਾ ਨਾਲ ਉਨ੍ਹਾਂ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਵਿਗਿਆਨਕ ਲੀਹਾਂ ਤੇ ਤੋਰਿਆ।

ਅਸਲ ਵਿਚ ਤਾਂ ਈਸਾਈ ਮਿਸ਼ਨਰੀਆਂ ਨੇ ਪੰਜਾਬੀਆਂ ਨੂੰ 'ਪੰਜਾਬੀ' ਦਾ ਬੋਧ ਕਰਵਾਇਆ। ਉਨ੍ਹਾਂ ਉਸ ਸਮੇਂ ਪੰਜਾਬੀ ਦਾ ਪੱਲਾ ਫੜਿਆ ਜਦੋਂ ਖ਼ੁਦ ਪੰਜਾਬ ਦੇ ਜੰਮਪਲ ਉਸ ਦੀ ਹੋਂਦ ਤੋਂ ਅਣਜਾਣ ਸਨ। ਸਾਡੇ ਉਪਰੋਕਤ ਕਥਨਾਂ ਦੀ ਪਰੋੜ੍ਹਤਾ ਡਾ. ਗੁਰਚਰਨ ਸਿੰਘ ਅਰਸ਼ੀ ਕਰ ਸਕਣਗੇ ਜਿਨ੍ਹਾਂ ਬੜੀ ਵਿਦਵਤਾ, ਮਿਹਨਤ ਅਤੇ ਲਗਨ ਨਾਲ ਕਈ ਵਰ੍ਹਿਆਂ ਦੀ ਘਾਲਣਾ ਕਰਕੇ ਇਸ ਖੋਜ-ਪ੍ਰਬੰਧ ਨੂੰ ਤਿਆਰ ਕੀਤਾ, ਜਿਸ ਵਿਚ ਈਸਾਈ ਮਿਸ਼ਨਰੀਆਂ ਦੀ ਪੰਜਾਬੀ ਨੂੰ ਦੇਣ ਬੜੇ ਸੁਚਜੇ, ਵਿਗਿਆਨਕ ਤੇ ਸਪਸ਼ਟ ਢੰਗ ਨਾਲ ਬਿਆਨ ਕੀਤੀ ਗਈ ਹੈ।

Digitized by Panjab Digital Library | www.panjabdigilib.org

ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਹ ਖੋਜ-ਪ੍ਰਬੰਧ ਨਾ ਕੇਵਲ ਪੰਜਾਬੀ ਇਤਿਹਾਸ ਲੇਖਕਾਂ ਅਤੇ ਪਾਠਕਾਂ ਨੂੰ ਨਵੇਂ ਤਥਾਂ ਤੋਂ ਜਾਣੂ ਹੀ ਕਰਵਾਏਗਾ ਸਗੋਂ ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਹੋਰ ਵਧੇਰੇ ਖੋਜ ਕਰਨ ਲਈ ਵੀ ਪਰੇਰੇਗਾ। ਆਸ ਹੈ ਪੰਜਾਬੀ ਪਾਠਕ ਸਾਡੇ ਇਸ ਪ੍ਰਕਾਸ਼ਨ ਦਾ ਸੁਆਗਤ ਕਰਨਗੇ।

ਰਜਨੀਸ਼ ਕੁਮਾਰ,
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪ੍ਰਸਤਾਵਨਾ

'ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ' ਵਿਸ਼ੇ ਉੱਤੇ ਖੋਜ-ਪ੍ਰਬੰਧ ਆਰੰਭ ਕਰਨ ਤੋਂ ਪਹਿਲਾਂ ਇਸ ਦੀਆਂ ਹੱਦ-ਲਕੀਰਾਂ ਸਥਾਪਿਤ ਕਰ ਲੈਣੀਆਂ ਅਨੁਚਿਤ ਨਹੀਂ ਹੋਣਗੀਆਂ। ਸਭ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ 'ਦੇਣ' ਸ਼ਬਦ ਤੋਂ ਸਾਡਾ ਭਾਵ ਕੀ ਹੈ ? ਦੇਣ ਕਈ ਪ੍ਰਕਾਰ ਦੀ ਹੋ ਸਕਦੀ ਹੈ। ਕਿਸੇ ਪ੍ਰਕਾਰ ਦੇ ਅਭਾਵ ਦੀ ਪੂਰਤੀ ਵੀ ਇਕ ਕਿਸਮ ਦੀ ਦੇਣ ਹੈ। ਅਤਿਅੰਤ ਅਮੀਰ ਸਾਹਿਤ ਨੂੰ ਵੀ ਕਿਸੇ ਨਾ ਕਿਸੇ ਪ੍ਰਕਾਰ ਦਾ ਅਭਾਵ ਹੋ ਸਕਦਾ ਹੈ। ਹਰ ਨਵਾਂ ਸਾਂਸਕ੍ਰਿਤਿਕ ਸਿਰਜਣ ਕਿਸੇ ਅਭਾਵ ਦੀ ਪੂਰਤੀ ਹੁੰਦਾ ਹੈ। ਗਿਣਨਾਤਮਕ ਪੱਖ ਤੋਂ ਇਸ ਦਾ ਵਿਸ਼ੇਸ਼ ਮਹੱਤਵ ਹੈ। ਕਈ ਵਾਰੀ ਯੋਗਦਾਤਾ ਕੋਈ ਅਸਲੋਂ ਨਵੀਂ ਵਸਤੂ ਤਾਂ ਨਹੀਂ ਦੇ ਰਹਿਆ ਹੁੰਦਾ, ਪਰ ਉਹ ਪ੍ਰਾਪਤ ਵਸਤੂ ਦੀ ਵਿਆਖਿਆ ਨਵੇਂ ਅਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਕਰ ਰਹਿਆ ਹੁੰਦਾ ਹੈ ਅਤੇ ਜਾਂ ਫਿਰ ਉਹ ਕਿਸੇ ਪੁਸਤਕ-ਵਿਸ਼ੇਸ਼ ਦੀ ਸੁਧਾਈ ਕਰਦਾ ਹੋਇਆ ਸ਼ਬਦ ਦੇ ਸਹੀ ਅਰਥਾਂ ਨੂੰ ਸਪਸ਼ਟ ਕਰ ਰਹਿਆ ਹੁੰਦਾ ਹੈ। ਅਜਿਹੀ ਵਿਆਖਿਆਤਮਕ ਕਿਰਤ ਦੀ ਦੇਣ ਵੀ ਖਾਸੀ ਮਹੱਤਵਸ਼ੀਲ ਹੁੰਦੀ ਹੈ। ਕਈ ਵਾਰੀ ਵਿਅਕਤੀ ਨਾ ਤਾਂ ਕੋਈ ਅਜਿਹੀ ਵਸਤੂ ਦੇ ਰਹਿਆ ਹੁੰਦਾ ਹੈ ਜਿਸ ਦਾ ਪਹਿਲਾਂ ਅਭਾਵ ਹੈ ਅਤੇ ਨਾ ਹੀ ਉਹ ਕਿਸੇ ਪ੍ਰਾਪਤ ਵਸਤੂ ਦੀ ਨਵੇਂ ਦ੍ਰਿਸ਼ਟੀਕੋਣ ਤੋਂ ਵਿਆਖਿਆ ਹੀ ਕਰਦਾ ਹੈ, ਪਰ ਉਸ ਦੀ ਰਚਨਾ-ਵਿਧੀ ਬਿਲਕੁਲ ਮੌਲਿਕ ਅਤੇ ਨਵੀਂ ਹੁੰਦੀ ਹੈ। ਰਚਨਾ-ਵਿਧੀ ਵਿਚ ਮੌਲਿਕ ਵਾਧਾ ਵੀ ਦੇਣ ਹੀ ਸਮਝੀ ਜਾਵੇਗੀ, ਭਾਵੇਂ ਇਹ ਪਹਿਲੀਆਂ ਦੇਣਾਂ ਜਿਤਨੀ ਮਹੱਤਵਪੂਰਣ ਨਾ ਵੀ ਹੋਵੇ। ਇਤਨਾ ਜ਼ਰੂਰ ਹੈ ਕਿ ਕੋਈ ਵੀ ਦੇਣ ਅੰਤਿਮ ਨਹੀਂ ਹੋ ਸਕਦੀ। ਜਿਸ ਪ੍ਰਕਾਰ ਮਨੁੱਖੀ ਚਿੰਤਨ ਦੀ ਕੋਈ ਸੀਮਾ ਨਹੀਂ, ਉਸੇ ਪ੍ਰਕਾਰ ਕੋਈ ਵੀ ਦੇਣ ਜਾਂ ਖੋਜ ਅੰਤਿਮ ਨਹੀਂ ਹੋ ਸਕਦੀ। ਕਿਸੇ ਵੀ ਗਿਆਨ-ਖੇਤਰ ਜਾਂ ਸਿਰਜਣ-ਖੇਤਰ ਵਿਚ ਨਵੀਂ ਦੇਣ ਲਈ ਸਦਾ ਮੌਕਾ ਹੈ।

ਸਾਡੇ ਮਤ ਵਿਚ ਈਸਾਈ ਮਿਸ਼ਨਰੀਆਂ ਦਾ ਪੰਜਾਬ ਵਿਚ ਆਗਮਨ ਕਈ ਪੱਖਾਂ ਤੋਂ ਮਹੱਤਵ-ਪੂਰਣ ਸਿੱਧ ਹੋਇਆ। ਈਸਾਈ ਮਿਸ਼ਨਰੀਆਂ ਦੇ ਪੰਜਾਬ ਵਿਚ ਆ ਕੇ ਵੱਸਣ ਨਾਲ ਸਭਿਆਚਾਰਾਂ ਦਾ ਅੰਤਰ-ਪ੍ਰਵੇਸ਼ ਆਰੰਭ ਹੋਇਆ। ਬਾਹਰਲੇ ਦੇਸ਼ਾਂ ਵਿਚੋਂ ਆਉਣ ਵਾਲੇ ਮਿਸ਼ਨਰੀਆਂ ਦੀ ਭਾਸ਼ਾ —ਅੰਗ੍ਰੇਜ਼ੀ—ਪੰਜਾਬ ਦੇ ਵਸਨੀਕਾਂ ਲਈ ਓਪਰੀ ਸੀ। ਪੰਜਾਬ ਦੇ ਜਨਸਾਧਾਰਣ ਤਕ ਆਪਣੀ ਗੱਲ ਪਹੁੰਚਾਉਣ ਲਈ ਈਸਾਈ ਮਿਸ਼ਨਰੀਆਂ ਨੂੰ ਪੰਜਾਬੀ ਭਾਸ਼ਾ ਸਿੱਖਣੀ ਜ਼ਰੂਰੀ ਹੋ ਗਈ। ਇਸ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਅਤੇ ਕਠਿਨਾਈਆਂ ਉਨ੍ਹਾਂ ਦਾ ਦ੍ਰਿੜ੍ਹ ਇਰਾਦਾ ਨਾ ਬਦਲ ਸਕੀਆਂ। ਅੰਗ੍ਰੇਜ਼ੀ ਦੀ ਭਾਸ਼ਾ-ਵਿਗਿਆਨਕ ਸੂਝ ਤੋਂ ਪੂਰਾ ਲਾਭ ਉਠਾਉਂਦਿਆਂ ਹੋਇਆਂ ਉਨ੍ਹਾਂ ਨੇ ਨਾ ਕੇਵਲ ਪੰਜਾਬੀ ਭਾਸ਼ਾ ਹੀ ਸਿੱਖੀ, ਸਗੋਂ ਇਸੇ ਸਿੱਖਣ ਦੀ ਪ੍ਰਕ੍ਰਿਆ ਵਿਚ ਪੰਜਾਬੀ ਭਾਸ਼ਾ ਨੂੰ

Digitized by Panjab Digital Library | www.panjabdigilib.org

ਭਾਸ਼ਾ-ਵਿਗਿਆਨਕ ਪੱਖ ਤੋਂ ਵੀ ਅਮੀਰ ਬਣਾਇਆ। ਇਸ ਪ੍ਰਕਾਰ ਦੋ ਸਭਿਆਚਾਰਾਂ ਦੇ ਮੇਲ ਸਦਕਾ ਦੋ ਭਾਸ਼ਾ-ਵਿਗਿਆਨਕ ਅਨੁਸ਼ਾਸਨਾਂ ਦਾ ਵੀ ਆਦਾਨ-ਪ੍ਰਦਾਨ ਹੋਇਆ। ਇਨ੍ਹਾਂ ਜਤਨਾਂ ਦੇ ਫ਼ਲਸਰੂਪ ਜਿਥੇ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਦੇ ਗਿਆਨ-ਸਾਹਿਤ ਅਤੇ ਕਲਪਨਾ-ਸਾਹਿਤ ਨੂੰ ਅਮੀਰ ਬਣਾਇਆ, ਉਥੇ ਉਨ੍ਹਾਂ ਨੇ ਸਾਮੂਹਿਕ ਰੂਪ ਵਿਚ ਪੰਜਾਬੀ ਸਮਾਜ ਦੇ ਵਿਕਾਸ ਵਿਚ ਵੀ ਵਿਸ਼ੇਸ਼ ਹਿੱਸਾ ਪਾਇਆ। ਆਪਣੇ ਖੋਜ-ਪ੍ਰਬੰਧ ਵਿਚ ਮੈਂ ਇਨ੍ਹਾਂ ਸਾਰੇ ਪੱਖਾਂ ਤੋਂ ਈਸਾਈ ਮਿਸ਼ਨਰੀਆਂ ਦੀ ਦੇਣ ਦਾ ਮੁਲਿਆਂਕਣ ਕੀਤਾ ਹੈ।

ਈਸਾਈ ਮਿਸ਼ਨਰੀਆਂ ਤੋਂ ਸਾਡਾ ਕੀ ਭਾਵ ਹੈ, ਇਸ ਗੱਲ ਦਾ ਸਪਸ਼ਟੀਕਰਨ ਵੀ ਜ਼ਰੂਰੀ ਹੈ। ਸਿਖ ਰਾਜ ਦੀ ਅਧੋਗਤੀ ਤੋਂ ਮਗਰੋਂ ਪੰਜਾਬ ਅੰਗ੍ਰੇਜ਼ੀ ਸਾਮਰਾਜ ਦੇ ਕਬਜ਼ੇ ਵਿਚ ਚਲਾ ਗਇਆ। ਅੰਗੇਜ਼ੀ ਰਾਜ ਦੀ ਸਥਾਪਤੀ ਮਗਰੋਂ ਬਾਹਰਲੇ ਦੇਸ਼ਾਂ ਵਿਚੋਂ ਈਸਾਈ ਧਰਮ ਦੇ ਪ੍ਰਚਾਰ ਲਈ ਕੁਝ ਮਿਸ਼ਨਰੀ ਭਾਰਤ ਵਿਚ ਆਏ। ਮਿਸ਼ਨਰੀਆਂ ਤੋਂ ਇਲਾਵਾ ਕਈ ਸਿਪਾਹੀ, ਅਫ਼ਸਰ, ਵਿਦਵਾਨ ਅਤੇ ਵਪਾਰੀ ਵੀ ਸਾਡੇ ਦੇਸ਼ ਵਿਚ ਆਏ। ਭਾਰਤਵਰਸ਼ ਵਿਚ ਈਸਾਈ ਮਤ ਦੇ ਵਧ ਰਹੇ ਪ੍ਰਚਾਰ ਕਾਰਣ ਇਸ ਧਰਮ ਦੀਆਂ ਜੜ੍ਹਾਂ ਦਿਨ-ਪ੍ਰਤਿਦਿਨ ਮਜ਼ਬੂਤ ਹੁੰਦੀਆਂ ਗਈਆਂ। ਇਸ ਧਰਮ ਤੋਂ ਪ੍ਰਭਾਵਿਤ ਹੋ ਕੇ ਕੁਝ ਕੁ ਭਾਰਤਵਾਸੀ ਵੀ ਮਿਸ਼ਨਰੀ ਬਣ ਗਏ ਅਤੇ ਉਨ੍ਹਾਂ ਨੇ ਧਰਮ-ਪ੍ਰਚਾਰ ਦਾ ਕਾਰਜ ਆਰੰਭ ਕੀਤਾ। ਆਪਣੇ ਖੋਜ-ਕਾਰਜ ਸਮੇਂ ਸਾਡੇ ਲਈ ਇਹ ਨਿਰਣਾ ਕਰਨਾ ਸੱਚਮੁਚ ਕਠਿਨ ਸੀ ਕਿ ਇਨ੍ਹਾਂ ਵਿਚੋਂ ਕਿਹੜਾ ਈਸਾਈ ਮਿਸ਼ਨਰੀ ਹੈ ਅਤੇ ਕਿਹੜਾ ਨਹੀਂ। ਇਸ ਸੰਬੰਧੀ ਨਿਸਚਿਤ ਨਿਰਣਾ ਕੇਵਲ ਪੁਸਤਕਾਂ ਦੀ ਸਹਾਇਤਾ ਰਾਹੀਂ ਸੰਭਵ ਨਹੀਂ ਸੀ। ਇਸ ਲਈ ਕੁਝ ਖੇਤਰੀ ਕਾਰਜ ਵੀ ਜ਼ਰੂਰੀ ਸਮਝਿਆ ਗਇਆ। ਆਪਣੇ ਖੋਜ-ਪ੍ਰਬੰਧ ਵਿਚ ਅਸਾਂ ਕੇਵਲ ਉਨ੍ਹਾਂ ਲੇਖਕਾਂ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ ਬਾਰੇ ਵਿਚਾਰ ਕੀਤੀ ਹੈ, ਜੋ ਵਾਸਤਵਿਕ ਅਰਥਾਂ ਵਿਚ ਈਸਾਈ ਮਿਸ਼ਨਰੀ ਸਨ ਅਤੇ ਕਿਸੇ ਨਾ ਕਿਸੇ ਮਿਸ਼ਨ ਨਾਲ ਸਰਗਰਮ ਤੌਰ ਤੇ ਸੰਬੰਧਿਤ ਸਨ। ਇਨ੍ਹਾਂ ਵਿਚ ਬਾਹਰਲੇ ਦੇਸ਼ਾਂ ਤੋਂ ਚਲ ਕੇ ਆਏ ਮਿਸ਼ਨਰੀ ਅਤੇ ਭਾਰਤੀ ਮਿਸ਼ਨਰੀ ਦੋਵੇਂ ਹੀ ਸ਼ਾਮਿਲ ਹਨ। ਉਦਾਹਰਣ ਦੇ ਤੌਰ ਤੇ ਜਾਰਜ ਗਰੀਅਰਸਨ ਕਿਉਂਕਿ ਮਿਸ਼ਨਰੀ ਨਹੀਂ, ਇਸ ਲਈ ਉਸ ਦੀ ਰਚਨਾ ਸਾਡੇ ਵਿਸ਼ੇ ਦੀਆਂ ਹੱਦ ਲਕੀਰਾਂ ਤੋਂ ਬਾਹਰ ਹੈ। ਇਨ੍ਹਾਂ ਮਿਸ਼ਨਰੀਆਂ ਦੁਆਰਾ ਕੀਤੇ ਗਏ ਪ੍ਰਚਾਰ-ਕਾਰਜ ਦੇ ਪ੍ਰਤਿਕਰਮ ਵਜੋਂ, ਉਨ੍ਹਾਂ ਦੇ ਆਗ੍ਰਹ ਤੇ ਜਾਂ ਉਨ੍ਹਾਂ ਦੀ ਰੀਸੋਰੀਸੀ ਜਿਨ੍ਹਾਂ ਲੇਖਕਾਂ ਨੇ ਪੰਜਾਬੀ ਦੇ ਗਿਆਨ-ਸਾਹਿਤ ਨੂੰ ਦੇਣ ਦਿੱਤੀ ਹੈ, ਉਨ੍ਹਾਂ ਦਾ ਉਲੇਖ ਕਰਨਾ ਜ਼ਰੂਰੀ ਸਮਝਿਆ ਗਿਆ ਹੈ, ਪਰ ਉਨ੍ਹਾਂ ਦੀਆਂ ਕਿਰਤਾਂ ਦੀ ਵਿਸਤਰਿਤ ਚਰਚਾ ਵੀ ਸਾਡੇ ਵਿਸ਼ੇ ਦੀ ਸੀਮਾਂ ਤੋਂ ਬਾਹਰ ਹੈ।

ਈਸਾਈ ਮਿਸ਼ਨਰੀਆਂ ਨੇ ਮੂਲ ਰੂਪ ਵਿਚ ਦੋ ਪ੍ਰਕਾਰ ਦਾ ਸਾਹਿਤ ਪੈਦਾ ਕੀਤਾ ਹੈ :—

1. ਗਿਆਨ-ਸਾਹਿਤ
2. ਕਲਪਨਾ-ਸਾਹਿਤ

ਪ੍ਰਸ਼ਨ ਉਠਦਾ ਹੈ ਕਿ ਈਸਾਈ ਮਿਸ਼ਨਰੀਆਂ ਦੁਆਰਾ ਕੀਤੀ ਗਈ ਸਾਹਿਤ-ਰਚਨਾ ਪਿਛੇ ਮੁਖ ਉਦੇਸ਼ ਕੀ ਸੀ ? ਮੋਟੇ ਤੌਰ ਤੇ ਕਹਿਆ ਜਾ ਸਕਦਾ ਹੈ ਕਿ ਮਿਸ਼ਨਰੀ ਸਾਹਿਤਕਾਰਾਂ ਦਾ ਮੁਖ

Digitized by Panjab Digital Library | www.panjabdigilib.org

ਉੱਦੇਸ਼ ਕੇਵਲ ਧਰਮ-ਪ੍ਰਚਾਰ ਹੀ ਸੀ; ਪਰ, ਇਸ ਸਾਹਿਤ ਦੀ ਆਤਮਾ ਤਕ ਪਹੁੰਚਣ ਮਗਰੋਂ ਇਸ ਦੇ ਤਿੰਨ ਭੇਦ ਪ੍ਰਗਟ ਹੁੰਦੇ ਹਨ :

(ੳ) ਅਜਿਹਾ ਸਾਹਿਤ, ਜਿਸ ਵਿਚ ਧਰਮ-ਪ੍ਰਚਾਰ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗਤ ਹੁੰਦਾ ਹੈ ।

(ਅ) ਅਜਿਹਾ ਸਾਹਿਤ, ਜਿਸ ਤੋਂ ਮਿਸ਼ਨਰੀਆਂ ਨੂੰ ਪਰੋਖ ਰੂਪ ਵਿਚ ਧਰਮ-ਪ੍ਰਚਾਰ ਦੇ ਕਾਰਜ ਵਿਚ ਸਹਾਇਤਾ ਪ੍ਰਾਪਤ ਹੋਈ ।

(ੲ) ਅਜਿਹਾ ਸਾਹਿਤ, ਜਿਸ ਵਿਚ ਨਵੇਂ ਗਿਆਨ ਨੂੰ ਗ੍ਰਹਿਣ ਕਰਨ ਦੀ ਪ੍ਰਬਲ ਇੱਛਾ ਸੀ । ਗਿਆਨ-ਸਾਹਿਤ ਦੇ ਘੇਰੇ ਵਿਚ ਉਨ੍ਹਾਂ ਦੁਆਰਾ ਰਚਿਤ ਸਾਰੀਆਂ ਭਾਸ਼ਾਈ ਕਿਰਤਾਂ ਆ ਜਾਂਦੀਆਂ ਹਨ । ਕਲਪਨਾ-ਸਾਹਿਤ ਦੇ ਖੇਤਰ ਵਿਚ ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਕਈ ਆਧੁਨਿਕ ਸਾਹਿਤ-ਰੂਪ ਪ੍ਰਦਾਨ ਕੀਤੇ । ਉਨ੍ਹਾਂ ਦੁਆਰਾ ਰਚਿਤ ਗਿਆਨ-ਸਾਹਿਤ ਜਿੱਥੇ ਸਾਰਾ ਹੀ ਮੌਲਿਕ ਹੈ, ਉਥੇ ਕਲਪਨਾ ਸਾਹਿਤ ਦੇ ਖੇਤਰ ਵਿਚ ਬਹੁਤ ਸਾਰਾ ਅਨੁਵਾਦਿਤ ਤੇ ਰੂਪਾਂਤਰਿਤ ਸਾਹਿਤ ਵੀ ਆ ਜਾਂਦਾ ਹੈ ।

ਇਹ ਖੋਜ-ਪ੍ਰਬੰਧ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ ਦਾ ਮੁਲਿਆਂਕਣ ਕਰਨ ਦਾ ਪਹਿਲਾ ਜਤਨ ਹੈ । ਇਥੇ 'ਮੁਲਿਆਂਕਣ' ਸ਼ਬਦ ਦਾ ਸਪਸ਼ਟੀਕਰਣ ਵਧੇਰੇ ਉਚਿਤ ਹੋਵੇਗਾ । 'ਮੁਲਿਆਂਕਣ' ਸ਼ਬਦ ਦੇ ਲਫ਼ਜ਼ੀ ਅਰਥ ਹਨ—ਅਜਿਹੀ ਕ੍ਰਿਆ ਜਿਸ ਦੁਆਰਾ ਕਿਸੇ ਵਸਤੂ ਦਾ ਮੁੱਲ ਪਾਇਆ ਜਾਂਦਾ ਹੈ ਜਾਂ ਮਹੱਤਵ ਸਥਾਪਿਤ ਕੀਤਾ ਜਾਂਦਾ ਹੈ । ਜਦੋਂ ਕਿਸੇ ਸਾਹਿਤਕ ਕਿਰਤ ਦੇ ਮੁੱਲ ਜਾਂ ਮਹੱਤਵ ਦਾ ਅਨੁਮਾਨ ਲਗਾਇਆ ਜਾਂਦਾ ਹੈ, ਤਾਂ ਉਸ ਰਚਨਾ ਵਿਸ਼ੇਸ਼ ਦੀ ਪ੍ਰਕ੍ਰਿਤੀ, ਬਣਤਰ, ਕਰਤੱਵ ਅਤੇ ਸਮੁੱਚੇ ਮਹੱਤਵ ਆਦਿ ਪੱਖਾਂ ਦੀ ਨਿਰਖ-ਪਰਖ ਕਰਨੀ ਜ਼ਰੂਰੀ ਹੋ ਜਾਂਦੀ ਹੈ । ਰਚਨਾ ਦੀ ਪ੍ਰਕ੍ਰਿਤੀ ਉਪਰ ਬਹੁਤ ਕੁਝ ਨਿਰਭਰ ਕਰਦਾ ਹੈ । ਰਚਨਾ ਨੇ ਮਨੁੱਖੀ ਜ਼ਿੰਦਗੀ ਦੀ ਮੱਧਮ ਤੋਰ ਨੂੰ ਕਿਤਨੀ ਕੁ ਗਤੀ ਪ੍ਰਦਾਨ ਕਰਨੀ ਜਾਂ ਨਵੀਂ ਸੇਧ ਦੇਣੀ ਹੈ ਅਤੇ ਸਾਹਿਤ ਦੀ ਚਲ ਰਹੀ ਪਰੰਪਰਾ ਵਿਚ ਕਿਤਨਾ ਕੁ ਪਰਿਵਰਤਨ ਲਿਆਉਣਾ ਹੈ, ਇਹ ਸਭ ਉਸ ਦੀ ਪ੍ਰਕ੍ਰਿਤੀ ਉਤੇ ਹੀ ਨਿਰਭਰ ਹੈ । ਕੁਝ ਵਿਭਿੰਨ ਅੰਗਾਂ ਦਾ ਜੋੜ ਜਾਂ ਸਮੂਹ, ਜਿਨ੍ਹਾਂ ਦੇ ਯੋਗ ਦੁਆਰਾ ਕੋਈ ਰਚਨਾ ਹੋਂਦ ਵਿਚ ਆਉਂਦੀ ਹੈ, ਉਸ ਨੂੰ ਬਣਤਰ ਕਹਿਆ ਜਾਂਦਾ ਹੈ । ਬਣਤਰ ਅਜਿਹੇ ਅਮਿਲਵੇਂ ਅੰਗਾਂ ਵਾਲੀ ਵੀ ਹੋ ਸਕਦੀ ਹੈ, ਜਿਹੜੇ ਕਿਸੇ ਵੀ ਆਲੋਚਨਾਤਮਕ ਜਾਂ ਤਰਕਸ਼ੀਲ ਦ੍ਰਿਸ਼ਟੀ ਤੋਂ ਅੰਗਯੁਕਤ ਨਾ ਹੋਣ । ਅਜਿਹੀ ਬਣਤਰ ਵਾਲੀ ਰਚਨਾ ਨੂੰ ਰੂਪਹੀਨ ਕਹਿਆ ਜਾ ਸਕਦਾ ਹੈ । ਇਸੇ ਤਰ੍ਹਾਂ ਹਰ ਰਚਨਾ ਦੀ ਬਣਤਰ ਅਤੇ ਆਕਾਰ ਦਾ ਕੋਈ ਨਾ ਕੋਈ ਕਰਤੱਵ ਜ਼ਰੂਰ ਹੁੰਦਾ ਹੈ । ਰਚਨਾ ਦੇ ਸਮੁੱਚੇ ਮਹੱਤਵ ਦਾ ਅਨੁਮਾਨ ਲਗਾਇਆ ਜਾਣਾ ਵੀ ਜ਼ਰੂਰੀ ਹੁੰਦਾ ਹੈ । ਆਪਣੇ ਖੋਜ-ਪ੍ਰਬੰਧ ਵਿਚ ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦੇਣ ਦਾ ਮੁਲਿਆਂਕਣ ਕਰਨ ਸਮੇਂ ਇਨ੍ਹਾਂ ਸਾਰੇ ਪੱਖਾਂ ਦਾ ਵਿਸ਼ੇਸ਼ ਧਿਆਨ ਰੱਖਿਆ ਗਇਆ ਹੈ ।

ਪ੍ਰਸ਼ਨ ਉਠ ਸਕਦਾ ਹੈ ਕਿ ਇਸ ਵਿਸ਼ੇ ਉਪਰ ਖੋਜ-ਪ੍ਰਬੰਧ ਕਿਉਂ ਲਿਖਿਆ ਗਇਆ ? ਅਸਲ ਵਿਚ ਹੁਣ ਤਕ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਜਿਤਨੇ ਵੀ ਇਤਿਹਾਸ ਪ੍ਰਕਾਸ਼ਿਤ ਹੋਏ ਹਨ,

Digitized by Panjab Digital Library | www.panjabdigilib.org

ਉਨ੍ਹਾਂ ਵਿਚੋਂ ਇਕ ਵੀ ਅਜਿਹਾ ਨਹੀਂ ਮਿਲਦਾ, ਜਿਸ ਵਿਚ ਪੰਜਾਬੀ ਭਾਸ਼ਾ ਦੇ ਸਾਰੇ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਰਤਾਂ ਦਾ ਵਿਵਰਣ ਪ੍ਰਾਪਤ ਕੀਤਾ ਜਾ ਸਕੇ। ਹੁਣ ਤਕ ਪ੍ਰਕਾਸ਼ਿਤ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਇਤਿਹਾਸਾਂ ਦੀ ਵਰਣਨਾਤਮਕ ਸੂਚੀ ਇਸ ਪ੍ਰਕਾਰ ਹੈ :

1. ਪੰਜਾਬੀ ਸਾਹਿਤ ਦਾ ਇਤਿਹਾਸ (ਅੰਗ੍ਰੇਜ਼ੀ), ਡਾ: ਮੋਹਨ ਸਿੰਘ ਦੀਵਾਨਾ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, ਦੂਜਾ ਸੰਸਕਰਣ, 1956 ਕੁਲ ਪੰਨੇ 167 :—ਇਸ ਇਤਿਹਾਸ ਵਿਚ ਡਾ: ਮੋਹਨ ਸਿੰਘ ਦੀਵਾਨਾ ਨੇ ਨਾ ਕੇਵਲ ਪੰਜਾਬੀ ਭਾਸ਼ਾ ਵਿਚ ਲਿਖਣ ਵਾਲੇ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀਆਂ ਕਾਫ਼ੀ ਲੰਮੀਆਂ ਸੂਚੀਆਂ ਦਿੱਤੀਆਂ ਹਨ, ਸਗੋਂ ਮਿਸ਼ਨਰੀ ਪਾਦਰੀਆਂ ਗ੍ਰਾਹਮ ਬੇਲੀ, ਕਮਿੰਗਜ਼, ਨਿਊਟਨ ਤੇ ਹੇਅਰਸ ਦੀਆਂ ਭਾਸ਼ਾਈ ਕਿਰਤਾਂ ਦਾ ਉਲੇਖ ਵੀ ਕੀਤਾ ਹੈ। ਇਸ ਇਤਿਹਾਸ ਵਿਚ ਮਿਸ਼ਨਰੀਆਂ ਦੀਆਂ ਰਚਨਾਵਾਂ ਦੇ ਮਹੱਤਵ ਉਤੇ ਕੋਈ ਚਾਨਣਾ ਨਹੀਂ ਪਾਇਆ ਗਇਆ।

2. ਪੰਜਾਬੀ ਸਾਹਿਤ ਦਾ ਇਤਿਹਾਸ, ਡਾ: ਸੁਰਿੰਦਰ ਸਿੰਘ ਕੋਹਲੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲਾ ਸੰਸਕਰਣ 1943, ਕੁਲ ਪੰਨੇ 656 :—ਹੁਣ ਤਕ ਉਪਲਬਧ ਪ੍ਰਕਾਸ਼ਿਤ ਇਤਿਹਾਸਾਂ ਵਿਚੋਂ ਇਹ ਪੰਜਾਬੀ ਵਿਚ ਲਿਖਿਆ ਪਹਿਲਾ ਪੰਜਾਬੀ ਸਾਹਿਤ ਦਾ ਇਤਿਹਾਸ ਹੈ। ਮਿਸ਼ਨਰੀਆਂ ਬਾਰੇ ਇਸ ਇਤਿਹਾਸ ਵਿਚ ਕੇਵਲ ਨਿਮਨਲਿਖਿਤ ਪੰਕਤੀਆਂ ਦਿੱਤੀਆਂ ਗਈਆਂ ਹਨ, ਜੋ ਇਤਿਹਾਸਕ ਭੁੱਲ ਦਾ ਸਿੱਟਾ ਹਨ :

"ਸਭ ਤੋਂ ਪਹਿਲੇ 1846 ਵਿਚ ਲੁਧਿਆਣੇ ਵਿਚ ਈਸਾਈ ਮਤ ਦੇ ਮਿਸ਼ਨ ਨੇ ਗੁਰਮੁਖੀ ਟਾਈਪ ਬਣਵਾਈ ਅਤੇ ਬਾਈਬਲ ਦਾ ਉਲਥਾ ਛਾਪਿਆ।" (ਪੰਨਾ 493) ਇਸ ਤੋਂ ਇਲਾਵਾ ਕੋਸ਼ਕਾਰੀ ਦੇ ਸੰਬੰਧ ਵਿਚ ਲਿਖਦਿਆਂ ਹੋਇਆਂ ਡਾ: ਕੋਹਲੀ ਨੇ ਕੇਵਲ ਭਾਈ ਮੱਈਆ ਸਿੰਘ ਦੇ ਕੋਸ਼ (1894) ਦਾ ਹੀ ਉਲੇਖ ਕੀਤਾ ਹੈ।

3. ਪੰਜਾਬੀ ਸਾਹਿਤ ਦਾ ਇਤਿਹਾਸ, ਡਾ: ਗੋਪਾਲ ਸਿੰਘ, ਜਸਵੰਤ ਪਬਲੀਕੇਸ਼ਨਜ਼, ਦਿੱਲੀ, 1949, ਕੁਲ ਪੰਨੇ 400 :—ਇਸ ਵਿਚ ਡਾ: ਗੋਪਾਲ ਸਿੰਘ ਨੇ ਲਿਖਿਆ ਹੈ :

"1815 ਈ: ਵਿਚ ਪਾਦਰੀਆਂ ਦੀ ਕੋਸ਼ਿਸ਼ ਨਾਲ ਅੰਜੀਲ ਦਾ ਪੰਜਾਬੀ ਵਿਚ ਤਰਜਮਾ ਹੋਇਆ। ਈਸਾਈ ਪਾਦਰੀ ਪੰਜਾਬ ਵਿਚ ਆਪਣੇ ਮਤ ਦੇ ਪ੍ਰਚਾਰ ਲਈ ਆਏ ਅਤੇ ਇਨ੍ਹਾਂ ਨੇ ਨੇ ਲੁਧਿਆਣਵੀ ਉਪਭਾਖਾ ਨੂੰ ਪ੍ਰਚਲਤ ਕਰਨ ਦਾ ਨਿਸਫਲ ਜਤਨ ਕੀਤਾ। ਗੁਰਮੁਖੀ ਟਾਈਪ ਪਹਿਲਾਂ ਪਹਿਲ ਇਨ੍ਹਾਂ ਨੇ ਤਿਆਰ ਕਰਵਾਇਆ।" ਅੰਜੀਲ ਦਾ ਅਨੁਵਾਦ 1814 ਈ: ਵਿਚ ਸੰਪੂਰਣ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕਾ ਸੀ, ਇਸ ਲਈ ਇਸ ਅਨੁਵਾਦ ਦੀ ਤਿਥੀ ਦੇਣ ਸਮੇਂ ਲੇਖਕ ਉਕਾਈ ਕਰ ਗਇਆ ਹੈ। ਈਸਾਈ ਮਿਸ਼ਨਰੀਆਂ ਬਾਰੇ ਇਸ ਤੋਂ ਵੱਧ ਜਾਣਕਾਰੀ ਦੇਣੋਂ ਲੇਖਕ ਅਸਮਰਥ ਹੈ।

4. ਪੰਜਾਬੀ ਸਾਹਿਤ ਦੀ ਜਾਣ ਪਛਾਣ, ਸੁਰਿੰਦਰ ਸਿੰਘ ਨਰੂਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1944, ਕੁਲ ਪੰਨੇ 187 :—ਇਸ ਇਤਿਹਾਸ ਵਿਚ ਈਸਾਈ ਮਿਸ਼ਨਰੀਆਂ ਵਲ ਕੋਈ ਸੰਕੇਤ ਨਹੀਂ।

5. ਪੰਜਾਬੀ ਸਾਹਿਤ ਦੇ ਉਸਰਈਏ, ਅਵਤਾਰ ਸਿੰਘ ਆਜ਼ਾਦ, ਹਿੰਦ ਪਬਲਿਸ਼ਰਜ਼,

Digitized by Panjab Digital Library | www.panjabdigilib.org

ਅੰਮ੍ਰਿਤਸਰ, 1951 ਕੁਲ ਪੰਨੇ 295 :—ਇਸ ਪੁਸਤਕ ਵਿਚ ਜਿਸ ਨੂੰ ਕਿ ਸਹੀ ਅਰਥਾਂ ਵਿਚ ਇਤਿਹਾਸ ਨਹੀਂ ਕਹਿਆ ਜਾ ਸਕਦਾ, ਈਸਾਈ ਮਿਸ਼ਨਰੀਆਂ ਬਾਰੇ ਕੋਈ ਸੰਕੇਤ ਨਹੀਂ ।

6. ਪੰਜਾਬੀ ਬੋਲੀ ਦਾ ਵਿਕਾਸ. ਡਾ: ਗੁਰਚਰਨ ਸਿੰਘ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1953, ਕੁਲ ਪੰਨੇ 244 :—ਇਸ ਵਿਚ 'ਸਿੰਘ ਸਭਾ ਤੇ ਪੰਜਾਬੀ ਸਾਹਿਤ' ਸਿਰਲੇਖ ਹੇਠਾਂ ਈਸਾਈ ਮਿਸ਼ਨਰੀਆਂ ਬਾਰੇ ਕੇਵਲ ਇਤਨਾ ਹੀ ਲਿਖਿਆ ਹੈ ਕਿ "ਈਸਾਈਆਂ ਦੇ ਪ੍ਰਚਾਰ ਦੇ ਸਿੱਟੇ ਵਜੋਂ ਲੋਕ ਧੜਾਧੜ ਈਸਾਈ ਬਣ ਰਹੇ ਸਨ । ਲੁਧਿਆਣੇ ਵਿਚ ਪ੍ਰੈਸ ਖੋਲ੍ਹਣ ਮਗਰੋਂ ਉਨ੍ਹਾਂ ਪੈਂਫਲਿਟਬਾਜ਼ੀ ਸ਼ੁਰੂ ਕਰ ਦਿੱਤੀ । 1850—1880 ਤਕ ਇਨ੍ਹਾਂ ਦੇ ਪ੍ਰਚਾਰ ਦਾ ਜ਼ੋਰ ਰਿਹਾ ।" ਇਸ ਤੋਂ ਵੱਧ ਜਾਣਕਾਰੀ ਲੇਖਕ ਕੋਲ ਨਹੀਂ ।

7. ਪੰਜਾਬੀ ਸਾਹਿਤ ਦਾ ਵਿਕਾਸ, ਅੰਮ੍ਰਿਤਾ ਪ੍ਰੀਤਮ, ਸਿਖ ਪਬਲਿਸ਼ਿੰਗ ਹਾਊਸ, ਦਿੱਲੀ, 1953, ਕੁਲ ਪੰਨੇ 159 :—ਇਸ ਲਘੂ ਇਤਿਹਾਸ ਵਿਚ ਲੇਖਿਕਾ ਈਸਾਈ ਮਿਸ਼ਨਰੀਆਂ ਦੀ ਦੇਣ ਬਾਰੇ ਹੇਠ ਲਿਖੀ ਵਾਕਫ਼ੀਅਤ ਦਿੰਦੀ ਹੈ :—

"ਪੱਛਮੀ ਸਾਹਿਤ ਤੇ ਸਭਿਅਤਾ ਦੀ ਵਾਕਫ਼ੀ ਵਾਸਤੇ ਅੰਗ੍ਰੇਜ਼ਾਂ ਨੇ ਜੋ ਪੰਜਾਬੀ-ਅੰਗ੍ਰੇਜ਼ੀ ਕੋਸ਼ ਤਿਆਰ ਕਰਵਾਇਆ ਅਤੇ ਈਸਾਈ ਮਤ ਦੇ ਪ੍ਰਚਾਰ ਲਈ ਬਾਈਬਲ ਦਾ ਉਲਥਾ ਮਾਲਵੇ ਦੀ ਉਪਭਾਖਾ ਵਿਚ ਕਰਵਾ ਕੇ ਉਹਦੇ ਲਈ ਗੁਰਮੁਖੀ ਟਾਈਪ ਤਿਆਰ ਕਰਵਾਇਆ, ਉਹ ਦੇ ਨਾਲ ਸਾਹਿਤ ਦੇ ਵਿਕਾਸ ਨੂੰ ਇਕ ਤਰ੍ਹਾਂ ਦੀ ਬਹੁਤ ਮਦਦ ਮਿਲੀ ।"

8. ਪੰਜਾਬੀ ਬੋਲੀ ਦਾ ਇਤਿਹਾਸ, ਪਿਆਰਾ ਸਿੰਘ ਪਦਮ, ਪ੍ਰਕਾਸ਼ਕ ਦਾ ਨਾਮ ਨਹੀਂ, 1954, ਕੁਲ ਪੰਨੇ 484 :—ਇਸ ਇਤਿਹਾਸ ਦਾ ਲੇਖਕ ਪੰਨਾ 209 ਉਤੇ ਲਿਖਦਾ ਹੈ :—

"ਇਸ ਤੋਂ ਬਾਦ ਤਾਂ 'ਪੰਜਾਬੀ ਗਰਾਮਰ' ਤੇ 'ਪੰਜਾਬੀ ਡਿਕਸ਼ਨਰੀ' ਨਾਮ ਹੇਠਾਂ ਅੰਗ੍ਰੇਜ਼ਾਂ ਵਲੋਂ ਕ੍ਰਿਤਨੀਆਂ ਹੀ ਕਿਤਾਬਾਂ ਲਿਖੀਆਂ ਗਈਆਂ ।" ਇਥੇ ਲੇਖਕ ਦੇ ਗਿਆਨ ਦਾ ਆਧਾਰ ਸੁਣੀਆਂ ਸੁਣਾਈਆਂ ਗੱਲਾਂ ਹੀ ਜਾਪਦੀਆਂ ਹਨ, ਕਿਉਂਕਿ ਉਪਰੋਕਤ ਬਿਆਨ ਬੜਾ ਅਸੰਤੁਲਿਤ ਹੈ ।

9. ਪੰਜਾਬੀ ਸਾਹਿਤ ਬਾਰੇ, ਡਾ: ਸੁਰਿੰਦਰ ਸਿੰਘ ਕੋਹਲੀ ਤੇ ਡਾ: ਸਵਿੰਦਰ ਸਿੰਘ ਉੱਪਲ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1957, ਕੁਲ ਪੰਨੇ 245 :—ਇਸ ਪੁਸਤਕ ਵਿਚ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦੇਣ ਬਾਰੇ ਕੋਈ ਸੰਕੇਤ ਨਹੀਂ ।

10. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪਰਮਿੰਦਰ ਸਿੰਘ ਤੇ ਕ੍ਰਿਪਾਲ ਸਿੰਘ ਕਸੇਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਤਿਥਿ ਨਹੀਂ, ਕੁਲ ਪੰਨੇ 499 :—ਇਸ ਇਤਿਹਾਸ ਵਿਚ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਵਲ ਅਨਿਯਮਿਤ ਸੰਕੇਤ ਪੰਨਾ 317 ਉਤੇ ਮਿਲਦਾ ਹੈ :—

"ਲੁਧਿਆਣਾ ਈਸਾਈ ਮਿਸ਼ਨਰੀਆਂ ਦਾ ਕੇਂਦਰ ਬਣ ਚੁੱਕਾ ਸੀ । ਇਨ੍ਹਾਂ ਨੇ ਆਪਣੀਆਂ ਧਰਮ-ਪੁਸਤਕਾਂ ਨੂੰ ਪੰਜਾਬੀ ਵਿਚ ਛਾਪਣ ਦਾ ਜਤਨ ਕੀਤਾ । ਇਨ੍ਹਾਂ ਪਾਦਰੀਆਂ ਨੇ ਪੰਜਾਬੀ ਵਿਆਕਰਣ ਤੇ ਕੋਸ਼ ਆਦਿ ਵੀ ਤਿਆਰ ਕਰਵਾਏ । 1846 ਈ: ਵਿਚ ਪੰਜਾਬੀ ਟਾਈਪ ਤਿਆਰ ਕਰਵਾਇਆ ।"

11. ਪੰਜਾਬੀ ਬੋਲੀ ਦਾ ਇਤਿਹਾਸ, ਸੰਤ ਸਿੰਘ ਸੇਖੋਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,

Digitized by Panjab Digital Library | www.panjabdigilib.org

1961, ਕੁਲ ਪੰਨੇ 348 :—ਪੰਜਾਬੀ ਭਾਸ਼ਾ ਨੂੰ ਮਿਸ਼ਨਰੀਆਂ ਦੀ ਦੇਣ ਬਾਰੇ ਪ੍ਰਿੰ: ਸੇਖੋਂ ਵੀ ਅਸਲੋਂ ਚੁੱਪ ਹੈ।

12. ਪੰਜਾਬੀ ਗਲਪ ਦਾ ਇਤਿਹਾਸ, ਗੁਰਚਰਨ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1961, ਕੁਲ ਪੰਨੇ 288 :—ਇਸ ਇਤਿਹਾਸ ਵਿਚ 'ਈਸਾਈ ਮਿਸ਼ਨਰੀਆਂ ਦੀ ਦੇਣ' ਸਿਰਲੇਖ ਹੇਠਾਂ ਲੇਖਕ ਨੇ ਦਸਿਆ ਹੈ ਕਿ "ਲੁਧਿਆਣੇ ਦੇ ਈਸਾਈ ਮਿਸ਼ਨ ਨੇ ਪੰਜਾਬੀ ਦੀਆਂ ਗ੍ਰਾਮਰਾਂ, ਕੋਸ਼ ਟਾਈਪ, ਛਾਪਾਖਾਨਾ, ਪੱਤਰਕਾਵਾਂ, ਉਲਥੇ ਤੇ ਟ੍ਰੈਕਟ ਤਿਆਰ ਕਰਵਾਏ। ਸਭ ਤੋਂ ਪਹਿਲਾਂ ਉਨ੍ਹਾਂ ਨੇ ਧਾਰਮਿਕ ਕਹਾਣੀਆਂ ਲਿਖੀਆਂ,—ਜਿਸ ਦੇ ਪ੍ਰਤਿਕਰਮ ਵਜੋਂ ਪੰਜਾਬ ਵਿਚ ਕਈ ਫ਼ਿਰਕੂ ਲਹਿਰਾਂ ਵਜੂਦ ਵਿਚ ਆਈਆਂ।" ਇਨ੍ਹਾਂ ਸ਼ਬਦਾਂ ਨਾਲ ਹੀ ਲੇਖਕ ਨੇ ਗੱਲ ਮੁਕਾ ਦਿੱਤੀ ਹੈ। ਆਧੁਨਿਕ ਪੰਜਾਬੀ ਗਲਪ ਸਾਹਿਤ ਨੂੰ ਮਿਸ਼ਨਰੀਆਂ ਦੀ ਦੇਣ ਬਾਰੇ ਲੇਖਕ ਕੋਲ ਕਹਿਣ ਲਈ ਕੁਝ ਨਹੀਂ।

13. ਪੰਜਾਬ, ਡਾ: ਗੰਡਾ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1962, ਕੁਲ ਪੰਨੇ 455 :—ਇਸ ਪੁਸਤਕ ਵਿਚ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ-ਕਾਰਜ ਅਤੇ ਉਸ ਦੇ ਪ੍ਰਤਿਕਰਮ ਵਜੋਂ ਉਠੀਆਂ ਧਾਰਮਿਕ ਲਹਿਰਾਂ ਬਾਰੇ ਲੇਖਕ ਨੇ ਭਾਵੇਂ ਥੋੜ੍ਹੀ ਪਰ ਉਪਯੋਗੀ ਜਾਣਕਾਰੀ ਦਿੱਤੀ ਹੈ, ਪਰ ਉਨ੍ਹਾਂ ਦੀ ਸਾਹਿਤ-ਸਿਰਜਣਾ ਬਾਰੇ ਕੁਝ ਕਹਿਣ ਦੀ ਜ਼ਰੂਰਤ ਨਹੀਂ ਸਮਝੀ।

14. ਪੰਜਾਬੀ ਸਾਹਿਤ ਦਾ ਇਤਿਹਾਸ, ਸੰਪਾ: ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਆਧੁਨਿਕ ਕਾਲ (ਜਿਲਦ ਤੀਜੀ) 1963, ਕੁਲ ਪੰਨੇ 502 :—ਇਹ ਭਾਸ਼ਾ ਵਿਭਾਗ ਵਲੋਂ ਬੜੀ ਮਿਹਨਤ ਨਾਲ ਤਿਆਰ ਕਰਵਾਏ ਗਏ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਤੀਜੀ ਜਿਲਦ ਹੈ। ਇਤਨਾ ਵੱਡਾ ਇਤਿਹਾਸ ਹੋਣ ਦੇ ਬਾਵਜੂਦ ਇਸ ਵਿਚ ਕੇਵਲ ਹੇਅਰਸ ਦੇ ਅਖਾਣ-ਮੁਹਾਵਰਾ ਕੋਸ਼ ਦਾ ਹੀ ਉਲੇਖ ਹੈ। ਇਤਿਹਾਸ-ਲੇਖਕ ਨੇ ਪੰਜਾਬੀ ਦੇ ਪਹਿਲੇ ਵਿਆਕਰਣਕਾਰ ਗ੍ਰਾਹਮ ਬੇਲੀ ਤੇ ਕਮਿੰਗਜ਼ ਨੂੰ ਮੰਨਿਆ ਹੈ, ਜੋ ਕਿ ਇਤਿਹਾਸਕ ਭੁੱਲ ਹੈ। ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦੇਣ ਬਾਰੇ ਇਸ ਇਤਿਹਾਸ ਵਿਚ ਕੋਈ ਉਲੇਖ ਨਹੀਂ।

15. ਪੰਜਾਬੀ ਨਿੱਕੀ ਕਹਾਣੀ-ਜਨਮ ਤੇ ਵਿਕਾਸ (ਅੰਗ੍ਰੇਜ਼ੀ), ਡਾ: ਸਵਿੰਦਰ ਸਿੰਘ ਉੱਪਲ, ਪੁਸ਼ਪ ਪ੍ਰਕਾਸ਼ਨ, ਦਿੱਲੀ, 1966, ਕੁਲ ਪੰਨੇ 340 :—ਇਸ ਪੁਸਤਕ ਵਿਚ ਭਾਰਤ ਵਿਚ ਆਏ ਕੁਝ ਮਿਸ਼ਨਾਂ ਦੇ ਅਪੂਰਣ ਨਾਮ ਦਰਜ ਹਨ। ਲੇਖਕ ਨੇ ਮਿਸ਼ਨਰੀਆਂ ਦੁਆਰਾ ਲਿਖਿਤ ਇਕ ਚੁਪੱਤਰੇ 'ਰਾਜਮਾਤਾ' ਅਤੇ ਇਕ ਕਹਾਣੀ 'ਮਾਰ ਵੱਡੀ ਕਿ ਪਿਆਰ' ਦਾ ਜ਼ਿਕਰ ਵੀ ਕੀਤਾ ਹੈ ਅਤੇ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਮਿਸ਼ਨਰੀਆਂ ਦੀ ਦੇਣ ਨੂੰ ਬਿਲਕੁਲ ਅੱਖੋਂ ਉਹਲੇ ਨਹੀਂ ਕੀਤਾ।

16. ਪੰਜਾਬੀ ਬਾਰੇ, ਹਰਕੀਰਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966, ਕੁਲ ਪੰਨੇ 85 :—ਇਸ ਲਘੂ ਪੁਸਤਕ ਵਿਚ ਪੰਜਾਬੀ ਬਾਰੇ ਪ੍ਰਸਿੱਧ ਵਿਦਵਾਨਾਂ ਦੇ ਕਥਨ ਅੰਕਿਤ ਹਨ। ਇਨ੍ਹਾਂ ਵਿਦਵਾਨਾਂ ਵਿਚ ਗ੍ਰਾਹਮ ਬੇਲੀ, ਹੇਅਰਸ, ਵਿਲਸਨ, ਜੇਨਵੀਅਰ ਤੇ ਨਿਊਟਨ ਆਦਿ ਮਿਸ਼ਨਰੀਆਂ ਨੂੰ ਵੀ ਸ਼ਾਮਿਲ ਕੀਤਾ ਗਇਆ ਹੈ।

Digitized by Panjab Digital Library | www.panjabdigilib.org

ਉਪਰੋਕਤ ਇਤਿਹਾਸਾਂ ਤੋਂ ਇਲਾਵਾ 'ਆਲੋਚਨਾ' ਮਾਸਿਕ-ਪੱਤਰ ਵਿਚ ਪ੍ਰੋ: ਪ੍ਰੀਤਮ ਸਿੰਘ ਦੁਆਰਾ ਇਸ ਵਿਸ਼ੇ ਉਤੇ ਲਿਖਿਤ ਇਕ ਲੇਖ ਵੀ ਮਿਲਦਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਪ੍ਰਕਾਸ਼ਿਤ ਪੁਸਤਕ ਵਿਚ ਮਿਸ਼ਨਰੀਆਂ ਬਾਰੇ ਉਪਯੋਗੀ ਵੇਰਵਾ ਉਪਲਬਧ ਨਹੀਂ। ਉਪਰੋਕਤ ਇਤਿਹਾਸਾਂ ਜਾਂ ਹੋਰ ਪੁਸਤਕਾਂ ਵਿਚ ਵੀ ਕੇਵਲ ਅਨਿਯਮਿਤ ਜਿਹੇ ਸੰਕੇਤ ਹੀ ਮਿਲਦੇ ਹਨ। ਈਸਾਈ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਿਤ ਮੌਲਿਕ ਅਤੇ ਅਨੁਵਾਦਿਤ ਗਿਆਨ-ਸਾਹਿਤ ਅਤੇ ਕਲਪਨਾ-ਸਾਹਿਤ ਵਲ ਤਾਂ ਸਾਹਿਤ-ਖੋਜੀਆਂ ਦਾ ਧਿਆਨ ਬਿਲਕੁਲ ਨਹੀਂ ਗਇਆ ਅਤੇ ਕਿਸੇ ਵੀ ਸਾਹਿਤ ਦੇ ਇਤਿਹਾਸਕਾਰ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਇਤਿਹਾਸ ਵਿਚ ਇਨ੍ਹਾਂ ਮਿਸ਼ਨਰੀ ਲੇਖਕਾਂ ਦਾ ਸਥਾਨ ਨਿਸਚਿਤ ਕਰਨ ਦਾ ਕੋਈ ਗੰਭੀਰ ਜਤਨ ਨਹੀਂ ਕੀਤਾ। ਇਸੇ ਬਿੰਦੂ ਤੋਂ ਸਾਡੇ ਖੋਜ-ਪ੍ਰਬੰਧ ਦੀ ਯਾਤਰਾ ਆਰੰਭ ਹੁੰਦੀ ਹੈ। ਆਪਣੇ ਸਾਹਿਤ ਵਲ ਇਸ ਅਣਗਹਿਲੀ ਦੇ ਕਾਰਣ ਚਾਹੇ ਕੁਝ ਵੀ ਹੋਣ, ਪਰ ਇਸ ਸਾਹਿਤ ਉਪਰ ਚਾਨਣਾ ਪਾਉਣ ਦੀ ਗੰਭੀਰ ਲੋੜ ਬਾਰੇ ਦੋ ਮਤ ਨਹੀਂ ਹੋ ਸਕਦੇ। ਇਸ ਇੱਛਾ ਨੇ ਹੀ ਮੇਰੇ ਇਸ ਖੋਜ ਦੇ ਵਿਸ਼ੇ ਨੂੰ ਜਨਮ ਦਿੱਤਾ ਹੈ।

ਮਿਸ਼ਨਰੀਆਂ ਸੰਬੰਧੀ ਉਪਰੋਕਤ ਕਥਨਾਂ ਦਾ ਜਾਇਜ਼ਾ ਲੈਣ ਮਗਰੋਂ ਦੋ ਗੱਲਾਂ ਸਪਸ਼ਟ ਹੁੰਦੀਆਂ ਹਨ। ਪਹਿਲੀ ਗੱਲ ਇਹ ਕਿ ਇਹ ਕਥਨ ਕਿਸੇ ਨਿਸਚਿਤ ਸਾਮੱਗ੍ਰੀ ਦੇ ਅਧਿਐਨ ਉਤੇ ਆਧਾਰਿਤ ਨਹੀਂ, ਕਿਉਂਕਿ ਇਸ ਤੋਂ ਪਹਿਲਾਂ ਤੱਥ-ਸੰਕਲਨ ਦਾ ਕਾਰਜ ਸੁਚੱਜੇ ਢੰਗ ਨਾਲ ਨਹੀਂ ਹੋਇਆ ਸੀ। ਕਿਸੇ ਖੋਜੀ ਜਾਂ ਇਤਿਹਾਸਕਾਰ ਦਾ ਧਿਆਨ ਇਸ ਪਾਸੇ ਗਇਆ ਹੀ ਨਹੀਂ ਸੀ। ਤੱਥ-ਸਾਮੱਗ੍ਰੀ ਦੀ ਅਣਹੋਂਦ ਕਾਰਣ ਤੱਤ-ਚਿੰਤਨ ਵੀ ਨਹੀਂ ਹੋਇਆ ਸੀ। ਮੇਰੇ ਸਾਹਮਣੇ ਸਭ ਤੋਂ ਪਹਿਲਾਂ ਪ੍ਰਸ਼ਨ ਤੱਥ-ਸੰਕਲਨ ਦਾ ਹੈ। ਸਾਮੱਗ੍ਰੀ ਦੂਰ ਦਰਾਜ਼ ਥਾਵਾਂ ਤੇ ਖਿੰਡਰੀ ਪਈ ਹੈ। ਇਸ ਨੂੰ ਇਕੱਤਰ ਕਰਨ ਪਿਛੋਂ ਸਾਮੱਗ੍ਰੀ ਦੇ ਵਰਗੀਕਰਣ, ਵਿਸ਼ਲੇਸ਼ਣ ਅਤੇ ਤੱਤ-ਚਿੰਤਨ ਦੀ ਵਾਰੀ ਆਵੇਗੀ। ਸੰਖੇਪ ਵਿਚ, ਮੈਂ ਤੱਥ ਸੰਕਲਨ ਅਤੇ ਤੱਤ-ਚਿੰਤਨ ਦੋਹਾਂ ਵਲ ਧਿਆਨ ਦੇਣਾ ਹੈ।

ਮੈਂ ਜਦੋਂ ਇਸ ਖੋਜ-ਕਾਰਜ ਨੂੰ ਆਰੰਭ ਕੀਤਾ, ਤਾਂ ਮੇਰੇ ਸਾਹਮਣੇ ਕਈ ਪ੍ਰਕਾਰ ਦੇ ਪ੍ਰਸ਼ਨ ਪੈਦਾ ਹੋਏ। ਈਸਾਈ ਮਿਸ਼ਨਰੀ ਕਦੋਂ ਅਤੇ ਕਿਥੋਂ ਤੁਰੇ, ਕਿਨ੍ਹਾਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਉਹ ਲੁਧਿਆਣੇ ਪਹੁੰਚੇ, ਇਨ੍ਹਾਂ ਨੇ ਭਾਰਤੀ ਭਾਸ਼ਾਵਾਂ ਦਾ ਗਿਆਨ ਕਿਵੇਂ ਪ੍ਰਾਪਤ ਕੀਤਾ, ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਦੇ ਪਿਛੇ ਉਨ੍ਹਾਂ ਦਾ ਕੀ ਮੰਤਵ ਸੀ, ਆਪਣੇ ਪ੍ਰਚਾਰ-ਕਾਰਜ ਵਿਚ ਉਨ੍ਹਾਂ ਨੂੰ ਕਿਤਨੀ ਕੁ ਸਫਲਤਾ ਪ੍ਰਾਪਤ ਹੋਈ, ਉਨ੍ਹਾਂ ਦੀਆਂ ਸਰਗਰਮੀਆਂ ਪ੍ਰਤਿ ਪੰਜਾਬ ਦੇ ਵਸਨੀਕਾਂ ਦਾ ਕਿਹੋ ਜਿਹਾ ਪ੍ਰਤਿਕਰਮ ਸੀ, ਪੰਜਾਬੀ ਭਾਸ਼ਾ ਵਿਚ ਉਨ੍ਹਾਂ ਨੇ ਕਿਹੜੀਆਂ ਰਚਨਾਵਾਂ ਕੀਤੀਆਂ? ਇਨ੍ਹਾਂ ਸਾਰੇ ਪ੍ਰਸ਼ਨਾਂ ਵਿਚ ਮੈਂ ਉਲਝਿਆ ਹੋਇਆ ਸੀ। ਮੰਨਿਆ ਜਾਂਦਾ ਹੈ ਕਿ ਈਸਾਈ ਮਿਸ਼ਨਰੀ ਸਭ ਤੋਂ ਪਹਿਲੇ ਲੁਧਿਆਣੇ ਪਹੁੰਚੇ; ਇਸ ਲਈ ਮੈਂ ਲੁਧਿਆਣੇ ਤੋਂ ਹੀ ਆਪਣਾ ਖੋਜ-ਕਾਰਜ ਸ਼ੁਰੂ ਕੀਤਾ। ਲੁਧਿਆਣੇ ਵਿਚ ਈਸਾਈ ਮਿਸ਼ਨਰੀਆਂ ਦਾ ਇਕ ਬਹੁਤ ਵੱਡਾ ਇਹਾਤਾ ਮੌਜੂਦ ਹੈ, ਜਿਸ ਵਿਚ ਬੱਚਿਆਂ ਲਈ 'ਕ੍ਰਿਸਚੀਅਨ ਮਿਸ਼ਨ ਸਕੂਲ' ਹੈ। ਇਥੇ ਲਾਗੇ ਹੀ ਇਕ ਕਬਰਿਸਤਾਨ ਹੈ, ਜਿਸ ਵਿਚ ਕਈ ਮੁੱਢਲੇ ਈਸਾਈ ਪ੍ਰਚਾਰਕਾਂ ਦੀਆਂ ਕਬਰਾਂ ਹਨ, ਜਿਨ੍ਹਾਂ ਦੇ

Digitized by Panjab Digital Library | www.panjabdigilib.org

ਪੱਥਰਾਂ ਉਤੇ ਉਨ੍ਹਾਂ ਦੇ ਜਨਮ ਮਰਨ ਦੀਆਂ ਤਾਰੀਖਾਂ ਦਿੱਤੀਆਂ ਗਈਆਂ ਹਨ । ਮੈਨੂੰ ਬੜੀ ਆਸ ਸੀ ਕਿ ਇਸ ਖੋਜ ਦੇ ਸੰਬੰਧ ਵਿਚ ਕਾਫ਼ੀ ਸਾਮੱਗ੍ਰੀ ਮੈਨੂੰ ਲੁਧਿਆਣੇ ਵਿਚੋਂ ਹੀ ਪ੍ਰਾਪਤ ਹੋ ਜਾਵੇਗੀ, ਪਰ ਜਿਉਂ ਜਿਉਂ ਮੈਂ ਇਸ ਕੰਮ ਨੂੰ ਸਿਰੇ ਚਾੜ੍ਹਨ ਦੇ ਆਹਰ ਵਿਚ ਰੁੱਝਦਾ ਗਇਆ, ਤਿਉਂ ਤਿਉਂ ਇਸ ਸਾਮੱਗ੍ਰੀ ਨੂੰ ਪ੍ਰਾਪਤ ਕਰਨ ਦੀ ਸਮੱਸਿਆ ਗੰਭੀਰ ਬਣਦੀ ਗਈ । ਲੁਧਿਆਣੇ ਵਿਚ ਈਸਾਈ ਮਿਸ਼ਨਰੀਆਂ ਦੀ ਕੋਈ ਅਜਿਹੀ ਰੀਕਾਰਡ-ਲਾਇਬ੍ਰੇਰੀ ਨਹੀਂ, ਜਿਥੋਂ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਇਕੱਠੀਆਂ ਲੱਭ ਸਕਣ । ਸਗੋਂ ਸੱਚ ਤਾਂ ਇਹ ਹੈ ਕਿ ਲੁਧਿਆਣੇ ਦੇ ਪੁਰਾਣੇ ਅਤੇ ਵੱਡੇ ਮਿਸ਼ਨ-ਦਫ਼ਤਰ ਵਿਚ ਨਾ ਤਾਂ ਉਨ੍ਹਾਂ ਦੀਆਂ ਕੋਈ ਪੁਸਤਕਾਂ ਹਨ ਅਤੇ ਨਾ ਕੋਈ ਜਾਣਕਾਰ ਅਧਿਕਾਰੀ ਹੀ ਉਥੇ ਮੌਜੂਦ ਹੈ । ਇਹ ਦੇਖ ਕੇ ਬੜੀ ਨਿਰਾਸਤਾ ਹੋਈ, ਪਰ ਖੋਜ ਦੀ ਲਗਨ ਨੇ ਹੌਂਸਲਾ ਨਾ ਟੁੱਟਣ ਦਿੱਤਾ ।

ਹਥਲੇ ਖੋਜ-ਪ੍ਰਬੰਧ ਲਈ ਜਿਤਨੀ ਵੀ ਸਾਮੱਗ੍ਰੀ ਮੈਨੂੰ ਇਕੱਤਰ ਕਰਨ ਵਿਚ ਸਫਲਤਾ ਪ੍ਰਾਪਤ ਹੋਈ ਹੈ, ਉਸ ਲਈ ਮੈਨੂੰ ਲੁਧਿਆਣਾ, ਬਟਾਲਾ, ਅੰਮ੍ਰਿਤਸਰ, ਜਲੰਧਰ, ਪਟਿਆਲਾ, ਚੰਡੀਗੜ੍ਹ, ਅੰਬਾਲਾ, ਖਰੜ, ਸੀਰਾਮਪੁਰ, ਕਲਕੱਤਾ, ਬਨਾਰਸ, ਲਖਨਊ, ਦੇਹਰਾਦੂਨ, ਰਾਜਪੁਰ ਅਤੇ ਦਿੱਲੀ ਆਦਿਕ ਸ਼ਹਿਰਾਂ ਦੇ ਕਈ ਗਿਰਜਿਆਂ ਅਤੇ ਪੁਸਤਕਾਲਿਆਂ ਦੇ ਚੱਕਰ ਲਾਉਣੇ ਪਏ ਹਨ । ਵਧੇਰੇ ਸਾਮੱਗ੍ਰੀ ਬੇਅਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ, ਬਟਾਲਾ ਦੀ ਰੀਕਾਰਡ ਲਾਇਬ੍ਰੇਰੀ, ਕੇਰੀ ਲਾਇਬ੍ਰੇਰੀ, ਸੀਰਾਮਪੁਰ ਵਿਸ਼ਵਵਿਦਿਆਲਯ, ਸੀਰਾਮਪੁਰ (ਪੱਛਮੀ ਬੰਗਾਲ), ਨੈਸ਼ਨਲ ਲਾਇਬ੍ਰੇਰੀ, ਕਲਕੱਤਾ, ਕੈਂਬਰਿਜ ਬ੍ਰਦਰਹੁੱਡ, ਦਿੱਲੀ, ਕ੍ਰਿਸਚੀਅਨ ਰੀਟ੍ਰੀਟ ਐਂਡ ਸਟੱਡੀ ਸੈਂਟਰ, ਰਾਜਪੁਰ (ਦੇਹਰਾਦੂਨ) ਅਤੇ ਨੈਸ਼ਨਲ ਮਿਊਜ਼ੀਅਮ, ਦਿੱਲੀ ਤੋਂ ਪ੍ਰਾਪਤ ਹੋਈ ਹੈ । ਇਸ ਸੰਬੰਧ ਵਿਚ ਮੇਰੀ ਅਨੇਕ ਵਿਅਕਤੀਆਂ ਨਾਲ ਮੁਲਾਕਾਤ ਹੋਈ, ਜਿਨ੍ਹਾਂ ਤੋਂ ਮੈਨੂੰ ਕਿਸੇ ਨਾ ਕਿਸੇ ਤਰ੍ਹਾਂ ਲਾਭ ਪ੍ਰਾਪਤ ਹੋਇਆ । ਸੱਤ ਵਰ੍ਹਿਆਂ ਦੀ ਘਾਲਣਾ ਮਗਰੋਂ ਇਹ ਖੋਜ-ਪ੍ਰਬੰਧ ਤਿਆਰ ਹੋ ਸਕਿਆ ਹੈ । ਅਜੇ ਵੀ ਮੈਂ ਕਹਿ ਨਹੀਂ ਸਕਦਾ, ਕਿ ਇਸ ਕੰਮ ਨਾਲ ਮੇਰੀ ਪੂਰਨ ਭਾਂਤ ਸੰਤੁਸ਼ਟੀ ਹੋ ਗਈ ਹੈ । ਅੰਤਿਮ ਖੋਜ ਕਦੀ ਵੀ ਸੰਭਵ ਨਹੀਂ ਹੋ ਸਕਦੀ, ਇਸ ਪਾਸੇ ਵਲ ਮੈਂ ਪਹਿਲਾ ਕਦਮ ਹੀ ਪੁੱਟਿਆ ਹੈ ।

ਇਸ ਖੋਜ-ਪ੍ਰਬੰਧ ਦੀ ਯੋਜਨਾ ਬਾਰੇ ਦੋ ਸ਼ਬਦ ਕਹਿਣੇ ਜ਼ਰੂਰੀ ਸਮਝਦਾ ਹਾਂ । ਆਮ ਤੌਰ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੰਜਾਬ ਵਿਚ ਸਭ ਤੋਂ ਪਹਿਲਾਂ ਪ੍ਰਵੇਸ਼ ਕਰਨ ਵਾਲਾ ਈਸਾਈ ਮਿਸ਼ਨਰੀ ਮਿਸਟਰ ਜਾਨ ਸੀ. ਲੌਰੀ ਸੀ, ਜਿਹੜਾ ਉਨੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਇਥੇ ਆਇਆ । ਕੁਝ ਅੰਗ੍ਰੇਜ਼ ਮਿਸ਼ਨਰੀ ਇਤਿਹਾਸ-ਲੇਖਕ ਵੀ ਇਸੇ ਭੁਲੇਖੇ ਦਾ ਸ਼ਿਕਾਰ ਹਨ, ਪਰ ਇਸ ਖੋਜ ਦੇ ਦੌਰਾਨ ਮੈਨੂੰ ਕੁਝ ਠੋਸ ਸਬੂਤ ਪ੍ਰਾਪਤ ਹੋਏ ਹਨ, ਜਿਨ੍ਹਾਂ ਤੋਂ ਇਹ ਸਚਾਈ ਪ੍ਰਗਟ ਹੁੰਦੀ ਹੈ ਕਿ ਪੰਜਾਬ ਵਿਚ ਸਭ ਤੋਂ ਪਹਿਲਾਂ ਆਉਣ ਵਾਲਾ ਈਸਾਈ ਮਿਸ਼ਨਰੀ ਸੰਤ ਟਾਮਸ ਸੀ, ਜੋ ਗੋਂਡੋਫਰਨੀਸ ਦੇ ਰਾਜ ਕਾਲ (20 ਏ. ਡੀ.—50 ਏ. ਡੀ.) ਵਿਚ ਇਥੇ ਆਇਆ ਸੀ । ਇਸ ਤੋਂ ਇਹ ਪਤਾ ਲੱਗਦਾ ਹੈ ਕਿ ਈਸਾਈ ਮਿਸ਼ਨਰੀ ਅਠਾਰ੍ਹਵੀਂ ਉਨੀਵੀਂ ਸਦੀ ਵਿਚ ਇਕਦਮ ਭਾਰਤ ਵਿਚ ਆ ਕੇ ਧਰਮ-ਪ੍ਰਚਾਰ ਦੇ ਕਾਰਜ ਵਿਚ ਨਹੀਂ ਜੁੱਟ ਗਏ, ਸਗੋਂ ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਸਿਰ ਈਸਾਈ ਮਿਸ਼ਨਰੀ ਭਾਰਤ ਵਿਚ ਆ ਕੇ ਆਪਣੇ ਧਰਮ ਦਾ ਪ੍ਰਚਾਰ ਕਰਦੇ ਰਹੇ ਸਨ । ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਉਕਤ ਸੱਚ ਨੂੰ ਸਾਹਮਣੇ ਲਿਆ ਕੇ

Digitized by Panjab Digital Library | www.panjabdigilib.org

ਈਸਾਈ ਮਿਸ਼ਨਰੀਆਂ ਦੇ ਪੰਜਾਬ-ਪ੍ਰਵੇਸ਼ ਦਾ ਆਗਮਨ ਕਾਲ ਨਿਸਚਿਤ ਕੀਤਾ ਗਇਆ ਹੈ ਅਤੇ ਪੰਜਾਬ-ਪ੍ਰਵੇਸ਼ ਮਗਰੋਂ ਉਨ੍ਹਾਂ ਦੀਆਂ ਗਤੀਵਿਧੀਆਂ ਉਪਰ ਚਾਨਣਾ ਪਾਇਆ ਗਇਆ ਹੈ। ਇਹ ਅਧਿਆਇ ਈਸਾਈ ਮਿਸ਼ਨਾਂ ਦੇ ਇਤਿਹਾਸ ਨਾਲ ਸੰਬੰਧਿਤ ਹੈ। ਦੂਜੇ ਅਧਿਆਇ ਵਿਚ ਮਿਸ਼ਨਰੀਆਂ ਦੀਆਂ ਭਾਸ਼ਾਈ ਕਿਰਤਾਂ ਦਾ ਭਾਸ਼ਾ-ਵਿਗਿਆਨਕ ਪੱਖ ਤੋਂ ਵਿਸ਼ਲੇਸ਼ਣ ਕੀਤਾ ਹੈ। ਤੀਜੇ ਅਧਿਆਇ ਵਿਚ ਮਿਸ਼ਨਰੀਆਂ ਦੀਆਂ ਸਾਹਿਤਕ ਕਿਰਤਾਂ ਦਾ ਸਿਧਾਂਤਕ ਪੱਖ ਤੋਂ ਅਧਿਐਨ ਕੀਤਾ ਹੈ ਅਤੇ ਪ੍ਰਚਾਰ-ਕਾਰਜ ਦੇ ਭਾਰਤਵਾਸੀਆਂ ਉਪਰ ਪਏ ਪ੍ਰਭਾਵਾਂ ਅਤੇ ਉਨ੍ਹਾਂ ਦੁਆਰਾ ਪ੍ਰੇਰਿਤ ਪੰਜਾਬੀ ਲੇਖਕਾਂ ਬਾਰੇ ਸੰਖਿਪਤ ਰੂਪ ਵਿਚ ਵਿਚਾਰ ਕੀਤੀ ਗਈ ਹੈ। ਅੰਤ ਵਿਚ ਸਾਰੇ ਅਧਿਐਨ ਦਾ ਸਿੱਟਾ ਕੱਢਦਿਆਂ ਹੋਇਆਂ ਈਸਾਈ ਮਿਸ਼ਨਰੀ ਲੇਖਕਾਂ ਦਾ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਇਤਿਹਾਸ ਵਿਚ ਸਥਾਨ ਨੀਯਤ ਕੀਤਾ ਹੈ। ਖੋਜ-ਪ੍ਰਬੰਧ ਦੇ ਅੰਤ ਵਿਚ ਦਿੱਤੇ ਗਏ ਪਰਿਸ਼ਿਸ਼ਟ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਇਆ ਹੈ। ਪਹਿਲੇ ਭਾਗ ਵਿਚ ਪ੍ਰਸਿੱਧ ਈਸਾਈ ਮਿਸ਼ਨਰੀ ਲੇਖਕਾਂ ਦੇ ਜੀਵਨ ਬਾਰੇ ਸੰਖੇਪ ਵਾਕਫੀਅਤ ਦਿੱਤੀ ਹੈ। ਦੂਜੇ ਭਾਗ ਵਿਚ 'ਰੇਲ ਗੱਡੀ ਦਾ ਸਫ਼ਰ' ਨਾਮ ਦੀ ਕਹਾਣੀ ਪੇਸ਼ ਕੀਤੀ ਗਈ ਹੈ ਅਤੇ ਤੀਜੇ ਭਾਗ ਵਿਚ ਮਿਸ਼ਨਰੀ ਲੇਖਕ ਐਸ. ਐਸ. ਬਚਿੰਤ ਦੁਆਰਾ ਲਿਖਿਤ ਨਾਟਕ 'ਮਲਕਾ ਅਸਤਰ' ਪੇਸ਼ ਕੀਤਾ ਗਇਆ ਹੈ। ਅੰਤ ਵਿਚ ਚੋਣਵੀਆਂ ਸਹਾਇਕ ਪੁਸਤਕਾਂ ਦੀ ਸੂਚੀ ਵੀ ਦਿੱਤੀ ਗਈ ਹੈ।

ਪੰਜਾਬੀ ਸ਼ਬਦ-ਜੋੜਾਂ ਵਿਚ ਬਹੁਤ ਅਸਮਾਨਤਾ ਮਿਲਦੀ ਹੈ। ਲੇਖਕਾਂ ਦੇ ਸ਼ਬਦ-ਜੋੜ ਇਕ ਦੂਜੇ ਤੋਂ ਭਿੰਨ ਹਨ। ਇਸ ਭਿੰਨਤਾ ਨੂੰ ਦੂਰ ਕਰਨ ਲਈ ਵੱਖ ਵੱਖ ਸੰਸਥਾਵਾਂ ਵਲੋਂ ਕਈ ਜਤਨ ਕੀਤੇ ਜਾ ਰਹੇ ਹਨ; ਪਰ ਇਹ ਸਮੱਸਿਆ ਜਿਤਨੀ ਸੁਲਝਾਈ ਜਾਂਦੀ ਹੈ, ਉਤਨੀ ਹੀ ਇਹ ਹੋਰ ਉਲਝਦੀ ਜਾ ਰਹੀ ਹੈ। ਪੰਜਾਬੀ ਸ਼ਬਦ-ਜੋੜਾਂ ਦੀ ਅਮਰਯਾਦਿਤ ਅਵਸਥਾ ਸਚਮੁਚ ਇਕ ਵਿਵਸਥਿਤ ਸ਼ਬਦ-ਜੋੜ ਕੋਸ਼ ਦੀ ਚਿਰਾਂ ਤੋਂ ਉਡੀਕ ਕਰ ਰਹੀ ਹੈ, ਪਰ ਅਜੇ ਪੰਜਾਬੀ ਲੇਖਕਾਂ ਲਈ ਜੋੜਾਂ ਸੰਬੰਧੀ ਪਥ-ਪ੍ਰਦਰਸ਼ਨ ਦਾ ਕੰਮ ਪੂਰਾ ਨਹੀਂ ਹੋਇਆ। ਇਸ ਅਭਾਵ ਦੀ ਅਵਸਥਾ ਵਿਚ ਜੇ ਇਸ ਖੋਜ-ਪ੍ਰਬੰਧ ਵਿਚ ਮੇਰੇ ਵਰਤੇ ਸ਼ਬਦ-ਜੋੜ ਵਿਦਵਾਨ ਪਾਠਕਾਂ ਨੂੰ ਕਿਤੇ ਨਾ ਜਚਣ, ਤਾਂ ਇਹ ਪੰਜਾਬੀ ਸ਼ਬਦ-ਜੋੜਾਂ ਦੀ ਅਵਿਵਸਥਾ ਦਾ ਹੀ ਫਲ ਹੈ।

ਇਸ ਸਾਰੇ ਖੋਜ-ਪ੍ਰਬੰਧ ਵਿਚ ਮੈਂ ਇਕ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਹੈ ਕਿ ਯਥਾਵਸ ਸੱਚ ਦੀ ਖੋਜ ਕਰਾਂ ਅਤੇ ਉਸ ਨੂੰ ਪੂਰੀ ਈਮਾਨਦਾਰੀ ਨਾਲ ਪੇਸ਼ ਕਰਾਂ। ਇਸੇ ਗੱਲ ਨੂੰ ਮੁੱਖ ਰੱਖਦਿਆਂ ਮੈਂ ਤੱਥਾਂ ਨੂੰ ਅਵਿਕ੍ਰਿਤ ਰੂਪ ਵਿਚ ਸਾਹਮਣੇ ਲਿਆਉਣ ਲਈ ਵਿਗਿਆਨਕ ਵਿਧੀ ਨੂੰ ਅਪਣਾਇਆ ਹੈ। ਅੰਤ ਵਿਚ ਇਕ ਨਿਮਾਣੇ ਖੋਜੀ ਦੇ ਰੂਪ ਵਿਚ ਮੈਂ ਇਹ ਖੋਜ-ਪ੍ਰਬੰਧ ਅਧਿਕਾਰੀ ਵਿਦਵਾਨਾਂ ਨੂੰ ਸਾਦਰ ਪੇਸ਼ ਕਰਦਾ ਹਾਂ।

ਗੁਰਚਰਨ ਸਿੰਘ ਅਰਸ਼ੀ

ਨਵੀਂ ਦਿੱਲੀ,
28 ਮਾਰਚ, 1973.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅਧਿਆਇ ਪਹਿਲਾ

ਈਸਾਈ ਮਿਸ਼ਨਰੀਆਂ ਦਾ ਪੰਜਾਬ-ਪ੍ਰਵੇਸ਼ ਅਤੇ ਗਤੀਵਿਧੀਆਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਈਸਾਈ ਮਿਸ਼ਨਰੀਆਂ ਦਾ ਪੰਜਾਬ-ਪ੍ਰਵੇਸ਼ ਅਤੇ ਗਤੀਵਿਧੀਆਂ

ਆਪਣੇ ਅਤੀਤ ਵਲ ਝਾਤ ਮਾਰੀਏ, ਤਾਂ ਕੁਝ ਪ੍ਰਚਾਰ-ਧਰਮ ਬੜੀ ਤੇਜ਼ੀ ਨਾਲ ਵਿਸ਼ਵ ਦੀਆਂ ਵਿਭਿੰਨ ਦਿਸ਼ਾਵਾਂ ਵਲ ਫ਼ੈਲਦੇ ਦਿਸਦੇ ਹਨ। ਮਹਾਤਮਾ ਬੁੱਧ ਦਾ ਧਰਮ ਸੰਸਾਰ ਭਰ ਵਿਚ ਫ਼ੈਲਾਉਣ ਲਈ ਬੋਧੀ ਭਿਖਸ਼ੂ ਦੂਰ ਦੂਰ ਤਕ ਪਹੁੰਚੇ। ਅਸ਼ੋਕ ਦਾ ਭਰਾ ਮਹਿੰਦਰ ਤੇ ਉਸ ਦੀ ਪੁੱਤਰੀ ਸੰਘਮਿੱਤਰਾ ਲੰਕਾ, ਚੀਨ ਤੇ ਜਾਪਾਨ ਤਕ ਬੁੱਧ ਧਰਮ ਦਾ ਪ੍ਰਚਾਰ ਤੇ ਵਿਸਥਾਰ ਕਰਨ ਲਈ ਗਏ।[1] ਆਪਣੇ ਇਸ ਕਾਰਜ ਵਿਚ ਇਨ੍ਹਾਂ ਪ੍ਰਚਾਰਕਾਂ ਨੂੰ ਜੋ ਸਫ਼ਲਤਾ ਪ੍ਰਾਪਤ ਹੋਈ, ਉਸ ਦਾ ਸਜੀਵ ਪ੍ਰਮਾਣ ਇਨ੍ਹਾਂ ਦੇਸ਼ਾਂ ਵਿਚ ਵਸ ਰਹੇ ਬੁੱਧ ਮਤ ਦੇ ਕਰੋੜਾਂ ਅਨੁਯਾਈ ਹਨ। ਇਸੇ ਤਰ੍ਹਾਂ ਇਸਲਾਮ ਦਾ ਉਦੈ ਹੋਇਆ, ਤਾਂ ਇਸ ਦੇ ਪ੍ਰਚਾਰਕ ਕਿਤੇ ਤਲਵਾਰ ਫੜਕੇ, ਕਿਤੇ ਸੁਖ-ਸ਼ਾਂਤੀ ਦਾ ਸੁਨੇਹਾ ਲੈ ਕੇ ਅਤੇ ਕਿਤੇ ਵਿੱਦਿਆ-ਪ੍ਰਸਾਰਣ ਦਾ ਨਿਸਚਾ ਕਰਕੇ ਘਰੋਂ ਨਿਕਲ ਤੁਰੇ ਅਤੇ ਦੇਸ਼ ਵਿਦੇਸ਼ ਵਿਚ ਆਪਣੇ ਧਰਮ ਦਾ ਬੀਜ ਬੀਜਣ ਲੱਗੇ। ਠੀਕ ਇਸੇ ਪ੍ਰਕਾਰ ਈਸਾਈ ਧਰਮ ਏਸ਼ੀਆ ਦੇ ਇਕ ਅਗਿਆਤ ਜਿਹੇ ਕੋਨੇ ਵਿਚ ਪੈਦਾ ਹੋਇਆ; ਪਰ ਜਦੋਂ ਆਪਣੇ ਦੇਸ਼ ਦੀਆਂ ਸੀਮਾਵਾਂ ਟੱਪਣ ਲੱਗਾ, ਤਾਂ ਇਸ ਦੇ ਪ੍ਰਚਾਰਕਾਂ ਨੇ ਪਿਛਲੇ ਦੋਹਾਂ ਧਰਮਾਂ ਦੇ ਪ੍ਰਚਾਰਕਾਂ ਨੂੰ ਮਾਤ ਪਾ ਦਿੱਤਾ।[2] ਇਨ੍ਹਾਂ ਸਾਰੇ ਧਰਮਾਂ ਦੇ ਵਧੇਰੇ ਫ਼ੈਲ ਜਾਣ ਦਾ ਮੁਖ ਕਾਰਣ ਕੇਵਲ ਪ੍ਰਚਾਰ ਦਾ ਸੁਚੇਤ ਉੱਦਮ ਹੀ ਸੀ, ਇਸ ਲਈ ਇਨ੍ਹਾਂ ਧਰਮਾਂ ਨੂੰ ਪ੍ਰਚਾਰ-ਧਰਮ ਕਹਿਣਾ ਵਧੇਰੇ ਉਚਿਤ ਹੈ। ਇਨ੍ਹਾਂ ਦੀ ਤੁਲਨਾ ਵਿਚ ਹਿੰਦੂ ਧਰਮ ਦੇ ਧਾਰਣੀ ਪ੍ਰਚਾਰ ਵਿਚ ਵਿਸ਼ਵਾਸ ਨਾ ਰੱਖਦੇ ਹੋਏ ਆਪਣੇ ਘਰਾਂ ਵਿਚ ਹੀ ਬੰਦ ਰਹੇ। ਫ਼ਲਸਰੂਪ ਹਿੰਦੂ ਧਰਮ ਵਧੇਰੇ ਕਰਕੇ ਭਾਰਤ ਤਕ ਹੀ ਸੀਮਿਤ ਰਹਿਆ।[3] ਪ੍ਰਚਾਰ-ਧਰਮਾਂ ਵਿਚੋਂ ਵੀ ਸਭ ਤੋਂ ਵੱਧ ਸਫ਼ਲਤਾ ਈਸਾਈ ਧਰਮ ਦੇ ਪ੍ਰਚਾਰਕਾਂ ਨੂੰ ਹੀ ਪ੍ਰਾਪਤ ਹੋਈ। ਵਹਿਸ਼ੀ, ਆਦਮਖ਼ੋਰ ਤੇ ਅਸਲੋਂ ਹੀ ਓਪਰੇ ਤੇ ਅਨਪੜ੍ਹ ਲੋਕਾਂ ਵਿਚ ਜਾਣਾ, ਉਨ੍ਹਾਂ ਦਾ ਆਚਾਰ-ਵਿਹਾਰ ਧਾਰਣ ਕਰਨਾ ਅਤੇ ਫਿਰ ਉਨ੍ਹਾਂ ਨੂੰ ਪੜ੍ਹਾ-ਲਿਖਾ ਕੇ ਈਸਾਈ ਬਣਾਉਣਾ; ਜਿਥੇ ਲੋਕ ਅੱਗੇ ਹੀ ਸਿਆਣੇ ਤੇ ਪੜ੍ਹੇ-ਲਿਖੇ ਸਨ, ਉਥੇ ਉਨ੍ਹਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਨਵੀਂ ਸਭਿਅਤਾ ਤੇ ਧਰਮ ਦੀ ਨੁਹਾਰ ਦੱਸਣਾ, ਉਨ੍ਹਾਂ ਦੀ ਸਫ਼ਲਤਾ ਦੇ ਕੁਝ ਕਾਰਣ ਸਨ।[4] ਨਿਰਸੰਦੇਹ ਉਸ ਸਮੇਂ ਪਰਿਸਥਿਤੀਆਂ ਬੜੀਆਂ ਕਠੋਰ ਸਨ, ਪਰ ਧਰਮ-ਪ੍ਰਚਾਰ ਤੇ ਧਰਮ-ਵਿਸਥਾਰ ਦੀ ਲਗਨ ਨੇ ਈਸਾਈ ਮਿਸ਼ਨਰੀਆਂ ਲਈ ਇਹ ਕੰਮ ਆਸਾਨ ਕਰ ਦਿੱਤਾ।

---

1. Mookerji, *Ancient India*, p. 45.
2. Ryburn; W. M., *Through Shadow and Sunshine*, p. 13.
3. Srivastva; A. L., *Medieval India*, p. 412.
4. Stauffer; Milton, *An Indian Approach to India*, p. 77.

Digitized by Panjab Digital Library | www.panjabdigilib.org

ਹੁਣ ਪ੍ਰਸ਼ਨ ਇਹ ਉਠਦਾ ਹੈ: ਈਸਾਈ ਮਿਸ਼ਨਰੀਆਂ ਨੇ ਭਾਰਤ ਵਿਚ ਕਦੋਂ ਪ੍ਰਵੇਸ਼ ਕੀਤਾ ਅਤੇ ਉਹ ਪੰਜਾਬ ਵਿਚ ਕਦੋਂ ਆਏ ? ਪੰਜਾਬੀ ਵਿਦਵਾਨਾਂ ਨੇ ਇਸ ਸੰਬੰਧ ਵਿੱਚ ਲੰਮੀ ਚੁੱਪ ਸਾਧੀ ਰੱਖੀ ਹੈ । ਇਸ ਬਾਰੇ ਸ਼ਾਇਦ ਉਨ੍ਹਾਂ ਨੂੰ ਵਧੇਰੇ ਜਾਣਕਾਰੀ ਨਹੀਂ ਸੀ । ਇਹੋ ਹੀ ਕਾਰਣ ਹੈ ਕਿ ਪੰਜਾਬੀ ਸਾਹਿਤ ਦੇ ਹੁਣ ਤਕ ਲਿਖੇ ਜਾ ਚੁੱਕੇ ਇਤਿਹਾਸਾਂ ਵਿਚ ਉਨ੍ਹਾਂ ਦੀ ਦੇਣ ਨੂੰ ਗੌਲਿਆ ਨਹੀਂ ਗਇਆ । ਡਾ: ਮੋਹਨ ਸਿੰਘ 'ਦੀਵਾਨਾ' ਡਾ: ਗੋਪਾਲ ਸਿੰਘ 'ਦਰਦੀ', ਡਾ: ਸੁਰਿੰਦਰ ਸਿੰਘ 'ਕੋਹਲੀ', ਹੀਰਾ ਸਿੰਘ 'ਦਰਦ', ਕ੍ਰਿਪਾਲ ਸਿੰਘ 'ਕਸੇਲ' ਆਦਿਕ ਸਾਹਿਤ-ਇਤਿਹਾਸਕਾਰਾਂ ਨੇ ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਨੂੰ ਦੇਣ ਦਾ ਸੰਕੇਤ-ਮਾਤਰ ਉਲੇਖ ਹੀ ਕੀਤਾ । ਇਨ੍ਹਾਂ ਸੰਕੇਤਾਂ ਤੋਂ ਈਸਾਈ ਮਿਸ਼ਨਰੀਆਂ ਦੇ ਸਾਹਿਤ-ਕਾਰਜ ਦੀ ਨੁਹਾਰ ਸਪਸ਼ਟ ਰੂਪ ਵਿਚ ਨਹੀਂ ਉਭਰਦੀ । ਕੁਝ ਕੁ ਈਸਾਈ ਇਤਿਹਾਸਕਾਰਾਂ ਨੇ ਵੀ ਆਪਣੀ ਨਜ਼ਰ ਮਿਸ਼ਨ ਦੇ ਇਤਿਹਾਸ ਤਕ ਹੀ ਰੱਖੀ ਹੈ, ਉਨ੍ਹਾਂ ਦੇ ਸਾਹਿਤ-ਕਾਰਜ ਦੇ ਵਰਗੀਕਰਣ, ਵਿਸ਼ਲੇਸ਼ਣ ਅਤੇ ਮੁਲਿਆਂਕਣ ਦਾ ਕੰਮ ਲਗਭਗ ਅਣਛੋਹਿਆ ਪਿਆ ਹੈ ।

ਮਿਸ਼ਨ ਦੇ ਇਕ ਇਤਿਹਾਸਕਾਰ ਰੈਵਰੈਂਡ ਅਰਨੈਸਟ ਵਾਈ. ਕੈਂਬਲ (**Ernest Y. Campbell**) ਨੇ ਮਿਸਟਰ ਲੌਰੀ ਨੂੰ ਪੰਜਾਬ ਵਿਚ ਆਉਣ ਵਾਲਾ ਪਹਿਲਾ ਮਿਸ਼ਨਰੀ ਸਿੱਧ ਕੀਤਾ । ਉਸ ਦੇ ਮਤ ਅਨੁਸਾਰ ਉਹ 3 ਦਸੰਬਰ 1835 ਈ: ਨੂੰ ਲੁਧਿਆਣੇ ਪਹੁੰਚਿਆ ।[1] ਈ: ਮੌਰਿਸ ਵੇਰੀ (**E.Morris Wherry**) ਨੇ ਵੀ ਆਪਣੀ ਪੁਸਤਕ 'ਅਵਰ ਮਿਸ਼ਨਜ਼ ਇਨ ਇੰਡੀਆ' ਵਿਚ ਉਕਤ ਮਤ ਦੀ ਪ੍ਰੋੜ੍ਹਤਾ ਕੀਤੀ ਹੈ ।[2] ਜੂਲੀਅਸ ਰਿਚਰ (**Julius Richer**) ਨੇ ਆਪਣੀ ਪੁਸਤਕ 'ਏ ਹਿਸਟਰੀ ਆਫ਼ ਮਿਸ਼ਨਜ਼ ਇਨ ਇੰਡੀਆ' ਵਿਚ ਇਸੇ ਗੱਲ ਨੂੰ ਦੁਹਰਾਇਆ ਹੈ ।[3] ਲੁਧਿਆਣਾ ਮਿਸ਼ਨ ਦੀਆਂ ਵਾਰਸ਼ਿਕ ਰੀਪੋਰਟਾਂ ਦੇ ਸੰਪਾਦਕਾਂ ਨੇ ਵੀ ਇਸੇ ਗੱਲ ਦੀ ਹਾਮੀ ਭਰੀ ਹੈ ।[4] ਮਿਸਟਰ ਲੌਰੀ ਦੇ ਲੁਧਿਆਣੇ ਪਹੁੰਚਣ ਦੀ ਤਿਥੀ ਬਾਰੇ ਨਿਰਣਾ ਤਾਂ ਅਗਲੇ ਪੰਨਿਆਂ ਵਿਚ ਕੀਤਾ ਜਾਵੇਗਾ, ਇਥੇ ਵਿਚਾਰ-ਅਧੀਨ ਗੱਲ ਕੇਵਲ ਇਹ ਹੈ ਕਿ ਕੀ 19ਵੀਂ ਸਦੀ ਈ: ਤੋਂ ਪਹਿਲਾਂ ਈਸਾਈ ਮਤ ਦੀ ਪੰਜਾਬ ਵਿਚ ਅਣਹੋਂਦ ਸੀ ਅਤੇ ਕੀ ਮਿਸਟਰ ਲੌਰੀ ਤੋਂ ਪਹਿਲਾਂ ਪੰਜਾਬ ਵਿਚ ਬਾਹਰੋਂ ਕੋਈ ਈਸਾਈ ਮਿਸ਼ਨਰੀ ਨਹੀਂ ਆਇਆ ? ਜੇ ਇਹ ਗੱਲ ਠੀਕ ਵੀ ਹੋਵੇ, ਤਾਂ ਵੀ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ 19ਵੀਂ ਸਦੀ ਈ: ਦੇ ਆਰੰਭ ਵਿਚ ਪੰਜਾਬ ਵਿਚ ਮਿਸ਼ਨਰੀਆਂ ਦੇ ਆਗਮਨ ਨਾਲ ਈਸਾਈ ਧਰਮ ਇਕਦਮ ਸਾਰੇ ਪੰਜਾਬ ਵਿਚ ਫ਼ੈਲ ਗਇਆ ।

ਧਰਮ ਦੇ ਦੋ ਮਹੱਤਵਪੂਰਣ ਤੱਤ ਹੁੰਦੇ ਹਨ—ਅਧਿਆਤਮਕ ਅਤੇ ਸੰਪ੍ਰਦਾਇਕ । ਸ਼ੁੱਧ ਅਧਿਆਤਮਕਤਾ ਨਾਲ ਕੋਈ ਧਰਮ ਨਹੀਂ ਬਣਦਾ । ਧਰਮ ਉਦੋਂ ਬਣਦਾ ਹੈ, ਜਦੋਂ ਉਸ ਅਧਿਆਤਮਕ ਤੱਤ ਨੂੰ ਮੰਨਣ ਵਾਲਿਆਂ ਦਾ ਇਕ ਸਮੂਹ ਇਕੱਠਾ ਹੋ ਜਾਵੇ । ਸਮੂਹ ਦੀਆਂ ਦੋ

---

1. Campbell; Ernest Y., *The Church in the Punjab*, p. 9.
2. Wherry; E. Morris, *Our Missions in India*, p. 19.
3. Richer; Julius, *A History of Missions in India*, p. 12.
4. Ed. *A Brief Account of the Lodiana Mission*(1834-1844), p. 12.

Digitized by Panjab Digital Library | www.panjabdigilib.org

ਸਮੱਸਿਆਵਾਂ ਹੁੰਦੀਆਂ ਹਨ—ਇਤਿਹਾਸ ਅਤੇ ਚਰਿੱਤ੍ਰ। ਸੰਪ੍ਰਦਾਇ ਨੇ ਤਾਂ ਸਮੇਂ ਅਤੇ ਸਥਾਨ ਵਿਚ ਰਹਿਣਾ ਹੁੰਦਾ ਹੈ। ਇਸ ਸਮੂਹ ਦਾ ਇਕ ਆਪਣਾ ਚਰਿੱਤ੍ਰ ਹੈ। ਇਤਿਹਾਸ ਦਾ ਚਰਿੱਤ੍ਰ ਨਾਲ ਅਤੇ ਚਰਿੱਤ੍ਰ ਦਾ ਇਤਿਹਾਸ ਨਾਲ ਇਕ ਦਵੰਦਾਤਮਕ (ਡਾਇਆਲੈਕਟੀਕਲ) ਰਿਸ਼ਤਾ ਹੈ. ਜਿਸ ਵਿਚੋਂ ਨਿਜੰਧਰੀ ਕਥਾ ਜਨਮ ਲੈਂਦੀ ਹੈ । ਇਤਿਹਾਸਕਾਰ ਨੂੰ ਚਰਿੱਤ੍ਰ ਦੀ ਪਰਵਾਹ ਨਹੀਂ ਹੁੰਦੀ, ਇਸ ਲਈ ਉਸ ਦਾ ਧਿਆਨ ਇਤਿਹਾਸਕ ਤੱਥਾਂ ਤਕ ਹੀ ਸੀਮਿਤ ਰਹੇਗਾ। ਸੰਪ੍ਰਦਾਇ ਦਾ ਇਕ ਆਪਣਾ ਸੱਤ ਹੈ। ਸਮੂਹ ਚਰਿੱਤ੍ਰ ਦੇ ਇਸ ਸੱਤ ਦੀ ਗੱਲ ਕਰੇਗਾ । ਇਤਿਹਾਸ ਸੁਤੇਸਿੱਧ ਜਨਮਦਾ ਹੈ, ਪਰ ਉਸ ਦੀ ਵਿਆਖਿਆ ਸਚੇਤ ਰੂਪ ਵਿਚ ਕੀਤੀ ਜਾਂਦੀ ਹੈ । ਨਿਜੰਧਰੀ ਕਥਾ ਵੀ ਇਤਿਹਾਸ-ਵਿਆਖਿਆ ਵਰਗੀ ਹੀ ਵਸਤੂ ਹੈ ਜੋ ਨਾ ਤਾਂ ਨਿਰੋਲ ਇਤਿਹਾਸ ਹੈ ਅਤੇ ਨਾ ਹੀ ਨਿਰੀ-ਪੁਰੀ ਲੋਕ-ਕਥਾ। ਜਿਥੇ ਲੋਕ-ਕਥਾ ਦਾ ਆਧਾਰ ਕਲਪਨਾ ਹੁੰਦੀ ਹੈ, ਉਥੇ ਇਤਿਹਾਸ ਤੱਥਾਂ ਉਤੇ ਆਧਾਰਿਤ ਹੁੰਦਾ ਹੈ। ਨਿਜੰਧਰੀ ਕਥਾ ਇਤਿਹਾਸਕ ਸੱਚ ਉਤੇ ਆਧਾਰਿਤ ਹੈ ਪਰ ਉਸ ਸੱਚ ਨਾਲ ਨਿੱਕੀਆਂ ਨਿੱਕੀਆਂ ਪਰੰਪਰਾਗਤ ਦੰਦ-ਕਥਾਵਾਂ ਆ ਜੁੜਦੀਆਂ ਹਨ। ਇਸ ਪ੍ਰਕਾਰ ਇਹ ਲੋਕ-ਕਥਾ ਦੇ ਇਤਿਹਾਸ ਵਿਚਲੀ ਜੁੜਨ-ਕੜੀ ਹੈ। ਇਸ ਦੀਆਂ ਜੜ੍ਹਾਂ ਇਤਿਹਾਸਕ ਸਮੇਂ ਤੇ ਸਥਾਨ ਵਿਚ ਹੁੰਦੀਆਂ ਹਨ, ਪਰ ਇਸ ਦੀ ਪਰਵਰਿਸ਼ ਜਨ-ਮਾਨਸ ਵਿਚ ਹੁੰਦੀ ਹੈ। ਈਸਾ ਮਸੀਹ ਦਾ ਜਨਮ ਇਕ ਇਤਿਹਾਸਕ ਸੱਚ ਹੈ, ਪਰ ਉਸ ਨੂੰ ਮੰਨਣ ਵਾਲੇ ਈਸਾਈ ਸਮੂਹ ਨੇ ਕਈ ਨਿਜੰਧਰੀ ਕਥਾਵਾਂ ਉਸ ਨਾਲ ਜੋੜ ਕੇ ਉਸ ਨੂੰ ਇਕ ਨਿਜੰਧਰੀ ਨਾਇਕ ਬਣਾ ਦਿੱਤਾ ਹੈ। ਮਿਸਾਲ ਦੇ ਤੌਰ ਤੇ ਇਹ ਕਹਿਆ ਜਾਂਦਾ ਹੈ ਕਿ ਮਰੀਅਮ ਨੂੰ ਆਕਾਸ਼ ਵਿਚੋਂ ਆਵਾਜ਼ ਆਈ ਕਿ ਤੇਰੀ ਕੁੱਖ ਵਿਚ ਇਕ ਅੰਮ੍ਰਿਤ-ਬੂੰਦ ਆ ਕੇ ਡਿੱਗੇਗੀ, ਜਿਸ ਨਾਲ ਤੇਰੀ ਕੁੱਖੋਂ ਬੱਚਾ ਪੈਦਾ ਹੋਵੇਗਾ, ਜੋ ਸਾਰੀ ਦੁਨੀਆਂ ਨੂੰ ਗਿਆਨ ਦਾ ਰਾਹ ਦੱਸੇਗਾ । ਮਰੀਅਮ ਨੇ ਕਹਿਆ ਕਿ ਮੈਂ ਤਾਂ ਅਜੇ ਕੁਆਰੀ ਹਾਂ। ਪਰ ਫਿਰ ਆਵਾਜ਼ ਆਈ ਕਿ ਇਹ ਰੱਬੀ ਹੁਕਮ ਹੈ। ਇਉਂ ਰੱਬ ਦੀ ਮਰਜ਼ੀ ਅਨੁਸਾਰ ਮਰੀਅਮ ਅਣਵਿਆਹੀ ਹੀ ਮਾਂ ਬਣ ਗਈ। ਹੁਣ ਇਹ ਨਿਜੰਧਰੀ ਕਥਾ ਦੇ ਪੈਰ ਨਿਸਚਿਤ ਤੌਰ ਤੇ ਇਤਿਹਾਸ ਵਿਚ ਹਨ ਅਤੇ ਨਿਸਚਿਤ ਤੌਰ ਤੇ ਇਸ ਵਿਚ ਈਸਾ ਨੂੰ ਮੰਨਣ ਵਾਲੇ ਸਮੂਹ ਦਾ ਚਰਿੱਤ੍ਰ ਸਮਾਇਆ ਹੋਇਆ ਹੈ। ਈਸਾਈਆਂ ਦਾ ਨਿਜੰਧਰੀ-ਸਾਹਿਤ ਬੜਾ ਅਮੀਰ ਹੈ। ਈਸਾਈ-ਚਰਿੱਤ੍ਰ ਦੀ ਸਹੀ ਝਲਕ ਇਸੇ ਸਾਹਿਤ ਵਿਚੋਂ ਹੀ ਪ੍ਰਾਪਤ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੇ ਯੁਗ ਦੇ ਬੁੱਧੀਜੀਵੀਆਂ ਦਾ ਝੁਕਾ ਤਾਰਕਿਕਤਾ ਵਲ ਵਧੇਰੇ ਹੈ, ਪਰ ਪਿਛਲੇ ਕੁਝ ਵਰ੍ਹਿਆਂ ਤੋਂ ਨਿਜੰਧਰੀ ਕਥਾ-ਸਾਹਿਤ ਦੇ ਅਤਾਰਕਿਕ ਤੱਤਾਂ ਦੇ ਮਹੱਤਵ ਨੂੰ ਵੀ ਪਛਾਣਿਆ ਜਾਣ ਲੱਗ ਪਿਆ ਹੈ। ਅਸੀਂ ਇਸ ਮਤ ਦਾ ਖੰਡਨ ਨਹੀਂ ਕਰਨਾ ਚਾਹੁੰਦੇ ਕਿ ਜਾਨ ਸੀ. ਲੌਰੀ ਪੰਜਾਬ ਵਿਚ ਆਉਣ ਵਾਲਾ ਸਭ ਤੋਂ ਪਹਿਲਾ ਮਿਸ਼ਨਰੀ ਸੀ, ਸਗੋਂ ਅਸੀਂ ਤਾਂ ਇਸ ਗੱਲ ਵਲ ਵੀ ਧਿਆਨ ਦਿਵਾਉਣਾ ਚਾਹੁੰਦੇ ਹਾਂ ਕਿ ਸੰਤ ਟਾਮਸ ਨਾਲ ਸੰਬੰਧਿਤ ਇਹ ਅਤਾਰਕਿਕ ਨਿਜੰਧਰੀ ਕਥਾ ਵੀ ਘੱਟ ਮੁੱਲਵਾਨ ਨਹੀਂ। ਜਿਸ ਨਿਜੰਧਰੀ ਕਥਾ ਵਲ ਸੰਕੇਤ ਕਰਨਾ ਸਾਡਾ ਉਦੇਸ਼ ਹੈ, ਉਸ ਨਾਲ ਪੰਜਾਬੀ-ਭਾਰਤੀ-ਸਮਾਜ ਦੀ ਭਾਵੇਂ ਵਿਸ਼ੇਸ਼ ਸਾਂਝ ਨਹੀਂ ਰਹੀ, ਫਿਰ ਵੀ ਇਸ ਰਚਨਾ ਦਾ ਮਹੱਤਵ ਇਸ ਲਈ ਵਧ ਜਾਂਦਾ ਹੈ ਕਿਉਂਕਿ ਇਸ ਦਾ ਪੰਜਾਬ ਦੀ ਧਰਤੀ ਨਾਲ ਪੁਰਾਣਾ ਸੰਬੰਧ ਹੈ । ਇਤਿਹਾਸਕ ਦ੍ਰਿਸ਼ਟੀ ਤੋਂ ਈਸਾਈ ਧਰਮ ਦਾ ਪ੍ਰਚਾਰ ਵਿਧੀਵਤ

Digitized by Panjab Digital Library | www.panjabdigilib.org

ਤਾਂ 19ਵੀਂ ਸਦੀ ਈ: ਦੇ ਆਰੰਭ ਵਿਚ ਹੀ ਸ਼ੁਰੂ ਹੋਇਆ ਮੰਨਿਆ ਜਾਵੇਗਾ, ਪਰ ਈਸਾਈ ਪਰੰਪਰਾ ਦੇ ਇਸ ਨਿਜੰਧਰੀ ਤੱਥ ਨੂੰ ਵੀ ਅੱਖੋਂ ਉਹਲੇ ਕਰਨਾ ਕਠਿਨ ਹੈ। ਵਾਸਤਵ ਵਿੱਚ ਈਸਾਈ ਧਰਮ ਪੰਜਾਬ ਵਿਚ ਕਈ ਸਦੀਆਂ ਪਹਿਲਾਂ ਹੀ ਪ੍ਰਵੇਸ਼ ਕਰ ਚੁੱਕਾ ਸੀ। ਇਸ ਗੱਲ ਦੀ ਗਵਾਹੀ ਅੰਗ੍ਰੇਜ਼ੀ ਭਾਸ਼ਾ ਵਿਚ ਉਪਲਬਧ ਪੁਸਤਕ 'ਸੰਤ ਟਾਮਸ ਦੇ ਕਾਰਨਾਮੇ' (The Acts of St. Thomas) ਵਿਚੋਂ ਮਿਲਦੀ ਹੈ। ਇਸ ਪੁਸਤਕ ਦੀ ਰਚਨਾ ਲਗਭਗ ਤੀਜੀ ਸਦੀ ਈਸਵੀ ਦੇ ਆਰੰਭ ਵਿਚ ਹੋਈ ਦੱਸੀ ਜਾਂਦੀ ਹੈ।[1] ਇਸ ਪੁਸਤਕ ਦੇ ਕਰਤਾ ਨੇ ਆਪਣਾ ਨਾਮ ਦੱਸਣ ਤੋਂ ਸੰਕੋਚ ਕੀਤਾ ਹੈ, ਇਸ ਲਈ ਇਹ ਰਚਨਾ ਕਿਸੇ ਅਨਾਮ ਲੇਖਕ ਦੁਆਰਾ ਲਿਖਿਤ ਸਮਝੀ ਜਾਣੀ ਉਚਿਤ ਹੈ। ਇਹ ਪੁਸਤਕ ਮੈਸੋਪੋਟਾਮੀਆਂ ਦੇ ਅਦੀਸਾ ਨਗਰ ਵਿਚ ਲਿਖੀ ਗਈ।[2] ਸੰਤ ਟਾਮਸ ਦੇ ਗੋਂਡੋਫਰਨੀਸ (Gondophernes) ਦੇ ਦਰਬਾਰ ਵਿਚ ਆਉਣ ਦਾ ਉਲੇਖ ਉਕਤ ਪੁਸਤਕ ਵਿਚ ਕੀਤਾ ਗਇਆ ਹੈ। ਇਸ ਰਚਨਾ ਦੇ ਕੁਲ ਨੌਂ ਭਾਗ ਹਨ। ਪਹਿਲੇ ਅੱਠ ਭਾਗਾਂ ਵਿਚ ਸੰਤ ਟਾਮਸ ਦੇ ਕਾਰਨਾਮਿਆਂ (Acts) ਦਾ ਸੰਖਿਪਤ ਵਿਵਰਣ ਹੈ ਅਤੇ ਅੰਤਿਮ ਭਾਗ ਵਿਚ ਉਸ ਦੀ ਮੌਤ ਦਾ ਵਰਣਨ ਹੈ।

ਕਥਾ-ਸਾਰ

ਪਹਿਲੇ ਕਾਰਨਾਮੇ ਦਾ ਸਿਰਲੇਖ ਇਸ ਪ੍ਰਕਾਰ ਹੈ—"ਸੰਤ ਟਾਮਸ ਦਾ ਪਹਿਲਾ ਕਾਰਨਾਮਾ. ਜਦੋਂ ਰੱਬ ਈਸਾ (Lord Christ) ਉਸ (ਸੰਤ ਟਾਮਸ) ਨੂੰ ਹੱਬਾਨ ਸੌਦਾਗਰ ਕੋਲ ਇਸ ਲਈ ਵੇਚ ਦਿੰਦਾ ਹੈ ਕਿ ਉਹ ਉਸ ਨਾਲ ਭਾਰਤ ਵਿਚ ਜਾ ਕੇ ਈਸਾਈ ਮਤ ਦਾ ਪ੍ਰਚਾਰ ਕਰੇ।[3] ਪਹਿਲਾਂ ਪਹਿਲ ਤਾਂ ਸੰਤ ਟਾਮਸ ਨੇ ਇਹ ਕਹਿੰਦਿਆਂ ਹੋਇਆਂ ਅਸਹਿਮਤੀ ਪ੍ਰਗਟ ਕੀਤੀ ਕਿ ਉਹ ਅਜੇ ਇਸ ਯੋਗ ਨਹੀਂ ਹੋਇਆ, ਉਸ ਵਿਚ ਅਜੇ ਕਈ ਬੁਰਾਈਆਂ ਹਨ ਅਤੇ ਫਿਰ ਉਹ ਆਪ ਇਕ ਯਹੂਦੀ ਹੁੰਦਾ ਹੋਇਆ ਭਾਰਤਵਾਸੀਆਂ ਨੂੰ ਈਸਾਈ ਮਤ ਗ੍ਰਹਿਣ ਕਰਨ ਲਈ ਕਿਵੇਂ ਪ੍ਰੇਰਣਾ ਦੇ ਸਕਦਾ ਹੈ। ਜਦੋਂ ਉਹ ਇਸ ਅਨਿਸਚਿਤ ਅਵਸਥਾ ਵਿਚ ਭਟਕ ਰਹਿਆ ਸੀ, ਤਾਂ ਇਕ ਰਾਤੀਂ ਭਗਵਾਨ ਈਸਾ ਨੇ ਸੁਪਨੇ ਵਿਚ ਉਸ ਨੂੰ ਦਰਸ਼ਨ ਦਿੱਤੇ ਅਤੇ ਉਸ ਨੂੰ ਆਸ਼ੀਰਵਾਦ ਦਿੰਦਿਆਂ ਹੋਇਆਂ ਕਹਿਆ: ਡਰੋ ਨਹੀਂ ਟਾਮਸ, ਮੈਂ ਤੇਰੇ ਅੰਗ ਸੰਗ ਹਾਂ! ਇਤਨਾ ਹੋਣ ਦੇ ਬਾਵਜੂਦ ਵੀ ਟਾਮਸ ਭਾਰਤ ਆਉਣ ਲਈ ਰਾਜ਼ੀ ਨਾ ਹੋਇਆ। ਇਕ ਦਿਨ ਹੱਬਾਨ ਨਾਮ ਦਾ ਕੋਈ ਭਾਰਤੀ ਸੌਦਾਗਰ ਕਿਸੇ ਕੰਮ ਦੱਖਣੀ ਦੇਸ਼ ਵਿਚ ਆਇਆ। ਉਸ ਨੂੰ ਗੋਂਡੋਫਰਨੀਸ ਨੇ ਆਪਣੇ ਲਈ ਇਕ ਸੁਯੋਗ ਤਰਖਾਣ ਲਿਆਉਣ ਲਈ ਭੇਜਿਆ ਸੀ। ਭਗਵਾਨ ਈਸਾ ਨੇ ਹੱਬਾਨ ਨੂੰ ਦਰਸ਼ਨ ਦਿੱਤੇ ਅਤੇ ਸੰਤ ਟਾਮਸ ਨੂੰ ਉਸ ਕੋਲ ਚਾਂਦੀ ਦੇ ਵੀਹ ਸਿੱਕੇ ਲੈ ਕੇ ਵੇਚ ਦਿੱਤਾ। ਹੁਣ ਉਹ ਦੋਵੇਂ ਪਾਣੀ ਦੇ ਜਹਾਜ਼ ਰਾਹੀਂ ਸਫਰ ਕਰਦੇ ਹੋਏ ਸੰਦਰੂਕ (Sandaruk) ਨਗਰ ਦੇ ਕੰਢੇ ਪਹੁੰਚੇ। ਇਥੋਂ ਉਹ ਜਹਾਜ਼ ਤੋਂ ਉਤਰੇ ਅਤੇ ਉਥੋਂ ਦੇ ਰਾਜੇ ਦੀ ਇਕਲੌਤੀ ਲੜਕੀ ਦੇ ਵਿਵਾਹ-

1. Moraes; George, A History of Christianity in India, p. 25.
2. ਉਹੀ, ਪੰ: 25.
3. Anonymous, *The Acts of St. Thomas*, p.5.

Digitized by Panjab Digital Library | www.panjabdigilib.org

ਕਾਰਜ ਵਿਚ ਸ਼ਰੀਕ ਹੋਏ । ਉਨ੍ਹਾਂ ਨੇ ਉਥੇ ਇਕ ਯਹੂਦੀ ਲੜਕੀ ਨੂੰ ਬੰਸਰੀ ਵਜਾਉਂਦਿਆਂ ਵੀ ਵੇਖਿਆ । ਸੰਤ ਟਾਮਸ ਨੇ ਆਪਣੀ ਸ਼ਕਤੀ ਨਾਲ ਉਸ ਵਿਆਹੁਤਾ-ਜੋੜੀ ਨੂੰ ਈਸਾਈ ਮਤ ਵਿਚ ਲੈ ਆਂਦਾ ।[1]

ਦੂਜੇ ਕਾਰਨਾਮੇ ਦਾ ਸਿਰਲੇਖ ਇਸ ਪ੍ਰਕਾਰ ਹੈ : "ਦੂਜਾ ਕਾਰਨਾਮਾ ਜਦੋਂ ਪੈਗ਼ੰਬਰ ਟਾਮਸ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਰਾਜੇ ਲਈ ਸਵਰਗ ਵਿਚ ਇਕ ਮਹੱਲ ਬਣਵਾਇਆ ।[2]" ਹੱਬਾਨ ਨੇ ਜਦੋਂ ਸੰਤ ਟਾਮਸ ਨੂੰ ਰਾਜੇ ਦੇ ਸਨਮੁਖ ਪੇਸ਼ ਕੀਤਾ, ਤਾਂ ਉਸ ਨੂੰ ਰਾਜੇ ਨੇ ਇਕ ਆਲੀਸ਼ਾਨ ਮਹੱਲ ਬਣਾਉਣ ਲਈ ਕਹਿਆ । ਇਸ ਕੰਮ ਲਈ ਟਾਮਸ ਨੂੰ ਕਾਫ਼ੀ ਧਨ ਵੀ ਪ੍ਰਾਪਤ ਹੋਇਆ, ਪਰ ਸੰਤ ਟਾਮਸ ਨੇ ਉਹ ਸਾਰਾ ਧਨ ਗ਼ਰੀਬ ਗੁਰਬਿਆਂ ਵਿਚ ਵੰਡ ਦਿੱਤਾ ਅਤੇ ਇਸ ਪ੍ਰਕਾਰ ਰਾਜੇ ਲਈ ਪ੍ਰਿਥਵੀ ਉਤੇ ਤਾਂ ਨਹੀਂ, ਸਗੋਂ ਸਵਰਗ ਵਿੱਚ ਸੁੰਦਰ ਮਹੱਲ ਬਣਵਾ ਦਿੱਤਾ । ਰਾਜੇ ਦੇ ਕੰਨਾਂ ਤਕ ਜਦੋਂ ਇਹ ਖ਼ਬਰ ਪਹੁੰਚੀ ਕਿ ਟਾਮਸ ਨੇ ਸਾਰਾ ਧਨ ਲੁਟਾ ਦਿੱਤਾ ਹੈ, ਤਾਂ ਉਹ ਬੜਾ ਨਿਰਾਸ਼ ਹੋਇਆ ਅਤੇ ਉਸ ਨੇ ਸੌਦਾਗਰ ਅਤੇ ਸੰਤ ਟਾਮਸ ਦੋਹਾਂ ਨੂੰ ਬੰਦੀ ਬਣਾ ਲਇਆ । ਜਿਉਂ ਹੀ ਉਹ ਦੋਵੇਂ ਬੰਦੀਖਾਨੇ ਵਿਚ ਕੈਦ ਹੋਏ, ਉਧਰੋਂ ਰਾਜੇ ਦਾ ਛੋਟਾ ਭਰਾ ਗੈਡ (Gad) ਮਰ ਗਇਆ । ਫ਼ਰਿਸ਼ਤੇ ਉਸ ਨੂੰ ਚੁੱਕ ਕੇ ਸਵਰਗ ਵਿਚ ਲੈ ਗਏ । ਉਨ੍ਹਾਂ ਨੇ ਗੈਡ ਨੂੰ ਰਾਜੇ ਲਈ ਸਵਰਗ ਵਿਚ ਬਣਿਆ ਸੁੰਦਰ ਮਹੱਲ ਵਿਖਾਇਆ, ਜਿਹੜਾ ਸੰਤ ਟਾਮਸ ਨੇ ਆਪਣੇ ਨੇਕ ਕੰਮਾਂ ਦੁਆਰਾ ਬਣਾਇਆ ਸੀ । ਗੈਡ ਫਿਰ ਜੀਵਿਤ ਹੋ ਗਇਆ ਅਤੇ ਰਾਜਾ ਗੋਂਡੋਫ਼ਰਨੀਸ ਤੇ ਗੈਡ ਦੋਹਾਂ ਨੇ ਈਸਾਈ ਮਤ ਧਾਰਣ ਕਰ ਲਇਆ ।[3]

ਅਗਲੇ ਚਾਰ ਕਾਰਨਾਮਿਆਂ ਦਾ ਵਿਵਰਣ ਦੇਣ ਦੀ ਇਥੇ ਆਵੱਸ਼ਕਤਾ ਨਹੀਂ, ਕਿਉਂਕਿ ਉਨ੍ਹਾਂ ਵਿਚ ਚਮਤਕਾਰੀ ਅੰਸ਼ ਵਧੇਰੇ ਮਾਤਰਾ ਵਿਚ ਹੈ ਅਤੇ ਸਾਡੇ ਵਿਸ਼ੇ ਨਾਲ ਉਨ੍ਹਾਂ ਦਾ ਵਿਸ਼ੇਸ਼ ਸੰਬੰਧ ਨਹੀਂ ।

ਸੱਤਵੇਂ ਕਾਰਨਾਮੇ ਦਾ ਸਿਰਲੇਖ ਹੈ : "ਮਾਜ਼ਦਈ (Mazdai) ਰਾਜੇ ਦੇ ਸੈਨਾਪਤੀ ਨੇ ਕਿਵੇਂ ਸੰਤ ਟਾਮਸ ਨੂੰ ਆਪਣੀ ਪਤਨੀ ਤੇ ਪੁੱਤਰੀ ਨੂੰ ਰਾਜ਼ੀ ਕਰਨ ਲਈ ਸੱਦਾ ਦਿੱਤਾ ।[4]" ਇਸ ਕਾਰਨਾਮੇ ਦਾ ਆਰੰਭ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ : "ਅਤੇ ਜਦੋਂ ਸੰਤ ਟਾਮਸ ਸਾਰੇ ਭਾਰਤ ਵਿਚ ਈਸਾਈ ਮਤ ਦਾ ਪ੍ਰਚਾਰ ਕਰ ਰਹਿਆ ਸੀ ।[5]" ਸੈਨਾਪਤੀ ਸਿਫ਼ੂਰ (Sifur) ਜਿਹੜਾ ਆਪਣੇ ਆਪ ਨੂੰ ਸਾਰੇ ਭਾਰਤ ਵਿਚੋਂ ਸ਼ਕਤੀਸ਼ਾਲੀ ਤੇ ਮਹਾਨ ਸਮਝਦਾ ਸੀ, ਸੰਤ ਟਾਮਸ ਕੋਲ ਆਇਆ । ਸੰਤ ਨੇ ਆਪਣੇ ਈਸਾਈ ਨਵਧਰਮੀਆਂ ਨੂੰ ਆਪਣੇ ਹੀ ਇਕ ਚੇਲੇ ਐਗਜ਼ੈਂਟੀਪਸ (Xantippus) ਦੇ ਸਪੁਰਦ ਕੀਤਾ ਅਤੇ ਸਿਫ਼ੂਰ ਨਾਲ ਚਲ ਪਇਆ । ਉਹ ਇਕ ਬੈਲ-ਗੱਡੀ (Chariot) ਵਿਚ

---

1. ਉਹੀ, ਪੰ: 6.
2. ਉਹੀ, ਪੰ: 6.
3. ਉਹੀ, ਪੰ: 10.
4. ਉਹੀ, ਪੰ: 11.
5. ਉਹੀ, ਪੰ: 11 (ਇਸ ਪੰਕਤੀ ਤੋਂ ਇਕ ਗੱਲ ਦਾ ਸਪਸ਼ਟ ਸੰਕੇਤ ਮਿਲਦਾ ਹੈ ਕਿ ਈਸਾਈ ਮਤ ਦਾ ਪ੍ਰਚਾਰ-ਕਾਰਜ ਸੰਤ ਟਾਮਸ ਦੇ ਸਮੇਂ ਵਿਚ ਹੀ ਆਰੰਭ ਹੋ ਚੁੱਕਾ ਸੀ।)

Digitized by Panjab Digital Library | www.panjabdigilib.org

ਬੈਠ ਕੇ ਗਏ । ਹੁਣ ਉਹ ਮਾਜ਼ਦਈ ਰਾਜੇ ਦੀ ਰਾਜਧਾਨੀ ਵਿਚ ਪਹੁੰਚੇ ਅਤੇ ਸੰਤ ਟਾਮਸ ਨੇ ਸੈਨਾਪਤੀ ਦੀ ਪਤਨੀ ਤੇ ਪੁੱਤਰੀ ਨੂੰ ਰਾਜ਼ੀ ਕੀਤਾ ।[1]

ਅੱਠਵੇਂ ਕਾਰਨਾਮੇ ਵਿਚ ਇਕ ਨੇਕ-ਇਸਤ੍ਰੀ ਮਿਗਦੋਨੀਆ (Mygdonia) ਅਤੇ ਰਾਜੇ ਮਾਜ਼ਦਈ ਦੀ ਰਾਣੀ ਤੇਰਤੀਆ (Tertia) ਦਾ ਈਸਾਈ ਧਰਮ ਵਿਚ ਸੰਮਿਲਿਤ ਹੋਣਾ ਦਸਿਆ ਗਇਆ ਹੈ, ਜੋ ਮਗਰੋਂ ਜਾ ਕੇ ਸੰਤ ਟਾਮਸ ਦੀ ਸ਼ਹੀਦੀ ਦਾ ਕਾਰਣ ਬਣਿਆ ।

ਉਪਰੋਕਤ ਰਚਨਾ ਦੇ ਅੰਤਿਮ ਭਾਗ ਦਾ ਸਿਰਲੇਖ ਹੈ—"ਸੰਤ ਟਾਮਸ ਦਾ ਅੰਤ ।[2]" ਰਾਜਾ ਮਾਜ਼ਦਈ ਟਾਮਸ ਨੂੰ ਮੌਤ ਦੀ ਸਜ਼ਾ ਦਿੰਦਾ ਹੈ । ਜੱਲਾਦ ਉਸ ਨੂੰ ਸ਼ਹਿਰੋਂ ਬਾਹਰ ਇਕ ਪਹਾੜੀ ਉਤੇ ਲੈ ਜਾਂਦੇ ਹਨ ਅਤੇ ਚਾਰ ਸੈਨਿਕ ਉਸ ਨੂੰ ਨੇਜ਼ਿਆਂ ਨਾਲ ਵਿੰਨ੍ਹ ਦਿੰਦੇ ਹਨ । ਇਸ ਪ੍ਰਕਾਰ ਸੰਤ ਟਾਮਸ ਸ਼ਹੀਦੀ ਪ੍ਰਾਪਤ ਕਰਦਾ ਹੈ ।[3]

ਵਿਵੇਚਨ

ਇਹ ਸੰਤ ਟਾਮਸ ਦੇ ਭਾਰਤ ਵਿਚ ਮਿਸ਼ਨ ਦੀ ਸੰਖਿਪਤ ਕਥਾ ਹੈ । ਭਾਵੇਂ ਇਹ ਰਚਨਾ ਅਲੌਕਿਕ ਚਮਤਕਾਰਾਂ ਨਾਲ ਭਰੀ ਪਈ ਹੈ, ਤਾਂ ਵੀ ਇਸ ਵਿਚਲੀ ਸਚਾਈ ਤੋਂ ਮੂੰਹ ਮੋੜਨਾ ਅਸੰਭਵ ਹੈ । ਇਸ ਰਚਨਾ ਦੀ ਨਿਰਪੱਖ ਵਿਵੇਚਨਾ ਕਰਨ ਮਗਰੋਂ ਹੀ ਈਸਾਈ ਮਿਸ਼ਨਰੀਆਂ ਦੇ ਇਤਿਹਾਸ ਦਾ ਵਾਸਤਵਿਕ ਚਿੱਤ੍ਰ ਪ੍ਰਸਤੁਤ ਕਰਨ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ । ਗੋਂਡੋਫਰਨੀਸ ਦੇ ਰਾਜ-ਦਰਬਾਰ ਵਿਚ ਸੰਤ ਟਾਮਸ ਦੀ ਮਿਸ਼ਨ-ਯਾਤ੍ਰਾ ਦੀ ਪ੍ਰਮਾਣਿਕ ਗਵਾਹੀ ਤਾਂ ਉਸ ਦੁਆਰਾ ਚਲਾਏ ਉਨ੍ਹਾਂ ਸਿੱਕਿਆਂ ਤੋਂ ਮਿਲਦੀ ਹੈ, ਜੋ ਖੋਜੀਆਂ ਨੂੰ 19ਵੀਂ ਸਦੀ ਈ: ਵਿਚ ਪ੍ਰਾਪਤ ਹੋਏ । ਪਰ ਇਸ ਤੋਂ ਪਹਿਲਾਂ ਵੀ ਉਪ੍ਰੋਕਤ ਪੁਸਤਕ ਤੋਂ ਇਸ ਯਾਤ੍ਰਾ ਦੇ ਨਿਸ਼ਚਿਤ ਸੰਕੇਤ ਪ੍ਰਾਪਤ ਸਨ । ਲੇਖਕ ਨੇ ਸੰਤ ਟਾਮਸ ਦੇ ਭਾਰਤ ਵਿਚ ਮਿਸ਼ਨ ਦੀ ਕਥਾ ਆਪਣੇ ਮਨੋਂ ਹੀ ਨਹੀਂ ਘੜ ਲਈ । ਇਹ ਵੀ ਅਵੱਸ਼ ਯਾਦ ਰਹਿਣਾ ਚਾਹੀਦਾ ਹੈ ਕਿ ਲੇਖਕ ਦਾ ਮੁਖ ਉਦੇਸ਼ ਇਸ ਰਚਨਾ ਦੁਆਰਾ ਉਨ੍ਹਾਂ ਗ਼ੈਰ-ਸਨਾਤਨੀ, ਸਦਾਚਾਰਕ ਤੇ ਸਿਧਾਂਤਕ ਨੇਮਾਂ ਦੀ ਰਖਿਆ ਕਰਨਾ ਸੀ, ਜਿਨ੍ਹਾਂ ਦੀ ਪੁਸ਼ਟੀ ਲੇਖਕ ਉਕਤ ਰਚਨਾ ਵਿਚ ਕਰਦਾ ਹੈ ।[4] ਜੇਕਰ ਇਹ ਸਵੀਕਾਰ ਕਰ ਵੀ ਲਇਆ ਜਾਵੇ ਕਿ ਇਹ ਕਹਾਣੀ ਮਨਘੜਤ ਹੈ, ਤਾਂ ਲੇਖਕ ਕਦੇ ਵੀ ਇਸ ਗੱਲ ਦਾ ਇੱਛੁਕ ਨਹੀਂ ਹੋ ਸਕਦਾ ਸੀ ਕਿ ਪਾਠਕ-ਵਰਗ ਤੇ ਹੋਰ ਜਨ-ਸਾਧਾਰਣ ਵਿਚ ਉਸ ਦੀ ਰਚਨਾ ਦਾ ਮਜ਼ਾਕ ਉਡਾਇਆ ਜਾਏ, ਕਿਉਂਕਿ ਸੰਤ ਟਾਮਸ ਦੇ ਜੀਵਨ ਅਤੇ ਮੌਤ ਨਾਲ ਸੰਬੰਧਿਤ ਘਟਨਾਵਾਂ ਉਨ੍ਹਾਂ ਨੂੰ ਅਜੇ ਵਿਸਰੀਆਂ ਨਹੀਂ ਸਨ । ਉਸ ਸਮੇਂ ਦੀਆਂ ਧਾਰਮਿਕ ਗਾਥਾਵਾਂ ਵਿਚ ਮਿਥਿਹਾਸਕ ਅੰਸ਼ ਦੀ ਪ੍ਰਧਾਨਤਾ ਹੁੰਦੀ ਸੀ, ਜਿਹਾ ਕਿ ਇਸ ਪੁਸਤਕ ਵਿਚ ਵੀ ਹੈ । ਅੰਤਿਮ ਗੱਲ ਇਹ ਹੈ ਕਿ ਇਨ੍ਹਾਂ ਕਾਰਨਾਮਿਆਂ ਵਿਚਲੇ ਸਥਾਨਕ ਰੰਗ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ । ਇਸ ਸੰਬੰਧ

---

1. ਉਹੀ, ਪੰ: 15.
2. ਉਹੀ, ਪੰ: 18.
3. Phillips, *Connection of St. Thomas the Apostle with India*, Indian Antiquary. Vol. XXXII, pp. 3—5.
4. Moraes; George, *A History of Christianity in India*, p. 27.

Digitized by Panjab Digital Library | www.panjabdigilib.org

ਵਿਚ ਸਿਲਵੇਨ ਲੈਵੀ (Sylvain Levi) ਦੀ ਨਿਮਨਲਿਖਿਤ ਰਾਏ ਕੋਈ ਘੱਟ ਮਹੱਤਵਸ਼ੀਲ ਨਹੀਂ :—

"ਭਾਰਤ ਸੰਬੰਧੀ ਬਿਲਕੁਲ ਸਹੀ ਜਾਣਕਾਰੀ ਇਨ੍ਹਾਂ ਕਾਰਨਾਮਿਆਂ ਵਿਚ ਵਾਪਰਦੀਆਂ ਘਟਨਾਵਾਂ ਤੇ ਹੋਰ ਵੇਰਵੇ ਤੋਂ ਪ੍ਰਾਪਤ ਹੁੰਦੀ ਹੈ। ਸੰਦਰੂਕ ਐਂਡਰੋਪੋਲਿਸ (Sandaruk-Andropolis) ਬੰਦਰਗਾਹ ਉਪਰ ਜਹਾਜ਼ ਤੋਂ ਉਤਰ ਕੇ ਸੰਤ ਟਾਮਸ ਇਕ ਉਤਸਵ ਵਿਚ ਭਾਗ ਲੈਂਦਾ ਹੈ ਅਤੇ ਉਥੇ ਉਹ ਆਪਣੀ ਮਾਤਭਾਸ਼ਾ ਵਿਚ ਇਕ ਰਹੱਸਮਈ ਸ਼ਬਦ ਗਾਉਂਦਾ ਹੈ। ਉਤਸਵ ਵਿਚ ਸੰਮਿਲਿਤ ਸਰੋਤਿਆਂ ਵਿਚੋਂ ਕੇਵਲ ਇਕ ਬੰਸਰੀ-ਵਾਦਕ ਕੁੜੀ ਹੀ ਉਸ ਦੇ ਬੋਲ ਸਮਝਣ ਦੇ ਸਮਰੱਥ ਹੈ, ਕਿਉਂਕਿ ਸੰਤ ਟਾਮਸ ਵਾਂਗ ਉਹ ਵੀ ਪੈਲਸਟਾਈਨ (Palestine) ਦੀ ਜੰਮਪਲ ਹੈ ਅਤੇ ਉਥੋਂ ਦੇ ਰਾਜੇ ਨੇ ਉਸ ਨੂੰ ਇਕੱਤਰ ਹੋਏ ਮਹਿਮਾਨਾਂ ਦੇ ਮਨੋਰੰਜਨ ਲਈ ਲਿਆਂਦਾ ਹੈ। ਉਸ ਕੁੜੀ ਦਾ ਅਚਾਨਕ ਸੰਤ ਟਾਮਸ ਨੂੰ ਮਿਲਣਾ ਕੋਈ ਅਸਚਰਜ ਘਟਨਾ ਨਹੀਂ। ਸਟ੍ਰੈਬੋ (Strabo) ਦੇ ਕਥਨ ਅਨੁਸਾਰ ਪੱਛਮੀ ਦੇਸ਼ਾਂ ਵਿਚੋਂ ਸੰਗੀਤ-ਵਿੱਦਿਆ ਵਿਚ ਪ੍ਰਬੀਨ ਨਵ-ਯੁਵਤੀਆਂ ਨੂੰ ਭਾਰਤੀ ਰਾਜਿਆਂ ਦੇ ਮਨੋਰੰਜਨ ਲਈ ਅਕਸਰ ਭੇਜਿਆ ਜਾਂਦਾ ਸੀ। ਪੇਸ਼ੇ ਦੇ ਲਿਹਾਜ਼ ਨਾਲ ਉਹ ਨਰੋਏ ਸ਼ਰੀਰ ਵੇਚਣ ਵਾਲੀਆਂ ਵੇਸਵਾਵਾਂ ਨਾਲੋਂ ਭਿੰਨ ਨਹੀਂ ਸਨ, ਜਿਨ੍ਹਾਂ ਨੂੰ ਯੂਨਾਨੀ ਸੌਦਾਗਰ ਸਾਜ਼ਾਂ ਸਮੇਤ ਗੁਜਰਾਤ ਬੰਦਰਗਾਹ ਦੇ ਰਾਜਿਆਂ ਨੂੰ ਸੁਗਾਤ ਦੇ ਰੂਪ ਵਿਚ ਪੇਸ਼ ਕਰਦੇ ਸਨ।"[1]

ਇਸ ਦੇ ਨਾਲ ਹੀ ਇਹ ਗੱਲ ਵੀ ਧਿਆਨ ਯੋਗ ਹੈ ਕਿ ਜਿਸ ਬੈਲ-ਗੱਡੀ (Chariot) ਵਿਚ ਸੰਤ ਟਾਮਸ ਨੇ ਮਾਜ਼ਦਈ ਰਾਜੇ ਦੇ ਸੈਨਾਪਤੀ ਨਾਲ ਸਫ਼ਰ ਕੀਤਾ, ਅਜਿਹੀਆਂ ਗੱਡੀਆਂ ਭਾਰਤ ਤੋਂ ਇਲਾਵਾ ਹੋਰ ਕਿਤਨੇ ਕੁ ਦੇਸ਼ਾਂ ਵਿਚ ਮਿਲਦੀਆਂ ਹਨ ?

ਸੰਤ ਟਾਮਸ ਸ਼ਾਇਦ ਇਸ ਲਈ ਵੀ ਗੋਂਡੋਫ਼ਰਨੀਸ ਦੀ ਰਾਜ-ਸੀਮਾ ਵਿਚ ਆਇਆ ਹੋਵੇਗਾ, ਕਿਉਂਕਿ ਤਕਸ਼ਿਲਾ ਵਿਚ ਯਹੂਦੀਆਂ ਦੀ ਇਕ ਬਸਤੀ ਵੀ ਸੀ।[2] ਉਂਝ ਵੀ ਈਸਾਈ ਪੈਗ਼ੰਬਰਾਂ ਨੇ ਪਹਿਲਾਂ ਪਹਿਲ ਯਹੂਦੀਆਂ ਨੂੰ ਬਾਈਬਲ ਦਾ ਉਪਦੇਸ਼ ਦਿੱਤਾ ਅਤੇ ਮਗਰੋਂ ਗ਼ੈਰ-ਯਹੂਦੀਆਂ ਨੂੰ ਆਪਣੇ ਧਰਮ ਵਲ ਪ੍ਰੇਰਿਤ ਕੀਤਾ। ਇਸ ਲਈ ਹੋ ਸਕਦਾ ਹੈ ਕਿ ਈਸਾਈ ਧਰਮ ਦੇ ਪ੍ਰਚਾਰ ਲਈ ਮਿਸ਼ਨਰੀਆਂ ਨੇ ਦੇਸ਼-ਵੰਡ ਕਰਨ ਸਮੇਂ ਇਸੇ ਅਸੂਲ ਨੂੰ ਮੁਖ ਰੱਖਿਆ ਹੋਵੇ। ਭਾਵੇਂ ਕਿਸੇ ਈਸਾਈ ਬਸਤੀ ਦੇ ਥੇਹ ਸਾਨੂੰ ਤਕਸ਼ਿਲਾ ਵਿਚ ਹਾਲੇ ਉਪਲਬਧ ਨਹੀਂ ਹੋ ਸਕੇ, ਪਰ ਫ਼ਿਰ ਵੀ ਆਰਮੇਨੀਅਨ (Armenian) ਰਾਜ-ਸੱਤਾ ਸਮੇਂ ਆਰਮੇਕ ਭਾਸ਼ਾ ਦਾ ਪ੍ਰਯੋਗ ਤਕਸ਼ਿਲਾ ਵਿਚ ਕਾਫ਼ੀ ਵਧ ਗਇਆ ਸੀ ਅਤੇ ਇਹ ਭਾਸ਼ਾ ਵਧੇਰੇ ਕਰਕੇ ਯਹੂਦੀ ਹੀ ਬੋਲਦੇ ਸਨ।[3] ਇਸ ਲਈ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਥੇ ਯਹੂਦੀਆਂ ਦੀ ਵੀ ਇਕ ਬਸਤੀ ਹੁੰਦੀ ਹੋਵੇਗੀ। ਵਾਸਤਵ ਵਿਚ ਤਕਸ਼ਿਲਾ ਦੀ ਖੁਦਾਈ ਸਮੇਂ ਇਕ ਉਕਰਾਈ ਲੱਭੀ ਹੈ, ਜੋ ਰਾਮਦੱਤ

1. Levi; Sylvain, *Notes on the Indo Scynthians*, Indian Antiquary, Vol. XXXIII, p. 12.
2. Moraes; George, *A History of Christianity in India*, p. 27.
3. Tarn, *Cambridge Ancient History*, Vol. VI. pp. 402-403.

Digitized by Panjab Digital Library | www.panjabdigilib.org

(Romedote) ਨਾਮ ਦੇ ਕਿਸੇ ਵੱਡੇ ਰਾਜ-ਅਧਿਕਾਰੀ ਦੇ ਸਨਮਾਨ ਵਿਚ ਤਿਆਰ ਹੋਈ ਦੱਸੀ ਜਾਂਦੀ ਹੈ। ਇਸ ਉਤੇ 'ਪ੍ਰਿਯਦਰਸ਼ੀ' ਸ਼ਬਦ ਉਕਰਿਆ ਹੋਇਆ ਹੈ,[1] ਜਿਸ ਦੇ ਅਰਥ ਹਨ—ਮਿਹਰਵਾਨ, ਕ੍ਰਿਪਾ-ਦਿਆਲੂ, ਬਖਸ਼ਿੰਦ ਆਦਿ। ਸਾਡੀ ਜਾਣਕਾਰੀ ਅਨੁਸਾਰ ਇਹ ਵਿਸ਼ੇਸ਼ਣ ਕੇਵਲ ਅਸ਼ੋਕ ਦੇ ਨਾਮ ਨਾਲ ਹੀ ਸੰਬੰਧਿਤ ਹੈ। ਸ਼ਾਇਦ ਇਹ ਉਕਰਾਈ ਅਸ਼ੋਕ ਦੇ ਜੀਵਨ ਦੇ ਆਰੰਭਕ ਵਰ੍ਹਿਆਂ ਵਲ ਸੰਕੇਤ ਕਰਦੀ ਹੋਵੇ, ਜਦੋਂ ਰਾਜਾ ਬਿੰਦੂਸਾਰ ਦਾ ਯੋਗ ਉੱਤਰਾਧਿਕਾਰੀ ਹੋਣ ਦੇ ਨਾਤੇ ਉਹ ਤਕਸ਼ਿਲਾ ਦੇ ਉੱਤਰ-ਦੱਖਣੀ ਭਾਗ ਦੇ ਰਾਜਪ੍ਰਤੀਨਿੱਧ ਦੇ ਰੂਪ ਵਿਚ ਰਾਜ-ਪ੍ਰਬੰਧ ਚਲਾਉਂਦਾ ਸੀ। ਬਿੰਦੂਸਾਰ ਦੀ ਮੌਤ ਮਗਰੋਂ ਅਸ਼ੋਕ ਨੇ ਆਰਮੇਕ ਦੀ ਵਰਤੋਂ ਤਿਆਗ ਕੇ ਆਪਣੇ ਫ਼ਰਮਾਨ ਮਾਗਧੀ ਪ੍ਰਾਕਿਰਤ ਵਿਚ ਦੇਣੇ ਆਰੰਭ ਕੀਤੇ। ਆਰਮੇਕ ਭਾਸ਼ਾ ਮਗਰੋਂ ਜਾ ਕੇ ਖ਼ਰੋਸ਼ਠੀ ਲਿੱਪੀ ਦੇ ਜਨਮ ਦਾ ਕਾਰਣ ਬਣੀ, ਜੋ ਪਹਿਲੀ ਸਦੀ ਈ: ਵਿਚ ਕਾਫ਼ੀ ਪ੍ਰਚਲਿਤ ਸੀ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਕੰਮਾਂ ਵਿਚ ਪ੍ਰਯੋਗ ਕੀਤੀ ਜਾਂਦੀ ਸੀ।[2] ਸੰਤ ਟਾਮਸ ਦੇ ਕਾਰ-ਨਾਮਿਆਂ ਵਿਚ ਹੱਬਾਨ ਸੌਦਾਗਰ ਦਾ ਨਾਮ ਆਉਂਦਾ ਹੈ, ਜੋ ਕਿ ਸੈਮਟਿਕ (Semetic) ਨਾਮ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਉਹ ਯਹੂਦੀ ਸੀ ਅਤੇ ਉਹ ਸੰਤ ਟਾਮਸ ਨੂੰ ਵੀ ਭਾਰਤ ਵਿਚ ਲਿਆਇਆ। ਸਰਕਾਰੀ ਤੌਰ ਤੇ ਉਹ ਰਾਜੇ ਦਾ ਸੌਦਾਗਰ ਸੀ, ਇਸ ਲਈ ਉਸ ਨੂੰ ਸਮੁੰਦਰੋਂ ਪਾਰ ਜਾਣ ਦਾ ਮੌਕਾ ਮਿਲਣਾ ਕੋਈ ਅਨੋਖੀ ਗੱਲ ਨਹੀਂ।

ਵਿਚਾਰ-ਅਧੀਨ ਰਚਨਾ ਦੀ ਪ੍ਰਮਾਣਿਕਤਾ ਬਾਰੇ ਕੋਈ ਨਿਸ਼ਚਿਤ ਧਾਰਨਾ ਬਣਾਉਣ ਤੋਂ ਪਹਿਲਾਂ ਇਕ ਹੋਰ ਪ੍ਰਸ਼ਨ ਸਾਡੇ ਸਾਹਮਣੇ ਆਉਂਦਾ ਹੈ : ਕੀ ਗੋਂਡੋਫ਼ਰਨੀਸ ਦੇ ਆਪਣੇ ਧਾਰਮਿਕ ਵਿਸ਼ਵਾਧ ਤੇ ਰੀਤਾਂ ਰਸਮਾਂ ਬਾਰੇ ਵੀ ਕੋਈ ਜਾਣਕਾਰੀ ਉਪਲਬਧ ਹੈ ਜਾਂ ਨਹੀਂ, ਕਿਉਂਕਿ ਕਾਰਨਾਮਿਆਂ ਵਿਚ ਗੋਂਡੋਫ਼ਰਨੀਸ ਨੂੰ ਆਪਣੇ ਭਰਾ ਸਮੇਤ ਧਰਮ ਪਰਿਵਰਤਿਤ ਕਰਦਿਆਂ ਵਿਖਾ-ਇਆ ਗਇਆ ਹੈ। ਇਸ ਸੰਬੰਧ ਵਿਚ ਸਵਰਗਵਾਸੀ ਟੀ. ਕੇ. ਜੋਜ਼ਫ਼ ਦਾ ਕਹਿਣਾ ਹੈ ਕਿ ਉਸ ਨੂੰ 'ਦੇਵਵ੍ਰਤ' ਨਾਮ ਦੇ ਇਕ ਖ਼ਿਤਾਬ ਦੀ ਜਾਣਕਾਰੀ ਪ੍ਰਾਪਤ ਹੋਈ ਹੈ, ਜਿਸ ਨੂੰ ਗੋਂਡੋਫ਼ਰਨੀਸ ਆਪਣੇ ਲਈ ਪ੍ਰਯੋਗ ਵਿਚ ਲਿਆਉਂਦਾ ਸੀ। ਇਹ ਉਸ ਦੇ ਈਸਾਈ ਮਤ ਵਿਚ ਨਿਸਚੇ ਦਾ ਅਟੱਲ ਪ੍ਰਮਾਣ ਹੈ। ਆਪਣੇ ਮਤ ਦੇ ਸਪਸ਼ਟੀਕਰਣ ਲਈ ਉਹ ਅੱਗੇ ਲਿਖਦਾ ਹੈ :—

ਪੰਜਾਬ ਦੇ ਰਾਜੇ ਗੋਂਡੋਫ਼ਰਨੀਸ ਨੇ, ਜਿਸ ਨੂੰ ਸੰਤ ਟਾਮਸ ਨੇ ਆਪਣੇ ਮਤ ਵਿਚ ਲਿਆਂਦਾ, ਉਸ ਸਮੇਂ ਪ੍ਰਚਲਿਤ 'ਦੇਵਪੁੱਤਰ' ਤੇ 'ਦੇਵਨਾਮਪ੍ਰਿਯ' (=ਰੱਬ ਦਾ ਪੁੱਤਰ ਤੇ ਦੇਵਤਿਆਂ ਦਾ ਪ੍ਰਿਯ-ਬਹੁਵਚਨ) ਵਿਸ਼ੇਸ਼ਣਾਂ ਨਾਲੋਂ 'ਦੇਵਵ੍ਰਤ' (ਰੱਬ ਦਾ ਭਗਤ—ਇਕਵਚਨ) ਵਿਸ਼ੇਸ਼ਣ ਨੂੰ ਵਧੇਰੇ ਤਰਜੀਹ ਦਿੱਤੀ। ਇਸ ਤੋਂ ਇਲਾਵਾ ਇਤਿਹਾਸਕ੍ਰਾਰਾਂ ਦੇ ਕਥਨ ਅਨੁਸਾਰ ਜਿਹੜਾ ਵਿਸ਼ੇਸ਼ ਚਿੰਨ੍ਹ ਉਸ ਨੇ ਅਪਣਾਇਆ, ਉਸ ਦੀ ਸ਼ਕਲ ਇਕ ਵੱਡੇ ਮੈਅ-ਪਿਆਲੇ ਵਰਗੀ ਸੀ, ਜਿਹੋ ਜਿਹਾ ਪਿਆਲਾ ਈਸਾ ਨੇ ਆਪਣੇ ਪ੍ਰਯੋਗ ਵਿਚ ਲਿਆਂਦਾ ਸੀ ਅਤੇ ਮਗਰੋਂ ਈਸਾਈਆਂ ਵਿਚ ਵੀ ਵਧੇਰੇ ਵਰਤਿਆ ਜਾਣ ਲੱਗਾ ਸੀ। ਸੋ ਈਸਾਈਆਂ ਦਾ ਸਭ ਤੋਂ ਪਹਿਲਾ ਧਰਮ-ਚਿੰਨ੍ਹ ਮੈਅ-

---

1. Marshall, *Taxila*, Vol. 1, p. 165.
2. ਉਹੀ, ਪੰ: 165-166·

Digitized by Panjab Digital Library | www.panjabdigilib.org

ਪਿਆਲਾ (Chalice) ਹੈ, ਕ੍ਰਾਸ (Cross) ਨਹੀਂ ।[1] ਪਰ ਇਹ ਗੱਲ ਪੂਰੀ ਤਰ੍ਹਾਂ ਮੰਨਣਯੋਗ ਪ੍ਰਤੀਤ ਨਹੀਂ ਹੁੰਦੀ । ਇਸ ਗੱਲ ਤੋਂ ਤਾਂ ਕਦਾਚਿਤ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਯੁਗ ਦੇ ਰਾਜੇ ਆਪਣੇ ਆਪ ਨੂੰ ਧਰਮੀ ਤੇ ਪਰਾਕ੍ਰਮੀ ਸਿੱਧ ਕਰਨ ਲਈ ਆਪਣੇ ਸਿੱਕਿਆਂ ਉਤੇ ਆਪਣੇ ਬੁੱਤ ਨੂੰ ਬੱਦਲਾਂ ਵਿਚੋਂ ਨਿਕਲਦਾ ਜਾਂ ਆਪਣੇ ਮੋਢਿਆਂ ਵਿਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵਿਖਾਉਂਦੇ ਸਨ, ਪਰ ਗੋਂਡੋਫਰਨੀਸ ਦੁਆਰਾ ਅਪਣਾਇਆ ਗਇਆ ਵਿਸ਼ੇਸ਼ਣ, ਜੋ ਕਿ ਉਸ ਦੇ ਚਲਾਏ ਹੋਏ ਸਿੱਕਿਆਂ ਉਤੇ ਉਕਰਿਆ ਹੋਇਆ ਹੈ, ਉਸ ਦੇਵਤੇ ਵਲ ਸੰਕੇਤ ਕਰਦਾ ਹੈ, ਜਿਸ ਦੀ ਮੂਰਤ ਸਿੱਕੇ ਦੇ ਦੂਜੇ ਪਾਸੇ ਬਣੀ ਹੈ ਅਤੇ ਇਹ ਉਕਰਾਈ ਹਜ਼ਰਤ ਈਸਾ ਦੀ ਨਹੀਂ, ਸਗੋਂ ਸ਼ਿਵ ਜੀ ਦੀ ਹੈ, ਜਿਸ ਦੇ ਹੱਥ ਵਿਚ ਤ੍ਰਿਸ਼ੂਲ ਫੜਿਆ ਹੋਇਆ ਹੈ । ਡਾ: ਜੇ. ਐਨ. ਬੈਨਰਜੀ ਨੇ ਵੀ ਨਿਮਨਲਿਖਿਤ ਸਤਰਾਂ ਵਿਚ ਅਜਿਹੇ ਵਿਚਾਰ ਪ੍ਰਗਟ ਕੀਤੇ ਹਨ :—

"ਇਹ ਸੰਭਵ ਹੈ ਕਿ ਜਦੋਂ ਗੋਂਡੋਫਰਨੀਸ ਆਪਣੇ ਜਾਂ ਸਾਂਝੇ ਚਲਾਏ ਹੋਏ ਸਿੱਕਿਆਂ ਉਤੇ ਆਪਣੇ ਆਪ ਨੂੰ ਬਾਰ ਬਾਰ 'ਦੇਵਵ੍ਰਤ' ਉਲੀਕਦਾ ਹੈ, ਤਾਂ ਉਹ ਅਸਿੱਧੇ ਢੰਗ ਨਾਲ ਸ਼ਿਵ ਜੀ ਪ੍ਰਤਿ ਆਪਣੀ ਸ਼ਰਧਾ ਵਲ ਸੰਕੇਤ ਕਰਦਾ ਹੈ ।[2]"

ਇਹ ਹੋ ਸਕਦਾ ਹੈ ਕਿ ਗੋਂਡੋਫਰਨੀਜ ਨੇ ਇਹ ਸਿੱਕੇ ਚਲਾਉਣ ਤੋਂ ਮਗਰੋਂ ਆਪਣੇ ਰਾਜ ਦੇ ਅੰਤਿਮ ਦਿਨਾਂ ਵਿਚ ਈਸਾਈ ਧਰਮ ਗ੍ਰਹਿਣ ਕਰ ਲਇਆ ਹੋਵੇਗਾ ।

ਸੰਤ ਟਾਮਸ ਤੇ ਹੱਬਾਨ ਸੌਦਾਗਰ ਸੰਦਰੂਕ ਨਾਮ ਦੀ ਜਿਸ ਬੰਦਰਗਾਹ ਉਤੇ ਜਹਾਜ਼ ਵਿਚੋਂ ਉਤਰੇ, ਉਸ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸੁਗਮ ਕੰਮ ਨਹੀਂ । ਉਸ ਸਮੇਂ ਦੇ ਯੂਨਾਨੀ ਇਤਿ-

---

1. "*the king Gondophernes of the Punjab*, St. Thomas's convert, had preferred the title Deva-Vrata (devoted to God—singular) to the then usual titles Deva-putra and Devanam-priya (son of God and dear to the Gods—plural) and also adopted what the historians call his 'characteristic' 'symbol'—viz., a small 'V' surmounting a large 'O' standing on an inverted 'T' (⊥) as its base. The three combined look like a big wine-cup (Chalice) such as the chalice used by the Christ at his last supper with his 12 disciples and even after that by all Christians at the *Eucharist in the Punjab* as the Acts (A. D. 220) tells us. And the Chalice, and not the Cross, is the earliest known Christian Symbol."
Joseph: T. K., *Constantine and Indians, Journal of Indian History*, Vol. XXVIII, p. 2.

2. "This Indian deity, who appears in his anthropomorphic form for the first time in the foreign money on a few coins of Maues, is very often described in early Indian and foreign literature as Deva, and it is possible that when Gondophernes describes himself in most of his coins issued either singly or jointly as 'Devavrata', 'vowed to or devoted to Deva', he refers indirectly to his Siva affiliation."
Banerjea, *Scynthians and Parthians in India, Comprehensive History of India*, Vol. II, p. 214.

Digitized by Panjab Digital Library | www.panjabdigilib.org

ਹਾਸਕਾਰਾਂ ਦੁਆਰਾ ਤਿਆਰ ਕੀਤੀ ਗਈ ਬੰਦਰਗਾਹਾਂ ਦੀ ਸੂਚੀ ਵਿੱਚ ਵੀ ਇਸ ਦਾ ਨਾਮ ਅਲੋਪ ਹੈ। ਹੋ ਸਕਦਾ ਹੈ ਕਿ ਇਸ ਬੰਦਰਗਾਹ ਦਾ ਕੋਈ ਭਾਰਤੀ ਨਾਮ ਵੀ ਹੁੰਦਾ ਹੋਵੇ। ਫਿਰ ਵੀ ਭੂਗੋਲਿਕ ਦ੍ਰਿਸ਼ਟੀ ਤੋਂ ਪੁਰਾਤਨ ਭਾਰਤ ਬਾਰੇ ਖੋਜ ਕਰਨ ਨਾਲ ਕੁਝ ਨਿਰਣੇਜਨਕ ਸਿੱਟੇ ਨਿਕਲ ਸਕਦੇ ਹਨ। ਡਾ: ਸ਼ਾਰਪੈਂਟੀਅਰ ਨੇ ਇਸ ਸੰਬੰਧ ਵਿਚ ਇਕ ਸੁਝਾਵ ਵੀ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਇਹ ਬੰਦਰਗਾਹ ਅਜੋਕੀ ਕਰਾਚੀ ਦੇ ਨੇੜੇ ਸਥਿਤ ਸਿੰਧ ਡੈਲਟਾ ਦੇ ਨਜ਼ਦੀਕ ਹੀ ਹੁੰਦੀ ਹੋਵੇਗੀ।[1] ਜੇ ਸ਼ਾਰਪੈਂਟੀਅਰ ਦਾ ਕਥਨ ਸਹੀ ਹੋਵੇ, ਤਾਂ ਫ਼ਿਰ ਇਹ ਬੰਦਰਗਾਹ ਗੋਂਡੋਫਰਨੀਸ ਦੀ ਆਪਣੀ ਰਾਜ-ਸੀਮਾ ਵਿਚ ਹੀ ਸੀ। ਸੰਤ-ਟਾਮਸ, ਜੋ ਕਿ ਇਕ ਰੋਮਨ ਵਸਨੀਕ ਸੀ, ਆਪਣੇ ਮਿੱਤਰ ਪਾਰਥੀਆ ਦੇ ਮੈਸੋਪੋਟਾਮੀਆ ਪ੍ਰਾਂਤ ਵਿਚ ਜਾ ਕੇ ਬਿਨਾਂ ਕਿਸੇ ਅਸੁਵਿਧਾ ਦੇ ਫ਼ਾਰਸ ਦੀ ਖਾੜੀ ਵਿਚੋਂ ਜਹਾਜ਼ ਲੈ ਕੇ ਸਿੰਧ ਡੈਲਟਾ ਤਕ ਆ ਸਕਦਾ ਸੀ। ਇਥੇ ਇਹ ਵੀ ਸ਼ਪਸ਼ਟ ਹੋ ਜਾਂਦਾ ਹੈ ਕਿ ਸੰਤ ਟਾਮਸ ਪਹਿਲਾਂ ਪੰਜਾਬ ਵਿਚ ਹੀ ਆਇਆ, ਕਿਉਂਕਿ ਪ੍ਰਾਚੀਨ ਭਾਰਤ ਦੇ ਨਕਸ਼ੇ ਵਿਚ ਉਕਤ ਬੰਦਰਗਾਹ ਨੂੰ ਗੋਂਡੋਫਰਨੀਸ ਦੇ ਰਾਜ ਦੀਆਂ ਹੱਦ-ਲਕੀਰਾਂ ਵਿਚ ਵਿਖਾਇਆ ਗਇਆ ਹੈ, ਜਿਸ ਨੇ ਪੰਜਾਬ ਉਤੇ ਆਪਣਾ ਰਾਜ-ਅਧਿਕਾਰ ਕਾਇਮ ਕੀਤਾ ਸੀ।[2] ਡਾ: ਆਰ. ਕੇ. ਮੁਕਰਜੀ ਨੇ ਵੀ ਸੰਤ ਟਾਮਸ ਦੇ ਗੋਂਡੋਫਰਨੀਸ ਦੇ ਦਰਬਾਰ ਵਿਚ ਆਉਣ ਦੀ ਹਾਮੀ ਭਰੀ ਹੈ।[3]

ਪੰਜਾਬ ਛੱਡਣ ਤੋਂ ਪਹਿਲਾਂ ਜਿਹੜਾ ਗਿਰਜਾ ਸੰਤ ਟਾਮਸ ਨੇ ਆਪਣੇ ਚੇਲੇ ਐਗਜ਼ੈਂਟੀਪਸ ਦੇ ਸਪੁਰਦ ਕੀਤਾ ਸੀ, ਉਸ ਦੀਆਂ ਜੜ੍ਹਾਂ ਅਜੇ ਪੰਜਾਬ ਵਿਚ ਪੱਕੀਆਂ ਵੀ ਨਹੀਂ ਹੋਈਆਂ ਸਨ, ਕੁਸ਼ਾਨ ਰਾਜਿਆਂ ਨੇ ਉਸ ਦਾ ਖੁਰਾ ਖੋਜ ਮਿਟਾ ਦਿੱਤਾ ਅਤੇ ਪਾਰਥੀ ਲੋਕ ਜਿਨ੍ਹਾਂ ਸਦਕਾ ਇਹ ਗਿਰਜਾ ਕਾਇਮ ਸੀ, ਉਹ ਵੀ ਮਾਰ ਦਿੱਤੇ ਗਏ। ਇੰਨੀ ਭਿਅੰਕਰ ਤਬਾਹੀ ਮਚੀ ਕਿ ਜਨ-ਸਾਧਾਰਣ ਪਾਰਥੀਆਂ ਤੇ ਉਨ੍ਹਾਂ ਦੇ ਈਸਾਈ ਧਰਮ ਨੂੰ ਸਦਾ ਲਈ ਭੁੱਲ ਗਇਆ।[4]

ਉਪਰੋਕਤ ਵਿਸ਼ਲੇਸ਼ਣ ਤੋਂ ਮਗਰੋਂ ਇਕ ਦੋ ਸਚਾਈਆਂ ਉਭਰ ਕੇ ਸਾਡੇ ਸਾਹਮਣੇ ਆ ਜਾਂਦੀਆਂ ਹਨ। ਜਿਸ ਪੁਸਤਕ ਨੇ ਸੰਤ ਟਾਮਸ ਦਾ ਨਾਮ ਭੁੱਲਣੋਂ ਵਿਸਰਨੋਂ ਬਚਾਈ ਰੱਖਿਆ ਹੈ, ਉਸ ਵਿਚ ਨਿਜੰਧਰੀ (Legendary) ਰੰਗ ਭਾਵੇਂ ਵਧੇਰੇ ਹੈ, ਪਰ ਉਸ ਦਾ ਇਤਿਹਾਸਕ ਮਹੱਤਵ ਵੀ ਕੋਈ ਘੱਟ ਨਹੀਂ। ਇਸ ਲਈ ਵਿਸੇਸ਼ ਗੱਲ ਇਹ ਹੈ ਕਿ ਸੰਤ ਟਾਮਸ ਇਤਿਹਾਸਕ ਪਾਤਰ ਹੋਣ ਦੇ ਨਾਲ ਨਾਲ ਨਿਜੰਧਰੀ ਪਾਤਰ ਵੀ ਬਣ ਗਇਆ ਹੈ। ਉਸ ਦੇ ਪੰਜਾਬ ਵਿਚ ਪ੍ਰਵੇਸ਼ ਕਰਨ ਦੀ

---

1. Charpentier; Dr. Jarl, St. Thomas the Apostle in India, p. 41.
   ਸ਼ਾਰਪੈਂਟੀਅਰ ਨੇ ਬੜੀ ਹੈਰਾਨੀ ਪ੍ਰਗਟ ਕੀਤੀ ਹੈ ਕਿ ਭਾਰਤ ਆਉਣ ਵਾਲੇ ਯਾਤ੍ਰੀਆਂ ਨੇ ਉਕਤ ਰਸਤਾ ਕਿਉਂ ਪਸੰਦ ਕੀਤਾ, ਜਦੋਂ ਕਿ ਉਹ ਫ਼ਾਰਸ (Persia) ਵਿਚੋਂ ਹੁੰਦੇ ਹੋਏ ਅਫ਼ਗਾਨਿਸਤਾਨ ਵਲੋਂ ਕਾਫ਼ਲੇ ਦੇ ਰੂਪ ਵਿਚ ਇਥੇ ਪਹੁੰਚ ਸਕਦੇ ਸਨ।
2. Moraes; George, *A History of Christianity in India*, p. 32.
3. "The drama called 'Acts of St. Thomas' mentions the names Gudnaphara (Gondophernes), Gad (Guda), the king's brother and Labdames or Abder (Abdagases). He is said to have received at his court Apostle St. Thomas." Mookerjea, Radha Kumud, Ancient India, p. 219.
4. **Hosten**, St. Thomas in India, p. 11.

Digitized by Panjab Digital Library | www.panjabdigilib.org

ਤਿਥੀ ਨਿਸ਼ਚਿਤ ਨਹੀਂ, ਪਰ ਇਤਨਾ ਜਰੂਰ ਨਿਸ਼ਚਿਤ ਹੈ ਕਿ ਉਹ 20 ਈ: ਤੇ 50 ਈ: ਵਿਚਕਾਰ ਇਥੇ ਆਇਆ ਅਤੇ ਇਹੋ ਸਮਾਂ ਗੋਂਡੋਫਰਨੀਸ ਦੇ ਰਾਜ ਅਧਿਕਾਰ ਦਾ ਸਮਾਂ ਸੀ ।[1]

ਸੰਤ ਟਾਮਸ ਨੂੰ ਆਪਣੇ ਮਿਸ਼ਨ ਵਿਚ ਕਾਫ਼ੀ ਸਫ਼ਲਤਾ ਪ੍ਰਾਪਤ ਹੋਈ । ਆਰੰਭਕ ਕਠਿਨਾਈਆਂ ਦਾ ਉਸ ਨੇ ਨਿਧੜਕ ਹੋਕੇ ਸਾਹਮਣਾ ਕੀਤਾ ਅਤੇ ਇਸੇ ਕਾਰਜ-ਪੂਰਤੀ ਦੀ ਲਗਨ ਕਾਰਣ ਉਸ ਨੂੰ ਸ਼ਹੀਦ ਹੋਣਾ ਪਇਆ । ਉਸ ਦੀ ਮੌਤ ਮਗਰੋਂ ਐਗਜ਼ੈਂਟੀਪਸ ਨੇ ਈਸਾਈ ਧਰਮ ਵਲ ਲੋਕਾਂ ਨੂੰ ਪ੍ਰੇਰਿਤ ਕੀਤਾ, ਪਰ ਕੁਸ਼ਾਨ ਰਾਜਿਆਂ ਦੇ ਵਿਰੋਧ ਕਾਰਣ ਉਹ ਇਸ ਮਿਸ਼ਨ ਵਿਚ ਵਧੇਰੇ ਸਫ਼ਲ ਨਾ ਹੋ ਸਕਿਆ । ਫ਼ਿਰ ਵੀ ਈਸਾਈ ਨਵ-ਧਰਮੀਆਂ ਵਿਚੋਂ ਕੁਝ ਕੁ ਲੋਕ ਬਚ ਗਏ ਅਤੇ ਇਨ੍ਹਾਂ ਨੇ ਲੁਕ ਛਿਪ ਕੇ ਆਪਣਾ ਪ੍ਰਚਾਰ ਜਾਰੀ ਰੱਖਿਆ । ਇਨ੍ਹਾਂ ਦੀ ਔਲਾਦ ਅੱਜ ਵੀ ਇਕ ਟੋਲੇ ਦੇ ਰੂਪ ਵਿਚ ਸਿੰਧ ਵਿਚ ਨਿਵਾਸ ਰੱਖਦੀ ਹੈ ।[2]

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਇਨ੍ਹਾਂ ਅਗੇਤੇ ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਜਾਂ ਸਾਹਿਤ ਨੂੰ ਕੋਈ ਦੇਣ ਦਿੱਤੀ ਹੈ ਜਾਂ ਨਹੀਂ ? ਇਸ ਦਾ ਉੱਤਰ ਬੜਾ ਸਿੱਧਾ ਤੇ ਸਪਸ਼ਟ ਹੈ । ਸੰਤ ਟਾਮਸ ਦੇ ਜੀਵਨ ਬਾਰੇ ਜੋ ਵੀ ਜਾਣਕਾਰੀ ਪ੍ਰਾਪਤ ਹੋ ਸਕੀ ਹੈ, ਉਸ ਅਨੁਸਾਰ ਟਾਮਸ ਨੇ ਵਧੇਰੇ ਧਰਮ ਖੇਤਰ ਵਿਚ ਹੀ ਕੰਮ ਕੀਤਾ । ਪੰਜਾਬੀ ਭਾਸ਼ਾ ਪ੍ਰਤਿ ਉਸ ਦੇ ਸਨੇਹ ਦਾ ਪ੍ਰਸ਼ਨ ਹੀ ਨਹੀਂ ਉਠਦਾ । ਸਭ ਨੂੰ ਗਿਆਤ ਹੈ ਕਿ ਉਸ ਯੁਗ ਵਿਚ ਪੰਜਾਬੀ ਭਾਸ਼ਾ ਅਜੇ ਸੁਤੰਤਰ ਰੂਪ ਵਿਚ ਹੋਂਦ ਵਿਚ ਹੀ ਨਹੀਂ ਆਈ ਸੀ । ਪੰਜਾਬੀ ਭਾਸ਼ਾ ਤੇ ਸਾਹਿਤ ਵਲ ਮਿਸ਼ਨਰੀਆਂ ਦਾ ਧਿਆਨ ਕੇਵਲ 19ਵੀਂ ਸਦੀ ਈ: ਦੇ ਆਰੰਭ ਵਿਚ ਹੀ ਆਕਰਸ਼ਿਤ ਹੋਇਆ ਅਤੇ ਇਹੋ ਸਦੀ ਮਿਸ਼ਨਰੀਆਂ ਦੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਯੋਗਦਾਨ ਦੇਣ ਦਾ ਸਵਰਣ-ਯੁਗ ਹੈ ।

ਮਿਸ਼ਨਰੀਆਂ ਦੀਆਂ ਗਤੀਵਿਧੀਆਂ

ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਮਗਰੋਂ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਬੜਾ ਜ਼ਰੂਰੀ ਹੈ ਕਿ ਇਹ ਮਿਸ਼ਨਰੀ ਕਿਸੇ ਇਕ ਸਥਾਨ ਜਾਂ ਦੇਸ਼ ਤੋਂ ਇਥੇ ਨਹੀਂ ਆਏ ਸਨ । ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿਚ ਸਥਾਪਿਤ ਧਰਮ-ਪ੍ਰਚਾਰ ਦੀਆਂ ਵਿਭਿੰਨ ਸੰਸਥਾਵਾਂ ਦੁਆਰਾ ਅੱਡੋ ਅੱਡ ਸਮਿਆਂ ਉਪਰ ਇਨ੍ਹਾਂ ਨੂੰ ਭਾਰਤ ਵਿਚ ਭੇਜਿਆ ਗਇਆ ਸੀ । ਇਨ੍ਹਾਂ ਹੀ ਸੰਸਥਾਵਾਂ ਨੇ ਸਮਾਂ ਪਾ ਕੇ ਭਾਰਤ ਵਿਚ ਆਪਣੇ ਪੈਰ ਬੜੀ ਮਜ਼ਬੂਤੀ ਨਾਲ ਜਮਾ ਲਏ ਅਤੇ ਆਪਣੀ ਆਪਣੀ ਸਮਰੱਥਾ ਅਨੁਸਾਰ ਧਰਮ-ਪ੍ਰਚਾਰ ਦੇ

1. "The Takht-i-Bahi inscription aforesaid mentions the 26th year of Guduvhara (Gondophernes) the year 103 of the era which may be taken as the Hindu Vikrama Era, because it mentions the Hindu month of Vaisakha. Thus his accession may be dated to 103—(57+26) 20 A. D. Gondophernes ruled between 20 A. D. and 50 A. D. and his successors for not more than 20 years after him upto the time of the Kushanas." Mookerjea, *Ancient India*, p. 218.
2. Trotter, *Conference*, 1947, p. 59.

Digitized by Panjab Digital Library | www.panjabdigilib.org

ਕਾਰਜ ਵਿਚ ਜੁੱਟੀਆਂ ਰਹੀਆਂ । ਇਨ੍ਹਾਂ ਸੰਸਥਾਵਾਂ ਦੇ ਕਾਰਜ-ਕੇਂਦਰ ਸਾਰੇ ਭਾਰਤ ਵਿਚ ਫੈਲੇ ਹੋਏ ਸਨ, ਪਰ ਇਥੇ ਉਨ੍ਹਾਂ ਹੀ ਸੰਸਥਾਵਾਂ ਦਾ ਜ਼ਿਕਰ ਕਰਨਾ ਉਚਿਤ ਹੈ, ਜਿਨ੍ਹਾਂ ਨੇ ਪੰਜਾਬ ਨੂੰ ਆਪਣਾ ਕਾਰਜ-ਖੇਤਰ ਚੁਣਿਆ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਅਮੀਰ ਬਣਾਉਣ ਲਈ ਪ੍ਰਯਤਨਸ਼ੀਲ ਰਹੀਆਂ । ਇਨ੍ਹਾਂ ਵਿਚੋਂ ਸਭ ਤੋਂ ਪ੍ਰਮੁਖ ਸੰਸਥਾ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਸੀ । ਇਸ ਦਾ ਜਨਮ ਅਮਰੀਕਾ ਵਿਚ ਹੋਇਆ । ਪਾਦਰੀ ਵਿਲੀਅਮ ਡੀ. ਹੋਵਰਡ ਨੇ ਆਪਣੀ ਪੁਸਤਕ 'ਏ ਹਿਸਟਰੀ ਆਫ਼ ਦੀ ਉਰਿਜਨ ਆਫ਼ ਦੀ ਬੋਰਡ ਆਫ਼ ਫ਼ੌਰਿਨ ਮਿਸ਼ਨ ਆਫ਼ ਦੀ ਪ੍ਰੈਸਬੀਟੇਰੀਅਨ ਚਰਚ' ਵਿਚ ਲਿਖਿਆ ਹੈ ਕਿ ਅਮਰੀਕਾ ਵਿਚ ਪ੍ਰੈਸਬੀਟੇਰੀਅਨ ਮਿਸ਼ਨ ਦੇ ਸਥਾਪਿਤ ਹੁੰਦੇ ਸਾਰ ਹਰ ਮਿਸ਼ਨਰੀ ਤੋਂ ਇਹ ਆਸ ਰੱਖੀ ਗਈ ਕਿ ਉਹ ਪ੍ਰਚਾਰ ਦਾ ਕੰਮ ਪੂਰਣ ਲਗਨ ਨਾਲ ਕਰੇਗਾ । 1802 ਈ: ਵਿੱਚ ਪਿਟਸਬਰਗ ਦੀ ਸੀਨਾਡ (Synod)[1] ਨੇ ਇਸ ਕੰਮ ਨੂੰ ਆਰੰਭ ਕੀਤਾ । ਕਮੇਟੀ ਦੇ ਇਕ ਮਤੇ ਅਨੁਸਾਰ ਇਸ ਸੀਨਾਡ ਨੇ ਆਪਣਾ ਨਾਮ ਵੈਸਟਰਨ ਮਿਸ਼ਨਰੀ ਸੋਸਾਇਟੀ ਰਖਿਆ । ਇਹ ਸੋਸਾਇਟੀ ਕੁਝ ਸਮੇਂ ਤਕ ਤਾਂ ਸਰਗਰਮ ਰਹੀ, ਪਰ ਡਾ: ਐਲਿਸ਼ਾ ਪੀ. ਸਵਿਫ਼ਟ ਨੂੰ ਇਸ ਦੀ ਤੋਰ ਕੁਝ ਮੱਠੀ ਜਾਪੀ । ਉਸ ਨੇ ਬੋਰਡ ਆਫ਼ ਫ਼ੌਰਿਨ ਮਿਸ਼ਨ ਸਥਾਪਿਤ ਕਰਨ ਲਈ ਸਿਰਤੋੜ ਜਤਨ ਸ਼ੁਰੂ ਕਰ ਦਿੱਤਾ ।[2] ਉਸ ਨੂੰ ਡਾ: ਜਾਨ ਮੈਕਮਿਲਨ, ਫ਼ਰਾਂਸਿਸ ਹੈਰਨ, ਡਾ: ਬਰਾਊਨ ਤੇ ਡੇਵਿਡ ਈਲੀਅਟ ਆਦਿਕ ਵਿਅਕਤੀਆਂ ਨੇ ਇਸ ਕੰਮ ਵਿਚ ਸਹਿਯੋਗ ਦਿੱਤਾ । ਇਕ ਹੋਰ ਸਹਾਇਕ ਡਾ: ਵਾਲਟਰ ਲੌਰੀ, ਜਿਹੜਾ ਮਗਰੋਂ ਡਾ: ਸਵਿਫ਼ਟ ਦੇ ਸਥਾਨ ਉਤੇ ਬੋਰਡ ਦਾ ਸਕੱਤਰ ਬਣਿਆ, ਬੋਰਡ ਦੀ ਗੁਪਤ ਮਾਇਕ ਸਹਾਇਤਾ ਵੀ ਕਰਦਾ ਸੀ ਅਤੇ ਹੋਰ ਵੀ ਅਨੇਕ ਪ੍ਰਕਾਰ ਦੀ ਮਦਦ ਕਰਦਾ ਸੀ । ਬੋਰਡ ਦਾ ਕੰਮ ਚਲਾਉਣ ਲਈ ਉਸ ਨੇ ਇਕ ਹਜ਼ਾਰ ਪੌਂਡ ਦਾ ਗੁਪਤ ਦਾਨ ਵੀ ਦਿੱਤਾ ।[3] ਕੁਝ ਸਮੇਂ ਬਾਅਦ ਮਿਸਟਰ ਲੌਰੀ ਨੂੰ ਮਿਸ਼ਨਰੀ ਸੋਸਾਇਟੀ ਦਾ ਉਪ-ਪ੍ਰਧਾਨ ਚੁਣ ਲਇਆ ਗਇਆ ਅਤੇ ਉਸ ਨੇ ਯੂ. ਏ. ਸੈਨੇਟ ਦੀ ਚੋਖੇ ਪੈਸਿਆਂ ਵਾਲੀ ਨੌਕਰੀ ਤਿਆਗ ਕੇ ਮਿਸ਼ਨ ਦਾ ਕੰਮ ਕਰਨਾ ਸਵੀਕਾਰ ਕਰ ਲਇਆ । ਉਸ ਨੇ ਮਿਸ਼ਨ ਦੇ ਪ੍ਰਚਾਰ ਨੂੰ ਪੱਕਿਆਂ ਪੈਰਾਂ ਉਤੇ ਖੜ੍ਹਾ ਕਰਨ ਲਈ ਬੜਾ ਨਿੱਗਰ ਯਤਨ ਕੀਤਾ । ਇਥੋਂ ਤਕ ਕਿ ਉਸ ਨੇ ਆਪਣੇ ਤਿੰਨ ਬੱਚੇ ਇਸੇ ਕਾਰਜ ਵਿਚ ਹੀ ਲਗਾ ਦਿੱਤੇ । ਇਸੇ ਦੀ ਪ੍ਰੇਰਣਾ ਸਦਕਾ ਬੋਰਡ ਆਫ਼ ਫ਼ੌਰਿਨ ਮਿਸ਼ਨ ਵੀ ਮੁੜ ਸਥਾਪਿਤ ਹੋਇਆ, ਜਿਸ ਦੇ ਪ੍ਰਮੁਖ ਸੰਚਾਲਕ ਤੇ ਸਕੱਤਰ ਡਾ: ਸਵਿਫ਼ਟ ਸਨ । ਪਹਿਲਾਂ ਪਹਿਲ ਤਿੰਨ ਇਲਾਕੇ ਮਿਸ਼ਨਰੀ-ਪ੍ਰਚਾਰ ਲਈ ਚੁਣੇ ਗਏ—ਪੱਛਮੀ ਅਫ਼ਰੀਕਾ, ਭਾਰਤ ਤੇ ਅਮਰੀਕਾ[4] । ਇਸ ਸੰਸਥਾ ਨੇ ਆਪਣਾ ਇਕ ਮਾਸਿਕ ਪੱਤਕ 'ਦੀ ਫ਼ੌਰਿਨ ਮਿਸ਼ਨਰੀ ਕਰੌਨੀਕਲ' (The Foreign Missionary Chronicle) ਵੀ ਜਾਰੀ ਕੀਤਾ ।

---

1. ਇਕ ਪ੍ਰੈਸਬੀਟੇਰੀਅਨ ਪ੍ਰਬੰਧਕ ਸੰਸਥਾ ਜਾਂ ਸਭਾ ।
2. Howard; William D., *A History of the Origin of the Board of Foreign Mission of the Presbyterian Church*, p. 16.
3. ਉਹੀ, ਪੰ: 16.
4. ਉਹੀ, ਪੰ: 18.

Digitized by Panjab Digital Library | www.panjabdigilib.org

ਭਾਰਤ ਵਿਚ ਪ੍ਰਚਾਰ ਕਰਨ ਲਈ ਤਿੰਨ ਨੌਜਵਾਨ ਚੁਣੇ ਗਏ। ਇਸ ਦਾ ਉਲੇਖ ਮਿਸਟਰ ਵੇਰੀ ਨੇ ਆਪਣੇ ਸ਼ਬਦਾਂ ਵਿਚ ਇਸ ਪ੍ਰਕਾਰ ਕੀਤਾ ਹੈ :—

"ਅਪ੍ਰੈਲ 1833 ਈ: ਵਿਚ ਪਿਟਸਬਰਗ ਦੀ ਵੈਸਟਰਨ ਫ਼ੌਰਿਨ ਮਿਸ਼ਨਰੀ ਸੋਸਾਇਟੀ ਦੁਆਰਾ ਇਕ ਮਾਸਿਕ-ਪੱਤਰ 'ਦੀ ਫ਼ੌਰਿਨ ਮਿਸ਼ਨਰੀ ਕਰੌਨੀਕਲ' ਪ੍ਰਕਾਸ਼ਿਤ ਕੀਤਾ ਗਇਆ, ਜਿਸ ਵਿਚ ਪੰਨਾ 13 ਉਤੇ ਇਹ ਸਪਸ਼ਟ ਤੌਰ ਤੇ ਲਿਖਿਆ ਹੈ ਕਿ ਉਕਤ ਸੋਸਾਇਟੀ ਨੂੰ ਸੱਤ ਮਿਸ਼ਨਰੀਆਂ ਦੀਆਂ ਸੇਵਾਵਾਂ ਪ੍ਰਾਪਤ ਸਨ, ਜਿਨ੍ਹਾਂ ਵਿਚੋਂ ਦੋ ਵਿਅਕਤੀ ਪ੍ਰਚਾਰ-ਕਾਰਜ ਲਈ ਪੱਛਮੀ ਅਫ਼ਰੀਕਾ ਵਿਚ ਭੇਜੇ ਗਏ, ਦੋ ਮਿਸਿਸੀਪੀ ਦੇ ਪੱਛਮੀ-ਭਾਰਤੀ-ਭਾਗ ਲਈ ਰੱਖੇ ਗਏ ਅਤੇ ਤਿੰਨ ਮਿਸ਼ਨਰੀ ਉੱਤਰੀ ਭਾਰਤ ਲਈ ਨਿਯੁਕਤ ਹੋਏ। ਇਨ੍ਹਾਂ ਵਿਚੋਂ ਦੋ ਵਿਅਕਤੀਆਂ, ਜਾਨ. ਸੀ. ਲੌਰੀ ਤੇ ਵਿਲੀਅਮ ਰੀਡ, ਦੇ ਨਾਮ ਗਿਆਤ ਹਨ, ਪਰ ਤੀਜੇ ਵਿਅਕਤੀ ਦੇ ਨਾਮ ਵਲ ਕੋਈ ਸੰਕੇਤ ਪ੍ਰਾਪਤ ਨਹੀਂ।"[1]

ਡਾ: ਲੌਰੀ ਤੇ ਵਿਲੀਅਮ ਰੀਡ 30 ਮਈ 1833 ਈ: ਨੂੰ ਡੀ ਲਾਵੇਰ (De Laware) ਨਦੀ ਦੇ ਕੰਢੇ ਉਤੇ ਸਥਿਤ ਨਗਰ ਨਿਊ ਕੈਸਲ (New Castle) ਪਹੁੰਚੇ ਅਤੇ ਉਥੋਂ ਕਲਕੱਤਾ ਪਹੁੰਚਣ ਲਈ 'ਦੀ ਸਟਾਰ' ਨਾਮ ਦੇ ਜਹਾਜ਼ ਉਤੇ ਸਵਾਰ ਹੋ ਕੇ ਉਹ ਸਾਢੇ ਚਾਰ ਮਹੀਨਿਆਂ ਮਗਰੋਂ 15 ਅਕਤੂਬਰ 1833 ਈ: ਵਿਚ ਆਪਣੀਆਂ ਪਤਨੀਆਂ ਸਮੇਤ ਕਲਕੱਤੇ ਆ ਗਏ।[2] ਡਾ: ਲੌਰੀ ਦੀ ਪਤਨੀ ਮਾਰਗ ਵਿਚ ਹੀ ਸਖ਼ਤ ਬੀਮਾਰ ਹੋ ਗਈ ਸੀ ਅਤੇ ਉਸ ਤੇ ਬਚਣ ਦੀ ਆਸ ਕੋਈ ਨਹੀਂ ਸੀ। ਕਲਕੱਤੇ ਪਹੁੰਚਣ ਮਗਰੋਂ ਉਹ ਅਕਾਲ ਚਲਾਣਾ ਕਰ ਗਈ।[3] ਪਾਦਰੀ ਰੀਡ ਵੀ ਕਲਕੱਤੇ ਦੇ ਗਰਮ ਜਲਵਾਯੂ ਨੂੰ ਸਹਾਰ ਨਾ ਸਕਿਆ ਅਤੇ ਉਸ ਨੂੰ ਆਪਣੀ ਸਿਹਤ ਸੰਭਾਲਣ ਲਈ ਕੁਝ ਸਮੇਂ ਲਈ ਵਾਪਸ ਅਮਰੀਕਾ ਨੂੰ ਪਰਤਣਾ ਪਇਆ, ਪਰ ਅਜੇ ਉਸ ਦਾ ਜਹਾਜ਼ ਅੰਡੇਮਾਨ ਟਾਪੂ ਤਕ ਹੀ ਪਹੁੰਚਿਆ ਸੀ ਕਿ ਉਹ ਤਪਦਿਕ ਦਾ ਸ਼ਿਕਾਰ ਹੋ ਗਇਆ ਅਤੇ

---

1. "In April 1833, there began to appear 'The Foreign Missionary Chronicle', the monthly journal of the Western Foreign Missionary Society of Pittsburgh, on page 13 of which there is the faint but distinct record that the society had since its organisation received under its care seven missionaries, besides two or three assistants, two of which were appointed to Western Africa, two to the Indian West of the Mississppi and three to Northern India, two of these three are listed—Messers. John C. Lowrie and William Reed (The wives are evidently included with the husbands). There is no record of who the third one was, and of what became of him. Wherry; E. M., *Our Mission In India*, p. 24.
2. ਉਹੀ, ਪੰ: 26.
3. "The wife of the first missionary to reach the Punjab did not finish the journey with the husband John C. Lowrie, but died at the age of 41 at Calcutta on Nov. 21, 1833."
   Anderson; H. E. *A Century for the Christ*, sketch of the History of the first Church in the Punjab from its inception in 1837 until its celebration in 1937, p. 35.

Digitized by Panjab Digital Library | www.panjabdigilib.org

12 ਅਗਸਤ 1834 ਈ: ਨੂੰ ਮਾਰਗ ਵਿਚ ਹੀ ਉਸ ਦੀ ਮ੍ਰਿਤੂ ਹੋ ਗਈ ।[1]

ਡਾ: ਲੌਰੀ ਨੂੰ ਆਪ ਵੀ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਇਆ, ਪਰ ਉਸ ਨੇ ਬੜੀ ਦ੍ਰਿੜ੍ਹਤਾ ਤੋਂ ਕੰਮ ਲਇਆ । ਪਰਦੇਸ ਵਿਚ ਪਤਨੀ ਦੇ ਅਕਾਲ ਚਲਾਣੇ ਨੇ ਉਸ ਦੇ ਮਨ ਅਤੇ ਤਨ ਦੋਹਾਂ ਨੂੰ ਝੰਜੋੜ ਸੁੱਟਿਆ ਸੀ । ਸੀਰਾਮਪੁਰ ਦੇ ਬੈਪਟਿਸਟ ਮਿਸ਼ਨਰੀਆਂ ਮਾਰਸ਼ਮੈਨ ਤੇ ਵਾਰਡ, ਸਕਾਟਲੈਂਡ ਦੇ ਡਾ: ਅਲੈਗਜ਼ੈਂਡਰਾ ਤੇ ਡਾ: ਡੱਫ ਦੀ ਸਲਾਹ ਤੇ ਅਗਵਾਈ ਨਾਲ ਉਸ ਨੇ ਈਸਾਈ ਧਰਮ ਦੇ ਪ੍ਰਚਾਰ ਲਈ ਪੰਜਾਬ ਨੂੰ ਆਪਣਾ ਕਾਰਜ-ਖੇਤਰ ਬਣਾਉਣਾ ਪਸੰਦ ਕੀਤਾ, ਕਿਉਂਕਿ ਇਕ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਲ ਅੰਗ੍ਰੇਜ਼ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ ਅਤੇ ਪਾਦਰੀ ਲੋਕ ਅਜਿਹੇ ਮੌਕੇ ਉਤੇ ਪੰਜਾਬ-ਵਾਸੀਆਂ ਦੇ ਮਨ **ਪਰਿਵਰਤਿਤ ਕਰਨ, ਉਨ੍ਹਾਂ ਨੂੰ ਈਸਾਈ ਧਰਮ ਦੀ ਮਹਾਨਤਾ ਦੱਸਣ ਅਤੇ ਅਸਿੱਧੇ ਢੰਗ ਨਾਲ ਅੰਗ੍ਰੇਜ਼ ਕੌਮ ਦੀ ਨੇਕ-ਨੀਤੀ ਦਾ ਸਿੱਕਾ ਲੋਕ-ਦਿਲਾਂ ਉਤੇ ਜਮਾਉਣ ਵਿਚ ਸਹਾਇਕ ਸਿੱਧ ਹੋ ਸਕਦੇ ਸਨ** । ਦੂਜਾ ਪੂਰਬੀ ਪੰਜਾਬ ਵਿਚ ਜਿਥੇ ਕਿ ਅੰਗ੍ਰੇਜ਼ੀ ਅਸਰ ਰਸੂਖ ਕਿਸੇ ਹੱਦ ਤਕ ਕਾਇਮ ਹੋ ਚੁੱਕਾ ਸੀ, ਅਜੇ ਤਕ ਕੋਈ ਈਸਾਈ ਮਿਸ਼ਨ ਸਥਾਪਿਤ ਨਹੀਂ ਹੋਇਆ ਸੀ । ਕੇਵਲ ਪਾਦਰੀ ਟਾਮਸਨ (Rev. Thomson) ਨੇ, ਜੋ ਦਿੱਲੀ ਵਿਚ ਬੈਪਟਿਸਟ ਮਿਸ਼ਨਰੀ ਸੀ, ਇਕ ਅੱਧੀ ਵਾਰ ਇਸ ਪਾਸੇ ਵਲ ਚੱਕਰ ਲਗਾਇਆ ਸੀ ।[2] ਡਾ: ਲੌਰੀ ਦੇ ਸ਼ਬਦਾਂ ਵਿਚ ਇਸ ਪਸੰਦ ਦੇ ਤਿੰਨ ਵਿਸ਼ੇਸ਼ ਕਾਰਣ ਸਨ ।[3]

1. ਪੰਜਾਬ ਵਲ ਇਸ ਤੋਂ ਪਹਿਲਾਂ ਮਿਸ਼ਨਰੀਆਂ ਦਾ ਧਿਆਨ ਨਹੀਂ ਸੀ ਗਇਆ ।

---

1. ਉਹੀ, ਪੰ: 36.
2. Campbell; Rev. James, *Our Missions in Hindustan*, p. 23.
   ਇਕ ਬੈਪਟਿਸਟ ਮਿਸ਼ਨਰੀ ਪਾਦਰੀ ਪੀਕੌਕ (Rev. Peacock) ਦੇ ਪੰਜਾਬ ਆਉਣ ਬਾਰੇ ਪ੍ਰੋ: ਪ੍ਰੀਤਮ ਸਿੰਘ ਤੋਂ ਪਤਾ ਲੱਗਾ ਹੈ, ਪਰ ਉਹ ਕਦੋਂ, ਕਿਵੇਂ ਅਤੇ ਕਿਉਂ ਪੰਜਾਬ ਵਲ ਆਇਆ ਇਸ ਬਾਰੇ ਉਨ੍ਹਾਂ ਪਾਸੋਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ ।
3. "The principle reasons for choosing the upper provinces of labour were these—The urgent need of the missionaries and teachers in that part of Country, it being in great measure unoccupied for missionary ground the superior energy of the people as compared with the inhabitants of the relations of the North-western parts of India to other Asiatic countries West and North which suggested the hope that Gospel might be eventually expanded from thence into the heart of Central Asia, *the vicinity of the Himalayan mountain offering place of resort to missionaries whose health might become impaired by the hot climate of the plains.* Besides general consideration of this kind, there were some special reasons arising out of the liberal views concerning the education of the natives which were held by the European gentlemen of influence, who were living at some of the North-western cities of the native-chiefs to obtain for their sons, the advantage of the English language. Lowrie; John C., *A Manual of the Foreign Missions of Presbyterian Church*, p. 11.

Digitized by Panjab Digital Library | www.panjabdigilib.org

2. ਇਥੋਂ ਦੀ ਜਲਵਾਯੂ ਅਜਿਹੇ ਮਿਸ਼ਨਰੀਆਂ ਲਈ ਬੜੀ ਲਾਭਕਾਰੀ ਸੀ, ਜਿਹੜੇ ਗਰਮੀ ਨਹੀਂ ਸਨ ਸਹਾਰ ਸਕਦੇ। ਹਿਮਾਲੀਆ ਦੇ ਨੇੜੇ ਤੇੜੇ ਦੇ ਇਲਾਕੇ ਦਾ ਜਲਵਾਯੂ ਉਨ੍ਹਾਂ ਨੂੰ ਬੜਾ ਸੁਖਾਵਾਂ ਸਿੱਧ ਹੋ ਸਕਦਾ ਸੀ।

3. ਪੰਜਾਬ ਦੇ ਸਰਦਾਰ ਤੇ ਮਹਾਰਾਜਾ ਰਣਜੀਤ ਸਿੰਘ ਆਪਣੇ ਬੱਚਿਆਂ ਨੂੰ ਵਿਦੇਸ਼ੀ ਭਾਸ਼ਾਵਾਂ ਸਿਖਾਉਣ ਦੇ ਇੱਛੁਕ ਸਨ। ਅੰਗ੍ਰੇਜ਼ੀ ਭਾਸ਼ਾ ਸਿਖਾਉਣ ਦੇ ਬਹਾਨੇ ਆਪਣੇ ਧਰਮ ਦਾ ਪ੍ਰਚਾਰ ਵੀ ਬੜੀ ਸੁਵਿਧਾ ਨਾਲ ਕੀਤਾ ਜਾ ਸਕਦਾ ਸੀ।

ਪਾਦਰੀ ਵੇਰੀ ਇਕ ਹੋਰ ਕਾਰਣ ਵਲ ਵੀ ਸੰਕੇਤ ਕਰਦਾ ਹੈ ਕਿ ਅੰਗ੍ਰੇਜ਼ ਸਰਕਾਰ ਦੇ ਰਾਜਨੀਤਕ ਵਕੀਲ ਕੈਪਟਨ ਵੇਡ ਨੇ, ਜਿਸ ਦਾ ਦਫ਼ਤਰ ਪੰਜਾਬ ਦੇ ਪ੍ਰਸਿੱਧ ਸ਼ਹਿਰ ਲੁਧਿਆਣਾ ਵਿਚ ਸੀ, ਈਸਾਈ ਪ੍ਰਚਾਰ-ਕੇਂਦਰ ਲਈ ਲੁਧਿਆਣੇ ਦੇ ਮਹੱਤਵ ਉਤੇ ਅਧਿਕ ਜ਼ੋਰ ਦਿੱਤਾ ਸੀ।[1] ਪੰਜਾਬ ਨੂੰ ਕਾਰਜ-ਖੇਤਰ ਚੁਣਨ ਦਾ ਇਕ ਹੋਰ ਕਾਰਣ ਪਾਦਰੀ ਜਾਨ ਨਿਊਟਨ ਦੇ ਮਤ ਅਨੁਸਾਰ ਇਹ ਹੈ—

"ਬਹੁਤ ਸੋਚ ਵਿਚਾਰ ਉਪਰੰਤ ਪੰਜਾਬ ਨੂੰ ਚੁਣਿਆ ਗਇਆ। ਭਾਰਤ ਦਾ ਕੋਈ ਹੋਰ ਭਾਗ ਸਿਵਾਇ ਪੰਜਾਬ ਤੋਂ ਇਤਨਾ ਲੁਭਾਇਮਾਨ ਨਹੀਂ। ਇਥੋਂ ਹੀ ਹਿੰਦੂ ਮਤ ਫੈਲ ਕੇ ਸਾਰੇ ਭਾਰਤ ਵਿਚ ਪਸਰਿਆ। ਮਹਾਂਭਾਰਤ ਦਾ ਮਹਾਂ-ਯੁੱਧ ਇਥੇ ਹੀ ਲੜਿਆ ਗਇਆ। ਅੰਗ੍ਰੇਜ਼ਾਂ ਤੋਂ ਬਿਨਾਂ ਸਾਰੇ ਹਮਲਾਵਰਾਂ ਨੇ ਭਾਰਤ ਉਪਰ ਹਮਲੇ ਇਸੇ ਪਾਸਿਓਂ ਕੀਤੇ। ਸਿਕੰਦਰ ਦੀਆਂ ਅਜਿੱਤ ਫ਼ੌਜਾਂ ਨੂੰ ਇਥੇ ਹੀ ਆ ਕੇ ਠੱਲ੍ਹ ਪਈ। ਇਸ ਤੋਂ ਵੀ ਵੱਧ ਮਹੱਤਵਪੂਰਣ ਕਾਰਣ ਇਹ ਸੀ ਕਿ ਇਹ ਧਰਤੀ ਸਿੱਖਾਂ ਦੀ ਸੀ, ਜਿਹੜੇ ਚੰਗੀ ਸਿਹਤ ਤੇ ਆਜ਼ਾਦ ਆਚਰਣ ਦੇ ਸਵਾਮੀ ਸਨ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਲੋਕਾਂ ਨੇ ਪਹਿਲਾਂ ਤੋਂ ਹੀ ਕੁਝ ਅਸੂਲ ਅਪਣਾਏ ਹੋਏ ਸਨ; ਜਿਵੇਂ ਕਿ ਹਿੰਦੂ ਮਤ ਵਿਚ ਪ੍ਰਚਲਿਤ ਬੁੱਤ-ਪੂਜਾ ਦਾ ਤਿਆਗ ਕਰਨਾ, ਜਾਤ ਪਾਤ ਦੇ ਭੇਦਭਾਵ ਨੂੰ ਮਿਟਾਉਣਾ ਆਦਿ। ਸ਼ਾਇਦ ਇਸੇ ਲਈ ਉਹ ਮਸੀਹੀ ਮਿਸ਼ਨਰੀਆਂ ਦਾ ਪ੍ਰਚਾਰ ਸੁਣਨ ਲਈ ਤਿਆਰ ਸਨ।[2]"

ਪੰਜਾਬ ਤੋਂ ਬਾਹਰ ਅਲਾਹਾਬਾਦ, ਆਗਰਾ, ਦਿੱਲੀ, ਬਨਾਰਸ ਆਦਿਕ ਸ਼ਹਿਰਾਂ ਵਿਚ ਮਸੀਹੀ ਪ੍ਰਚਾਰਕਾਂ ਨੂੰ ਸਾਹਮਣੇ ਆਉਣ ਵਾਲੀਆਂ ਕਠਿਨਾਈਆਂ ਦੀ ਪਹਿਲਾਂ ਹੀ ਸੋਝੀ ਹੋ ਚੁੱਕੀ ਸੀ। ਇਨ੍ਹਾਂ ਔਕੜਾਂ ਤੋਂ ਬਚਣ ਲਈ ਹੀ ਸ਼ਾਇਦ ਉਨ੍ਹਾਂ ਨੇ ਪੰਜਾਬ ਨੂੰ ਆਪਣਾ ਕਾਰਜ-ਖੇਤਰ ਚੁਣਿਆ। ਲੁਧਿਆਣਾ ਮਿਸ਼ਨ ਦੇ ਮੁੱਢਲੇ ਸੰਸਥਾਪਕ ਡਾ: ਲੋਰੀ ਨੇ ਆਪਣੀ ਇਸ ਕਠਿਨਾਈ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :—

"ਉਸ ਸਮੇਂ ਦਾ ਧਰਮ ਅਧਿਆਤਮਕ ਤੌਰ ਤੇ ਪਤਨਸ਼ੀਲ ਅਵਸਥਾ ਵਿਚ ਸੀ। ਅਲਾਹਾ-ਬਾਦ ਤੇ ਉਸ ਦੇ ਆਸ-ਪਾਸ ਲਗਭਗ 1000 ਵਰਗਮੀਲ ਦੇ ਇਲਾਕੇ ਵਿਚ ਵਸਦੇ ਕਰੀਬ 50 ਲੱਖ ਲੋਕਾਂ ਵਿਚ ਅਜੇ ਤਕ ਕੋਈ ਵੀ ਯੂਰਪੀਅਨ ਮਿਸ਼ਨਰੀ ਨਹੀਂ ਸੀ ਗਇਆ, ਕੇਵਲ ਕੁਝ ਈਸਟ ਇੰਡੀਆ ਕੰਪਨੀ ਦੇ ਕਰਮਚਾਰੀ ਹੀ ਉਥੇ ਨਿਵਾਸ ਰੱਖਦੇ ਸਨ। ਇਥੋਂ ਦੇ ਵਸਨੀਕ

1. Wherry; E. M., Our Missions in India, pp. 4-5.
2. Newton; John, *History of the American Presbyterian Mission*, p. 4.

Digitized by Panjab Digital Library | www.panjabdigilib.org

ਬੁੱਤਪੂਜਾ ਵਿਚ ਬੜਾ ਵਿਸ਼ਵਾਸ ਰੱਖਦੇ ਸਨ ਅਤੇ ਇਨ੍ਹਾਂ ਵਿਚ ਪੰਜਾਬੀਆਂ ਵਾਲੀ ਖੁੱਲ੍ਹ-ਦਿਲੀ ਤੇ ਉਦਾਰਤਾ ਨਹੀਂ ਸੀ ।[1]"

ਸੋ ਇਨ੍ਹਾਂ ਸਾਹਮਣੇ ਆਉਣ ਵਾਲੀਆਂ ਕਠਿਨਾਈਆਂ ਤੋਂ ਬਚਣ ਲਈ ਤੇ ਪੰਜਾਬੀਆਂ ਦੀ ਉਦਾਰਤਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਮਿਸ਼ਨਰੀਆਂ ਨੇ ਪੰਜਾਬ ਨੂੰ ਆਪਣਾ ਕਾਰਜ-ਖੇਤਰ ਚੁਣਿਆ ।

ਇਧਰ ਡਾ: ਲੌਰੀ ਕਲਕੱਤੇ ਤੋਂ ਲੁਧਿਆਣਾ ਪਹੁੰਚਣ ਦੀਆਂ ਤਿਆਰੀਆਂ ਕਰ ਰਹਿਆ ਸੀ, ਤਾਂ ਉਧਰ ਉਸ ਸਮੇਂ ਵਿਲੀਅਮ ਕੇਰੀ ਪਿਛਲੇ ਕਈ ਵਰ੍ਹਿਆਂ ਤੋਂ ਕਲਕੱਤੇ ਵਿਚ ਬੈਠਾ ਸਾਹਿਤ-ਸਾਧਨਾ ਕਰ ਰਹਿਆ ਸੀ । ਉਹ ਇੰਗਲਿਸਤਾਨ ਤੋਂ ਆਪਣੇ ਪਰਿਵਾਰ ਸਮੇਤ ਭਾਰਤ ਵਿਚ ਆਇਆ ਤਾਂ ਸੈਰ ਕਰਨ ਦੇ ਮਨੋਰਥ ਨਾਲ ਸੀ, ਪਰ ਇਥੇ ਆ ਕੇ ਉਹ ਸੀਰਾਮਪੁਰ (Serampore) ਦੇ ਬੈਪਟਿਸਟ ਮਿਸ਼ਨਰੀਆਂ ਨਾਲ ਰਲ ਕੇ ਧਰਮ-ਪ੍ਰਚਾਰ ਲਈ ਬਾਈਬਲ ਦੇ ਅਨੁਵਾਦਾਂ ਵਿਚ ਰੁੱਝ ਗਇਆ । ਹੁਣ ਤਕ ਉਸ ਨੂੰ ਕਲਕੱਤੇ ਵਿਚ ਰਹਿੰਦਿਆਂ ਲਗਭਗ ਚਾਲ੍ਹੀ ਵਰ੍ਹੇ ਹੋਣ ਲੱਗੇ ਸਨ ਅਤੇ ਉਸ ਨੇ ਚੋਖਾ ਕੰਮ ਵੀ ਸਮਾਪਤ ਕਰ ਲਇਆ ਸੀ । ਕਲਕੱਤੇ ਵਿਚ ਹੀ ਬੈਠਿਆਂ ਵਿਲੀਅਮ ਕੇਰੀ ਨੇ ਪੰਜਾਬੀ ਦੀ ਪਹਿਲੀ ਵਿਆਕਰਣ ਲਿਖੀ । ਪੰਜਾਬ ਵਲ ਉਹ ਕਦੇ ਵੀ ਨਾ ਆ ਸਕਿਆ ।

ਡਾ: ਲੌਰੀ ਨੇ ਇਕੱਲਿਆਂ ਕਾਨ੍ਹਪੁਰ ਤਕ ਗੰਗਾ ਨਦੀ ਵਿਚ ਬੇੜੀ ਰਾਹੀਂ ਸਫ਼ਰ ਕੀਤਾ, ਜਿਥੇ ਉਹ 9 ਅਕਤੂਬਰ 1834 ਈ: ਨੂੰ ਪਹੁੰਚਿਆ ।[2] ਇਸ ਤੋਂ ਅੱਗੇ ਬਹਿਲੀ ਕਿਰਾਏ ਤੇ ਲਈ ਗਈ, ਜਿਸ ਨੂੰ ਚਾਰ ਕਹਾਰਾਂ ਨੇ ਚੁੱਕਿਆ । ਉਸ ਸਮੇਂ ਆਵਾਜਾਈ ਦੇ ਸਾਧਨ ਸੌਖੇ ਨਹੀਂ ਸਨ । ਇਸ ਸਫ਼ਰ ਦਾ ਹਾਲ ਉਸ ਨੇ ਆਪਣੀ ਪੁਸਤਕ 'ਟੂ ਯੀਅਰਸ ਇਨ ਅਪਰ ਇੰਡੀਆ' ਵਿਚ ਬਿਆਨ ਕੀਤਾ ਹੈ । 5 ਨਵੰਬਰ 1834 ਈ: ਨੂੰ ਉਸ ਦਾ ਸਫ਼ਰ ਮੁਕਿਆ ਅਤੇ ਉਹ ਲੁਧਿਆਣੇ ਪਹੁੰਚਿਆ ।[3] ਪਾਦਰੀ ਅਰਨੈਸਟ ਵਾਈ ਕੈਂਬਲ ਦੇ ਮਤ ਅਨੁਸਾਰ ਡਾ: ਲੌਰੀ 3 ਦਸੰਬਰ 1835 ਈ; ਵਿਚ ਲੁਧਿਆਣੇ ਪਹੁੰਚਿਆ ।[4] ਇਸ ਸੰਬੰਧ ਵਿਚ ਸਾਨੂੰ ਡਾ: ਲੌਰੀ ਦੁਆਰਾ ਆਪਣੀ ਪੁਸਤਕ ਵਿਚ ਦਿੱਤੀ ਗਈ ਤਿਥੀ ਨੂੰ ਹੀ ਪ੍ਰਮਾਣਿਕ ਸਮਝਣਾ ਉਚਿਤ ਹੋਵੇਗਾ । ਉਨਾਂ ਦਿਨਾਂ ਵਿਚ ਲੁਧਿਆਣੇ ਵਿਚ ਈਸਟ ਇੰਡੀਆ ਕੰਪਨੀ ਦੀ ਇਕ ਤਕੜੀ ਛਾਉਣੀ ਬਣ ਚੁੱਕੀ ਸੀ ਅਤੇ ਇਹ ਅੰਗ੍ਰੇਜ਼ੀ ਰਾਜ ਦਾ ਉੱਤਰ-ਪੱਛਮੀ ਸਰਹੱਦੀ ਸ਼ਹਿਰ ਸੀ । ਕਲਕੱਤੇ ਤੋਂ ਤੁਰਨ ਲਗਿਆਂ ਡਾ: ਲੌਰੀ ਨੇ ਲੁਧਿਆਣੇ ਵਿਚ ਮਿਸ਼ਨ ਕਾਇਮ ਕਰਨ ਲਈ ਅੰਗ੍ਰੇਜ਼ ਸਰਕਾਰ ਤੋਂ ਬਾਕਾਇਦਾ ਆਗਿਆ ਲੈ ਲਈ ਸੀ ।[5] ਇਸ ਘਟਨਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਮਿਸ਼ਨਰੀ ਈਸਟ ਇੰਡੀਆ ਕੰਪਨੀ ਦੇ ਸਹਿਯੋਗ ਨਾਲ ਕੰਮ ਕਰ ਰਹੇ ਸਨ । ਡਾ: ਲੌਰੀ ਦੇ ਪਹੁੰਚਣ ਤੋਂ ਪਹਿਲਾਂ ਕਪਤਾਨ ਵੇਡ ਨੇ ਉਥੇ ਇਕ ਛੋਟਾ ਜਿਹਾ ਸਕੂਲ ਸਥਾਪਿਤ ਕਰ ਦਿੱਤਾ ਸੀ, ਜਿਸ ਵਿਚ ਇਕ ਦੇਸੀ ਅਧਿਆਪਕ ਵੀ ਰਖਿਆ

1. Lowrie; John C., *Lodiana Mission Reports*, Dec. 1884, p. 17.
2. Butterfield; Kenyon L., *The Christian Mission in Rural India*, p. 105.
3. Lowrie; John C., *Two Years in Upper India*, p. 29.
4. Campbell; Ernest Y., *The Church in the Punjab*, p.9.
5. Carter; Robert, *The Foreign Missionary Chronicle*, Vol. V. 1837, p. 202.

Digitized by Panjab Digital Library | www.panjabdigilib.org



ਲੁਧਿਆਣਾ ਮਿਸ਼ਨ ਦਾ ਸੰਸਥਾਪਕ ਜਾਨ ਸੀ. ਲੌਰੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਹੋਇਆ ਸੀ। ਇਸ ਸਕੂਲ ਦਾ ਮੰਤਵ ਲੋਕਾਂ ਨੂੰ ਅੰਗ੍ਰੇਜ਼ੀ ਭਾਸ਼ਾ ਦਾ ਗਿਆਨ ਦਿਵਾਉਣਾ ਸੀ ਅਤੇ ਖਿਆਲ ਇਹ ਸੀ ਕਿ ਮਿਸ਼ਨਰੀ ਲੋਕ ਪਹੁੰਚਦੇ ਸਾਰ ਹੀ ਇਸ ਸਕੂਲ ਦੇ ਸੰਚਾਲਕ ਬਣ ਜਾਣਗੇ।[1]

ਡਾ: ਲੌਰੀ ਨੇ ਆਉਂਦਿਆਂ ਹੀ ਇਸ ਸਕੂਲ ਨੂੰ ਸੰਭਾਲਿਆ ਅਤੇ ਇਥੇ ਹੀ ਈਸਾਈ ਮਿਸ਼ਨਰੀਆਂ ਨੇ ਆਪਣੇ ਪ੍ਰਚਾਰ-ਕਾਰਜ ਨੂੰ ਸ਼ੁਰੂ ਕੀਤਾ। ਹੌਲੀ ਹੌਲੀ ਲੁਧਿਆਣਾ ਮਿਸ਼ਨਰੀਆਂ ਦਾ ਗੜ੍ਹ ਬਣ ਗਇਆ। ਇਸ ਸਕੂਲ ਵਿਚ ਬੱਚਿਆਂ ਦੀ ਗਿਣਤੀ ਵਧਣ ਲੱਗੀ ਅਤੇ ਬੜੀ ਛੇਤੀ 16 ਤੋਂ 50 ਤੱਕ ਪਹੁੰਚ ਗਈ।[2] ਪੜ੍ਹਨ ਵਾਲਿਆਂ ਵਿਚ ਦੇਸੀ ਰਾਜਿਆਂ ਤੇ ਸਰਦਾਰਾਂ ਦੇ ਬੱਚੇ ਅਤੇ ਹਿੰਦੂਆਂ, ਅਫ਼ਗਾਨਾਂ, ਕਸ਼ਮੀਰੀਆਂ ਤੇ ਕੁਝ ਸਿਖਾਂ ਦੇ ਬੱਚੇ ਵੀ ਸ਼ਾਮਿਲ ਸਨ।[3]

ਇਕ ਸਿਆਣੇ ਪ੍ਰਚਾਰਕ ਦੀ ਹੈਸੀਅਤ ਵਿਚ ਡਾ: ਲੌਰੀ ਭਲੀ ਪ੍ਰਕਾਰ ਸੁਚੇਤ ਸੀ ਕਿ ਈਸਾਈ ਧਰਮ ਦਾ ਪ੍ਰਚਾਰ ਬਹੁਤ ਤੇਜ਼ੀ ਨਾਲ ਕਰਨਾ ਉਪਯੋਗੀ ਸਿੱਧ ਨਹੀਂ ਹੋਵੇਗਾ। ਇਸ ਲਈ ਉਸ ਨੇ ਆਪਣੀ ਪੁਸਤਕ ਵਿਚ ਇਹ ਸੰਕੇਤ ਕਰ ਦਿੱਤਾ ਕਿ ਪ੍ਰਚਾਰ ਦਾ ਕੰਮ ਇਕਦਮ ਨਹੀਂ ਹੋਣਾ ਚਾਹੀਦਾ, ਸਗੋਂ ਇਸ ਨੂੰ ਹੌਲੀ ਹੌਲੀ ਹੱਥ ਪਾਉਣਾ ਚਾਹੀਦਾ ਹੈ। ਅਗੋਂ ਮਿਸ਼ਨ ਦਾ ਕੰਮ ਡਾ: ਲੌਰੀ ਦੇ ਯੋਗ ਉੱਤਰਾਧਿਕਾਰੀਆਂ ਦੇ ਸਿਰ ਉਤੇ ਆਣ ਪਇਆ। ਵਾਹ ਲੱਗਦੀ ਉਨ੍ਹਾਂ ਨੇ ਡਾ: ਲੌਰੀ ਦੇ ਪਾਏ ਪੂਰਨਿਆਂ ਉਪਰ ਤੁਰਨਾ ਹੀ ਯੋਗ ਸਮਝਿਆ। ਉਸ ਨੂੰ ਆਪ ਬਹੁਤ ਦੇਰ ਤਕ ਇਹ ਕੰਮ ਕਰਨ ਦਾ ਅਵਸਰ ਨਹੀਂ ਮਿਲ ਸਕਿਆ, ਕਿਉਂਕਿ ਉਸ ਨੂੰ ਫ਼ੌਜੀ ਡਾਕਟਰ ਨੇ ਦੱਸ ਦਿੱਤਾ ਸੀ ਕਿ ਜੇ ਉਹ ਦੇਸ਼ ਛਡ ਕੇ ਇਕਦਮ ਵਾਪਸ ਅਮਰੀਕਾ ਨਹੀਂ ਜਾਂਦਾ, ਤਾਂ ਉਸ ਦਾ ਬਚਣਾ ਔਖਾ ਹੋ ਜਾਵੇਗਾ। ਲਾਚਾਰ ਹੋ ਕੇ ਜਨਵਰੀ 1836 ਈ: ਵਿਚ ਉਸ ਨੂੰ ਲੁਧਿਆਣਾ ਛੱਡਣਾ ਪਇਆ ਅਤੇ ਅਪ੍ਰੈਲ 1836 ਈ: ਨੂੰ ਉਹ ਕਲਕੱਤਾ ਪਹੁੰਚ ਗਇਆ।[4]

18 ਦਸੰਬਰ 1835 ਈ: ਨੂੰ ਜੇਮਜ਼ ਵਿਲਸਨ ਤੇ ਜਾਨ ਨਿਊਟਨ ਆਪਣੀਆਂ ਪਤਨੀਆਂ ਸਮੇਤ ਲੁਧਿਆਣੇ ਆ ਪਹੁੰਚੇ। ਮਾਰਚ 1836 ਈ: ਵਿਚ ਮਿ: ਜੇਮਜ਼ ਆਰ. ਕੈਂਬਲ, ਮਿ. ਜੇਮਜ਼ ਐਮ. ਈਵਨ ਤੇ ਮਿ: ਜੇਮਜ਼ ਐਮ. ਜਮੀਸਨ ਵੀ ਉਨਾਂ ਸੰਗ ਆ ਰਲੇ।[5] ਜਨਵਰੀ 1837 ਈ: ਵਿਚ 13 ਮੈਂਬਰਾਂ ਦਾ ਚਰਚ ਸਥਾਪਿਤ ਕੀਤਾ ਗਇਆ। ਵਿਲੀਅਮ ਡੀ. ਹੋਵਰਡ ਨੇ ਆਪਣੀ ਪੁਸਤਕ ਵਿਚ ਇਸ ਗਿਰਜੇ ਦੇ ਸਥਾਪਿਤ ਹੋਣ ਦੀ ਗਵਾਹੀ ਦਿੱਤੀ ਹੈ।[6]

ਮਿਸਟਰ ਲੌਰੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਮਿਸ਼ਨਰੀਆਂ ਨੇ 1836 ਈ:

---

1. Gorden Andrew, *Our India Mission*, p. 146.
2. ਵੇਖੋ ਫੁੱਟ ਨੋਟ ਨੰਬਰ 3, ਪੰ: 28.
3. ਉਹੀ, ਪੰ: 28.
4. Ed., *Lodiana Mission Reports Dec. 1836-44.* p. 136.
5. Warren; Rev. Joseph. *Missionary Life in North India*, p. 96.
6. "A church was formed in January 1837 at Ludhiana—with thirteen members and it is remarkable that two of its labourers in the missionary work one as a minister of Gospel and the other as a teacher." Howard; William D., *A History of the Origin of the Board of Foreign Missions of the Presbyterian Church*, p. 10.

Digitized by Panjab Digital Library | www.panjabdigilib.org

ਤੋਂ 1847 ਈ: ਤਕ ਪ੍ਰਚਾਰ--ਕਾਰਜ ਦੀ ਤੋਰ ਮੱਠੀ ਰੱਖੀ, ਪਰ ਮਗਰੋਂ ਉਹਨਾਂ ਨੇ ਇਸ ਕੰਮ ਨੂੰ ਤੇਜ਼ੀ ਨਾਲ ਸ਼ੁਰੂ ਕਰ ਦਿਤਾ । ਪੰਜਾਬ ਵਿਚ ਈਸਾਈ ਮਿਸ਼ਨਰੀਆਂ ਨੇ ਲੁਧਿਆਣੇ ਤੋਂ ਛੁਟ ਕੁਝ ਹੋਰ ਸ਼ਹਿਰਾਂ ਵਿਚ ਵੀ ਪ੍ਰਚਾਰ—ਕੇਂਦਰ ਸਥਾਪਿਤ ਕੀਤੇ । ਸਹਾਰਨਪੁਰ 1836 ਈ:, ਸਬਾਥੂ 1836 ਈ:, ਜਲੰਧਰ 1847 ਈ:, ਅੰਬਾਲਾ 1849 ਈ:, ਲਾਹੌਰ 1850 ਈ: ਦੇ ਆਰੰਭ ਵਿਚ, ਡੇਰਾ 1853 ਈ:, ਰਾਵਲਪਿੰਡੀ 1856 ਈ:, ਹੁਸ਼ਿਆਰਪੁਰ 1867 ਈ: ਤੇ ਫੀਰੋਜ਼ਪੁਰ 1870 ਈ: ਵਿਚ ਈਸਾਈ ਪਾਦਰੀਆਂ ਦੇ ਮੁੱਖ ਪ੍ਰਚਾਰ-ਕੇਂਦਰ ਬਣ ਗਏ ।[1] ਉਪ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਗਈ, ਜਿਨਾਂ ਦਾ ਵਿਵਰਣ ਇਸ ਪ੍ਰਕਾਰ ਹੈ—ਮੋੜੀ, ਕਸੂਰ, ਗੁਰਾਇਆ, ਰੋਪੜ, ਮੋਰਿੰਡਾ, ਜਗਰਾਉਂ, ਜਗਾਧਰੀ, ਅੰਬਾਲਾ ਛਾਉਣੀ, ਖਰੜ, ਖੰਨਾ, ਮੁਜ਼ੱਫਰ ਨਗਰ ਤੇ ਰਾਜਪੁਰਾ ।[2] ਇਨਾਂ ਤੋਂ ਇਲਾਵਾ ਦੋ ਈਸਾਈ ਬਸਤੀਆਂ ਵੀ ਵਸਾਈਆਂ ਗਈਆਂ । ਸੰਤੋਖਮਾਜਰਾ ਬਸਤੀ ਕਰਨਾਲ ਵਿਚ ਅਤੇ ਐਨੀ ਨਾਮ ਦੀ ਬਸਤੀ ਕੁੱਲੂ ਜ਼ਿਲੇ ਵਿਚ ਵਸਾਈ ਗਈ । ਇਨ੍ਹਾਂ ਬਸਤੀਆਂ ਦੇ ਸੰਸਥਾਪਕ ਪਾਦਰੀ ਐਮ. ਐਮ. ਕਾਰਲਟਨ ਸਨ ।[3] ਮਿਸ਼ਨਰੀਆਂ ਦਾ ਪਹਿਲਾਂ ਸਹਿਜੇ-ਸਹਿਜੇ ਅਤੇ ਮਗਰੋਂ ਤੇਜ਼ੀ ਨਾਲ ਸਾਰੇ ਪੰਜਾਬ ਵਿਚ ਫੈਲ ਜਾਣਾ ਕੋਈ ਵਿਚਿੱਤਰ ਘਟਨਾ ਨਹੀਂ ਸੀ, ਕਿਉਂਕਿ ਇਹ ਕੇਵਲ ਲੁਧਿਆਣਾ ਮਿਸ਼ਨ ਦੇ ਜਤਨਾਂ ਦਾ ਸਿੱਟਾ ਨਹੀਂ ਸੀ । ਸਮਾਂ ਪਾ ਕੇ ਦੇਖਾ ਦੇਖੀ ਅਮਰੀਕਾ, ਇੰਗਲਿਸਤਾਨ, ਸਕਾਟਲੈਂਡ ਆਦਿ ਦੇਸ਼ਾਂ ਤੋਂ ਹੋਰ ਬਹੁਤ ਸਾਰੀਆਂ ਮਿਸ਼ਨਰੀ ਸੰਸਥਾਵਾਂ ਨੇ ਭਾਰਤ ਆ ਕੇ ਪੰਜਾਬ ਵਿਚ ਫੈਲਣਾ ਸ਼ੁਰੂ ਕਰ ਦਿੱਤਾ ਸੀ । ਇਨ੍ਹਾਂ ਮਿਸ਼ਨਰੀ ਸੰਸਥਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ : ਮੋਰਾਵੀਅਨ ਸੋਸਾਇਟੀ, ਅਮੈਰਿਕਨ ਯੂਨਾਈ-ਟਿਡ ਪ੍ਰੈਸਬੀਟੇਰੀਅਨ ਸੋਸਾਇਟੀ, ਮੈਥੋਡਿਸਟ ਏਪਿਸਕੋਪਲ ਸੋਸਾਇਟੀ, ਦੀ ਚਰਚ ਆਫ਼ ਸਕਾਟਲੈਂਡ, ਦੀ ਜ਼ਨਾਨਾ ਬਾਈਬਲ, ਮੈਡੀਕਲ ਮਿਸ਼ਨਜ਼, ਸਾਲਵੇਸ਼ਨ ਆਰਮੀ; ਕਰਿਸਚੀਅਨ ਲਿਟਰੇਚਰ ਸੋਸਾਇਟੀ, ਪੰਜਾਬ ਰਿਲਿਜਸ ਬੁੱਕ ਸੋਸਾਇਟੀ ਅਤੇ ਅਮੈਰਿਕਨ ਟ੍ਰੈਕਟ ਸੋਸਾਇਟੀ, ਲੁਧਿਆਣਾ । ਇਹ ਮਿਸ਼ਨਰੀ ਤੂਫ਼ਾਨ ਦੀ ਤਰ੍ਹਾਂ ਆਏ ਅਤੇ ਸਾਰੇ ਪੰਜਾਬ ਵਿਚ ਫੈਲ ਗਏ । ਹੁਣ ਤਕ ਪੰਜਾਬ ਉਤੇ ਅੰਗ੍ਰੇਜ਼ੀ ਰਾਜ-ਅਧਿਕਾਰ ਪੱਕੇ ਪੈਰੀਂ ਸਥਾਪਿਤ ਹੋ ਗਇਆ ਸੀ ਅਤੇ ਸਰਕਾਰ ਵਲੋਂ ਵੀ ਇਨ੍ਹਾਂ ਮਿਸ਼ਨਰੀਆਂ ਨੂੰ ਸਹਾਇਤਾ ਮਿਲਦੀ ਸੀ ।[4] ਸੋ ਧਰਮ-ਪ੍ਰਚਾਰ ਦੀ ਲਗਨ ਵਿਚ

---

1. Warren; Rev. Joseph, *Missionary Life in North India*, p. 98.
2. ਉਹੀ, ਪੰ: 112--113,
3. "The Christian settlements of Santoke Majra and Annee, these two christian settlements were founded by the Rev. M.M. Carelton, who is recognised as a purely itinerant missionary, though most of his time is spent at one or other, of these villages."
   Newton, John, *History of the American Presbyterian Mission*, p. 20.
4. "Sir John Lawrence, the chief Commiosioner of punjab regularly contributed Rupees five hundred a year to these missionary activities. Even Queen Victoria, in her letter of 24th Nov. 1854 addressed to Lord Dalhousie, expressed her hope that with the development of the railways in the country, Christianity would get a fillip."
   Letters of Queen Victoria, 1837—1861, Vol. III. pp. 68—69.

Digitized by Panjab Digital Library | www.panjabdigilib.org

ਮਸਤ ਈਸਾਈ ਮਿਸ਼ਨਰੀਆਂ ਨੇ ਹੌਲੀ ਹੌਲੀ ਸਾਰੇ ਭਾਰਤ ਵਿਚ ਅਤੇ ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਈਸਾਈ ਮਤ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ ਅਤੇ ਸੰਤ ਟਾਮਸ ਦੇ ਆਰੰਭ ਕੀਤੇ ਹੋਏ ਮਿਸ਼ਨ ਨੂੰ ਨਵਾਂ ਜੀਵਨ ਪ੍ਰਦਾਨ ਕਰਕੇ ਚੜ੍ਹਦੀਆਂ ਕਲਾਂ ਵਿਚ ਲਿਆਂਦਾ। ਪੰਜਾਬੀਆਂ ਉਪਰ ਉਨ੍ਹਾਂ ਦਾ ਪ੍ਰਭਾਵ ਅੰਕਿਤ ਹੋਣ ਲੱਗ ਪਿਆ।

ਛਾਪੇਖ਼ਾਨੇ ਦਾ ਮੁੱਢ

ਈਸਾਈ ਮਿਸ਼ਨਰੀਆਂ ਦੇ ਆਉਣ ਸਦਕਾ ਹੀ ਭਾਰਤ ਵਿਚ ਛਾਪੇਖ਼ਾਨੇ ਦਾ ਪ੍ਰਵੇਸ਼ ਹੋਇਆ। ਈਸਾਈ ਮਿਸ਼ਨਰੀ 1550 ਈ: ਵਿਚ ਛਾਪੇਖ਼ਾਨੇ ਨੂੰ ਭਾਰਤ ਵਿਚ ਲਿਆਏ। ਭਾਵੇਂ ਆਉਣ ਵਾਲੇ 120 ਵਰ੍ਹਿਆਂ ਵਿਚ ਬਾਹਰਲੇ ਦੇਸ਼ਾਂ ਤੋਂ ਛਾਪੇਖ਼ਾਨੇ ਭਾਰਤ ਵਿਚ ਲਿਆਂਦੇ ਗਏ, ਤਾਂ ਵੀ ਸਿਵਾਇ ਪੁਰਤਗਾਲੀ, ਮਲਿਆਲਮ ਤੇ ਤਾਮਿਲ ਭਾਸ਼ਾਵਾਂ ਵਿਚ ਧਾਰਮਿਕ ਪੁਸਤਕਾਂ ਪ੍ਰਕਾਸ਼ਿਤ ਹੋਣ ਦੇ ਹੋਰ ਕਿਸੇ ਵੀ ਕੰਮ ਲਈ ਛਾਪੇਖ਼ਾਨੇ ਦੀ ਵਰਤੋਂ ਨਾ ਕੀਤੀ ਗਈ। ਪਿਛੋਂ ਜਾ ਕੇ ਈਸਟ ਇੰਡੀਆ ਕੰਪਨੀ ਨੇ 1674 ਈ: ਤੋਂ 1753 ਈ: ਤਕ ਬਹੁਤ ਸਾਰੇ ਛਾਪੇਖ਼ਾਨੇ ਭਾਰਤ ਵਿਚ ਲਿਆਂਦੇ, ਪਰ ਆਮ ਛਪਾਈ ਦਾ ਕਾਰਜ ਕਿਤਾਬਤ ਦੁਆਰਾ ਹੀ ਹੁੰਦਾ ਰਹਿਆ, ਭਾਵੇਂ ਯੂਰਪ ਵਿਚ ਸੋਲ੍ਹਵੀਂ ਸਦੀ ਦੇ ਅੱਧ ਤਕ ਸਮਾਚਾਰ-ਪੱਤਰਾਂ ਤੇ ਪੁਸਤਕਾਂ ਦੀ ਛਪਾਈ ਲਈ ਛਾਪੇਖ਼ਾਨੇ ਦਾ ਪ੍ਰਯੋਗ ਆਮ ਹੋਣ ਲੱਗ ਪਇਆ ਸੀ।[1] ਭਾਰਤ ਵਿਚ ਅਠਾਰ੍ਹਵੀਂ ਸਦੀ ਦੇ ਅੱਧ ਤੋਂ ਪਹਿਲਾਂ ਆਮ ਲੋਕਾਂ ਨੂੰ ਛਾਪੇਖ਼ਾਨੇ ਬਾਰੇ ਬਹੁਤੀ ਸੋਝੀ ਨਹੀਂ ਸੀ। ਵੀ. ਡੀ. ਮਹਾਜਨ ਤੇ ਆਰ. ਆਰ. ਸੇਠੀ ਨੇ ਭਾਰਤ ਵਿਚ ਛਾਪੇਖ਼ਾਨੇ ਦੇ ਪ੍ਰਵੇਸ਼ ਦੇ ਸੰਬੰਧ ਵਿਚ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਨੂੰ ਸਵੀਕਾਰ ਕੀਤਾ ਹੈ। ਉਨਾਂ ਦਾ ਵਿਚਾਰ ਹੈ ਕਿ ਐਂਗਲੋ ਇੰਡੀਅਨ ਤੇ ਯੂਰਪੀਨ ਭਾਰਤ ਵਿਚ ਛਾਪਾਖ਼ਾਨਾ ਲਿਆਏ ਅਤੇ ਸਮਾਚਾਰ-ਪੱਤਰ ਵੀ ਪ੍ਰਕਾਸ਼ਿਤ ਕੀਤੇ ਗਏ। ਇਹ ਸਮਾਚਾਰ-ਪੱਤਰ ਜਿਥੇ ਜਾਣਕਾਰੀ ਪ੍ਰਾਪਤ ਕਰਨ ਦਾ ਸਾਧਨ ਸਨ, ਉਥੇ ਨਾਲ ਹੀ ਮਨੋਰੰਜਨ ਦਾ ਵਸੀਲਾ ਵੀ ਸਨ।[2] ਪਰ ਐਸ. ਨਟਰਾਜਨ ਦੀ ਗੱਲ ਇਸ ਸੰਬੰਧ ਵਿਚ ਵਧੇਰੇ ਪ੍ਰਮਾਣਿਕ ਜਾਪਦੀ ਹੈ[3]।

ਭਾਰਤ ਵਿਚ ਪ੍ਰਮੁਖ ਰੂਪ ਵਿਚ ਛਾਪੇਖ਼ਾਨੇ ਨੂੰ ਵਿਸਥਾਰ ਦੇਣ ਵਾਲੇ ਈਸਾਈ ਮਿਸ਼ਨਰੀ ਹੀ

---

1. "The Jesuits, for instance, brought the first printing press into India in 1550. Though the presses were imported in the next 120 years, the work they turned out was the printing of *religious books in Portuguise and in Tamil and Malyalam*. The printing presses which were brought by the East India Company, during the year 1674 to 1753 were neglected. It has been suggested that vested interest in the calligraphist employed by the Mughal Court was a barrier to this development of printing." Natarajan; S., *The History of Press in India*, p. 4.
2. Mahajan; Y. D., and Sethi; R. R., *British Rule in India and After*, p. 488.
3. ਵੇਖੋ ਫੁਟ ਨੋਟ ਨੰਬਰ 1, ਪੰਨਾ 32.

Digitized by Panjab Digital Library | www.panjabdigilib.org

ਸਨ, ਜਿਨ੍ਹਾਂ ਨੇ ਆਪਣੇ ਧਰਮ ਦੇ ਪ੍ਰਸਾਰ ਲਈ ਛਾਪੇਖਾਨੇ ਨੂੰ ਪ੍ਰਚਲਿਤ ਕੀਤਾ । ਇਨ੍ਹਾਂ ਈਸਾਈ ਮਿਸ਼ਨਰੀਆਂ ਵਿਚੋਂ **ਵਿਲੀਅਮ ਕੇਰੀ** ਇਕ ਅਜਿਹਾ ਪ੍ਰਚਾਰਕ ਸੀ, ਜਿਸ ਦੇ ਦਿਲ ਵਿਚ ਈਸਾਈ ਮਤ ਦੇ ਪ੍ਰਚਾਰ ਹਿਤ ਬਾਈਬਲ ਦੇ ਅਨੁਵਾਦ ਭਾਰਤ ਤੇ ਹੋਰ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਕਰਨ ਦੀ ਹਾਰਦਿਕ ਇੱਛਾ ਸੀ । ਉਸ ਨੇ ਇਹ ਅਨੁਵਾਦ ਕਰਕੇ ਜਾਂ ਕਰਵਾ ਕੇ, ਉਨ੍ਹਾਂ ਨੂੰ ਛਪਵਾ ਕੇ ਆਮ ਜਨਤਾ ਤਕ ਪਹੁੰਚਾਉਣ ਦਾ ਉੱਦਮ ਕੀਤਾ । ਪ੍ਰਿੰ: ਪ੍ਰੀਤਮ ਸਿੰਘ ਨੇ ਇਸ ਈਸਾਈ ਮਿਸ਼ਨਰੀ ਨੂੰ ਪੰਜਾਬੀ ਭਾਸ਼ਾ ਦਾ ਪਹਿਲਾ ਅੰਗ੍ਰੇਜ਼ੀ ਲੇਖਕ ਮੰਨਿਆ ਹੈ, ਜੋ ਕਿ ਬਿਲਕੁਲ ਠੀਕ ਹੈ । ਉਸ ਦਾ ਕਹਿਣਾ ਹੈ :

"ਇਹ ਇਕੱਲਾ ਪ੍ਰਤਿਭਾਸ਼ਾਲੀ ਅੰਗ੍ਰੇਜ਼ ਕੋਈ 34-35 ਭਾਸ਼ਾਵਾਂ ਵਿਚ ਬਾਈਬਲ ਦਾ ਪੂਰਾ ਅਨੁਵਾਦ ਕਰ ਜਾਂ ਕਰਵਾ ਕੇ ਛਪਵਾਉਣ ਵਿਚ ਸਫ਼ਲ ਹੋਇਆ । ਕਈ ਭਾਸ਼ਾਵਾਂ ਦੇ ਪਹਿਲੇ ਵਿਆਕਰਣ ਅਤੇ ਕਈਆਂ ਦੇ ਕੋਸ਼ ਤਿਆਰ ਕੀਤੇ, ਕਈਆਂ ਭਾਸ਼ਾਵਾਂ ਵਿਚ ਲਿਖਤੀ ਸਾਹਿਤ ਇਸ ਦੀ ਕਿਸੇ ਨਾ ਕਿਸੇ ਰਚਨਾ ਨਾਲ ਆਰੰਭ ਹੋਇਆ, ਕਈਆਂ ਦੀ ਗੱਦ-ਰਚਨਾ ਵਿਚ ਕੇਰੀ ਨੇ ਪਹਿਲ ਕੀਤੀ ਅਤੇ ਗਿਣਤੀ ਦੀਆਂ ਕੁਝ ਭਾਸ਼ਾਵਾਂ ਛੱਡ ਕੇ ਬਾਕੀ ਸਭਨਾਂ ਵਿਚ ਛਾਪਾ ਪਹਿਲੀ ਵਾਰੀ ਲਿਆਂਦਾ । ਇਵੇਂ ਡਾਕਟਰ ਕੇਰੀ ਸਾਰੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਨਵੇਂ ਜਾਗਰਿਤ ਹੋਏ ਜੋਸ਼ ਦਾ ਪਿਤਾਮਾ ਅਤੇ ਆਧੁਨਿਕਤਾ ਦੇ ਪ੍ਰਵੇਸ਼ ਦਾ ਸਭ ਤੋਂ ਵੱਡਾ ਤੇ ਸ਼ਕਤੀਸ਼ਾਲੀ ਸਾਧਨ ਬਣਿਆ ।[1]"

ਸਿਰਿਲ ਬਰੂਸ ਫ਼ਿਲਥ ਵਿਲੀਅਮ ਕੇਰੀ ਦੇ ਭਾਰਤ ਵਿਚ ਆਉਣ ਨੂੰ ਅਨੋਖਾ ਤੇ ਉੱਘਾ ਆਗਮਨ ਸਮਝਦਾ ਹੈ ।[2]

ਵਿਲੀਅਮ ਕੇਰੀ ਨੇ ਕਲਕੱਤਾ ਨਗਰ ਵਿਚ ਪਹੁੰਚਣ ਮਗਰੋਂ ਮਾਲਦਾ ਵਿਚ ਰਹਿੰਦਿਆਂ ਹੋਇਆਂ ਬੰਗਾਲੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ । ਉਹ ਬੜੀ ਮਿਹਨਤ, ਲਗਨ ਤੇ ਦ੍ਰਿੜ੍ਹਤਾ ਨਾਲ ਆਪਣੇ ਕੰਮ ਵਿਚ ਸੰਲਗਨ ਰਹਿਆ । ਬਾਈਬਲ ਦਾ ਬੰਗਾਲੀ ਅਨੁਵਾਦ ਉਸ ਨੇ ਇਕ ਪੰਡਿਤ ਤੇ ਮਿਸਟਰ ਟਾਮਸ ਦੇ ਸਹਿਯੋਗ ਨਾਲ ਸਮਾਪਤ ਕੀਤਾ ।[3] ਉਸ ਨੂੰ ਪ੍ਰਕਾਸ਼ਿਤ ਰੂਪ ਵਿਚ ਵੇਖਣ ਦੀ ਇੱਛਾ ਵੀ ਉਸ ਨੇ ਜਲਦੀ ਪੂਰੀ ਕੀਤੀ । ਕੰਪਨੀ ਦੇ ਕਮਰਸ਼ਲ ਰੈਜ਼ੀਡੈਂਟ ਦੀ ਸਹਾਇਤਾ ਨਾਲ ਉਹ ਇਸ ਕਾਰਜ ਦੀ ਪੂਰਤੀ ਲਈ ਛਾਪਾਖਾਨਾ ਪ੍ਰਾਪਤ ਕਰਨ ਵਿਚ ਸਫ਼ਲ ਹੋਇਆ । 1800 ਈ: ਵਿਚ ਵਿਲੀਅਮ ਕੇਰੀ ਨੇ ਆਪਣੀ ਫ਼ੈਕਟਰੀ ਵੇਚ ਦਿੱਤੀ ਅਤੇ ਸੀਰਾਮ-ਪੁਰ ਵਿਚ ਜਾ ਕੇ ਨਵੇਂ ਆਏ ਮਿਸ਼ਨਰੀ ਪਰਿਵਾਰਾਂ ਨੂੰ ਜਾ ਮਿਲਿਆ । ਪ੍ਰੈਸ ਦੇ ਕੰਮ ਨੂੰ ਚਲਾਉਣ

---

1. ਪ੍ਰੋ: ਪ੍ਰੀਤਮ ਸਿੰਘ; ਆਲੋਚਨਾ ਮਾਸਿਕ, 1962.
2. Filth; Cyril Bruce, *An Introduction to Indian Church History*, p. 143.
3. "With a Pandit and some assistance from Thomas, he translated the New Testament and the large part of the Old Testament into Bengali Through the commercial resident of the East India Company, who was in sympathy with these Christian activities, he obtained a press for the future use of the mission."

ਵੇਖੋ ਫੁਟ-ਨੋਟ ਨੰਬਰ 3, ਪੰ: 33.

Digitized by Panjab Digital Library | www.panjabdigilib.org

ਲਈ ਉਸ ਦੀ ਮਦਦ ਜੋਸ਼ੂਆ ਮਾਰਸ਼ਮੈਨ ਤੇ ਵਿਲੀਅਮ ਵਾਰਡ ਆਦਿਕ ਮਿਸ਼ਨਰੀਆਂ ਨੇ ਕੀਤੀ। ਇਨ੍ਹਾਂ ਮਿਸ਼ਨਰੀਆਂ ਦਾ ਮੂਲ ਮੰਤਵ ਬਾਈਬਲ ਨੂੰ ਨਵੇਂ ਨਿਯਮਾਂ ਅਨੁਸਾਰ ਬੰਗਾਲੀ ਭਾਸ਼ਾ ਵਿਚ ਪ੍ਰਕਾਸ਼ਿਤ ਹੋਈ ਦੇਖਣਾ ਸੀ। ਇਸ ਮੰਤਵ ਦੀ ਸਿੱਧੀ ਲਈ ਵਿਲੀਅਮ ਕੇਰੀ ਦਾ ਛਾਪਾਖ਼ਾਨਾ ਸੀਰਾਮਪੁਰ ਵਿਚ ਹੀ ਸਥਾਪਿਤ ਕਰ ਦਿੱਤਾ ਗਇਆ ਸੀ ਅਤੇ 1801 ਈ: ਵਿਚ ਬਾਈਬਲ ਨਵੇਂ ਨਿਯਮਾਂ ਅਨੁਸਾਰ ਛਪ ਵੀ ਚੁੱਕਾ ਸੀ।[1] ਡਾ: ਗੰਡਾ ਸਿੰਘ ਨੇ ਵੀ ਈਸਾਈ ਮਿਸ਼ਨਰੀਆਂ ਦੀ ਉੱਤਰੀ ਭਾਰਤ ਨੂੰ ਛਾਪੇਖ਼ਾਨੇ ਦੀ ਦਾਤ ਬਖਸ਼ਣ ਦੀ ਹਾਮੀ ਭਰੀ ਹੈ। ਉਸ ਦਾ ਵਿਚਾਰ ਹੈ ਕਿ ਈਸਾਈ ਮਿਸ਼ਨਰੀਆਂ ਨੇ ਉੱਤਰੀ ਭਾਰਤ ਵਿਚ ਸਭ ਤੋਂ ਪਹਿਲਾਂ ਛਾਪਾਖ਼ਾਨਾ ਲਿਆਂਦਾ। ਸਭ ਤੋਂ ਪਹਿਲਾਂ ਭਾਰਤ ਵਿਚ ਪ੍ਰਯੋਗ ਵਿਚ ਲਿਆਂਦੇ ਗਏ ਬੰਗਾਲੀ ਟਾਈਪ 1778 ਈ: ਵਿਚ ਹੇਲਡ ਦੀ ਬੰਗਾਲੀ ਵਿਆਕਰਣ ਪ੍ਰਕਾਸ਼ਿਤ ਕਰਨ ਲਈ ਵਰਤੇ ਗਏ, ਪਰ ਇਸ ਗੱਲ ਦਾ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ।[2]

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਨੂੰ ਛਾਪੇਖ਼ਾਨੇ ਦੀ ਦੇਣ ਈਸਾਈ ਮਿਸ਼ਨਰੀਆਂ ਨੇ ਦਿੱਤੀ। ਭਾਵੇਂ ਉਨ੍ਹਾਂ ਦਾ ਮੂਲ ਮਨੋਰਥ ਈਸਾਈ ਧਰਮ ਦਾ ਪ੍ਰਚਾਰ ਸੀ, ਪਰ ਇਸ ਬਹਾਨੇ ਭਾਰਤੀ ਭਾਸ਼ਾਵਾਂ ਦੀ ਸਾਹਿਤਕ ਪ੍ਰਤਿਭਾ ਨੂੰ ਵੀ ਪ੍ਰਫੁੱਲਿਤ ਹੋਣ ਦਾ ਮੌਕਾ ਮਿਲਿਆ। ਅੰਗ੍ਰੇਜ਼ਾਂ ਦੇ ਭਾਰਤ ਨਾਲ ਰਾਜਨੀਤਕ ਪੱਧਰ ਉਤੇ ਮਾਲਕਾਂ ਵਾਲੇ ਸੰਬੰਧ ਹੋਣ ਕਾਰਣ ਆਮ ਤੌਰ ਤੇ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਵਿਰੁੱਧ ਰਾਇ ਪੇਸ਼ ਕੀਤੀ ਹੈ, ਜਿਸ ਕਰਕੇ ਬਹੁਤ ਵਾਰੀ ਇਸ ਭੁੱਲ ਦੀ ਸੰਭਾਵਨਾ ਰਹਿੰਦੀ ਹੈ ਕਿ ਇਨ੍ਹਾਂ ਅੰਗ੍ਰੇਜ਼ਾਂ ਨਾਲ ਸੰਪਰਕ ਸਥਾਪਿਤ ਹੋਣ ਕਾਰਣ ਹੀ ਭਾਰਤ ਨੇ ਆਧੁਨਿਕਤਾ ਦੇ ਯੁਗ ਵਿਚ ਪ੍ਰਵੇਸ਼ ਕੀਤਾ। ਆਧੁਨਿਕਤਾ ਦੇ ਪ੍ਰਵੇਸ਼ ਦਾ ਸਭ ਤੋਂ ਵੱਡਾ ਸਾਧਨ ਛਾਪੇਖ਼ਾਨੇ ਦਾ ਭਾਰਤ ਵਿਚ ਪ੍ਰਚਲਿਤ ਹੋਣਾ ਸੀ। ਅੱਜ ਅਸੀਂ ਛਾਪੇਖ਼ਾਨੇ ਉਪਰ ਇੰਨਾ ਨਿਰਭਰ ਹਾਂ ਕਿ ਇਹ ਮੰਨਣਾ ਜ਼ਰਾ ਔਖਾ ਲੱਗਦਾ ਹੈ ਕਿ ਕੋਈ ਸਮਾਂ ਛਾਪੇ ਤੋਂ ਬਿਨਾਂ ਵੀ ਹੋਵੇਗਾ। ਪਰ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਜਦੋਂ ਈਸਾਈ ਪਾਦਰੀਆਂ ਨੇ ਲੁਧਿਆਣੇ ਵਿਚ ਆਪਣਾ ਕੇਂਦਰ ਕਾਇਮ ਕੀਤਾ, ਤਾਂ ਪੰਜਾਬ ਵਿਚ ਇਕ ਵੀ ਛਾਪਾਖ਼ਾਨਾ ਮੌਜੂਦ ਨਹੀਂ ਸੀ। ਹਰ ਪੁਸਤਕ ਹੱਥ ਨਾਲ ਲਿਖੀ ਜਾਂਦੀ ਸੀ ਅਤੇ ਵੱਡੇ ਵੱਡੇ ਸ਼ਹਿਰਾਂ ਤੇ ਕੁਝ ਪਿੰਡਾਂ ਵਿਚ ਇਸ ਕੰਮ ਲਈ ਕਾਤਬਾਂ ਦਾ ਇਕ ਕਿੱਤਾ ਹੁੰਦਾ ਸੀ। ਕਈ ਘਰਾਣੇ ਕਾਤਬੀ ਦੇ ਕੰਮ ਵਿਚ ਮਾਹਿਰ ਹੁੰਦੇ ਸਨ।

---

1. "Carey's Press was set-up and entrusted to William Ward. The printing of the Bengali New Testament was finished early in 1801."
Filth; Cyril Bruce, *An Introduction to Indian Church History*, p. 142.
2. Incidentally it may also be mentioned that it was the Christians who introduced the art of printing in Northern India. The first Bengali types ever used in India were those employed in 1778 in printing Haled Bengali grammar at a press in Hughly of which, no record is available. Sir Charles Wilkin cut a set of Bengali puches with his own hands and taught the art to an expert Black-Smith. The next notice which exists of the printing of any work in Bengali is about Duncan's translations of Sir Eliyah Impay's Regulations at the East India Comany's press in 1785."
Ganda Singh; Dr., *Christianity in Punjab Bibliographical Survey*, p. 26.

Digitized by Panjab Digital Library | www.panjabdigilib.org

ਹਰ ਇਕ ਪੁਸਤਕ ਦੀ ਹਰ ਇਕ ਕਾਪੀ ਹੱਥ ਨਾਲ ਲਿਖੀ ਹੋਣ ਕਰਕੇ ਪੁਸਤਕ ਵੀ ਕਾਫ਼ੀ ਮਹਿੰਗੀ ਹੁੰਦੀ ਸੀ ਅਤੇ ਆਮ ਲੋਕਾਂ ਤਕ ਉਸਦੀ ਪਹੁੰਚ ਵੀ ਲਗਭਗ ਅਸੰਭਵ ਹੀ ਸੀ। ਸ਼ਾਇਦ ਇਸੇ ਕਾਰਣ ਉਸ ਸਮੇਂ ਵਿੱਦਿਆ ਦੇ ਸਾਧਨ ਅੱਜ ਵਾਂਗ ਸਹਿਜੇ ਪ੍ਰਾਪਤ ਨਹੀਂ ਸਨ। ਭਾਰਤ ਵਿਚ ਜਿਵੇਂ ਕਿ ਪਿਛੇ ਦਸਿਆ ਗਇਆ ਹੈ; ਸਭ ਤੋਂ ਪਹਿਲਾਂ ਸੀਰਾਮਪੁਰ ਵਿਚ ਸਥਿਤ ਮਿਸ਼ਨਰੀਆਂ ਦੀ ਸੰਸਥਾ ਨੇ ਭਾਰਤੀ ਭਾਸ਼ਾਵਾਂ ਲਈ ਟਾਈਪ ਦੀ ਵਰਤੋਂ ਆਰੰਭ ਕੀਤੀ। ਵਿਲੀਅਮ ਕੇਰੀ ਨੇ ਮਾਰਸ਼ਮੈਨ ਤੇ ਵਿਲੀਅਮ ਵਾਰਡ ਦੇ ਸਹਿਯੋਗ ਨਾਲ ਦੇਸੀ ਅੱਖਰ-ਮਾਲਾ ਦੇ ਟਾਈਪ ਤਿਆਰ ਕਰਵਾ ਲਏ। ਇਨ੍ਹਾਂ ਵਿਚ ਗੁਰਮੁਖੀ, ਮੁਲਤਾਨੀ, ਡੋਗਰੀ ਤੇ ਲੰਡੇ ਦੇ ਟਾਈਪ ਵੀ ਸਨ। ਇਸ ਟਾਈਪ ਦੁਆਰਾ ਹੀ ਬਾਈਬਲ ਦਾ ਪੰਜਾਬੀ ਭਾਸ਼ਾ ਵਿਚ ਪਹਿਲਾ ਅਨੁਵਾਦ 1811 ਈ: ਵਿਚ ਛਪਿਆ, ਜੋ ਅੱਜ ਵੀ ਕੇਰੀ ਲਾਇਬ੍ਰੇਰੀ, ਸੀਰਾਮਪੁਰ ਵਿਚ ਸੁਰੱਖਿਅਤ ਹੈ।

ਡਾ: ਲੋਰੀ ਨੇ ਕੁਝ ਤਾਂ ਅਮਰੀਕਾ ਦੇ ਤਜਰਬੇ ਅਤੇ ਕੁਝ ਸੀਰਾਮਪੁਰ ਵਾਲੇ ਮਿਸ਼ਨਰੀਆਂ ਤੋਂ ਪ੍ਰੇਰਿਤ ਹੋ ਕੇ ਇਹ ਰਾਇ ਬਣਾ ਲਈ ਕਿ ਜੇ ਈਸਾਈ ਮਤ ਦੇ ਪ੍ਰਚਾਰ ਲਈ ਨਵੇਂ ਸਥਾਨ ਉਤੇ ਅੱਡਾ ਕਾਇਮ ਕਰਨਾ ਹੋਵੇ, ਤਾਂ ਪ੍ਰੈਸ ਦੇ ਬਿਨਾਂ ਕੰਮ ਨਹੀਂ ਚਲ ਸਕੇਗਾ। ਪ੍ਰੈਸ ਦੀ ਗੰਭੀਰ ਲੋੜ ਨੂੰ ਉਸ ਨੇ ਆਪਣੀ ਪੁਸਤਕ ਵਿਚ ਵੀ ਮਹਿਸੂਸ ਕੀਤਾ ਹੈ।[1] ਆਪਣੇ ਲੁਧਿਆਣਾ ਛੱਡਣ ਤੋਂ ਪਹਿਲਾਂ ਹੀ ਉਹ ਇਸ ਸੰਬੰਧ ਵਿਚ ਆਉਣ ਵਾਲੇ ਮਿਸ਼ਨਰੀਆਂ ਜਾਨ ਨਿਊਟਨ ਤੇ ਪਾਦਰੀ ਵਿਲਸਨ ਨੂੰ ਪ੍ਰੇਰਣਾ ਦੇ ਗਇਆ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੇ ਕਲਕੱਤੇ ਤੋਂ ਹੀ ਲੱਕੜੀ ਦਾ ਇਕ ਪੁਰਾਣੇ ਨਮੂਨੇ ਦਾ ਛਾਪਾਖ਼ਾਨਾ ਖ਼ਰੀਦ ਕੇ ਲੁਧਿਆਣੇ ਲੈ ਆਂਦਾ।[2] ਪਾਦਰੀ ਜਾਨ ਨਿਊਟਨ ਨੇ ਆਪ ਲੁਧਿਆਣੇ ਵਿਚ ਛਾਪਾਖ਼ਾਨਾ ਲਿਆਉਣ ਦੀ ਹਾਮੀ ਭਰੀ ਹੈ। ਆਪਣੀ ਪੁਸਤਕ ਵਿਚ ਅੱਗੇ ਜਾ ਕੇ ਉਸ ਨੇ ਲਿਖਿਆ ਹੈ ਕਿ ਛਾਪੇਖ਼ਾਨੇ ਦੇ ਕੰਮ ਨੂੰ ਚਲਾਉਣ ਲਈ ਤਿੰਨ ਕਮਰਿਆਂ ਵਾਲਾ ਇਕ ਛੋਟਾ ਜਿਹਾ ਮਕਾਨ ਖਰੀਦਿਆ ਗਇਆ, ਜਿਥੇ ਛਾਪੇਖ਼ਾਨੇ ਦੇ ਦਫ਼ਤਰ ਨੂੰ ਮਗਰੋਂ ਹੋਰ ਵਿਸਥਾਰ ਦਿੱਤਾ ਗਇਆ।[3] 1834 ਈ: ਵਿਚ ਈਸਾਈ ਮਿਸ਼ਨਰੀਆਂ ਵਲੋਂ ਪ੍ਰਕਾਸ਼ਿਤ ਹੋਈ ਸਾਲਾਨਾ ਰੀਪੋਰਟ ਵਿਚ ਵੀ ਪਾਦਰੀ ਨਿਊਟਨ ਤੇ ਪਾਦਰੀ ਵਿਲਸਨ ਦੁਆਰਾ ਕਲਕੱਤੇ ਤੋਂ ਲੁਧਿਆਣਾ ਛਾਪਾਖ਼ਾਨਾ ਲਿਆਉਣ ਬਾਰੇ ਉਲੇਖ ਮਿਲਦਾ ਹੈ। ਇਸ ਛਾਪੇਖ਼ਾਨੇ ਵਿਚ ਸਭ ਤੋਂ

---

1. ਵੇਖੋ–ਫੁੱਟ ਨੋਟ ਨੰਬਰ 2, ਪੰ: 28.

2. Lowrie's insistence on the need of press had led Newton and Wilson to buy a wooden one in Calcutta. This had three folds of types, English, Persian and Nagari."

   Anderson; H. E., *A Century for the Christ*, p. 22.

3. "When Mr, Wilson and I were first in Calcutta on our way to Ludhiana we were advised to take with us a printing press. We accordingly brought, old-fashioned wooden press.........since then the printing office has been greatly enlarged and furnished also with iron and lithographic press."

Digitized by Panjab Digital Library | www.panjabdigilib.org



ਲੇ ਪਰ, ਓਹ ਪਤ ਲਿਆ ਉਸ ਦਾਸਤੇ, ਪੱਲ ਦਿਤਾ ।
ਸੰਝ ਵੇਲੇ ਰੋਗੀ ਨੂੰ ਟੋਰ ਦੇ ਗੋਲੀਆਂ ਖੁਲਾਓ, ਅਰ ਇਹ ਸਰਬਤ ਸਵੇਰ ਨੂੰ ਪਾਹ ਕਟਦੇ ਪਿਲਾਓ । ਅਤੇ ਉਹ ਨੂੰ ਕਹੋ, ਕਿ ਸੌਂਕ ਦੇ ਅਗੇ, ਜਦੀ ਪਤੀ ਤੀਕ, ਆਪਣੇ ਪੈਰ ਗਰਮ ਪਾਣੀ ਵਿਚ ਰਖੇ ।
ਤੈਨੂੰ ਕੀ ਹੋਇਆ ਹੈ ?
ਮੇਰਾ ਪੇਟ ਬਹੁਤ ਚਲਦਾ, ਅਤੇ ਗੁੜਗੁੜਾਉਂਦਾ, ਅਰ ਮਰੋੜਾ ਖਾਹਣਾ ਹੁੰਦਾ ਹੈ ।
ਤੇਰੇ ਸਿਰ ਵਿਚ ਪੀੜ ਸਦਾ ਰਹਿੰਦੀ ਹੈ, ਜਾ ਕਦੇ ਕਦੇ ਹੁੰਦੀ ਹੈ ?
ਕਦੇ ਕਦੇ ਹੁੰਦੀ ਹੈ ; ਰਾਤੀਂ ਤੇ ਅਗੇ ਜਾ ਖਾਸ ਕਰਕੇ ਬਹੁਤ ਹੀ ਹੁੰਦੀ ਹੈ ।
ਤੇਰੇ ਦਾਜ਼ੇ ਦਾ ਰੰਗ ਕਿਹਾ ਜਿਹਾ ਹੈ ?
ਬਹੁਤ ਜਾ ਆਉਂ, ਜਰਦ ਰੰਗ ਨਾਲ ਮਿਲੀ ਹੋਈ ਡਿਗਦੀ ਹੈ ।
ਓਹ ਬਹੁਤ ਆਉਂਦੇ ਹਨ, ਜਾ ਥੁਹੜੇ ?
ਬਹੁਤ ਥੁਹੜੇ ।
ਪਹਿਲਾਂ ਤੇਰੇ ਉਤੇ ਰੋਗ ਕਿਕੁਰ ਆਇਆ ?

ਵਿਲੀਅਮ ਕੇਰੀ ਦੁਆਰਾ ਤਿਆਰ ਕੀਤੇ ਗਏ
ਪੰਜਾਬੀ ਟਾਈਪ ਦਾ ਨਮੂਨਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪਹਿਲਾਂ 'ਏ ਸਰਮਨ ਫ਼ਾਰ ਦੀ ਵਰਲਡ' ਦਾ ਫ਼ਾਰਸੀ ਰੂਪਾਂਤਰ ਪ੍ਰਕਾਸ਼ਿਤ ਹੋਇਆ ।[1]

ਜੋ ਕੁਝ ਇਸ ਪ੍ਰੈਸ[2] ਤੋਂ ਛਪ ਕੇ ਬਾਹਰ ਆਇਆ, ਉਸ ਦਾ ਆਕਾਰ ਤਾਂ ਬਹੁਤ ਵੱਡਾ ਬਣਦਾ ਹੈ ਅਤੇ ਜਿਨ੍ਹਾਂ ਭਾਸ਼ਾਵਾਂ ਵਿਚ ਇਹ ਸਾਮੱਗਰੀ ਮੁਦ੍ਰਿਤ ਹੁੰਦੀ ਰਹੀ, ਉਨ੍ਹਾਂ ਦੀ ਗਿਣਤੀ ਵੀ ਕਾਫ਼ੀ ਹੈ, ਪਰ ਕਿਉਂਕਿ ਸਾਡਾ ਸੰਬੰਧ ਕੇਵਲ ਪੰਜਾਬੀ ਵਿਚ ਪ੍ਰਕਾਸ਼ਿਤ ਹੋਈਆਂ ਰਚਨਾਵਾਂ ਨਾਲ ਹੈ, ਇਸ ਲਈ ਇਥੇ ਉਨ੍ਹਾਂ ਹੀ **ਗ੍ਰੰਥਾਂ ਤੇ ਲਘੂ-ਪੁਸਤਕਾਂ ਦੀ ਸੂਚੀ ਦੇਣਾ ਉਪਯੋਗੀ ਹੋਵੇਗਾ,** ਜਿਨ੍ਹਾਂ ਦੀ ਭਾਸ਼ਾ ਪੰਜਾਬੀ ਸੀ, ਜਾਂ ਜਿਨ੍ਹਾਂ ਦਾ ਵਿਸ਼ੇ ਕਿਸੇ ਤਰ੍ਹਾਂ ਪੰਜਾਬੀ ਭਾਸ਼ਾ ਜਾਂ ਸਾਹਿਤ ਨਾਲ ਸੰਬੰਧ ਰੱਖਦਾ ਸੀ । ਇਹ ਸੂਚੀ ਪ੍ਰਸਤੁਤ ਕਰਨ ਦਾ ਮਨੋਰਥ ਕੇਵਲ ਇਹੋ ਹੈ ਕਿ ਈਸਾਈ ਮਿਸ਼ਨ-ਰੀਆਂ ਨੇ ਛਾਪੇਖ਼ਾਨੇ ਰਾਹੀਂ ਜੋ ਸੇਵਾ ਪੰਜਾਬੀ ਭਾਸ਼ਾ ਜਾਂ ਸਾਹਿਤ ਦੀ ਕੀਤੀ, ਉਸ ਦਾ ਵਿਵਰਣ ਸਾਹਮਣੇ ਆ ਸਕੇ । ਕਈਆਂ ਕਾਰਣਾਂ ਕਰਕੇ ਇਹ ਸੂਚੀ ਸੰਪੂਰਣ ਨਹੀਂ ਹੋ ਸਕੀ, ਕਿਉਂਕਿ 1844 ਈ; ਮਗਰੋਂ ਇਸ ਛਾਪੇਖ਼ਾਨੇ ਵਿਚ ਅੱਗ ਲੱਗ ਜਾਣ ਕਰਕੇ ਬਹੁਤ ਸਾਰੀਆਂ ਪੁਸਤਕਾਂ ਅੱਗ ਦੀ ਭੇਟ ਹੋ ਗਈਆਂ । ਇਹ ਬੜੇ ਦੁਰਭਾਗ ਵਾਲੀ ਗੱਲ ਸੀ । ਫਿਰ ਵੀ ਪ੍ਰਾਪਤ ਸਾਧਨਾਂ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆ ਕੇ ਇਹ ਸੂਚੀ ਤਿਆਰ ਕੀਤੀ ਗਈ ਹੈ । ਇਸ ਅਧੂਰੀ ਜਿਹੀ ਸੂਚੀ ਤੋਂ ਪ੍ਰਗਟ ਹੈ ਕਿ ਈਸਾਈ ਪ੍ਰਚਾਰਕਾਂ ਨੇ ਆਪਣੇ ਧਰਮ-ਪ੍ਰਚਾਰ ਦੇ ਨਾਲ ਨਾਲ ਪ੍ਰਕਾਸ਼ਨ-ਕਲਾ ਨੂੰ ਵੀ ਅੱਗੇ ਤੋਂ ਚੰਗੇਰਾ ਬਣਾਉਣ ਦੇ ਉੱਦਮ ਜਾਰੀ ਰੱਖੇ । ਇਹ ਕਲਾ ਇਤਨੀ ਲਾਭਦਾਇਕ ਸੀ ਅਤੇ ਇਸ ਦੀਆਂ ਸੰਭਾਵਨਾਵਾਂ ਇਤਨੀਆਂ ਪ੍ਰਤੱਖ ਸਨ, ਕਿ ਇਸ ਦਾ ਸਾਰੇ ਪੰਜਾਬ ਵਿਚ ਪ੍ਰਚਲਿਤ ਹੋ ਜਾਣਾ ਸੁਭਾਵਿਕ ਸੀ । ਇਥੋਂ ਪ੍ਰੇਰਨਾ ਗ੍ਰਹਿਣ ਕਰਕੇ ਪੰਜਾਬ ਵਿਚ ਹੋਰ ਪ੍ਰੈਸ ਵੀ ਸਥਾਪਿਤ ਹੋਣੇ ਸ਼ੁਰੂ ਹੋ ਗਏ । 1834 ਈ: ਵਿਚ ਲੁਧਿਆਣਾ ਮਿਸ਼ਨ ਦੁਆਰਾ ਪ੍ਰਕਾਸ਼ਿਤ ਸਾਲਾਨਾ ਰੀਪੋਰਟ ਵਿਚ ਛਾਪੇਖ਼ਾਨੇ ਦੀ ਕਾਰਵਾਈ ਬਾਰੇ ਲਿਖਿਆ ਹੈ ਕਿ ਮਿਸ਼ਨ ਨੇ ਆਪਣਾ ਸਾਰਾ ਤ੍ਰਾਣ ਈਸਾਈ ਮਤ ਦੇ ਨਿਯਮਾਂ ਨੂੰ ਵੱਖ ਵੱਖ ਭਾਸ਼ਾਵਾਂ ਵਿਚ ਛਾਪਣ ਉਤੇ ਲਗਾਇਆ ਅਤੇ ਪੰਜਾਬੀ, ਉਰਦੂ, ਹਿੰਦੀ, ਕਸ਼ਮੀਰੀ, ਫ਼ਾਰਸੀ ਭਾਸ਼ਾਵਾਂ ਵਿਚ ਵਧੇਰੇ ਛਪਾਈ ਦਾ ਕੰਮ ਹੋਇਆ ।[3] ਲੁਧਿਆਣਾ ਮਿਸ਼ਨ ਦੇ ਛਾਪੇਖ਼ਾਨੇ ਤੋਂ ਛਪੀਆਂ ਸਾਲਾਨਾ ਰੀਪੋਰਟਾਂ 1834 ਈ: ਤੋਂ ਆਰੰਭ ਹੋ ਕੇ 1893 ਈ: ਤਕ ਮਿਲਦੀਆਂ ਹਨ । ਇਨ੍ਹਾਂ ਵਿਚੋਂ ਕੁਝ ਵਰ੍ਹਿਆਂ ਦੀਆਂ ਰੀਪੋਰਟਾਂ ਸੁਲੱਭ ਨਹੀਂ ਹਨ ।[4] ਪ੍ਰਾਪਤ ਸਾਮੱਗਰੀ ਦੇ ਆਧਾਰ ਉਤੇ ਪੰਜਾਬੀ ਪੁਸਤਕਾਂ ਦੀ ਜੋ ਸੂਚੀ ਤਿਆਰ ਕੀਤੀ ਗਈ ਹੈ, ਉਹ ਇਸ ਪ੍ਰਕਾਰ ਹੈ :—

---

1. "The first issue from the press was a tract entitled 'A Sermon for the World.'
Annual Report. *1834*, A. P. Mission. Ludhiana, p. 6.
2. ਇਹ ਲੱਕੜ ਦਾ ਪਹਿਲਾ ਪ੍ਰੈਸ, ਜੋ ਜਾਨ ਲੋਰੀ ਦੀ ਪ੍ਰੇਰਣਾ ਨਾਲ ਨਿਊਟਨ ਤੇ ਵਿਲਸਨ ਕਲਕੱਤੇ ਤੋਂ ਖ਼ਰੀਦ ਕੇ ਲਿਆਏ ਸਨ, ਅੱਜ ਕਲ੍ਹ ਲਾਹੌਰ ਦੇ ਅਜਾਇਬਘਰ ਵਿਚ ਸਾਂਭਿਆ ਪਇਆ ਹੈ ।
3. ਵੇਖੋ ਫ਼ੁੱਟ-ਨੋਟ ਨੰਬਰ 1, ਪੰ: 36.
4. ਮਿਸਿਜ਼ ਲੋਹਿਲਿਨ, ਜੋ ਮੇਰੀ ਬਟਾਲੇ ਦੀ ਯਾਤਰਾ ਸਮੇਂ ਉਕਤ ਰੀਕਾਰਡ ਲਾਇਬ੍ਰੇਰੀ ਦੀ ਇੰਚਾਰਜ ਸੀ (ਹੁਣ ਨਹੀਂ), ਉਹ ਵੀ ਇਨ੍ਹਾਂ ਦੇ ਲਾਪਤਾ ਹੋਣ ਬਾਰੇ ਅਣਜਾਣ ਹੈ ।

Digitized by Panjab Digital Library | www.panjabdigilib.org

1836 ਈ: ਤੋਂ 1844 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਮੈਥਿਊ ਦੀ ਇੰਜੀਲ	(ਵਾਰਤਕ)	120	5,000
,,	ਜੋਨਜ਼ ਗੋਸਪਲ (ਯੂਹੰਨਾ ਦੀ ਇੰਜੀਲ)	(,,)	96	5,000
,,	ਪਿਲਗ੍ਰਿਮਜ਼ ਪ੍ਰੋਗਰੈਸ (ਮਸੀਹੀ ਮੁਸਾਫ਼ਰ ਦੀ ਯਾਤ੍ਰਾ)	(ਨਾਵਲ)	144	3,000
,,	ਬਾਈਬਲ ਦੇ ਇਤਿਹਾਸ ਵਿਚੋਂ ਚੋਣਵੀਆਂ ਯਾਦਾਂ	(ਸੰਸਮਰਣ)	128	3,000
,,	ਪੰਜਾਬੀ ਅੱਖਰ-ਮਾਲਾ ਪ੍ਰਾਇਮਰ	(ਬਾਲ-ਬੋਧ)	14	150
,,	ਏ ਸਰਮਨ ਫ਼ਾਰ ਦੀ ਵਰਲਡ	(ਵਾਰਤਕ)	24	15,000
,,	ਪ੍ਰਭੂ ਯਸੂ ਮਸੀਹ	(ਜੀਵਨੀ)	24	15,000
,,	ਫ਼ਾਲ ਐਂਡ ਰੀਕਵਰੀ ਆਫ਼ ਮੈਨ	(ਵਾਰਤਕ)	29	13,000
,,	ਮਸੀਹੀ ਪ੍ਰਸ਼ਨੋਤਰੀ	(ਸਵਾਲ-ਜਵਾਬ)	6	15,000
,,	ਪਰਮੇਸੁਰ ਦੇ ਦਸ ਹੁਕਮ (ਦੀ ਟੈਨ ਕਮਾਂਡਮੈਂਟਸ)	(ਵਾਰਤਕ)	6	15,000
,,	ਪਿੱਤਲ ਦਾ ਨਾਗ (ਦੀ ਬਰੇਜ਼ਨ ਸਰਪੈਂਟ)	(ਕਹਾਣੀ	12	15,000
,,	ਗੰਗਾ ਇਸਨਾਨ	(,,)	6	5,000
,,	ਯਾਤ੍ਰੂਆਂ ਦੇ ਨਾਮ	(,,)	12	18,000
,,	ਹਿੰਦੂਆਂ ਲਈ ਪ੍ਰਣ-ਪ੍ਰੱਤਰ	(ਵਾਰਤਕ)	13	5,000
,,	ਗ਼ਰੀਬ ਯੂਸਫ਼	(ਕਹਾਣੀ)	10	10,000
,,	ਬਾਬ ਦੀ ਕੈਬਿਨ ਬੁਆਇ	(ਕਹਾਣੀ)	11	5,000
,,	ਦੋ ਬੁੱਢੇ ਆਦਮੀ	(ਕਹਾਣੀ)	24	5,000
,,	ਯਸੂ ਮਸੀਹ ਦੀ ਕਹਾਣੀ	(ਜੀਵਨੀ)	36	5,000
,,	ਤੁਹਾਡਾ ਧਰਮ ਕਿਹੜਾ ਹੈ	(ਵਾਰਤਕ)	11	5,000
,,	ਉਪਦੇਸ਼ਾਂ ਦੀ ਪੋਥੀ	(ਕਵਿਤਾ)	14	11,000

ਇਸ ਤੋਂ ਮਗਰੋਂ ਲੁਧਿਆਣਾ ਪ੍ਰੈਸ ਦੇ ਅਹਾਤੇ ਵਿਚ ਬੜੀ ਭਿਅੰਕਰ ਅੱਗ ਲੱਗੀ ਅਤੇ ਪ੍ਰੈਸ ਦੇ ਦਫ਼ਤਰ ਵਿਚ ਪਈ ਹਰ ਉਹ ਵਸਤੂ ਭਸਮ ਹੋ ਗਈ, ਜਿਸ ਨੂੰ ਅੱਗ ਸਾੜ ਸਕਦੀ ਸੀ। ਕੇਵਲ ਕੁਝ ਕੁ ਟਾਈਪ, ਲੱਕੜ ਦਾ ਪ੍ਰੈਸ ਤੇ ਕੁਝ ਕੁ ਪੁਸਤਕਾਂ ਹੀ ਬਚ ਸਕੀਆਂ। ਇਸ ਹਾਦਸੇ ਨਾਲ ਮਿਸ਼ਨ ਦਾ ਤਕਰੀਬਨ ਵੀਹ ਹਜ਼ਾਰ ਰੁਪਏ ਦਾ ਨੁਕਸਾਨ ਹੋ ਗਇਆ।[1] ਇਸ ਤੋਂ ਮਗਰੋਂ 1847 ਈ: ਤਕ ਦੀਆਂ ਮਿਸ਼ਨ ਦੁਆਰਾ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ ਲਾਪਤਾ ਹੈ।

---

1. ਵੇਖੋ ਫੁੱਟ-ਨੋਟ ਨੰਬਰ 3, ਪੰ: 31.

Digitized by Panjab Digital Library | www.panjabdigilib.org

1848 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਮਰੁਕਸ ਦੀ ਇੰਜੀਲ	(ਵਾਰਤਕ)	100	10,000
,,	ਬੈਬੁਲ ਦੇ ਚਾਰ ਨੇਮ	(ਵਾਰਤਕ)	476	5,000
,,	ਟ੍ਰੈਕਟ (ਜਿਲਦ ਪਹਿਲੀ)	(ਵਾਰਤਕ)	130	10,000
,,	ਟ੍ਰੈਕਟ (ਜਿਲਦ ਦੂਜੀ)	(ਵਾਰਤਕ)	174	10,000
,,	ਮਸੀਹੀ ਮੁਸਾਫ਼ਰ ਦੀ ਜਾਤ੍ਰਾ	(ਨਾਵਲ)	146	10,000
,,	ਯੂਹੰਨਾ ਦੀ ਇੰਜੀਲ	(ਵਾਰਤਕ)	72	5,000

1849 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਰਸੂਲਾਂ ਦੇ ਕਰਤਬ	(ਵਾਰਤਕ)	254	5,000
,,	ਤਵਾਰੀਖ ਦੀਆਂ ਠੇਠ ਗੱਲਾਂ	(ਇਤਿਹਾਸ)	120	5,000

1850 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ ਉਪਲਬਧ ਨਹੀਂ ।

1851 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਉਤਪਤ (ਜੈਨਿਸਿਸ)	(ਵਾਰਤਕ)	240	3,000
,,	ਲੂਕ ਦੀ ਇੰਜੀਲ	(,,)	156	6,000
,,	ਟ੍ਰੈਕਟ (ਜਿਲਦ ਦੂਜੀ)	(ਟ੍ਰੈਕਟ)	100	6,000
,,	ਸਰਬਵਾਦ ਤੇ ਟ੍ਰੈਕਟ	(,,)	90	8,000
ਅੰਗ੍ਰੇਜ਼ੀ	ਪੰਜਾਬੀ ਗਰਾਮਰ (ਜਾਨ ਨਿਊਟਨ)	(ਵਿਆਕਰਣ)	112	ਪਤਾ ਨਹੀਂ

1852-54 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਪਹਾੜੀ ਉਪਰ ਉਪਦੇਸ਼	(ਵਾਰਤਕ)	16	1,000
,,	ਕਾਂਸੀ ਦੇ ਦੋ	(ਕਹਾਣੀ)	72	3,000
,,	ਪੰਜਾਬੀ ਸ਼ਬਦ-ਕੋਸ਼	(ਕੋਸ਼)	438	600
,,	ਖੇਤੀ ਕਰਨ ਦੀ ਪੋਥੀ	(ਖੇਤੀ-ਬਾੜੀ)	92	600
,,	ਜ਼ਬੂਰ	(ਵਾਰਤਕ)	197	8,000
,,	ਬਚ ਗਿਆ	(ਕਹਾਣੀ)	4	1,000

Digitized by Panjab Digital Library | www.panjabdigilib.org

1855 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਟ੍ਰੈਕਟ (ਜਿਲਦ ਪਹਿਲੀ)	(ਟ੍ਰੈਕਟ)	148	7,000
,,	ਉਤਪਤ ਤੇ ਕੂਚ (ਵੀਹਵੇਂ ਭਾਗ ਤਕ)	(ਵਾਰਤਕ)	220	8,000
,,	ਗੀਤਾਵਲੀ	(ਕਵਿਤਾ)	14	8,000

1856 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਯੂਹੰਨਾ ਦੀ ਇੰਜੀਲ	(ਵਾਰਤਕ)	120	8,000
,,	ਲੂਕਾ ਦੀ ਇੰਜੀਲ	(,,)	158	8,000
,,	ਉਤਪਤ	(,,)	200	3,000
,,	ਲੂਕ	(,,)	156	6,000
,,	ਟ੍ਰੈਕਟ ਦੂਜਾ	(ਟ੍ਰੈਕਟ)	100	6,000

1857 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਮੱਤੀ ਦੀ ਇੰਜੀਲ	(ਵਾਰਤਕ)	60	6,000
,,	ਜਗਤ ਦੀ ਉਤਪਤੀ	(,,)	298	4,000
,,	ਧਰਮ ਪੁਸਤਕ ਵਿਚੋਂ	(,,)	170	5,000

1858 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਬਾਰਥ ਧਰਮ-ਗ੍ਰੰਥ ਕੋਸ਼ (Barth's Scripture Dictionary)	(ਕੋਸ਼)	298	4,000

1859 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ ਉਪਲਬਧ ਨਹੀਂ ।

1860 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਮਸੀਹੀ ਮੁਸਾਫਰ ਦੀ ਜਾਤ੍ਰਾ	(ਨਾਵਲ)	144	6,000
,,	ਮਰੁਕਸ ਦੀ ਇੰਜੀਲ	(ਵਾਰਤਕ)	94	6,000
,,	ਮੁਕਤੀਮਾਲਾ	(,,)	109	4,000

Digitized by Panjab Digital Library | www.panjabdigilib.org

1861 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਲੂਕਾ ਦੀ ਇੰਜੀਲ	(ਵਾਰਤਕ)	157	6,000
,,	ਬੇਬੂਲ ਸਾਰ	(ਟ੍ਰੈਕਟ)	20	4,000
,,	ਹਿੰਦੂਆਂ ਦੇ ਇਤਰਾਜ਼ਾਂ ਦਾ ਖੰਡਨ	(ਵਾਰਤਕ)	97	5,000
,,	ਰਸੂਲਾਂ ਦੇ ਕਰਤਬ	(,,)	249	5,000
,,	ਪ੍ਰਭੂ ਅੱਗੇ ਬੇਨਤੀ	(ਕਵਿਤਾ)	22	2,000
,,	ਦਸ ਹਜ਼ੂਰੀ ਹੁਕਮ	(ਵਾਰਤਕ)	ਪਤਾ ਨਹੀਂ	2,000
,,	ਚੁਪੱਤ੍ਰੀਆਂ ਦੂਜੀ ਪੋਥੀ	(ਕਹਾਣੀਆਂ)	176	3,000

1862 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪਜਾਬੀ	ਉਪਦੇਸ਼ ਪੱਤਰੀ	(ਵਾਰਤਕ)	100	5,000
,,	ਮੁਕਤੀਦਾਤਾ ਦੀ ਸਤੁਤੀ ਦਾ ਗੀਤ	(ਕਵਿਤਾ)	1	10,000
,,	ਯੂਹੰਨਾ ਦੀ ਅੰਜੀਲ	(ਵਾਰਤਕ)	120	3,000
,,	ਬੇਬੂਲ ਸਾਰ	(ਕਹਾਣੀਆਂ)	18	8,000
,,	ਮਸੀਹੀ ਮੁਸਾਫ਼ਰ ਦੀ ਜਾਤ੍ਰਾ ਦੀਆਂ ਤਸਵੀਰਾਂ ਤੇ ਬੇਬੂਲ ਇਤਿਹਾਸ	(ਸਚਿੱਤਰ ਇਤਿਹਾਸ)	40	9,500

1863-64 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਨਿਸਤਾਰ ਬਿਧ	(ਕਹਾਣੀ)	4	6,000
,,	ਪਹਿਲੇ ਪਾਪ ਦੀ ਵਿਥਿਆ	(,,)	20	8,000
,,	ਮੰਗਲ ਮਾਰਗ	(,,)	54	6,000
,,	ਧਰਮ ਮਾਰਗ	(ਵਾਰਤਕ)	138	1,000
,,	ਸ਼ਾਂਤੀ ਦਾਇਕ	(,,)	28	5,000
,,	ਪ੍ਰੇਮ ਦਰਸ	(ਕਹਾਣੀ)	4	10,000

1864-65 ਈ: ਵਿਚ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਪਿਤਲ ਦਾ ਨਾਗ	(ਕਹਾਣੀ)	60	8,000

Digitized by Panjab Digital Library | www.panjabdigilib.org

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਮਸਾਲੁਦੀਨ ਦੀ ਮੌਤ	(,,)	8	6,000
,,	ਰੇਲ ਦਾ ਟਿਕਟ	(,,)	8	6,000
,,	ਰਾਜਕੁਮਾਰ ਦਾ ਪ੍ਰੇਮ	(,,)	8	6,000
,,	ਨੂਹ ਦੀ ਪਰਲੋ	(ਵਾਰਤਕ)	16	6,000
,,	ਧਰਮ ਪੁਸਤਕ ਵਿਚੋਂ ਤਵਾਰੀਖ ਦੀਆਂ ਠੇਠ ਗੱਲਾਂ ਦੀ ਪੋਥੀ	(,,)	370	4,000

1866 ਈ: ਤੋਂ 1867 ਈ: ਤਕ ਦੀਆਂ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ ਉਪਲਬਧ ਨਹੀਂ ।

1868 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਨਵਾਂ ਨੇਮ (New Testament)	(ਬਾਈਬਲ) (ਧਰਮ-ਸਾਹਿਤ)	792	3,000

1869 ਈ: ਤੋਂ 1872 ਈ: ਤਕ ਦੀਆਂ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੂਚੀ ਲਾ-ਪਤਾ ਹੈ ।

1873 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਹੜ੍ਹ ਦੀ ਕਹਾਣੀ	(ਕਹਾਣੀ)	16	5,000
,,	ਪਿਆਰੇ ਦੀ ਸਿਫਤ	(,,)	4	4,050
,,	ਪ੍ਰਭੂ ਯਸੂ ਮਸੀਹ	(ਕਵਿਤਾ)	4	5,000
,,	ਇਨਸਾਨ ਉਤੇ ਦਇਆ	(ਕਹਾਣੀ)	20	5,000
,,	ਯਾਤਰੂ ਦੀ ਕਹਾਣੀ	(ਕਹਾਣੀ)	19	5,000
,,	ਸੇਵਕ ਤੇ ਗੁਰੂ	(,,)	12	6,000
,,	ਦੋ ਘਰਾਂ ਦੀ ਕਹਾਣੀ	(,,)	11	6,000
,,	ਅੱਖਰ-ਬੋਧ	(ਬਾਲ-ਬੋਧ)	ਇਕ ਸ਼ੀਟ	5,000
,,	ਮਰੁਕਸ ਦੀ ਇੰਜੀਲ	(ਵਾਰਤਕ)	120	6,000

1874 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਦਾਨੀਏਲ ਦੀ ਪੁਸਤਕ	(ਵਾਰਤਕ)	51	8,000
,,	ਮਰੁਕਸ ਦੀ ਇੰਜੀਲ	(,,)	120	2,000

Digitized by Panjab Digital Library | www.panjabdigilib.org

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਯੂਨਾਹ ਦੀ ਕਹਾਣੀ	(,,)	8	6,000
,,	ਪੁਸ਼ਪਾਵਲੀ	(ਕਵਿਤਾ)	16	1,000
,,	ਮੱਤੀ ਦੀ ਇੰਜੀਲ (ਪਦ ਵਿਚ)	(,,)	59	2,000
,,	ਰਾਖੇ ਦੀ ਸਤੁਤੀ ਦਾ ਗੀਤ	(,,)	12	3,000

1875 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਪੁਸ਼ਪਾਵਲੀ	(ਕਵਿਤਾ)	18	1,000
,,	ਰਸੂਲਾਂ ਦੇ ਕਰਤਬ	(ਵਾਰਤਕ)	109	8,000
,,	ਯੂਹੰਨਾ ਦੀ ਇੰਜੀਲ	(,,)	88	8,000
,,	ਪੰਜਾਬੀ ਬਾਲ-ਬੋਧ	(ਬਾਲ ਸਾਹਿਤ)	16	3,000

1876 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਬੜੀ ਪੁਰਾਣੀ ਕਹਾਣੀ	(ਕਹਾਣੀ)	16	3,000
,,	ਸਵਾਲ ਜਵਾਬ	(ਸਵਾਲ-ਜਵਾਬ)	16	3,000
,,	ਗੀਤ-ਮਾਲਾ	(ਕਵਿਤਾ)	103	1,000
,,	ਜੋਸ਼ੂਆ	(ਜੀਵਨੀ)	94	4,000
,,	ਜ਼ਬੂਰ	(ਵਾਰਤਕ)	224	4,000
,,	ਮੱਤੀ ਦੀ ਇੰਜੀਲ	(,,)	110	5,000
,,	ਕਹਾਉਤਾਂ ਦੀ ਪੁਸਤਕ	(ਅਖਾਣ)	84	3,000
,,	ਮੈਂ ਤੇ ਦੂਜਾ ਸੈਮਲ	(ਕਹਾਣੀ)	228	2,000
,,	ਪ੍ਰਭੂ ਯਸੂ ਮਸੀਹ ਦਾ ਜੀਵਨ ਬਿਰਤਾਂਤ	(ਜੀਵਨੀ)	16	1,000
,,	ਯਸੂ ਨਾਲ ਦਗਾ	(ਜੀਵਨੀ)	16	1,000
,,	ਯਸੂ ਦੇ ਚੇਲੇ	(,,)	16	1,000
,,	ਯਸੂ ਦੇ ਗੁਰੂ	(,,)	16	1,000
,,	ਬੈਪਟਿਸਟ ਯੂਹੰਨਾ	(,,)	16	1,000
,,	ਯਸੂ ਦਾ ਬਚਪਨ	(,,)	16	1,000
,,	ਯਸੂ ਦੇ ਚਮਤਕਾਰ	(,,)	16	10,000
,,	ਯਸੂ ਦੀ ਆਕਾਸ਼ ਉਡਾਰੀ	(,,)	16	1,000
,,	ਕਨਾਨ	(ਵਾਰਤਕ)	16	5,000

Digitized by Panjab Digital Library | www.panjabdigilib.org

1877-78 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਕਨਾਨ ਦੇਸ਼ ਨੂੰ ਜਿੱਤਣ ਦਾ ਬਰਣਨ	(ਵਾਰਤਕ)	16	500
,,	ਮਿਸਰ ਵਿਖੇ ਇਜ਼ਰਾਈਲੀਆਂ ਦਾ ਬਰਣਨ	(,,)	16	500
,,	ਭੌਣ ਦਾ ਬਗਾਣ	(,,)	16	500
,,	ਚਾਲੀ ਵਰ੍ਹੇ ਦਾ ਸਫ਼ਰ	(,,)	16	500
,,	ਜੋਸਫ਼	(ਜੀਵਨੀ)	16	500
,,	ਆਈਜ਼ੈਕ ਤੇ ਜੇਕੋਬ	(,,)	16	500
,,	ਅਬਰਾਈਮ	(,,)	16	500
,,	ਸ੍ਰਿਸ਼ਟੀ ਰਚਨਾ	(ਵਾਰਤਕ)	16	500
,,	ਦੂਹਰੀ ਨਿਆਮਤ	(ਕਹਾਣੀ)	52	1,000
,,	ਰੇਲ-ਗੱਡੀ	(,,)	40	1,000
,,	ਬਨਾਰਸ ਦੇ ਦੋ ਜਾਤਰੂ	(,,)	92	1,000
,,	ਲਹੂ ਦੀ ਕੀਮਤ	(,,)	32	1,000
,,	ਲਾਜ਼ਾਰ ਤੇ ਉਸ ਦੀਆਂ ਭੈਣਾਂ	(,,)	16	1,000
,,	ਬੇਨਤੀ ਪ੍ਰਕਾਸ਼	(ਵਾਰਤਕ)	184	1,000
,,	ਯਸੂ ਮਸੀਹ ਨਾਲ ਦਗ਼ਾ	(ਕਹਾਣੀ)	16	1,000
,,	ਯਸੂ ਮਸੀਹ ਦੇ ਚੇਲੇ	(ਵਾਰਤਕ)	16	1,000
,,	ਯਸੂ ਮਸੀਹ ਦੀ ਸਿਖਿਆ	(,,)	16	1,000
,,	ਬੈਪਟਿਸਟ ਜਾਨ	(ਜੀਵਨੀ)	16	1,000
,,	ਯਸੂ ਦਾ ਬਚਪਨ	(,,)	16	1,000
,,	ਯਸੂ ਦੇ ਕਰਤਬ	(,,)	16	1,000
,,	ਨੂਹ ਤੇ ਪਰਲੋ	(ਵਾਰਤਕ)	12	500
,,	ਪੰਜਾਬੀ ਬਾਲ-ਬੋਧ	(ਬਾਲ-ਸਾਹਿਤ)	84	3,000
,,	ਨਕਲੀ ਵਾਰਤਾ	(ਕਹਾਣੀ)	16	1,000

1879 ਈ: ਵਿਚ ਪ੍ਰਕਾਸ਼ਿਤ

ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪਜਾਬੀ	ਜੈ ਸਿੰਘ ਦੀ ਵਾਰਤਾ	(ਕਹਾਣੀ)	74	1,000
,,	ਉਪਦੇਸ਼ਕ ਦੀ ਪੋਥੀ (ਜਿਲਦ 1)	(ਕਵਿਤਾ)	28	3,000

Digitized by Panjab Digital Library | www.panjabdigilib.org

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਉਪਦੇਸ਼ਕ ਦੀ ਪੋਥੀ (ਜਿਲਦ 2)	(ਕਵਿਤਾ)	24	3,000
,,	ਅਸਤਰ	(ਜੀਵਨੀ)	30	3,000
,,	ਰੂਥ	(,,)	12	3,000
,,	ਮੁਕਤਾਵਲੀ	(,,)	4	5,000

1880-81 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਅਦਵੈਤ ਬਿਨਾਸਨ	(ਦਰਸ਼ਨ)	156	3,000
,,	ਬਾਲ-ਬੋਧ	(ਬਾਲ-ਸਾਹਿਤ)	20	2,000
,,	ਇੰਜੀਲ-ਸਾਰ	(ਵਾਰਤਕ)	298	1,500
,,	ਗੀਤਾਂ ਦੀ ਪੋਥੀ	(ਕਵਿਤਾ)	92	3,000
,,	ਰੋਮੀਆਂ ਦੀਆਂ ਪਤ੍ਰੀਆਂ	(ਪੱਤ੍ਰੀਆਂ)	54	1,500
,,	ਪਰਕਾਸ਼ ਦੀ ਪੋਥੀ	(ਵਾਰਤਕ)	62	1,500
,,	ਰਾਖੇ ਦੀ ਸਤੁਤੀ ਦਾ ਗੀਤ	(ਕਵਿਤਾ)	ਪਤਾ ਨਹੀਂ	5,000
,,	ਦਸ ਪਵਿਤਰ ਹੁਕਮ	(ਵਾਰਤਕ)	ਪਤਾ ਨਹੀਂ	1,000
,,	ਪ੍ਰਭੂ ਯਸੂ ਮਸੀਹ	(ਜੀਵਨੀ)	16	1,000
,,	ਯਾਤਰੂ ਦੀ ਕਹਾਣੀ	(ਕਹਾਣੀ)	16	2,000
,,	ਗੁਰੂ ਤੇ ਸੇਵਕ ਦੀ ਕਹਾਣੀ	(,,)	16	2,000
,,	ਨਿਆਂ ਤੇ ਦਇਆ	(,,)	16	3,000
,,	ਰੇਲ ਦਾ ਟਿਕਟ	(,,)	8	3,000
,,	ਜੇਹਾ ਬੀਜੇ ਤੇਹਾ ਹੋਵੇ	(,,)	16	3,000
,,	ਸਰਵ ਵਾਦ	(ਵਾਰਤਕ)	90	2,000
,,	ਪ੍ਰਭੂ ਦੀ ਸਤੁਤੀ	(ਕਵਿਤਾ)	16	2,000
,,	ਨਵਾਂ ਨੇਮ	(ਬਾਈਬਲ)	792	2,000
,,	ਉਤਪਤ ਤੇ ਕੂਚ (ਵੀਹਵੇਂ ਭਾਗ ਤਕ)	(,,)	142	3,000
,,	ਮੱਤੀ ਦੀ ਇੰਜੀਲ	(ਵਾਰਤਕ)	168	1,000
,,	ਯਸੂ ਦੀ ਮੌਤ	(,,)	40	1,000
,,	ਮਰੁਕਸ ਦੀ ਇੰਜੀਲ	(,,)	122	1,000
,,	ਨਿਆਂ ਤੇ ਰਹਿਮ	(ਕਹਾਣੀਆਂ)	298	1,500

Digitized by Panjab Digital Library | www.panjabdigilib.org

1882 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਜਯੋਤਿਰੁਦਯ	(ਨਾਵਲ)	144	1,000
,,	ਅੱਖਰ ਬੋਧਿਨੀ (ਪੰਜਾਬੀ ਪ੍ਰਾਇਮਰ)	(ਪ੍ਰਾਇਮਰ)	16	5,000
,,	ਚਮਕਦੀ ਰੌਸ਼ਨੀ	(ਕਹਾਣੀ)	48	1,000
,,	ਦਿਨ ਦਾ ਪਰਕਾਸ਼	(,,)	22	1,000
,,	ਪ੍ਰਭੂ ਦੀ ਉਪਮਾ	(,,)	16	1,000
,,	ਸਤ ਗਿਆਨ ਮੂਲ	(,,)	16	1,000
,,	ਗੀਤਾਂ ਦੀ ਪੋਥੀ	(ਕਵਿਤਾ)	122	1,000

1883 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਪ੍ਰਭੂ ਯਸੂ ਮਸੀਹ	(ਜੀਵਨੀ)	16	1,000
,,	ਯਾਤਰੂ ਦੀ ਕਹਾਣੀ	(ਕਹਾਣੀ)	16	3,000
,,	ਦੋ ਘਰਾਂ ਦੀ ਕਹਾਣੀ	(,,)	16	5,000
,,	ਗੁਰੂ ਤੇ ਚੇਲੇ ਦੀ ਕਹਾਣੀ	(,,)	16	2,000
,,	ਪ੍ਰਭੂ ਦੀ ਉਪਮਾ	(ਕਵਿਤਾ)	16	300
,,	ਦੀ ਗੌਸਪਲ ਕਮੈਂਡਿਡ	(ਵਾਰਤਕ)	212	4,000
,,	ਰਾਜਿਆਂ ਦੇ ਪ੍ਰੇਮ	(ਕਹਾਣੀ)	16	2,000
,,	ਮਿਸ਼ਨਰੀ ਦਾ ਟ੍ਰੈਕਟ	(ਟ੍ਰੈਕਟ)	22	5,000
,,	ਇੰਜੀਲ ਸਾਰ	(ਵਾਰਤਕ)	24	5,000
,,	ਧਰਮ ਦਾ ਸਾਰ	(,,),	16	3,000
,,	ਖੁਸ਼ੀ ਪ੍ਰਾਪਤ ਕਰਨ ਦਾ ਸਾਧਨ	(,,)	12	1,000

1883 ਈ:—1885 ਈ: ਵਿਚ ਪ੍ਰਕਾਸ਼ਿਤ
ਪੰਜਾਬੀ ਪੁਸਤਕਾਂ ਦੀ ਸੂਚੀ

ਭਾਸ਼ਾ	ਕ੍ਰਿਤੀ ਦਾ ਨਾਮ		ਸਫ਼ਿਆਂ ਦੀ ਗਿਣਤੀ	ਕਾਪੀਆਂ
ਪੰਜਾਬੀ	ਸਰਮਨ ਆਨ ਦੀ ਮਾਊਂਟ	(ਵਾਰਤਕ)	16	1,000
,,	ਕੌੜੀ ਦੇ ਦੋ ਜਾਤ੍ਰੀ	(ਕਹਾਣੀ)	72	3,000
,,	ਸੂਹੀ ਚੁੰਨੀ	(ਕਹਾਣੀ)	46	2,000
,,	ਖੇਤੀ ਕਰਨ ਦੀ ਪੋਥੀ	(ਵਾਰਤਕ)	92	600
,,	ਬਚ ਗਿਆ	(ਕਹਾਣੀ)	8	,2000

Digitized by Panjab Digital Library | www.panjabdigilib.org

ਇਸ ਤੋਂ ਮਗਰੋਂ 1887-93 ਈ: ਤਕ ਦੀਆਂ ਸਾਲਾਨਾ ਰੀਪੋਰਟਾਂ ਤਾਂ ਸੁਰੱਖਿਅਤ ਹਨ, ਪਰ ਉਹ ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਦੇਣੋਂ ਅਸਮਰੱਥ ਹਨ। ਲੁਧਿਆਣਾ ਮਿਸ਼ਨ ਦੁਆਰਾ ਤਿਆਰ ਕੀਤੀਆਂ ਗਈਆਂ ਇਹ ਸਾਲਾਨਾ ਰੀਪੋਰਟਾਂ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਤੇ ਅਨੁਵਾਦਿਤ ਪੁਸਤਕਾਂ ਬਾਰੇ ਜਾਣਕਾਰੀ ਦੇਣ ਵਿਚ ਕਿਸੇ ਹੱਦ ਤਕ ਬੜੀਆਂ ਉਪਯੋਗੀ ਸਿੱਧ ਹੁੰਦੀਆਂ ਹਨ।

ਸਾਰੇ ਪੰਜਾਬ ਵਿਚ ਮਿਸ਼ਨਰੀਆਂ ਦਾ ਜਾਲ ਵਿਛ ਜਾਣ ਕਾਰਣ ਹੋਰ ਕਈ ਸੰਸਥਾਵਾਂ ਦੁਆਰਾ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇਨ੍ਹਾਂ ਪੁਸਤਕਾਂ ਦੀਆਂ ਕੁਝ ਹੋਰ ਸੂਚੀਆਂ ਜੋ ਕਿ ਇਕੱਤਰ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਵਿਵਰਣ ਇਥੇ ਦੇਣਾ ਅਨੁਚਿਤ ਨਹੀਂ।

ਪੰਜਾਬ ਰਿਲਿਜਸ ਬੁੱਕ ਸੋਸਾਇਟੀ
ਦੁਆਰਾ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ

	ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
1.	ਅਨਾਮ	ਆਇਤ ਮੁਕਤਾਵਲੀ	ਤਿਥਿ ਨਹੀਂ	ਕਵਿਤਾ
2.	ਜੈਨਕਿਨਸਨ; ਐਲ. ਕੇ.	ਖੁਸ਼ਖਬਰੀ ਇੰਜੀਲ ਦੇ ਲਫ਼ਜ਼ਾਂ ਵਿਚ	1902	ਵਾਰਤਕ
3.	ਅਨਾਮ	ਉੱਤਮ ਪੁਸਤਕ ਦਾ ਦੂਤ	1861	ਕਵਿਤਾ
4.	ਅਨਾਮ	ਏਸ਼ੀਆ ਦੀ ਸੈਲ	1901	ਸਫ਼ਰਨਾਮਾ
5.	ਅਨਾਮ	ਸੱਚਾ ਚਾਨਣ	1902	ਜੀਵਨੀ
6.	ਸਾਂਡਰਸ; ਈ.ਐਲ. (ਸੰਪਾ:)	ਗੀਤਾਵਲੀ	ਤਿਥਿ ਨਹੀਂ	ਕਵਿਤਾ
7.	ਅਨਾਮ	ਪਰਮੇਸ਼ਰ ਦੇ ਦਸ ਹੁਕਮ	,,	ਵਾਰਤਕ
8.	,,	ਯਸੂ ਮਸੀਹ	,,	ਜੀਵਨੀ
9.	,,	ਯਾਤਰੀ ਦੀ ਵਿਥਿਆ	,,	ਕਹਾਣੀ
10.	ਅਲੋਈ (A.L.O.E.)	ਰੱਸੀ	,,	,,
11.	,,	ਦੋ ਘਰ	,,	,,
12.	,,	ਨੌਕਰ ਤੇ ਮਾਲਕ	,,	,,
13.	,,	ਇਨਸਾਫ ਤੇ ਰਹਿਮ	,,	,,
14.	,,	ਜ਼ਿਮੀਂਦਾਰ ਦਾ ਬਿਰਤਾਂਤ	,,	,,
15.	,,	ਵਿਲਸਨ ਦੁਆਰਾ ਹਿੰਦੂ ਮਤ ਦਾ ਖੰਡਨ	,,	ਵਾਰਤਕ
16.	,,	ਧਰਮੀ ਸਿਖਿਅਕ ਦੇ ਗੁਣ	,,	ਵਾਰਤਕ
17.	,,	ਬਾਰਥ ਧਰਮ-ਕੋਸ਼	,,	ਕੋਸ਼
18.	,,	ਪੁਸ਼ਪਾਵਲੀ	,,	ਕਵਿਤਾ
19.	,,	ਮੁਕਤੀਮਾਲਾ	,,	ਕਵਿਤਾ
20.	,,	ਰੇਲ ਗੱਡੀ ਦਾ ਸਫ਼ਰ	,,	ਕਹਾਣੀ

Digitized by Panjab Digital Library | www.panjabdigilib.org

ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
21. ,,	ਯੂਰਪ ਦੀ ਸੈਲ	,,	ਕਹਾਣੀ
22. ,,	ਪੰਡਤ ਖੜਗ ਸਿੰਘ ਦਾ ਬਿਰਤਾਂਤ	,,	ਕਹਾਣੀ
23. ,,	ਸਵਰਗੀ ਰੇਲ ਗੱਡੀ	,,	ਕਹਾਣੀ

ਅਮਰੀਕਨ ਟ੍ਰੈਕਟ ਸੋਸਾਇਟੀ ਦੁਆਰਾ
ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕਾਂ

ਲੇਖਕ	ਕ੍ਰਿਤੀ ਦਾ ਨਾਮ		ਤਿਥਿ	ਵਰਗੀਕਰਣ
1. ਅਨਾਮ	ਮੁਕਤੀਦਾਤੇ ਦਾ ਬੰਦਗੀ ਗੀਤ		1877	ਕਵਿਤਾ
2. ,,	ਯਸੂ ਦੀ ਸਿਫਤ		,,	,,
3. ,,	ਬਾਈਬਲ ਸਾਰ		,,	ਵਾਰਤਕ
4. ,,	ਤੂਫ਼ਾਨ		,,	ਕਹਾਣੀ
5. ,,	ਮਿਸ਼ਨਰੀਆਂ ਸੰਬੰਧੀ ਕੁਝ ਗੱਲਾਂ		,,	ਵਾਰਤਕ
6. ,.	ਯਿਸੂ ਦਾ ਅਮਰ ਹੋਣਾ		,,	ਕਹਾਣੀ
7. ,,	ਪਹਿਲਾ ਗੁਨਾਹ		,,	,,
8. ,,	ਸਲਾਦੀਨ ਦੀ ਮੌਤ		,,	,,
9. ,,	ਰੱਬੀ ਮਿਹਰ		,,	,,
10. ,,	ਧਰਮ ਦੀ ਵਿਸ਼ੇਸ਼ਤਾ		,,	ਵਾਰਤਕ
11. ,,	ਪਿੱਤਲ ਦਾ ਨਾਗ		,,	ਕਹਾਣੀ
12. ,,	ਸੰਤਪਾਲ ਦਾ ਜੀਵਨ		,,	ਜੀਵਨੀ
13. ,,	ਯਿਸੂ ਮਸੀਹ ਦਾ ਮਰਨਾ		,,	,,
14. ,,	ਖੁਸ਼ੀ ਪ੍ਰਾਪਤੀ ਦਾ ਮਾਰਗ		,,	ਕਹਾਣੀ
15. ,;	ਸਿਖਿਆਦੂਤ		,,	,,
16. ,,	ਅਟੱਲ ਵਿਸ਼ਵਾਸ		,,	,,
17. ,,	ਰਾਜੇ ਦੇ ਪੁੱਤਰ ਦਾ ਪ੍ਰੇਮ		,,	,,
18. ,,	ਰੇਲ ਦਾ ਟਿਕਟ	ਸਕੂਲ ਦੇ ਬੱਚਿਆਂ ਲਈ	,,	,,
19. ,,	ਪੰਜਾਬੀ ਕੋਸ਼		,,	ਕੋਸ਼
20. ,,	ਪੰਜਾਬੀ ਵਿਆਕਰਣ		,,	ਵਿਆਕਰਣ
21. ,;	ਈਡੀਓਮੈਟਿਕ ਸੈਨਟੈਨਸਿਸ		,,	ਮੁਹਾਵਰੇ
22. ,.	ਪੰਜਾਬੀ ਭੂਗੋਲ		,,	ਭੂਗੋਲ

ਮਸ਼ਾਲ ਪ੍ਰਿੰਟਿੰਗ ਪ੍ਰੈਸ, ਖਰੜ ਦੁਆਰਾ
ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕਾਂ

ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
1. ਰਿਡਲ; ਟੀ. ਈ.	ਸਾਧੂ ਸੁੰਦਰ ਸਿੰਘ ਦਾ ਜੀਵਨ	ਤਿਥਿ ਨਹੀਂ	ਜੀਵਨੀ

Digitized by Panjab Digital Library | www.panjabdigilib.org

ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
		(ਦੂਜੀਵਾਰ 1964)	
2. ਰਾਈਬਰਨ; ਡਬਲਿਊ. ਐਮ.	ਸਾਧੂ ਸੁੰਦਰ ਸਿੰਘ ਦੀਆਂ ਕਹਾਣੀਆਂ	,,	,,
3. ,, ,,	ਬੱਚਿਆਂ ਦੀ ਬਾਈਬਲ	,,	ਵਾਰਤਕ
4. ਮਿਸਿਜ਼ ਸਟੀਵਰਟ	ਪੁਰਾਣੇ ਨੇਮ ਦੀਆਂ ਕਹਾਣੀਆਂ	,,	,,
5. ਸਾਂਡਰਸ; ਈ. ਐਲ. (ਸੰਪਾ:)	ਗੀਤਾਵਲੀ	,,	,,
6. ਰਾਈਬਰਨ ਤੇ ਲੋਹਿਲਿਨ	ਬਖਸ਼ਿਸ਼	,,	ਕਹਾਣੀ
7. ,, ,,	ਯਸੂ ਦਾ ਕ੍ਰਾਸ	,,	,,
8. ,, ,,	ਪਾਪ	,,	,,
9. ,, ,,	ਪਿਤਾ ਪਰਮੇਸ਼ਰ	,,	,,
10. ,, ,,	ਯਸੂ ਮਸੀਹ	,,	,,
11. ਫ਼ਜ਼ਲੁਦੀਨ	ਯਿਸੂ ਮਸੀਹ ਦਾ ਜੀਵਨ	,,	,,
12. ,,	ਇਕ ਬੱਚੇ ਦੀ ਕੀਮਤ	,,	ਕਹਾਣੀ
13. ਗਰੇ	ਕੰਜੂਸ	,,	,,
14. ,,	ਹਮਦਰਦੀ	,,	,,
15. ,,	ਕਿਸਾਨ ਦੀ ਵਾਰਤਾ	,,	,,
16. ਅਨਾਮ	ਉਜਾੜੂ ਪੁੱਤਰ	,,	,,
17. ,,	ਡੇਵਿਡ ਤੇ ਗੋਲਿਆਥ	,,	,,
18. ਤਾਜ, ਫ. ਸੁੱਚਾ ਸਿੰਘ	ਫੁੱਲਾਂ ਦੀ ਸੇਜ	,,	,,
19. ,,	ਰੇਲੂ ਚਾਚਾ	,,	,,
20. ,,	ਫੁੱਲਾਂ ਦੀ ਧਰਤੀ	,,	,,
21. ,,	ਉਡਦਾ ਘੋੜਾ	,,	,,
22. ,,	ਫੁੱਟਦੀਆਂ ਕਲੀਆਂ	,,	,,
23. ,,	ਫੁੱਲ	,,	,,
24. ਰਾਈਬਰਨ; ਡਬਲਿਊ. ਐਮ.	ਧਰਮ ਪੁਸਤਕ ਦੇ ਬਾਲ	1951	ਕਹਾਣੀ
25. ਸਮਾਰਟ; ਜੇ. ਡੀ.	ਯਸੂ ਦੀ ਜੀਵਨ ਕਥਾ	ਤਿਥੀ ਨਹੀਂ	ਬਾਲ-ਸਾਹਿਤ
26. ਸਾਧੂ ਸੁੰਦਰ ਸਿੰਘ	ਮਸੀਹ ਦੇ ਬਿਨਾਂ ਤੇ ਮਸੀਹ ਦੇ ਨਾਲ	1961	ਦਰਸ਼ਨ
27. ਮਖ਼ਮੂਰ	ਮਸੀਹ ਦਾ ਭਗਤ ਭਾਈ ਸੁੱਚਾ ਸਿੰਘ	1965	ਮਹਾਂਕਾਵਿ
28. ਸ਼ੋਭਾ	ਦੇਹਧਾਰੀ ਪਰਮੇਸ਼ੁਰ	1960	ਵਾਰਤਕ

Digitized by Panjab Digital Library | www.panjabdigilib.org

	ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
29.	ਸਾਧੂ ਸੁੰਦਰ ਸਿੰਘ	ਸੁੱਚਾ ਮੋਤੀ	1961	ਦਰਸ਼ਨ
30.	,,	ਸੱਚਾ ਜੀਵਨ	,,	,,
31.	ਡਾ: ਬਰੈਂਬਲਬੀ	ਕੰਪਾਊਂਡਰ ਸਾਹਿਬ	1964	ਕਹਾਣੀ

ਕੁਝ ਹੋਰ ਪੰਜਾਬੀ ਜਾਂ ਪੰਜਾਬੀ ਨਾਲ
ਸੰਬੰਧਿਤ ਪੁਸਤਕਾਂ ਦੀ ਫੁਟਕਲ ਸੂਚੀ

	ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
1.	ਕੇਰੀ, ਵਿਲੀਅਮ	ਗਰਾਮਰ ਆਫ਼ ਦੀ ਪੰਜਾਬੀ ਲੈਂਗੂਏਜ	1812 ਈ:	ਵਿਆਕਰਣ
2.	ਵਿਲਸਨ; ਜੇ.	ਸ਼ਾਹਪੁਰੀ ਕਾਂਗੜੀ ਗ਼ਲੋਸਰੀ	1903 ਈ:	ਕੋਸ਼
3.	ਹੇਅਰਸ; ਕੇ. ਡਬਲਿਊ.ਪੀ.	ਪੰਜਾਬੀ ਪ੍ਰਾਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼	1940 ਈ:	ਮੁਹਾਵਰੇ ਤੇ ਅਖਾਣ
4.	ਬ੍ਰੈਨ; ਐਫ਼. ਐਲ.	ਪੇਂਡੂ ਸੁਕਰਾਤ	1930 ਈ:	ਵਾਰਤਕ
5.	ਜਯੂਕਸ; ਏ.	ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ	1900 ਈ:	ਕੋਸ਼
6.	ਕਮਿੰਗਜ਼ ਤੇ ਗ੍ਰਾਹਮ ਬੇਲੀ	ਪੰਜਾਬੀ ਮੈਨੂਅਲ ਐਂਡ ਗਰਾਮਰ	1912 ਈ:	ਵਿਆਕਰਣ
7.	ਅਨਾਮ	ਈਡੀਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ	1846 ਈ:	ਮੁਹਾਵਰੇ
8.	ਬ੍ਰੈਨ, ਈ. ਓ.	ਗਲੋਸਰੀ ਆਫ਼ ਦੀ ਮੁਲਤਾਨੀ ਲੈਂਗੂਏਜ	1903 ਈ:	ਕੋਸ਼
9.	ਤਾਜ; ਐਫ. ਐਸ.	ਫ਼ਸਟ ਯੀਅਰ ਪੰਜਾਬੀ ਕੋਰਸ (ਪੰਜਾਬੀ ਵਿਆਕਰਣ)	ਤਿਥਿ ਨਹੀਂ	ਵਿਆਕਰਣ
10.	ਅਨਾਮ	ਧਰਮ ਪੋਥੀ (ਤਿੰਨ ਭਾਗ) ਬਾਈਬਲ ਦਾ ਅਨੁਵਾਦ	1811-14	ਅਨੁਵਾਦ
11.	,,	ਪਰਮੇਸੁਰ ਦੇ ਸੁਤ ਬਚਨ	1811 ਈ:	ਵਾਰਤਕ
12.	,,	ਈਸਾ ਨਿਹਕਲੰਕ ਜੀ ਦਾ ਉਠਣਾ	1864 ਈ:	ਕਵਿਤਾ
13.	,,	ਪੜ੍ਹੋ ਤੇ ਪੜ੍ਹਾਓ	ਤਿਥਿ ਨਹੀਂ	ਵਾਰਤਕ
14.	,,	ਸਲੀਲ	,,	ਕਵਿਤਾ
15.	,,	ਰੂੜੀਦਾਸ ਦੀਆਂ ਗੀਤਾਂ	,,	ਕਵਿਤਾ
16.	,,	ਮੁਕਤਿ ਦਾ ਰਾਹ	1956 ਈ:	ਵਾਰਤਕ
17.	,,	ਪਰਮੇਸੁਰ ਨੇ ਬਚਨ ਕੀਤਾ	1943 ਈ:	,,

Digitized by Panjab Digital Library | www.panjabdigilib.org



ਸੀਰਾਮਪੁਰ ਕਾਲਜ

ਪੰ. ਰਿ. ਬੁੱ. ਸੋ. ਦਾ ਦਫਤਰ, ਲਾਹੌਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

	ਲੇਖਕ	ਕ੍ਰਿਤੀ ਦਾ ਨਾਮ	ਤਿਥਿ	ਵਰਗੀਕਰਣ
18.	,,	ਮਰੁਕਸ ਦਾ ਉਚਰਿਆ ਹੋਇਆ ਮੰਗਲ ਸਮਾਚਾਰ	1944 ਈ:	ਕਹਾਣੀ
19.	ਬਾਵਾ ਅਮਰਦਾਸ	ਸਿਖਾਂ ਨੂੰ ਅਮਰ ਸਿਖਿਆ	1912 ਈ:	ਵਾਰਤਕ
20.	ਅਨਾਮ	ਸੂਲੀ ਦਾ ਬਿਆਨ	ਤਿਥਿ ਨਹੀਂ	ਵਾਰਤਕ
21.	,,	ਲੂਕਾ ਦੀ ਇੰਜੀਲ	1905 ਈ:	,,
22.	,,	ਯਸਾਯਾਹ ਪਿਕੰਬਰ ਦੀ ਪੋਥੀ	1902 ਈ:	,,
23.	ਬਨਿਆਨ; ਜਾਨ	ਮਸੀਹੀ ਮੁਸਾਫਰ ਦੀ ਯਾਤਰਾ (ਪਹਿਲਾ ਭਾਗ)	1898 ਈ:	ਨਾਵਲ
24.	ਅਨਾਮ	ਧਰਮ ਗਿਆਨ	1896 ਈ:	ਵਾਰਤਕ
25.	,,	ਲਾਵੀ ਦੀ ਪੋਥੀ	1894 ਈ:	,,
26.	,,	ਇਤਿਹਾਸ ਦੀ ਪਹਿਲੀ ਪੋਥੀ	1894 ਈ:	,,
27.	,,	ਮੱਤੀ ਦੇ ਉਚਰੇ ਹੋਏ ਮੰਗਲ ਸਮਾਚਾਰ ਦੇ ਸਵਾਲ	1911 ਈ:	,,
28.	,,	ਧਰਮ ਪੁਸਤਕ ਦਾ ਸਾਰ	1892 ਈ:	ਕਵਿਤਾ
29.	,,	ਪ੍ਰਥਮ ਪ੍ਰਕਾਸ਼	1892 ਈ:	ਵਾਰਤਕ
30.	ਬਨਿਆਨ; ਜਾਨ	ਮਸੀਹੀ ਮੁਸਾਫ਼ਰ ਦੀ ਜਾਤਰਾ (ਦੂਜਾ ਭਾਗ)	1892 ਈ:	ਨਾਵਲ
31.	ਅਨਾਮ	ਮੱਤੀ ਦੀ ਇੰਜੀਲ	1893 ਈ:	ਵਾਰਤਕ
32.	,,	ਜਗਤਾਂ ਦਾ ਮੁਕਤਿਦਾਤਾ	ਤਿਥੀ ਨਹੀਂ	,,
33.	ਗਿਲਫੋਰਡ; ਈ:	ਹਰੀ ਚਰਿੱਤਰ	1941 ਈ:	,,
34.	ਨਿਊਟਨ; ਈ. ਪੀ.	ਪੰਜਾਬੀ ਮੈਨੂਅਲ ਐਂਡ ਗਰਾਮਰਜ਼	1896 ਈ:	,,

ਇਸ ਸੂਚੀ ਦੀ ਸੰਪੂਰਣਤਾ ਦਾ ਦਾਅਵਾ ਕਰਨਾ ਬਹੁਤ ਕਠਿਨ ਹੈ, ਕਿਉਂਕਿ ਸੈਂਕੜਿਆਂ ਦੀ ਗਿਣਤੀ ਵਿਚ ਪੁਸਤਕਾਂ ਅਜਿਹੀਆਂ ਹਨ, ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਲੱਗਦਾ। ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਵਿਚ ਬਹੁਤ ਲਿਖਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਹੋਰਨਾਂ ਭਾਰਤੀਆਂ ਨੂੰ ਪ੍ਰੇਰਣਾ ਦੇ ਕੇ ਬੜਾ ਕੰਮ ਕਰਵਾਇਆ। ਬਿਸ਼ਨਦਾਸ ਪੁਰੀ ਪਾਸੋਂ ਪੰਜਾਬੀ ਵਿਆਕਰਣ ਲਿਖਵਾਉਣ ਪਿਛੇ ਇਨ੍ਹਾਂ ਮਿਸ਼ਨਰੀਆਂ ਦਾ ਬੜਾ ਹੱਥ ਸੀ। ਸ਼ਰਧਾ ਰਾਮ ਫ਼ਿਲੌਰੀ ਵਰਗੇ ਲੇਖਕਾਂ ਦੀ ਰਚਨਾ-ਤਮਕ ਪ੍ਰਤਿਭਾ ਵੀ ਇਨ੍ਹਾਂ ਦੇ ਸਹਿਯੋਗ ਤੇ ਪ੍ਰੋਤਸਾਹਨ ਸਦਕਾ ਹੀ ਉਭਰੀ। ਇਸ ਤੋਂ ਬਿਨਾਂ ਇਨ੍ਹਾਂ ਨੇ ਅਨੇਕਾਂ ਕਵੀਆਂ ਤੋਂ ਯਿਸੂ ਮਸੀਹ ਦੇ ਪ੍ਰੇਮ ਵਿਚ ਗੁੰਨ੍ਹੀਆਂ ਹੋਈਆਂ ਕਵਿਤਾਵਾਂ ਤੇ ਗੀਤ ਵੀ ਲਿਖਵਾਏ। ਫ਼ਲਸਰੂਪ ਬਾਕੀ ਦੇਸ਼ਾਂ ਵਾਂਗ ਭਾਰਤ ਵਿਚ ਵੀ ਈਸਾਈ ਮਤ ਦਾ ਪ੍ਰਭਾਵ ਬਹੁਤ ਵਧਿਆ। ਭਾਰਤ ਵਿਚ ਨਿਵਾਸ ਕਰ ਰਹੇ ਕੁਲ ਈਸਾਈਆਂ ਦੀ ਗਿਣਤੀ ਕਰਨੀ ਤਾਂ ਕਠਿਨ ਹੈ, ਕੇਵਲ ਪੰਜਾਬ ਵਿਚ ਰਹਿੰਦੇ ਈਸਾਈਆਂ ਦੀ ਦਿਨੋਂ ਦਿਨ ਵਧਦੀ ਗਿਣਤੀ ਤੋਂ ਉਕਤ ਪ੍ਰਭਾਵ

Digitized by Panjab Digital Library | www.panjabdigilib.org

ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਨਿਮਨਲਿਖਿਤ ਅੰਕੜੇ 1881 ਈ: ਤੋਂ ਮਗਰੋਂ ਪੰਜਾਬ ਵਿਚ ਲਗਾਤਾਰ ਵਧ ਰਹੀ ਈਸਾਈਆਂ ਦੀ ਗਿਣਤੀ ਬਾਰੇ ਉਪਯੋਗ ਜਾਣਕਾਰੀ ਦਿੰਦੇ ਹਨ :—

ਈਸਾਈ ਵਸੋਂ ਦੀ ਕੁਲ ਸੰਖਿਆ

	1881	1891	1901	1911	1921	1947	1961
	3,823	19,547	37,980	1,63,994	3,15,031	4,93,081	6,13,298
ਵਾਧਾ	—	15,724	18,433	1,26,014	1,51,037	1,78,050	1,20,217[1]

ਇਹਨਾਂ ਮਿਸ਼ਨਰੀਆਂ ਦੀ ਲਗਨ ਸਦਕਾ ਈਸਾ ਦਾ ਨਾਮ ਵਿਸ਼ਵ ਭਰ ਵਿਚ ਫ਼ੈਲ ਗਇਆ :

ਉਪਸੰਹਾਰ

ਉਪਰੋਕਤ ਅਧਿਆਇ ਦੇ ਅੰਤ ਵਿਚ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ :—

1. ਭਾਵੇਂ ਭਾਰਤ ਵਿਚ, ਵਿਸ਼ੇਸ਼ ਕਰਕੇ ਪੰਜਾਬ ਵਿਚ, ਈਸਾਈ ਧਰਮ ਦੇ ਪ੍ਰਚਾਰ-ਕਾਰਜ ਨੇ ਸੰਗਠਿਤ, ਪ੍ਰਵਾਹਸ਼ੀਲ ਰੂਪ 19 ਵੀਂ ਸਦੀ ਵਿਚ ਹੀ ਧਾਰਨ ਕੀਤਾ, ਪਰ ਇਸ ਤੋਂ ਸਦੀਆਂ ਪਹਿਲਾਂ ਵੀ ਇਸ ਦਿਸ਼ਾ ਵਿਚ ਇੱਕੜ ਦੁੱਕੜ ਜਤਨ ਹੋਏ।

2. ਈਸਾਈ ਮਿਸ਼ਨਰੀਆਂ ਦੇ ਭਾਰਤ-ਆਗਮਨ ਸਮੇਂ ਜਿਸ ਪ੍ਰਕਾਰ ਦਾ ਸਾਹਿਤ ਪੰਜਾਬੀ ਭਾਸ਼ਾ ਵਿਚ ਰਚਿਆ ਜਾ ਰਹਿਆ ਸੀ, ਉਹ ਰੂਪ ਅਤੇ ਵਸਤੂ ਦੇ ਪੱਖੋਂ ਬਹੁਤ ਵੰਨਸੁਵੰਨਾ ਨਹੀਂ ਸੀ। ਵਿਚਾਰ, ਕਾਵਿ-ਰੂਪ, ਛੰਦ-ਪ੍ਰਬੰਧ, ਅਲੰਕਾਰ-ਵਿਧਾਨ, ਕਥਾ-ਕਹਾਣੀਆਂ ਤੇ ਕਿੱਸੇ ਆਦਿ ਕਿਸੇ ਖੇਤਰ ਵਿਚ ਨਵੇਂ ਪ੍ਰਯੋਗਾਂ ਪ੍ਰਤਿ ਰੁਚੀ ਨਹੀਂ ਸੀ। ਪਦਾਰਥਕ ਜੀਵਨ ਵਿਚ ਸਥਿਰਤਾ ਵਿਆਪੀ ਹੋਈ ਸੀ ਅਤੇ ਸਿਰਜਨਾਤਮਕ ਉਭਾਰ ਲਈ ਉਤੇਜਨਾ ਜਾਂ ਪ੍ਰੇਰਣਾ ਨਾ ਹੋਣ ਦੇ ਬਰਾਬਰ ਸੀ। ਵਸਤੂ-ਜਗਤ ਅਤੇ ਸਾਹਿਤ-ਜਗਤ ਵਿਚ ਪਰੰਪਰਾ ਦਾ ਅਨੁਸਰਣ ਹੀ ਯੋਗ ਸਮਝਿਆ ਜਾਂਦਾ ਸੀ ਅਤੇ ਨਵੀਨ ਚਿੰਤਨ ਜਾਂ ਸਿਰਜਣ ਦੇ ਰਾਹ ਬੰਦ ਪਏ ਸਨ।

3. ਪੰਜਾਬੀ ਵਿਚ ਭਾਸ਼ਾ-ਵਿਗਿਆਨ ਅਤੇ ਵਿਆਕਰਣ-ਵਿਗਿਆਨ ਬਾਰੇ ਅਜੇ ਕੋਈ ਕੰਮ ਨਹੀਂ ਹੋਇਆ ਸੀ। ਇਸ ਕਰਕੇ ਕਿਸੇ ਗ਼ੈਰ-ਪੰਜਾਬੀ ਲਈ ਪੰਜਾਬੀ ਬੋਲੀ ਨੂੰ ਸਿੱਖਣਾ ਅਤੇ ਫਿਰ ਪ੍ਰਚਾਰ ਦਾ ਮਾਧਿਅਮ ਬਣਾਉਣਾ ਸਹਿਲ ਕੰਮ ਨਹੀਂ ਸੀ। ਫ਼ਿਰ ਵੀ ਪੰਜਾਬੀ ਭਾਸ਼ਾ ਰਾਹੀਂ ਈਸਾਈ ਧਰਮ ਦੇ ਪ੍ਰਚਾਰ ਦਾ ਕੰਮ ਈਸਾਈ ਮਿਸ਼ਨਰੀਆਂ ਨੇ ਲਗਨ ਅਤੇ ਦ੍ਰਿੜ੍ਹਤਾ ਨਾਲ ਕੀਤਾ।

4. ਭਾਵੇਂ ਸ਼ੁਰੂ-ਸ਼ੁਰੂ ਵਿਚ ਕਈ ਔਕੜਾਂ ਪੇਸ਼ ਆਉਣ ਕਰਕੇ ਉਹਨਾਂ ਨੂੰ ਪ੍ਰਚਾਰ-ਕਾਰਜ ਦੀ ਤੋਰ ਮੱਠੀ ਰੱਖਣੀ ਪਈ, ਪਰ ਮਗਰੋਂ ਕੁਝ ਹਾਲਾਤ ਅਨੁਕੂਲ ਹੋਣ ਕਰਕੇ ਅਤੇ ਕੁਝ

1. Campell; E. Y., *The Church in the Punjab*, P. 11.

Digitized by Panjab Digital Library | www.panjabdigilib.org

ਅੰਗ੍ਰੇਜ਼ ਸਰਕਾਰ ਵਲੋਂ ਸਿੱਧੀ ਜਾਂ ਅਸਿੱਧੀ ਸਹਾਇਤਾ ਕਾਰਣ ਉਹਨਾਂ ਨੇ-ਧਰਮ-ਪ੍ਰਚਾਰ ਦੇ ਕੰਮ ਵਿਚ ਤੇਜ਼ੀ ਲੈ ਆਂਦੀ।

5. ਪੰਜਾਬੀ ਭਾਸ਼ਾ ਲਈ ਪਹਿਲੀ ਵਾਰੀ ਛਾਪੇਖ਼ਾਨੇ ਨੂੰ ਪ੍ਰਯੋਗ ਵਿਚ ਲਿਆ ਕੇ ਉਹਨਾਂ ਨੇ ਨਾ ਕੇਵਲ ਆਪ ਹੀ ਭਾਰੀ ਗਿਣਤੀ ਵਿਚ ਸਾਹਿਤ-ਕਿਰਤਾਂ ਪੰਜਾਬੀ ਨੂੰ ਪ੍ਰਦਾਨ ਕੀਤੀਆਂ, ਸਗੋਂ ਦੂਜੇ ਲੇਖਕਾਂ ਨੂੰ ਵੀ ਪ੍ਰੇਰਣਾ ਦੇ ਕੇ ਉਹਨਾਂ ਦੀ ਕਲਾ-ਯੋਗਤਾ ਨੂੰ ਉਭਾਰਿਆ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅਧਿਆਇ ਦੂਜਾ

ਮਿਸ਼ਨਰੀਆਂ ਦੀਆਂ ਭਾਸ਼ਾਈ ਕਿਰਤਾਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮਿਸ਼ਨਰੀਆਂ ਦੀਆਂ ਭਾਸ਼ਾਈ ਕਿਰਤਾਂ

ਧਰਮ-ਪ੍ਰਚਾਰ ਕਾਰਜ ਦੀ ਪੂਰਤੀ ਦੇ ਇੱਛੁਕ ਈਸਾਈ ਮਿਸ਼ਨਰੀਆਂ ਲਈ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਲੋੜ ਬਣ ਗਈ ਸੀ। ਉਨ੍ਹਾਂ ਨੇ ਅਨੁਭਵ ਕਰ ਲਇਆ ਸੀ ਕਿ ਪੰਜਾਬੀ ਜਨ-ਸਾਧਾਰਣ ਨੂੰ ਕੇਵਲ ਉਨ੍ਹਾਂ ਦੀ ਲੋਕ-ਭਾਸ਼ਾ ਦੁਆਰਾ ਹੀ ਆਪਣੇ ਧਰਮ ਵਲ ਆਕਰਸ਼ਿਤ ਕੀਤਾ ਜਾ ਸਕਦਾ ਸੀ। ਇਸ ਲੋੜ ਦੀ ਗੰਭੀਰਤਾ ਨੂੰ ਸਭ ਤੋਂ ਪਹਿਲਾਂ ਵਿਲੀਅਮ ਕੇਰੀ ਨੇ ਅਨੁਭਵ ਕੀਤਾ। ਉਸਨੇ ਧਰਮ-ਪੁਸਤਕ ਬਾਈਬਲ ਦਾ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਤੇ ਕਰਵਾਉਣ ਦੀ ਚਾਹ ਨੂੰ ਅਮਲੀ ਜਾਮਾ ਪਹਿਨਾਉਣ ਲਈ ਉੱਦਮ ਆਰੰਭਿਆ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਬੰਗਾਲੀ ਤੇ ਸੰਸਕ੍ਰਿਤ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਕੀਤਾ।[1] ਇਥੇ ਇਹ ਗੱਲ ਵੀ ਉਲੇਖ-ਜੋਗ ਹੈ ਕਿ ਡਾ: ਕੇਰੀ ਆਪ ਕਦੇ ਵੀ ਪੰਜਾਬ ਦੀ ਧਰਤੀ ਉਪਰ ਕਦਮ ਨਾ ਰੱਖ ਸਕਿਆ[2], ਸਗੋਂ ਪੰਜਾਬੀ ਭਾਸ਼ਾ ਉਸ ਨੇ ਬੰਗਾਲ ਪ੍ਰਦੇਸ਼ ਵਿਚ ਰਹਿੰਦਿਆਂ ਹੋਇਆਂ ਕਿਸੇ ਪੰਜਾਬੀ ਪੰਡਿਤ ਪਾਸੋਂ ਸਿੱਖੀ। ਪੰਜਾਬੀ ਭਾਸ਼ਾ ਉਪਰ ਭਰੋਸੇਯੋਗ ਅਧਿਕਾਰ ਪ੍ਰਾਪਤ ਕਰਨ ਮਗਰੋਂ ਉਸ ਨੇ ਬਾਈਬਲ ਦਾ ਪੰਜਾਬੀ ਵਿਚ ਅਨੁਵਾਦ ਆਰੰਭ ਕੀਤਾ। ਇਸੇ ਸਮੇਂ ਹੀ ਉਸ ਨੇ ਪੰਜਾਬੀ ਭਾਸ਼ਾ ਦੀ ਵਿਆਕਰਣ ਦੀ ਅਣਹੋਂਦ ਨੂੰ ਵੀ ਬੁਰੀ ਤਰ੍ਹਾਂ ਅਨੁਭਵ ਕੀਤਾ, ਕਿਉਂਕਿ ਵਿਆਕਰਣ ਦੀ ਅਣਹੋਂਦ ਦੀ ਅਵਸਥਾ ਵਿਚ ਪੰਜਾਬੀ ਭਾਸ਼ਾ ਸਿਖਣ ਸਮੇਂ ਉਸਨੂੰ ਜਿਨ੍ਹਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਇਆ ਸੀ, ਉਹ ਉਸ ਨੂੰ ਚੰਗੀ ਤਰ੍ਹਾਂ ਯਾਦ ਸਨ। ਉਸ ਨੇ ਆਪਣੇ ਉੱਤਰਾ-ਧਿਕਾਰੀਆਂ ਦੇ ਲਾਭ ਹਿਤ 1812 ਈ: ਵਿਚ ਪੰਜਾਬੀ ਦੀ ਪਹਿਲੀ ਵਿਆਕਰਣ 'ਗਰਾਮਰ ਆਫ਼ ਦੀ ਪੰਜਾਬੀ ਲੈਂਗੁਏਜ' ਲਿਖੀ[3]। ਡਾ: ਕੇਰੀ ਦੁਆਰਾ ਲਿਖਿਤ ਪੰਜਾਬੀ ਵਿਆਕਰਣ ਤੋਂ ਪ੍ਰੇਰਣਾ ਗ੍ਰਹਿਣ ਕਰਕੇ 1851 ਈ: ਵਿਚ ਜਾਨ ਨਿਊਟਨ ਨੇ ਪੰਜਾਬੀ ਭਾਸ਼ਾ ਦੀ ਦੂਜੀ ਵਿਆਕਰਣ 'ਏ ਗਰਾਮਰ ਆਫ ਦੀ ਪੰਜਾਬੀ ਲੈਂਗੁਏਜ' ਲਿਖੀ।[4] ਜਾਨ ਨਿਊਟਨ ਦੀ ਇਸ ਵਿਆਕਰਣ ਵਿਚ ਉਸ ਦੇ ਪੁੱਤਰ ਈ. ਪੀ. ਨਿਊਟਨ ਨੂੰ ਕਈ ਅਸ਼ੁੱਧੀਆਂ ਜਾਪੀਆਂ। ਇਨ੍ਹਾਂ ਅਸ਼ੁੱਧੀਆਂ ਨੂੰ ਦੂਰ ਕਰਨ ਅਤੇ ਆਪਣੇ ਪਿਤਾ ਨਾਲੋਂ ਵਧੇਰੇ ਪ੍ਰਮਾਣਿਕ ਵਿਆਕਰਣ ਲਿਖਣ ਦੀ ਪ੍ਰੇਰਣਾ ਹੇਠ ਉਸ ਨੇ

---

1. Smith; George, The Life of William Carey, p. 39.
2. Marshman; John Clark, The Life and Labours of Carey, Marshman & Ward, p. 18-19.
3. ਉਹੀ, ਪੰ. 45.
4. Newton; John, A Grammar of the Punjabi Language, p, 1.

Digitized by Panjab Digital Library | www.panjabdigilib.org

1896 ਈ: ਵਿਚ ਪੰਜਾਬੀ ਭਾਸ਼ਾ ਦੀ ਤੀਜੀ ਵਿਆਕਰਣ 'ਪੰਜਾਬੀ ਗਰਾਮਰ ਵਿਦ ਐਕਸਰਸਾਈਜ਼ ਐਂਡ ਵੋਕੈਬੁਲਰੀ' ਲਿਖੀ, ਜੋ ਦੋ ਵਰ੍ਹਿਆਂ ਮਗਰੋਂ ਪਾਦਰੀ ਐਮ. ਵਾਇਲੀ ਦੇ ਜਤਨਾਂ ਨਾਲ ਲੁਧਿਆਣਾ ਮਿਸ਼ਨ ਪ੍ਰੈਸ ਤੋਂ ਪ੍ਰਕਾਸ਼ਿਤ ਹੋਈ।[1] 1912 ਈ: ਵਿਚ ਪਾਦਰੀ ਗਰਾਹਮ ਬੇਲੀ ਨੇ ਪੰਜਾਬੀ ਭਾਸ਼ਾ ਦੀ ਚੌਥੀ ਵਿਆਕਰਣ 'ਪੰਜਾਬੀ ਮੈਨੂਅਲ ਐਂਡ ਗਰਾਮਰ ਪ੍ਰਕਾਸ਼ਿਤ ਕੀਤੀ। ਇਨ੍ਹਾਂ ਵਿਆਕਰਣਾਂ ਤੋਂ ਇਲਾਵਾ ਐਫ਼. ਐਸ. ਤਾਜ ਦੁਆਰਾ ਪਹਿਲੀ ਜਮਾਤ ਦੇ ਬੱਚਿਆਂ ਲਈ ਲਿਖੀ ਹੋਈ ਇਕ ਵਿਆਕਰਣ 'ਫ਼ਸਟ ਈਅਰ ਪੰਜਾਬੀ ਕੋਰਸ' ਵੀ ਪ੍ਰਕਾਸ਼ਿਤ ਰੂਪ ਵਿਚ ਮਿਲਦੀ ਹੈ। ਇਸ ਉਪਰ ਪ੍ਰਕਾਸ਼ਨ-ਤਿਥਿ ਨਹੀਂ ਦਿੱਤੀ ਗਈ।[2] ਅੰਦਾਜ਼ਾ ਹੈ ਕਿ ਇਹ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੀ ਕਿਰਤ ਹੈ। ਕੁਝ ਵੀ ਹੋਵੇ, ਇਹ ਕਿਸੇ ਪੰਜਾਬੀ ਲੇਖਕ ਦੁਆਰਾ ਲਿਖਿਤ ਪਹਿਲੀ ਪੰਜਾਬੀ ਵਿਆਕਰਣ ਹੈ।

ਪੰਜਾਬੀ ਭਾਸ਼ਾ ਦੇ ਸਾਰੇ ਸ਼ਬਦਾਂ ਨੂੰ ਇਕੱਤਰ ਕਰਕੇ ਕੋਸ਼-ਰੂਪ ਵਿਚ ਪ੍ਰਕਾਸ਼ਿਤ ਕਰਨ ਦਾ ਵਿਚਾਰ ਵੀ ਸਭ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਨੂੰ ਹੀ ਸੁੱਝਿਆ। ਸਭ ਤੋਂ ਪਹਿਲਾਂ ਲੁਧਿਆਣਾ ਮਿਸ਼ਨ ਦੇ ਪ੍ਰਬੰਧਕਾਂ ਨੇ ਇਸ ਪਾਸੇ ਵਲ ਧਿਆਨ ਦਿੱਤਾ। ਮਿਸ਼ਨ ਦੇ ਪਾਦਰੀਆਂ ਨੇ ਕੁਝ ਸਥਾਨਕ ਪੜ੍ਹੇ ਲਿਖੇ ਵਿਅਕਤੀਆਂ ਨੂੰ ਵੀ ਇਸ ਕਾਰਜ ਵਿਚ ਸੰਮਿਲਿਤ ਕਰ ਲਇਆ ਅਤੇ ਸ਼ਬਦ ਇਕੱਠੇ ਕਰਨ ਦਾ ਕੰਮ ਸ਼ੁਰੂ ਹੋ ਗਇਆ। 1841 ਈ: ਵਿਚ ਇਹ ਕੰਮ ਆਰੰਭ ਹੋਇਆ ਅਤੇ 1854 ਈ: ਵਿਚ ਪਾਦਰੀ ਜਾਨ ਨਿਊਟਨ ਦੇ ਨਿਰਦੇਸ਼ਨ ਹੇਠਾਂ ਪਾਦਰੀ ਜੇਨਵੀਅਰ ਦੇ ਜਤਨਾਂ ਨਾਲ ਪੰਜਾਬੀ ਦਾ ਪਹਿਲਾ ਸ਼ਬਦ-ਕੋਸ਼ ਪ੍ਰਕਾਸ਼ਿਤ ਹੋਇਆ[3]। 1900 ਈ: ਵਿਚ ਪਾਦਰੀ ਜਿਊਕਸ ਨੇ ਪੰਜਾਬੀ ਦੀ ਉਪਭਾਸ਼ਾ ਜਟਕੀ (ਪੱਛਮੀ ਪੰਜਾਬ ਦੀ ਬੋਲੀ) ਤੇ ਅੰਗ੍ਰੇਜ਼ੀ ਦਾ ਸ਼ਬਦ-ਕੋਸ਼ ਪ੍ਰਕਾਸ਼ਿਤ ਕੀਤਾ। ਪਾਦਰੀ ਜੇ. ਵਿਲਸਨ ਨੇ ਸ਼ਾਹਪੁਰ ਤੇ ਕਾਂਗੜੇ ਵਿਚ ਬੋਲੀਆਂ ਜਾਣ ਵਾਲੀਆਂ ਪੰਜਾਬੀ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਸ਼ਾਹਪੁਰੀ ਕਾਂਗੜੀ ਗਲੋਸਰੀ ਤਿਆਰ ਕੀਤੀ। ਇਨ੍ਹਾਂ ਤੋਂ ਇਲਾਵਾ ਪਾਦਰੀ ਡਬਲਿਊ. ਪੀ. ਹੇਅਰਸ ਨੇ 1940 ਈ: ਵਿਚ ਰੋਮਨ ਅੱਖਰਾਂ ਵਿਚ ਪੰਜਾਬੀ ਅਖਾਣਾਂ ਤੇ ਮੁਹਾਵਰਿਆਂ ਦਾ ਸੰਗ੍ਰਿਹ 'ਏ ਕੁਲੈਕਸ਼ਨ ਆਫ਼ ਪੰਜਾਬੀ ਪ੍ਰੋਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼ ਇਨ ਰੋਮਨ ਪੰਜਾਬੀ' ਪ੍ਰਕਾਸ਼ਿਤ ਕੀਤਾ ਅਤੇ ਪਾਦਰੀ ਜੇਨਵੀਅਰ ਨੇ 1846 ਈ: ਵਿਚ ਲੁਧਿਆਣਾ ਮਿਸ਼ਨ ਪ੍ਰੈਸ ਤੋਂ ਪੰਜਾਬੀ ਤੇ ਅੰਗ੍ਰੇਜ਼ੀ ਮੁਹਾਵਰਿਆਂ ਵਾਲੇ ਵਾਕਾਂ ਦਾ ਸੰਗ੍ਰਹਿ 'ਈਡੀਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ ਪ੍ਰਕਾਸ਼ਿਤ ਕੀਤਾ। ਮਿਸਟਰ ਈ. ਓ. ਬ੍ਰੇਨ ਦੁਆਰਾ ਲਿਖਿਤ 'ਮੁਲਤਾਨੀ ਗਲੋਸਰੀ' ਦੇ ਸੰਬੰਧ ਵਿਚ ਇਥੇ ਇਸ ਲਈ ਚਰਚਾ ਕੀਤੀ ਜਾਣੀ ਯੋਗ ਨਹੀਂ, ਕਿਉਂਕਿ ਮਿਸਟਰ ਓਬ੍ਰੇਨ ਈਸਾਈ ਮਿਸ਼ਨਰੀ ਨਾ ਹੋ ਕੇ ਇਕ ਸਰਕਾਰੀ ਅਫ਼ਸਰ ਸੀ।

ਅਧਿਐਨ ਦੀ ਸੁਵਿਧਾ ਲਈ ਈਸਾਈ ਮਿਸ਼ਨਰੀਆਂ ਦੁਆਰਾ ਲਿਖਿਤ ਉਪਰੋਕਤ ਭਾਸ਼ਾਈ ਕਿਰਤਾਂ ਨੂੰ ਨਿਮਨਲਿਖਿਤ ਤਿੰਨ ਭਾਗਾਂ ਵਿਚ ਵੰਡ ਲੈਣਾ ਉਪਯੋਗੀ ਹੋਵੇਗਾ :

---

1. Newton; E. P., *Punjabi Grammar with Exercise & Vocabulary*, p. 102.
2. ਡਾ : ਲੋਹਿਲਿਨ ਅਨੁਸਾਰ ਇਹ ਪੁਸਤਕ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਰਚਨਾ ਹੈ।
3. Lodiana Mission, *Dictionary of the Punjabi Language*, Preface, p. iv.

Digitized by Panjab Digital Library | www.panjabdigilib.org

1. ਵਿਆਕਰਣ
2. ਕੋਸ਼ ਤੇ ਸ਼ਬਦਾਵਲੀ ਸੰਗ੍ਰਹਿ
3. ਫੁੱਟਕਲ ਕਿਰਤਾਂ

1. ਵਿਆਕਰਣ :

ਵਿਆਕਰਣ : ਸਰੂਪ ਤੇ ਸ਼ਕਤੀ (Form & Function) :

ਡਾ: ਹੈਨਰੀ ਸਵੀਟ ਦੇ ਮਤ ਅਨੁਸਾਰ ਵਿਆਕਰਣ ਭਾਸ਼ਾ ਦੇ ਸਾਧਾਰਣ ਤੱਥਾਂ ਨੂੰ ਉਘਾੜਦੀ ਹੈ ਅਤੇ ਕੋਸ਼ ਭਾਸ਼ਾ ਦੇ ਵਿਸ਼ੇਸ਼ ਤੱਥਾਂ ਵਲ ਧਿਆਨ ਆਕਰਸ਼ਿਤ ਕਰਦਾ ਹੈ ।[1] ਪਰ ਇਹ ਦੋਵੇਂ ਇਕ ਦੂਜੇ ਦੀਆਂ ਹੱਦ-ਲਕੀਰਾਂ ਦੀ ਬਾਰ ਬਾਰ ਉਲੰਘਣਾ ਕਰਦੇ ਪਰਤੀਤ ਹੁੰਦੇ ਹਨ, ਕਿਉਂਕਿ ਇਕੋ ਹੀ ਤੱਥ ਵਿਆਕਰਣ ਵਿਚ ਵੀ ਉਤਨੇ ਹੀ ਮਹੱਤਵਪੂਰਣ ਸਥਾਨ ਦਾ ਪਾਤਰ ਹੈ, ਜਿਤਨਾ ਉਸ ਦਾ ਕੋਸ਼ ਵਿਚ ਮਹੱਤਵ ਹੈ । ਇਸ ਲਈ ਕਿਸੇ ਨਿਯਮ ਨੂੰ ਸਹੀ ਰੂਪ ਵਿਚ ਪੇਸ਼ ਕਰਨ ਲਈ ਸਾਨੂੰ ਉਸ ਨਿਯਮ-ਵਿਸ਼ੇਸ਼ ਦੀਆਂ ਸੀਮਾਵਾਂ ਵੀ ਨਿਸ਼ਚਿਤ ਕਰ ਦੇਣੀਆਂ ਚਾਹੀਦੀਆਂ ਹਨ ।[2] ਮਿਸਾਲ ਲਈ ਜੇ ਅਸੀਂ ਇਹ ਨਿਯਮ ਸਥਾਪਿਤ ਕਰਨਾ ਹੋਵੇ ਕਿ ਅੰਗ੍ਰੇਜ਼ੀ ਭਾਸ਼ਾ ਵਿਚ ਮਿਲਦੇ ਇਕਵਚਨ ਨਾਂਵਾਂ ਦੇ ਪਿਛੇ ਐਸ (-s) ਜੋੜ ਦੇਣ ਨਾਲ ਉਹ ਬਹੁਵਚਨ ਨਾਂਵ ਬਣ ਜਾਂਦੇ ਹਨ, ਤਾਂ ਸਾਨੂੰ ਇਹ ਵੀ ਦੱਸਣਾ ਪਏਗਾ ਕਿ ਨਾਂਵਾਂ ਦੇ ਇਸ ਨਿਯਮਿਤ ਨਿਰਮਾਣ (regular formation) ਤੋਂ ਇਲਾਵਾ ਅੰਗ੍ਰੇਜ਼ੀ ਭਾਸ਼ਾ ਵਿਚ ਕੁਝ ਅਨਿਯਮਿਤ ਬਹੁਵਚਨ ਵੀ ਮਿਲਦੇ ਹਨ, ਜਿਵੇਂ ਮੈੱਨ (men), ਵਿਮੈੱਨ (women), ਔਕਸਨ (oxen) ਆਦਿਕ । ਅਤੇ ਕਿਉਂਕਿ ਭਾਸ਼ਾਵਾਂ ਦਾ ਨਿਰਮਾਣ ਕਿਸੇ ਆਦਰਸ਼ਕ ਨਮੂਨਿਆਂ ਨੂੰ ਸਾਹਮਣੇ ਰੱਖ ਕੇ ਨਹੀਂ ਹੁੰਦਾ, ਇਸ ਲਈ ਵਿਆਕਰਣ ਦੀ ਹਰ ਚੰਗੀ ਪੁਸਤਕ ਵਿਚ ਇਨ੍ਹਾਂ ਅਨਿਯਮਿਤ ਨਿਯਮਾਂ ਦਾ ਵਿਸਤ੍ਰਿਤ ਉਲੇਖ ਹੋਣਾ ਲਾਜ਼ਮੀ ਹੈ ।[3]

ਇਕ ਸਾਧਾਰਣ ਵਿਅਕਤੀ ਲਈ ਵਿਆਕਰਣ ਦੇ ਅਰਥ ਹਨ : ਕਿਸੇ ਭਾਸ਼ਾ ਨੂੰ ਸ਼ੁੱਧ ਰੂਪ ਵਿਚ ਲਿਖਣ ਜਾਂ ਬੋਲਣ ਸਮੇਂ ਕੁਝ ਅਟਕਲਪੱਚੂ (arbitrary) ਨਿਯਮਾਂ ਦਾ ਪਾਲਣ ਕਰਨਾ । ਵਿਸ਼ੇਸ਼ ਕਰਕੇ ਉਸ ਦਸ਼ਾ ਵਿਚ ਤਾਂ ਇਨ੍ਹਾਂ ਨਿਯਮਾਂ ਦਾ ਪਾਲਣ ਉਸ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਜਦੋਂ ਕਿ ਉਹ ਕੋਈ ਵਿਦੇਸ਼ੀ ਭਾਸ਼ਾ ਸਿੱਖ ਰਹਿਆ ਹੁੰਦਾ ਹੈ । ਸਕੂਲਾਂ ਵਿਚ ਆਪਣੀ ਕੌਮੀ ਭਾਸ਼ਾ ਦੀ ਵਿਆਕਰਣ ਸਿੱਖਣ ਸਮੇਂ ਵੀ ਉਹ ਇਹੋ ਕੁਝ ਸੋਚ ਰਹਿਆ ਹੁੰਦਾ ਹੈ । ਅਜਿਹੀ ਵਿਆਕਰਣ ਨੂੰ ਭਾਸ਼ਾ-ਵਿਗਿਆਨ ਦੀ ਬੋਲੀ ਵਿਚ ਨਾਰਮੇਟਿਵ (normative) ਜਾਂ ਪਰੈਸਕ੍ਰਿਪਟਿਵ (prescriptive) ਵਿਆਕਰਣ ਕਹਿਆ ਜਾਂਦਾ ਹੈ ।[4]

---

1. "According to the definition of the late Dr. Henry Sweet a grammar gives the general facts of language, while a dictionary deals with the special facts of life."
Encyclopaedia Britannica, vol. 10, p. 609.
2. Entwistle; William J., *Aspects of Language*, p. 160—61.
3. Saussure; Ferdinand De, *Course in General Linguistics*, p 135—136.
4. ਉਹੀ, ਪੰ: 136.

Digitized by Panjab Digital Library | www.panjabdigilib.org

ਪਰ ਇਕ ਵਿਗਿਆਨਕ ਵਿਆਕਰਣ ਲਈ ਇਸ ਵਿਸ਼ੇ ਦਾ ਇਕ ਹੋਰ ਪੱਖ ਵੀ ਹੈ। ਉਸ ਲਈ ਪਹਿਲਾਂ ਤੋਂ ਹੀ ਨਿਰਧਾਰਿਤ ਨਿਯਮ ਵਿਸ਼ੇਸ਼ ਮਹੱਤਵ ਨਹੀਂ ਰੱਖਦੇ, ਸਗੋਂ ਉਹ ਕਿਸੇ ਕੌਮ ਜਾਂ ਦੇਸ਼ ਦੇ ਲੇਖਕਾਂ ਤੇ ਬੋਲੀ ਬੋਲਣ ਵਾਲਿਆਂ ਦੀ ਆਪਣੀ ਭਾਸ਼ਾ ਨੂੰ ਪ੍ਰਯੋਗ ਵਿਚ ਲਿਆਉਣ ਦੀ ਵਿਧੀ ਦੀ ਪਰੀਖਿਆ ਕਰਨਾ ਵੱਧ ਜ਼ਰੂਰੀ ਸਮਝਦਾ ਹੈ। ਇਸ ਪ੍ਰਕਾਰ ਭਾਸ਼ਾ-ਵਿਗਿਆਨਕ ਤੱਤਾਂ ਵਲ ਉਸ ਦੀ ਅਭਿਵ੍ਰਿਤੀ (attitude) ਪ੍ਰਕਿਰਤਕ ਤੱਥਾਂ ਨੂੰ ਨੇੜਿਉਂ ਵੇਖ ਰਹੇ ਪ੍ਰਕਿਰਤੀ-ਵਾਦੀ ਵਾਲੀ ਹੁੰਦੀ ਹੈ। ਉਹ ਦੂਰ ਖੜ੍ਹਾ ਹੋਇਆ ਵਸਤੂਪਰਕ ਦ੍ਰਿਸ਼ਟੀ ਤੋਂ ਉਸ ਭਾਸ਼ਾ ਦਾ ਅਧਿਐਨ ਕਰਦਾ ਹੈ। ਇਸ ਵਿਧੀ ਅਨੁਸਾਰ ਲਿਖੀ ਗਈ ਵਿਆਕਰਣ ਨੂੰ ਭਾਸ਼ਾ-ਵਿਗਿਆਨੀ ਵਰਣਨਾਤਮਕ (descriptive) ਵਿਆਕਰਣ ਕਹਿੰਦੇ ਹਨ।[1]

ਵਿਆਕਰਣ ਦ੍ਰਸ਼ਟਾ ਹੋਰ ਦੂਜੇ ਖੇਤਰਾਂ ਦੇ ਪ੍ਰੇਕਸ਼ਕਾਂ ਵਾਂਗ ਜਿਥੋਂ ਤਕ ਹੋ ਸਕੇ, ਨਿਰੋਲ ਤੱਥਾਂ ਤੋਂ ਅਗਾਂਹ ਜਾਣ ਦੀ ਕੋਸ਼ਿਸ਼ ਵੀ ਕਰਦਾ ਹੈ, ਤਾਂ ਜੋ ਇਨ੍ਹਾਂ ਤੱਥਾਂ ਦੀ ਸ਼ੁੱਧ ਵਿਆਖਿਆ ਸੰਭਵ ਹੋ ਸਕੇ। ਇਸ ਵਿਧੀ ਅਨੁਸਾਰ ਲਿਖੀ ਗਈ ਵਿਆਕਰਣ ਨੂੰ ਭਾਸ਼ਾ ਵਿਗਿਆਨੀ ਤੁਲਨਾਤਮਕ ਇਤਿਹਾਸਕ (comparative historical) ਵਿਆਕਰਣ ਦਾ ਨਾਮ ਦਿੰਦੇ ਹਨ। ਵਿਆਕਰਣ-ਲੇਖਨ ਦੀ ਇਹ ਵਿਧੀ ਉਨ੍ਹੀਵੀਂ ਸਦੀ ਦੀ ਕਾਢ ਹੈ।[2] ਕਈ ਗੱਲਾਂ ਨਿਰੋਲ ਵਰਣਨਾਤਮਕ ਵਿਆਕਰਣ ਦੀ ਦ੍ਰਿਸ਼ਟੀ ਤੋਂ ਵਿਚਿੱਤਰ ਤੇ ਫ਼ਾਲਤੂ ਜਾਪਦੀਆਂ ਹਨ। ਜੇ ਉਨ੍ਹਾਂ ਨੂੰ ਉਸ ਭਾਸ਼ਾ-ਵਿਸ਼ੇਸ਼ ਜਾਂ ਉਸ ਨਾਲ ਸੰਬੰਧਿਤ ਹੋਰ ਭਾਸ਼ਾਵਾਂ ਦੇ ਆਦਿਕਾਲੀਨ ਇਤਿਹਾਸ ਦੀ ਰੌਸ਼ਨੀ ਵਿਚ ਵੇਖਿਆ ਜਾਵੇ, ਤਾਂ ਉਨ੍ਹਾਂ ਦਾ ਮਹੱਤਵ ਸਾਕਾਰ ਹੋ ਜਾਂਦਾ ਹੈ ਅਤੇ ਉਹ ਵਿਚਿੱਤਰ ਜਾਂ ਫ਼ਾਲਤੂ ਪ੍ਰਤੀਤ ਨਹੀਂ ਹੁੰਦੀਆਂ। ਇਸ ਪ੍ਰਕਾਰ ਉਨ੍ਹਾਂ ਦੀ ਯੋਗ ਵਿਆਖਿਆ ਹੋਣ ਦੀ ਸੰਭਾਵਨਾ ਵੀ ਪੈਦਾ ਹੋ ਜਾਂਦੀ ਹੈ। ਮਿਸਾਲ ਲਈ ਸੰਸਕ੍ਰਿਤ ਸ਼ਬਦ 'ਪਾਸ਼ੰਡੀ' ਕਿਹੜੇ ਕਿਹੜੇ ਰੂਪਾਂ ਵਿਚ ਪਰਿਵਰਤਿਤ ਹੁੰਦਾ ਹੋਇਆ ਪੰਜਾਬੀ ਭਾਸ਼ਾ ਵਿਚ ਪਖੰਡੀ ਬਣਿਆ ਅਤੇ ਇਸ ਵਿਚ ਕਿਸ ਪ੍ਰਕਾਰ ਧੁਨੀ-ਪਰਿਵਰਤਨ ਹੋਇਆ, ਇਕ ਤੁਲਨਾਤਮਕ ਇਤਿਹਾਸਕ ਵਿਆਕਰਣ ਵਿਚ ਇਹ ਸਚਾਈ ਉਘੜ ਕੇ ਸਾਹਮਣੇ ਆ ਸਕਦੀ ਹੈ। ਧੁਨੀ-ਪਰਿਵਰਤਨ ਦੇ ਨਾਲ ਨਾਲ ਇਸ ਸ਼ਬਦ ਦੇ ਅਰਥਾਂ ਵਿਚ ਵੀ ਪਰਿ-ਵਰਤਨ ਹੋ ਗਇਆ ਹੈ। ਇਸ ਪੱਖ ਤੋਂ ਵੀ ਇਸ ਸ਼ਬਦ ਦਾ ਇਤਿਹਾਸਕ ਪਿਛੋਕੜ ਜਾਣਨ ਦੀ ਦੀ ਆਵੱਸ਼ਕਤਾ ਬਾਰੇ ਦੋ ਮਤ ਨਹੀਂ ਹੋ ਸਕਦੇ। ਇਤਿਹਾਸਕ ਤੇ ਤੁਲਨਾਤਮਕ ਵਿਧੀ ਦੁਆਰਾ ਵਿਆਕਰਣਕ ਤੱਥਾਂ ਦੀ ਵਿਆਖਿਆ ਸਭ ਤੋਂ ਵਧੇਰੇ ਉਪਯੋਗੀ ਸਮਝੀ ਗਈ ਹੈ, ਪਰ ਇਥੇ ਇਹ ਸਪਸ਼ਟ ਕਰ ਦੇਣਾ ਉਚਿਤ ਹੈ ਕਿ ਅਜਿਹੀ ਵਿਆਖਿਆ ਤਾਂ ਹੀ ਸੰਭਵ ਹੋ ਸਕਦੀ ਹੈ, ਜੇ ਵਿਚਾਰ-ਅਧੀਨ ਭਾਸ਼ਾ ਜਾਂ ਉਸ ਨਾਲ ਸੰਬੰਧਿਤ ਭਾਸ਼ਾਵਾਂ ਦੇ ਸਾਰੇ ਭਾਸ਼ਾ-ਵਿਗਿਆਨਕ ਦਸਤਾਵੇਜ਼ ਸੁਪ੍ਰਾਪਤ ਹੋਣ।

ਵਿਆਕਰਣਕ ਨਵ-ਨਿਰਮਾਣ ਕਰਨ ਸਮੇਂ ਵਿਆਕਰਣਕਾਰ ਨੂੰ ਬੜੀ ਸਿਆਣਪ ਤੇ

---

1. *Encyclopaedia Britannica*, Vol 10, p. 609.
2. Hockett; Charles, *Course in Modern Linguistics*, p. 126.

Digitized by Panjab Digital Library | www.panjabdigilib.org

ਹੁਸ਼ਿਆਰੀ ਤੋਂ ਕੰਮ ਲੈਣਾ ਪੈਂਦਾ ਹੈ, ਕਿਉਂਕਿ ਭਾਸ਼ਾਵਾਂ ਜਿਨ੍ਹਾਂ ਜਿਨ੍ਹਾਂ ਪਰਿਸਥਿਤੀਆਂ ਤੇ ਰਾਹਾਂ ਦੁਆਰਾ ਵਿਕਾਸ ਕਰਦੀਆਂ ਹਨ, ਉਹਨਾਂ ਦੀ ਗਣਨਾ ਇਤਨੀ ਸੁਗਮ ਨਹੀਂ ਹੁੰਦੀ। ਇਸ ਦ੍ਰਿਸ਼ਟੀ ਤੋਂ ਰੁਮਾਂਸ ਭਾਸ਼ਾਵਾਂ (ਇਤਾਲਵੀ, ਫ਼ਰਾਂਸੀਸੀ, ਸਪੈਨਿਸ਼ ਆਦਿ) ਦੀ ਪਰਖ ਕੀਤੀ ਜਾ ਸਕਦੀ ਹੈ। ਕਈ ਸਦੀਆਂ ਤੋਂ ਇਹ ਭਾਸ਼ਾਵਾਂ ਪ੍ਰਚਲਿਤ ਹਨ। ਜਿਸ ਪ੍ਰਕਾਰ ਪੰਜਾਬੀ ਤੇ ਹੋਰ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਮੁੱਢ ਸੰਸਕ੍ਰਿਤ ਤੋਂ ਬੱਝਾ, ਇਸੇ ਪ੍ਰਕਾਰ ਇਨ੍ਹਾਂ ਭਾਸ਼ਾਵਾਂ ਦਾ ਮੁੱਢ ਲਾਤੀਨੀ ਭਾਸ਼ਾ ਤੋਂ ਬੱਝਾ। ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਭਾਸ਼ਾਵਾਂ ਦੇ ਵਰਤਮਾਨ ਰੂਪ ਵਿਚ ਲਾਤੀਨੀ ਦੇ ਪ੍ਰਾਚੀਨ ਸ਼ਬਦ-ਰੂਪ ਹੋਣਗੇ, ਪਰ ਬਹੁਤੀਆਂ ਹਾਲਤਾਂ ਵਿਚ ਇਹ ਗੱਲ ਠੀਕ ਨਹੀਂ। ਕੁਝ ਸ਼ਬਦ-ਰੂਪ ਇਨ੍ਹਾਂ ਭਾਸ਼ਾਵਾਂ ਵਿਚ ਅਜਿਹੇ ਵੀ ਹਨ, ਜਿਨ੍ਹਾਂ ਦੀ ਲਾਤੀਨੀ ਭਾਸ਼ਾ ਵਿਚ ਹੋਂਦ ਵੀ ਨਹੀਂ।[1]

ਤੁਲਨਾਤਮਕ ਵਿਆਕਰਣ ਲਿਖਣ ਦੀ ਵਿਧੀ ਸਾਡੇ ਆਪਣੇ ਭਾਸ਼ਾਈ ਪਰਿਵਾਰਾਂ (ਆਰਿਆਈ ਜਾਂ ਇੰਡੋ-ਯੋਰਪੀ ਭਾਸ਼ਾ ਪਰਿਵਾਰ) ਦੇ ਅਧਿਐਨ ਸਮੇਂ ਵਧੇਰੇ ਵਿਕਸਿਤ ਹੋਈ ਅਤੇ ਇਕ ਅਜਿਹਾ ਸਮਾਂ ਵੀ ਆਇਆ, ਜਦੋਂ ਵਿਆਕਰਣ-ਕਾਰ ਇਨ੍ਹਾਂ ਭਾਸ਼ਾਵਾਂ ਵਿਚ ਮਿਲਦੇ ਸਾਂਝੇ ਤੱਤਾਂ ਨੂੰ ਉਘਾੜਨ ਤੇ ਉਨ੍ਹਾਂ ਦੀ ਵਧਾ ਚੜ੍ਹਾ ਕੇ ਵਿਆਖਿਆ ਕਰਨ ਵਲ ਰੁਚਿਤ ਹੋ ਗਏ ਅਤੇ ਅਜਿਹੇ ਤੱਥਾਂ ਵਲ ਉਨ੍ਹਾਂ ਦਾ ਘੱਟ ਧਿਆਨ ਗਇਆ, ਜਿਹੜੇ ਉਨ੍ਹਾਂ ਵਿਚੋਂ ਕਿਸੇ ਇਕ ਜਾਂ ਕੁਝ ਭਾਸ਼ਾਵਾਂ ਵਿਚ ਵਿਸ਼ੇਸ਼ ਸਥਾਨ ਰੱਖਦੇ ਸਨ। ਆਰ. ਪਿਸ਼ਲ ਦੁਆਰਾ ਲਿਖਿਤ 'ਪ੍ਰਾਕਿਰਤ ਭਾਸ਼ਾਵਾਂ ਦੀ ਤੁਲਨਾਤਮਕ ਵਿਆਕਰਣ' ਵੀ ਇਸ ਦੋਸ਼ ਤੋਂ ਮੁਕਤ ਨਹੀਂ। ਇਸ ਲਈ ਤੁਲਨਾਤਮਕ ਵਿਆਕਰਣ ਦੇ ਪਰਿਸ਼ਿਸ਼ਟ ਵਿਚ ਅਜਿਹੇ ਤੱਥਾਂ ਨਾਲ ਪੂਰਾ ਪੂਰਾ ਇਨਸਾਫ਼ ਕੀਤਾ ਜਾਣਾ ਆਵੱਸ਼ਕ ਹੈ।

ਵਿਆਕਰਣਕ-ਬਣਤਰ ਦੀ ਦ੍ਰਿਸ਼ਟੀ ਤੋਂ ਭਾਸ਼ਾਵਾਂ ਇਕ ਦੂਜੀ ਨਾਲੋਂ ਭਿੰਨ ਹੁੰਦੀਆਂ ਹਨ। ਕੁਝ ਅਜਿਹੇ ਸੂਖਮ ਅਰਥ-ਭੇਦ ਕਿਸੇ ਇਕ ਭਾਸ਼ਾ-ਵਿਸ਼ੇਸ਼ ਲਈ ਬਹੁਤ ਸਮਝੇ ਜਾਂਦੇ ਹਨ, ਪਰ ਦੂਸਰੀਆਂ ਭਾਸ਼ਾਵਾਂ ਵਿਚ ਉਨ੍ਹਾਂ ਦਾ ਜ਼ਰਾ ਵੀ ਧਿਆਨ ਨਹੀਂ ਰੱਖਿਆ ਜਾਂਦਾ। ਕੁਝ ਅਜਿਹੀਆਂ ਗੱਲਾਂ ਜਿਨ੍ਹਾਂ ਦਾ ਕਿਸੇ ਭਾਸ਼ਾ ਦੀ ਵਿਆਕਰਣ ਨਾਲ ਵਿਸ਼ੇਸ਼ ਸੰਬੰਧ ਹੁੰਦਾ ਹੈ, ਦੂਜੀ ਭਾਸ਼ਾ ਦੀ ਵਿਆਕਰਣ ਵਿਚ ਜਾਂ ਤਾਂ ਉਨ੍ਹਾਂ ਦਾ ਉਲੇਖ ਹੀ ਨਹੀਂ ਮਿਲਦਾ ਅਤੇ ਜੇ ਮਿਲਦਾ ਵੀ ਹੈ, ਤਾਂ ਉਲੇਖ-ਵਿਧੀ ਦਾ ਅੰਤਰ ਅਵੱਸ਼ ਹੁੰਦਾ ਹੈ। ਇਸ ਲਈ ਨਾ ਕੇਵਲ ਵੱਖ ਵੱਖ ਵਿਆਕਰਣਕ ਰੂਪ ਹੀ ਬਦਲਦੇ ਰਹਿੰਦੇ ਹਨ, ਸਗੋਂ ਸਮਾਂ ਬੀਤਣ ਤੇ ਸਾਰੀਆਂ ਵਿਆਕਰਣਕ ਕਿਸਮਾਂ ਹੀ ਬਦਲ ਜਾਂਦੀਆਂ ਹਨ। ਸੋ ਸਪਸ਼ਟ ਹੈ ਕਿ ਕਿਸੇ ਭਾਸ਼ਾ ਦੇ ਵਿਆਕਰਣਕ ਨਿਯਮਾਂ ਨੂੰ ਦੂਜੀ ਭਾਸ਼ਾ ਉਪਰ ਲਾਗੂ ਨਹੀਂ ਕੀਤਾ ਜਾ ਸਕਦਾ।

ਕਿਸੇ ਨਿਸ਼ਚਿਤ ਕਾਲ ਦੀ ਭਾਸ਼ਾ ਦੇ ਅਧਿਐਨ ਸਮੇਂ ਇਹ ਦੱਸਣਾ ਅਤਿਅੰਤ ਜ਼ਰੂਰੀ ਹੈ ਕਿ ਭਾਸ਼ਾ ਦੇ ਕਿਹੜੇ ਕਿਹੜੇ ਰੂਪ ਉਪਲਬਧ ਹੋਏ ਹਨ ਅਤੇ ਕਿਨ੍ਹਾਂ ਰੂਪਾਂ ਦਾ ਪਤਾ ਨਹੀਂ ਲੱਗ

1. *Encyclopaedia Americana*, vol. 13, p. 114.

Digitized by Panjab Digital Library | www.panjabdigilib.org

ਸਕਿਆ। ਪ੍ਰਾਚੀਨ ਅੰਗ੍ਰੇਜ਼ੀ ਭਾਸ਼ਾ ਵਿਚ ਕੁਝ ਸੰਪ੍ਰਦਾਨ ਕਾਰਕ ਮਿਲਦੇ ਹਨ, ਜਿਹੜੇ ਆਧੁਨਿਕ ਅੰਗ੍ਰੇਜ਼ੀ ਭਾਸ਼ਾ ਵਿਚ ਨਹੀਂ ਮਿਲਦੇ। ਮੱਧਕਾਲੀਨ ਅੰਗ੍ਰੇਜ਼ੀ ਕਾਲ ਵਿਚ ਅੰਗ੍ਰੇਜ਼ੀ ਭਾਸ਼ਾ ਨੇ ਪੁਰਾਣੇ ਰੂਪਾਂ ਦਾ ਪਰਿਤਿਆਗ ਤਾਂ ਸ਼ੁਰੂ ਕੀਤਾ, ਪਰ ਫ਼ਿਰ ਵੀ ਕੁਝ ਕੁ ਪੁਰਾਣੇ ਅੰਸ਼ ਬਾਕੀ ਰਹਿ ਗਏ। ਜਿਵੇਂ ਚਾਸਰ ਦੀ ਕਵਿਤਾ ਵਿਚ ਪ੍ਰਯੋਗ ਕੀਤਾ ਗਇਆ ਸ਼ਬਦ "of towne" (ਜਿਥੇ 'e' ਇਕ ਵੱਖਰੀ ਮਾਤ੍ਰਾ ਹੈ)। ਇਹ ਕਹਿਣਾ ਕਿ ਅੱਜ ਵੀ ਅੰਗ੍ਰੇਜ਼ੀ ਭਾਸ਼ਾ ਵਿਚ ਸੰਪ੍ਰਦਾਨ ਕਾਰਕ ਮੌਜੂਦ ਹਨ, ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਵਿਚ ਅਣਇਤਿਹਾਸਕ ਸਮਝਿਆ ਜਾਵੇਗਾ।

ਭਾਸ਼ਾਵਾਂ ਨਿਰੰਤਰ ਆਪਣੇ ਰੂਪ ਬਦਲਦੀਆਂ ਰਹਿੰਦੀਆਂ ਹਨ ਅਤੇ ਵਿਭਿੰਨ ਭਾਸ਼ਾਵਾਂ ਦੇ ਵਿਆਕਰਣਕ ਨੇਮ ਵੀ ਵੱਖ ਵੱਖ ਸਮਿਆਂ ਵਿਚ ਬਦਲਦੇ ਰਹਿੰਦੇ ਹਨ, ਇਹ ਜਾਣ ਲੈਣ ਤੋਂ ਮਗਰੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਵਿਆਕਰਣ ਦੇ ਵਿਗਿਆਨਕ ਸੰਕਲਪ ਦੀ ਦ੍ਰਿਸ਼ਟੀ ਤੋਂ ਕਿਸੇ ਭਾਸ਼ਾ ਨੂੰ ਪੁਰਾਣੇ ਬਣਾਏ ਹੋਏ ਸਿਧਾਂਤਾਂ ਤੇ ਮਿਆਰਾਂ ਦੇ ਆਧਾਰ ਤੇ ਪਰਖਣਾ ਕਿਤਨਾ ਹਾਨੀਕਾਰਕ ਸਿੱਧ ਹੋਵੇਗਾ। ਪਰ ਪਿਛਲੇ ਕੁਝ ਸਾਲਾਂ ਤੋਂ ਵਿਆਕਰਣਕਾਰ ਇਹੋ ਕੁਝ ਕਰਦੇ ਆਏ ਹਨ ਅਤੇ ਹਾਲੇ ਤਕ ਕਰਦੇ ਪਏ ਹਨ। ਲਾਤੀਨੀ ਭਾਸ਼ਾ ਦੀ ਪ੍ਰਾਚੀਨਤਾ ਤੇ ਪ੍ਰਭੁੱਤ੍ਵ ਤੋਂ ਪ੍ਰਭਾਵਿਤ ਹੋ ਕੇ, ਉਸ ਭਾਸ਼ਾ ਦੇ ਵਿਆਕਰਣਕ ਨੇਮਾਂ ਨੂੰ ਪ੍ਰਮਾਣਿਕ ਮੰਨ ਕੇ, ਉਨ੍ਹਾਂ ਨੇਮਾਂ ਦੇ ਆਧਾਰ ਉਤੇ ਹੀ ਬਹੁਤੇ ਵਿਆਕਰਣ-ਲੇਖਕ ਵਿਸ਼ਵ ਦੀਆਂ ਵੱਖ ਵੱਖ ਭਾਸ਼ਾਵਾਂ ਦੇ ਵਿਆਕਰਣ-ਲੇਖਨ ਦਾ ਕੰਮ ਸੰਪੰਨ ਕਰਦੇ ਰਹੇ ਹਨ, ਬਿਨਾਂ ਇਸ ਗੱਲ ਦਾ ਧਿਆਨ ਰੱਖਿਆਂ ਕਿ ਉਸ ਭਾਸ਼ਾ-ਵਿਸ਼ੇਸ਼ ਦਾ (ਜਿਸ ਦੀ ਵਿਆਕਰਣ ਲਿਖੀ ਜਾ ਰਹੀ ਹੈ) ਢਾਂਚਾ ਲਾਤੀਨੀ ਭਾਸ਼ਾ ਨਾਲ ਮਿਲਦਾ ਵੀ ਹੈ ਜਾਂ ਨਹੀਂ। ਲਾਤੀਨੀ ਭਾਸ਼ਾ ਦੇ ਵਿਆਕਰਣਕ ਨਿਯਮਾਂ ਨੂੰ ਅੰਧਾ-ਧੁੰਦ ਦੂਜੀਆਂ ਭਾਸ਼ਾਵਾਂ ਉਪਰ ਠੋਸਣ ਦਾ ਪਰਿਣਾਮ ਇਹ ਹੋਇਆ ਹੈ ਕਿ ਉਨ੍ਹਾਂ ਭਾਸ਼ਾਵਾਂ ਦੇ ਅਸਲੀ ਤੱਥਾਂ ਨੂੰ ਤੋੜ ਮਰੋੜ ਕੇ ਗ਼ਲਤ ਵਿਧੀ ਨਾਲ ਪੇਸ਼ ਕੀਤਾ ਗਇਆ ਹੈ।

ਇਕ ਆਧੁਨਿਕ ਭਾਸ਼ਾ-ਵਿਗਿਆਨੀ ਬੋਲਚਾਲ ਦੀ ਭਾਸ਼ਾ ਦਾ ਅਧਿਐਨ ਬੜੇ ਧਿਆਨ ਸਹਿਤ ਕਰਦਾ ਹੈ। ਭਾਸ਼ਾ ਦੇ ਪਰੰਪਰਾਗਤ ਸ਼ਬਦ-ਜੋੜਾਂ ਦਾ ਨਿਰੀਖਣ ਕਰਦਾ ਹੋਇਆ ਉਹ ਉਨ੍ਹਾਂ ਸ਼ਬਦ-ਜੋੜਾਂ ਸੰਬੰਧੀ ਭ੍ਰਾਂਤੀਭਾਵ ਪ੍ਰਗਟ ਕਰਨ ਤੋਂ ਸੰਕੋਚ ਕਰਦਾ ਹੈ। ਮਿਸਾਲ ਲਈ ਫ਼ਰਾਂਸੀਸੀ ਭਾਸ਼ਾ ਦੇ ਪਰੰਪਰਾਗਤ ਸ਼ਬਦ-ਜੋੜਾਂ ਦਾ ਅੰਤਿਮ ਸ਼ਬਦ ਬੋਲਣ ਵਿਚ ਨਹੀਂ ਆਉਂਦਾ, ਜਿਵੇਂ **Maupassant** ਨੂੰ ਮੋਪਾਸਾਂ, **Flaubert** ਨੂੰ ਫ਼ਲਾਬੇਅਰ ਕਹਿਆ ਜਾਂਦਾ ਹੈ। ਇਕ ਭਾਸ਼ਾ ਵਿਗਿਆਨੀ ਲਈ ਇਹ ਅੰਤਰ ਸਪਸ਼ਟ ਕਰਨਾ ਬੜਾ ਜ਼ਰੂਰੀ ਹੈ। ਇਸ ਤੋਂ ਇਲਾਵਾ ਵਿਆਕਰਣਕ ਮਹੱਤਵ ਦੀਆਂ ਅਨੇਕ ਗੱਲਾਂ—ਲਹਿਜਾ (accent) ਦਬਾਅ (stress) ਆਦਿਕ —ਦਾ ਪਰੰਪਰਾਗਤ ਸ਼ਬਦ-ਜੋੜਾਂ ਵਿਚ ਪਤਾ ਨਹੀਂ ਲੱਗਦਾ।

ਆਮ ਤੌਰ ਤੇ ਵਿਆਕਰਣ-ਲੇਖਨ ਦਾ ਕੰਮ ਪਰੰਪਰਾਗਤ ਵਿਧੀ ਨਾਲ ਹੀ ਹੁੰਦਾ ਰਹਿਆ ਹੈ, ਜਿਸ ਅਨੁਸਾਰ ਵਿਆਕਰਣ ਦੀ ਨਿਮਨਲਿਖਿਤ ਭਾਗ-ਵੰਡ ਕੀਤੀ ਜਾਂਦੀ ਰਹੀ ਹੈ :

(ੳ) ਧੁਨੀ-ਵਿਚਾਰ (Phonology) : ਧੁਨੀ-ਵਿਚਾਰ ਭਾਸ਼ਾ-ਵਿਗਿਆਨ ਦੀ ਉਹ ਸ਼ਾਖਾ ਹੈ, ਜਿਸ ਵਿਚ ਧੁਨੀਆਂ ਸੰਬੰਧੀ ਹਰ ਪ੍ਰਕਾਰ ਦੀ ਚਰਚਾ ਹੁੰਦੀ ਹੈ। ਹਰ ਪ੍ਰਕਾਰ ਦੀਆਂ ਆਵਾਜ਼ਾਂ

Digitized by Panjab Digital Library | www.panjabdigilib.org

ਨੂੰ ਧੁਨੀ ਆਖਿਆ ਜਾਂਦਾ ਹੈ, ਪਰ ਸੰਸਾਰ ਵਿਚ ਕਈ ਆਵਾਜ਼ਾਂ ਹਨ, ਜਿਨ੍ਹਾਂ ਦਾ ਕੋਈ ਵਿਸ਼ੇਸ ਅਰਥ ਨਹੀਂ ਹੁੰਦਾ। ਭਾਸ਼ਾ-ਵਿਗਿਆਨ ਵਿਚ ਇਨ੍ਹਾਂ ਨੂੰ ਧੁਨੀਆਂ ਨਹੀਂ ਕਹਿਆ ਜਾਂਦਾ। ਇਥੇ ਧੁਨੀ ਤੋਂ ਭਾਵ ਭਾਸ਼ਾ-ਧੁਨੀ (speech sound) ਤੋਂ ਹੈ, ਜਿਸ ਨੂੰ ਮਨੁੱਖ ਆਪਣੀ ਨਿਯਤ ਥਾਂ ਤੋਂ ਨਿਯਤ ਜਤਨਾਂ ਰਾਹੀਂ ਕਿਸੇ ਮੰਤਵ ਨੂੰ ਸਪਸ਼ਟ ਕਰਨ ਲਈ ਉਚਾਰਣ ਕਰੇ ਅਤੇ ਸ੍ਰੋਤਾ ਜਿਸ ਨੂੰ ਉਸੇ ਅਰਥ ਵਿਚ ਗ੍ਰਹਿਣ ਕਰੇ। ਇਸ ਪ੍ਰਕਾਰ ਦੀਆਂ ਸਾਰਥਕ ਧੁਨੀਆਂ ਕੇਵਲ ਮਨੁੱਖ ਦੇ ਸੰਘ ਵਿਚੋਂ ਹੀ ਨਿਕਲ ਸਕਦੀਆਂ ਹਨ। ਧੁਨੀ-ਵਿਚਾਰ ਵਾਲੇ ਭਾਗ ਵਿਚ ਭਾਸ਼ਾ ਦੀਆਂ ਧੁਨੀਆਂ ਤੇ ਧੁਨੀ-ਜੋੜਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ ਅਤੇ ਵਰਣ-ਬੋਧ ਦੀ ਵਿਆਖਿਆ ਕੀਤੀ ਜਾਂਦੀ ਹੈ।[1]

(ਅ) ਭਾਵਾਂਸ਼-ਵਿਚਾਰ (Morphology)[2] : ਭਾਵਾਂਸ਼-ਵਿਚਾਰ ਭਾਸ਼ਾ-ਵਿਗਿਆਨ ਦੀ ਇਕ ਮਹੱਤਵਪੂਰਣ ਸ਼ਾਖਾ ਹੈ, ਜਿਸ ਦਾ ਸੰਬੰਧ ਭਾਸ਼ਾ ਦੇ ਸਰੀਰਕ ਢਾਂਚੇ ਨਾਲ ਹੈ। ਸ਼ਬਦ ਧੁਨੀਆਂ ਦੇ ਉਸ ਸਮੂਹ ਨੂੰ ਆਖਿਆ ਜਾਂਦਾ ਹੈ, ਜਿਸ ਦਾ ਕੋਈ ਅਰਥ ਹੋਵੇ ਅਤੇ ਜਿਸ ਦੇ ਜੁੜਨ ਨਾਲ ਵਾਕ ਬਣਦਾ ਹੋਵੇ। ਸ਼ਬਦ ਜਦੋਂ ਵਾਕ ਵਿਚ ਵਰਤਿਆ ਜਾਂਦਾ ਹੈ, ਤਾਂ ਉਸ ਵਿਚ ਉਸ ਸਮੇਂ ਦੋ ਤੱਤ ਮਿਲੇ ਰਹਿੰਦੇ ਹਨ—ਅਰਥ-ਤੱਤ (semantics) ਤੇ ਭਾਵਾਂਸ਼-ਤੱਤ (Morpheme)। ਵਿਆਕਰਣ ਦੇ ਇਸ ਭਾਗ ਵਿਚ ਇਸ ਭਾਵਾਂਸ਼-ਤੱਤ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।

(ੲ) ਸ਼ਬਦ-ਰਚਨਾ (word-formation) : ਇਸ ਵਿਚ ਅਗੇਤਰਾਂ, ਪਿਛੇਤਰਾਂ ਤੇ ਸ਼ਬਦ-ਰਚਨਾ ਦੀਆਂ ਹੋਰ ਵਿਧੀਆਂ ਦਾ ਵਰਣਨ ਹੁੰਦਾ ਹੈ।[3]

(ਸ) ਵਾਕ-ਬੋਧ (syntax) : ਵਿਆਕਰਣ ਦੇ ਇਸ ਭਾਗ ਵਿਚ ਸ਼ਬਦਾਂ ਦਾ ਵਾਕਾਂ ਵਿਚ ਪ੍ਰਯੋਗ ਤੇ ਸ਼ਬਦਾਂ ਦੇ ਪਰਸਪਰ ਸੰਬੰਧਾਂ ਦਾ ਉਲੇਖ ਕੀਤਾ ਜਾਂਦਾ ਹੈ।

ਵਿਆਕਰਣ-ਲੇਖਨ ਦੀ ਇਸ ਵਿਧੀ ਦੀ ਸਮੇਂ ਸਮੇਂ ਸਿਰ ਆਲੋਚਨਾ ਹੁੰਦੀ ਰਹੀ ਹੈ, ਪਰ ਅਜੇ ਤਕ ਵਿਆਕਰਣ-ਲੇਖਨ ਦੀ ਕੋਈ ਹੋਰ ਵਿਧੀ ਵਿਸ਼ਵ-ਵਿਆਪੀ ਪੱਧਰ ਤੇ ਸਰਬ-ਪ੍ਰਵਾਨਿਤ ਨਹੀਂ ਹੋ ਸਕੀ। ਇਸ ਲਈ ਈਸਾਈ ਮਿਸ਼ਨਰੀਆਂ ਦੁਆਰਾ ਲਿਖਿਤ ਪੰਜਾਬੀ ਭਾਸ਼ਾ ਦੀਆਂ ਵਿਆਕਰਣਾਂ ਦੀ ਇਸ ਵਿਆਕਰਣ-ਲੇਖਨ-ਵਿਧੀ ਨੂੰ ਸਾਹਮਣੇ ਰੱਖ ਕੇ ਆਲੋਚਨਾ ਕਰਨੀ ਯੋਗ

---

1. *Encyclopaedia Americana*, vol. 13, p. 1151.
2. ਆਮ ਤੌਰ ਤੇ Morphology ਵਾਸਤੇ ਪੰਜਾਬੀ ਵਿਚ ਰੂਪ-ਵਿਚਾਰ ਸ਼ਬਦ ਦੀ ਵਰਤੋਂ ਹੁੰਦੀ ਰਹੀ ਹੈ। ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਅਸੀਂ ਹਿੰਦੀ ਪੁਸਤਕਾਂ ਤੋਂ ਗ੍ਰਹਿਣ ਕੀਤਾ ਹੈ। ਰੂਪ-ਵਿਚਾਰ ਹਿੰਦੀ ਵਿਦਵਾਨਾਂ ਨੇ ਸੰਸਕ੍ਰਿਤ ਦੇ ਆਧਾਰ ਤੇ ਅਪਣਾਇਆ ਹੈ, ਪਰ ਇਹ ਬਹੁਤ ਸਹੀ ਪ੍ਰਤੀਤ ਨਹੀਂ ਹੁੰਦਾ। Morpheme ਉਸ ਭਾਸ਼ਾਈ ਅੰਸ਼ ਨੂੰ ਕਹਿਆ ਜਾਂਦਾ ਹੈ ਜੋ ਕਿਸੇ ਭਾਵ-ਇਕਾਈ ਨੂੰ ਪ੍ਰਗਟ ਕਰੇ, ਜਿਵੇਂ ਸ਼ਬਦ ਘੋੜਾ ਦਾ ਅੰਤਿਮ—ਾ (ਆ) ਇਕਵਚਨ-ਪੁਲਿੰਗ ਦਾ ਚਿੰਨ ਹੈ। ਇਸ ਆਧਾਰ ਤੇ morpheme ਨੂੰ 'ਭਾਵਾਂਸ਼' ਕਹਿਣਾ ਵਧੇਰੇ ਉਚਿਤ ਹੈ। ਇਉਂ morphology ਲਈ 'ਭਾਵਾਂਸ਼ ਵਿਚਾਰ' ਵਰਤਿਆ ਜਾ ਸਕਦਾ ਹੈ।
3. ਆਧੁਨਿਕ ਭਾਸ਼ਾ—ਵਿਗਿਆਨੀ ਭਾਵਾਂਸ਼'-ਵਿਚਾਰ ਤੇ ਸ਼ਬਦ-ਰਚਨਾ ਵਿਚ ਕੋਈ ਅੰਤਰ ਨਹੀਂ ਸਮਝਦੇ। ਉਹਨਾਂ ਦੇ ਮਤ ਅਨੁਸਾਰ ਸ਼ਬਦ-ਰਚਨਾ ਭਾਵਾਂਸ਼-ਵਿਚਾਰ ਦਾ ਹੀ ਅੰਗ ਹੈ।

Digitized by Panjab Digital Library | www.panjabdigilib.org

ਹੋਵੇਗੀ । ਇਥੇ ਨਿਮਨ ਲਿਖਿਤ ਪੰਜ ਵਿਆਕਰਣਾਂ ਦੀਆਂ ਲੇਖਨ-ਵਿਧੀਆਂ ਤੇ ਉਨ੍ਹਾਂ ਦੇ ਗੁਣ-ਦੋਸ਼ਾਂ ਬਾਰੇ ਕ੍ਰਮਾਨੁਸਾਰ ਸੰਖਿਪਤ ਰੂਪ ਵਿਚ ਵਿਚਾਰ ਕਰਨੀ ਇੱਛਤ ਹੈ :

1. ਗਰਾਮਰ ਆਫ ਦੀ ਪੰਜਾਬੀ ਲੈਂਗੁਏਜ ਕ੍ਰਿਤ ਵਿਲੀਅਮ ਕੇਰੀ
2. ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੁਏਜ ਕ੍ਰਿਤ ਜਾਨ ਨਿਊਟਨ
3. ਪੰਜਾਬੀ ਗਰਾਮਰ ਵਿਦ ਐਕਸਰਸਾਈਜ਼ ਐਂਡ ਵੋਕੈਬੂਲਰੀ ਕ੍ਰਿਤ ਈ. ਪੀ. ਨਿਊਟਨ
4. ਪੰਜਾਬੀ ਮੈਨੁਅਲ ਐਂਡ ਗਰਾਮਰਜ਼ ਕ੍ਰਿਤ ਕਮਿੰਗਜ਼ ਐਂਡ ਗ੍ਰਾਹਮ ਬੇਲੀ
5. ਫ਼ਸਟ ਈਅਰ ਪੰਜਾਬੀ ਕੋਰਸ ਕ੍ਰਿਤ ਐਫ਼. ਐਸ. ਤਾਜ

1. **ਗਰਾਮਰ ਆਫ਼ ਦੀ ਪੰਜਾਬੀ ਲੈਂਗੁਏਜ** : (ਡਾ: ਵਿਲੀਅਮ ਕੇਰੀ)

ਡਾ: ਵਿਲੀਅਮ ਕੇਰੀ ਨੇ ਇਹ ਵਿਆਕਰਣ 1812 ਈ: ਵਿਚ ਪ੍ਰਕਾਸ਼ਿਤ ਕੀਤੀ । ਇਸ ਵਿਆਕਰਣ ਦੀ ਭਾਸ਼ਾ ਅੰਗ੍ਰੇਜ਼ੀ ਹੈ, ਪਰ ਜਿਥੇ ਦ੍ਰਿਸ਼ਟਾਂਤਾਂ ਦੀ ਲੋੜ ਪਈ ਹੈ, ਲੇਖਕ ਨੇ ਪੰਜਾਬੀ ਅੱਖਰਾਂ ਦੀ ਹੀ ਵਰਤੋਂ ਕੀਤੀ ਹੈ । ਵਿਆਕਰਣ ਦੇ ਮੁਖਬੰਧ ਵਿਚ ਲੇਖਕ ਨੇ ਪੰਜਾਬੀ ਭਾਸ਼ਾ ਸੰਬੰਧੀ ਗਿਆਨ ਪ੍ਰਾਪਤ ਕਰਨ ਦੀ ਗੰਭੀਰ ਲੋੜ ਵਲ ਸੰਕੇਤ ਕੀਤਾ ਹੈ । ਡਾ: ਕੇਰੀ ਨੇ ਇਸ ਵਿਆਕਰਣ ਨੂੰ ਨਿਮਨਲਿਖਿਤ ਸੱਤ ਭਾਗਾਂ ਵਿਚ ਵੰਡਿਆ ਹੈ :

1. ਆਫ਼ ਲੈਟਰਜ਼ (Of Letters).
2. ਆਫ਼ ਦੀ ਕੰਪਾਊਂਡਿੰਗ ਆਫ਼ ਲੈਟਰਜ਼ (Of the compounding of Letters).
3. ਆਫ਼ ਵਰਡਜ਼ (Of Words).
4. ਆਫ਼ ਐਡਜੈਕਟਿਵਜ਼ (Of Adjectives).
5. ਆਫ਼ ਪ੍ਰੋਨਾਊਨਜ਼ (Of Pronouns).
6. ਆਫ਼ ਵਰਬਜ਼ (Of Verbs).
7. ਆਫ਼ ਸਿਨਟੈਕਸ (Of Syntax).

ਪਹਿਲੇ ਭਾਗ ਵਿਚ ਲੇਖਕ ਨੇ ਨਿਮਨਾਂਕਿਤ ਗੱਲਾਂ ਦਾ ਨਿਖੇੜਾ ਕੀਤਾ ਹੈ :

ਪੈਂਤੀਅੱਖਰੀ (Alphabet) : ਵਾਵਲਜ਼ (Vowels)

ਅ,	ਆ,	ਇ,	ਈ,	ਉ,	ਊ,	ਏ,	ਐ,	ਓ,	ਔ,	ੰ	ਂ
a	a	i	ee	oo	oo	e	i	o	ou	ung	ūh

ਕਾਨਸੋਨੈਂਟਸ (Consonants)

ਕ	ਖ	ਗ	ਘ	ਙ	
ka	kha	ga	gha	gna	glutterals.
ਚ	ਛ	ਜ	ਝ	ਞ	
cha	chha	ja	jha	gneea	palatines.
ਟ	ਠ	ਡ	ਢ	ਣ	
ta	tha	da	dha	na	linguals.

Digitized by Panjab Digital Library | www.panjabdigilib.org

ਤ	ਥ	ਦ	ਧ	ਨ	
ta	tha	da	dha	na	dentals.
ਪ	ਫ	ਬ	ਭ	ਮ	
pa	pha	ba	bha	ma	labials.
ਯ	ਰ	ਲ	ਵ		
ya	ra	la	wa		
ਸ		ਹ		ਸ਼	Semi-vowels &
sa		ha		ksha	consonants.

ਅਗਲੀਆਂ ਪੰਕਤੀਆਂ ਵਿਚ ਇਨ੍ਹਾਂ ਸੁਰਾਂ ਤੇ ਵਿਅੰਜਨਾਂ ਦੇ ਬੋਲਣ ਦੀ ਵਿਧੀ ਅਤੇ ਇਨ੍ਹਾਂ ਵਿਚਲੇ ਭੇਦ ਦੱਸੇ ਗਏ ਹਨ । ਦੂਜੇ ਭਾਗ ਵਿਚ ਦਸਿਆ ਗਇਆ ਹੈ ਕਿ ਇਕ ਅੱਖਰ ਨੂੰ ਦੂਜੇ ਅੱਖਰ ਨਾਲ ਕਿਵੇਂ ਜੋੜਿਆ ਜਾਂਦਾ ਹੈ, ਜੇ ਸੁਰ ਮਗਰੋਂ ਵਿਅੰਜਨ ਲੱਗ ਜਾਵੇ, ਤਾਂ ਉਸ ਦਾ ਰੂਪ ਕਿਵੇਂ ਬਦਲਦਾ ਹੈ, ਸੁਰਾਂ ਦੇ ਚਿੰਨ੍ਹ ਕਿਹੜੇ ਹਨ, ਸੰਯੁਕਤ ਵਿਅੰਜਨ ਕਿਤਨੇ ਹਨ, ਸਮਾਸ ਕਿਤਨੇ ਅਤੇ ਕਿਹੜੇ ਕਿਹੜੇ ਹਨ ਇਤਿਆਦਿ । ਤੀਜੇ ਭਾਗ ਵਿਚ ਵਰਣਿਤ ਕੀਤਾ ਗਇਆ ਹੈ ਕਿ ਪੰਜਾਬੀ ਦੇ ਸ਼ਬਦ ਕਿਥੋਂ ਕਿਥੋਂ ਲਏ ਗਏ ਹਨ, ਇਹਨਾਂ ਵਿਚੋਂ ਕਿਤਨੇ ਸ਼ਬਦ ਤਤਸਮ ਰੂਪ ਵਿਚ ਮਿਲਦੇ ਹਨ ਅਤੇ ਕਿਹੜੇ ਸ਼ਬਦ ਤਦਭਵ ਰੂਪ ਵਿਚ ਪ੍ਰਚਲਿਤ ਹਨ, ਨਾਂਵ ਕਿਤਨੀ ਪ੍ਰਕਾਰ ਦੇ ਹਨ, ਨਾਂਵ ਦੇ ਕਿਤਨੇ ਲਿੰਗ ਹੁੰਦੇ ਹਨ ਇਤਿਆਦਿ । ਨਾਂਵ ਦੇ ਸੱਤ ਪ੍ਰਕਾਰ ਦੱਸੇ ਗਏ ਹਨ ਅਤੇ ਛੇ ਕਾਰਕ ਮੰਨੇ ਗਏ ਹਨ—ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ, ਸੰਬੰਧ ਤੇ ਅਧਿਕਰਣ । ਪੁਲਿੰਗ ਤੇ ਇਸਤ੍ਰੀਲਿੰਗ, ਇਕਵਚਨ ਤੇ ਬਹੁਵਚਨ ਦੇ ਭੇਦਾਂ ਨੂੰ ਚੰਗੀ ਤਰ੍ਹਾਂ ਦ੍ਰਿਸ਼ਟਾਂਤਾਂ ਸਹਿਤ ਪ੍ਰਗਟਾਇਆ ਗਇਆ ਹੈ । ਚੌਥੇ ਭਾਗ ਵਿਚ ਵਿਸ਼ੇਸ਼ਣ ਦੀ ਪਰਿਭਾਸ਼ਾ, ਵਿਸ਼ੇਸ਼ਣ ਦੀਆਂ ਕਿਸਮਾਂ, ਵਿਸ਼ੇਸ਼ਣ ਤੇ ਪ੍ਰਯੋਗ ਉਦਾਹਰਣਾਂ ਸਹਿਤ ਪੇਸ਼ ਕੀਤੇ ਗਏ ਹਨ । ਪੰਜਵੇਂ ਭਾਗ ਵਿਚ ਪੜਨਾਂਵ ਦੀ ਪਰਿਭਾਸ਼ਾ, ਪੜਨਾਂਵ ਦੇ ਪ੍ਰਕਾਰ, ਪੜਨਾਵਾਂ ਦੇ ਪ੍ਰਯੋਗ ਦੱਸੇ ਗਏ ਹਨ । ਇਕ ਵਚਨ ਤੇ ਬਹੁਵਚਨ ਪੜਨਾਂਵ ਦਾ ਭੇਦ ਇਸ ਪ੍ਰਕਾਰ ਦਸਿਆ ਗਇਆ ਹੈ :

ਸੋ he

Singular	Plural
1. ਸੋ he	ਸੋ they
2. ਤਿਸਨੂ or ਤਿਹਨੂ, him	ਤਿਨਾਨੂ them
3. ਤਿਸ ਨੇ or ਤਿਹਨੇ, by him	ਤਿਨਾ ਨੇ, by them
4. ਤਿਸਤਾਂਈਂ or ਤਿਹਤਾਂਈ to him	ਤਿਨਾ ਤਾਂਈ, to them
5. ਤਿਸ ਤੇ or ਤਿਹਤੇ from him	ਤਿਨਾ ਤੇ from them
6. ਤਿਸ ਦਾ or ਤਿਹਦਾ his	ਤਿਨਾ ਦਾ their's
7. ਤਿਸ ਵਿਚ or ਤਿਹ ਵਿਚ in him	ਤਿਨਾ ਵਿਚ in them

ਇਸੇ ਪ੍ਰਕਾਰ ਕੁਝ ਹੋਰ ਪੜਨਾਵਾਂ ਦੇ ਉਦਾਹਰਣ ਵੀ ਦਿੱਤੇ ਗਏ ਹਨ । ਛੇਵੇਂ ਭਾਗ ਵਿਚ

Digitized by Panjab Digital Library | www.panjabdigilib.org

ਕ੍ਰਿਆ ਦੀ ਪਰਿਭਾਸ਼ਾ, ਕ੍ਰਿਆ ਦਾ ਵਾਕਾਂ ਵਿਚ ਪ੍ਰਯੋਗ, ਕਰਤਰਿਵਾਚਯ (active) ਤੇ ਕਰਮਵਾਚਯ (passive) ਦੇ ਭੇਦ, ਭੂਤਵਾਚੀ, ਭਵਿੱਖਵਾਚੀ ਵਾਕ ਤੇ ਉਨ੍ਹਾਂ ਦਾ ਪ੍ਰਯੋਗ, ਕ੍ਰਿਆ-ਪ੍ਰਯੋਗ ਦੀਆਂ ਵੱਖ ਵੱਖ ਵਿਧੀਆਂ (modes), ਕ੍ਰਿਆ ਦੀਆਂ ਵੱਖ ਵੱਖ ਕਿਸਮਾਂ (imperfect transitive verb; transitive verb intransitive verb) ਤੇ ਉਨ੍ਹਾਂ ਦੀ ਪ੍ਰਯੋਗ-ਵਿਧੀ, ਕ੍ਰਿਆ-ਵਿਸ਼ੇਸ਼ਣ ਦੀ ਪਰਿਭਾਸ਼ਾ, ਕ੍ਰਿਆ-ਵਿਸ਼ੇਸ਼ਣ ਦੀਆਂ ਕਿਸਮਾਂ, ਕ੍ਰਿਆ-ਵਿਸ਼ੇਸ਼ਣ ਦੀ ਪ੍ਰਯੋਗ-ਵਿਧੀ, ਕਾਲਵਾਚੀ ਕ੍ਰਿਆ-ਵਿਸ਼ੇਸ਼ਣ, ਸਥਾਨਵਾਚੀ ਕ੍ਰਿਆ-ਵਿਸ਼ੇਸ਼ਣ ਤੇ ਪਰਿਸਥਿਤੀਵਾਦੀ ਕ੍ਰਿਆ-ਵਿਸ਼ੇਸ਼ਣ ਦੇ ਦ੍ਰਿਸ਼ਟਾਂਤਾਂ ਸਹਿਤ ਪ੍ਰਯੋਗ ਇਤਿਆਦਿ ਦਾ ਵਰਣਨ ਕੀਤਾ ਗਇਆ ਹੈ। ਆਕਾਰ ਦੀ ਦ੍ਰਿਸ਼ਟੀ ਤੋਂ ਇਹ ਵਿਆਕਰਰਣ ਦਾ ਸਭ ਤੋਂ ਵੱਡਾ ਭਾਗ ਹੈ। ਸੱਤਵੇਂ ਤੇ ਅੰਤਿਮ ਭਾਗ ਵਿਚ ਵਾਕ-ਬਣਤਰ (Syntax) ਬਾਰੇ ਵਿਚਾਰ ਕੀਤੀ ਗਈ ਹੈ। ਇਹ ਸਾਰੇ ਵਿਆਕਰਣਕ ਨਿਯਮ 99 ਪੰਨਿਆਂ ਵਿਚ ਸਮਾਏ ਹੋਏ ਹਨ।

ਵਿਚਾਰ-ਅਧੀਨ ਵਿਆਕਰਣ ਦੇ ਅਧਿਐਨ ਮਗਰੋਂ ਇਕ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਇਸ ਵਿਆਕਰਣ ਦੇ ਲੇਖਕ ਡਾ: ਵਿਲੀਅਮ ਕੇਰੀ ਨੂੰ ਲਿਖਣ ਸਮੇਂ ਕਾਫ਼ੀ ਮਿਹਨਤ ਕਰਨੀ ਪਈ। ਡਾ: ਕੇਰੀ ਨੇ ਸਾਧਾਰਣ ਵਿਆਕਰਣ-ਲੇਖਨ-ਵਿਧੀ ਨੂੰ ਅਪਣਾਇਆ ਹੈ। ਇਸ ਪੁਸਤਕ ਨੂੰ ਵੱਧ ਤੋਂ ਵੱਧ ਵਰਣਨਾਤਮਕ ਵਿਆਕਰਣ (descriptive grammar) ਕਹਿਆ ਜਾ ਸਕਦਾ ਹੈ। ਇਸ ਵਿਆਕਰਣ ਦੇ ਗੁਣ-ਦੋਸ਼ਾਂ ਦਾ ਵਿਸ਼ਲੇਸ਼ਣ ਕਰਨ ਸਮੇਂ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਡਾ: ਕੇਰੀ ਨੂੰ ਆਪ ਪੰਜਾਬੀ ਬੋਲੀ ਦੇ ਖੇਤਰ (ਪੰਜਾਬ) ਵਿਚ ਜਾ ਕੇ ਆਪ ਪੰਜਾਬੀ ਬੋਲੀ ਨੂੰ ਸੁਣਨ, ਪੰਜਾਬ-ਵਾਸੀਆਂ ਨਾਲ ਉਠਣ ਬਹਿਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ। ਇਸ ਦੇ ਕਾਰਣ ਪ੍ਰਤੱਖ ਹਨ। ਉਸ ਸਮੇਂ ਆਵਾਜਾਈ ਦੇ ਸਾਧਨ ਚੰਗੇ ਨਹੀਂ ਸਨ, ਇਸ ਲਈ ਪੰਜਾਬ ਪੱਛਮੀ ਬੰਗਾਲ ਤੋਂ ਕਾਫ਼ੀ ਦੂਰ ਸਮਝਿਆ ਜਾਂਦਾ ਸੀ। ਡਾ: ਕੇਰੀ ਨੇ ਪੰਜਾਬੀ ਪੰਡਤਾਂ ਤੋਂ ਪੰਜਾਬੀ ਭਾਸ਼ਾ ਸਿੱਖ ਪੜ੍ਹਕੇ ਇਸ ਦੀ ਵਿਆਕਰਣ ਲਿਖੀ। ਦੂਜੀ ਗੱਲ ਇਹ ਕਿ ਉਸ ਸਮੇਂ ਉਸ ਕੋਲ ਪੰਜਾਬੀ ਭਾਸ਼ਾ ਦੇ ਪੁਰਾਣੇ ਭਾਸ਼ਾਈ ਦਸਤਾਵੇਜ਼ ਨਹੀਂ ਸਨ। ਉਕਤ ਵਿਆਕਰਣ ਲਿਖਣ ਲਈ ਉਸ ਨੇ ਆਦਿ ਗ੍ਰੰਥ ਦੀ ਭਾਸ਼ਾ ਨੂੰ ਆਧਾਰ ਮੰਨਿਆ।[1] ਤੀਜੀ ਗੱਲ ਇਹ ਕਿ ਉਹ ਇਕ ਅੰਗ੍ਰੇਜ਼ ਈਸਾਈ ਮਿਸ਼ਨਰੀ ਸੀ ਅਤੇ ਪੰਜਾਬੀ ਉਸ ਦੀ ਮਾਤ-ਭਾਸ਼ਾ ਨਹੀਂ ਸੀ। ਫਿਰ ਵੀ ਇਹ ਗੱਲ ਡਾ: ਵਿਲੀਅਮ ਕੇਰੀ ਦੇ ਹੱਕ ਵਿਚ ਜਾਂਦੀ ਹੈ ਕਿ ਉਸ ਨੇ ਪਹਿਲੀ ਵਾਰੀ ਪੰਜਾਬੀ ਭਾਸ਼ਾ ਦੀ ਵਿਗਿਆਨਕ ਵਿਧੀ ਨਾਲ ਵਿਆਕਰਣ ਲਿਖੀ। ਪ੍ਰਸਤੁਤ ਵਿਆ-ਕਰਣ ਵਿਚ ਵਰਣਮਾਲਾ ਨੂੰ ਵਿਗਿਆਨਕ-ਕ੍ਰਮ ਅਨੁਸਾਰ ਪੇਸ਼ ਕੀਤਾ ਗਇਆ ਹੈ। ਸਭ ਤੋਂ ਪਹਿਲਾਂ

---

1. "The Sikhs follow the religion founded by Nanuka, the precepts of which are contained in a large volume, called emphatically, the Grantha, or The Writing which is written in a particular character called Gooroo-Mukhee Nagurea; on which account they have a peculiar veneration for that character, and, with few exceptions, use it in all their transanctions. That charcter, is, therefore, used in the following work, as that which properly belongs to the language." Carey, William, *Grammar of the Punjabee Language*, preface, p. 2.

Digitized by Panjab Digital Library | www.panjabdigilib.org

GRAMMAR

OF THE

PUNJABEE LANGUAGE.

BY W. CAREY, D. D.

Professor of the Sungskrit, Bengalee, and Mahratta languages, in the College of Fort William.

SERAMPORE:

PRINTED AT THE MISSION-PRESS.

1812.

ਪੰਜਾਬੀ ਭਾਸ਼ਾ ਦੀ ਪਹਿਲੀ ਵਿਆਕਰਣ ਦਾ ਪ੍ਰਥਮ ਪੰਨਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸੂਰ ਦਿੱਤੇ ਗਏ ਹਨ ਅਤੇ ਮਗਰੋਂ ਵਿਅੰਜਨਾਂ ਦਾ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਨਾਮਕਰਣ ਕੀਤਾ ਗਇਆ ਹੈ। ਪਹਿਲਾਂ ਕੰਠੀ (glutterals) ਵਿਅੰਜਨ ਦਿੱਤੇ ਗਏ ਹਨ, ਫ਼ਿਰ ਕ੍ਰਮ-ਅਨੁਸਾਰ ਤਾਲਵੀ (palatines) ਮੂਰਧਨੀ (linguals), ਦੰਤੀ (dentals) ਤੇ ਹੋਂਠੀ (labials) ਵਿਅੰਜਨ ਦਿੱਤੇ ਗਏ ਹਨ। ਅਲਪ-ਪ੍ਰਾਣ ਤੇ ਮਹਾਂ-ਪ੍ਰਾਣ ਦੋਹਾਂ ਨੂੰ ਵੱਖ ਵੱਖ ਰੱਖਿਆ ਗਇਆ ਹੈ। ਅਗਲੇ ਪੰਨਿਆਂ ਵਿਚ ਡਾ: ਕੇਰੀ ਸਾਰੇ ਵਿਆਕਰਣਕ ਨੇਮਾਂ ਬਾਰੇ ਵਿਚਾਰ ਕਰਦਾ ਹੈ ਅਤੇ ਆਪਣੀ ਗੱਲ ਸਮਝਾਉਣ ਲਈ ਥਾਂ ਥਾਂ ਉਪਰ ਦ੍ਰਿਸ਼ਟਾਂਤ ਵੀ ਦਿੰਦਾ ਹੈ। ਲੇਖਕ ਨੇ ਭਾਸ਼ਾ ਦੇ ਬਹੁਤ ਸਾਰੇ ਪੱਖਾਂ ਦਾ ਵਿਧੀਗਤ ਨਿਰੀਖਣ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਗੁਣਾਂ ਦੇ ਬਾਵ-ਜੂਦ ਇਸ ਵਿਆਕਰਣ ਵਿਚ ਕੁਝ ਦੋਸ਼ ਵੀ ਹਨ ਅਤੇ ਕੁਝ ਊਣਤਾਈਆਂ ਵੀ ਸਹਿਜੇ ਹੀ ਉਭਰ ਕੇ ਸਾਹਮਣੇ ਆ ਜਾਂਦੀਆਂ ਹਨ, ਜੋ ਇਸ ਪ੍ਰਕਾਰ ਹਨ :

1. ਲੇਖਕ ਪੰਜਾਬੀ ਭਾਸ਼ਾ ਨੂੰ ਸਿਖਾਂ ਦੀ ਭਾਸ਼ਾ ਕਹਿੰਦਾ ਹੈ, ਜੋ ਕਿ ਠੀਕ ਨਹੀਂ।[1] ਪੰਜਾਬੀ ਪੰਜਾਬ ਦੇ ਵਸਨੀਕਾਂ ਦੀ ਬੋਲੀ ਹੈ, ਕੇਵਲ ਸਿਖ ਜਾਤੀ ਨਾਲ ਇਸ ਨੂੰ ਸੰਬੰਧਿਤ ਕਰ ਦੇਣਾ ਉਚਿਤ ਨਹੀਂ।

2. 'ਐ' ਵਿਅੰਜਨ ਨੂੰ ਲੇਖਕ 'ਏ' ਸਮਝਦਾ ਹੈ, ਜੋ ਕਿ ਗ਼ਲਤ ਹੈ।

3. 'ਟ' ਤੇ 'ਤ' ਦੀ ਧੁਨੀ ਵਿਚ ਲੇਖਕ ਨੂੰ ਕੋਈ ਅੰਤਰ ਹੀ ਨਹੀਂ ਜਾਪਦਾ। ਇਸੇ ਪ੍ਰਕਾਰ ਬਾਕੀ ਦੇ ਵਿਅੰਜਨਾਂ (ਠ, ਡ, ਢ, ਣ ਅਤੇ ਥ, ਦ, ਧ, ਨ) ਵਿਚ ਉਹ ਕੋਈ ਫ਼ਰਕ ਨਹੀਂ ਸਮਝਦਾ।

4. ਪੰਜਾਬੀ ਵਿਚ ਰ, ਲ, ਲ੍ਹ, ੜ, ੜ੍ਹ ਵਿਅੰਜਨ ਹਨ, ਪਰ ਲੇਖਕ ਨੇ ਲ੍ਹ, ੜ, ੜ੍ਹ ਆਦਿਕ ਦਾ ਉਲੇਖ ਹੀ ਨਹੀਂ ਕੀਤਾ।

5. ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਵਿਅੰਜਨ-ਧੁਨੀਆਂ ਤੇ ਸੂਰ-ਧੁਨੀਆਂ ਦਾ ਵਰਗੀਕਰਣ ਨਹੀਂ ਕੀਤਾ ਗਇਆ।

6. ਪੰਜਾਬੀ ਭਾਸ਼ਾ ਵਿਚ ਅੱਧਿਕ (ੱ) ਦਾ ਪ੍ਰਯੋਗ ਕਾਫ਼ੀ ਹੁੰਦਾ ਰਹਿਆ ਹੈ, ਪਰ ਲੇਖਕ ਦੀ ਨਜ਼ਰ ਇਸ ਚਿੰਨ੍ਹ ਵਲ ਨਹੀਂ ਗਈ।

7. ਙ, ਞ, ਨ੍ਹ, ਮ੍ਹ, ਕਸ਼ ਆਦਿਕ ਧੁਨੀਆਂ ਕੇਵਲ ਬੋਲਚਾਲ ਵਿਚ ਹੀ ਆਉਂਦੀਆਂ ਹਨ, ਲਿਖਣ ਵਿਚ ਨਹੀਂ। ਲੇਖਕ ਨੇ ਇਸ ਗੱਲ ਦਾ ਨਿਖੇੜਾ ਨਹੀਂ ਕੀਤਾ।

8. ਧੁਨੀ-ਵਿਚਾਰ (Phonology) ਦੇ ਪੱਖ ਤੋਂ ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨਹੀਂ ਦਸੀਆਂ ਗਈਆਂ।

---

1. "The language which this grammar is intended to teach is spoken by the Sikhs, that singular people, who inhabit the Punjab, or the Country lying between the Sutlej and the Indus."
Carey, Dr. William, *Grammar of the Punjabee Language*, preface, p. 2.

Digitized by Panjab Digital Library | www.panjabdigilib.org

9. ਰੂਪ-ਵਿਚਾਰ (Morphology) ਨੂੰ ਵਿਆਕਰਣ ਵਿਚ ਯੋਗ ਸਥਾਨ ਨਹੀਂ ਦਿੱਤਾ ਗਇਆ।

10. ਪੰਜਾਬੀ ਭਾਸ਼ਾ ਦੇ ਭਾਸ਼ਾ-ਵਿਗਿਆਨਕ ਪੱਖ ਨੂੰ ਵਧੇਰੇ ਨਹੀਂ ਉਘਾੜਿਆ ਗਇਆ।

ਉਕਤ ਦੋਸ਼ਾਂ ਤੇ ਊਣਤਾਈਆਂ ਦੇ ਬਾਵਜੂਦ ਵੀ ਡਾ: ਕੇਰੀ ਲਿਖਿਤ ਇਸ ਵਿਆਕਰਣ ਦਾ ਪੰਜਾਬੀ ਵਿਆਕਰਣ-ਸ਼ਾਸਤਰ ਦੇ ਇਤਿਹਾਸ ਵਿਚ ਪੰਜਾਬੀ ਭਾਸ਼ਾ ਦੀ ਪਹਿਲੀ ਵਿਆਕਰਣ ਹੋਣ ਦੇ ਨਾਤੇ ਵਿਸ਼ੇਸ਼ ਸਥਾਨ ਹੈ।

2. ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੂਏਜ : (ਜਾਨ ਨਿਊਟਨ)

ਜਾਨ ਨਿਊਟਨ ਦੁਆਰਾ ਲਿਖਿਤ 'ਏ ਗਰਾਮਰ ਆਫ਼ ਦੀ ਪੰਜਾਬੀ ਲੈਂਗੂਏਜ' 1851 ਈ: ਵਿਚ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਪ੍ਰੈਸ, ਲੁਧਿਆਣਾ ਤੋਂ ਪਹਿਲੀ ਵਾਰੀ ਪ੍ਰਕਾਸ਼ਿਤ ਹੋਈ। 1893 ਈ: ਤਕ ਇਸ ਵਿਆਕਰਣ ਦੇ ਤਿੰਨ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਸਨ। ਇਸ ਵਿਆ-ਕਰਣ ਦੇ ਲਿਖਣ ਦਾ ਕੰਮ ਜਾਨ ਨਿਊਟਨ ਨੇ ਕਈ ਵਰ੍ਹੇ ਪਹਿਲਾਂ ਉਦੋਂ ਹੀ ਆਰੰਭ ਕਰ ਦਿੱਤਾ ਸੀ, ਜਦੋਂ ਉਹ ਪੰਜਾਬੀ ਤੇ ਉਰਦੂ ਭਾਸ਼ਾਵਾਂ ਦੀ ਭਿੰਨਤਾ ਤੇ ਸਮਾਨਤਾ ਨਿਸ਼ਚਿਤ ਕਰਨ ਦੇ ਜਤਨਾਂ ਵਿਚ ਸੰਲਗਨ ਸੀ। ਹੌਲੀ ਹੌਲੀ ਉਸ ਨੇ ਨਿਰੋਲ ਪੰਜਾਬੀ ਭਾਸ਼ਾ ਦੀ ਵਿਆਕਰਣ ਲਿਖਣ ਬਾਰੇ ਮਨ ਬਣਾ ਲਇਆ ਅਤੇ ਇਹ ਵਿਆਕਰਣ 1851 ਈ: ਵਿਚ ਹੀ ਸੰਪੂਰਣ ਹੋ ਕੇ ਪ੍ਰਕਾਸ਼ਿਤ ਹੋ ਸਕੀ। ਇਹ ਵਿਆਕਰਣ ਅੰਗ੍ਰੇਜ਼ੀ ਭਾਸ਼ਾ ਵਿਚ ਲਿਖੀ ਗਈ ਹੈ।

ਸਮੁੱਚੀ ਵਿਆਕਰਣ ਨੂੰ ਲੇਖਕ ਨੇ ਤਿੰਨ ਮੁਖ ਭਾਗਾਂ ਵਿਚ ਵੰਡਿਆ ਹੈ :—

1. ਸ਼ੁੱਧ ਉੱਚਾਰਣ (Orthoepy) ਅਤੇ ਵਰਣਬੋਧ (Orthography)
2. ਸ਼ਬਦ-ਬੋਧ (Etymology)
3. ਵਾਕ-ਬੋਧ (Syntax)

ਇਨ੍ਹਾਂ ਤਿੰਨ ਭਾਗਾਂ ਦੇ ਅੱਗੋਂ ਉਪਭਾਗ ਕੀਤੇ ਗਏ ਹਨ। ਪਹਿਲੇ ਭਾਗ ਵਿਚ ਕ੍ਰਮ ਅਨੁਸਾਰ ਵਰਣਮਾਲਾ, ਸ਼ਬਦ-ਸ਼ਕਤੀਆਂ, ਸ੍ਵਰ, ਵਿਅੰਜਨ ਤੇ ਉਨ੍ਹਾਂ ਦਾ ਵਰਗੀਕਰਣ, ਸ੍ਵਰ-ਸਾਰਿਣੀ (a table of vowels with their powers), ਸ੍ਵਰਾਂ ਦੇ ਸੰਖਿਪਤ ਰੂਪ (abbreviated forms) ਸ੍ਵਰਾਂ ਤੇ ਵਿਅੰਜਨਾਂ ਨੂੰ ਜੋੜਨ ਦੀ ਵਿਧੀ, ਟਿੱਪੀ ਤੇ ਬਿੰਦੀ ਪ੍ਰਯੋਗ, ਸੰਯੁਕਤ ਅੱਖਰ (compound letters), ਲਗਾਂ ਮਾਤਰਾਂ ਵਾਲੇ ਅੱਖਰ, ਅੱਧਕ, ਬਦਲਵੇਂ ਅੱਖਰ, (interchangable letters), ਸ਼ਬਦ-ਜੋੜਾਂ ਦੀਆਂ ਵਿਭਿੰਨ ਵਿਧੀਆਂ, ਧੀਮੇ ਉੱਚਾਰਣ ਵਾਲੇ ਸ਼ਬਦ, ਕੰਨੇ (ਾ) ਦੀ ਵਿਸ਼ੇਸ਼ਤਾ ਅਤੇ ਗਿਣਤੀ ਦੇ ਅੰਕੜਿਆਂ (numerical figures) ਆਦਿਕ ਗੱਲਾਂ ਦਾ ਉਲੇਖ ਕੀਤਾ ਹੈ। ਦੂਜੇ ਭਾਗ ਵਿਚ ਸ਼ਬਦ-ਭੇਦ (parts of speech), ਲਿੰਗ (ਪੁਲਿੰਗ, ਇਸਤ੍ਰੀਲਿੰਗ ਤੇ ਨਪੁੰਸਕ ਲਿੰਗ), ਇਕਵਚਨ ਤੇ ਬਹੁਵਚਨ ਦੇ ਭੇਦ, ਕਾਰਕ, ਕਾਰਕਾਂ ਦੇ ਭੇਦ ਦੱਸਣ ਦੀਆਂ ਵਿਧੀਆਂ, ਸੰਬੰਧਕ ਉਪਸਰਗ (Genitive Particle) ਨਾਂਵ ਦੀ ਪਰਿਭਾਸ਼ਾ, ਵਿਸ਼ੇਸ਼ਤਾ, ਨਾਂਵ ਦੇ ਭੇਦ ਤੇ ਉਪਭੇਦ, ਟਿੱਪੀ ਤੇ ਬਿੰਦੀ ਸਹਿਤ ਅੰਤਿਮ ਸ੍ਵਰ, ਅਬਦਲਵੇਂ ਨਾਂਵ (indeclinable nouns), ਅਪਾਦਾਨ ਕਾਰਕ ਦੀ ਵਿਸ਼ੇਸ਼ਤਾ, ਨਾਂਵਾਂ ਦੇ ਲਿੰਗ, ਸੰਬੰਧ ਕਾਰਕ ਤੇ ਉਸ ਦਾ ਪ੍ਰਯੋਗ, ਵਿਸ਼ੇਸ਼ਣ ਦੀ ਪਰਿਭਾਸ਼ਾ, ਲਿੰਗ-ਪਰਿਵਰਤਨ, ਵਿਸ਼ੇਸ਼ਣਾਂ ਦੀ ਤੁਲਨਾ-ਵਿਧੀ, ਪੜਨਾਂਵ, ਸਾਧਾਰਣ ਵਿਅਕਤੀਗਤ ਪੜਨਾਂਵ (simple personal

Digitized by Panjab Digital Library | www.panjabdigilib.org

pronoun), ਨਿਸਚਿਤ ਪੜਨਾਂਵ, ਅਨਿਸਚਿਤ ਪੜਨਾਂਵ, ਸੰਬੰਧਵਾਚੀ ਪੜਨਾਂਵ (relative pronouns), ਅਨੁਸੰਬੰਧਵਾਚੀ (correlative) ਪੜਨਾਂਵ, ਪ੍ਰਸ਼ਨਵਾਚੀ ਪੜਨਾਂਵ. ਨਿਜਵਾਚੀ ਪੜਨਾਂਵ (reflexive pronouns) ਸੰਯੁਕਤ ਪੜਨਾਂਵ, ਕਰਣ ਕਾਰਕ (instrumental case) ਸੰਬੰਧ ਕਾਰਕ, ਅਪਾਦਨ ਕਾਰਕ, 'ਤ' ਦਾ 'ਸ' ਦੇ ਸਥਾਨ ਤੇ ਪ੍ਰਯੋਗ, ਪੜਨਾਂਵਾਂ ਦੀ ਪੁਨਰੁਕਤੀ, ਲੁਪਤੀ (elision) ਸੁੰਗੜੇਵਾਂ (contractions) ਤੇ ਕ੍ਰਮ-ਪਰਿਵਰਤਨ (transpositions), ਕ੍ਰਿਆ, ਕ੍ਰਿਆ-ਭੇਦ, ਧੁਨੀਆਂ, ਕਾਜ਼ਲ ਫ਼ਾਰਮਜ਼, ਲਕਾਰ (moods), ਵਾਕ, ਕ੍ਰਿਦੰਤ (participles) ਅਤੇ ਨਾਂਵਬੋਧਕ ਕ੍ਰਿਆ (gerunds), ਧਾਤੂਆਂ (root) ਅਤੇ ਪ੍ਰਧਾਨ ਉਪਵਾਕ, ਭੂਤਵਾਚੀ ਤੇ ਭਵਿੱਖਵਾਚੀ ਕ੍ਰਿਦੰਤ, ਅਨਿਸਚਿਤ ਕ੍ਰਿਦੰਤ, ਸੰਗਿਅਕ ਕ੍ਰਿਦੰਤ (substantive participles), ਭਾਵਾਰਥੀ ਲਕਾਰ (infinitive) (mood) ਅਤੇ ਕ੍ਰਿਆਵਾਚਕ ਨਾਂਵ, ਸਹਾਇਕ ਕ੍ਰਿਆਵਾਂ (auxiliary verbs), ਅਨਿਯਮਿਤ ਕ੍ਰਿਆਵਾਂ, ਫੁਟਕਲ ਕ੍ਰਿਆਵਾਂ (casual verbs) ਸੰਯੁਕਤ ਕ੍ਰਿਆਵਾਂ, ਕ੍ਰਿਆ-ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ ਦੀ ਪਰਿਭਾਸ਼ਾ ਤੇ ਸਰੂਪ, ਬਹੁਪ੍ਰਚਲਿਤ ਯੋਜਕਾਂ ਦੀ ਸੂਚੀ, ਅਨੁਸੰਬੰਧਵਾਚੀ ਯੋਜਕ, ਸੰਬੰਧਕਾਂ (prepositions) ਦੀ ਪਰਿਭਾਸ਼ਾ ਤੇ ਸ਼ਕਤੀ ਅਤੇ ਪੰਜਾਬੀ ਵਿਚ ਵਿਸਮਿਕ ਪਦਾਂ ਦੀ ਗਿਣਤੀ ਇਤਿਆਦਿ ਦਿੱਤੀ ਗਈ ਹੈ। ਤੀਜੇ ਭਾਗ ਵਿਚ ਕਾਰਕਾਂ (ਕਰਤਾ, ਕਰਮ, ਕਰਣ, ਅਧਿਕਰਣ, ਅਪਾਦਾਨ, ਸੰਬੰਧ, ਸੰਪ੍ਰਦਾਨ) ਦੀਆਂ ਵਿਸ਼ੇਸ਼ਤਾਵਾਂ ਤੇ ਪ੍ਰਯੋਗ ਬਾਰੇ ਵਿਚਾਰ ਕੀਤੀ ਗਈ ਹੈ ਅਤੇ ਨਾਂਵ, ਵਿਅਕਤੀ-ਵਾਚੀ ਪੜਨਾਂਵ, ਵਿਸ਼ੇਸ਼ਣ, ਕ੍ਰਿਦੰਤ, ਕ੍ਰਿਆ, ਯੋਜਕ ਆਦਿਕ ਵਿਸ਼ਿਆਂ ਤੇ ਕੁਝ ਗੱਲਾਂ ਮੁੜ ਦੁਹਰਾਈਆਂ ਗਈਆਂ ਹਨ, ਜਿਨ੍ਹਾਂ ਦਾ ਵਰਣਨ ਪਿਛੇ ਕੀਤਾ ਜਾ ਚੁੱਕਾ ਹੈ। ਵਿਆਕਰਣ ਦੇ ਅੰਤ ਵਿਚ ਦੋ ਪਰਿਸ਼ਿਸ਼ਟ (appendix) ਵੀ ਦਿੱਤੇ ਗਏ ਹਨ, ਜੋ ਇਸ ਪ੍ਰਕਾਰ ਹਨ :

ਪਰਿਸ਼ਿਸ਼ਟ ਪਹਿਲਾ

1. ਅਲੰਕਾਰ ਸੂਚੀ
2. ਅੰਕੜੇ
3. ਐਗਰੀਗੇਟ ਨੰਬਰ (aggregate numbers).
4. ਭਿੰਨਾਤਮਕ ਨੰਬਰ (fractional numbers).
5. ਸਮਤੋਲ ਲਈ ਪ੍ਰਯੋਗ ਹੁੰਦੇ ਸ਼ਬਦ
6. ਲਪੇਟਵੇਂ ਸ਼ਬਦ (words denoting fold).
7. ਦਿਨ (days in relation to the present).
8. ਸ਼ਪਤਾਹ ਦੇ ਦਿਨਾਂ ਦੇ ਨਾਮ
9. ਮਹੀਨਿਆਂ ਦੇ ਨਾਮ
10. ਵਿਸ਼ੇਸ਼ ਸਾਲ
11. ਕੰਪਾਸ ਦੇ ਮੁਖ ਅੰਕ

ਪਰਿਸ਼ਿਸ਼ਟ ਦੂਜਾ

1. ਪੰਜਾਬੀ ਰਸਮਾਂ-ਰਿਵਾਜਾਂ ਸੰਬੰਧੀ ਟੂਕਾਂ

Digitized by Panjab Digital Library | www.panjabdigilib.org

2. 'ਜਨਮਸਾਖੀ' ਵਿਚੋਂ ਟੂਕਾਂ
3. ਚੋਣਵੇਂ ਪੰਜਾਬੀ ਅਖਾਣ

ਇਸ ਵਿਆਕਰਣ ਦੇ ਕੁਲ 112 ਪੰਨੇ ਹਨ ਅਤੇ 28 X 36 ਸਾਈਜ਼ ਹੈ। ਜਾਨ ਨਿਊਟਨ ਦੀ ਇਸ ਵਿਆਕਰਣ ਵਿਚ ਕੁਝ ਅਜਿਹੀਆਂ ਗੱਲਾਂ ਦਾ ਉਲੇਖ ਮਿਲਦਾ ਹੈ, ਜੋ ਡਾ: ਕੇਰੀ ਦੀ ਵਿਆਕਰਣ ਵਿਚੋਂ ਨਹੀਂ ਮਿਲਦੀਆਂ। ਦੋ ਪਰਿਸ਼ਿਸ਼ਟਾਂ ਵਿਚ ਸੰਗ੍ਰਹੀਤ ਕੀਤੇ ਗਏ ਅਖਾਣ, ਮਹੀਨਿਆਂ, ਦਿਨਾਂ ਦੇ ਨਾਮ, ਅੰਕੜਿਆਂ ਦੀ ਗਿਣਤੀ, ਨਿਤਾਪ੍ਰਤਿ ਜੀਵਨ ਵਿਚ ਪ੍ਰਯੋਗ ਹੁੰਦੇ ਸ਼ਬਦ, ਜਨਮਸਾਖੀ ਵਿਚੋਂ ਤੇ ਪੰਜਾਬੀ ਰਸਮਾਂ ਰਿਵਾਜਾਂ ਦੀ ਦ੍ਰਿਸ਼ਟੀ ਤੋਂ ਜਾਨ ਨਿਊਟਨ ਦੀ ਵਿਆਕਰਣ ਵਿਚ ਦੋਸ਼ ਵਧੇਰੇ ਹਨ ਅਤੇ ਗੁਣ ਘੱਟ। ਜਾਨ ਨਿਊਟਨ ਨੂੰ ਪੰਜਾਬ ਵਿਚ ਕਾਫ਼ੀ ਸਮੇਂ ਤਕ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ, ਇਸ ਲਈ ਹੋਣਾ ਤਾਂ ਇਹ ਚਾਹੀਦਾ ਸੀ ਕਿ ਉਹ ਡਾ: ਕੇਰੀ ਨਾਲੋਂ ਚੰਗੀ ਤੇ ਵਧੇਰੇ ਪ੍ਰਮਾਣਿਕ ਵਿਆਕਰਣ ਦੀ ਰਚਨਾ ਕਰਦਾ, ਕਿਉਂਕਿ ਉਹ ਪੰਜਾਬੀਆਂ ਦੇ ਵਿਚਕਾਰ ਰਹਿੰਦਾ ਸੀ, ਪਰ ਉਹ ਇਹ ਕੁਝ ਨਾ ਕਰ ਸਕਿਆ। ਇਸੇ ਕਾਰਣ ਨਿਊਟਨ ਦੀ ਵਿਆਕਰਣ ਡਾ: ਕੇਰੀ ਦੀ ਵਿਆਕਰਣ ਨਾਲੋਂ ਵਧੇਰੇ ਜਾਣਕਾਰੀ ਭਰਪੂਰ (informative) ਹੈ, ਪਰ ਉਸ ਵਿਚ ਨਿਮਨਲਿਖਿਤ ਦੋਸ਼ ਵੀ ਵੇਖੇ ਜਾਂਦੇ ਹਨ :

1. ਜਾਨ ਨਿਊਟਨ ਨੇ ਆਪਣੀ ਵਿਆਕਰਣ ਦੀ ਭਾਗਵੰਡ ਠੀਕ ਪ੍ਰਕਾਰ ਨਾਲ ਨਹੀਂ ਕੀਤੀ। ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਇਸ ਵਿਆਕਰਣ ਦੀ ਤਰਤੀਬ ਬੜੀ ਵਿਚਿੱਤਰ ਹੈ। ਸਾਰੀ ਪੁਸਤਕ ਨੂੰ ਅਣਵਿਗਿਆਨਕ ਵਿਧੀ ਨਾਲ ਤਿੰਨ ਭਾਗਾਂ ਵਿਚ ਵੰਡਿਆ ਗਇਆ ਹੈ।

2. ਸ਼ਬਦ-ਬੋਧ (Etymology) ਦੇ ਸਿਰਲੇਖ ਹੇਠਾਂ ਲੇਖਕ ਹੋਰ ਗੱਲਾਂ ਤਾਂ ਕਰਦਾ ਰਹਿਆ ਹੈ, ਪਰ ਕਿਸੇ ਵੀ ਪੰਜਾਬੀ ਸ਼ਬਦ ਦੀ ਵਿਉਂਤਪਤੀ ਬਾਰੇ ਕੁਝ ਦੱਸਣੋਂ ਸੰਕੋਚ ਕਰਦਾ ਹੈ।

3. ਵਾਕ-ਬੋਧ (Syntax) ਦੇ ਸਿਰਲੇਖ ਹੇਠਾਂ ਲੇਖਕ ਮੁੜ ਉਹੋ ਗੱਲਾਂ ਕਰਦਾ ਹੈ, ਜਿਹੜੀਆਂ ਉਹ ਸ਼ਬਦ-ਬੋਧ ਦੇ ਸਿਰਲੇਖ ਹੇਠਾਂ ਕਰ ਆਇਆ ਹੈ। ਇਸ ਪ੍ਰਕਾਰ ਦੁਹਰਾਉ ਦਾ ਦੋਸ਼ ਵੀ ਵਿਆਕਰਣ ਵਿਚ ਆ ਗਇਆ ਹੈ।

4. ਕ੍ਰਿਆ, ਕ੍ਰਿਆ-ਵਿਸ਼ੇਸ਼ਣ ਦੇ ਭੇਦ ਤੇ ਉਨ੍ਹਾਂ ਦੇ ਕੁਝ ਰੂਪ ਕੇਵਲ ਇਸ ਲਈ ਨਹੀਂ ਦਿੱਤੇ ਗਏ ਕਿਉਂਕਿ ਲੇਖਕ ਉਨ੍ਹਾਂ ਦੀ ਲੋੜ ਨਹੀਂ ਸਮਝਦਾ।

5. ਲੇਖਕ ਇਸ ਪੁਸਤਕ ਵਿਚ ਇਹ ਸਥਾਪਿਤ ਕਰਦਾ ਹੈ ਕਿ ਜਿਹੜੇ ਵਿਸ਼ੇਸ਼ਣਾਂ ਦੇ ਅੰਤ ਵਿਚ ਵਿਅੰਜਨ ਆਵੇ, ਉਨ੍ਹਾਂ ਦੀ ਰੂਪ-ਸਾਧਨਾ ਨਹੀਂ ਕੀਤੀ ਜਾਂਦੀ। ਇਸ ਗ਼ਲਤ ਉਕਤੀ ਦਾ ਖੰਡਨ ਬਾਅਦ ਵਿਚ ਈ. ਪੀ. ਨਿਊਟਨ ਨੇ ਆਪਣੀ ਵਿਆਕਰਣ ਵਿਚ ਕੀਤਾ ਹੈ।

6. ਲੇਖਕ ਨੇ ਵਿਆਕਰਣ-ਲੇਖਨ ਸਮੇਂ ਭਾਸ਼ਾ-ਵਿਗਿਆਨਕ ਵਿਧੀ ਨੂੰ ਨਹੀਂ ਅਪਣਾਇਆ ; ਸਿਰਲੇਖਾਂ ਦੀ ਤਾਂ ਬਿਲਕੁਲ ਪਰਵਾਹ ਨਹੀਂ ਕੀਤੀ ਗਈ।

ਅਸੀਂ ਇਸ ਵਿਆਕਰਣ ਨੂੰ ਪ੍ਰਮਾਣਿਕ ਵਿਆਕਰਣ ਕਹਿਣ ਤੋਂ ਸੰਕੋਚ ਕਰਾਂਗੇ।

3. ਪੰਜਾਬੀ ਗਰਾਮਰ : (ਈ. ਪੀ. ਨਿਊਟਨ)

ਪਾਦਰੀ ਈ. ਪੀ. ਨਿਊਟਨ ਦੁਆਰਾ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਿਤ 'ਪੰਜਾਬੀ ਗਰਾਮਰ' ਦਾ

Digitized by Panjab Digital Library | www.panjabdigilib.org

ਪ੍ਰਥਮ ਸੰਸਕਰਣ 1896 ਈ: ਵਿਚ ਪ੍ਰਕਾਸ਼ਿਤ ਹੋਇਆ। ਆਕਾਰ ਦੀ ਦ੍ਰਿਸ਼ਟੀ ਤੋਂ ਇਹ ਵਿਆਕਰਣ ਪਹਿਲੀਆਂ ਦੋਹਾਂ ਵਿਆਕਰਣਾਂ ਨਾਲੋਂ ਵੱਡੀ ਹੈ। ਇਸ ਵਿਆਕਰਣ ਦੇ 57 ਅਧਿਆਇ ਹਨ, ਜਿਨ੍ਹਾਂ ਦੇ ਨਾਮ ਕ੍ਰਮਵਾਰ ਇਸ ਪ੍ਰਕਾਰ ਹਨ :

1. ਨਾਂਵਾਂ ਦੀ ਰੂਪ-ਸਾਧਨਾ (Declension of Nouns).
2. ਦੂਜੀ ਰੂਪ-ਸਾਧਨਾ (Second Declension).
3. ਵਰਤਮਾਨਕਾਲੀਨ ਸੰਗਿਅਕ ਕ੍ਰਿਆ (Present Tense of the Substantive Verb).
4. ਤੀਜੀ ਰੂਪ-ਸਾਧਨਾ
5. ਭੂਤਕਾਲੀਨ ਸੰਗਿਅਕ ਕ੍ਰਿਆ
6. ਵਿਸ਼ੇਸ਼ਣ
7. ਕ੍ਰਿਆ ਦਾ ਸਰੂਪ
8. ਨਿਜਵਾਚੀ ਪੜਨਾਂਵ
9. ਕ੍ਰਿਆ ਦਾ ਕਰਤਾ ਕਾਰਕ ਜਾਂ (Object of the Verb in the Nominative. ਕਰਮ ਕਾਰਕ ਦੇ ਸੰਦਰਭ ਵਿਚ ਕਰਮ or the Accusative Case).
10. ਅਨਿਸਚਿਤ ਪੂਰਣ (Indefinite Perfect).
11. ਅਨਿਸਚਿਤ ਭੂਤ ਅਤੇ ਨਿਸਚਿਤ ਭੂਤ ਕਾਲ (Past Imperfect and Past Perfect Tense).
12. ਪੜਨਾਂਵੀਂ ਵਿਸ਼ੇਸ਼ਣ
13. ,,
14. ਨਿਜਵਾਚੀ ਪੜਨਾਂਵ (Reflexive Pronouns).
15. ਸੰਬੰਧ ਪ੍ਰਗਟ ਕਰਨ ਦੀਆਂ ਵਿਧੀਆਂ
16. ਪੜਨਾਂਵੀਂ ਕ੍ਰਿਆ-ਵਿਸ਼ੇਸ਼ਣ
17. ਭਵਿੱਖ ਕਾਲ
18. ਸੰਭਾਵੀ ਭਵਿੱਖ (Contingent Future).
19. ਆਗਿਆਬੋਧਕ (The Imperative).
20. ਸੰਯੁਕਤ ਕ੍ਰਿਆਵਾਂ
21. ਭਾਵਾਰਥੀ (Infinitive).
22. ਅਨਿਸਚਿਤ ਤੇ ਨਿਸਚਿਤ ਭਵਿੱਖ ਕਾਲ
23. ਸੰਬੰਧਕ ਅਵਸਥਾਵਾਂ (Post-positions).
24. ਯੋਜਕੀ ਕਾਰਦੰਤਕ (Conjunctive Participles).
25. ,, (ਚਲਦਾ)
26. ਜਾਣਾ, ਦੇਣਾ, ਲੈਣਾ ਨਾਲ ਲੱਗਦੇ ਤੀਬਰ ਸੰਯੋਜਕ (Intensive Compounds with ਜਾਣਾ, ਦੇਣਾ, ਲੈਣਾ)।

Digitized by Panjab Digital Library | www.panjabdigilib.org

27. ਅੰਕੜੇ (Numerals)
28. ,, (ਚਲਦਾ)
29. ਸੰਯੁਕਤ ਪੜਨਾਂਵ
30. 'ਜਿਹਾ' ਸ਼ਬਦ ਦਾ ਮੁਹਾਵਰਿਆਂ ਵਿਚ ਪ੍ਰਯੋਗ
31. ਅਨਿਸਚਿਤ ਪੂਰਣ (Indefinite Perfect).
32. ਨਿਸਚਿਤ ਅਤੇ ਅਨਿਸਚਿਤ ਸਾਮਿਅਕ (Contingent Imperfect and Contingent Perfect).
33. ਨਵਿਰਤੀਮੂਲਕ ਸੰਭਵ ਕਾਲ
34. ਕ੍ਰਿਆ-ਵਿਸ਼ੇਸ਼ਣ
35. ,, (ਚਲਦਾ)
36. ਯੋਜਕ
37. ਨਿਸਚਿਤ ਤੇ ਅਨਿਸਚਿਤ ਕਾਰਦੰਤਕ
38. ਅਨਿਸਚਿਤ ਤੇ ਨਿਸਚਿਤ ਨਿਰੰਕੁਸ਼ ਕਾਰਦੰਤਕ (Imperfect and Perfect Participles Absolute).
39. ਕਰਤਰੀ ਨਾਂਵ (Nouns of Agency).
40. 'ਹੋਇਆ' ਦੇ ਪ੍ਰਯੋਗ ਨਾਲ ਨਿਸਚਿਤ ਕਾਲ ਦਾ ਵਿਸਥਾਰ (Extension of the Perfect by the insertion of ਹੋਇਆ).
41. ਕਾਲ-ਸੂਚਕ ਵਿਧੀਆਂ
42. ਸੰਪ੍ਰਦਾਨ ਕਾਰਕ
43. ਵਿਸ਼ੇਸ਼ਣਾਂ ਦੀ ਅਨੁਸਾਰਤਾ
44. 'ਕਰਕੇ' ਦਾ ਮੁਹਾਵਰਿਆਂ ਵਿਚ ਪ੍ਰਯੋਗ
45. ਕਰਮ-ਵਾਚ (The Passive Voice).
46. ਫੁੱਟਕਲ ਕ੍ਰਿਆਵਾਂ
47. ,, (ਚਲਦਾ)
48. ਸਮਾਸੀ ਨਾਂਵ (Nominal Compounds).
49. ਤੀਬਰ ਸੰਯੋਜਕ (Intensive Compounds with ਸੁੱਟਣਾ, ਪੈਣਾ, ਰਹਿਣਾ and ਬੈਠਣਾ).
50. ,, (Intensive Compounds with ਆਉਣਾ, ਜਾਣਾ, ਉਠਣਾ, ਰੱਖਣਾ and ਛੱਡਣਾ).
51. ਸੰਭਾਵਿਕ ਸੰਯੋਜਕ (Potential Compounds).
52. ਮੁੜ-ਮੁੜ ਆਉਣ ਵਾਲੇ ਸੰਯੋਜਕ (Frequentative Compounds Desiderative Compounds).

Digitized by Panjab Digital Library | www.panjabdigilib.org

53. ਇੱਛਾ ਅਰਥਕ, ਯੁਕਤ ਅਤੇ ਗ੍ਰਹਣਸ਼ੀਲ ਸੰਯੋਜਕ (Inseptive Compounds, Permission and Acquisitive Compounds).

54. ਲੜੀਬੱਧ ਅਤੇ ਪ੍ਰਗਤੀਸ਼ੀਲ ਸੰਯੋਜਕ (Continuative Progressive Compounds).

55. ਧਿਆ (ਧਿਆ prefixed to a verb in an Intensive or a frequentative sense).

56. ਸਾਧਿਤ ਅਤੇ ਸਮਾਸੀ ਨਾਂਵ (Derivative and Compound Nouns).

57. ਸਾਧਿਤ ਅਤੇ ਸਮਾਸੀ ਵਿਸ਼ੇਸ਼ਣ

ਵਿਆਕਰਣ ਦੇ ਅੰਤ ਵਿਚ ਪਰਿਸ਼ਿਸ਼ਟ ਦਿੱਤਾ ਗਇਆ ਹੈ, ਜਿਸ ਨੂੰ ਨਿਮਨਾਂਕਿਤ ਨੌਂ ਭਾਗਾਂ ਵਿਚ ਵੰਡਿਆ ਗਇਆ ਹੈ :

1. ਗਿਣਤੀ-ਚਿੰਨ੍ਹਾਂ ਦੇ ਨਾਮ
2. ਗਿਣਤੀ-ਅੰਕੜੇ
3. ਸਪਤਾਹ ਦੇ ਸੱਤ ਦਿਨ
4. ਮਹੀਨਿਆਂ ਦੇ ਨਾਮ
5. 'ਹੋਣਾ' ਕ੍ਰਿਆ ਦੀ ਰੂਪ-ਸਾਧਨਾ
6. ਅਕਰਮਕ ਕ੍ਰਿਆ ਦੀ ਰੂਪ-ਸਾਧਨਾ
7. ਸਕਰਮਕ ਕ੍ਰਿਆ ਦੀ ਰੂਪ-ਸਾਧਨਾ
8. **ਕਰਤਰੀਵਾਚ ਤੇ ਕਰਮਣੀ ਵਾਚ ਦੀਆਂ ਮਿਸਾਲਾਂ (Paradigm of the Active and Passive Voices).**
9. **ਅਨਿਯਮਿਤ ਕ੍ਰਿਆਵਾਂ**

ਪਰਿਸ਼ਿਸ਼ਟ ਤੋਂ ਮਗਰੋਂ ਪੰਜਾਬੀ-ਅੰਗ੍ਰੇਜ਼ੀ ਅਤੇ ਅੰਗ੍ਰੇਜ਼ੀ-ਪੰਜਾਬੀ ਸ਼ਬਦ-ਸੰਗ੍ਰਹਿ ਵੀ ਜੋੜ ਦਿੱਤਾ ਗਇਆ ਹੈ। ਦੋਹਾਂ ਸੰਗ੍ਰਹਿਆਂ (ਅੰਗ੍ਰੇਜ਼ੀ-ਪੰਜਾਬੀ ਅਤੇ ਪੰਜਾਬੀ-ਅੰਗ੍ਰੇਜ਼ੀ) ਦੇ ਸਫ਼ਿਆਂ ਦੀ ਕੁਲ ਗਿਣਤੀ 52 ਹੈ। ਗੁਣਾਤਮਕ ਦ੍ਰਿਸ਼ਟੀ ਤੋਂ ਵੇਖਿਆਂ ਇਕ ਗੱਲ ਸਪਸ਼ਟ ਤੌਰ ਤੇ ਕਹੀ ਜਾ ਸਕਦੀ ਹੈ ਕਿ ਇਹ ਵਿਆਕਰਣ ਡਾ: ਕੇਰੀ ਤੇ ਜਾਨ ਨਿਊਟਨ ਦੋਹਾਂ ਦੀਆਂ ਵਿਆਕਰਣਾਂ ਨਾਲੋਂ ਵਧੇਰੇ ਉਪਯੋਗੀ ਹੈ। ਭਾਵੇਂ ਵਿਆਕਰਣ-ਲੇਖਨ ਵਿਧੀ ਦੀ ਦ੍ਰਿਸ਼ਟੀ ਤੋਂ ਡਾ: ਕੇਰੀ ਦੀ ਵਿਆਕਰਣ ਵਧੇਰੇ ਉੱਤਮ ਹੈ, ਪਰ ਉਪਯੋਗ ਦੀ ਦ੍ਰਿਸ਼ਟੀ ਤੋਂ ਈ. ਪੀ. ਨਿਊਟਨ ਦੀ ਵਿਆਕਰਣ ਵਧੇਰੇ ਮਹੱਤਵਸ਼ੀਲ ਹੈ। ਇਸ ਵਿਆਕਰਣ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਆਕਰਣ ਪੜ੍ਹ ਕੇ ਇਕ ਸਾਧਾਰਣ ਵਿਦੇਸ਼ੀ ਵੀ ਪੰਜਾਬੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਸਕਦਾ ਹੈ। ਵਿਆਕਰਣ-ਲੇਖਨ ਸਮੇਂ ਲੇਖਕ ਨੇ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਹੈ ਕਿ ਪੁਸਤਕ ਦੀ ਸਾਧਾਰਣ ਵਿਦੇਸ਼ੀਆਂ ਲਈ ਕਿਤਨੀ ਉਪਯੋਗਤਾ ਹੈ। ਇਸੇ ਕਾਰਣ ਹੀ ਉਸ ਨੇ ਪ੍ਰਚਲਿਤ ਪ੍ਰਮਾਣਿਕ ਵਿਆ-ਕਰਣ-ਲੇਖਨ-ਵਿਧੀ ਨੂੰ ਤਿਆਗ ਕੇ ਸਾਧਾਰਣ ਵਿਧੀ ਨੂੰ ਅਪਣਾਇਆ ਹੈ। ਵਿਆਕਰਣ-ਲੇਖਨ-ਵਿਧੀ ਦੀ ਦ੍ਰਿਸ਼ਟੀ ਤੋਂ ਜਿਹੜੀਆਂ ਗੱਲਾਂ ਦਾ ਉਲੇਖ ਮੂਲ-ਪਾਠ ਵਿਚ ਹੋਣਾ ਚਾਹੀਦਾ ਸੀ, ਲੇਖਕ

Digitized by Panjab Digital Library | www.panjabdigilib.org

ਨੇ ਪਾਠਕਾਂ ਦੀ ਸੁਵਿਧਾ ਲਈ ਉਨ੍ਹਾਂ ਨੂੰ ਮੂਲ-ਪਾਠ ਵਿਚ ਨਾ ਰੱਖ ਕੇ ਪੁਸਤਕ ਦੇ ਅੰਤ ਵਿਚ ਦਿੱਤੇ ਨੋਟਾਂ (Notes) ਵਿਚ ਦਿੱਤਾ ਹੈ । ਕਹਿਣ ਤੋਂ ਭਾਵ ਇਹ ਹੈ ਕਿ ਉਸ ਨੇ ਹਰ ਪੱਖ ਤੋਂ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਇਸ ਵਿਆਕਰਣ ਨੂੰ ਵੱਧ ਤੋਂ ਵੱਧ ਉਪਯੋਗੀ ਬਣਾਇਆ ਜਾ ਸਕੇ । ਖ਼ਾਸ ਨਾਂਵਾਂ ਨੂੰ ਅੰਗ੍ਰੇਜ਼ੀ ਵਿਚ ਉੱਚਾਰਣ ਸਮੇਂ ਵਾਹ ਲੱਗਦੀ ਬਦਲਿਆ ਨਹੀਂ ਸਗੋਂ ਉਨ੍ਹਾਂ ਨਾਂਵਾਂ ਦੇ ਮੂਲ ਪੰਜਾਬੀ ਉੱਚਾਰਣ ਹੀ ਦਿੱਤੇ ਹਨ, ਜਿਵੇਂ Lahore ਦੇ ਸਥਾਨ ਤੇ **Lahaur, Ludhiana** ਦੇ ਸਥਾਨ ਤੇ **Ludehana** ਆਦਿਕ । ਪੰਜਾਬੀ ਅਭਿਆਸ-ਪਾਠਾਂ ਲਈ ਵਾਕਾਂ ਦੀ ਚੋਣ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਕੀਤੀ ਗਈ ਹੈ । ਇਹ ਪਹਿਲਾ ਵਿਆ-ਕਰਣ-ਲੇਖਕ ਹੈ, ਜਿਸ ਨੇ ਆਪਣੇ ਨੇਮਾਂ ਦੇ ਉਦਾਹਰਣ ਪੇਸ਼ ਕਰਨ ਲਈ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਵਿਚੋਂ ਟੂਕਾਂ ਲਈਆਂ । ਇਕ ਹੋਰ ਦ੍ਰਿਸ਼ਟੀ ਤੋਂ ਵੀ ਇਹ ਪਹਿਲੀਆਂ ਦੋਵੇਂ ਵਿਆਕਰਣਾਂ ਨਾਲੋਂ ਉਪਯੋਗੀ ਹੈ, ਕਿਉਂਕਿ ਇਸ ਵਿਆਕਰਣ ਦੇ ਅੰਤ ਵਿਚ ਪਹਿਲੀ ਵਾਰੀ ਅੰਗ੍ਰੇਜ਼ੀ-ਪੰਜਾਬੀ ਤੇ ਪੰਜਾਬੀ-ਅੰਗ੍ਰੇਜ਼ੀ ਸ਼ਬਦ-ਸੰਗ੍ਰਹਿ ਪੇਸ਼ ਕੀਤਾ ਗਇਆ ਹੈ । ਪੰਜਾਬੀ ਭਾਸ਼ਾ ਸਿੱਖਣ ਲਈ ਇਹ ਵਿਆਕਰਣ ਕਾਫ਼ੀ ਉਪਯੋਗੀ ਸਿੱਧ ਹੋ ਸਕਦੀ ਹੈ । ਵਿਆਕਰਣ ਦੀ ਭੂਮਿਕਾ ਵਿਚ ਲੇਖਕ ਨੇ ਪੰਜਾਬੀ ਲਿੱਪੀ ਦੇ 'ਗੁਰਮੁਖੀ' ਨਾਮ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਉਸ ਦੇ ਮਤ ਅਨੁਸਾਰ ਪੰਜਾਬ ਦੇ ਇਲਾਕਿਆਂ ਵਿਚ ਥੋੜ੍ਹ ਜਿਹੇ ਭਿੰਨ ਭੇਦ ਨਾਲ ਬੋਲੀ ਜਾਣ ਵਾਲੀ ਬੋਲੀ ਨੂੰ ਪੰਜਾਬੀ ਜਾਂ ਗੁਰਮੁਖੀ ਆਖਦੇ ਹਨ । 'ਗੁਰਮੁਖੀ' ਤੋਂ ਭਾਵ ਹੈ—ਗੁਰੂ ਦੇ ਮੁਖ ਤੋਂ ਉਚਾਰੀ ਹੋਈ ਅਤੇ ਸ਼ਾਇਦ ਇਸੇ ਤੱਤ ਤੋਂ ਗੁਰਮੁਖੀ ਲਿੱਪੀ ਦੀ ਉਤਪਤੀ ਨੂੰ ਮੰਨਿਆ ਜਾਂਦਾ ਹੈ ; ਲਿਖਣ-ਕਲਾ ਪਹਿਲਾਂ ਧਾਰਮਿਕ ਵਿਸ਼ਿਆਂ ਉਪਰ ਅਜ਼ਮਾਈ ਜਾਂਦੀ ਸੀ ।[1] ਗੁਰਮੁਖੀ ਲਿੱਪੀ ਦੇ ਪੈਂਤੀ ਅੱਖਰ ਹਨ । ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਨ੍ਹਾਂ ਅੱਖਰਾਂ ਦੇ ਜਨਮਦਾਤਾ ਜਾਂ ਇਸ ਲਿੱਪੀ ਦੇ ਸਿਰਜਣਹਾਰ ਗੁਰੂ ਨਾਨਕ ਦੇਵ ਜੀ ਸਨ, ਜਿਨ੍ਹਾਂ ਦਾ ਜਨਮ ਪੰਦਰ੍ਹਵੀਂ ਸਦੀ ਈ: ਵਿਚ ਹੋਇਆ । ਪਰ ਪਾਦਰੀ ਨਿਊਟਨ ਦੇ ਮਤ ਅਨੁਸਾਰ "ਇਹ ਤਾਂ ਕਿਸੇ ਹੱਦ ਤਕ ਠੀਕ ਹੈ ਕਿ ਆਪ ਪੰਜਾਬੀ ਅੱਖਰਾਂ ਨੂੰ ਤਰਤੀਬ ਦੇਣ ਵਾਲੇ ਅਤੇ ਅੱਖਰਾਂ ਦੇ ਰੂਪ ਨੂੰ ਸੋਧਣ ਵਾਲੇ ਸਨ, ਪਰ ਗੁਰਮੁਖੀ ਅੱਖਰ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਪ੍ਰਚਲਿਤ ਸਨ । 21 ਅੱਖਰ ਆਪਣੇ ਮੁੱਢਲੇ ਰੂਪ ਤੋਂ ਬਦਲੇ ਹੋਏ ਹਨ ਅਤੇ ਇਨ੍ਹਾਂ ਦਾ ਮੁੱਢਲਾ ਮਿਲਦਾ ਜੁਲਦਾ ਰੂਪ ਪੁਰਾਣੀਆਂ ਖੁਦਾਈਆਂ ਤੋਂ ਮਿਲਦਾ ਹੈ । ਛੇ ਅੱਖਰ ਦਸਵੀਂ ਸਦੀ, ਤਿੰਨ ਪੰਜਵੀਂ ਸਦੀ ਅਤੇ ਬਾਰਾਂ ਤੀਜੀ ਸਦੀ ਪੂਰਬ ਈ:

---

1. "The language which is spoken with some variation through the Punjab, and hence called Punjabi is usually written in what is known as the Gurmukhi character. This term is derived from Guru, a teacher, Mukh, the mouth and it probably owes its origin to the fact that the art of writing was at first employed only on sacred subjects and was practised by pupils."
Newton; E. P. *Punjabi Grammar*, Introduction, p. 1.

Digitized by Panjab Digital Library | www.panjabdigilib.org

ਦੇ ਉਪਲਬਧ ਹੁੰਦੇ ਹਨ ।[1] ਪੰਜਾਬੀ ਲਿੱਪੀ ਦੇ ਨਿਕਾਸ ਸੰਬੰਧੀ ਪਹਿਲੀ ਵਾਰੀ ਕਿਸੇ ਵਿਦੇਸ਼ੀ ਵਿਦਵਾਨ ਨੇ ਇਤਨੀ ਵਿਚਾਰ-ਉਤੇਜਕ ਚਰਚਾ ਕੀਤੀ ਹੈ । ਈ. ਪੀ. ਨਿਊਟਨ ਨੇ ਗੁਰਮੁਖੀ ਵਰਣ-ਮਾਲਾ ਦੀ ਤਰਤੀਬ ਨੂੰ ਭਾਸ਼ਾ ਵਿਗਿਆਨਕ ਪੱਖ ਤੋਂ ਸਲਾਹਿਆ ਹੈ, ਕਿਉਂਕਿ ਇਸ ਦੀਆਂ ਧੁਨੀਆਂ ਦੀ ਤਰਤੀਬ ਧੁਨੀ-ਯੰਤਰ ਤਰਤੀਬ ਦੇ ਅਨੁਸਾਰ ਹੈ ।[2] ਇਸ ਤੋਂ ਇਲਾਵਾ ਉਸ ਨੇ ਆਪਣੇ ਪਿਤਾ ਜਾਨ ਨਿਊਟਨ ਦੀ ਵਿਆਕਰਣ ਵਿਚ ਰਹਿ ਗਏ ਦੋਸ਼ਾਂ ਵਲ ਵੀ ਸੰਕੇਤ ਕੀਤਾ ਹੈ । ਉਹ ਲਿਖਦਾ ਹੈ : "ਮੇਰੇ ਪਿਤਾ ਜੀ ਦੁਆਰਾ ਲਿਖੀ ਗਈ ਪੰਜਾਬੀ ਵਿਆਕਰਣ ਵਿਚ ਇਹ ਕਹਿਆ ਗਇਆ ਹੈ ਕਿ ਜਿਹੜੇ ਵਿਸ਼ੇਸ਼ਣਾਂ ਦੇ ਅੰਤ ਵਿਚ ਵਿਅੰਜਨ ਆਵੇ, ਉਨ੍ਹਾਂ ਦੀ ਰੂਪ-ਸਾਧਨਾ ਨਹੀਂ ਹੁੰਦੀ । ਅਜਿਹੇ ਵਿਸ਼ੇਸ਼ਣਾਂ ਦੀ ਨਾਂਵ-ਵਤ ਵਰਤੋਂ ਤੇ ਵਿਧੇਅਕੀ (predicative) ਵਰਤੋਂ ਦਾ ਉਨ੍ਹਾਂ ਨੂੰ ਸ਼ਾਇਦ ਧਿਆਨ ਨਹੀਂ ਰਿਹਾ ।[3]"

ਇਹ ਪੁਸਤਕ ਹੁਣ ਤਕ ਦੀਆਂ ਪ੍ਰਾਪਤ ਸਾਰੀਆਂ ਵਿਆਕਰਣ-ਪੁਸਤਕਾਂ ਤੋਂ ਵਧੇਰੇ ਗੁਣ-ਯੁਕਤ ਹੈ । ਇਸ ਵਿਚ ਕੁਝ ਦੋਸ਼ ਵੀ ਦਿਖਾਈ ਦਿੰਦੇ ਹਨ, ਜਿਨ੍ਹਾਂ ਦਾ ਉਲੇਖ ਉਚਿਤ ਪ੍ਰਤੀਤ ਹੁੰਦਾ ਹੈ । ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਇਹ ਵਿਆਕਰਣ ਕ੍ਰਮਬੱਧ ਤੇ ਵਿਧੀਗਤ ਨਹੀਂ । ਪ੍ਰਮਾਣਿਕ

---

1. "The alphabet consists of thirtyfive letters whence the name Painti signifying thirtyfive by which it is usually designated by the natives. It is common belief amongst people that these were originated by Baba Nanak, the founder of Sikh religion, who lived about fifteenth century. It is certain, however, that whatever hand he may have had in modifying their form, most of them have with slight variation in their structure, come down from a very much remote antiquity. Of the entire number no less than twentyone can, though they have undergone some changes, be distinctly recognised in ancient inscriptions, six atleast being traceable to the 10th century of our era, three to the 5th century and twelve to the 3rd century B. C."
   Newton; E. P., *Punjabi Grammar*, p. 1—2.
2. "It will be seen that the arrangment of letters here is more systematic than that of English alphabet, those of each class and sub-class being placed together. Thus the three vowels form stand at head followed by four classes being represented by one letter only than the mutes sub-divided into five semi-vowels if the mutes be read in columns downwards it will be found that the five classes are arranged in order of the organs by the aid of which they are pronounced beginning with the throat and enclosing with the lips."
   ਉਹੀ, ਪੰ: 4-5.
3. "In my father's grammar it is said that adjectives which terminate in consonant are not inflected. He could not have had in mind, their use at nouns or when in the predicate they follow the predicative noun. It would of course be impossible to say in plural ਬੁਧੀਵਾਨ ਦੀਆਂ ਗੱਲਾਂ for ਬੁਧਵਾਨਾਂ ਦੀਆਂ ਗੱਲਾਂ (the words of wise) or ਗਰੀਬ ਨੂੰ for ਗ਼ਰੀਬਾਂ ਨੂੰ (to the poor)."
   ਉਹੀ, ਪੰ: 30.

Digitized by Panjab Digital Library | www.panjabdigilib.org

ਵਿਆਕਰਣ-ਲੇਖਨ-ਵਿਧੀ ਨੂੰ ਲੇਖਕ ਨੇ ਸਚੇਤ ਤੌਰ ਤੇ ਨਹੀਂ ਅਪਣਾਇਆ। ਇਸ ਦਾ ਕਾਰਣ ਪਿਛੇ ਸਪਸ਼ਟ ਕੀਤਾ ਜਾ ਚੁੱਕਾ ਹੈ। ਜੇ ਲੇਖਕ ਵਿਆਕਰਣ-ਲੇਖਨ-ਵਿਧੀ ਨੂੰ ਪੂਰੀ ਤਰ੍ਹਾਂ ਅਪਣਾ ਕੇ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਕ੍ਰਮ-ਬੱਧ ਵਿਆਕਰਣ ਦੀ ਰਚਨਾ ਕਰਦਾ, ਤਾਂ ਇਹ ਵਿਆਕਰਣ ਪ੍ਰਮਾਣਿਕਤਾ ਦਾ ਪਦ ਪ੍ਰਾਪਤ ਕਰ ਸਕਦੀ ਸੀ, ਪਰ ਇਸ ਦੋਸ਼ ਦੇ ਹੁੰਦਿਆਂ ਵੀ ਇਹ ਵਿਆਕਰਣ ਪੰਜਾਬੀ ਭਾਸ਼ਾ ਸਿੱਖਣ ਲਈ ਉਪਯੋਗੀ ਰਚਨਾ ਹੈ।

4. ਪੰਜਾਬੀ ਮੈਨੂਅਲ ਐਂਡ ਗਰਾਮਰ : (ਪਾਦਰੀ ਟਾਮਸ ਐਫ. ਕਮਿੰਗਜ਼ ਅਤੇ ਪਾਦਰੀ ਟੀ. ਗਰਾਹਮ ਬੇਲੀ)

ਪਾਦਰੀ ਟਾਮਸ ਐਫ ਕਮਿੰਗਜ਼ ਤੇ ਗਰਾਹਮ ਬੇਲੀ ਦੁਆਰਾ ਲਿਖਿਤ ਪੰਜਾਬੀ ਭਾਸ਼ਾ ਦੀ ਚੌਥੀ ਵਿਆਕਰਣ 'ਪੰਜਾਬੀ ਮੈਨੂਅਲ ਐਂਡ ਗਰਾਮਰ' ਪਹਿਲੀ ਵਾਰੀ 1912 ਈ: ਵਿਚ ਕਲਕੱਤਾ ਬੈਪਟਿਸਟ ਮਿਸ਼ਨ ਪ੍ਰੈਸ ਤੋਂ ਪ੍ਰਕਾਸ਼ਿਤ ਹੋਈ। ਇਹ ਵਿਆਕਰਣ ਦੋਹਾਂ ਲੇਖਕਾਂ ਦੇ ਸਾਂਝੇ ਜਤਨਾਂ ਨਾਲ ਸੰਪੂਰਣ ਹੋਈ। ਮਿਸਟਰ ਕਮਿੰਗਜ਼ ਨੇ ਇਸ ਵਿਆਕਰਣ ਦੇ ਲੇਖਨ ਵਿਚ ਨਿਮਨਲਿਖਿਤ ਯੋਗਦਾਨ ਦਿੱਤਾ :

1. ਭੂਮਿਕਾ: ਕਿਸੇ ਭਾਸ਼ਾ ਨੂੰ ਸਿੱਖਣ ਦੀ ਯੋਗ ਵਿਧੀ।
2. ਉੱਚਾਰਣ ਦਾ ਧੁਨੀ-ਵਿਗਿਆਨਕ ਪੱਖ।
3. ਇਕ ਤੋਂ ਲੈ ਕੇ ਚਾਲ੍ਹੀਵੇਂ ਅਧਿਆਇ ਵਿਚਲੇ ਪੰਜਾਬੀ ਸ਼ਬਦਾਂ ਦੀ ਅੰਗ੍ਰੇਜ਼ੀ ਲਿਖੀ।
4. ਇਕ ਤੋਂ ਲੈਕੇ ਇਕੀਵੇਂ ਅਧਿਆਇ ਵਿਚਲੇ ਪੰਜਾਬੀ ਵਾਰਤਾਲਾਪ।
5. ਪੰਜਾਬੀ ਭਾਸ਼ਾ ਦੀ ਵਿਵਿਧ-ਰੰਗੀ ਸਾਰਣੀ (The Diversification Table).

ਮਿਸਟਰ ਗਰਾਹਮ ਬੇਲੀ ਨੇ ਇਸ ਪੁਸਤਕ ਦਾ ਨਿਮਨਾਂਕਿਤ ਭਾਗ ਲਿਖਿਆ :

1. **ਮੁੱਖ-ਸ਼ਬਦ**
2. **ਪੰਜਾਬੀ ਵਿਆਕਰਣ** (ਪੁਸਤਕ ਦਾ ਦੂਜਾ ਭਾਗ)।
3. ਉੱਚਾਰਣ-ਅਭਿਆਸ-ਪਾਠ।
4. ਪਹਿਲੇ ਚਾਲ੍ਹੀ ਅਧਿਆਵਾਂ ਦੀ ਪੰਜਾਬੀ।

ਇਹ ਵਿਆਕਰਣ ਪੰਜਾਬ ਵਿਚ ਬੋਲੀ ਜਾਣ ਵਾਲੀ ਭਾਸ਼ਾ (spoken language) ਦਾ ਭਾਸ਼ਾ-ਵਿਗਿਆਨਕ ਅਧਿਐਨ ਕਰਨ ਦਾ ਇਕ ਸਫ਼ਲ ਪ੍ਰਯਾਸ ਹੈ। ਲਿਖਤ ਵਿਚ ਆਉਣ ਵਾਲੀ ਸਾਹਿਤਕ ਪੰਜਾਬੀ ਨੂੰ ਇਨ੍ਹਾਂ ਲੇਖਕਾਂ ਨੇ ਅਧਿਐਨ ਦਾ ਵਿਸ਼ੇ ਨਹੀਂ ਬਣਾਇਆ। ਸਾਰੀ ਪੁਸਤਕ ਨੂੰ ਦੋ ਭਾਗਾਂ ਵਿਚ ਵੰਡਿਆ ਗਇਆ ਹੈ। ਪਹਿਲੇ ਭਾਗ ਵਿਚ ਪਾਦਰੀ ਕਮਿੰਗਜ਼ ਦੁਆਰਾ ਲਿਖਿਤ ਭੂਮਿਕਾ, ਉੱਚਾਰਣ-ਵਿਧੀ-ਸੋਧਕ ਮੁੱਖ ਸ਼ਬਦ, ਪਹਿਲੇ ਚਾਰ ਅਧਿਆਇ ਅਤੇ ਪੰਜਾਬੀ ਭਾਸ਼ਾ ਦੀ ਵਿਵਿਧ-ਰੰਗੀ ਸਾਰਣੀ ਦਿੱਤੀ ਗਈ ਹੈ। ਦੂਜੇ ਭਾਗ ਵਿਚ ਵਿਆਕਰਣ ਦੀ ਯੋਜਨਾ ਇਸ ਪ੍ਰਕਾਰ ਹੈ :

ਵਿਆਕਰਣ

1. ਸ਼ਬਦ-ਭੇਦ (Accidence—Parts of Speech) :
   ਨਾਂਵ

Digitized by Panjab Digital Library | www.panjabdigilib.org

ਲਿੰਗ (Gender)
ਇਸਤ੍ਰੀ-ਲਿੰਗ
ਇਕਵਚਨ ਤੇ ਬਹੁਵਚਨ
ਕਰਤਾ ਕਾਰਕ, ਕਰਮ ਕਾਰਕ
ਕਰਣ ਕਾਰਕ, ਅਧਿਕਰਣ ਕਾਰਕ
ਸੰਪ੍ਰਦਾਨ ਕਾਰਕ
ਅਪਾਦਾਨ ਕਾਰਕ, ਸੰਬੰਧ ਕਾਰਕ
ਰੂਪ-ਸਾਧਨਾ
ਲਘੂਵਾਚਕ ਸ਼ਬਦ (Diminutives)
ਸੰਯੁਕਤ ਨਾਂਵ, ਨਾਂਵ-ਭੇਦ
ਦੁਬਾਜਰੇ ਸ਼ਬਦ (Doublets)

2. ਵਿਸ਼ੇਸ਼ਣ :

ਰੂਪ-ਸਾਧਨਾ
ਵਿਸ਼ੇਸ਼ਣਾਂ ਦੀ ਰਚਨਾ
ਤੁਲਨਾ
ਗਿਣਤੀਵਾਚੀ ਵਿਸ਼ੇਸ਼ਣ
,,
ਕ੍ਰਮ ਵਾਚਕ ਵਿਸ਼ੇਸ਼ਣ
ਜਮਾਂ ਮਨਫ਼ੀ ਦੇ ਸ਼ਬਦ ਦੋ ਅੰਕੜੇ
ਵੰਡਣ ਦੇ ਸ਼ਬਦ (Distributives)

3. ਪੜਨਾਂਵ :

ਨਿਜਵਾਚੀ
ਪ੍ਰਸ਼ਨਵਾਚੀ
ਅਨੁਸੰਬੰਧਵਾਚੀ
ਹੋਰ ਰੂਪ

4. ਕ੍ਰਿਆ-ਵਿਸ਼ੇਸ਼ਣ :

ਅਨੁਸੰਬੰਧੀ ਸਾਰਿਣੀ
ਸਥਾਨਵਾਚੀ ਕ੍ਰਿਆ-ਵਿਸ਼ੇਸ਼ਣ
ਕਾਲਵਾਚੀ ,,
ਹੋਰ ਕ੍ਰਿਆ-ਵਿਸ਼ੇਸ਼ਣ

5. ਸੰਬੰਧਕ

Digitized by Panjab Digital Library | www.panjabdigilib.org

6. ਯੋਜਕ

7. ਵਿਸਮਿਕ

8. ਕ੍ਰਿਆ :

ਅਕਰਮਕ ਕ੍ਰਿਆ ਤੇ ਸਕਰਮਕ ਕ੍ਰਿਆ
ਭਾਵਾਰਥੀ ਕ੍ਰਿਆ
ਵਰਤਮਾਨਕਾਲੀਨ ਕਾਰਦੰਤਕ
ਭੂਤਕਾਲੀਨ ਕਾਰਦੰਤਕ
ਯੋਜਕੀ ਕਾਰਦੰਤਕ
ਸਹਾਇਕ ਕ੍ਰਿਆਵਾਂ
ਭੂਤਵਾਚੀ ਤੇ ਭਵਿੱਖਵਾਚੀ ਨਿਸਚਿਤ
ਵਰਤਮਾਨਵਾਚੀ
ਭੂਤਵਾਚੀ ਤੇ ਭਵਿੱਖਵਾਚੀ ਅਨਿਸਚਿਤ
ਨਿਸਚਿਤ ਸਹਾਇਕ ਕ੍ਰਿਆ (Pluperfect Auxiliary Verb)
ਕਰਮ-ਵਾਚਕ
ਅਕਰਮਕ ਤੇ ਸਕਰਮਕ ਕ੍ਰਿਆਵਾਂ ਦਾ ਮੇਲ
ਅਨਿਯਮਿਤ ਕ੍ਰਿਆਵਾਂ
ਸੰਯੁਕਤ ਕ੍ਰਿਆਵਾਂ

9. **ਵਾਕ-ਬੋਧ :**

ਸ਼ਬਦਾਂ ਦੀ ਯੋਜਨਾ ਤੇ ਕ੍ਰਮ
ਸ਼ਬਦਾਂ ਦਾ ਦੁਹਰਾਉ
ਦੁਬਾਜਰੇ ਸ਼ਬਦ
ਜੁੜਵੇਂ ਸ਼ਬਦ
ਸੱਤ ਕਾਰਕ
ਅਗੇਤਰ, ਪਿਛੇਤਰ
ਨਿਜਵਾਚੀ ਪੜਨਾਂਵ ਤੇ ਕ੍ਰਿਆ-ਵਿਸ਼ੇਸ਼ਣ
'ਤੂੰ' ਤੇ 'ਤੁਸੀਂ' ਦਾ ਪ੍ਰਯੋਗ
ਪ੍ਰਸ਼ਨਵਾਚੀ ਪੜਨਾਂਵ
ਅਨਿਸਚਿਤ ਤੇ ਨਿਸਚੇਵਾਚੀ ਪੜਨਾਂਵ

10. ਸਮਾਸ

11. ਵਿਸ਼ੇਸ਼ਣ :

ਗਿਣਤੀਵਾਚੀ ਵਿਸ਼ੇਸ਼ਣ

Digitized by Panjab Digital Library | www.panjabdigilib.org

12. ਕ੍ਰਿਆ-ਵਿਸ਼ੇਸ਼ਣ
13. ਕ੍ਰਿਆ
14. ਪੁਰਖੀ ਤੇ ਅਨਪੁਰਖੀ ਬੋਲ (Direct and Indirect Speech)
15. ਸਪਤਾਹਿਕ ਦਿਨਾਂ ਦੇ ਨਾਮ
16. ਮਹੀਨੇ
17. ਰਿਸ਼ਤੇਦਾਰੀਆਂ
18. ਵਿਸ਼ੇਸ਼ ਮੁਹਾਵਰੇ
19. ਅੰਤਿਕਾ

ਇਸ ਵਿਆਕਰਣ ਵਿਚ ਪੰਜਾਬੀ ਸ਼ਬਦਾਂ ਲਈ ਰੋਮਨ ਅੱਖਰਾਂ ਦਾ ਪ੍ਰਯੋਗ ਕੀਤਾ ਗਇਆ ਹੈ। ਪੁਸਤਕ ਦੇ ਕੁਲ ਪੰਨੇ 443 ਹਨ।

ਆਕਾਰ ਦੀ ਦ੍ਰਿਸ਼ਟੀ ਤੋਂ ਇਹ ਵਿਆਕਰਣ ਪਹਿਲੀਆਂ ਤਿੰਨ ਵਿਆਕਰਣਾਂ ਨਾਲੋਂ ਵੱਡੀ ਹੈ। ਸੁਯੋਗ ਲੇਖਕਾਂ ਨੇ ਇਸ ਵਿਆਕਰਣ ਦੀ ਰਚਨਾ ਸਮੇਂ ਸਰਬ-ਪ੍ਰਮਾਣਿਤ ਵਿਆਕਰਣ-ਲੇਖਨ-ਵਿਧੀ ਨੂੰ ਅਪਣਾਇਆ ਹੈ। ਇਸ ਵਿਆਕਰਣ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦਾ ਯੋਜਨਾ-ਬੱਧ ਹੋਣਾ ਹੈ। ਜਾਨ ਨਿਊਟਨ ਤੇ ਈ. ਪੀ. ਨਿਊਟਨ ਦੀਆਂ ਵਿਆਕਰਣਾਂ ਵਾਲੀ ਅਨਿਯਮਿਤਤਾ (Lack of Arrangement) ਤੋਂ ਇਹ ਵਿਆਕਰਣ ਪੂਰੀ ਤਰ੍ਹਾਂ ਮੁਕਤ ਹੈ। ਲੇਖਕਾਂ ਨੇ ਨਿਰੋਲ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਪੰਜਾਬੀ ਬੋਲੀ ਦਾ ਅਧਿਐਨ ਕਰਨ ਦਾ ਪ੍ਰਯਾਸ ਕੀਤਾ ਹੈ। ਪਾਦਰੀ ਕਮਿੰਗਜ਼ ਦੁਆਰਾ ਲਿਖਿਤ ਵਿਆਕਰਣ ਦੀ ਭੂਮਿਕਾ ਅਤੇ ਪੰਜਾਬੀ ਬੋਲੀ ਦੇ ਉੱਚਾਰਣ ਦੇ ਧੁਨੀ-ਵਿਗਿਆਨਕ ਪੱਖ ਦੀ ਵਿਸੇਸ਼ਤਾ ਵਾਲੇ ਭਾਗ ਵਿਚ ਜੋ ਵਿਚਾਰ ਪੇਸ਼ ਕੀਤੇ ਗਏ ਹਨ, ਪੰਜਾਬੀ ਧੁਨੀ-ਵਿਗਿਆਨ ਦੀ ਦ੍ਰਿਸ਼ਟੀ ਤੋਂ ਉਹ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਸ ਵਿਆਕਰਣ ਦੁਆਰਾ ਪਹਿਲੀ ਵਾਰੀ ਪੰਜਾਬੀ ਬੋਲੀ ਦਾ ਧੁਨੀ-ਵਿਗਿਆਨਕ ਦ੍ਰਿਸ਼ਟੀ ਤੋਂ ਇਤਨਾ ਵਿਗਿਆਨਕ ਮੁਲਿਆਂਕਣ ਹੋ ਸਕਿਆ ਹੈ। ਪੰਜਾਬੀ ਵਿਚ ਸੁਰ (tone) ਦੀ ਹੋਂਦ ਨੂੰ ਪਹਿਲੀ ਵਾਰ ਸਿੱਧ ਕਰਨ ਵਾਲਾ ਗਰਾਹਮ ਬੇਲੀ ਹੀ ਹੈ ਅਤੇ ਇਸ ਵਿਆਕਰਣ ਵਿਚ ਸੁਰ ਦਾ ਪੂਰਾ ਵਿਵਰਣ ਦਿੱਤਾ ਗਇਆ ਹੈ। ਇਹ ਵਿਆਕਰਣ ਪਹਿਲੀਆਂ ਤਿੰਨ ਵਿਆਕਰਣਾਂ ਨਾਲੋਂ ਭਿੰਨ ਹੈ, ਕਿਉਂਕਿ ਇਸ ਵਿਚ ਕੇਵਲ ਪੰਜਾਬ ਵਿਚ ਬੋਲੀ ਜਾਣ ਵਾਲੀ ਭਾਸ਼ਾ (spoken language) ਦਾ ਹੀ ਅਧਿਐਨ ਕੀਤਾ ਗਇਆ ਹੈ। ਪੂਰਬੀ ਪੰਜਾਬ ਦੇ ਸਿਆਲਕੋਟ, ਗੁਜਰਾਂ ਵਾਲਾ, ਲਾਹੌਰ, ਗੁਜਰਾਤ, ਫ਼ੀਰੋਜ਼ਪੁਰ ਆਦਿਕ ਇਲਾਕਿਆਂ ਵਿਚ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਨੂੰ ਲੇਖਕਾਂ ਨੇ ਅਧਿਐਨ ਦਾ ਵਿਸ਼ੇ ਬਣਾਇਆ ਹੈ ਅਤੇ ਗੁਜਰਾਂਵਾਲਾ ਦੀ ਬੋਲੀ ਨੂੰ ਟਕਸਾਲੀ ਪੰਜਾਬੀ ਕਹਿਆ ਹੈ। ਪੰਜਾਬੀ ਬੋਲੀ ਦੇ ਜਿਹੜੇ ਸ਼ਬਦ ਜਾਂ ਵਾਕ ਇਸ ਪੁਸਤਕ ਵਿਚ ਪ੍ਰਯੋਗ ਵਿਚ ਲਿਆਂਦੇ ਗਏ ਹਨ, ਉਹ ਫ਼ਾਰਸੀ ਅੱਖਰਾਂ ਵਿਚ ਲਿਖੀਆਂ ਪੰਜਾਬੀ ਪੁਸਤਕਾਂ ਵਿਚੋਂ ਲਏ ਗਏ ਹਨ। ਸੁਯੋਗ ਲੇਖਕਾਂ ਨੇ ਇਹ ਤਾਂ ਸਪਸ਼ਟ ਸੰਕੇਤ ਦੇ ਦਿੱਤਾ ਹੈ ਕਿ ਉਹਨਾਂ ਉਦਾਹਰਣਾਂ ਲਈ ਪੰਜਾਬੀ ਪੁਸਤਕਾਂ ਦੀ ਵਰਤੋਂ ਕੀਤੀ ਹੈ, ਪਰ ਉਹਨਾਂ ਨੇ ਉਨ੍ਹਾਂ ਪੁਸਤਕਾਂ ਦੇ ਨਾਮ ਜਾਂ ਲੇਖਕਾਂ ਦੇ ਨਾਮ ਆਦਿ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਭਾਸ਼ਾ ਦੇ ਅਧਿਐਨ ਸਮੇਂ ਲੇਖਕਾਂ ਨੇ ਆਮ ਪ੍ਰਚਲਿਤ ਭਾਸ਼ਾ ਦੀ ਗਿਆਨ-ਪ੍ਰਾਪਤੀ

Digitized by Panjab Digital Library | www.panjabdigilib.org

ਦੇ ਸਾਧਨਾਂ ਨੂੰ ਯੋਗ ਨਾ ਸਮਝਦਿਆਂ ਹੋਇਆਂ ਆਧੁਨਿਕ ਵਿਧੀ ਦਾ ਪ੍ਰਯੋਗ ਕੀਤਾ ਹੈ।[1] ਵਿਆਕਰਣ ਵਿਚ ਅਨੇਕਾਂ ਨਿੱਕੇ ਨਿੱਕੇ ਸਵਾਲ ਜਵਾਬ, ਲੰਮੇ ਤੇ ਛੋਟੇ ਵਾਰਤਾਲਾਪ ਇਤਿਆਦਿ ਵੀ ਦਿੱਤੇ ਗਏ ਹਨ। ਲੇਖਕਾਂ ਨੇ ਇਸ ਪੁਸਤਕ ਵਿਚ ਪੰਜਾਬੀ ਬੋਲੀ ਦੇ ਉਸ ਰੂਪ ਨੂੰ ਅਧਿਐਨ ਦਾ ਵਿਸ਼ੇ ਬਣਾਉਣਾ ਯੋਗ ਨਹੀਂ ਸਮਝਿਆ, ਜਿਹੜੀ ਬੋਲੀ ਪੰਜਾਬ ਦੇ ਅਨਪੜ੍ਹ ਤੇ ਗੰਵਾਰ ਲੋਕ ਬੋਲਦੇ ਹਨ, ਸਗੋਂ ਸੁਸਿਖਿਅਤ ਤੇ ਪੜ੍ਹੇ ਲਿਖੇ ਪੰਜਾਬੀਆਂ ਦੀ ਬੋਲੀ ਨੂੰ ਆਧਾਰ ਬਣਾਇਆ ਹੈ। ਉਰਦੂ ਤੇ ਫ਼ਾਰਸੀ ਦੇ ਰੂਪਾਂਤਰਿਤ ਸ਼ਬਦਾਂ ਨੂੰ ਵੀ ਲੇਖਕਾਂ ਨੇ ਦਰਗੁਜ਼ਰ ਕੀਤਾ ਹੈ, ਜਿਵੇਂ ਕਾਚੂ, ਚਾਕੂ ਦੋਹਾਂ ਨੂੰ ਤਿਆਗ ਕੇ ਚੱਕੂ ਸ਼ਬਦ ਪ੍ਰਯੋਗ ਵਿਚ ਲਿਆਂਦਾ ਹੈ। ਲੇਖਕਾਂ ਨੇ ਪੰਜਾਬੀ ਬੋਲੀ ਦੀਆਂ ਭਿੰਨ ਭਿੰਨ ਧੁਨੀਗਤ ਵਿਸ਼ੇਸ਼ਤਾਵਾਂ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ। ਆਮ ਤੌਰ ਤੇ ਪੰਜਾਬੀ ਅੱਖਰਾਂ ਨੂੰ ਰੋਮਨ ਲਿੱਪੀ ਵਿਚ ਲਿਖਣ ਸਮੇਂ ਸ਼ਬਦਾਂ ਦਾ ਵਾਸਤਵਿਕ ਰੂਪ ਬਦਲ ਦਿੱਤਾ ਜਾਂਦਾ ਹੈ। ਪਰ ਲੇਖਕਾਂ ਨੇ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਹੈ ਅਤੇ ਪੰਜਾਬੀ ਅੱਖਰਾਂ ਨੂੰ ਰੋਮਨ ਲਿੱਪੀ ਵਿਚ ਲਿਖਣ ਸਮੇਂ ਉਨ੍ਹਾਂ ਦਾ ਅਸਲੀ ਰੂਪ ਹੀ ਰਹਿਣ ਦਿੱਤਾ ਹੈ।

ਇਤਨੇ ਗੁਣਾਂ ਦੇ ਹੁੰਦਿਆਂ ਕੁਝ ਦੋਸ਼ ਵੀ ਵਿਆਕਰਣ ਵਿਚੋਂ ਉਭਰ ਕੇ ਸਾਹਮਣੇ ਆ ਜਾਂਦੇ ਹਨ, ਜੋ ਇਸ ਪ੍ਰਕਾਰ ਹਨ:

1. ਲੇਖਕਾਂ ਨੇ ਗੁਜਰਾਂਵਾਲਾ ਵਿਚ ਬੋਲੀ ਜਾਣ ਵਾਲੀ ਪੰਜਾਬੀ ਨੂੰ ਟਕਸਾਲੀ ਪੰਜਾਬੀ ਮੰਨ ਕੇ ਵਿਆਕਰਣ ਲਿਖੀ ਹੈ। ਵਾਸਤਵ ਵਿਚ ਗੁਜਰਾਂਵਾਲਾ ਦੀ ਬੋਲੀ ਪੰਜਾਬੀ ਦੀ ਇਕ ਉਪਭਾਸ਼ਾ ਹੈ। ਉਸ ਨੂੰ ਟਕਸਾਲੀ ਪੰਜਾਬੀ ਕਹਿਣਾ ਅਨੁਚਿਤ ਹੈ। ਸੋ ਉਕਤ ਵਿਆਕਰਣ ਦੁਆਰਾ ਪੰਜਾਬੀ ਬੋਲੀ ਸਿੱਖਣ ਵਾਲੇ ਵਿਅਕਤੀ ਨੂੰ ਅਸਲੀ ਟਕਸਾਲੀ ਪੰਜਾਬੀ (ਕੇਂਦਰੀ ਪੰਜਾਬੀ) ਦਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

2. ਪੰਜਾਬੀ ਬੋਲੀ ਦਾ ਅਧਿਐਨ ਕਰਨ ਸਮੇਂ ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਨਾਭਾ ਆਦਿਕ ਮਾਲਵੇ, ਮਾਝੇ ਤੇ ਦੁਆਬੇ ਦੇ ਇਲਾਕਿਆਂ ਦੀ ਬੋਲੀ ਨੂੰ ਅੱਖੋਂ ਉਹਲੇ (ignore) ਕੀਤਾ ਗਇਆ ਹੈ।

3. ਲਿਖਤ ਵਿਚ ਆਉਣ ਵਾਲੀ ਪੰਜਾਬੀ ਨੂੰ ਅਧਿਐਨ ਦਾ ਵਿਸ਼ੇ ਨਹੀਂ ਬਣਾਇਆ ਗਇਆ। ਇਸ ਵਿਆਕਰਣ ਨੂੰ ਪੜ੍ਹਨ ਵਾਲਾ ਵਿਅਕਤੀ ਪੰਜਾਬੀ ਬੋਲਣੀ ਤਾਂ ਸਿੱਖ ਸਕਦਾ ਹੈ, ਪਰ ਉਹ ਟਕਸਾਲੀ ਪੰਜਾਬੀ ਲਿਖਣ ਦੇ ਯੋਗ ਨਹੀਂ ਹੋ ਸਕਦਾ।

4. ਪੁਸਤਕ ਵਿਚ ਅਭਿਆਸ ਲਈ ਪੇਸ਼ ਕੀਤੇ ਗਏ ਪੰਜਾਬੀ ਵਾਕਾਂ ਦੇ ਅੰਗ੍ਰੇਜ਼ੀ ਅਨੁਵਾਦ ਅੱਖਰੀ (literal) ਨਹੀਂ।

5. ਪੰਜਾਬੀ ਬੋਲੀ ਨੇ ਉਰਦੂ, ਫ਼ਾਰਸੀ ਤੇ ਅੰਗ੍ਰੇਜ਼ੀ ਦੇ ਕਈ ਸ਼ਬਦਾਂ ਨੂੰ ਹਜ਼ਮ ਕਰ ਲਇਆ ਹੈ। ਅਜਿਹੇ ਸ਼ਬਦ ਪੰਜਾਬੀ ਵਿਚ ਚੰਗੀ ਤਰ੍ਹਾਂ ਰਚ ਮਿਚ ਚੁੱਕੇ ਹਨ, ਜਿਵੇਂ ਚਾਕੂ, ਸਕੂਲ, ਹੁੱਕਾ

---

1. "It is now generally admitted that the old method of learning a language is unsatisfactory. To attempt to learn Punjabi as we learned Greek and Latin can only result in failure. In the following pages, therefore, great stress is laid on the modern oral method."
Bailey; T. Graham, *Punjabi Manual & Grammar*, preface, p. iii.

Digitized by Panjab Digital Library | www.panjabdigilib.org

ਆਦਿਕ । ਪਰ 'ਚਾਕੂ' ਨੂੰ 'ਚੱਕੂ', 'ਸਕੂਲ' ਨੂੰ 'ਸਕੂਲੇ' ਲਿਖ ਕੇ ਲੇਖਕ ਟਕਸਾਲੀ ਪੰਜਾਬੀ ਤੋਂ ਦੂਰ ਚਲੇ ਗਏ ਹਨ (ਭਾਵੇਂ 'ਸਕੂਲੇ' ਸ਼ੁੱਧ ਪੰਜਾਬੀ ਰੂਪ ਹੈ) ।

ਉਕਤ ਕੁਝ ਕੁ ਦੋਸ਼ਾਂ ਦੇ ਬਾਵਜੂਦ ਵੀ ਇਸ ਵਿਆਕਰਣ ਦਾ ਭਾਸ਼ਾ-ਵਿਗਿਆਨਕ ਮਹੱਤਵ ਗੌਰਵਮਈ ਹੈ । ਪੰਜਾਬੀ ਵਿਆਕਰਣ-ਸ਼ਾਸਤਰ ਦੇ ਇਤਿਹਾਸ ਵਿਚ ਇਸ ਦਾ ਨਿਵੇਕਲਾ ਸਥਾਨ ਹੈ ।

5. ਫਸਟ ਈਅਰ ਪੰਜਾਬੀ ਕੋਰਸ (ਵਿਆਕਰਣ) : (ਐਫ. ਐਸ. ਤਾਜ)

ਪਾਦਰੀ ਐਫ. ਐਸ. ਤਾਜ ਦੁਆਰਾ ਲਿਖਿਤ ਵਿਆਕਰਣ 'ਫਸਟ ਈਅਰ ਪੰਜਾਬੀ ਕੋਰਸ' ਉਪਰ ਪ੍ਰਕਾਸ਼ਨ-ਤਿਥਿ ਨਹੀਂ ਦਿੱਤੀ ਗਈ । ਇਹ ਵਿਆਕਰਣ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਹੋਈ, ਜਿਸ ਦੀ ਪਹਿਲੀ ਜਿਲਦ ਅਨੇਕਾਂ ਜਤਨਾਂ ਦੇ ਬਾਵਜੂਦ ਵੀ ਸੁਲੱਭ ਨਹੀਂ ਹੋ ਸਕੀ । ਵਿਚਾਰ-ਅਧੀਨ ਪੁਸਤਕ ਦੀ ਦੂਜੀ ਜਿਲਦ ਲੱਭਣ ਕਰਕੇ ਸਾਡਾ ਅਧਿਐਨ ਕੇਵਲ ਦੂਜੀ ਜਿਲਦ ਉਪਰ ਹੀ ਆਧਾਰਿਤ ਹੈ । ਇਹ ਵਿਆਕਰਣ ਮਿਸ਼ਨ ਕੰਪਾਊਂਡ, ਮੋਗਾ ਤੋਂ ਮਿਸ਼ਨਰੀ ਲੈਂਗੁਏਜ ਬੋਰਡ ਦੇ ਜਤਨਾਂ ਨਾਲ ਪ੍ਰਕਾਸ਼ਿਤ ਹੋਈ ।

ਪੁਸਤਕ ਦਾ ਅਧਿਐਨ ਕੀਤਿਆਂ ਇਹ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਇਸ ਦੇ ਲੇਖਕ ਨੇ ਪੁਸਤਕ ਨੂੰ ਨਿਰੋਲ ਵਿਆਕਰਣ ਨਹੀਂ ਰਹਿਣ ਦਿੱਤਾ, ਸਗੋਂ ਕੁਝ ਹੋਰ ਚੀਜ਼ਾਂ ਵੀ ਦਿੱਤੀਆਂ ਹਨ । ਇਹ ਸੱਚ ਪੁਸਤਕ ਦੀ ਤਰਤੀਬ ਸਮਝਣ ਮਗਰੋਂ ਸਾਕਾਰ ਹੋ ਜਾਂਦਾ ਹੈ, ਜੋ ਇਸ ਪ੍ਰਕਾਰ ਹੈ :

1. ਵਿਆਕਰਣ
2. ਅਨੁਵਾਦ (ਪੰਜਾਬੀ ਤੋਂ ਅੰਗ੍ਰੇਜ਼ੀ)
3. ਅਨੁਵਾਦ (ਅੰਗ੍ਰੇਜ਼ੀ ਤੋਂ ਪੰਜਾਬੀ)
4. ਅਭਿਆਸ ਲਈ ਔਖੇ ਵਾਕ
5. ਜ਼ਬਾਨੀ ਕੰਠ ਕਰਨ ਲਈ 150 ਵਾਕ
6. ਕ੍ਰਿਆ ਦੇ ਰੂਪ
7. ਕਹਾਣੀ ਸੁਣਾਉਣ ਦੀ ਕਲਾ
8. ਪੜ੍ਹਨਾ
9. ਅੰਕੜੇ
10. ਲਿਖਣਾ
11. ਸੰਗ੍ਰਹਿ ਅਤੇ ਧੁਨੀਆਂ
12. ਗੱਲਬਾਤ

ਇਹ ਸਾਰੀ ਪੁਸਤਕ 258 ਪੰਨਿਆਂ ਵਿਚ ਫੈਲੀ ਹੈ ।

ਉਪਰੋਕਤ ਤਰਤੀਬ ਵੇਖਿਆਂ ਨਿਮਨਲਿਖਿਤ ਫੈਸਲਿਆਂ ਉਪਰ ਬੜੀ ਸੁਵਿਧਾ ਸਹਿਤ ਪਹੁੰਚਿਆ ਜਾ ਸਕਦਾ ਹੈ :

1. ਲੇਖਕ ਦਾ ਮਨੋਰਥ ਕੋਈ ਵਿਆਕਰਣ ਲਿਖਣਾ ਨਹੀਂ, ਸਗੋਂ ਮਿਸ਼ਨ-ਸਕੂਲਾਂ ਦੀ

Digitized by Panjab Digital Library | www.panjabdigilib.org

ਪਹਿਲੀ ਜਮਾਤ ਲਈ ਪਾਠ-ਪੁਸਤਕ ਤਿਆਰ ਕਰਨਾ ਹੈ।

2. ਪੁਸਤਕ ਵਿਚ ਵਿਆਕਰਣ ਵਾਲਾ ਭਾਗ ਆਕਾਰ ਵਿਚ ਬਹੁਤ ਛੋਟਾ ਹੈ। ਇਸ ਭਾਗ ਨੂੰ ਲਿਖਣ ਸਮੇਂ ਲੇਖਕ ਨੇ ਪ੍ਰਮਾਣਿਕ ਵਿਆਕਰਣ-ਲੇਖਨ-ਵਿਧੀ ਨੂੰ ਨਹੀਂ ਅਪਣਾਇਆ। ਕੇਵਲ ਬੱਚਿਆਂ ਨੂੰ ਸਮਝਾਉਣ ਲਈ ਕੁਝ ਇਕ ਬੁਨਿਆਦੀ ਗੱਲਾਂ ਹੀ ਕੀਤੀਆਂ ਹਨ।

3. ਲੇਖਕ ਨੇ ਅਨੁਵਾਦ ਕਲਾ ਦਾ ਗਿਆਨ ਵੀ ਬੱਚਿਆਂ ਨੂੰ ਦੇਣ ਦਾ ਉਪਰਾਲਾ ਕੀਤਾ ਹੈ। ਅਨੁਵਾਦ ਵਾਲਾ ਭਾਗ ਬਹੁਤ ਚੰਗੀ ਤਰ੍ਹਾਂ ਲਿਖਿਆ ਗਇਆ ਹੈ। ਵਾਕਾਂ ਦੀ ਚੋਣ ਸੁਚੱਜੀ ਹੈ। ਬੱਚਿਆਂ ਨੂੰ ਪੜ੍ਹਨ, ਲਿਖਣ ਤੇ ਪੰਜਾਬੀ ਵਿਚ ਗੱਲਬਾਤ ਕਰਨ ਦੀ ਵਿਧੀ ਦੱਸੀ ਹੈ ਅਤੇ ਜ਼ਬਾਨੀ ਯਾਦ ਕਰਨ ਲਈ ਔਖੇ ਵਾਕ ਵੀ ਲਿਖ ਦਿੱਤੇ ਹਨ।

4. ਇਸ ਪੁਸਤਕ ਨੂੰ ਵਿਆਕਰਣ ਕਹਿਣਾ ਉਚਿਤ ਨਹੀਂ, ਸਗੋਂ ਇਸ ਨੂੰ ਪਾਠ-ਪੁਸਤਕ ਕਹਿਣਾ ਵਧੇਰੇ ਉਚਿਤ ਹੋਵੇਗਾ। ਇਸ ਦੇ ਵਿਆਕਰਣ ਵਾਲੇ ਭਾਗ ਨੂੰ ਪ੍ਰੈਸਕ੍ਰਿਪਟਿਵ ਵਿਆਕਰਣ ਕਹਿਆ ਜਾ ਸਕਦਾ ਹੈ।

5. ਇਹ ਪੁਸਤਕ ਕੇਵਲ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹ ਰਹੇ ਪ੍ਰਾਇਮਰੀ ਦੇ ਬੱਚਿਆਂ ਲਈ ਹੀ ਉਪਯੋਗੀ ਸਿੱਧ ਹੋ ਸਕਦੀ ਹੈ।

6. ਪੰਜਾਬੀ ਵਿਆਕਰਣ-ਸ਼ਾਸਤਰ ਦੇ ਇਤਿਹਾਸ ਵਿਚ ਇਸ ਪੁਸਤਕ ਦਾ ਵਧੇਰੇ ਮਹੱਤਵ ਨਹੀਂ ਜਾਪਦਾ।

ਉਪਰੋਕਤ ਸਾਰੀਆਂ ਵਿਆਕਰਣਾਂ ਦਾ ਮੁੱਖ ਮੰਤਵ ਪੱਛਮੀ ਲੋਕਾਂ ਨੂੰ ਪੰਜਾਬੀ ਪੜ੍ਹਾਉਣਾ ਸੀ, ਇਸ ਲਈ ਇਹਨਾਂ ਵਿਚੋਂ ਸ਼ੁੱਧ ਤੇ ਸੰਪੂਰਣ ਵਿਆਕਰਣ ਕੋਈ ਵੀ ਨਹੀਂ। ਇਹਨਾਂ ਵਿਚ ਵਿਆਕਰਣ ਦੇ ਉਨ੍ਹਾਂ ਨਿਯਮਾਂ ਉਤੇ ਜ਼ੋਰ ਦਿੱਤਾ ਗਇਆ ਹੈ, ਜਿਨ੍ਹਾਂ ਦਾ ਅੰਗ੍ਰੇਜ਼ੀ ਵਿਆਕਰਣ ਨਾਲੋਂ ਚੋਖਾ ਫ਼ਰਕ ਸੀ, ਤਾਂ ਜੋ ਨਵੇਂ ਲਿਖਣ ਵਾਲੇ ਇਸ ਅੰਤਰ ਨੂੰ ਪੂਰੀ ਤਰ੍ਹਾਂ ਸਮਝ ਸਕਣ, ਪਰ ਕਈ ਥਾਂਈਂ ਵਿਆਕਰਣ ਦੇ ਕਈ ਸਾਧਾਰਣ ਪਰ ਬੜੇ ਜ਼ਰੂਰੀ ਨਿਯਮ ਅੱਖੋਂ ਉਹਲੇ ਕਰ ਦਿੱਤੇ ਗਏ ਹਨ।

1. ਨਾਂਵਾਂ ਤੇ ਵਿਸ਼ੇਸ਼ਣਾਂ ਦੇ ਸੰਬੰਧਕੀ ਰੂਪਾਂ (oblique forms) ਬਾਰੇ ਬਹੁਤ ਘੱਟ ਵਿਆਕਰਣਕਾਰਾਂ ਨੇ ਸਹੀ ਜਾਣਕਾਰੀ ਕਰਵਾਈ ਹੈ।

2. ਕਈ ਵਿਆਕਰਣਕਾਰ ਪਰੀਪੋਜ਼ੀਸ਼ਨ (pre-position) ਤੇ ਪੋਸਟ-ਪੋਜ਼ੀਸ਼ਨ (post-position) ਦੇ ਅੰਤਰ ਨੂੰ ਸਪਸ਼ਟ ਨਹੀਂ ਕਰ ਸਕੇ। ਪੰਜਾਬੀ ਵਿਚ ਕੇਵਲ ਪੋਸਟ-ਪੋਜ਼ੀਸ਼ਨ ਹੀ ਪ੍ਰਯੋਗ ਵਿਚ ਲਿਆਈ ਜਾਂਦੀ ਹੈ, ਪਰ ਵਿਆਕਰਣਕਾਰਾਂ ਨੇ ਉਸ ਨੂੰ ਪਰੀ-ਪੋਜ਼ੀਸ਼ਨ ਲਿਖਿਆ ਹੈ।

3. ਸਾਰੀਆਂ ਵਿਆਕਰਣਾਂ ਬੋਲਚਾਲ ਦੀ ਭਾਸ਼ਾ ਤੇ ਆਧਾਰਿਤ ਹਨ। ਕਿਸੇ ਵੀ ਵਿਆ-ਕਰਣਕਾਰ ਨੇ ਸਟੈਂਡਰਡ ਪੰਜਾਬੀ ਨਿਸਚਿਤ ਕਰਨ ਦਾ ਜਤਨ ਨਹੀਂ ਕੀਤਾ।

4. ਸਾਰੀਆਂ ਵਿਆਕਰਣਾਂ ਦੀ ਤਕਨੀਕੀ ਸ਼ਬਦਾਵਲੀ ਇਕੋ ਜਿਹੀ ਨਹੀਂ।

5. ਵਿਆਕਰਣਕਾਰਾਂ ਦਾ ਮੰਤਵ ਬਾਹਰੋਂ ਆਏ ਅੰਗ੍ਰੇਜ਼ ਅਫਸਰਾਂ ਤੇ ਮਿਸ਼ਨਰੀਆਂ ਨੂੰ ਪੰਜਾਬੀ ਭਾਸ਼ਾ ਸਿਖਾਉਣਾ ਹੋਣ ਕਰਕੇ ਜਿਥੇ ਇਹ ਵਿਆਕਰਣ ਇਸ ਮੰਤਵ ਦੀ ਸਿੱਧੀ ਲਈ

Digitized by Panjab Digital Library | www.panjabdigilib.org

ਲਾਭਦਾਇਕ ਸਾਬਿਤ ਹੋਏ, ਉਥੇ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਦੋਸ਼ ਦੇ ਭਾਗੀ ਵੀ ਬਣ ਗਏ ਕਿਉਂਕਿ ਇਹ ਸਭ ਵਿਆਕਰਣ ਸੀਮਿਤ ਦ੍ਰਿਸ਼ਟੀਕੋਣ ਤੋਂ ਲਿਖੇ ਗਏ।

2. ਕੋਸ਼ ਤੇ ਸ਼ਬਦਾਵਲੀ ਸੰਗ੍ਰਹਿ

ਕੋਸ਼ ਤੇ ਸ਼ਬਦਾਵਲੀ-ਸੰਗ੍ਰਹਿ—ਸਰੂਪ ਅਤੇ ਸੀਮਾਵਾਂ :

ਕੋਸ਼ (dictionary) ਉਸ ਪੁਸਤਕ ਦਾ ਨਾਮ ਹੈ, ਜਿਸ ਵਿਚ ਕਿਸੇ ਭਾਸ਼ਾ ਦੇ ਸ਼ਬਦਾਂ ਨੂੰ ਅੱਖਰਵਾਰ (alphabetically) ਜਾਂ ਕਿਸੇ ਨਿਸਚਿਤ ਤਰਤੀਬ ਅਨੁਸਾਰ ਸੰਗ੍ਰਹਿਤ ਕੀਤਾ ਗਇਆ ਹੋਵੇ ਅਤੇ ਉਨ੍ਹਾਂ ਸ਼ਬਦਾਂ ਦੇ ਅਰਥ ਤੇ ਉਨ੍ਹਾਂ ਨਾਲ ਸੰਬੰਧਿਤ ਹੋਰ ਜਾਣਕਾਰੀ ਵੀ ਦਿੱਤੀ ਗਈ ਹੋਵੇ।[1] ਪ੍ਰਮਾਣਿਕ ਸ਼ਬਦ-ਕੋਸ਼ਾਂ ਵਿਚ ਅਰਥਾਂ ਤੋਂ ਛੁੱਟ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਸ਼ਬਦਾਂ ਸੰਬੰਧੀ ਹੋਰ ਵਧੇਰੇ ਵਿਸਤ੍ਰਿਤ ਗਿਆਨ ਦਾ ਹੋਣਾ ਵੀ ਜ਼ਰੂਰੀ ਹੈ। ਉੱਚਾਰਣ, ਵਿਉਤਪੱਤੀ, ਦ੍ਰਿਸ਼ਟਾਂਤਕ ਟੂਕਾਂ, ਸਮਾਨਾਰਥਕ ਸ਼ਬਦ (synonyms) ਅਤੇ ਮੁਹਾਵਰਾ-ਪ੍ਰਯੋਗ ਇਸੇ ਪ੍ਰਕਾਰ ਦੀ ਹੀ ਜਾਣਕਾਰੀ ਹਨ। ਇਕ ਸ਼ਬਦ, ਜਦੋਂ ਦੂਜੇ ਸ਼ਬਦ-ਵਿਸ਼ੇਸ਼ ਨਾਲ ਜੁੜ ਕੇ ਪ੍ਰਯੋਗ ਵਿਚ ਆਉਂਦਾ ਹੋਵੇ, ਉਸ ਦੇ ਅਰਥ ਤੇ ਵਿਵਿਧ ਪ੍ਰਯੋਗ ਵੀ ਕੋਸ਼ ਵਿਚ ਦੱਸਣੇ ਜ਼ਰੂਰੀ ਹਨ।[2] ਕੋਸ਼ ਦੀਆਂ ਸੀਮਾਵਾਂ ਵੀ ਨਿਸਚਿਤ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਸੰਗੀਤ-ਕੋਸ਼, ਵਿਧੀ-ਕੋਸ਼, ਵਿਉਤਪੱਤੀ-ਕੋਸ਼ ਜਾਂ ਉਪਭਾਸ਼ਾ-ਕੋਸ਼। ਭੂਗੋਲਿਕ ਕੋਸ਼ ਨੂੰ ਆਮ ਤੌਰ ਤੇ ਗਜ਼ਟੀਅਰ (gazeteer) ਕਹਿਆ ਜਾਂਦਾ ਹੈ। ਅਨੁਕ੍ਰਮਣਿਕਾ (index) ਵਿਚ ਵੀ ਕਿਸੇ ਪੁਸਤਕ ਜਾਂ ਗ੍ਰੰਥ ਦੇ ਸ਼ਬਦਾਂ ਨੂੰ ਅੱਖਰਵਾਰ ਇਕੱਤਰ ਕੀਤਾ ਜਾਂਦਾ ਹੈ ਅਤੇ ਇਹ ਦਸਿਆ ਜਾਂਦਾ ਹੈ ਕਿ ਕਿਸ ਕਿਸ ਸਥਾਨ ਉਪਰ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਪਰ ਅਨੁਕ੍ਰਮਣਿਕਾ ਕੋਸ਼ ਨਹੀਂ ਹੋ ਸਕਦੀ। ਜਦੋਂ ਕਿਸੇ ਸ਼ਬਦ ਹੇਠਾਂ ਪ੍ਰਮਾਣਾਂ ਸਹਿਤ ਉਨ੍ਹਾਂ ਪੰਕਤੀਆਂ ਨੂੰ ਇਕੱਤਰ ਕੀਤਾ ਗਇਆ ਹੋਵੇ, ਜਿਨ੍ਹਾਂ ਵਿਚ ਉਸ ਸ਼ਬਦ-ਵਿਸ਼ੇਸ਼ ਦਾ ਪ੍ਰਯੋਗ ਹੋਇਆ ਹੈ, ਤਾਂ ਉਹ ਕਨਕਾਰਡੈਂਸ (concordance) ਹੁੰਦੀ ਹੈ, ਕੋਸ਼ ਨਹੀਂ। ਜਦੋਂ ਸ਼ਬਦਾਂ ਦੀ ਗਿਣਤੀ ਘੱਟ ਹੋਵੇ, ਜਾਂ ਕਿਸੇ ਭਾਸ਼ਾ ਜਾਂ ਉਪਭਾਸ਼ਾ ਦੇ ਕੁਝ ਸ਼ਬਦਾਂ ਨੂੰ ਇਕੱਤਰ ਕੀਤਾ ਗਇਆ ਹੋਵੇ, ਉਨ੍ਹਾਂ ਸ਼ਬਦਾਂ ਦੀ ਨਾ ਮਾਤਰ ਵਿਆਖਿਆ ਦਿੱਤੀ ਗਈ ਹੋਵੇ, ਤਾਂ ਉਸ ਨੂੰ ਵੀ ਕੋਸ਼ ਨਹੀਂ ਕਹਿਆ ਜਾ ਸਕਦਾ, ਉਹ ਸ਼ਬਦ-ਸੰਗ੍ਰਹਿ (vocabulary) ਹੁੰਦਾ ਹੈ। ਜਦੋਂ ਕਿਸੇ ਰਚਨਾ ਵਿਚ ਕਿਸੇ ਭਾਸ਼ਾ ਦੇ ਔਖੇ ਸ਼ਬਦਾਂ ਦੀ ਕੇਵਲ ਵਿਆਖਿਆ ਹੀ ਕੀਤੀ ਗਈ ਹੋਵੇ, ਤਾਂ ਉਸ ਨੂੰ ਸ਼ਬਦਾਵਲੀ-ਸੰਗ੍ਰਹਿ (glossory) ਕਹਿਆ ਜਾਂਦਾ ਹੈ।

ਪਹਿਲਾਂ ਪਹਿਲ ਕੋਸ਼ਾਂ ਵਿਚ ਕੇਵਲ ਕਿਸੇ ਭਾਸ਼ਾ ਦੇ ਸ਼ਬਦਾਂ ਦੀ ਵਿਆਖਿਆ ਹੀ ਕੀਤੀ ਗਈ ਹੁੰਦੀ ਸੀ, ਪਰ ਜਿਉਂ ਜਿਉਂ ਵਸਤੂਆਂ, ਵਿਅਕਤੀਆਂ ਤੇ ਸਥਾਨਾਂ ਦੇ ਨਾਮਾਂ ਦੀ ਵਿਆਖਿਆ ਦੀ ਲੋੜ ਮਹਿਸੂਸ ਹੋਈ, ਤਾਂ ਕੋਸ਼ਕਾਰਾਂ ਨੇ ਵਸਤੂ, ਵਿਅਕਤੀ ਤੇ ਸਥਾਨ ਦੇ ਮਹੱਤਵ ਨੂੰ ਸਵੀਕਾਰ ਕਰਕੇ ਆਪਣੇ ਕੋਸ਼ਾਂ ਵਿਚ ਇਨ੍ਹਾਂ ਨੂੰ ਯੋਗ ਸਥਾਨ ਦਿੱਤਾ। ਇਕ ਸਮਾਂ ਅਜਿਹਾ ਆਇਆ, ਜਦੋਂ ਕਿਸੇ ਇਕ ਵਿਸ਼ੇ ਨਾਲ ਸੰਬੰਧਿਤ ਕੋਸ਼ਾਂ ਦੀ ਗਿਣਤੀ ਵਧਦੀ ਵਧਦੀ ਇਤਨੀ ਵਧ ਗਈ,

1. Encyclopaedia Britannica, vol, 7, p. 338.
2. Encyclopaedia Americana, vol. 13, p. 113.

Digitized by Panjab Digital Library | www.panjabdigilib.org

ਕਿ ਭਾਸ਼ਾ ਕੋਸ਼ ਉਨ੍ਹਾਂ ਦੀ ਤੁਲਨਾ ਵਿਚ ਬਹੁਤ ਘਟ ਗਏ। ਇਹ ਕੋਸ਼ ਜੀਵਨੀ ਤੇ ਇਤਿਹਾਸ, ਪਰਤੱਖ ਤੇ ਅਪਰਤੱਖ, ਸਾਧਾਰਣ ਤੇ ਅਸਾਧਾਰਣ, ਵਿਸ਼ਵ ਦੇ ਕੁਝ ਦੇਸ਼ਾਂ ਦੇ ਵਿਅਕਤੀਆਂ, ਕਿੱਤਿਆਂ ਆਦਿਕ ਨਾਲ ਸੰਬੰਧਿਤ ਹੁੰਦੇ ਸਨ। 'ਇੰਗਲਿਸ਼ ਡਿਕਸ਼ਨਰੀ ਆਫ਼ ਨੈਸ਼ਨਲ ਬਾਇਓ-ਗ੍ਰਾਫ਼ੀ' ਇਸ ਪੱਖ ਤੋਂ ਵਿਸ਼ੇਸ਼ ਗੌਰਵ ਦੀ ਪਾਤਰ ਹੈ।[1]

ਕਾਫ਼ੀ ਸਮੇਂ ਤੋਂ ਇਹ ਕੋਸ਼ਕਾਰ ਦਾ ਕਰਤੱਵ ਸਮਝਿਆ ਜਾਂਦਾ ਸੀ ਕਿ ਉਹ ਚੰਗੇ ਤੇ ਸਾਹਿਤਕ ਸ਼ਬਦਾਂ ਦੀ ਚੋਣ ਕਰੇ, ਕੇਵਲ ਉਸ ਦੇ ਚੰਗੇ ਅਰਥਾਂ ਨੂੰ ਗ੍ਰਹਿਣ ਕਰੇ ਅਤੇ ਆਪਣੇ ਸਮੇਂ ਦੀਆਂ ਸਾਹਿਤਕ ਰੁਚੀਆਂ ਅਨੁਕੂਲ ਸ਼ਬਦਾਂ ਨੂੰ ਹੀ ਪ੍ਰਵਾਨ ਕਰੇ। ਸੋਲ੍ਹਵੀਂ ਸਦੀ ਵਿਚ ਇਤਾਲਵੀ ਬੋਲੀ ਦੇ ਚੰਗੇ ਸਾਹਿਤਕ ਸ਼ਬਦਾਂ ਦੀ ਚੋਣ ਲਈ ਇਕ ਕਮੇਟੀ 'ਐਕਡੈਮੀਆ ਡੈਲਾ ਕਰੂਸਕਾ' (Academia Della Crusca) ਨਿਰਧਾਰਿਤ ਕੀਤੀ ਗਈ।[2] ਇੰਗਲਿਸਤਾਨ ਵਿਚ ਇਨ੍ਹਾਂ ਨਿਯਮਾਂ ਉਪਰ ਆਧਾਰਿਤ ਕੋਸ਼ ਤਿਆਰ ਕਰਨ ਦਾ ਫ਼ੁਰਨਾ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਫ਼ੁਰਿਆ। ਐਡੀਸਨ, ਸਵਿਫ਼ਟ ਤੇ ਪੋਪ ਨੇ ਇਸ ਖ਼ਿਆਲ ਨੂੰ ਨਿਸਚਿਤ ਸੇਧ ਦਿੱਤੀ ਅਤੇ ਭਾਸ਼ਾ-ਸ਼ੁੱਧੀ ਦਾ ਇਹ ਕਾਰਜ ਡਾ: ਸੈਮੂਅਲ ਜਾਨਸਨ ਦੇ ਸਪੁਰਦ ਕੀਤਾ ਗਇਆ। ਡਾ: ਜਾਨਸਨ ਦੁਆਰਾ ਤਿਆਰ ਕੀਤੇ ਗਏ ਕੋਸ਼ ਦਾ ਪਹਿਲਾ ਸੰਸਕਰਣ 1755 ਈ: ਵਿਚ ਪ੍ਰਕਾਸ਼ਿਤ ਹੋਇਆ।[3] ਇਹ ਕੋਸ਼ ਲਗਪਗ ਸੌ ਸਾਲਾਂ ਤਕ ਪ੍ਰਮਾਣਿਕ ਕਹਿ ਕੇ ਸਤਿਕਾਰਿਆ ਜਾਂਦਾ ਰਹਿਆ।

ਉਪਰੋਕਤ ਕੋਸ਼ ਵਿਰੁੱਧ ਸਭ ਤੋਂ ਪਹਿਲਾਂ 1857 ਈ: ਵਿਚ ਡੀਨ ਟ੍ਰੈਂਚ ਨੇ ਆਪਣੇ ਪੱਤਰ 'ਅੰਗ੍ਰੇਜ਼ੀ ਭਾਸ਼ਾ ਵਿਚ ਉਪਲਬਧ ਕੋਸ਼ਾਂ ਦੇ ਦੋਸ਼' ਵਿਚ ਜ਼ੋਰਦਾਰ ਰੋਸ ਪ੍ਰਗਟ ਕੀਤਾ।[4] ਇਹ ਪੱਤਰ ਉਸੇ ਵਰ੍ਹੇ ਭਾਸ਼ਾ-ਵਿਗਿਆਨੀਆਂ ਦੀ ਇਕ ਸਭਾ ਸਾਹਮਣੇ ਪੜ੍ਹਿਆ ਗਇਆ। ਉਸ ਦਾ ਕਹਿਣਾ ਸੀ ਕਿ ਕੋਸ਼ਕਾਰ ਨੂੰ ਇਸ ਗੱਲ ਦਾ ਕੋਈ ਹੱਕ ਨਹੀਂ ਕਿ ਉਹ ਕਿਸੇ ਭਾਸ਼ਾ ਦੇ ਚੰਗੇ ਸ਼ਬਦਾਂ ਨੂੰ ਹੀ ਆਪਣੇ ਕੋਸ਼ ਵਿਚ ਸਥਾਨ ਦੇਵੇ ਅਤੇ ਚੰਗੇ ਤੇ ਮਾੜੇ ਸ਼ਬਦਾਂ ਦਾ ਆਪ ਨਿਰਣਾ ਕਰੇ। ਉਸ ਦਾ ਕੰਮ ਤਾਂ ਸਾਰੇ ਸ਼ਬਦਾਂ ਨੂੰ ਅੱਖਰਵਾਰ ਇਕੱਤਰ ਕਰਕੇ (ਭਾਵੇਂ ਉਹ ਚੰਗੇ ਹੋਣ ਜਾਂ ਬੁਰੇ) ਕੋਸ਼ ਵਿਚ ਸਥਾਨ ਦੇਣਾ ਹੈ।[5] ਉਹ ਇਕ ਇਤਿਹਾਸਕਾਰ ਹੈ, ਆਲੋਚਕ ਨਹੀਂ। ਸੰਖੇਪ ਵਿਚ ਉਸ ਸਮੇਂ ਭਾਸ਼ਾ

---

1. Encyclopaedia Britannica, vol. 7, p. 339.
2. ਉਹੀ, ਪੰ: 339.
3. ਉਹੀ, ਪੰ: 339.
4. ਉਹੀ, ਪੰ: 340.
5. "A dictionary according to that idea of it which seems to me alone capable of being logically maintained, is an inventory of the language......It is no task of the maker of it to select the good words of the language. The business he has undertaken is to collect and arrange all words, whether good or bad, whether they commend themselves to his judgement or otherwise. He is an historian of the language and not a critic."
ਉਹੀ; ਪੰ: 339-340.

Digitized by Panjab Digital Library | www.panjabdigilib.org

ਵਿਗਿਆਨੀਆਂ ਦਾ ਇਹੀ ਮਤ ਸੀ ਕਿ ਕਿਸੇ ਭਾਸ਼ਾ ਦੇ ਕੋਸ਼ ਵਿਚ ਸਭ ਪ੍ਰਕਾਰ ਦੇ ਸ਼ਬਦਾਂ ਨੂੰ ਉਨ੍ਹਾਂ ਦੇ ਹਰ ਪ੍ਰਕਾਰ ਦੇ ਅਰਥਾਂ ਸਹਿਤ ਸਥਾਨ ਮਿਲਣਾ ਚਾਹੀਦਾ ਹੈ । ਸੋ ਜਿਥੋਂ ਤਕ ਹੋ ਸਕੇ, ਉਕਤ ਅਸੂਲਾਂ ਦਾ ਸਿਧਾਂਤਕ ਤੌਰ ਤੇ ਪਾਲਣ ਕੀਤਾ ਜਾਣਾ ਚਾਹੀਦਾ ਹੈ, ਪਰ ਕਿਸੇ ਵੀ ਕੋਸ਼ ਵਿਚ ਕਿਸੇ ਭਾਸ਼ਾ ਦੇ ਸਾਰੇ ਸ਼ਬਦ ਇਕੱਤਰ ਕੀਤੇ ਜਾ ਸਕਣੇ ਅਸੰਭਵ ਹਨ । ਕੁਝ ਸ਼ਬਦ ਅਜਿਹੇ ਵੀ ਹੁੰਦੇ ਹਨ, ਜੋ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਉਸ ਭਾਸ਼ਾ-ਵਿਸ਼ੇਸ਼ ਦੇ ਸ਼ਬਦ ਨਹੀਂ ਸਮਝੇ ਜਾ ਸਕਦੇ ।

ਦੂਜੀ ਗੱਲ, ਜਿਸ ਉਪਰ ਟ੍ਰੈਂਚ ਨੇ ਵਧੇਰੇ ਜ਼ੋਰ ਦਿੱਤਾ ਅਤੇ ਆਧੁਨਿਕ ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਜੋ ਮਹੱਤਵਪੂਰਣ ਹੈ, ਉਹ ਇਹ ਹੈ ਕਿ ਕੋਸ਼ ਕੇਵਲ ਸ਼ਬਦਾਂ ਦਾ ਇਕ ਰੀਕਾਰਡ ਬਣ ਕੇ ਹੀ ਨਾ ਰਹਿ ਜਾਵੇ, ਸਗੋਂ ਉਸ ਵਿਚ ਸ਼ਬਦਾਂ ਦਾ ਉਨ੍ਹਾਂ ਦੇ ਅਰਥਾਂ ਤੇ ਪ੍ਰਯੋਗਾਂ ਸਹਿਤ ਇਤਿਹਾਸਕ ਰੀਕਾਰਡ ਹੋਵੇ ।[1] ਸਾਹਿਤਕ ਦ੍ਰਿਸ਼ਟੀ ਤੋਂ ਸ਼ਬਦ ਦਾ ਵਰਤਮਾਨ ਅਰਥ ਤੇ ਪ੍ਰਯੋਗ ਵਧੇਰੇ ਮਹੱਤਵ ਰੱਖਦਾ ਹੈ । ਪੁਰਾਣੇ ਕਿਸਮ ਦੇ ਕੋਸ਼ਾਂ ਵਿਚ ਆਮ ਤੌਰ ਤੇ ਆਰੰਭ ਵਿਚ ਸ਼ਬਦ ਦਾ ਠੀਕ ਪ੍ਰਯੋਗ (proper usage) ਦੱਸ ਕੇ ਪਰਿਭਾਸ਼ਾ ਸ਼ੁਰੂ ਕੀਤੀ ਜਾਂਦੀ ਸੀ ਅਤੇ ਉਸ ਦੇ ਬਾਕੀ ਅਰਥਾਂ ਨੂੰ ਅਨਿਯਮਿਤ ਵਿਧੀ ਨਾਲ ਬਿਆਨ ਕੀਤਾ ਜਾਂਦਾ ਸੀ । ਉਸ ਸ਼ਬਦ-ਵਿਸ਼ੇਸ਼ ਦੇ ਉਸ ਇਤਿਹਾਸਕ-ਕ੍ਰਮ ਦਾ ਧਿਆਨ ਨਹੀਂ ਰਖਿਆ ਜਾਂਦਾ ਸੀ, ਜਿਸ ਕ੍ਰਮ ਵਿਚ ਉਹ ਅਰਥ ਉੱਦੀਪਤ ਹੋਣੇ ਹਨ । ਇਹ ਕੋਸ਼ਕਾਰ ਦਾ ਕਰਤੱਵ ਹੈ ਕਿ ਉਹ ਇਸ ਗੱਲ ਦੀ ਖੋਜ ਕਰੇ ਕਿ ਕਿਸੇ ਸ਼ਬਦ ਦੇ ਕਿਹੜੇ ਕਿਹੜੇ ਅਰਥ ਕਿਹੜੇ ਕਿਹੜੇ ਸਮਿਆਂ ਵਿਚ ਉੱਦੀਪਤ ਹੋ ਕੇ ਆਏ, ਜੇ ਕੋਈ ਸ਼ਬਦ ਮਰ ਚੁੱਕਾ ਹੈ, ਹੁਣ ਪ੍ਰਯੋਗ ਵਿਚ ਨਹੀਂ ਆਉਂਦਾ, ਤਾਂ ਉਹ ਕਦੋਂ ਮਰਿਆ । ਇਸ ਪ੍ਰਕਾਰ ਸ਼ਬਦਾਂ ਦੇ ਸਹੀ ਇਤਿਹਾਸ ਦਾ ਪਤਾ ਲੱਗ ਸਕਦਾ ਹੈ । ਇਸ ਸਾਰੇ ਇਤਿਹਾਸ ਰੀਕਾਰਡ ਨੂੰ ਇਕੱਤਰ ਕਰਕੇ ਕੋਸ਼ਕਾਰ ਨੂੰ ਸ਼ਬਦ ਦੀ ਵਿਗਿਆਨਕ ਵਿਆਖਿਆ ਕਰਨ ਸਮੇਂ ਇਸ ਰੀਕਾਰਡ ਨੂੰ ਆਧਾਰ ਬਣਾਉਣਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਸ਼ਬਦ ਦੀ ਪਰਿਭਾਸ਼ਾ ਦੇ ਕ੍ਰਮ ਨਿਯਤ ਕਰਨ ਸਮੇਂ ਉਸ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਹਰ ਪਰਿਭਾਸ਼ਾ ਨੂੰ ਮਿਤਿ-ਕ੍ਰਮ ਅਨੁਸਾਰ ਸਥਾਨ ਮਿਲੇ ।[2]

ਉਪਰੋਕਤ ਇਤਿਹਾਸਕ ਵਿਧੀ ਨੂੰ ਅਪਨਾਉਣ ਸਦਕਾ ਪੁਰਾਤਨ ਕੋਸ਼ਕਾਰੀ ਦੀ ਵਿਧੀ ਵਿਚ ਇਕ ਹੋਰ ਵੀ ਚੰਗਾ ਪਰਿਵਰਤਨ ਆਇਆ ਹੈ, ਜਿਵੇਂ ਕਿ ਸ਼ਬਦ-ਪ੍ਰਯੋਗ ਦੱਸਣ ਵਾਲੀਆਂ ਟੂਕਾਂ ਦਾ ਵਧੇਰੇ ਪ੍ਰਯੋਗ । ਡਾ: ਜਾਨਸਨ ਨੇ ਪਹਿਲੀ ਵਾਰੀ ਆਪਣੇ ਕੋਸ਼ ਵਿਚ ਬੜੀ ਚੰਗੀ ਤਰ੍ਹਾਂ ਸ਼ਬਦਾਂ ਨੂੰ ਵਾਕਾਂ ਵਿਚ ਪ੍ਰਯੋਗ ਕਰਕੇ ਦਿਖਾਇਆ ਅਤੇ ਉਨ੍ਹਾਂ ਸ਼ਬਦਾਂ ਦੇ ਭਿੰਨ ਭਿੰਨ ਰੰਗਾਂ (shades) ਅਤੇ ਵਿਸ਼ੇਸ਼ ਤੇ ਨਿਰ-ਵਿਸ਼ੇਸ਼ ਅਰਥਾਂ ਨੂੰ ਉਘਾੜਿਆ । ਸ਼ਬਦਾਂ ਦਾ ਸਹੀ ਪ੍ਰਯੋਗ ਦੱਸਣ ਲਈ ਅਜਿਹੀਆਂ ਟੂਕਾਂ ਕੋਸ਼ ਨੂੰ ਵਧੇਰੇ ਉਪਯੋਗੀ ਬਣਾਉਣ ਵਿਚ ਸਹਾਇਕ ਹੁੰਦੀਆਂ ਹਨ । ਪਰ ਆਪਣੇ

---

1. "The dictionary shall not be merely a record, but also an historical record of words and their uses."

   ਉਹੀ, ਪੰ: 340.

2. ਪੰਜਾਬੀ ਦਾ ਅਜੇ ਤਕ ਕੋਈ ਇਤਿਹਾਸਕ ਕੋਸ਼ ਤਿਆਰ ਨਹੀਂ ਹੋਇਆ ।

Digitized by Panjab Digital Library | www.panjabdigilib.org

ਨਿਰਣੇ ਕਰਨ ਸਮੇਂ ਕੇਵਲ ਕਿਸੇ ਭਾਸ਼ਾ ਦੇ ਮਾਹਿਤ ਨੂੰ ਹੀ ਆਧਾਰ ਬਣਾਉਣਾ ਉਚਿਤ ਹੈ। ਦੂਜੀ ਗੱਲ ਇਹ ਹੈ ਕਿ ਜੇ ਕੋਈ ਟੂਕ ਕਿਸੇ ਸ਼ਬਦ ਦੇ ਵਿਸ਼ੇਸ਼ ਅਰਥਾਂ ਨੂੰ ਉਘਾੜਦੀ ਹੈ, ਤਾਂ ਉਹ ਜ਼ਰੂਰ ਦੇਣੀ ਚਾਹੀਦੀ ਹੈ, ਬਿਨਾਂ ਇਸ ਗੱਲ ਦੀ ਚਿੰਤਾ ਦੇ ਕਿ ਟੂਕ ਚੰਗੀ ਹੈ, ਜਾਂ ਬੁਰੀ, ਉਹ ਕਿਸੇ ਚੰਗੀ ਪੁਸਤਕ ਵਿਚੋਂ ਲਈ ਗਈ ਹੈ, ਜਾਂ ਅਖ਼ਬਾਰ ਦੇ ਕਿਸੇ ਕਾਲਮ ਵਿਚੋਂ। ਇਤਨਾ ਜ਼ਰੂਰ ਹੈ ਕਿ ਜਿਥੇ ਚੋਣ ਦੀ ਸੰਭਾਵਨਾ ਹੋਵੇ, ਉਥੇ ਵਧੇਰੇ ਚੰਗੀ ਟੂਕ ਨੂੰ ਹੀ ਕੋਸ਼ ਵਿਚ ਸ਼ਾਮਿਲ ਕਰਨਾ ਯੋਗ ਹੈ।

ਕੋਸ਼ ਸੰਬੰਧੀ ਅੰਤਿਮ ਗੱਲ ਵਿਉਤਪੱਤੀ ਬਾਰੇ ਕਹਿਣੀ ਜ਼ਰੂਰੀ ਹੈ। ਸ਼ਬਦ-ਵਿਉਤਪੱਤੀ ਦਾ ਮਹੱਤਵ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇਕ ਸੁਤੰਤਰ ਵਿਗਿਆਨ ਦੇ ਤੌਰ ਤੇ ਇਤਨਾ ਵਧਦਾ ਜਾ ਰਹਿਆ ਹੈ ਕਿ ਕੋਸ਼ ਵਿਚ ਵੀ ਇਸ ਦਾ ਸਥਾਨ ਨਿਸਚਿਤ ਹੋ ਗਇਆ ਹੈ। ਇਸ ਦੁਆਰਾ ਸ਼ਬਦ ਦੇ ਭਿੰਨ ਭਿੰਨ ਰੂਪਾਂ ਦਾ ਇਤਿਹਾਸਕ ਸਰਵੇਖਣ ਕੀਤਾ ਜਾ ਸਕਦਾ ਹੈ। ਵਿਉਤਪੱਤੀ ਆਪਣੇ ਆਪ ਵਿਚ ਸ਼ਬਦ ਦਾ ਇਤਿਹਾਸ ਹੈ। ਕਦੋਂ ਉਹ ਸ਼ਬਦ ਭਾਸ਼ਾ ਵਿਚ ਪ੍ਰਚਲਿਤ ਹੋਇਆ, ਕਿਥੋਂ ਉਸ ਸ਼ਬਦ ਦੀ ਉਤਪਤੀ ਹੋਈ, ਕਿਨ੍ਹਾਂ ਕਿਨ੍ਹਾਂ ਰੂਪਾਂ ਵਿਚੋਂ ਲੰਘਦਾ ਹੋਇਆ ਉਹ ਆਪਣੇ ਵਰਤਮਾਨ ਰੂਪ ਤਕ ਪੁੱਜਾ, ਇਹ ਸਾਰਾ ਗਿਆਨ ਸ਼ਬਦ ਦੀ ਵਿਉਤਪੱਤੀ ਜਾਣਨ ਮਗਰੋਂ ਹੀ ਪ੍ਰਾਪਤ ਹੋ ਸਕਦਾ ਹੈ।

ਸਮੁੱਚੇ ਤੌਰ ਤੇ ਕੋਸ਼-ਲੇਖਨ ਦਾ ਕਾਰਜ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਕੀਤਿਆਂ ਵਧੇਰੇ ਉਪਯੋਗੀ ਹੋ ਸਕਦਾ ਹੈ। ਵਿਸ਼ਵਕੋਸ਼ੀ ਡਿਕਸ਼ਨਰੀ ਦੀ ਭਾਵੇਂ ਕਾਫ਼ੀ ਆਲੋਚਨਾ ਹੁੰਦੀ ਰਹੀ ਹੈ ਅਤੇ ਇਸ ਨੂੰ ਦੋ ਚੀਜ਼ਾਂ ਦਾ ਮਿਲਗੋਭਾ ਸਮਝਿਆ ਜਾਂਦਾ ਰਹਿਆ ਹੈ, ਪਰ ਇਸ ਪ੍ਰਕਾਰ ਦਾ ਕੋਸ਼ ਵੀ ਬਹੁਤ ਉਪਯੋਗੀ ਹੈ। ਅੱਜ ਕਲ੍ਹ ਵਿਸ਼ਵ-ਕੋਸ਼ (encyclopaedic dictionary) ਨੂੰ ਹੀ ਉੱਤਮ ਸਮਝਿਆ ਜਾਂਦਾ ਹੈ। ਉਂਜ ਵੀ ਕੋਸ਼ ਅਤੇ ਵਿਸ਼ਵ ਕੋਸ਼ ਵਿਚਕਾਰ ਭੇਦਕ ਲਾਈਨ ਖਿੱਚਣੀ ਸਰਲ ਨਹੀਂ। ਈਸਾਈ ਮਿਸ਼ਨਰੀਆਂ ਨੇ, ਪੰਜਾਬੀ ਭਾਸ਼ਾ ਦੇ ਨਿਮਨਲਿਖਿਤ ਦੋ ਕੋਸ਼ ਤੇ ਇਕ ਸ਼ਬਦਾਵਲੀ-ਸੰਗ੍ਰਹਿ ਪ੍ਰਕਾਸ਼ਿਤ ਕੀਤੇ :

1. ਡਿਕਸ਼ਨਰੀ ਆਫ਼ ਦੀ ਪੰਜਾਬੀ ਲੈਂਗੁਏਜ—ਲੁਧਿਆਣਾ ਮਿਸ਼ਨ
2. ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ—ਪਾਦਰੀ ਏ. ਜਿਊਕਸ
3. ਸ਼ਾਹਪੁਰੀ ਕਾਂਗੜੀ ਗਲੌਸਰੀ—ਪਾਦਰੀ ਵਿਲਸਨ

1. ਡਿਕਸ਼ਨਰੀ ਆਫ਼ ਦੀ ਪੰਜਾਬੀ ਲੈਂਗੁਏਜ (ਲੁਧਿਆਣਾ ਮਿਸ਼ਨ) :

ਈਸਾਈ ਮਿਸ਼ਨਰੀਆਂ ਦੇ ਪ੍ਰਚਾਰ-ਕਾਰਜ ਸੰਬੰਧੀ ਲੁਧਿਆਣਾ ਮਿਸ਼ਨ ਦੀਆਂ ਵਾਰਸ਼ਿਕ ਰੀਪੋਰਟਾਂ ਵਿਚੋਂ 1854 ਈ: ਦੀ ਲੁਧਿਆਣਾ ਮਿਸ਼ਨ ਰੀਪੋਰਟ ਪੰਜਾਬੀ ਦੇ ਪ੍ਰਥਮ ਸ਼ਬਦ-ਕੋਸ਼ ਦੀ ਸੰਪੂਰਣਤਾ ਦੀ ਗਵਾਹੀ ਭਰਦੀ ਹੈ। ਇਸ ਰੀਪੋਰਟ ਅਨੁਸਾਰ ਇਸ ਕੋਸ਼ ਦੀ ਸੰਪੂਰਣਤਾ ਲਈ ਪਾਦਰੀ ਐਲ. ਜੇਨਵੀਅਰ ਨੇ ਆਪਣਾ ਬਹੁਤ ਸਾਰਾ ਸਮਾਂ ਸਫਲ ਕੀਤਾ। ਫਲ ਸਰੂਪ ਇਹ ਕੋਸ਼ 1854 ਈ:

Digitized by Panjab Digital Library | www.panjabdigilib.org

ਵਿਚ ਪ੍ਰਕਾਸ਼ਿਤ ਹੋ ਸਕਿਆ ।[1] ਪਾਦਰੀ ਜੇਨਵੀਅਰ ਦੁਆਰਾ ਲੁਧਿਆਣਾ ਮਿਸ਼ਨ ਲਈ ਪ੍ਰਕਾਸ਼ਿਤ ਉਪਰੋਕਤ ਸ਼ਬਦ-ਕੋਸ਼ ਦਾ ਪਹਿਲਾ ਸੰਸਕਰਣ ਹੁਣ ਉਪਲਬਧ ਨਹੀਂ । ਇਸੇ ਕੋਸ਼ ਨੂੰ ਭਾਸ਼ਾ ਵਿਭਾਗ, ਪਟਿਆਲਾ ਦੇ ਅਧਿਕਾਰੀਆਂ ਨੇ ਮਾਰਚ 1961 ਈ: ਵਿਚ 'ਡਿਕਸ਼ਨਰੀ ਆਫ਼ ਦੀ ਪੰਜਾਬੀ ਲੈਂਗੁਏਜ' ਦੇ ਸਿਰਲੇਖ ਹੇਠਾਂ ਮੁੜ ਪ੍ਰਕਾਸ਼ਿਤ ਕੀਤਾ । ਇਸ ਮਹਾਨ ਕਾਰਜ ਦਾ ਮੁੱਢ ਜਾਨ ਨਿਊਟਨ ਨੇ ਬੰਨ੍ਹਿਆ । ਪੰਜਾਬੀ ਭਾਸ਼ਾ ਦੀ ਵਿਆਕਰਣ ਲਿਖਣ ਸਮੇਂ ਉਸ ਨੇ ਪੰਜਾਬੀ ਬੋਲੀ ਦੇ ਕਈ ਸ਼ਬਦ ਇਕੱਤਰ ਕੀਤੇ ਸਨ । 1841 ਈ: ਵਿਚ ਲੁਧਿਆਣਾ ਮਿਸ਼ਨ ਦੇ ਅਧਿਕਾਰੀਆਂ ਨੇ ਆਪਣੀ ਵਾਰਸ਼ਿਕ ਇਕੱਤਰਤਾ ਵਿਚ ਇਕ ਮਤਾ ਪਾਸ ਕੀਤਾ, ਜੋ ਇਸ ਪ੍ਰਕਾਰ ਸੀ :

"ਪੰਜਾਬੀ ਭਾਸ਼ਾ ਵਿਚ ਲਿਖਿਤ ਪੁਸਤਕਾਂ ਦੀ ਮੰਗ ਦਿਨੋਂ ਦਿਨ ਵਧਣ ਕਾਰਣ ਅਤੇ ਮਿਸ਼ਨਰੀਆਂ ਤੇ ਹੋਰ ਪੰਜਾਬੀ ਭਾਸ਼ਾ ਨੂੰ ਜਾਣਨ ਦੇ ਇੱਛੁਕ ਵਿਅਕਤੀਆਂ ਦੀ ਸਹਾਇਤਾ ਕਰਨ ਹਿਤ ਮਿਸ਼ਨ ਇਹ ਮਤਾ ਪਾਸ ਕਰਦਾ ਹੈ ਕਿ ਪਾਦਰੀ ਜਾਨ ਨਿਊਟਨ, ਜਿਸ ਨੇ ਅੱਗੇ ਹੀ ਪੰਜਾਬੀ ਕੋਸ਼ ਲਈ ਕੁਝ ਸ਼ਬਦ ਇਕੱਤਰ ਕੀਤੇ ਹਨ, ਨੂੰ ਕੰਮ ਅੱਗੇ ਤੋਰਨ ਲਈ ਕਹਿਆ ਜਾਵੇ ਅਤੇ ਉਸ ਅੱਗੇ ਜਲਦੀ ਹੀ ਪੰਜਾਬੀ ਕੋਸ਼ ਦੀ ਤਿਆਰੀ ਲਈ ਬੇਨਤੀ ਕੀਤੀ ਜਾਵੇ ।"[2]

ਇਸ ਘਟਨਾ ਤੋਂ ਮਗਰੋਂ ਕੋਸ਼ ਦੀ ਤਿਆਰੀ ਦਾ ਕੰਮ ਵਧੇਰੇ ਗਤੀਸ਼ੀਲ ਹੋ ਗਇਆ ਅਤੇ ਮਿਸ਼ਨ ਵੀ ਸਮੇਂ ਸਮੇਂ ਸਿਰ ਪਾਦਰੀ ਜਾਨ ਨਿਊਟਨ ਨੂੰ ਸਹਿਯੋਗ ਦਿੰਦਾ ਰਹਿਆ । ਇਸ ਕੋਸ਼ ਦੀ ਤਿਆਰੀ ਲਈ ਮਿਸ਼ਨ ਵਲੋਂ ਇਕ ਕਮੇਟੀ ਵੀ ਨਿਰਧਾਰਿਤ ਕੀਤੀ ਗਈ । ਇਹ ਕੰਮ ਜਿਉਂ ਹੀ ਸੰਪੂਰਣ ਹੋਇਆ, ਇਸ ਨੂੰ ਮੁਦ੍ਰਿਤ ਕਰਵਾਉਣ ਲਈ ਮਿਸ਼ਨ ਦੇ ਅਧਿਕਾਰੀਆਂ ਤੇ ਹੋਰ ਅਨੇਕ ਸੰਬੰਧਿਤ ਵਿਅਕਤੀਆਂ ਦੀ ਉਤਸੁਕਤਾਂ ਵਧ ਗਈ । ਪਰ ਮਿਸ਼ਨ ਦੇ ਅਧਿਕਾਰੀਆਂ ਪਾਸ ਇਸ ਕਾਰਜ ਲਈ ਮਾਇਆ ਨਹੀਂ ਸੀ । ਫ਼ਿਰ ਵੀ ਕੁਝ ਵਿਅਕਤੀਆਂ ਤੇ ਅੰਗ੍ਰੇਜ਼ ਸਰਕਾਰ ਦੇ ਸਹਿਯੋਗ ਨਾਲ 1851 ਈ: ਵਿਚ ਇਸ ਕੋਸ਼ ਦੇ ਮੁਦ੍ਰਣ ਦਾ ਕੰਮ ਆਰੰਭ ਹੋ ਗਇਆ । 1854 ਈ: ਵਿਚ ਪੰਜਾਬੀ ਕੋਸ਼ ਮੁਦ੍ਰਿਤ ਹੋਕੇ ਪ੍ਰੈਸ ਤੋਂ ਬਾਹਰ ਆ ਗਇਆ ।[3]

ਪੰਜਾਬੀ ਭਾਸ਼ਾ ਦੇ ਪ੍ਰਥਮ ਕੋਸ਼ ਦਾ ਛਪਣਾ ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚ ਇਕ ਬੜੀ ਮਹੱਤਵਪੂਰਣ ਘਟਨਾ ਸੀ । ਇਹ ਕੋਸ਼ ਨੂੰ ਗੁਰਮੁਖੀ ਲਿੱਪੀ ਦੇ ਅੱਖਰਾਂ ਦੀ ਤਰਤੀਬ ਅਨੁਸਾਰ

---

1. "We notice with satisfaction the completion of the Panjabee dictionary, a work that has necessarily taken up a very large proportion of time, attention of time, attention and strength of the Superintendent, Rev. Janvier." *Lodiana Mission Reports*, 1854, p. 19.

2. In prospect of the increasing demand for books in the Panjabi language, and the necessity there is likely to be for the missionaries and others to study it, therefore resolved that inasmuch as the Rev. J. Newton has already collected some materials for the preparation of a Dictionary of the Punjabi language, he be requested to go forward with the work, and prepare it as soon as convenient."
Janvier; L., *Dictionary of the Punjabi Language*, preface, p. iii.

3. ਉਹੀ, ਪੰ: iv.

Digitized by Panjab Digital Library | www.panjabdigilib.org

ਤਿਆਰ ਕੀਤਾ ਗਇਆ ਹੈ। ਅੱਖਰਾਂ ਦੇ ਰੂਪ, ਨਾਮ ਤੇ ਸ਼ਕਤੀਆਂ ਇਸ ਪ੍ਰਕਾਰ ਦੱਸੀਆਂ ਗਈਆਂ ਹਨ :

ਰੂਪ	ਨਾਮ	ਸ਼ਕਤੀ
ਅ	aira	
ੲ	iri	
ੳ	ura	
ਸ	sassa	s, as in sum.
ਹ	haha	h, as in house.
ਕ	kakka	k, as in king.
ਖ	khakkha	kh, k with an aspiration.
ਗ	gagga	g, as in go.
ਘ	ghagga	gh, an aspirated g.
ਙ	nganga	ng, as in king, pronounced by bringing the root of the tongue against the palate.
ਚ	chachcha	ch, as in church.
ਛ	chhachchha	chh, an aspirated ch.
ਜ	jajja	j, as in judge.
ਝ	jhajja	jh, an aspirated j.
ਞ	nyanya	ny, pronounced by a slight contact of the tongue with that part of the root of the mouth, which is touched in pronouncing the letter j.
ਟ	tainka	t, pronounced by reverting the point of the tongue on the palate. It is more harsh than the English t.
ਠ	thattha	th, an aspirated t.

Digitized by Panjab Digital Library | www.panjabdigilib.org

ਰੂਪ	ਨਾਮ	ਸ਼ਕਤੀ
ਡ	dadda	d, almost like d in dull; but like that t above, harsher than the English.
ਢ	dhadda	dh, an aspirated d.
ਣ	nana	n, pronounced by projecting the tip of the tongue against the fore part of the palate.
ਤ	tatta	t, softer than the English t; pronounced by pressing the tip of the tongue against the root of the front upper teeth.
ਥ	thattha	th, an aspirated t.
ਦ	dadda	d, soft like the Persian d.
ਧ	dhadda	dh, an aspirated d.
ਨ	nanna	n, as in none.
ਪ	pappa	p, as in pay.
ਫ	phappha	ph, an aspirated p.
ਬ	babba	b, as in buy.
ਭ	bhabba	bh, an aspirated b.
ਮ	mamma	m, as in may.
ਯ	yayya	y, as in yoke.
ਰ	rara	r, like the French r, with the tongue vibrating on the palate.
ਲ	lalla	l, as in love.
ਵ	wawwa	v, w, sometimes like in English v, at other times like w; but commonly a sound between v and w; in which case it is represented in the roman

Digitized by Panjab Digital Library / www.panjabdigilib.org

ਰੂਪ	ਨਾਮ	ਸ਼ਕਤੀ
ੜ	rara	character by w; orherw'se by v. r, pronounced by reverting the point of the tongue on the palate.

ਅੱਗੇ ਜਾ ਕੇ ਇਨ੍ਹਾਂ ਅੱਖਰਾਂ ਦਾ ਸੱਤ ਸ਼੍ਰੇਣੀਆਂ ਵਿਚ ਵਰਗੀਕਰਣ ਕੀਤਾ ਗਇਆ ਹੈ, ਜੋ ਇਸ ਪ੍ਰਕਾਰ ਹੈ :

1.	ਅ	ੲ	ੳ	ਸ	ਹ	
2.	ਕ	ਖ	ਗ	ਘ	ਙ	(Gutterals)
3.	ਚ	ਛ	ਜ	ਝ	ਞ	(Palatals)
4.	ਟ	ਠ	ਡ	ਢ	ਣ	(Linguals)
5.	ਤ	ਥ	ਦ	ਧ	ਨ	(Dentals)
6.	ਪ	ਫ	ਬ	ਭ	ਮ	(Labials)
7.	ਯ	ਰ	ਲ	ਵ	ੜ	

ਇਨ੍ਹਾਂ ਪਹਿਲੇ ਤਿੰਨ ਅੱਖਰਾਂ ਦੇ ਦਸ ਸ੍ਵਰ-ਰੂਪ ਦਿੱਤੇ ਹਨ :

ਰੂਪ	ਸ਼ਕਤੀ
ਅ	a, like a in woman, or u, in but.
ਆ	a, like a in far.
ਇ	i, like i in fin.
ਈ	i, like i in machine.
ਉ	u, like u in full.
ਊ	u, like u in rule.
ਏ	e, like e in they, or ai in rain.
ਐ	ai, like ai in aisle.
ਓ	o, llke o in note.
ਔ	au, like ow in now.

Digitized by Panjab Digital Library | www.panjabdigilib.org

ਵਿਅੰਜਨਾਂ ਨਾਲ ਜੋੜਨ ਸਮੇਂ ਇਨ੍ਹਾਂ ਸ੍ਵਰਾਂ ਦੇ ਜੋ ਰੂਪ ਬਣਦੇ ਹਨ, ਉਹ ਇਸ ਪ੍ਰਕਾਰ ਦੱਸੇ ਗਏ ਹਨ :

ਰੂਪ	ਨਾਮ	ਸ਼ਕਤੀ
-		a
ਾ	a kanna	a
ਿ	i siari,	i
ੀ	i bihari or biari,	i
ੁ	n aunkur,	u
ੂ	u dulainke or dulainkre,	u
ੇ	e laun or lan,	e
ੈ	ai dulaian,	ai
ੋ	o hora,	o
ੌ	au kanaura,	au

ਉਪਰੋਕਤ ਵਿਵਰਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਵਿਦੇਸ਼ੀਆਂ ਲਈ ਲਈ ਆਸਾਨ ਬਣਾਉਣ ਹਿਤ ਕੋਸ਼ ਦੇ ਲੇਖਕ ਨੇ ਕਿਤਨੀ ਮਿਹਨਤ ਕੀਤੀ ਹੈ। ਦੂਜੇ ਸ਼ਬਦਾਂ ਵਿਚ ਕੋਸ਼ ਦਾ ਆਰੰਭ ਪੰਜਾਬੀ ਸ੍ਵਰਾਂ ਤੇ ਵਿਅੰਜਨਾਂ ਦੀ ਉੱਚਾਰਣ-ਵਿਧੀ ਦੱਸਣ ਮਗਰੋਂ ਕੀਤਾ ਗਇਆ ਹੈ। ਕੋਸ਼ ਦੇ ਮੁੱਖਬੰਧ ਵਿਚ ਕੋਸ਼ ਦੇ ਅਧਿਐਨ ਲਈ ਕਈ ਸੰਕੇਤ ਵੀ ਦਿੱਤੇ ਗਏ ਹਨ। ਲੇਖਕ ਨੇ ਉਪਰੋਕਤ ਕੋਸ਼ ਲਿਖਣ ਸਮੇਂ ਵੈਬਸਟਰ ਦੇ ਅੰਗ੍ਰੇਜ਼ੀ ਕੋਸ਼ ਦੀ ਲੇਖਨ-ਵਿਧੀ ਨੂੰ ਆਧਾਰ ਬਣਾਇਆ ਹੈ। ਕੋਸ਼ ਦੀ ਲੇਖਨ-ਵਿਧੀ ਦਾ ਨਮੂਨਾ ਪ੍ਰਸਤੁਤ ਹੈ :

"ਕੁਠਾਲੀ Kutha,li s. f. A goldsmith's crucible; ਕੁਠਾਲੀ ਗਾਲਨੀ, to put a crucible into the fire to melt the metal in it; (met) to destroy utterly; ਕੁਠਾਲੀ ਪਾਉਣਾ, to fill into a crucible; ਕੁਠਾਲੀ ਪੈ ਨਿਕਲਨਾ, to be found pure, to be tried or examined, to pass through the furnace, to be experienced."

ਪਹਿਲਾਂ ਸ਼ਬਦ ਦੱਸ ਕੇ ਉਸ ਦਾ ਰੋਮਨ ਅੱਖਰਾਂ ਵਿਚ ਉੱਚਾਰਣ ਦਸਿਆ ਹੈ। ਮਗਰੋਂ ਉਸ ਸ਼ਬਦ ਦੇ ਵਿਵਿਧ ਅਰਥ ਦੱਸੇ ਹਨ। ਸ਼ਬਦਾਂ ਦੇ ਉੱਚਾਰਣ-ਰੂਪ ਦੇਣ ਦੀ ਕਸ਼ਿਸ਼ ਕੀਤੀ ਹੈ, ਜੋ ਕਿ ਇਕ ਵਿਸ਼ੇਸ਼ ਦੇਣ ਹੈ। ਇਸੇ ਵਿਧੀ ਨੂੰ ਸਾਰੇ ਕੋਸ਼ ਵਿਚ ਅਪਣਾਇਆ ਗਇਆ ਹੈ। ਇਸ ਕੋਸ਼ ਵਿਚ ਲਗਭਗ 28000 ਪੰਜਾਬੀ ਭਾਸ਼ਾ ਦੇ ਸ਼ਬਦ ਸ਼ਾਮਿਲ ਕੀਤੇ ਗਏ ਹਨ। ਇਤਨ ਸਾਰੇ ਸ਼ਬਦ ਇਕੱਠੇ ਕਰਨ ਦਾ ਬਿਖੜਾ ਕੰਮ ਪਹਿਲੀ ਵਾਰੀ ਮਿਸ਼ਨਰੀਆਂ ਨੇ ਹੀ ਸਿਰੇ

Digitized by Panjab Digital Library | www.panjabdigilib.org

ਚਾੜ੍ਹਿਆ । ਭਾਸ਼ਾ ਵਿਭਾਗ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੋਸ਼ ਦੇ ਕੁਲ ਪੰਨੇ 438 ਹਨ । ਹਰ ਪੰਨੇ ਉਪਰ ਤਿੰਨ ਕਾਲਮ ਬਣਾਏ ਗਏ ਹਨ । ਦਸ ਪੁਆਇੰਟ ਦੇ ਟਾਈਪ ਨੂੰ ਪ੍ਰਯੋਗ ਵਿਚ ਲਿਆਂਦਾ ਗਇਆ ਹੈ । ਇਤਨੇ ਗੁਣਾਂ ਦੇ ਬਾਵਜੂਦ ਇਸ ਕੋਸ਼ ਵਿਚ ਕੁਝ ਕੁ ਊਣਤਾਈਆਂ ਵੀ ਰਹਿ ਗਈਆਂ ਹਨ, ਜੋ ਇਸ ਪ੍ਰਕਾਰ ਹਨ :

1. ਇਸ ਕੋਸ਼ ਵਿਚ ਪੰਜਾਬੀ ਦੀਆਂ ਸਾਰੀਆਂ ਉਪਭਾਸ਼ਾਵਾਂ ਦੇ ਸ਼ਬਦਾਂ ਨੂੰ ਸ਼ਾਮਿਲ ਨਹੀਂ ਕੀਤਾ ਗਇਆ। ਕੇਵਲ ਲੁਧਿਆਣਾ ਤੇ ਆਸਪਾਸ ਦੇ ਇਲਾਕਿਆਂ ਵਿਚ ਬੋਲੀਆਂ ਜਾਣ ਵਾਲੀਆਂ ਉਪਭਾਸ਼ਾਵਾਂ ਦੇ ਸ਼ਬਦ ਹੀ ਕੋਸ਼ ਵਿਚ ਦਿੱਤੇ ਗਏ ਹਨ ।

2. ਆਮ ਵਰਤੋਂ ਵਿਚ ਆਉਣ ਵਾਲੇ ਬਹੁਤ ਸਾਰੇ ਪੰਜਾਬੀ ਸ਼ਬਦ ਕੋਸ਼ ਵਿਚ ਆਉਣੋਂ ਰਹਿ ਗਏ ਹਨ ।

3. ਅੱਖਰਮਾਲਾ ਦੀ ਤਰਤੀਬ ਠੀਕ ਨਹੀਂ । ਕੋਸ਼ ਅ ਅੱਖਰ ਤੋਂ ਆਰੰਭ ਹੁੰਦਾ ਹੈ, ਜਦੋਂ ਕਿ ਪੰਜਾਬੀ ਵਰਣਮਾਲਾ ਦਾ ਪਹਿਲਾ ਅੱਖਰ ੳ ਹੈ ।

4. ਇਹ ਕੋਸ਼ ਸ਼ਬਦਾਂ ਸੰਬੰਧੀ ਵਧੇਰੇ ਜਾਣਕਾਰੀ ਦੇਣੋਂ ਅਸਮਰੱਥ ਹੈ । ਕੇਵਲ ਸ਼ਬਦਾਂ ਦਾ ਰੋਮਨ ਅੱਖਰਾਂ ਵਿਚ ਉੱਚਾਰਣ ਤੇ ਉਸ ਦੇ ਅਰਥ ਦੱਸ ਕੇ ਹੀ ਲੇਖਕ ਸੰਤੁਸ਼ਟ ਹੋ ਗਇਆ ਹੈ। ਸ਼ਬਦ ਦੀ ਵਿਉਤਪੱਤੀ, ਦ੍ਰਿਸ਼ਟਾਂਤਕ ਟੂਕਾਂ, ਸਮਾਨਾਰਥਕ ਸ਼ਬਦਾਂ ਆਦਿਕ ਦਾ ਕੋਸ਼ ਵਿਚ ਅਭਾਵ ਹੈ।

5. ਜਿਹੜਾ ਕੋਸ਼ ਕ੍ਰਿਆ ਦੇ ਤਿੰਨ ਰੂਪ (ਕ੍ਰਿਆ-ਮੂਲ, ਭੂਤ-ਕ੍ਰਿਦੰਤ ਅਤੇ ਵਰਤਮਾਨ ਕ੍ਰਿਦੰਤ) ਨਹੀਂ ਦਿੰਦਾ, ਉਹ ਕੋਸ਼ ਸੰਪੂਰਣ ਨਹੀਂ ਕਹਿਆ ਜਾ ਸਕਦਾ ਕਿਉਂਕਿ ਪੰਜਾਬੀ ਦੇ ਸਾਰੇ ਕ੍ਰਿਆ-ਰੂਪ ਇਹਨਾਂ ਤਿੰਨਾਂ ਦੇ ਉਪਰ ਹੀ ਆਧਾਰਿਤ ਹਨ । ਵਿਚਾਰ-ਅਧੀਨ ਕੋਸ਼ ਵਿਚ ਸ਼ਬਦਾਂ ਦੇ ਕ੍ਰਿਆ-ਮੂਲ (verbal roots) ਨਹੀਂ ਦਿੱਤੇ ਗਏ ਜਿਵੇਂ ਕਰ ਆਦਿਕ । ਵਰਤਮਾਨ ਕ੍ਰਿਦੰਤ ਤਾਂ ਕਿਤੇ ਕਿਤੇ ਦਿੱਤੇ ਗਏ ਹਨ. ਪਰ ਭੂਤ ਕ੍ਰਿਦੰਤ ਤਾਂ ਬਿਲਕੁਲ ਹੀ ਨਹੀਂ ਦਿੱਤੇ ਗਏ।

6. ਹਸ੍ਵ ਸ੍ਵਰਾਂ ਦੀ ਤੁਲਨਾ ਵਿਚ ਦੀਰਘ ਸ੍ਵਰਾਂ ਦੇ ਅੰਕਿਤ ਚਿੰਨ੍ਹ ਵਧੇਰੇ ਦਿੱਤੇ ਹਨ । ਅਨੁਨਾਸਿਕਤਾ ਦਾ ਚਿੰਨ੍ਹ ਇਸ ਕੋਸ਼ ਵਿਚ ਨਹੀਂ ਦਿੱਤਾ ਗਇਆ ।

7. ਕੋਸ਼ਕਾਰ ਨੇ ਸ਼ਬਦਾਂ ਦਾ ਉੱਚਾਰਣ-ਰੂਪ ਤਾਂ ਜ਼ਰੂਰ ਦਿੱਤਾ ਹੈ, ਪਰ ਉਚਾਰ-ਖੰਡ ਸੀਮਾ (syllable boundary) ਨਹੀਂ ਦਿੱਤੀ। ਜਿਵੇਂ ਕਰੜਾਈ (karra,i,) ਵਿਚ ਕੇਵਲ ਇਕੋ ਉਚਾਰ-ਖੰਡ ਸੀਮਾ ਦਿੱਤੀ ਹੈ, ਜਦੋਂ, ਕਿ ਹੋਣੀਆਂ ਤਿੰਨ ਚਾਹੀਦੀਆਂ ਸਨ ।

8. ਵਿਆਕਰਣਕ ਅੰਸ਼ ਇਸ ਨੇ ਅੰਕਿਤ ਤਾਂ ਕੀਤੇ ਹਨ, ਪਰ ਪੂਰੀ ਸਪਸ਼ਟਤਾ ਨਾਲ ਨਹੀਂ । ਜਿਵੇਂ 'ਕਾਲਾ' ਨੂੰ ਸਿਰਫ਼ ਵਿਸ਼ੇਸ਼ਣ ਦਸਿਆ ਹੈ, ਉਸਦਾ ਵਚਨ ਤੇ ਲਿੰਗ ਨਹੀਂ ਦਿੱਤਾ । 'ਘੋੜੀ' ਸ਼ਬਦ ਨਾਲ ਕਾਲਾ ਨਹੀਂ, ਸਗੋਂ ਕਾਲੀ ਲਿਖਿਆ ਜਾਂਦਾ ਹੈ ।

9. 'ਕੀਤਾ' ਨੂੰ (past tense of ਕਰਨਾ) ਲਿਖਿਆ ਹੈ, ਜੋ ਕਿ ਗ਼ਲਤ ਹੈ । 'ਕੀਤਾ' ਕਰਨਾ ਦਾ ਭੂਤ-ਕ੍ਰਿਦੰਤ (past participle) ਹੈ । ਇਸੇ ਪ੍ਰਕਾਰ 'ਕਰਨਾ,' 'ਜਾਣਾ' ਆਦਿ ਨੂੰ

Digitized by Panjab Digital Library | www.panjabdigilib.org

ਅਸੀਂ ਕ੍ਰਿਆ ਦਾ ਮੂਲ ਰੂਪ ਨਹੀਂ ਮੰਨਦੇ, ਪਰ ਇਸ ਕੋਸ਼ ਵਿਚ ਅਜਿਹਾ ਮੰਨਿਆ ਗਇਆ ਹੈ।

10. ਪੰਜਾਬੀ ਵਿਚ ਕ੍ਰਿਆ ਨਾਲ ਹੋਰ ਕ੍ਰਿਆਵਾਂ ਦਾ ਸਮਾਸ ਕਰਕੇ ਵੱਖ ਵੱਖ ਅਰਥਾਂ ਵਾਲੇ ਕ੍ਰਿਆ-ਰੂਪ ਬਣਾਏ ਜਾਂਦੇ ਹਨ, ਜਿਵੇਂ ਅੱਖ ਲੱਗਣੀ, ਅੱਖ ਮੀਟਣੀ, ਅੱਖ ਆਉਣੀ, ਅੱਖ ਮਾਰਨੀ ਆਦਿਕ। ਇਸ ਕੋਸ਼ ਵਿਚ ਇਹੋ ਜਿਹੇ ਸਮਾਸੀ-ਰੂਪ ਬਿਲਕੁਲ ਨਹੀਂ ਦਿੱਤੇ ਗਏ। ਕੁਝ ਸ਼ਬਦਾਂ ਦੇ ਪੂਰੇ ਅਰਥ ਵੀ ਨਹੀਂ ਦਿੱਤੇ ਗਏ।

11. ਪੰਜਾਬੀ ਵਿਚ ਨਾਦੀ ਮਹਾਂ-ਪ੍ਰਾਨ ਧੁਨੀਆਂ (voiced aspirates) ਦਾ ਉੱਚਾਰਣ ਸ਼ਬਦ ਵਿਚ ਉਨ੍ਹਾਂ ਦੇ ਸਥਾਨ ਦੇ ਆਧਾਰ ਤੇ ਬਿਲਕੁਲ ਵੱਖ ਵੱਖ ਹੈ, ਜਿਵੇਂ ਘੋੜਾ, ਸਿੰਘਾਸਨ ਤੇ ਸਿੰਘ ਤਿੰਨਾਂ ਸ਼ਬਦਾਂ ਵਿਚ ਘੱਗੇ ਨਾਲ ਅੰਕਿਤ ਕੀਤੀ ਗਈ ਧੁਨੀ ਦਾ ਉੱਚਾਰਣ ਬਿਲਕੁਲ ਵੱਖ ਵੱਖ ਹੈ। ਇਸ ਕੋਸ਼ ਵਿਚ ਇਹ ਅੰਤਰ ਸਪਸ਼ਟ ਨਹੀਂ ਕੀਤਾ ਗਇਆ। ਇਸ ਕਰਕੇ ਲਿਖਿਤ ਪੰਜਾਬੀ ਲਈ ਤਾਂ ਇਹ ਕੋਸ਼ ਸਫ਼ਲ ਗਿਣਿਆ ਜਾ ਸਕਦਾ ਹੈ, ਪਰ ਉਚਰਿਤ ਪੰਜਾਬੀ ਦੇ ਪੱਖ ਤੋਂ ਇਹ ਇਕ ਬਹੁਤ ਵੱਡਾ ਘਾਟਾ ਹੈ, ਕਿਉਂਕਿ ਇਹ ਕੋਸ਼ ਮੁਖ ਰੂਪ ਵਿਚ ਅੰਗ੍ਰੇਜ਼ਾਂ ਨੂੰ ਬੋਲਚਾਲ ਦੀ ਪੰਜਾਬੀ ਸਿਖਾਉਣ ਲਈ ਤਿਆਰ ਕੀਤਾ ਗਇਆ ਸੀ, ਇਸ ਲਈ ਉੱਚਾਰਣ ਦਾ ਅਜਿਹਾ ਅੰਤਰ ਪਪਸ਼ਟ ਕਰਨਾ ਆਵੱਸ਼ਕ ਸੀ।

ਪਰ ਇਹ ਊਣਤਾਈਆਂ ਕੋਸ਼ ਦੇ ਮਹੱਤਵ ਨੂੰ ਘੱਟ ਨਹੀਂ ਕਰਦੀਆਂ। ਕੋਸ਼ ਦਾ ਅਧਿਐਨ ਕਰਨ ਸਮੇਂ ਇਕ ਦੋ ਗੱਲਾਂ ਧਿਆਨ ਵਿਚ ਰੱਖਣੀਆਂ ਜ਼ਰੂਰੀ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪੰਜਾਬੀ ਭਾਸ਼ਾ ਦਾ ਪਹਿਲਾ ਕੋਸ਼ ਹੈ, ਜਿਸ ਦੀਆਂ ਆਪਣੀਆਂ ਸੀਮਾਵਾਂ ਹਨ। ਦੂਜੀ ਗੱਲ ਇਹ ਕਿ ਇਸ ਦੇ ਲੇਖਕ ਪੰਜਾਬੀ ਨਹੀਂ ਸਨ, ਸਗੋਂ ਵਿਦੇਸ਼ੀ ਈਸਾਈ ਮਿਸ਼ਨਰੀ ਸਨ। ਤੀਜੀ ਗੱਲ ਇਹ ਕਿ ਉਨ੍ਹਾਂ ਕੋਲ ਲੋੜੀਂਦੇ ਭਾਸ਼ਾ-ਵਿਗਿਆਨਕ ਦਸਤਾਵੇਜ਼ਾਂ ਦਾ ਅਭਾਵ ਸੀ। ਸੀਮਿਤ ਸਾਧਨਾਂ ਦੁਆਰਾ ਉਨ੍ਹਾਂ ਨੇ ਇਸ ਕੋਸ਼ ਨੂੰ ਵੱਧ ਤੋਂ ਵੱਧ ਪਰਿਪੂਰਣ ਬਣਾਉਣ ਦਾ ਸ਼ਲਾਘਾਯੋਗ ਜਤਨ ਕੀਤਾ। ਆਕਾਰ ਤੇ ਪ੍ਰਕਾਰ ਦੀ ਦ੍ਰਿਸ਼ਟੀ ਤੋਂ ਇਸ ਕੋਸ਼ ਦਾ ਇਤਿਹਾਸਕ ਤੇ ਗੁਣਾਤਮਕ ਮਹੱਤਵ ਨਿਸਚਿਤ ਹੈ। ਇਸ ਕੋਸ਼ ਤੋਂ ਮਗਰੋਂ ਹੋਣ ਵਾਲੇ ਕੋਸ਼ਕਾਰਾਂ ਨੇ ਪ੍ਰੇਰਣਾ ਗ੍ਰਹਿਣ ਕੀਤੀ ਅਤੇ ਇਸ ਦੀ ਸਹਾਇਤਾ ਨਾਲ ਨਵੇਂ ਕੋਸ਼ ਤਿਆਰ ਕੀਤੇ।

2. ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ (ਪਾਦਰੀ ਜਿਊਕਸ) :

ਪਾਦਰੀ ਏ. ਜਿਊਕਸ ਨੇ 1900 ਈ: ਵਿਚ ਪੱਛਮੀ ਪੰਜਾਬ ਵਿਚ ਬੋਲੀ ਜਾਣ ਵਾਲੀ ਪੰਜਾਬੀ (ਜਟਕੀ) ਦਾ ਕੋਸ਼ 'ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ' ਪ੍ਰਕਾਸ਼ਿਤ ਕੀਤਾ। ਪੱਛਮੀ ਪੰਜਾਬੀ ਜਾਂ ਜਟਕੀ ਦੇ ਕੁਝ ਸਥਾਨਕ ਨਾਮ ਇਸ ਪ੍ਰਕਾਰ ਹਨ—ਮੁਲਤਾਨੀ, ਡੇਰਾਵਾਲ, ਜਗਦਾਲੀ, ਸ਼ਾਹਪੁਰੀ, ਬਲੋਚੀ, ਪੇਸ਼ਾਵਰੀ, ਪੋਠੋਹਾਰੀ, ਹਜ਼ਾਰੀ, ਬਹਾਵਲਪੁਰੀ ਆਦਿਕ। ਪੱਛਮੀ ਪੰਜਾਬੀ ਪਠਾਣਾਂ ਦੀ ਬੋਲੀ ਨਹੀਂ, ਕੇਵਲ ਬੰਨੂ ਹਜ਼ਾਰਾ ਆਦਿ ਦੇ ਇਲਾਕਿਆਂ ਵਿਚ ਪਠਾਣ ਇਸ ਬੋਲੀ ਨੂੰ ਬੋਲਦੇ ਤੇ ਸਮਝਦੇ ਹਨ, ਪਰ ਇਨ੍ਹਾਂ ਇਲਾਕਿਆਂ ਦੇ ਪਠਾਣਾਂ ਦੀ ਮਾਤ-ਬੋਲੀ ਵੀ ਪਸ਼ਤੋ ਹੈ। ਪੱਛਮੀ ਪੰਜਾਬੀ ਅਥਵਾ ਜਟਕੀ (ਜਿਸ ਨੂੰ ਲਹਿੰਦੀ ਕਹਿਆ ਜਾਂਦਾ ਹੈ) ਪੱਛਮੀ ਪੰਜਾਬ ਦੇ ਸਾਰੇ ਵਸਨੀਕਾਂ ਦੀ ਭਾਸ਼ਾ ਹੈ। ਜਿਊਕਸ ਦੇ ਨੋਟ ਦਾ ਭਾਵ ਹੈ ਕਿ ਪੱਛਮ ਵਿਚ ਜ਼ਾਫ਼ਰ ਪਠਾਣਾਂ ਤੋਂ ਲੈ ਕੇ ਪੂਰਬ ਵਲ ਨੂੰ ਇਹੋ ਭਾਸ਼ਾ ਬੋਲੀ ਜਾਂਦੀ ਸੀ। ਡੇਰਾ ਗਾਜ਼ੀਖ਼ਾਨ ਦੇ ਪੱਛਮ ਤੋਂ

Digitized by Panjab Digital Library | www.panjabdigilib.org

ਲੈ ਕੇ ਸਿੰਧ ਦੇ ਦੱਖਣੀ ਭਾਗ ਅਤੇ ਕਸ਼ਮੀਰ ਦੀਆਂ ਹੱਦ-ਰੇਖਾਵਾਂ ਤਕ ਇਹੋ ਬੋਲੀ ਪ੍ਰਯੋਗ ਵਿਚ ਆਉਂਦੀ ਹੈ । ਇਸ ਦੇ ਬੋਲਣ ਵਾਲਿਆਂ ਦੀ ਗਿਣਤੀ ਪੰਜਾਹ ਲੱਖ ਦੇ ਕਰੀਬ ਹੈ ।[1] ਇਸ ਵਿਚ ਤਿੰਨ ਉਪਭਾਸ਼ਾਵਾਂ ਸ਼ਾਮਿਲ ਹਨ :

1. ਦੱਖਣੀ ਪੰਜਾਬੀ, ਜਿਸ ਵਿਚ ਮੁਲਤਾਨੀ, ਡੇਰਾਵਾਲੀ, ਬਹਾਵਲਪੁਰੀ ਆਦਿਕ ਉਪ-ਭਾਸ਼ਾਵਾਂ ਸੰਮਿਲਿਤ ਹਨ ।

2. ਪੋਠੋਹਾਰੀ, ਜੋ ਰਾਵਲਪਿੰਡੀ, ਜਿਹਲਮ, ਸ਼ਾਹਪੁਰ ਤੇ ਗੁਜਰਾਤ ਦੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ ।

3. ਹਜ਼ਾਰੇ ਦੀ ਉਪਭਾਸ਼ਾ ।

ਜਟਕੀ ਪੰਜਾਬੀ ਪੂਰਬੀ ਪੰਜਾਬ ਵਿਚ ਬੋਲੀ ਜਾਣ ਵਾਲੀ ਪੰਜਾਬੀ ਨਾਲੋਂ ਬਿਲਕੁਲ ਵੱਖਰੀ ਭਾਂਤ ਦੀ ਭਾਸ਼ਾ ਹੈ ।[2] ਲੇਖਕ ਪਾਦਰੀ ਜਿਉਕਸ ਨੇ ਕੋਸ਼ ਦੇ ਆਰੰਭ ਵਿਚ ਜਟਕੀ ਭਾਸ਼ਾ ਦੇ ਭੂਗੋਲਿਕ ਖੇਤਰ, ਇਸ ਦੀਆਂ ਵਿਸ਼ੇਸ਼ਤਾਵਾਂ, ਲਿੱਪੀ ਤੇ ਸਾਹਿਤ ਬਾਰੇ ਕੁਝ ਮਹੱਤਵਪੂਰਣ ਗੱਲਾਂ ਦੱਸੀਆਂ ਹਨ । ਇਸ ਭਾਸ਼ਾ ਲਈ ਆਮ ਤੌਰ ਤੇ ਫ਼ਾਰਸੀ ਲਿੱਪੀ ਦਾ ਪ੍ਰਯੋਗ ਹੁੰਦਾ ਰਹਿਆ ਹੈ, ਇਸ ਲਈ ਲੇਖਕ ਨੇ ਗੁਰਮੁਖੀ ਲਿੱਪੀ ਦਾ ਪ੍ਰਯੋਗ ਨਾ ਕਰਦਿਆਂ ਹੋਇਆਂ ਫ਼ਾਰਸੀ ਅੱਖਰ ਹੀ ਵਰਤੋਂ ਵਿਚ ਲਿਆਂਦੇ ਹਨ । ਜਟਕੀ ਵਰਣਮਾਲਾ ਵਿਚ ਲੇਖਕ ਦੇ ਕਥਨ ਅਨੁਸਾਰ ਕੁਲ 38 ਅੱਖਰ ਹਨ, ਜਿਹੜੇ ਫ਼ਾਰਸੀ ਵਰਣਮਾਲਾ ਵਿਚ ਵੀ ਮਿਲ ਜਾਂਦੇ ਹਨ । ਜਟਕੀ ਵਰਣਮਾਲਾ ਦੇ ਅੱਖਰ ਇਸ ਪ੍ਰਕਾਰ ਦਿੱਤੇ ਗਏ ਹਨ :

Alif	a'	Ta	t	Khe	Kh
Be	b	Se	s	Dal	d
Ba	b	Jim	j	Dah	d
Pe	p	Djim	j	Dah	d
Te	t	He	h	Zal	z

1. "Jatki is spoken by the Jafir Pathans and Khetrans on the West of the Dera Ghazi Khan district to Bahawalpur on the East and from Sind in the South to the confines of Kashmir in the North covering a vast area and with a population variously estimated from three to five millions."
Jukes; A, Western Punjabi & English Dictionary, p. iv.

2. "The Western Punjabi or Jatki language is quite a different language from that spoken in the Eastern Punjab. Dr. H. Martin Clark, who corrected the proofs of Bhai Maya Singh's Dictionary, found only about two words on a page of this dictionary with which he was familiar." ਇਹ ਜਿਉਕਸ ਦਾ ਹੀ ਮਤ ਹੈ । ਅਸਲ ਵਿਚ ਪੱਛਮੀ ਪੰਜਾਬੀ, ਪੰਜਾਬੀ ਦੀ ਇਕ ਉਪ-ਭਾਸ਼ਾ ਹੀ ਹੈ ।
ਉਹੀ, ਪੰ: 5.

Digitized by Panjab Digital Library | www.panjabdigilib.org

Re	r	Toe	t	Gaf	g
Ra	r	Zoe	z	Gaf	g
Ze	z	Ain	'	Lam	l
Sin	s	Ghain	gh	Mim	m
Shin	sh	fe	f	Nun	n
Swad	s	Qaf	q	Wah	w,v,o.
Zwad	z	Kaf	k	He	h
				Ye	y,i.e.

ਬਿੰਦੀ ਤੋਂ ਬਗੈਰ ਨੂਨ ں ਨੂੰ ਅਨੁਨਾਸਿਕ ਨ (n) ਕਹਿਆ ਜਾਂਦਾ ਹੈ ਅਤੇ ਇਹ ਇਕ ਵੱਖਰਾ ਅੱਖਰ ਗਿਣਿਆ ਜਾਂਦਾ ਹੈ । ਇਸ ਦੇ ਨਾਲ ਹੀ ਜਟਕੀ ਭਾਸ਼ਾ ਸੰਬੰਧੀ ਕੁਝ ਨੋਟ ਵੀ ਦਿੱਤੇ ਹਨ, ਜੋ ਭਾਸ਼ਾ ਨੂੰ ਵਧੇਰੇ ਸੁਵਿਧਾ ਨਾਲ ਗ੍ਰਹਿਣ ਕਰਨ ਵਿਚ ਸਹਾਇਕ ਸਿੱਧ ਹੁੰਦੇ ਹਨ । ਲੇਖਕ ਨੇ ਹਸ੍ਵ ਤੇ ਦੀਰਘ ਸ੍ਵਰ ਦੇਣ ਦੇ ਨਾਲ ਨਾਲ ਅਨੁਨਾਸਿਕ ਧੁਨੀ ਲਈ n ਦੇ ਪੈਰ ਵਿਚ ਬਿੰਦੀ ਵੀ ਲਾਈ ਹੈ । ਕੋਸ਼ ਵਿਚ ਲਗਭਗ 13000 ਸ਼ਬਦ ਸੰਕਲਿਤ ਕੀਤੇ ਗਏ ਹਨ । ਕੋਸ਼ ਦੇ ਕੁਲ ਪੰਨੇ 344 ਹਨ ।[1] ਹਰ ਪੰਨੇ ਉਪਰ ਦੋ ਦੋ ਕਾਲਮ ਦਿੱਤੇ ਗਏ ਹਨ । ਕੋਸ਼-ਲੇਖਨ-ਵਿਧੀ ਇਸ ਕੋਸ਼ ਵਿਚ ਲਗਭਗ ਉਹੋ ਹੀ ਹੈ, ਜਿਹੜੀ ਪੰਜਾਬੀ ਕੋਸ਼ ਵਿਚ ਅਪਣਾਈ ਗਈ ਹੈ । ਕੁਝ ਨਮੂਨੇ ਪ੍ਰਸਤੁਤ ਹਨ :

جہانداری Jahandari, F. The customs of the world, common rules of life.

جھانجھر Jhanjhar, A foot ornament with bells attached, by women.

پہلا Pehla, M. large Black ant.

دیا Daya, F. Fear.

1. ਜਿਵੇਂ ਕਿ ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ, ਇਹ ਕੋਸ਼ ਵੀ ਸ਼ਬਦਾਂ ਦੇ ਅਰਥਾਂ ਤੋਂ ਵੱਧ ਕੁਝ ਦੱਸਣ ਵਿਚ ਸਮਰੱਥ ਨਹੀਂ । ਦੂਜੇ ਸ਼ਬਦਾਂ ਵਿਚ ਇਹ ਕੋਸ਼ ਜਟਕੀ ਭਾਸ਼ਾ ਦਾ ਸਰਬਾਂਗੀ (exhaustive) ਕੋਸ਼ ਨਹੀਂ । ਇਹ ਇਸ ਕੋਸ਼ ਦਾ ਪਹਿਲਾ ਦੋਸ਼ ਹੈ ।

2. ਲੇਖਕ ਨੇ ਇਸ ਕੋਸ਼ ਵਿਚ ਜਟਕੀ ਭਾਸ਼ਾ ਦੇ ਸਾਰੇ ਸ਼ਬਦ ਸੰਮਿਲਿਤ ਨਹੀਂ ਕੀਤੇ ।

---

1. ਸਾਡਾ ਅਧਿਐਨ ਕੋਸ਼ ਦੇ ਦੂਜੇ ਸੰਸਕਰਣ ਉਪਰ ਆਧਾਰਿਤ ਹੈ, ਜੋ ਭਾਸ਼ਾ ਵਿਭਾਗ, ਪਟਿਆਲਾ ਨੇ 1961 ਈ: ਵਿਚ ਪ੍ਰਕਾਸ਼ਤ ਕੀਤਾ

Digitized by Panjab Digital Library | www.panjabdigilib.org

ਅਜਿਹਾ ਉਸ ਨ ਕਾਗਜ਼ ਤੇ ਛਪਾਈ ਦਾ ਖਰਚ ਬਚਾਉਣ ਲਈ ਕੀਤਾ ਹੈ ।[1]

3. ਕ੍ਰਿਆ ਦੇ ਤਿੰਨੋਂ ਰੂਪ ਨਹੀਂ ਦਿੱਤੇ ।

4. کھوٹ (ਖੋਟ) ਸ਼ਬਦ ਦਾ ਕੇਵਲ ਲਿੰਗ ਦਿੱਤਾ ਹੈ, ਵਿਸ਼ੇਸ਼ਣ-ਰੂਪ ਦੇ ਤੌਰ ਤੇ ਪ੍ਰਯੋਗ ਨਹੀਂ ਦਸਿਆ ।

5. ਉਚਾਰ-ਖੰਡ ਸੀਮਾ ਇਸ ਨੇ ਵੀ ਨਹੀਂ ਦਿੱਤੀ ।

6. ਕ੍ਰਿਆ ਦੇ ਸਮਾਸੀ-ਰੂਪ ਵੀ ਨਹੀਂ ਦਿੱਤੇ ।

7. ਤਰਤੀਬ ਦੇਣ ਲਈ ਜਿਊਕਸ ਨੇ ਉਰਦੂ ਲਿਪੀ ਨੂੰ ਆਧਾਰ ਬਣਾਇਆ ਹੈ । ਪੰਜਾਬੀ ਨਾਲ ਉਰਦੂ ਦੀ ਲਿਪੀਆਤਮਕ ਸਮਤਾ ਵਧੇਰੇ ਨਾ ਹੋਣ ਕਾਰਣ ਨਾ ਤਾਂ ਉਰਦੂ ਦਾ ਅੱਖਰ ਸਪਸ਼ਟ ਹੋ ਸਕਿਆ ਹੈ ਅਤੇ ਨਾ ਹੀ ਰੋਮਨ ਦਾ ।

ਪਰ ਲੇਖਕ ਇਸ ਕੋਸ਼ ਦੀਆਂ ਸੀਮਾਵਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ । ਉਸਦਾ ਮਨੋਰਥ ਜਟਕੀ-ਪੰਜਾਬੀ ਕੋਸ਼ ਲਿਖਕੇ ਪੰਜਾਬੀ ਭਾਸ਼ਾ ਦੀ ਸੇਵਾ ਕਰਨਾ ਨਹੀਂ ਸੀ, ਸਗੋਂ ਉਹ ਬਾਈਬਲ ਦੇ ਉਪਦੇਸ਼ਾਂ ਨੂੰ ਜਟਕੀ ਪੰਜਾਬੀ ਵਿਚ ਅਨੁਵਾਦ ਕਰਨ ਲਈ ਇਕ ਸ਼ਬਦ-ਸੰਗ੍ਰਹਿ ਤਿਆਰ ਕਰਨਾ ਚਾਹੁੰਦਾ ਸੀ । ਇਸ ਸੰਬੰਧ ਵਿਚ ਉਹ ਆਪਣੇ ਕੋਸ਼ ਦੇ ਮੁਖਬੰਧ ਵਿਚ ਲਿਖਦਾ ਹੈ :—

"ਜਟਕੀ ਜਾਂ ਪੱਛਮੀ ਪੰਜਾਬੀ ਕੋਸ਼ ਲਿਖਣ ਦੀ ਪਿੱਠਭੂਮੀ ਵਿਚ ਲੇਖਕ ਦਾ ਪਹਿਲਾ ਮੰਤਵ ਆਪਣੇ ਕੋਲ ਇਸ ਭਾਸ਼ਾ ਦਾ ਸ਼ਬਦ-ਸੰਗ੍ਰਹਿ ਤਿਆਰ ਕਰਨਾ ਹੈ, ਜਿਸ ਦੀ ਸਹਾਇਤਾ ਨਾਲ ਉਹ ਈਸਾ ਦਾ ਨਾਮ ਉਨ੍ਹਾਂ ਘੱਟ ਪੜ੍ਹੇ ਜਾਂ ਅਨਪੜ੍ਹ ਲੋਕਾਂ ਤਕ ਪਹੁੰਚਾ ਸਕੇ, ਜਿਨ੍ਹਾਂ ਤਕ ਉਹ ਅੱਗੇ ਨਹੀਂ ਪਹੁੰਚ ਸਕਿਆ ।"[2]

ਲੇਖਕ ਆਪਣੇ ਇਸ ਮੰਤਵ ਦੀ ਸਿੱਧੀ ਵਿਚ ਕਿਤਨਾ ਕੁ ਸਫ਼ਲ ਹੋਇਆ, ਇਹ ਤਾਂ ਦੂਜੀ ਗੱਲ ਹੈ, ਪਰ ਇਸ ਕੋਸ਼ ਦੀ ਰਚਨਾ ਦੁਆਰਾ ਉਸ ਨੇ ਪੰਜਾਬੀ ਕੋਸ਼-ਸਾਹਿਤ ਦੇ ਖੇਤਰ ਵਿਚ ਆਪਣਾ ਸਥਾਨ ਨਿਸਚਿਤ ਕਰ ਲਇਆ ਹੈ । ਪੱਛਮੀ ਪੰਜਾਬੀ ਦਾ ਇਹ ਪਹਿਲਾ ਕੋਸ਼ ਹੈ ਅਤੇ ਇਸ ਭਾਸ਼ਾ ਦਾ ਕੋਈ ਹੋਰ ਕੋਸ਼ ਅਜੇ ਤਕ ਤਿਆਰ ਨਹੀਂ ਹੋਇਆ । ਲੁਧਿਆਣਾ ਮਿਸ਼ਨ ਵਾਲੇ ਕੋਸ਼ ਨਾਲੋਂ ਇਹ ਕੋਸ਼ ਵਧੇਰੇ ਗੁਣਾਂ ਦਾ ਧਾਰਨੀ ਹੈ ।

3. ਸ਼ਾਹਪੁਰੀ ਕਾਂਗੜੀ ਗਲੋਸਰੀ (ਪਾਦਰੀ ਜੇ. ਵਿਲਸਨ) :

ਪਾਦਰੀ ਜੇ. ਵਿਲਸਨ ਦੁਆਰਾ ਲਿਖਿਤ 'ਸ਼ਾਹਪੁਰੀ ਕਾਂਗੜੀ ਗਲੋਸਰੀ' ਦਾ ਪ੍ਰਥਮ ਸੰਸਕਰਣ ਉਪਲਬਧ ਨਹੀਂ । ਭਾਸ਼ਾ ਵਿਭਾਗ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੇ ਗਏ ਦੂਜੇ ਸੰਸਕਰਣ

---

1. "In order to save expense in publishing, all words found in Mr. J. J. Platt's. Dictionary of Urdu and Classical Hindi 1884 have been excluded"
2. "In attempting to compile a Dictionary of the Jatki or Western Punjabi language, the author's first object was to provide himself with such vocabulary as would enable him or others to make an intelligible translation of the word of God for those who have hitherto been ignorant of it."
ਉਹੀ. ਪੰ: 3

Digitized by Panjab Digital Library | www.panjabdigilib.org

(1962 ਈ:) ਵਿਚ ਪਹਿਲੇ ਸੰਸਕਰਣ ਦੀ ਪ੍ਰਕਾਸ਼ਨ-ਤਿਥਿ ਨਹੀਂ ਦਿੱਤੀ ਗਈ। ਸਾਡਾ ਅਧਿਐਨ ਸ਼ਬਦਾਵਲੀ-ਸੰਗ੍ਰਹਿ (glossory) ਦੇ ਦੂਜੇ ਸੰਸਕਰਣ ਉਪਰ ਆਧਾਰਿਤ ਹੈ। ਪਹਿਲਾਂ ਇਹ ਗੱਲ ਸਪਸ਼ਟ ਕੀਤੀ ਜਾ ਚੁੱਕੀ ਹੈ ਕਿ ਸ਼ਬਦਾਵਲੀ-ਸੰਗ੍ਰਹਿ ਤੇ ਕੋਸ਼ ਦੋਹਾਂ ਵਿਚ ਅੰਤਰ ਹੁੰਦਾ ਹੈ। ਪਾਦਰੀ ਜੇ. ਵਿਲਸਨ ਦੀ ਇਹ ਰਚਨਾ ਪੰਜਾਬੀ ਉਪਭਾਸ਼ਾ ਦਾ ਕਿਸੇ ਈਸਾਈ ਮਿਸ਼ਨਰੀ ਦੁਆਰਾ ਲਿਖਿਆ ਪਹਿਲਾ ਸ਼ਬਦਾਵਲੀ-ਸੰਗ੍ਰਹਿ ਹੈ। ਇਕ ਵਿਸ਼ੇਸ਼ ਉਲੇਖਜੋਗ ਗੱਲ ਇਹ ਹੈ ਕਿ ਇਹ ਨਿਰੋਲ ਸ਼ਬਦਾਵਲੀ-ਸੰਗ੍ਰਹਿ ਹੀ ਨਹੀਂ, ਸਗੋਂ ਇਸ ਦੇ ਆਰੰਭ ਵਿਚ ਸ਼ਾਹਪੁਰ ਕਾਂਗੜੇ[1] ਦੀ ਉਪਭਾਸ਼ਾ ਦੀ ਵਿਆਕਰਣ ਵੀ ਸੰਮਿਲਿਤ ਹੈ। ਪੰਜਾਬੀ ਦੀ ਇਸ ਉਪਭਾਸ਼ਾ ਨੂੰ ਪਾਦਰੀ ਵਿਲਸਨ ਨੇ ਪਹਿਲੀ ਵਾਰੀ ਵਿਆਕਰਣ-ਬੱਧ ਕੀਤਾ ਹੈ।

ਲੇਖਕ ਨੇ ਵਿਆਕਰਣ ਵਾਲੇ ਭਾਗ ਵਿਚ ਸ਼ਾਹਪੁਰ ਦੀ ਉਪਭਾਸ਼ਾ ਵਿਚ ਮਿਲਦੇ ਸ੍ਵਰਾਂ, ਵਿਅੰਜਨਾਂ, ਸ਼ਬਦ-ਭੇਦਾਂ, ਨਾਂਵਾਂ, ਵਿਸ਼ੇਸ਼ਣਾਂ, ਲਿੰਗਾਂ (ਪੁਲਿੰਗ ਤੇ ਇਸਤ੍ਰੀ ਲਿੰਗ), ਨੰਬਰਾਂ (ਇਕ ਵਚਨ ਤੇ ਬਹੁਵਚਨ), ਕਾਰਕਾਂ, ਸੰਯੁਕਤ ਨਾਂਵਾਂ, ਯੋਜਕਾਂ, ਕ੍ਰਿਆ-ਵਿਸ਼ੇਸ਼ਣਾਂ, ਅੰਕੜਿਆਂ, ਸਮਾਸਾਂ, ਕ੍ਰਿਆਵਾਂ (ਅਕਰਮਕ ਤੇ ਸਕਰਮਕ) ਕ੍ਰਿਦੰਤਾਂ ਤੇ ਕਾਲਾਂ ਆਦਿਕ ਬਾਰੇ ਵਿਗਿਆਨਕ ਤੇ ਵਿਧੀਵਤ ਜਾਣਕਾਰੀ ਦਿੱਤੀ ਹੈ। ਵਿਆਕਰਣਕ ਨੇਮਾਂ ਦੀ ਵਿਆਖਿਆ ਕਰਦਿਆਂ ਹੋਇਆਂ ਲੇਖਕ ਨੇ ਗੱਲ ਨੂੰ ਵਧੇਰੇ ਸਪਸ਼ਟ ਕਰਨ ਲਈ ਬੜੀਆਂ ਲਾਭਕਾਰੀ ਸਾਰਿਣੀਆਂ ਵੀ ਦਿੱਤੀਆਂ ਹਨ। ਵਿਆਕਰਣ ਵਾਲੇ ਭਾਗ ਵਿਚ ਲੇਖਕ ਨੇ ਪ੍ਰਮਾਣਿਕ ਵਿਆਕਰਣ-ਲੇਖਨ-ਵਿਧੀ ਨੂੰ ਹੀ ਅਪਣਾਇਆ ਹੈ। ਵਿਆ-ਕਰਣ ਵਾਲੇ ਭਾਗ ਦੇ ਕੁਲ 66 ਪੰਨੇ ਹਨ।

ਦੂਜੇ ਭਾਗ ਵਿਚ ਲੇਖਕ ਨੇ ਨਿਤਾਪ੍ਰਤਿ ਵਰਤੋਂ ਵਿਚ ਆਉਣ ਵਾਲੇ ਲਾਭਦਾਇਕ ਸ਼ਬਦਾਂ ਦੀਆਂ ਸੂਚੀਆਂ ਦਿਤੀਆਂ ਹਨ, ਜਿਨ੍ਹਾਂ ਦੀ ਕੁਲ ਗਿਣਤੀ ਚਾਲ੍ਹੀ ਹੈ। ਸੂਚੀ-ਕ੍ਰਮ ਇਸ ਪ੍ਰਕਾਰ ਹੈ:-

1. ਸਪਤਾਹ ਦੇ ਦਿਨ
2- ਮਹੀਨਿਆਂ ਦੇ ਨਾਮ

---

1. ਸ਼ਾਹਪੁਰ ਪਾਕਿਸਤਾਨ ਵਿਚ ਹੈ, ਜਿਸਦਾ ਮੌਜੂਦਾ ਨਾਮ ਜ਼ਿਲਾ ਸਰਗੋਧਾ ਹੈ। ਸ਼ਾਹਪੁਰੀ ਲਹਿੰਦੀ ਦੀ ਉਪ-ਬੋਲੀ (sub-dialect) ਹੈ। ਇਹ ਪੋਠੋਹਾਰੀ ਤੇ ਮੁਲਤਾਨੀ ਦੇ ਵਿਚਕਾਰਲੀ ਬੋਲੀ ਹੈ। ਇਸ ਵਿਚ ਕੁਝ ਗੁਣ ਪੋਠੋਹਾਰੀ ਦੇ ਅਤੇ ਕੁਝ ਗੁਣ ਮੁਲਤਾਨੀ ਦੇ ਹਨ। ਗਰੀਅਰਸਨ ਨੇ ਇਸ ਨੂੰ ਸਟੈਂਡਰਡ ਲਹਿੰਦੀ ਮੰਨਿਆ ਹੈ, ਪਰ ਹੋਰ ਲੇਖਕ ਇਸ ਨੂੰ ਲਹਿੰਦੀ ਦਾ ਸਟੈਂਡਰਡ ਰੂਪ ਨਹੀਂ ਮੰਨਦੇ। ਇਸੇ ਜਿਲਦ ਵਿਚ ਕਾਂਗੜੀ ਉਪਰ ਵੀ ਕੁਝ ਨੋਟ ਦਿੱਤੇ ਗਏ ਹਨ। ਕਾਂਗੜਾ ਅੱਜਕਲ੍ਹ ਦੇ ਹਿਮਾਚਲ-ਪ੍ਰਦੇਸ਼ ਵਿਚ ਹੈ। ਸੰਨ 1966 ਈ: ਵਿਚ ਹੀ ਇਸ ਨੂੰ ਪੰਜਾਬ ਨਾਲੋਂ ਵੱਖ ਕੀਤਾ ਗਇਆ ਹੈ। ਕਾਂਗੜੀ ਨੂੰ ਗਰੀਅਰਸਨ ਨੇ ਡੋਗਰੀ ਦਾ ਇਕ ਰੂਪ ਮੰਨਿਆ ਹੈ ਤੇ ਡੋਗਰੀ ਨੂੰ ਪੰਜਾਬੀ ਦੀ ਉਪਭਾਸ਼ਾ ਕਹਿਆ ਹੈ। ਅਸਲ ਵਿਚ ਕਾਂਗੜੀ ਦਾ ਇਹ ਕੰਮ ਓਬਰਾਇਨ ਨੇ ਕੀਤਾ ਸੀ ਅਤੇ ਗ੍ਰਾਹਮ ਬੇਲੀ ਨੇ ਉਸ ਦੀ ਸੋਧ ਕੀਤੀ ਸੀ। ਵਿਲਸਨ ਨੇ ਇਸ ਨੂੰ ਨਵੇਂ ਸਿਰਿਉਂ ਤਰਤੀਬ ਦੇ ਕੇ ਅਤੇ ਹੋਰ ਸ਼ੋਧ-ਸੁਧਾਈ ਕਰਕੇ ਇਸੇ ਪੁਸਤਕ ਵਿਚ ਦੇ ਦਿੱਤਾ। ਪੁਸਤਕ ਦੇ ਸਿਰਲੇਖ ਤੋਂ ਜਾਪਦਾ ਹੈ ਕਿ ਸ਼ਾਹਪੁਰੀ ਕਾਂਗੜੀ ਇਕੋ ਭਾਸ਼ਾ ਹੈ, ਪਰ ਇਹ ਬਿਲਕੁਲ ਵੱਖ ਵੱਖ ਭਾਸ਼ਾਵਾਂ ਹਨ—ਇਕ ਲਹਿੰਦੀ ਦੀ ਉਪ-ਭਾਸ਼ਾ ਅਤੇ ਦੂਜੀ ਡੋਗਰੀ ਦੀ ਉਪਭਾਸ਼ਾ।

Digitized by Panjab Digital Library | www.panjabdigilib.org

3. ਕੰਪਾਸ ਦੇ ਨੁਕਤੇ
4. ਭੂਗੋਲਿਕ ਤਕਨੀਕੀ ਸ਼ਬਦ
5. ਪ੍ਰਿਕਿਰਤਕ ਵਸਤੂਆਂ
6. ਅਦਭੁੱਤ ਪ੍ਰਿਕਿਰਤਕ ਵਸਤੂਆਂ
7. ਧਰਤੀਆਂ
8. ਦਰਖ਼ਤ, ਪੌਦੇ ਤੇ ਘਾਹ
9. ਜੰਗਲੀ ਜਾਨਵਰ
10. ਪੰਛੀ
11. ਜੰਤੂ (Insects).
12. ਸੱਪ ਤੇ ਸਪੇਰੇ
13. ਘਰੇਲੂ ਪਸ਼ੂ
14. ਡੰਗਰ
15. ਊਠ
16. ਪਸ਼ੂਆਂ ਨੂੰ ਬਲਾਉਣ ਲਈ ਵਰਤੇ ਜਾਂਦੇ ਸ਼ਬਦ
17. ਪਸ਼ੂਆਂ ਦੀਆਂ ਆਵਾਜ਼ਾਂ
18. ਪਸ਼ੂ ਦੀ ਚੋਰੀ
19. ਰੰਗ
20. ਸਰੀਰ ਦੇ ਅੰਗ
21. ਬੀਮਾਰੀਆਂ
22. ਪਸ਼ੂ ਦੀਆਂ ਬੀਮਾਰੀਆਂ
23. ਘਰ ਤੇ ਖੇਤ-ਘਰ
24. ਫ਼ਰਨੀਚਰ
25. ਕੱਪੜੇ, ਪਹਿਰਾਵੇ ਤੇ ਗਹਿਣੇ
26. ਭੋਜਨ
27. ਨਾਮ ਤੇ ਲਘੂ-ਨਾਮ
28, ਆਸਣ (Postures).
29. ਕੱਤਣਾ
30. ਬੁਣਨਾ
31. ਖੇਤੀਬਾੜੀ
32. ਪੈਮਾਨੇ
33. ਲਿਖਣਾ, ਹਿਸਾਬ-ਕਿਤਾਬ ਤੇ ਉਧਾਰ
34. ਜਾਤੀਆਂ ਦੇ ਕਿੱਤੇ

Digitized by Panjab Digital Library | www.panjabdigilib.org

35. ਰਿਸ਼ਤੇਦਾਰੀ
36. ਰੀਤਾਂ ਰਸਮਾਂ ਤੇ ਧਰਮ
37. ਪੇਂਡੂ ਜੀਵਨ
38. ਖੇਡਾਂ
39. ਕਵਿਤਾ, ਸੰਗੀਤ ਤੇ ਨ੍ਰਿਤ
40. ਖੇਡਾਂ ਤੇ ਹਥਿਆਰ

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਉਪਰੋਕਤ ਸ਼੍ਰੇਣੀਬੱਧ ਮੂਲਭੂਤ ਸ਼ਬਦਾਵਲੀ (classified basic vocabulary) ਕਿਸੇ ਭਾਸ਼ਾ ਦਾ ਇਤਿਹਾਸ ਜਾਣਨ ਲਈ ਬੜੀ ਉਪਯੋਗੀ ਅਤੇ ਸਹਾਇਕ ਸਿੱਧ ਹੁੰਦੀ ਹੈ। ਸੰਸਕ੍ਰਿਤ, ਯੂਨਾਨੀ ਤੇ ਲਾਤੀਨੀ ਆਦਿ ਭਾਸ਼ਾਵਾਂ ਦੀ ਮੁੱਢਲੀ ਸਾਂਝ ਇਸੇ ਸ਼ਬਦਾਵਲੀ ਦੇ ਅਧਿਐਨ ਦੇ ਆਧਾਰ ਉਤੇ ਸਥਾਪਿਤ ਕੀਤੀ ਗਈ ਸੀ। ਇਸ ਪੱਖ ਤੋਂ ਵਿਲਸਨ ਦੀ ਦੇਣ ਬੜੀ ਮਹੱਤਵਪੂਰਣ ਹੈ।

ਸ਼ਬਦਾਂ ਨੂੰ ਰੋਮਨ ਅੱਖਰਾਂ ਵਿਚ ਲਿਖਣ ਸਮੇਂ ਉੱਚਾਰਣ ਸ਼ਾਹਪੁਰ ਦੀ ਉਪਭਾਸ਼ਾ ਵਾਲਾ ਹੀ ਰਖਿਆ ਗਇਆ ਹੈ। ਇਹ ਭਾਗ 62 ਪੰਨਿਆਂ ਵਿਚ ਸਮਾਇਆ ਹੋਇਆ ਹੈ।

ਤੀਜੇ ਭਾਗ ਵਿਚ ਦੋਆਬੇ ਵਿਚ ਬੋਲੀ ਜਾਣ ਵਾਲੀ ਉਪਭਾਸ਼ਾ (ਦੋਆਬੀ) ਤੇ ਪਹਾੜੀ ਉਪਭਾਸ਼ਾ ਦੇ ਨਮੂਨੇ ਵੀ ਪੇਸ਼ ਕੀਤੇ ਗਏ ਹਨ। ਇਹ ਨਮੂਨੇ ਰੋਮਨ ਲਿੱਪੀ ਵਿਚ ਦਿੱਤੇ ਗਏ ਹਨ। ਇਨ੍ਹਾਂ ਨਮੂਨਿਆਂ ਦਾ ਅੰਗ੍ਰੇਜ਼ੀ ਅਨੁਵਾਦ ਵੀ ਪੇਸ਼ ਕੀਤਾ ਗਇਆ ਹੈ, ਜੋ ਉਪਭਾਸ਼ਾਵਾਂ ਨੂੰ ਸਮਝਣ ਵਿਚ ਸੁਵਿਧਾ ਪੈਦਾ ਕਰਦਾ ਹੈ। ਇਨ੍ਹਾਂ ਨਮੂਨਿਆਂ ਦੇ ਹੇਠਾਂ ਦਿੱਤੇ ਫੁੱਟ ਨੋਟਾਂ ਵਿਚ ਲੇਖਕ ਨੇ ਇਨ੍ਹਾਂ ਦਾ ਵਿਆਕਰਣਕ ਵਿਸ਼ਲੇਸ਼ਣ ਕੀਤਾ ਹੈ। ਇਸ ਭਾਗ ਦੇ ਕੁਲ ਅੱਠ ਪੰਨੇ ਹਨ।

ਚੌਥੇ ਭਾਗ ਵਿਚ ਸ਼ਾਹਪੁਰ ਜ਼ਿਲੇ ਵਿਚ ਪ੍ਰਚਲਿਤ ਅਖਾਣ ਤੇ ਮੁਹਾਵਰੇ ਪ੍ਰਸਤੁਤ ਕੀਤੇ ਗਏ ਹਨ। ਇਨ੍ਹਾਂ ਅਖਾਣਾਂ ਤੇ ਮੁਹਾਵਰਿਆਂ ਦਾ ਵੀ ਭਿੰਨ ਭਿੰਨ ਸਿਰਲੇਖਾਂ ਹੇਠਾਂ ਵਰਗੀਕਰਣ ਕੀਤਾ ਗਇਆ ਹੈ, ਜਿਵੇਂ ਕਿ ਮੌਸਮ ਸੰਬੰਧੀ, ਧਰਤੀ, ਮੀਂਹ, ਰੁੱਤਾਂ, ਵਾਹੀ, ਬਿਜਾਈ, ਫ਼ਸਲਾਂ, ਪਸ਼ੂਆਂ, ਘਰੋਗੀ ਜੀਵਨ, ਆਚਰਣ, ਅਫ਼ੀਮ, ਭੰਗ, ਚਰਸ ਆਦਿਕ ਸੰਬੰਧੀ। ਕੁਝ ਉਦਾਹਰਣ ਪ੍ਰਸਤੁਤ ਹਨ :

1. "Chitti dahri te ata khrab."
2. "Rajjea Jat kare kulall,
   Rajji majjh na khawe khal."
3, "Gadde jawar te jamman moti;
   kirar nu vahi khoti."
4. "Siro ganjji te kangghia da jora."

ਇਨ੍ਹਾਂ ਅਖਾਣਾਂ ਤੇ ਮੁਹਾਵਰਿਆਂ ਦਾ ਅੰਗ੍ਰੇਜ਼ੀ ਅਨੁਵਾਦ ਵੀ ਨਾਲ ਨਾਲ ਦਿੱਤਾ ਗਇਆ ਹੈ। ਇਸ ਭਾਗ ਦੇ ਕੁਲ 45 ਪੰਨੇ ਹਨ।

Digitized by Panjab Digital Library | www.panjabdigilib.org

ਪੰਜਵੇਂ ਭਾਗ ਵਿਚ ਸ਼ਾਹਪੁਰ ਤੇ ਦੁਆਬੇ[1] ਵਿਚ ਪ੍ਰਚਲਿਤ ਕਵਿਤਾਵਾਂ ਦਰਜ ਹਨ। ਇਸ ਭਾਗ ਵਿਚ ਗਿਰੋਟ (ਜਿਹਲਮ) ਦੇ ਸ਼ੇਰਮੁਹੰਮਦ ਅਵਾਨ ਦੀ ਦੋਆਬੀ ਕਵਿਤਾ 'ਮੁੱਠ' ਤੇ ਜਿਹਲਮ ਦੇ ਨਾਲ ਲੱਗਦੇ ਪਿੰਡਾਂ ਦਾ ਕਿੱਸਾ, ਨਜਾਬਤ (ਚਨਾਬ ਦੀ ਵਾਦੀ ਦੇ ਵਸਨੀਕ) ਦੀ ਨਾਦਰਸ਼ਾਹ ਦੀ ਵਾਰ ਵਿਚੋਂ ਕੁਝ ਭਾਗ ਤੇ ਕੁਝ ਹੋਰ ਕਵਿਤਾਵਾਂ ਸੰਕਲਿਤ ਹਨ। ਇਕ ਉਦਾਹਰਣ ਪ੍ਰਸਤੁਤ ਹੈ :

"Raho ni jinha itthe rehna, asi rah musafir khalia.
Pei kaha vichhorewali, latt de rakabe charhia.
Darakhta ve, tu man karena, kath kuhara sir te,
sab kap ghatia ne sarhia.
Hikna da chun balan balda, hik rang mahalle charhia.
Hikna nu shdh Ranjhu milea, hikk usas bharendia khalia."

ਇਨ੍ਹਾਂ ਕਵਿਤਾਵਾਂ ਦਾ ਅੰਗ੍ਰੇਜ਼ੀ ਅਨੁਵਾਦ ਵੀ ਨਾਲ ਹੀ ਦਿੱਤਾ ਗਇਆ ਹੈ। ਕਵਿਤਾਵਾਂ ਵਾਲੇ ਇਸ ਭਾਗ ਦੇ ਕੁਲ 36 ਪੰਨੇ ਹਨ।

ਪੁਸਤਕ ਦੇ ਛੇਵੇਂ ਤੇ ਅੰਤਿਮ ਭਾਗ ਵਿਚ ਸ਼ਾਹਪੁਰ ਕਾਂਗੜੀ ਉਪਭਾਸ਼ਾ ਕੋਸ਼ ਦਿੱਤਾ ਗਇਆ ਹੈ, ਜਿਸ ਵਿਚ ਲਗਭਗ 2000 ਸ਼ਬਦ ਸੰਕਲਿਤ ਹਨ। ਇਹ ਕੋਸ਼ ਵੀ ਪਹਿਲੇ ਕੋਸ਼ਾਂ ਵਾਂਗ ਕੇਵਲ ਸ਼ਬਦਾਂ ਦੇ ਅਰਥ ਦੱਸਣ ਦੇ ਹੀ ਸਮਰੱਥ ਹੈ। ਇਸ ਤੋਂ ਵੱਧ ਜਾਣਕਾਰੀ ਇਸ ਕੋਸ਼ ਤੋਂ ਸ਼ਾਹਪੁਰੀ ਉਪਭਾਸ਼ਾ ਦੇ ਸ਼ਬਦਾਂ ਬਾਰੇ ਨਹੀਂ ਮਿਲਦੀ। ਕਾਂਗੜੀ ਦਾ ਵਿਵਰਣ ਸ਼ਾਹਪੁਰੀ ਦੀ ਤੁਲਨਾ ਵਿਚ ਬਹੁਤ ਥੋੜਾ ਹੈ। ਭਾਵੇਂ ਅਨੁਨਾਸਿਕ ਚਿੰਨ੍ਹ ਤਾਂ ਪਹਿਲੀ ਵਾਰੀ ਵਿਲਸਨ ਨੇ ਅੰਕਿਤ ਕੀਤੇ, ਪਰ ਸੁਰਾਂ ਦਾ ਵਿਵਰਣ ਬਿਲਕੁਲ ਨਹੀਂ ਦਿੱਤਾ ਗਇਆ। ਕੋਸ਼ ਵਿਚਲੇ ਸ਼ਬਦਾਂ ਨੂੰ ਅੰਗ੍ਰੇਜ਼ੀ ਵਰਣ-ਮਾਲਾ ਦੇ ਅੱਖਰਾਂ ਅਨੁਸਾਰ ਤਰਤੀਬ ਦਿੱਤੀ ਗਈ ਹੈ। ਕੋਸ਼-ਲੇਖਨ ਵਿਧੀ ਨਿਮਨਲਿਖਿਤ ਉਦਾਹਰਣਾਂ ਨਾਲ ਸਪਸ਼ਟ ਹੋ ਜਾਂਦੀ ਹੈ :

chhillar s. m. bark, rind, skin of any fruit; rupee.
phatt s. m. wound.
lassi s. f. butter-milk.
madhani s. f. churning-stick.

ਇਹ ਕੋਸ਼ 69 ਪੰਨਿਆਂ ਵਿਚ ਸਮਾਇਆ ਹੋਇਆ ਹੈ।

---

1. ਸਾਧਾਰਣ ਪੰਜਾਬੀ ਵਿਚ 'ਦੁਆਬੇ' ਤੋਂ ਭਾਵ ਦੁਆਬਾ 'ਬਿਸਤ ਜਲੰਧਰ' ਲਿਆ ਜਾਂਦਾ ਹੈ। ਇਹ ਬਿਆਸ ਤੇ ਸਤਲੁਜ ਦੇ ਵਿਚਕਾਰਲਾ ਇਲਾਕਾ ਹੈ, ਜਿਸ ਵਿਚ ਜ਼ਿਲਾ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਸ਼ਮਿਲ ਹਨ। ਏਥੇ ਵਿਲਸਨ ਜ਼ਿਲਾ ਸ਼ਾਹਪੁਰ ਦੀ ਬੋਲੀ ਦਾ ਵਿਵਰਣ ਦੇ ਰਿਹਾ ਹੈ। ਇਸ ਲਈ ਏਥੇ ਦੁਆਬੇ ਤੋਂ ਉਸਦਾ ਭਾਵ 'ਰਹਨਾ ਦੁਆਬ' ਅਰਥਾਤ ਰਾਵੀ ਤੇ ਝਨਾਂ (ਚਨਾਬ) ਦੇ ਵਿਚਲਾ ਇਲਾਕਾ ਹੈ।

Digitized by Panjab Digital Library | www.panjabdigilib.org

ਸ਼ਬਦਾਵਲੀ ਸੰਗ੍ਰਹਿ ਦੇ ਅੰਤ ਵਿਚ ਅੱਠ ਪਰਿਸ਼ਿਸ਼ਟ ਦਿੱਤੇ ਗਏ ਹਨ, ਜਿਨ੍ਹਾਂ ਵਿਚ ਕਾਂਗੜੀ ਉਪਭਾਸ਼ਾ ਦੇ ਵਿਆਕਰਣਕ ਲੱਛਣ, ਗੱਦੀ ਉਪਭਾਸ਼ਾ ਦੇ ਗੀਤ, ਵਿਆਕਰਣਕ ਲੱਛਣ, ਕਾਂਗੜੀ ਉਪਭਾਸ਼ਾ ਦਾ ਅੱਖਰਵਾਰ ਸ਼ਬਦ-ਸੰਗ੍ਰਹਿ, ਕਾਂਗੜੇ ਦੀਆਂ ਤਿਤਲੀਆਂ, ਪੰਛੀਆਂ, ਜੀਵ-ਜੰਤੂਆਂ, ਪੂਜੇ ਜਾਂਦੇ ਪੰਛੀਆਂ ਆਦਿਕ ਦੇ ਨਾਮਾਂ ਦੀਆਂ ਸੂਚੀਆਂ ਦਰਜ ਹਨ। ਇਹ ਪਰਿਸ਼ਿਸ਼ਟ 82 ਪੰਨਿਆਂ ਵਿਚ ਸਮਾਏ ਹੋਏ ਹਨ। ਪੰਜਾਬੀ ਦੀ ਕਿਸੇ ਉਪਭਾਸ਼ਾ ਦਾ ਪਹਿਲੀ ਵਾਰੀ ਇਤਨੇ ਵੱਡੇ ਆਕਾਰ ਦਾ ਸ਼ਬਦਾਵਲੀ-ਸੰਗ੍ਰਹਿ ਤਿਆਰ ਹੋਇਆ ਹੈ। ਪਾਦਰੀ ਜੇ. ਵਿਲਸਨ ਦੀ ਇਹ ਕਿਰਤ ਪੰਜਾਬੀ ਭਾਸ਼ਾ ਨੂੰ ਇਕ ਮਹੱਤਵਪੂਰਣ ਦੇਣ ਹੈ।

ਛੁਟਕਲ ਕੰਮ :

ਇਨ੍ਹਾਂ ਮਹੱਤਵਪੂਰਣ ਕੋਸ਼ਾਂ ਤੇ ਸ਼ਬਦਾਵਲੀ-ਸੰਗ੍ਰਹਿ ਤੋਂ ਇਲਾਵਾ ਈਸਾਈ ਮਿਸ਼ਨਰੀਆਂ ਨੇ ਕੁਝ ਹੋਰ ਵਿਦਵਾਨਾਂ ਨੂੰ ਪ੍ਰੇਰਣਾ ਦੇ ਕੇ ਪੰਜਾਬੀ ਕੋਸ਼ ਵੀ ਲਿਖਵਾਏ। ਇਨ੍ਹਾਂ ਕੋਸ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਭਾਈ ਮੱਯਾ ਸਿੰਘ ਦੁਆਰਾ ਤਿਆਰ ਕੀਤਾ ਗਇਆ ਪੰਜਾਬੀ ਕੋਸ਼ 1895 ਈ: ਵਿਚ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਨੇ ਮੁਫ਼ੀਦ-ਇ-ਆਮ ਪ੍ਰੈਸ, ਲਾਹੌਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ। ਇਸ ਕੋਸ਼ ਦੀ ਭੂਮਿਕਾ ਵਿਚ ਲਿਖਿਆ ਹੈ ਕਿ 1884 ਈ: ਵਿਚ ਮਿਸਟਰ ਵੈਨਜ਼ਿਲ ਇਬਟਸਨ ਨੇ ਪੰਜਾਬੀ ਦੇ ਨਵੇਂ ਸ਼ਬਦ-ਕੋਸ਼ ਨੂੰ ਤਿਆਰ ਕਰਨ ਦੀ ਸਲਾਹ ਦਿੱਤੀ, ਕਿਉਂਕਿ ਉਸ ਦੇ ਮਤ ਅਨੁਸਾਰ ਲੁਧਿਆਣਾ ਮਿਸ਼ਨ ਪ੍ਰੈਸ ਦੁਆਰਾ ਤਿਆਰ ਕੀਤਾ ਹੋਇਆ ਪੰਜਾਬੀ ਸ਼ਬਦ-ਕੋਸ਼ ਕੇਵਲ ਲੁਧਿਆਣਾ ਤੇ ਉਸ ਦੇ ਆਸ ਪਾਸ ਦੀਆਂ ਉਪਭਾਸ਼ਾਵਾਂ ਤਕ ਹੀ ਸੀਮਿਤ ਸੀ ਅਤੇ ਹੁਣ ਛਾਪੇ ਤੋਂ ਬਾਹਰ ਸੀ।[1] ਪੰਜਾਬ ਸਰਕਾਰ ਨੇ ਚਿੱਠੀ ਨੰਬਰ 203, ਮਿਤਿ 4-6-1884 ਈ: ਦੁਆਰਾ ਕੋਹਿਨੂਰ ਪ੍ਰੈਸ ਦੇ ਮਾਲਕ ਮੁਨਸ਼ੀ ਹਰਸੁਖਰਾਇ ਨੂੰ ਪੰਜਾਬੀ ਸ਼ਬਦ-ਕੋਸ਼ ਸੋਧ ਕੇ, ਵਿਸ਼ਾਲ ਤੇ ਵਿਸਤ੍ਰਿਤ ਰੂਪ ਵਿਚ ਛਾਪਣ ਲਈ ਕਹਿਆ।[2] ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਐਚਿਸਨ (Sir Charles Aitchison) ਨੇ ਨਵੇਂ ਪੰਜਾਬੀ ਸ਼ਬਦ-ਕੋਸ਼ ਵਿਚ ਵੱਧ ਤੋਂ ਵੱਧ ਪੰਜਾਬੀ ਦੀਆਂ ਉਪਭਾਸ਼ਾਵਾਂ ਨੂੰ ਸ਼ਾਮਿਲ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਇਆ ਸੀ।[3] ਭਾਈ ਮੱਈਆ ਸਿੰਘ ਨੇ ਬੜੀ ਮਿਹਨਤ ਤੇ ਘਾਲਣਾ ਦੁਆਰਾ ਅਤੇ **ਮਿਸਟਰ ਈ. ਓ. ਬ੍ਰੈਨ, ਪਾਦਰੀ ਗਿਲਫ਼ੋਰਡ, ਭਾਈ ਕਾਨ੍ਹ ਸਿੰਘ ਆਦਿਕ ਵਿਦਵਾਨਾਂ ਦੀ ਸਹਾਇਤਾ ਨਾਲ ਉਪਰੋਕਤ ਵਿਸ਼ਾਲ ਪੰਜਾਬੀ ਸ਼ਬਦ-ਕੋਸ਼ ਤਿਆਰ ਕੀਤਾ**।[4] ਇਸ ਕੋਸ਼ ਦੇ 1200 ਤੋਂ ਵੱਧ ਪੰਨੇ ਹਨ। ਅਜਿਹਾ ਮਹਾਨ ਕਾਰਜ ਕਦੇ ਵੀ ਸਿਰੇ ਨਾ ਚੜ੍ਹਦਾ, ਜੇ ਈਸਾਈ ਮਿਸ਼ਨਰੀਆਂ ਦਾ ਤੇ ਪੰਜਾਬ ਸਰਕਾਰ ਦਾ ਸਹਿਯੋਗ ਭਾਈ ਮੱਈਆ ਸਿੰਘ ਨੂੰ ਪ੍ਰਾਪਤ ਨਾ ਹੁੰਦਾ।

---

1. Maya Singh; Bhai, The Panjabi Dictionary, Preface, p. 2.
2. ਉਹੀ, ਪੰ: 2.
3. ਉਹੀ, ਪੰ: 2.
4. ਉਹੀ, ਪੰ: 2.

Digitized by Panjab Digital Library | www.panjabdigilib.org

2. ਪੰਜਾਬੀ ਸ਼ਬਦ-ਕੋਸ਼ ਨੂੰ ਵੱਡੇ ਆਕਾਰ ਵਿਚ ਵੇਖਣ ਦੀ ਚਾਹ ਲੁਧਿਆਣਾ ਮਿਸ਼ਨ ਦੇ ਅਧਿਕਾਰੀਆਂ ਦੇ ਦਿਲ ਵਿਚ ਹਰ ਸਮੇਂ ਸਮਾਈ ਰਹਿੰਦੀ ਸੀ। 1922 ਈ: ਵਿਚ ਉਨ੍ਹਾਂ ਨੇ ਬਿਸ਼ਨਦਾਸ ਪੁਰੀ ਨੂੰ ਪ੍ਰੇਰਣਾ ਦੇ ਕੇ ਉਸ ਪਾਸੋਂ ਪੰਜਾਬੀ ਦਾ ਇਕ ਹੋਰ ਸ਼ਬਦ-ਕੋਸ਼ ਤਿਆਰ ਕਰਵਾਇਆ। ਇਹ ਕੋਸ਼ 1922 ਈ: ਵਿਚ ਪੰਜਾਬ ਬੁੱਕ ਸੋਸਾਇਟੀ ਨੇ ਮੁਫ਼ੀਦ-ਇ-ਆਮ ਪ੍ਰੈਸ, ਲਾਹੌਰ ਤੋਂ ਮੁਦ੍ਰਿਤ ਕਰਵਾ ਕੇ ਪਹਿਲੀ ਵਾਰੀ ਪ੍ਰਕਾਸ਼ਿਤ ਕੀਤਾ। ਇਸ ਕੋਸ਼ ਦੀ ਭੂਮਿਕਾ ਪਾਦਰੀ ਈ. ਸਮਿਥ ਨੇ ਲਿਖੀ! ਭਾਈ ਕਾਹਨ ਸਿੰਘ ਦੇ ਮਹਾਨ-ਕੋਸ਼ ਵਾਲੇ ਸਾਈਜ਼ ਵਿਚ ਛਪੇ ਇਸ ਕੋਸ਼ ਦੇ 1058 ਪੰਨੇ ਹਨ।

3. ਪੰਜਾਬ ਸਰਕਾਰ ਦੇ ਇਕ ਉੱਚ-ਅਧਿਕਾਰੀ ਮਿਸਟਰ ਈ. ਓ' ਬ੍ਰੇਨ ਨੂੰ 'ਮੁਲਤਾਨੀ ਸ਼ਬਦਾਵਲੀ ਸੰਗ੍ਰਹਿ' ਤਿਆਰ ਕਰਨ ਵਿਚ ਪਾਦਰੀ ਜੇ. ਵਿਲਸਨ ਨੇ ਪੂਰਾ ਪੂਰਾ ਸਹਿਯੋਗ ਦਿੱਤਾ ਅਤੇ ਉਸ ਦੇ ਦੂਜੇ ਸੰਸਕਰਣ ਦਾ ਆਮ ਸੰਸ਼ੋਧਨ ਕਰਕੇ ਆਪ ਉਸ ਦੀ ਭੂਮਿਕਾ ਲਿਖੀ। ਭਾਸ਼ਾ ਵਿਭਾਗ, ਪਟਿਆਲਾ ਨੇ 'ਮੁਲਤਾਨੀ ਗਲੋਸਰੀ' ਦਾ ਪਾਦਰੀ ਵਿਲਸਨ ਦੁਆਰਾ ਸੰਸ਼ੋਧਿਤ ਸੰਸਕਰਣ ਹੀ ਮੁੜ ਛਾਪਿਆ ਹੈ। ਈਸਾਈ ਪਾਦਰੀਆਂ ਨੇ ਇਸ ਪ੍ਰਕਾਰ ਅਸਿੱਧੇ ਤੌਰ ਤੇ ਵੀ ਪੰਜਾਬੀ ਕੋਸ਼ਕਾਰੀ ਵਿਚ ਯੋਗਦਾਨ ਦਿੱਤਾ।

3. ਫੁਟਕਲ ਕਿਰਤਾਂ :

ਈਸਾਈ ਮਿਸ਼ਨਰੀਆਂ ਦੁਆਰਾ ਲਿਖਿਤ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਦੋ ਹੋਰ ਪੁਸਤਕਾਂ ਵੀ ਪ੍ਰਕਾਸ਼ਿਤ ਰੂਪ ਵਿਚ ਮਿਲਦੀਆਂ ਹਨ, ਜਿਨ੍ਹਾਂ ਦੇ ਨਾਮ ਕ੍ਰਮਵਾਰ ਇਸ ਪ੍ਰਕਾਰ ਹਨ :

(ੳ) 'ਈਡੀਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ'
(ਪਾਦਰੀ ਐਲ. ਜੇਨਵੀਅਰ)

(ਅ) 'ਪੰਜਾਬੀ ਪ੍ਰੋਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼ ਇਨ ਰੋਮਨ ਪੰਜਾਬੀ'
(ਪਾਦਰੀ ਕੈਨਨ ਡਬਲਿਊ. ਪੀ. ਹੇਅਰਸ)

ਇਨ੍ਹਾਂ ਰਚਨਾਵਾਂ ਦਾ ਇਸੇ ਕ੍ਰਮ ਵਿਚ ਅਧਿਐਨ ਕਰਨਾ ਉਪਯੋਗੀ ਸਿੱਧ ਹੋਵੇਗਾ।

(ੳ) ਈਡੀਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ : (ਪਾਦਰੀ ਐਲ. ਜੇਨਵੀਅਰ) :

ਇਹ ਪੁਸਤਕ 126 ਵਰ੍ਹੇ ਪੁਰਾਣੀ ਹੈ। ਪਾਦਰੀ ਐਲ. ਜੇਨਵੀਅਰ ਨੇ 1846 ਈ: ਵਿਚ ਇਸ ਪੁਸਤਕ ਨੂੰ ਲੁਧਿਆਣਾ ਅਮੇਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਪ੍ਰੈਸ ਵਿਚ ਛਪਵਾ ਕੇ ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਵਿਚ, ਜਿਹਾ ਕਿ ਪੁਸਤਕ ਦੇ ਨਾਮ ਤੋਂ ਹੀ ਪ੍ਰਗਟ ਹੈ, ਪੰਜਾਬੀ ਭਾਸ਼ਾ ਦੇ ਮੁਹਾਵਰੇਦਾਰ ਵਾਕ ਸੰਕਲਿਤ ਕੀਤੇ ਗਏ ਹਨ। ਇਨ੍ਹਾਂ ਵਾਕਾਂ ਦੇ ਸਾਹਮਣੇ ਪਾਸੇ ਉਨ੍ਹਾਂ ਦਾ ਅੰਗ੍ਰੇਜ਼ੀ ਅਨੁਵਾਦ ਦਿੱਤਾ ਗਇਆ ਹੈ। ਪੁਸਤਕ ਲਿਖਣ ਦਾ ਪ੍ਰਯੋਜਨ ਪੰਜਾਬੀ ਭਾਸ਼ਾ ਵਿਚ ਆਮ ਬੋਲ-ਚਾਲ ਵਿਚ ਆਉਣ ਵਾਲੀਆਂ ਗੱਲਾਂ ਅਤੇ ਉਨ੍ਹਾਂ ਦੇ ਬੋਲਣ ਦੇ ਲਹਿਜੇ ਨੂੰ ਸਮਝਾਉਣਾ ਹੈ। **ਪੁਸਤਕ ਵਿਚ ਕ੍ਰਮਵਾਰ ਇਸ ਪ੍ਰਕਾਰ ਸਿਰਲੇਖ ਦਿੱਤੇ ਗਏ ਹਨ :**

Digitized by Panjab Digital Library | www.panjabdigilib.org

ਆਰੰਭ ਦੀਆਂ ਗੱਲਾਂ
ਫੌਜਦਾਰੀ ਦੀਆਂ ਗੱਲਾਂ
ਅਦਾਲਤ ਦੀਆਂ ਗੱਲਾਂ
ਸੁਦਾਗਰੀ ਦੀਆਂ ਗੱਲਾਂ
ਬੈਦੰਗੀ ਦੀਆਂ ਗੱਲਾਂ
ਹਰ ਪ੍ਰਕਾਰ ਦੀਆਂ ਗੱਲਾਂ

ਇਨ੍ਹਾਂ ਸਿਰਲੇਖਾਂ ਹੇਠਾਂ ਉਪ-ਸਿਰਲੇਖ ਵੀ ਦਿੱਤੇ ਗਏ ਹਨ, ਜਿਵੇਂ ਪਹਿਲਾ ਪਾਠ, ਦੂਜਾ ਪਾਠ, ਤੀਜਾ ਪਾਠ ਆਦਿਕ। ਪੰਜਾਬੀ ਦੇ ਮੁਹਾਵਰੇਦਾਰ ਵਾਕਾਂ ਦੀਆਂ ਕੁਝ ਉਦਾਹਰਣਾਂ ਪ੍ਰਸਤੁਤ ਹਨ :

1. ਜਾਂ ਕਾਈ ਫੌਜ, ਕਿਸੇ ਪਰਗਣੇ ਵਿੱਚੀਂ ਹੋ ਕੇ ਲੰਘਦੀ ਹੈ, ਤਾਂ ਬਸਕੀਣ ਲੋਕ, ਕਲੱਟਰ ਸਾਹਬ ਕੋਲ ਜਾ ਕੇ, ਕੂੜੀ ਫਰਿਆਦ ਕਰਦੇ ਹਨ, ਜੋ ਸਪਾਹੀਆਂ ਨੇ ਸਾ ਨੂੰ ਲੁਟ ਲੀਤਾ ਹੈ।

2. ਜੇ ਉਹ ਦਸਤਾ ਫਉਜ ਦਾ ਇਕ ਦਿਨ ਅਗੇ ਕੂਚ ਕਰਦਾ ਤਾਂ ਪਲਟਨ ਨਾਲ ਜਾ ਮਿਲਦਾ।

3. ਜਿੰਉ ਜਿੰਉ ਵੈਰੀ ਹਟਦਾ ਜਾਂਦਾ ਸੀ, ਤਿੰਉਂ ਤਿੰਉ ਅਸੀਂ ਅਗੇ ਵਧਦੇ ਜਾਂਦੇ ਸੇ।

4. ਤੁਸੀਂ ਉਸ ਪਲਟਣ ਵਿਚ ਕਿਤਨੀਆਂ ਕੁ ਵਰਿਹਾਂ ਰਹੇ ਹੋ।

5. ਦਸਾਂ ਦਿਨਾਂ ਤੀਕ ਮੈਂ ਨੂੰ ਉਸ ਘਰ ਵਿਚ ਰਹਿੰਦਿਆਂ ਤਿੰਨ ਬਰਸਾਂ ਹੋਣਗੀਆਂ।

6. ਫਜਰੇ ਵਡੀ ਧੂਰ ਪੈਂਦੀ ਰਹੀ ਹੈ।

7. ਇਹ ਤਤਬੀਰ ਸ੍ਰੀਂਧ ਸਭ ਥੋਂ ਚੰਗੀ ਹੈ।

8. ਸੂਬੇਦਾਰ ਨੈ ਆਪਣੀ ਤੀਵੀਂ ਦੇ ਢਿੱਡ ਵਿਚ ਅਜਿਹੀ ਜੋਰ ਨਾਲ ਸੰਗੀਨ ਮਾਰੀ, ਜੋ ਆਂਦਾਂ ਬਾਹਰ ਨਿਕਲ ਪਈਆਂ।

9. ਕੈਦੀ ਨੈ ਜਾਣ ਬੁਝ ਕੇ ਆਪਣੇ ਤਾਈਂ ਸੰਝ ਦੀ ਪਰੇਟ ਤੇ ਗੈਰਹਾਜਰ ਕੀਤਾ। ਅਤੇ ਜਾਂ ਪੁਛਿਆ, ਤਾਂ ਉੱਤੁਰ ਦਿੱਤਾ, ਕਿ ਇਕ ਦੋ ਦਿਨਾਂ ਵਿਚ ਚਾਕਰੀ ਛੱਡਣ ਦਾ ਦਾਯਾ ਰਖਦਾ ਹਾਂ।

10. ਜਦ ਤੇ ਬੁਪਾਰ ਘਟ ਗਿਆ, ਤਦ ਤੇ ਬੁਪਾਰੀਆਂ ਨੂੰ ਪੈਸੇ ਦੀ ਲੋੜ ਘਟ ਹੈ, ਇਸ ਕਰਕੇ ਉਹ ਬਿਆਜ ਬੁਹੁੜਾ ਦਿੰਦੇ ਹਨ।

ਲਗਭਗ 2000 ਵਾਕ ਇਸ ਪੁਸਤਕ ਵਿਚ ਸੰਕਲਿਤ ਹਨ। ਇਨ੍ਹਾਂ ਪਾਠਾਂ ਤੋਂ ਮਗਰੋਂ ਅੰਤ ਵਿਚ ਪੰਜਾਬੀ ਦੀ ਪੈਂਤੀ ਅੱਖਰੀ ਲਿਖੀ ਹੋਈ ਮਿਲਦੀ ਹੈ। ਵਿਧੀ ਤੇ ਕ੍ਰਮ ਇਸ ਪ੍ਰਕਾਰ ਹੈ :

Digitized by Panjab Digital Library | www.panjabdigilib.org

ੳ	ਅ	ੲ	ਸ	ਹ
Ura	Aira	Iri	Sasa	Haha
ਕ	ਖ	ਗ	ਘ	ਙ
Kaka	Khakha	Gagga	Ghagga	Neggaga.

ਬਾਕੀ ਅੱਖਰਾਂ ਦੀ ਤਰਤੀਬ ਵੀ ਇਹੋ ਹੀ ਹੈ। ਅੱਗੇ ਜਾ ਕੇ ਸੂਰ ਤੇ ਵਿਅੰਜਨ ਵੱਖ ਵੱਖ ਕਰਕੇ ਦੱਸੇ ਗਏ ਹਨ। ਪੁਸਤਕ ਦੇ ਆਰੰਭ ਵਿਚ ਇਕ ਸਲਿੱਪ ਲੱਗੀ ਹੈ, ਜਿਸ ਉਪਰ ਅੰਗ੍ਰੇਜ਼ੀ ਵਿਚ ਲਿਖਿਆ ਹੈ ਕਿ "ਜਦੋਂ ਇਹ ਕੰਮ ਦਾ ਆਰੰਭ ਕੀਤਾ ਗਇਆ, ਤਾਂ ਸਾਡਾ ਵਿਚਾਰ ਪੰਜਾਬੀ ਦੀ ਪੈਂਤੀ ਅੱਖਰੀ ਪੁਸਤਕ ਵਿਚ ਦੇਣ ਦਾ ਨਹੀਂ ਸੀ। ਪਰ ਮਗਰੋਂ ਇਹ ਜ਼ਰੂਰੀ ਸਮਝਿਆ ਗਇਆ ਕਿਉਂਕਿ ਹਾਲੇ ਤਕ ਨਾ ਤਾਂ ਕੋਈ ਪੰਜਾਬੀ ਵਿਆਕਰਣ ਹੀ ਵੇਖਣ ਨੂੰ ਮਿਲਦੀ ਹੈ ਅਤੇ ਨਾ ਹੀ ਪੰਜਾਬੀ ਕੋਸ਼। ਪੁਸਤਕ ਦੇ ਆਰੰਭ ਵਿਚ ਥਾਂ ਨਾ ਹੋਣ ਕਰਕੇ ਇਸ ਨੂੰ ਪੁਸਤਕ ਦੇ ਅੰਤ ਵਿਚ ਸਥਾਨ ਦਿੱਤਾ ਗਇਆ ਹੈ।" ਪੁਸਤਕ ਦੇ ਕੁਲ ਪੰਨੇ 214 ਹਨ, ਜਿਨ੍ਹਾਂ ਵਿਚੋਂ 130 ਸਫ਼ੇ ਅੰਗ੍ਰੇਜ਼ੀ, 130 ਪੰਜਾਬੀ ਅਤੇ ਅੰਤਿਮ ਚਾਰ ਪੰਨੇ ਪੰਜਾਬੀ ਵਰਣਮਾਲਾ ਦੇ ਹਨ।

ਇਹ ਪੁਸਤਕ ਇਤਿਹਾਸਕ ਮਹੱਤਵ ਵਾਲੀ ਹੈ। ਪੰਜਾਬੀ ਭਾਸ਼ਾ ਦੀ ਇਹ ਪਹਿਲੀ ਪੁਸਤਕ ਹੈ, ਜਿਸ ਵਿਚ ਪੰਜਾਬੀ ਦੇ ਮੁਹਾਵਰੇਦਾਰ ਵਾਕਾਂ ਨੂੰ ਇਕ ਸਥਾਨ ਉਤੇ ਇਕੱਤਰ ਕਰਨ ਦਾ ਜਤਨ ਕੀਤਾ ਗਇਆ ਹੈ। ਪੰਜਾਬੀ ਬੋਲੀ ਦੇ ਵਿਕਾਸ-ਪੜਾਅ ਦਾ ਵੀ ਇਸ ਪੁਸਤਕ ਵਿਚੋਂ ਸੰਕੇਤ ਮਿਲਦਾ ਹੈ। ਪੁਰਾਤਨ ਪੰਜਾਬੀ ਤੇ ਉਪਭਾਸ਼ਾਈ ਰੰਗਤ ਇਸ ਪੁਸਤਕ ਦੀ ਭਾਸ਼ਾ ਉਪਰ ਚੜ੍ਹੀ ਹੋਈ ਹੈ, ਪਰ ਜਨਮਸਾਖੀਆਂ ਦੀ ਬੋਲੀ ਨਾਲੋਂ ਇਸ ਪੁਸਤਕ ਦੀ ਬੋਲੀ ਵਧੇਰੇ ਵਿਕਸਿਤ ਰੂਪ ਵਿਚ ਦ੍ਰਿਸ਼ਟੀਗਤ ਹੁੰਦੀ ਹੈ। ਵਾਕਾਂ ਵਿਚ ਕਾਮੇ, ਬਿਸਰਾਮ-ਚਿੰਨ੍ਹ, ਕੋਲਨ, ਸੈਮੀਕੋਲਨ, ਪ੍ਰਸ਼ਨ-ਚਿੰਨ੍ਹ, ਵਿਸਮਿਕ ਚਿੰਨ੍ਹ ਆਦਿਕ ਦੀ ਵਰਤੋਂ ਕੀਤੀ ਗਈ ਹੈ। ਵਿਆਕਰਣ ਪੱਖ ਤੋਂ ਵੀ ਇਹ ਵਾਕ ਸ਼ੁੱਧ ਹਨ। ਇਨ੍ਹਾਂ ਵਾਕਾਂ ਦੀ ਬੋਲੀ ਵਿਚ ਕੁਝ ਕੁ ਠੇਠ ਪੰਜਾਬੀ ਬੋਲੀ ਦੇ ਬੋਲੇ ਜਾਣ ਵਾਲੇ ਸ਼ਬਦ (ਜੋ ਅੱਜ ਕਲ੍ਹ ਲਿਖਣ ਵਿਚ ਘੱਟ ਆਉਂਦੇ ਹਨ, ਜਿਵੇਂ ਆਹੁੰਦੇ, ਥੀਂ, ਹੋਊ, ਨੁਖਸਾਨ, ਨਸਾਨੀ, ਅਡ (ਅੱਡਾ), ਤਿਹ (ਤ੍ਰੇਹ), ਮੂੰਹ, ਮਤਲਾਉਂਦਾ, ਪਾਹ (ਪਹੁ), ਗਭੇ ਕੁ ਹੁੰ (ਵਿਚ ਕਰਕੇ), ਤੁਹਾ ਨੂੰ (ਤੁਹਾਨੂੰ), ਅਤਬਾਰ, ਕੋਸਮ, ਹਾਂਗਾ (ਹਾਂ) ਇਤਿਆਦਿ। ਸ਼ਬਦ-ਜੋੜਾਂ ਵਿਚ ਇਕਸਾਰਤਾ ਨਹੀਂ ਮਿਲਦੀ। ਇਸ ਪੁਸਤਕ ਦੇ ਆਰੰਭ ਵਿਚ ਲੇਖਕ ਦਾ ਕਥਨ ਹੈ ਕਿ ਅਜੇ ਤਕ ਪੰਜਾਬੀ ਦੀ ਕੋਈ ਵਿਆਕਰਣ ਨਹੀਂ ਸੀ ਲਿਖੀ ਗਈ। ਇਹ ਕਥਨ ਸੱਚ ਨਹੀਂ। ਇਹ ਪੁਸਤਕ 1846 ਈ: ਵਿਚ ਛਪੀ ਸੀ, ਜਦੋਂ ਕਿ ਡਾ: ਕੇਰੀ ਦੁਆਰਾ ਲਿਖਿਤ ਪੰਜਾਬੀ ਦੀ ਪਹਿਲੀ ਵਿਆਕਰਣ 1812 ਈ: ਵਿਚ ਪ੍ਰਕਾਸ਼ਿਤ ਹੋ ਚੁੱਕੀ ਸੀ। ਫਿਰ ਵੀ ਪੰਜਾਬੀ ਦੇ ਮੁਹਾਵਰੇਦਾਰ ਵਾਕਾਂ ਦੀ ਪ੍ਰਥਮ ਪੁਸਤਕ ਹੋਣ ਕਰਕੇ ਇਸ ਦਾ ਇਤਿਹਾਸਕ ਤੇ ਭਾਸ਼ਾਈ ਮਹੱਤਵ ਨਿਗੂਣਾ ਨਹੀਂ।

(ਅ) ਪੰਜਾਬੀ ਪ੍ਰੋਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼ ਇਨ ਰੋਮਨ ਪੰਜਾਬੀ (ਪਾਦਰੀ ਹੇਅਰਸ) :

Digitized by Panjab Digital Library | www.panjabdigilib.org

ਪੰਜਾਬੀ ਅਖਾਣਾਂ ਤੇ ਮੁਹਾਵਰੇਦਾਰ ਵਾਕਾਂ ਦੀ ਦੂਜੀ ਪੁਸਤਕ 'ਪੰਜਾਬੀ ਪ੍ਰੋਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼ ਇਨ ਰੋਮਨ ਪੰਜਾਬੀ' ਲਾਇਲਪੁਰ ਜ਼ਿਲੇ ਦੇ ਗੋਜਰਾ ਨਗਰ ਦੇ ਵਸਨੀਕ **ਪਾਦਰੀ ਕੈਨਨ ਡਬਲਿਊ ਪੀ. ਹੇਅਰਸ** ਨੇ 1940 ਈ: ਵਿਚ ਸਿਵਿਲ ਐਂਡ ਮਿਲਿਟਰੀ ਗਜ਼ਟ ਲਿਮਿਟਿਡ, 48 ਮਾਲ ਰੋਡ, ਲਾਹੌਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤੀ। ਜਿਹਾ ਕਿ ਪੁਸਤਕ ਦੇ ਨਾਮ ਤੋਂ ਸਪਸ਼ਟ ਹੈ, ਇਸ ਵਿਚ ਪੰਜਾਬੀ ਅਖਾਣਾਂ ਤੇ ਮੁਹਾਵਰੇਦਾਰ ਵਾਕਾਂ ਨੂੰ ਰੋਮਨ ਪੰਜਾਬੀ ਵਿਚ ਲਿਖਿਆ ਗਇਆ ਹੈ।

ਇਸ ਪੁਸਤਕ ਵਿਹ ਕੁਲ 850 ਅਖਾਣ ਅਤੇ 5850 ਮੁਹਾਵਰੇਦਾਰ ਵਾਕ ਸੰਕਲਿਤ ਕੀਤੇ ਗਏ ਹਨ। $\frac{20 \times 30}{16}$ ਸਾਈਜ਼ ਦੀ ਇਸ ਪੁਸਤਕ ਦੇ ਕੁਲ 441 ਸਫ਼ੇ ਹਨ। ਪੰਜਾਬੀ ਅਖਾਣਾਂ ਤੇ ਮੁਹਾਵਰੇਦਾਰ ਵਾਕਾਂ ਦੀ ਇਤਨੇ ਵੱਡੇ ਆਕਾਰ ਦੀ ਪੁਸਤਕ ਇਸ ਤੋਂ ਪਹਿਲਾਂ ਵੇਖਣ ਵਿਚ ਨਹੀਂ ਆਉਂਦੀ। ਇਸ ਦੀ ਵਿਸ਼ੇਸ਼ਤਾ ਵੀ ਇਸੇ ਗੱਲ ਵਿਚ ਹੈ ਕਿ ਇਤਨੀ ਵੱਧ ਗਿਣਤੀ ਵਿਚ ਅਖਾਣ ਤੇ ਮੁਹਾਵਰੇਦਾਰ ਵਾਕ ਪਹਿਲੀ ਵਾਰੀ ਇਕੱਤਰ ਕੀਤੇ ਗਏ ਹਨ। ਇਹ ਅਖਾਣ ਤੇ ਮੁਹਾਵਰੇ ਲੇਖਕ ਨੇ ਗੁਰਮੁਖੀ ਅਖ਼ਬਾਰਾਂ, ਮਾਸਿਕ ਤੇ ਸਪਤਾਹਿਕ ਪੱਤਰਾਂ, ਉਪਨਿਆਸਾਂ ਅਤੇ ਹੋਰ ਅਨੇਕ ਪੁਸਤਕਾਂ ਵਿਚੋਂ ਚੁਣੇ ਹਨ। ਪਿਛਲੇ ਤੀਹ ਵਰ੍ਹਿਆਂ ਤੋਂ ਲੇਖਕ ਇਹ ਕੰਮ ਕਰਦਾ ਰਹਿਆ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ ਇਹ ਪੁਸਤਕ ਕੇਵਲ ਪੰਜਾਬੀ ਭਾਸ਼ਾ ਦੇ ਵਾਕਾਂ ਦਾ ਸੰਕਲਨ ਨਹੀਂ। ਸਗੋਂ ਪੰਜਾਬੀ ਵਿਚ ਪ੍ਰਯੋਗ ਕੀਤੇ ਜਾਂਦੇ ਮੁਹਾਵਰੇਦਾਰ ਵਾਕਾਂ ਦਾ ਸੰਕਲਨ ਹੈ, ਜਿਸ ਨੂੰ ਪੜ੍ਹਨ ਮਗਰੋਂ ਪਾਠਕ ਨੂੰ ਪੰਜਾਬੀ ਭਾਸ਼ਾ ਦੀ ਚਿੱਤਰਮਯਤਾ, ਸਵਾਦਲੇਪਨ ਅਤੇ ਸ਼ੈਲੀ ਦੀ ਮਧੁਰਤਾ ਦਾ ਗਿਆਨ ਹੁੰਦਾ ਹੈ।[1]

ਲੇਖਕ ਨੇ ਪੁਸਤਕ ਵਿਚ ਪੰਜਾਬੀ ਮੁਹਾਵਰਿਆਂ ਨੂੰ ਅੰਗ੍ਰੇਜ਼ੀ ਭਾਸ਼ਾ ਵਿਚ ਅਨੁਵਾਦ ਕਰਕੇ ਪੇਸ਼ ਕੀਤਾ ਹੈ। ਇਨ੍ਹਾਂ ਮੁਹਾਵਰਿਆਂ ਨੂੰ ਅੰਗ੍ਰੇਜ਼ੀ ਵਰਣਮਾਲਾ ਅਨੁਸਾਰ ਤਰਤੀਬ ਦਿੱਤੀ ਗਈ ਹੈ। ਹਰ ਮੁਹਾਵਰੇ ਦੇ ਹੇਠਾਂ ਰੋਮਨ ਪੰਜਾਬੀ ਵਿਚ ਮੁਹਾਵਰੇਦਾਰ ਵਾਕ ਦਿੱਤੇ ਗਏ ਹਨ, ਜਿਨ੍ਹਾਂ ਦੀ ਗਿਣਤੀ ਇਕ ਤੋਂ ਦਸ ਤੀਕ ਹੈ। ਇਨ੍ਹਾਂ ਵਾਕਾਂ ਦੇ ਉਪਰ ਉਨ੍ਹਾਂ ਦਾ ਅੰਗ੍ਰੇਜ਼ੀ ਅਨੁਵਾਦ ਵੀ ਦਿੱਤਾ ਗਇਆ ਹੈ। ਉਦਾਹਰਣ ਵਜੋਂ ਕੁਝ ਨਮੂਨੇ ਪ੍ਰਸਤੁਤ ਹਨ :

1. Abduct To.

That man has abducted three women.
Uh admi tin aurtan nun udhal ke le gaya."

1, "I would stress the fact that this book is not a mere collection of sentences in the Punjabi languages, but is a collection of idiomatic sentences, and so will illustrate the picturesqueness, the raciness and the graphic style of the language of the Punjab."
Hares; W. P., Punjabi Proverbs and Idiomatic Sentences in Roman Punjabi, Foreword, p. 1.

Digitized by Panjab Digital Library | www.panjabdigilib.org

His daughter has been abducted.
Uh di dhi udhal gay.[1]

2. Abuse To.

If you abuse me again I will cut your head off.
Je pher gal kadhhi, tan main tera sir chith dewanga.
They were abusing him.
Uh uhnun bolian marde san.
The thanedar abused him well.
Thanedar uh di changi jhar pai.
Do not abuse anyone.
Tusin gal kade kise nun na kaddho.
On your account he abused me.
Uh ne tere karan meri ijjat lahi.[2]

ਲੇਖਕ ਦੇ ਮਤ ਅਨੁਸਾਰ ਪੰਜਾਬੀ ਭਾਸ਼ਾ ਅਖਾਣਾਂ ਤੇ ਮੁਹਾਵਰਿਆਂ ਨਾਲ ਭਰਪੂਰ ਹੈ। ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਉਹ ਪੰਜਾਬੀ ਦੇ ਬਹੁਤ ਸਾਰੇ ਮੁਹਾਵਰੇਦਾਰ ਵਾਕ ਵਧੇਰੇ ਜਾਣਕਾਰੀ ਨਾ ਹੋਣ ਕਰਕੇ ਪੁਸਤਕ ਵਿਚ ਸੰਕਲਿਤ ਨਹੀਂ ਕਰ ਸਕਿਆ। ਪਰ ਫਿਰ ਵੀ ਉਸ ਦਾ ਇਹ ਜਤਨ ਸ਼ਲਾਘਾਯੋਗ ਹੈ ਅਤੇ ਪੰਜਾਬੀ ਅਖਾਣਾਂ ਤੇ ਮੁਹਾਵਰਿਆਂ ਦੇ ਸੰਗ੍ਰਹਿਆਂ ਦੇ ਇਤਿਹਾਸ ਵਿਚ ਇਸ ਪੁਸਤਕ ਦਾ ਸਥਾਨ ਨਿਸਚਿਤ ਹੈ। ਪੰਜਾਬੀ ਅਖਾਣਾਂ ਤੇ ਮੁਹਾਵਰੇ-ਦਾਰ ਵਾਕਾਂ ਨੂੰ ਇਕ ਪੁਸਤਕ ਵਿਚ ਸੰਕਲਿਤ ਕਰਕੇ ਲੇਖਕ ਨੇ ਪੰਜਾਬੀ ਭਾਸ਼ਾ ਦੀ ਸੇਵਾ ਕੀਤੀ ਹੈ।

ਉਪਸੰਹਾਰ

ਇਸ ਅਧਿਆਇ ਦੇ ਅੰਤ ਵਿਚ ਅਸੀਂ ਨਿਮਨਲਿਖਿਤ ਸਿੱਟਿਆਂ ਉੱਪਰ ਪਹੁੰਚਦੇ ਹਾਂ :

1. ਪੰਜਾਬੀ ਭਾਸ਼ਾ ਨੂੰ ਪਹਿਲੀ ਵਾਰੀ ਈਸਾਈ ਮਿਸ਼ਨਰੀਆਂ ਨੇ ਵਿਆਕਰਣ-ਬੱਧ ਕੀਤਾ ਅਤੇ ਪੰਜਾਬੀ ਭਾਸ਼ਾ ਦੀਆਂ ਪੰਜ ਵਿਆਕਰਣਾਂ ਲਿਖੀਆਂ, ਜਿਨ੍ਹਾਂ ਵਿਚੋਂ ਪਹਿਲੀਆਂ ਚਾਰ ਵਿਆਕਰਣਾਂ ਪੰਜਾਬੀ ਭਾਸ਼ਾ ਨੂੰ ਵਿਸ਼ੇਸ਼ ਦੇਣ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਵਿਚੋਂ ਡਾ: ਕੇਰੀ, ਈ. ਪੀ. ਨਿਉਟਨ, ਕਮਿੰਗਜ਼ ਤੇ ਗਰਾਹਮ ਬੇਲੀ ਦੁਆਰਾ ਲਿਖਿਤ ਵਿਆਕਰਣਾਂ

---

1. ਉਹੀ ਪੰ:, 3.
2. ਉਹੀ, ਪੰ: 8.

Digitized by Panjab Digital Library | www.panjabdigilib.org

ਦਾ ਪੰਜਾਬੀ ਵਿਆਕਰਣ-ਸ਼ਾਸਤਰ ਦੇ ਇਤਿਹਾਸ ਵਿਚ ਗੌਰਵਮਈ ਸਥਾਨ ਹੈ।

2. ਕੋਸ਼ਕਾਰੀ ਦੇ ਖੇਤਰ ਵਿਚ ਵੀ ਈਸਾਈ ਮਿਸ਼ਨਰੀਆਂ ਨੇ ਪਹਿਲ ਕੀਤੀ । ਪੰਜਾਬੀ ਭਾਸ਼ਾ ਦਾ ਪਹਿਲਾ ਸ਼ਬਦ-ਕੋਸ਼ ਤਿਆਰ ਕਰਨ ਵਾਲੇ ਈਸਾਈ ਮਿਸ਼ਨਰੀ ਹੀ ਸਨ। ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਦੋ ਕੋਸ਼ ਤੇ ਇਕ ਸ਼ਬਦਾਵਲੀ-ਸੰਗ੍ਰਹਿ ਪ੍ਰਦਾਨ ਕੀਤੇ।

3. ਕੋਸ਼-ਲੇਖਨ ਤੋਂ ਇਲਾਵਾ ਈਸਾਈ ਮਿਸ਼ਨਰੀਆਂ ਨੇ ਕੁਝ ਹੋਰ ਵਿਅਕਤੀਆਂ ਨੂੰ ਪ੍ਰੇਰਣਾ ਦੇ ਕੇ ਪੰਜਾਬੀ ਦੇ ਘੱਟੋ ਘੱਟ ਦੋ ਹੋਰ ਕੋਸ਼ ਤੇ ਇਕ ਸ਼ਬਦਾਵਲੀ-ਸੰਗ੍ਰਹਿ ਤਿਆਰ ਕਰਵਾਏ। ਇਸ ਪ੍ਰਕਾਰ ਉਨ੍ਹਾਂ ਨੇ ਪ੍ਰਤੱਖ ਤੇ ਪਰੋਖ ਦੋਹਾਂ ਢੰਗਾਂ ਨਾਲ ਪੰਜਾਬੀ ਭਾਸ਼ਾ ਨੂੰ ਦੇਣ ਦਿੱਤੀ।.

4. ਪੰਜਾਬੀ ਦੇ ਮੁਹਾਵਰੇਦਾਰ ਵਾਕਾਂ ਦੇ ਦੋ ਸੰਗ੍ਰਹਿ ਪੰਜਾਬੀ ਭਾਸ਼ਾ ਨੂੰ ਪ੍ਰਦਾਨ ਕੀਤੇ। ਇਸ ਖੇਤਰ ਵਿਚ ਵੀ ਪਹਿਲ ਕਰਨ ਵਾਲੇ ਮਿਸ਼ਨਰੀ ਹੀ ਸਨ।

5. ਮਿਸ਼ਨਰੀਆਂ ਦੇ ਇਨ੍ਹਾਂ ਜਤਨਾਂ ਨਾਲ ਪੰਜਾਬੀ ਭਾਸ਼ਾ ਸ਼ਾਸਤ੍ਰ-ਚਿੰਤਨ ਦੀ ਲੀਹੇ ਪਈ ਅਤੇ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਭਾਸ਼ਾ ਦੀ ਉਨਤੀ ਵਿਚ ਸ਼ਾਸਤ੍ਰ-ਚਿੰਤਨ ਦਾ ਨਿਸ਼ਚਿਤ ਮਹੱਤਵ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅਧਿਆਇ ਤੀਜਾ

ਮਿਸ਼ਨਰੀਆਂ ਦੀਆਂ ਸਾਹਿਤਕ ਕਿਰਤਾਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮਿਸ਼ਨਰੀਆਂ ਦੀਆਂ ਸਾਹਿਤਕ ਕਿਰਤਾਂ

ਈਸਾਈ-ਧਰਮ-ਪ੍ਰਚਾਰ ਦੇ ਉੱਦੇਸ਼ ਨੂੰ ਮੁਖ ਰੱਖ ਕੇ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਸਾਹਿਤ ਨੂੰ ਕਿਤਨਾ ਭਰਪੂਰ ਕੀਤਾ, ਇਸ ਦਾ ਅਨੁਮਾਨ ਪਹਿਲੇ ਅਧਿਆਇ ਦੇ ਅੰਤ ਵਿਚ ਦਿੱਤੀਆਂ ਗਈਆਂ ਅਪੂਰਣ ਸੂਚੀਆਂ ਦੇ ਅਧਿਐਨ ਰਾਹੀਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਉਹ ਨਿਰੰਤਰ ਕਈ ਵਰ੍ਹਿਆਂ ਤੀਕ ਹੋਰ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਵਿਚ ਲਿਖਦੇ ਰਹੇ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਗੌਰਵ ਵਿਚ ਵਾਧਾ ਕਰਦੇ ਰਹੇ। ਆਮ ਵਿਸ਼ਵਾਸ ਕੀਤਾ ਜਾਂਦਾ ਰਹਿਆ ਹੈ ਕਿ ਮਿਸ਼ਨਰੀਆਂ ਨੇ ਸਾਹਿਤਕ ਖੇਤਰ ਵਿਚ ਬਾਈਬਲ ਦੇ ਅਨੁਵਾਦਾਂ ਤੋਂ ਇਲਾਵਾ ਹੋਰ ਕੋਈ ਅਰਥ-ਪੂਰਣ ਕੰਮ ਨਹੀਂ ਕੀਤਾ। ਵੱਧ ਤੋਂ ਵੱਧ 'ਪਿਲਗ੍ਰਿਮ'ਜ਼ ਪ੍ਰੋਗਰੈਸ' ਦੇ ਪੰਜਾਬੀ ਰੂਪਾਂਤਰ ਦਾ ਉਲੇਖ ਕਰ ਦਿੱਤਾ ਜਾਂਦਾ ਰਹਿਆ ਹੈ। ਪਿਛੇ ਜਿਹੇ ਪ੍ਰੋ: ਪ੍ਰੀਤਮ ਸਿੰਘ, ਡਾ: ਗੰਡਾ ਸਿੰਘ ਅਤੇ ਡਾ: ਹਰਨਾਮ ਸਿੰਘ ਸ਼ਾਨ ਆਦਿ ਵਿਦਵਾਨਾਂ ਨੇ ਇਸ ਪਾਸੇ ਵਲ ਥੋੜ੍ਹਾ ਜਿਹਾ ਧਿਆਨ ਤਾਂ ਦਿੱਤਾ, ਪਰ ਇਨ੍ਹਾਂ ਵਿਦਵਾਨਾਂ ਦੀ ਦ੍ਰਿਸ਼ਟੀ ਵਿਲੀਅਮ ਕੇਰੀ ਦੇ ਪੰਜਾਬੀ ਵਿਆਕਰਣ ਜਾਂ ਮਿਸ਼ਨਰੀਆਂ ਦੁਆਰਾ ਰਚਿਤ ਕੁਝ ਹੋਰ ਭਾਸ਼ਾਈ ਕਿਰਤਾਂ ਤਕ ਹੀ ਸੀਮਿਤ ਰਹੀ। ਮਿਸ਼ਨਰੀ ਲੇਖਕਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਵਲ ਕਿਸੇ ਵੀ ਵਿਦਵਾਨ ਖੋਜੀ ਦਾ ਧਿਆਨ ਨਹੀਂ ਗਇਆ। ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਹ ਪੱਖ ਲਗਭਗ ਅਣਗੌਲਿਆ ਹੀ ਪਇਆ ਰਹਿਆ ਹੈ। ਇਸ ਵਿਸ਼ੇ ਸੰਬੰਧੀ ਖੋਜ ਕਰਦਿਆਂ ਹੋਇਆਂ ਕੁਝ ਅਜਿਹੀਆਂ ਪੁਸਤਕਾਂ ਵੀ ਸਾਡੇ ਦ੍ਰਿਸ਼ਟੀਗੋਚਰ ਹੋਈਆਂ ਹਨ, ਜਿਨ੍ਹਾਂ ਨੂੰ ਪੜ੍ਹਨ ਮਗਰੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਵਿਚ ਸਾਹਿਤ-ਰਚਨਾ ਵੀ ਕੀਤੀ। ਪ੍ਰਾਪਤ ਰਚਨਾਵਾਂ ਦੀ ਸੂਚੀ ਵਧੇਰੇ ਲੰਮੀ ਤਾਂ ਨਹੀਂ, ਪਰ ਇਨ੍ਹਾਂ ਤੋਂ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਹੋ ਜਿਹੀਆਂ ਹੋਰ ਵੀ ਕਈ ਰਚਨਾਵਾਂ ਕੀਤੀਆਂ ਹੋਣਗੀਆਂ, ਜੋ ਸਾਹਿਤਕ ਖੋਜ ਦੀ ਪੱਕੀ ਪਰੰਪਰਾ ਨਾ ਹੋਣ ਕਾਰਣ ਸਾਂਭੀਆਂ ਨਾ ਜਾ ਸਕੀਆਂ। ਅਧਿਐਨ ਦੀ ਸੌਖ ਲਈ ਇਨ੍ਹਾਂ ਕਿਰਤਾਂ ਨੂੰ ਨਿਮਨਲਿਖਿਤ ਦੋ ਭਾਗਾਂ ਵਿਚ ਵੰਡ ਲੈਣਾ ਉਚਿਤ ਹੋਵੇਗਾ:

1. ਮੌਲਿਕ ਤੇ ਰੂਪਾਂਤਰਿਤ ਕਿਰਤਾਂ
2. ਅਨੁਵਾਦਿਤ ਕਿਰਤਾਂ

ਮੌਲਿਕ ਤੇ ਰੂਪਾਂਤਰਿਤ ਕਿਰਤਾਂ :

ਇਸ ਖੋਜ ਦੇ ਦੌਰਾਨ ਇਕ ਅਜਿਹੀ ਰਚਨਾ ਸਾਡੇ ਸਾਹਮਣੇ ਆਈ ਹੈ, ਜਿਸ ਦਾ ਉਲੇਖ

Digitized by Panjab Digital Library | www.panjabdigilib.org

ਕਿਸੇ ਵੀ ਵਿਦਵਾਨ ਖੋਜੀ ਨੇ ਅਜੇ ਤਕ ਨਹੀਂ ਕੀਤਾ। ਇਸ ਰਚਨਾ ਦਾ ਸਿਰਲੇਖ ਹੈ— 'ਜਯੋਤਿਰੁਦਯ' ਅਰਥਾਤ ਜੋਤ ਦਾ ਉਦੈ ਹੋਣਾ। ਰੂਪ ਦੀ ਦ੍ਰਿਸ਼ਟੀ ਤੋਂ ਇਹ ਨਾਵਲ ਹੈ, ਜਿਸ ਦੀ ਰਚਨਾ 1882 ਈ: ਵਿਚ ਹੋਈ। ਪੰਜਾਬ ਰਿਲਿਜਸ ਬੁੱਕ ਸੋਸਾਇਟੀ ਨੇ ਪਾਦਰੀ ਵੇਰੀ ਦੇ ਸਹਿਯੋਗ ਨਾਲ ਮਿਸ਼ਨ ਪ੍ਰੈਸ ਲੁਧਿਆਣਾ ਤੋਂ 1882 ਈ: ਵਿਚ ਇਸ ਨੂੰ ਪ੍ਰਕਾਸ਼ਿਤ ਕੀਤਾ। ਨਾਵਲ ਦੇ ਕੁਲ 144 ਪੰਨੇ ਹਨ। ਇਸ ਉਤੇ ਲੇਖਤ੍ਰ ਦਾ ਨਾਮ ਨਹੀਂ ਦਿੱਤਾ ਗਇਆ। ਕਾਫ਼ੀ ਖੋਜ ਕਰਨ ਅਤੇ ਕਈ ਮਿਸ਼ਨਰੀ ਸੰਸਥਾਵਾਂ ਨਾਲ ਚਿੱਠੀ ਪੱਤਰ ਕਰਨ ਮਗਰੋਂ ਵੀ ਲੇਖਕ ਦੇ ਨਾਮ ਦਾ ਪਤਾ ਨਹੀਂ ਲੱਗ ਸਕਿਆ। ਪੁਸਤਕ ਦੇ ਅੰਦਰ ਜਾਂ ਸਰਵਰਕ ਉਤੇ ਕਿਤੇ ਵੀ ਲੇਖਕ ਦੇ ਨਾਮ ਬਾਰੇ ਸੰਕੇਤ ਨਹੀਂ ਮਿਲਦਾ। ਇਹ ਪੁਸਤਕ ਪੰਜਾਬ ਰਿਲਿਜਸ ਬੁੱਕ ਸੋਸਾਇਟੀ ਦੁਆਰਾ ਪ੍ਰਕਾਸ਼ਿਤ ਹੋਈ ਹੋਣ ਕਰਕੇ ਇਸ ਗੱਲ ਦਾ ਭੁਲੇਖਾ ਵੀ ਪੈਂਦਾ ਹੈ ਕਿ ਸ਼ਾਇਦ ਇਹ ਪੁਸਤਕ ਏ. ਐਲ. ਓ. ਈ. (ਕਿਸੇ ਈਸਾਈ ਮਿਸ਼ਨਰੀ ਲੇਖਕ ਦੁਆਰਾ ਅਪਣਾਇਆ ਗਇਆ ਫਰਜ਼ੀ ਨਾਮ) ਨੇ ਹੀ ਲਿਖੀ ਹੋਵੇ, ਕਿਉਂਕਿ ਇਸ ਸੋਸਾਇਟੀ ਦੁਆਰਾ ਪ੍ਰਕਾਸ਼ਿਤ ਲਗਭਗ ਸਾਰੀਆਂ ਪੁਸਤਕਾਂ ਇਸੇ ਲੇਖਕ ਦੀਆਂ ਕਿਰਤਾਂ ਹਨ, ਪਰ ਇਸ ਬਾਰੇ ਨਿਸਚੇ ਨਾਲ ਕੁਝ ਵੀ ਨਹੀਂ ਕਹਿਆ ਜਾ ਸਕਦਾ। ਇਹ ਗੱਲ ਅਜੇ ਹੋਰ ਖੋਜ ਦੀ ਮੁਥਾਜ ਹੈ।

ਪਹਿਲੀ ਨਜ਼ਰੇ ਦੇਖਿਆਂ ਇਹ ਨਾਵਲ ਕਿਸੇ ਬੰਗਾਲੀ ਨਾਵਲ ਦਾ ਅਨੁਵਾਦ ਹੀ ਜਾਪਦਾ ਹੈ। ਹੋ ਸਕਦਾ ਹੈ ਕਿ ਕਿਸੇ ਅੰਗ੍ਰੇਜ਼ ਮਿਸ਼ਨਰੀ ਨੇ ਇਹ ਨਾਵਲ ਪਹਿਲਾਂ ਅੰਗ੍ਰੇਜ਼ੀ ਵਿਚ ਲਿਖਿਆ ਹੋਵੇ ਅਤੇ ਮਗਰੋਂ ਇਸ ਦਾ ਅਨੁਵਾਦ ਬੰਗਾਲੀ ਭਾਸ਼ਾ ਵਿਚ ਕੀਤਾ ਜਾਂ ਕਰਵਾਇਆ ਹੋਵੇ। ਇਹ ਸੰਭਾਵਨਾ ਵੀ ਅਸਲੋਂ ਨਿਰਾਧਾਰ ਨਹੀਂ ਜਾਪਦੀ ਕਿ ਮੂਲ ਨਾਵਲ ਬੰਗਾਲੀ ਵਿਚ ਹੀ ਲਿਖਿਆ ਗਇਆ ਹੋਵੇ। ਕੁਝ ਵੀ ਹੋਵੇ, ਇਤਨਾ ਤਾਂ ਨਿਰਵਿਵਾਦ ਹੈ ਕਿ ਇਸ ਨਾਵਲ ਦੇ ਲੇਖਕ ਨੂੰ ਬੰਗਾਲੀ ਜਨਜੀਵਨ ਦਾ ਡੂੰਘਾ ਗਿਆਨ ਸੀ। ਆਪਣੇ ਸ਼ੱਕ ਦੇ ਸਮਰਥਨ ਜਾਂ ਨਿਰਾਕਰਣ ਲਈ ਅਸੀਂ ਬੰਗਾਲੀ ਸਾਹਿਤ ਦੇ ਇਤਿਹਾਸਾਂ ਅਤੇ ਬੰਗਾਲੀ ਨਾਵਲ ਨਾਲ ਸੰਬੰਧਿਤ ਸ਼ੋਧ-ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਅਧਿਕਾਰੀ ਵਿਦਵਾਨਾਂ ਪਾਸੋਂ ਵੀ ਜਾਣਕਾਰੀ ਪ੍ਰਾਪਤ ਕਰਨ ਦਾ ਜਤਨ ਕੀਤਾ। ਆਪਣੇ ਸ਼ੰਕੇ ਦੀ ਨਵਿਰਤੀ ਲਈ ਕਈ ਬੰਗਾਲੀ ਵਿਦਵਾਨਾਂ ਨਾਲ ਚਿੱਠੀ-ਪੱਤਰ ਕਰਨ ਮਗਰੋਂ ਪਤਾ ਲੱਗਾ ਕਿ ਬੰਗਾਲੀ ਭਾਸ਼ਾ ਵਿਚ ਇਸ ਨਾਮ ਅਤੇ ਕਥਾ ਵਾਲਾ ਕੋਈ ਨਾਵਲ ਪ੍ਰਕਾਸ਼ਿਤ ਨਹੀਂ ਹੋਇਆ। ਦੀ ਬ੍ਰਿਟਿਸ਼ ਕਾਊਂਸਿਲ, ਅਮੈਰਿਕਨ ਲਾਇਬ੍ਰੇਰੀ, ਨੈਸ਼ਨਲ ਲਾਇਬ੍ਰੇਰੀ, ਕਲਕੱਤਾ, ਨੈਸ਼ਨਲ ਮਿਊਜ਼ੀਅਮ ਦਿੱਲੀ, ਨੈਸ਼ਨਲ ਆਰਕਾਈਵਜ਼ ਅਤੇ ਕੁਝ ਹੋਰ ਸੰਸਥਾਵਾਂ ਦੇ ਅਧਿਕਾਰੀਆਂ ਨਾਲ ਸੰਪਰਕ ਸਥਾਪਿਤ ਕਰਨ ਮਗਰੋਂ ਜਾਣਕਾਰੀ ਮਿਲੀ ਕਿ ਅੰਗ੍ਰੇਜ਼ੀ ਵਿਚ ਅਜਿਹੀ ਕਥਾ ਵਾਲਾ ਕੋਈ ਨਾਵਲ ਦੇਖਣ ਵਿਚ ਨਹੀਂ ਆਇਆ।

ਇਉਂ ਜਾਪਦਾ ਹੈ, ਇਸ ਨਾਵਲ ਦੀ ਰਚਨਾ ਬੰਗਾਲ ਵਿਚ ਹੋਈ ਹੈ। ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬੰਗਾਲ ਵਿਚ ਰਹਿੰਦਿਆਂ ਹੋਇਆਂ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ। ਪੰਜਾਬੀ ਭਾਸ਼ਾ ਦਾ ਪਹਿਲਾ ਵਿਆਕਰਣ-ਲੇਖਕ ਅਤੇ ਪੰਜਾਬੀ ਭਾਸ਼ਾ ਵਿਚ ਬਾਈਬਲ ਦਾ ਪਹਿਲਾ ਅਨੁਵਾਦਕ ਵਿਲੀਅਮ ਕੇਰੀ ਆਪ ਕਦੇ ਵੀ ਪੰਜਾਬ ਵਲ ਨਹੀਂ ਆਇਆ। ਇਹ ਗੱਲ ਪਹਿਲੇ ਅਤੇ ਦੂਜੇ ਅਧਿਆਇ ਵਿਚ ਵੀ ਕਹੀ ਜਾ ਚੁੱਕੀ ਹੈ। ਕੁਝ ਵੀ ਹੋਵੇ,

Digitized by Panjab Digital Library | www.panjabdigilib.org

'ਜਯੋਤਿਰੁਦਯ' ਨਾਵਲ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਹੋਇਆ ।

ਇਸ ਨਾਵਲ ਦੇ ਪੰਜਾਬ ਵਿਚ ਪ੍ਰਕਾਸ਼ਿਤ ਹੋਣ ਦੀ ਘਟਨਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ । ਪੰਜਾਬ ਵਿਚ ਉਦੋਂ ਬੰਗਾਲੀ ਸਾਹਿਤ ਨੂੰ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਕੇ ਛਾਪਣ ਦੀ ਪਰੰਪਰਾ ਨਹੀਂ ਸੀ, ਇਸ ਲਈ ਇਸ ਦਾ ਬੰਗਾਲੀ ਤੋਂ ਅਨੁਵਾਦਿਤ ਹੋਣਾ ਨਾਮੁਮਕਿਨ ਜਾਪਦਾ ਹੈ । ਇਤਨਾ ਜ਼ਰੂਰ ਪਤਾ ਲਗਦਾ ਹੈ ਕਿ ਮਿਸ਼ਨਰੀ ਇਥੋਂ ਦੇ ਲੋਕਾਂ ਦੇ ਧਰਮ ਉਤੇ ਹਮਲਾ ਕਰ ਕੇ ਧਾਰਮਿਕ ਲੜਾਈ ਮੁੱਲ ਨਹੀਂ ਲੈਣੀ ਚਾਹੁੰਦੇ ਸਨ ਅਤੇ ਪ੍ਰਚਾਰ ਦੀ ਗਤੀ ਮੱਧਮ ਰੱਖਣੀ ਚਾਹੁੰਦੇ ਸਨ । ਇਸ ਲਈ ਉਨ੍ਹਾਂ ਦਾ ਪੰਜਾਬੀ ਪਾਠਕਾਂ ਅੱਗੇ ਬੰਗਾਲੀ ਸੰਸਕ੍ਰਿਤੀ ਦਾ ਖੰਡਨ ਕਰਨਾ ਉਚਿਤ ਹੀ ਪ੍ਰਤੀਤ ਹੁੰਦਾ ਹੈ ।

ਪ੍ਰਕਾਸ਼ਕ ਨੇ ਕਿਤੇ ਕੋਈ ਸੰਕੇਤ ਨਹੀਂ ਦਿੱਤਾ ਕਿ ਇਹ ਨਾਵਲ ਕਿਸੇ ਹੋਰਸ ਕਿਰਤ ਦਾ ਅਨੁਵਾਦ ਹੈ ਜਾਂ ਉਸ ਉਪਰ ਆਧਾਰਿਤ ਹੈ । ਇਸ ਸੰਬੰਧ ਵਿਚ ਇਹ ਤੱਥ ਵੀ ਧਿਆਨਯੋਗ ਹੈ ਕਿ ਈਸਾਈ ਮਿਸ਼ਨਰੀਆਂ ਦੁਆਰਾ ਪ੍ਰਕਾਸ਼ਿਤ ਅਨੇਕ ਅਨੁਵਾਦਿਤ ਜਾਂ ਰੂਪਾਂਤਰਿਤ ਗ੍ਰੰਥਾਂ ਸੰਬੰਧੀ ਮੁਕੰਮਲ ਵਾਕਫ਼ੀਅਤ ਆਮ ਤੌਰ ਤੇ ਦੇਣ ਦੀ ਪਿਰਤ ਸੀ । 'ਪਿਲਗ੍ਰਿਮ'ਜ਼ ਪ੍ਰੋਗਰੈਸ' ਦੇ ਪਹਿਲੇ ਸਫ਼ੇ ਉਤੇ ਇਹ ਪੰਕਤੀ ਲਿਖੀ ਹੋਈ ਮਿਲਦੀ ਹੈ :

ਪਾਦਰੀ ਈ. ਗਿਲਫੋਰਡ ਸਾਹਬ ਨੇ ਅੰਗ੍ਰੇਜ਼ੀ ਭਾਸ਼ਾ ਤੋਂ ਇਸ ਪੋਥੀ ਦਾ ਉਲਥਾ ਕਰਕੇ ਅੰਮ੍ਰਿਤਸਰ ਦੇ ਮਿਸ਼ਨ ਪ੍ਰੈਸ ਵਿਚ ਛਪਵਾਈ । ਇਸ ਪੁਸਤਕ ਦੀ ਪ੍ਰਕਾਸ਼ਕ ਅਤੇ 'ਜਯੋਤਿਰੁਦਯ' ਦੀ ਪ੍ਰਕਾਸ਼ਕ ਇਕੋ ਹੀ ਸੰਸਥਾ ਹੈ । ਜੇ 'ਜਯੋਤਿਰੁਦਯ' ਅਨੁਵਾਦਿਤ ਰਚਨਾ ਹੁੰਦੀ, ਤਾਂ ਇਸ ਤੱਥ ਵਲ ਪ੍ਰਕਾਸ਼ਕ ਸੰਕੇਤ ਜ਼ਰੂਰ ਕਰਦਾ । ਕਿਉਂਕਿ ਅਜਿਹਾ ਨਹੀਂ ਕੀਤਾ ਗਇਆ, ਇਸ ਲਈ ਹਾਲ ਦੀ ਘੜੀ ਸਾਡੀ ਇਹ ਧਾਰਨਾ ਬਣਦੀ ਹੈ ਕਿ ਇਹ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਹੈ । ਪਰ ਜਿਥੇ ਅਸੀਂ 'ਪਿਲਗ੍ਰਿਮਜ਼ ਪ੍ਰੋਗਰੈਸ' ਦੇ ਅਨੁਵਾਦਿਤ ਨਾਵਲ ਹੋਣ ਬਾਰੇ ਸੌ ਫ਼ੀ ਸਦੀ ਨਿਸਚਿਤ ਹਾਂ, ਉਥੇ 'ਜਯੋਤਿਰੁਦਯ' ਦੀ ਮੌਲਿਕਤਾ ਬਾਰੇ ਸਾਡੀ ਧਾਰਨਾ ਪੂਰੀ ਤਰ੍ਹਾਂ ਨਿਰਸੰਦੇਹ ਨਹੀਂ ।

ਜੇ ਇਸ ਨੂੰ ਮੌਲਿਕ ਨਾਵਲ ਮੰਨ ਲਇਆ ਜਾਵੇ, ਤਾਂ ਇਹ ਪੰਜਾਬੀ ਭਾਸ਼ਾ ਵਿਚ ਲਿਖਿਆ ਗਇਆ ਪਹਿਲਾ ਮੌਲਿਕ ਨਾਵਲ ਹੈ । ਇਸ ਤੋਂ ਪਹਿਲਾਂ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਨੂੰ ਪੰਜਾਬੀ ਦਾ ਪਹਿਲਾ ਨਾਵਲ ਸਮਝਿਆ ਜਾਂਦਾ ਰਹਿਆ ਹੈ, ਜਿਸ ਦਾ ਪਹਿਲਾ ਸੰਸਕਰਣ 1898 ਈ: ਵਿਚ ਪ੍ਰਕਾਸ਼ਿਤ ਹੋਇਆ ਸੀ । ਡਾ: ਸੁਰਿੰਦਰ ਸਿੰਘ ਵੀ ਇਸੇ ਗੱਲ ਨੂੰ ਦੁਹਰਾਉਂਦਾ ਹੋਇਆ ਲਿਖਦਾ ਹੈ :

"ਨਿਰਸੰਦੇਹ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ।[1] ਕੁਮਾਰੀ ਅਮਰਜੋਤ ਕੌਰ ਦੀ ਧਾਰਨਾ ਇਸ ਪ੍ਰਕਾਰ ਹੈ :

---

1. Surinder Singh, Characteristics and Trends of Punjabi Novel from 1860 to 1946, Punjab University Thesis, p. 28.

Digitized by Panjab Digital Library | www.panjabdigilib.org

"ਪੰਜਾਬੀ ਨਾਵਲ ਦਾ ਜਨਮਦਾਤਾ ਭਾਈ ਵੀਰ ਸਿੰਘ ਹੈ।"[1] ਸਪਸ਼ਟ ਹੈ ਕਿ ਇਨ੍ਹਾਂ ਲੇਖਕਾਂ ਨੂੰ ਉਕਤ ਨਾਵਲ ਦੀ ਹੋਂਦ ਬਾਰੇ ਕੋਈ ਗਿਆਨ ਨਹੀਂ ਸੀ। ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਹੋਣ ਦੀ ਦ੍ਰਿਸ਼ਟੀ ਤੋਂ ਇਸ ਦੇ ਇਤਿਹਾਸਕ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੱਚੀ ਗੱਲ ਤਾਂ ਇਹ ਹੈ ਕਿ ਜੇ ਇਹ ਅਨੁਵਾਦਿਤ ਨਾਵਲ ਹੈ, ਤਾਂ ਵੀ ਇਹ ਆਪਣੇ ਇਤਿਹਾਸਕ ਮਹੱਤਵ ਕਾਰਣ ਬੜੀ ਮਾਅਰਕੇ ਦੀ ਰਚਨਾ ਹੈ। 'ਪਿਲਗ੍ਰਿਮ'ਜ਼ ਪ੍ਰੋਗਰੈਸ' ਦਾ ਪੰਜਾਬੀ ਨਾਵਲ ਉਪਰ ਪ੍ਰਭਾਵ ਜਤਨ ਨਾਲ ਵੀ ਲਭਿਆ ਨਹੀਂ ਜਾ ਸਕਦਾ। ਪਰ 'ਜਯੋਤਿਰੁਦਯ' ਦੀ ਕਥਾ ਕੁਝ ਇਸ ਪ੍ਰਕਾਰ ਦੀ ਹੈ ਕਿ ਇਸ ਦਾ ਪੰਜਾਬੀ ਨਾਵਲ-ਪਰੰਪਰਾ ਨਾਲ ਸੰਬੰਧ ਸਹਿਜੇ ਹੀ ਸਥਾਪਿਤ ਹੋ ਜਾਂਦਾ ਹੈ।

ਕਥਾ ਸਾਰ :

ਕਲਕੱਤਾ ਸ਼ਹਿਰ ਤੋਂ ਛੇ ਕੁ ਮੀਲ ਦੀ ਵਿਥ ਉਤੇ ਇਕ ਵੱਡਾ ਪਿੰਡ ਗੋਪਾਲਪੁਰ ਹੈ। ਇਥੇ ਇਕ ਰਾਜਕੁਮਾਰ ਭੱਟਾਚਾਰੀਆ ਨਾਮਕ ਕੁਲੀਨ ਬ੍ਰਾਹਮਣ ਦਾ ਘਰ ਹੈ। ਉਹ ਬੜੀ ਸੁੰਦਰ ਅਤੇ ਸੁਸ਼ੀਲ ਕੁੜੀ ਕੁਮਾਰੀ ਨਾਲ ਵਿਆਹਿਆ ਹੋਇਆ ਹੈ। ਉਨ੍ਹਾਂ ਦੇ ਘਰ ਪ੍ਰੇਮਚੰਦ ਤੇ ਪ੍ਰਿਯਨਾਥ ਦੋ ਪੁੱਤਰ ਹਨ ਅਤੇ ਇਕ ਚਾਰ ਵਰ੍ਹਿਆਂ ਦੀ ਧੀ ਕਾਮਨੀ ਹੈ। ਯਦੁਨਾਥ ਰਾਜਕੁਮਾਰ ਦਾ ਭਰਾ ਹੈ, ਜਿਸ ਦੀ ਪਤਨੀ ਦਾ ਨਾਮ ਪ੍ਰਸੰਨੂ ਹੈ। ਉਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ। ਯਦੁਨਾਥ ਤੋਂ ਛੋਟੇ ਭਰਾ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਉਸ ਦੀ ਪਤਨੀ ਬਸੰਤ ਇਸੇ ਘਰ ਵਿਚ ਰੰਡੇਪਾ ਕੱਟ ਰਹੀ ਹੈ। ਉਹ ਅਠਾਰਾਂ ਵਰ੍ਹਿਆਂ ਦੀ ਸੁੰਦਰ ਨੈਣ-ਨਕਸ਼ ਵਾਲੀ ਇਸਤ੍ਰੀ ਹੈ, ਜਿਸ ਦੇ ਪੇਟ ਵਿਚ ਆਪਣੇ ਮਰ ਚੁੱਕੇ ਪਤੀ ਦਾ ਬੱਚਾ ਹੈ। ਰਾਜ ਕੁਮਾਰ ਦੀ ਇਕ ਬੁੱਢੀ ਚਾਚੀ ਤਾਰਾਮਣੀ ਹੈ, ਜੋ ਬੜੀ ਹਸਮੁਖ ਤੇ ਜ਼ਿੰਦਾਦਿਲ ਹੈ। ਘਰ ਵਿਚ ਹਿਰਨੀ ਨਾਮ ਦੀ ਇਕ ਨੌਕਰਾਣੀ ਵੀ ਹੈ। ਰਾਜਕੁਮਾਰ ਨੇ ਵੇਦਾਂ ਸ਼ਾਸਤ੍ਰਾਂ ਦਾ ਅਧਿਐਨ ਕੀਤਾ ਹੋਇਆ ਹੈ ਅਤੇ ਉਹ ਕਲਕੱਤੇ ਦੀਆਂ ਕਚਹਿਰੀਆਂ ਵਿਚ ਕੰਮ ਕਰਕੇ ਅੱਸੀ ਰੁਪਏ ਮਹੀਨਾ ਤਨਖ਼ਾਹ ਲੈਂਦਾ ਹੈ। ਦੋਵੇਂ ਹਰ ਸੋਮਵਾਰ ਸਵੇਰੇ ਰੇਲਗੱਡੀ ਰਾਹੀਂ ਕਲਕੱਤੇ ਚਲੇ ਜਾਂਦੇ ਹਨ ਅਤੇ ਸਨਿਚਰਵਾਰ ਸ਼ਾਮ ਨੂੰ ਘਰ ਮੁੜਦੇ ਹਨ। ਪਿਛੇ ਤ੍ਰੀਮਤਾਂ ਚੌਂਕਾ ਚੁੱਲ੍ਹਾ ਕਰਨ ਤੋਂ ਇਲਾਵਾ ਘਰ ਨੂੰ ਸੰਵਾਰਨ ਸ਼ਿੰਗਾਰਨ ਵਿਚ ਰੁੱਝੀਆਂ ਰਹਿੰਦੀਆਂ ਹਨ। ਇਹੋ ਉਨ੍ਹਾਂ ਦਾ ਰੋਜ਼ਾਨਾ ਜੀਵਨ ਹੈ। ਉਨ੍ਹਾਂ ਨੇ ਕਦੇ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲ ਕੇ ਨਹੀਂ ਦੇਖਿਆ।

ਦਿਨ ਪੂਰੇ ਹੋਣ ਮਗਰੋਂ ਜਦੋਂ ਬਸੰਤ ਦੇ ਪੇਟੋਂ ਪੁੱਤਰ ਜਨਮ ਲੈਂਦਾ ਹੈ, ਤਾਂ ਬਸੰਤ ਨੂੰ ਉਸੇ ਦਿਨ ਇਕ ਹਨੇਰੀ ਕੋਠੜੀ ਵਿਚ ਡੱਕ ਦਿੱਤਾ ਜਾਂਦਾ ਹੈ। ਕੋਈ ਉਸ ਦੇ ਮੱਥੇ ਨਹੀਂ ਲੱਗਦਾ, ਕਿਉਂਕਿ ਰਿਵਾਜ ਅਨੁਸਾਰ ਉਸ ਨੇ ਸੂਤਕ ਦੇ ਤੀਹ ਦਿਨਾਂ ਤਕ ਅਪਵਿੱਤਰ ਰਹਿਣਾ ਹੈ। ਉਹ ਘਰ ਵਿਚ ਕਿਧਰੇ ਵੀ ਨਹੀਂ ਆ ਜਾ ਸਕਦੀ ਅਤੇ ਉਸੇ ਹਨੇਰੀ ਕੋਠੜੀ ਵਿਚ ਪਈ ਹੋਈ ਪ੍ਰਸੂਤ-ਪੀੜਾਂ ਕਾਰਣ ਤੜਫ਼ਦੀ ਰਹਿੰਦੀ ਹੈ। ਤੀਹ ਦਿਨ ਮਗਰੋਂ ਉਸ ਨੂੰ ਗੰਗਾ ਇਸ਼ਨਾਨ ਕਰਨ ਲਈ

---

1. ਅਮਰਜੋਤ ਕੌਰ, ਪੰਜਾਬੀ ਨਾਵਲ ਦਾ ਸਮਾਜਿਕ ਤੇ ਆਰਥਿਕ ਪਿਛੋਕੜ, ਐਮ. ਲਿਟ ਥੀਸਿਜ਼, ਪੰਨਾ 21.

Digitized by Panjab Digital Library | www.panjabdigilib.org



ਜੋਤਿਰੁਦਯ

ਅਰਥਾਤ

ਜੋਤ ਦਾ ਉਦੈ ਹੋਣਾ॥

ਪੰਜਾਬ ਰਲੀਜੀਅਸ ਬੁੱਕ ਸੁਸੈਅਟੀ ਦੇ ਲਈ॥

ਲੁਦਿਹਾਣੇ ਦੇ ਮਿਸ਼ਨ ਪ੍ਰੇਸ ਵਿੱਚ,
ਪਾਦਰੀ [illegible] ਸਾਹਿਬ ਦੇ ਜਤਨ ਨਾਲ,
ਛਾਪਿਆ ਗਿਆ।
ਮਸੀਹੀ ਸੰਮਤ [illegible]॥

ਪੰਜਾਬੀ ਭਾਸ਼ਾ ਦਾ ਪ੍ਰਥਮ ਮੌਲਿਕ ਨਾਵਲ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪਾਲਕੀ ਵਿਚ ਬਿਠਾ ਕੇ ਭੇਜਿਆ ਜਾਂਦਾ ਹੈ, ਤਾਂ ਕਿ ਕੋਈ ਦੇਖ ਨਾ ਲਏ। ਪਾਲਕੀ ਨੂੰ ਨਦੀ ਵਿਚ ਡੁਬੋਇਆ ਜਾਂਦਾ ਹੈ। ਜਦੋਂ ਬਸੰਤ ਦੇ ਸਾਰੇ ਕੱਪੜੇ ਭਿੱਜ ਜਾਂਦੇ ਹਨ, ਤਾਂ ਉਸ ਨੂੰ ਤਿੰਨ ਚਾਰ ਮੀਲ ਪੈਦਲ ਭਿੱਜੇ ਕੱਪੜੀਂ ਆਪਣੇ ਸਰੀਰ ਨੂੰ ਚਾਦਰ ਨਾਲ ਢਕ ਕੇ ਵਾਪਸ ਮੁੜਨਾ ਪੈਂਦਾ ਹੈ। ਫ਼ਿਰ ਉਸ ਦਾ ਹਾਰ-ਸ਼ਿੰਗਾਰ ਹੁੰਦਾ ਹੈ, ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਆਸ ਪੜੋਸ ਵਿਚ ਮਠਿਆਈ ਵੰਡੀ ਜਾਂਦੀ ਹੈ। ਬੱਚੇ ਦਾ ਨਾਮ ਹਰੇਸ਼ ਰੱਖਿਆ ਜਾਂਦਾ ਹੈ।

ਹਰੇਸ਼ ਪੈਰੋ ਪੈਰ ਤਕੜਾ ਹੋ ਜਾਂਦਾ ਹੈ। ਹੁਣ ਉਸ ਦੀ ਉਮਰ ਚਾਰ ਵਰ੍ਹਿਆਂ ਦੀ ਹੋ ਗਈ ਹੈ। ਉਸ ਦੀ ਮਾਂ ਬਸੰਤ ਆਪਣੇ ਭਤੀਜੇ ਪ੍ਰੇਮਨਾਥ ਨੂੰ ਪੜ੍ਹਦਿਆਂ ਵੇਖ ਕੇ ਆਪਣੀ ਅਨਪੜ੍ਹਤਾ ਉਤੇ ਝੂਰਦੀ ਹੈ, ਕਿਉਂਕਿ ਸਮਾਜ ਇਸਤ੍ਰੀਆਂ ਨੂੰ ਸਕੂਲਾਂ ਵਿਚ ਪੜ੍ਹਨ ਦੀ ਆਗਿਆ ਨਹੀਂ ਦਿੰਦਾ। ਉਹ ਪ੍ਰੇਮਨਾਥ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਉਸ ਕੋਲੋਂ ਪੜ੍ਹਨਾ ਸਿੱਖਦੀ ਹੈ। ਹੁਣ ਉਹ ਬੰਗਾਲੀ ਦੀਆਂ ਛੋਟੀਆਂ ਕਹਾਣੀਆਂ ਵਾਲੀਆਂ ਕਿਤਾਬਾਂ ਪੜ੍ਹ ਲੈਂਦੀ ਹੈ। ਉਸ ਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੁੰਦੀ ਹੈ ਕਿ ਉਸਨੂੰ ਥੋੜ੍ਹਾ ਬਹੁਤ ਪੜ੍ਹਨਾ ਆ ਗਇਆ ਹੈ। ਇਧਰ ਬਸੰਤ ਆਪਣੀ ਪੜ੍ਹਾਈ ਵਿਚ ਮਸਤ ਹੈ, ਉਧਰ ਹਰੇਸ਼ ਬੀਮਾਰ ਹੋ ਜਾਂਦਾ ਹੈ। ਡਾਕਟਰ ਕੋਲੋਂ ਇਲਾਜ ਕਰਵਾਉਣ ਦੀ ਥਾਂ ਕਿਸੇ ਬ੍ਰਾਹਮਣ ਨੂੰ ਸੱਦਿਆ ਜਾਂਦਾ ਹੈ। ਉਹ ਕੁਝ ਮੰਤਰ ਪੜ੍ਹਨ ਮਗਰੋਂ ਤੀਹ ਰੁਪਏ ਠੱਗ ਕੇ ਚਲਾ ਜਾਂਦਾ ਹੈ। ਦੋ ਤਿੰਨ ਦਿਨਾਂ ਵਿਚ ਹੀ ਮੁੰਡਾ ਦਵਾਈ ਖੁਣੋਂ ਤੜਫਦਾ ਪਰਲੋਕ ਸਿਧਾਰ ਜਾਂਦਾ ਹੈ। ਬਸੰਤ ਰੋ ਰੋ ਕੇ ਆਪਣੇ ਦੀਦੇ ਗਾਲ ਲੈਂਦੀ ਹੈ ਅਤੇ ਕਾਫ਼ੀ ਲਿੱਸੀ ਹੋ ਜਾਂਦੀ ਹੈ। ਪਹਿਲਾਂ ਪਤੀ ਦੀ ਮੌਤ ਦਾ ਸਦਮਾ ਸੀ, ਹੁਣ ਪਤੀ ਦੀ ਆਖ਼ਰੀ ਨਿਸ਼ਾਨੀ ਵੀ ਉਸ ਕੋਲੋਂ ਸਦਾ ਲਈ ਖੁਸ ਗਈ। ਹੁਣ ਉਸ ਦਾ ਪੜ੍ਹਨ ਵਿਚ ਦਿਲ ਨਹੀਂ ਲੱਗਦਾ।

ਬਸੰਤ ਦੀ ਮਨੋਦਸ਼ਾ ਹਾਲੇ ਸੁਧਰੀ ਨਹੀਂ ਸੀ, ਕਿ ਘਰ ਵਿਚ ਇਕ ਹੋਰ ਬਿਪਤਾ ਆ ਪੈਂਦੀ ਹੈ। ਯਦੁਰਾਜ ਦੇ ਵਿਆਹ ਨੂੰ ਅੱਠ ਵਰ੍ਹੇ ਹੋਣ ਨੂੰ ਆਏ ਹਨ, ਪਰ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ। ਉਹ ਆਪਣੇ ਵੱਡੇ ਭਰਾ ਨਾਲ ਸਲਾਹ ਕਰਕੇ ਦੂਜਾ ਵਿਆਹ ਕਰਨ ਦੀ ਠਾਣ ਲੈਂਦਾ ਹੈ। ਪ੍ਰਸੰਨੂ ਵਿਚਾਰੀ ਦੇ ਸਿਰ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਉਹ ਦਿਨ ਰਾਤ ਰੋਣ ਧੋਣ ਵਿਚ ਬਿਤਾਉਂਦੀ ਹੈ। ਉਸ ਨੂੰ ਕੋਈ ਧਰਵਾਸ ਦੇਣ ਵਾਲਾ ਨਜ਼ਰ ਨਹੀਂ ਆਉਂਦਾ। ਆਖ਼ਰ ਹੋਣੀ ਹੋ ਕੇ ਹੀ ਰਹਿੰਦੀ ਹੈ ਅਤੇ ਯਦੁਰਾਜ ਨੌਂ ਵਰ੍ਹਿਆਂ ਦੀ ਕੁੜੀ ਜਗਤਾਰਨੀ ਨਾਲ ਕੁੜਮਾਈ ਕਰਵਾ ਲੈਂਦਾ ਹੈ। ਦਾਜ ਦੇ ਝਗੜੇ ਕਰਕੇ ਕੁਝ ਸਮਾਂ ਵਿਆਹ ਰੁਕਿਆ ਰਹਿੰਦਾ ਹੈ। ਅੰਤ ਵਿਚ ਕੁੜੀ ਵਾਲਿਆਂ ਨੂੰ ਝੁਕਣਾ ਪੈਂਦਾ ਹੈ ਅਤੇ ਉਹ ਮੂੰਹ ਮੰਗਿਆ ਦਾਜ ਦੇ ਕੇ ਜਗਤਾਰਨੀ ਦਾ ਵਿਆਹ ਯਦੁਰਾਜ ਨਾਲ ਕਰ ਦਿੰਦੇ ਹਨ। ਨੌਂ ਵਰ੍ਹਿਆਂ ਦੀ ਵਹੁਟੀ ਜਗਤਾਰਨੀ ਸਹੁਰੇ ਘਰ ਆ ਜਾਂਦੀ ਹੈ।

ਇਨ੍ਹਾਂ ਦਿਨਾਂ ਵਿਚ ਉਸੇ ਪਿੰਡ ਵਿਚ ਇਕ ਅੰਗ੍ਰੇਜ਼ ਮਿਸ਼ਨਰੀ ਇਸਤ੍ਰੀ ਆਉਂਦੀ ਹੈ, ਜਿਸ ਦੀ ਉਮਰ ਅਠਾਈ ਵਰ੍ਹਿਆਂ ਦੇ ਲਗਭਗ ਹੈ, ਪਰ ਅਜੇ ਉਹ ਅਣਵਿਆਹੀ ਹੈ। ਉਹ ਪਿੰਡ ਦੀਆਂ ਇਸਤ੍ਰੀਆਂ ਨੂੰ ਸਿਲਾਈ ਕਢਾਈ ਦਾ ਕੰਮ ਵੀ ਸਿਖਾਉਂਦੀ ਹੈ ਅਤੇ ਆਪਣੇ ਈਸਾਈ ਧਰਮ ਬਾਰੇ ਚੰਗੀਆਂ ਗੱਲਾਂ ਦੱਸ ਕੇ ਉਨ੍ਹਾਂ ਨੂੰ ਧਰਮ ਗ੍ਰਹਿਣ ਕਰਨ ਲਈ ਪ੍ਰੇਰਦੀ ਹੈ। ਈਸਾ ਮਸੀਹ ਦੇ ਪ੍ਰੇਮ ਵਿਚ ਭਿੱਜੇ ਗੀਤ ਗਾ ਗਾ ਕੇ ਉਨ੍ਹਾਂ ਦਾ ਮਨ ਪ੍ਰਸੰਨ ਕਰਦੀ ਹੈ। ਪਿੰਡ ਦੀਆਂ ਸਾਰੀਆਂ

Digitized by Panjab Digital Library | www.panjabdigilib.org

ਇਸਤ੍ਰੀਆਂ ਉਸ ਦੇ ਵਤੀਰੇ ਤੋਂ ਬਹੁਤ ਪ੍ਰਭਾਵਿਤ ਹੁੰਦੀਆਂ ਹਨ । ਵਿਸ਼ੇਸ਼ ਕਰਕੇ ਬਸੰਤ ਉਤੇ ਉਸ ਦੇ ਆਚਾਰ ਵਿਹਾਰ ਦਾ ਅਨੋਖਾ ਪ੍ਰਭਾਵ ਪੈਂਦਾ ਹੈ । ਉਹ ਇਸ ਅੰਗ੍ਰੇਜ਼ ਔਰਤ ਨੂੰ ਆਪਣੇ ਘਰ ਬੁਲਾਉਂਦੀ ਹੈ ਅਤੇ ਉਸ ਅੱਗੇ ਆਪਣਾ ਦੁਖ ਫੋਲਦੀ ਹੈ । ਮਿਸ਼ਨਰੀ ਇਸਤ੍ਰੀ ਬਸੰਤ ਨੂੰ ਦਿਲਾਸਾ ਦਿੰਦੀ ਹੈ ਅਤੇ ਦੱਸਦੀ ਹੈ ਕਿ ਤੇਰਾ ਪੁੱਤਰ ਯਿਸੂ ਮਸੀਹ ਦੀ ਗੋਦ ਵਿਚ ਚਲਾ ਗਇਆ ਹੈ। ਮਮਤਾ ਦੀ ਮਾਰੀ ਬਸੰਤ ਈਸਾ ਕੋਲ ਪਹੁੰਚਣ ਦਾ ਰਾਹ ਪੁੱਛਦੀ ਹੈ, ਜਿਸ ਦੇ ਉੱਤਰ ਵਿਚ ਉਹ ਬੜੀਆਂ ਗੱਲਾਂ ਬਸੰਤ ਨੂੰ ਸਮਝਾ ਕੇ ਚਲੀ ਜਾਂਦੀ ਹੈ ।

ਇਕ ਦਿਨ ਰਾਜਕੁਮਾਰ ਸਾਰੇ ਪਰਿਵਾਰ ਨੂੰ ਕਲਕੱਤੇ ਲਿਜਾਣ ਅਤੇ ਉਥੇ ਹੀ ਵਸਾਉਣ ਦਾ ਪ੍ਰੋਗਰਾਮ ਬਣਾਉਂਦਾ ਹੈ । ਘਰ ਦੀਆਂ ਤ੍ਰੀਮਤਾਂ ਬੜੀਆਂ ਖੁਸ਼ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਰੇਲ-ਗੱਡੀ ਉਤੇ ਸ਼ਹਿਰ ਦੇਖਣ ਦਾ ਮੌਕਾ ਮਿਲੇਗਾ । ਪਰ ਰਾਜਕੁਮਾਰ ਰੇਲ-ਗੱਡੀ ਵਿਚ ਇਸ ਲਈ ਜਾਣਾ ਯੋਗ ਨਹੀਂ ਸਮਝਦਾ ਕਿ ਇਸਤ੍ਰੀਆਂ ਦਾ ਪਰਦਾ ਨਹੀਂ ਰਹੇਗਾ ਅਤੇ ਉਨ੍ਹਾਂ ਨੂੰ ਹਰ ਗ਼ੈਰ-ਮਰਦ ਦੇਖੇਗਾ । ਸੋ ਇਕ ਬੰਦ ਬੈਲਗੱਡੀ ਵਿਚ ਬਹਿ ਕੇ ਸਾਰੇ ਸ਼ਹਿਰ ਵਾਲੇ ਮਕਾਨ ਵਿਚ ਚਲੇ ਜਾਂਦੇ ਹਨ । ਪ੍ਰੇਮਨਾਥ ਤੇ ਕਾਮਨੀ ਦੋਹਾਂ ਨੂੰ ਸਕੂਲ ਦਾਖ਼ਲ ਕਰਾ ਦਿੱਤਾ ਜਾਂਦਾ ਹੈ । ਔਰਤਾਂ ਜਿਧਰੋਂ ਵੀ ਲੰਘਦੀਆਂ ਹਨ, ਦੋਹੀਂ ਪਾਸੀਂ ਪਰਦਾ ਤਣਿਆ ਰਹਿੰਦਾ ਹੈ, ਤਾਂ ਕਿ ਉਨ੍ਹਾਂ ਨੂੰ ਕੋਈ ਦੇਖ ਨਾ ਸਕੇ। ਇਨ੍ਹੀਂ ਦਿਨੀਂ ਬਸੰਤ ਘਰ ਦਿਆਂ ਤੋਂ ਚੋਰੀ ਪ੍ਰੇਮਨਾਥ ਰਾਹੀਂ 'ਮੰਗਲ ਸਮਾਚਾਰ' (ਬਾਈਬਲ ਦੇ ਬੰਗਾਲੀ ਅਨੁਵਾਦ ਦਾ ਇਕ ਭਾਗ) ਮੰਗਵਾ ਕੇ ਪੜ੍ਹਦੀ ਹੈ ਅਤੇ ਗਦ ਗਦ ਹੋ ਜਾਂਦੀ ਹੈ । ਉਧਰ ਪ੍ਰੇਮਨਾਥ ਵੀ ਸਕੂਲ ਦੇ ਈਸਾਈ ਅਧਿਆਪਕਾਂ ਦੀ ਪ੍ਰੇਰਣਾ ਨਾਲ ਈਸਾਈ ਧਰਮ ਵਲ ਝੁਕ ਜਾਂਦਾ ਹੈ ਅਤੇ ਹਿੰਦੂ ਸ਼ਾਸਤ੍ਰਾਂ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ । ਦੋਵੇਂ ਅੰਦਰਖਾਤੇ ਈਸਾਈ ਬਣ ਜਾਂਦੇ ਹਨ ।

ਕੁਝ ਦਿਨਾਂ ਮਗਰੋਂ ਇਨ੍ਹਾਂ ਨੂੰ ਵਾਪਸ ਗੋਪਾਲਪੁਰ ਆਉਣਾ ਪੈਂਦਾ ਹੈ । ਇਕ ਦਿਨ ਪਿੰਡ ਵਿਚ ਬੜੀ ਵਿਚਿੱਤਰ ਘਟਨਾ ਵਾਪਰਦੀ ਹੈ । ਇਕ ਵਿਧੁਰ ਦਾ ਵਿਧਵਾ ਕੁੜੀ ਨਾਲ ਵਿਆਹ ਬੜੀ ਧੂਮਧਾਮ ਨਾਲ ਹੋ ਜਾਂਦਾ ਹੈ । ਸਾਰੇ ਪਿੰਡ ਵਾਲੇ ਹੈਰਾਨ ਰਹਿ ਜਾਂਦੇ ਹਨ । ਇਨ੍ਹਾਂ ਵਿਚ ਪ੍ਰੇਮਨਾਥ ਦਾ ਇਕ ਨੌਜਵਾਨ ਜਾਣਕਾਰ ਪਿੰਡ ਆਉਂਦਾ ਹੈ । ਉਸ ਦੀ ਪਤਨੀ ਵਿਆਹ ਮਗਰੋਂ ਇਕ ਬੱਚੀ ਨੂੰ ਜਨਮ ਦੇ ਕੇ ਪਰਲੋਕ ਸਿਧਾਰ ਗਈ ਹੈ । ਹੁਣ ਉਹ ਕਿਸੇ ਕੁੜੀ ਦੀ ਤਲਾਸ਼ ਵਿਚ ਹੈ । ਪ੍ਰੇਮਨਾਥ ਉਸ ਨੂੰ ਆਪਣੀ ਵਿਧਵਾ ਚਾਚੀ ਬਸੰਤ ਨਾਲ ਵਿਆਹ ਕਰ ਲੈਣ ਲਈ ਪ੍ਰੇਰਦਾ ਹੈ। ਲੁਕ ਛਿਪ ਕੇ ਉਹ ਬਸੰਤ ਦੇ ਰੂਪ ਦੀ ਝਲਕ ਵੀ ਉਸ ਨੂੰ ਦਿਖਾ ਦਿੰਦਾ ਹੈ। ਹੁਣ ਉਹ ਯੁਵਕ ਆਪ ਰਾਜਕੁਮਾਰ ਨਾਲ ਇਸ ਬਾਰੇ ਗੱਲ ਕਰਦਾ ਹੈ । ਹੁਣ ਦੁਨੀਆਂ ਵਲ ਦੇਖ ਦੇਖ ਕੇ ਰਾਜਕੁਮਾਰ ਨੂੰ ਪਹਿਲਾਂ ਨਾਲੋਂ ਕਾਫ਼ੀ ਸੋਝੀ ਆ ਗਈ ਹੈ । ਮਾੜੀ ਮੋਟੀ ਨਾਂਹ ਮਗਰੋਂ ਉਹ ਹਾਂ ਕਰ ਦਿੰਦਾ ਹੈ । ਹੌਲੀ ਹੌਲੀ ਸਾਰੇ ਘਰ ਵਾਲੇ ਮੰਨ ਜਾਂਦੇ ਹਨ ਅਤੇ ਉਨ੍ਹਾਂ ਦੋਹਾਂ ਦਾ ਵਿਆਹ ਹੋ ਜਾਂਦਾ ਹੈ । ਵਿਆਹ ਮਗਰੋਂ ਜਦੋਂ ਬਸੰਤ ਆਪਣੇ ਸਹੁਰੇ-ਘਰ ਜਾਂਦੀ ਹੈ, ਤਾਂ ਪਤੀ ਉਸ ਨੂੰ ਬਾਈਬਲ ਦੀ ਪੋਥੀ ਦੇ ਦਰਸ਼ਨ ਕਰਾਉਂਦਾ ਹੈ । ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਬਸੰਤ ਪਹਿਲਾਂ ਹੀ ਈਸਾਈ ਧਰਮ ਧਾਰਣ ਕਰ ਚੁੱਕੀ ਹੈ, ਤਾਂ ਦੋਵੇਂ ਬੜੇ ਖੁਸ਼ ਹੁੰਦੇ ਹਨ ਅਤੇ ਪ੍ਰਸੰਨਤਾ ਸਹਿਤ ਆਪਣਾ ਵਿਵਾਹਿਤ ਜੀਵਨ ਬਤੀਤ ਕਰਦੇ ਹਨ । ਇਥੇ ਨਾਵਲ ਦਾ ਅੰਤ ਹੁੰਦਾ ਹੈ।

Digitized by Panjab Digital Library | www.panjabdigilib.org

ਵਿਵੇਚਨ :

ਵਿਚਾਰ-ਅਧੀਨ ਰਚਨਾ ਦੇ ਸੰਬੰਧ ਵਿਚ ਸਭ ਤੋਂ ਪਹਿਲੀ ਤੇ ਮਹੱਤਵਪੂਰਣ ਗੱਲ ਇਹ ਹੈ ਕਿ ਇਸ ਨਾਵਲ ਦਾ ਵਿਸ਼ਾ ਸਮਾਜਕ ਹੈ। ਇਹ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਪਹਿਲਾ ਸਮਾਜਕ ਨਾਵਲ ਹੈ, ਜਿਸ ਵਿਚ ਭਾਰਤੀ ਸਮਾਜ ਦੀਆਂ ਕੁਰੀਤੀਆਂ ਦਾ ਭਰਪੂਰ ਖੰਡਨ ਕੀਤਾ ਗਇਆ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਸਮਕਾਲੀ ਸਮਾਜਕ ਦ੍ਰਿਸ਼ ਤਾਂ ਲਗਭਗ ਲੋਪ ਹੀ ਹੈ, ਕਿਉਂਕਿ ਉਸ ਨੇ ਜਾਂ ਤਾਂ ਇਤਿਹਾਸਿਕਤਾ ਉਤੇ ਵਧੇਰੇ ਜ਼ੋਰ ਦਿੱਤਾ ਹੈ ਅਤੇ ਜਾਂ ਸਿਖ ਧਰਮ ਨੂੰ ਬਾਕੀ ਧਰਮਾਂ ਨਾਲੋਂ ਸ੍ਰੇਸ਼ਠ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੋਹਨ ਸਿੰਘ ਵੈਦ ਨੇ ਵੀ ਆਪਣੇ ਇਕ ਦੋ ਨਾਵਲਾਂ ਵਿਚ ਸਮਾਜਕ ਕੁਰੀਤੀਆਂ ਵਲ ਸੰਕੇਤ ਮਾਤਰ ਹੀ ਕੀਤਾ ਹੈ। ਅਸਲ ਵਿਚ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਤੋਂ ਪਹਿਲਾਂ ਅਜਿਹਾ ਹੋਰ ਕੋਈ ਨਾਵਲ ਨਜ਼ਰ ਨਹੀਂ ਆਉਂਦਾ, ਜਿਸ ਵਿਚ ਸਮਾਜਿਕਤਾ ਦਾ ਪੱਖ ਵਧੇਰੇ ਉੱਘੜਵੇਂ ਰੂਪ ਵਿਚ ਸਾਹਮਣੇ ਆਇਆ ਹੋਵੇ। 'ਜਯੋਤਿਰੁਦਯ' ਵਿਚੋਂ ਸਾਨੂੰ ਨਾਵਲਕਾਰ ਦੀ ਸਮਾਜਕ ਚੇਤਨਾ ਦੀ ਝਲਕ ਮਿਲਦੀ ਹੈ। ਇਸ ਵਿਚ ਲੇਖਕ ਨੇ ਪੱਛਮੀ ਬੰਗਾਲ ਦੇ ਸਭਿਆਚਾਰ ਅਤੇ ਆਚਾਰ-ਵਿਹਾਰ ਦਾ ਸਜੀਵ ਚਿੱਤਰ ਪੇਸ਼ ਕੀਤਾ ਹੈ। ਨਾਨਕ ਸਿੰਘ ਵਾਂਗ ਲੇਖਕ ਦਾ ਦ੍ਰਿਸ਼ਟੀਕੋਣ ਸੁਧਾਰਵਾਦੀ ਹੈ। ਉਹ ਭਾਰਤੀ ਸਮਾਜ ਵਿਚ ਪ੍ਰਚਲਿਤ ਗ਼ਲਤ ਕੀਮਤਾਂ ਦਾ ਖੰਡਨ ਕਰਦਾ ਹੈ ਅਤੇ ਉਸ ਵਿਚ ਫ਼ੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਪ੍ਰੇਰਣਾ ਦਿੰਦਾ ਹੈ। 144 ਪੰਨਿਆਂ ਦੇ ਲਘੂ ਨਾਵਲ ਵਿਚ ਉਸ ਨੇ ਕਈ ਮਹੱਤਵਪੂਰਣ ਵਿਸ਼ੇ ਛੋਹੇ ਹਨ। ਅਨਪੜ੍ਹਤਾ, ਇਸਤ੍ਰੀ ਜਾਤੀ ਦੀ ਦੁਰਦਸ਼ਾ, ਦਾਜ ਦੇ ਝਗੜੇ, ਜਾਦੂ-ਮੰਤਰਾਂ ਉਤੇ ਅੰਧ ਵਿਸ਼ਵਾਸ਼, ਬਾਲ-ਵਿਆਹ, ਇਕ ਪਤਨੀ ਦੇ ਹੁੰਦਿਆਂ ਪੁਨਰ-ਵਿਆਹ, ਵਿਧਵਾ ਵਿਆਹ ਆਦਿ ਸਮੱਸਿਆਵਾਂ ਉਕਤ ਰਚਨਾ ਵਿਚ ਉਭਰ ਕੇ ਸਾਹਮਣੇ ਆਈਆਂ ਹਨ। ਪਾਠਕ ਜਿਉਂ ਜਿਉਂ ਨਾਵਲ ਪੜ੍ਹਦਾ ਹੈ, ਤਿਉਂ ਤਿਉਂ ਇਨ੍ਹਾਂ ਕੁਰੀਤੀਆਂ ਪ੍ਰਤਿ ਉਸਦੇ ਮਨ ਵਿਚ ਘ੍ਰਿਣਾ ਉਤਪੰਨ ਹੁੰਦੀ ਹੈ। ਇਨ੍ਹਾਂ ਸਮੱਸਿਆਵਾਂ ਦੀ ਤਹਿ ਵਿਚ ਲੁਕਿਆ ਲੇਖਕ ਦਾ ਈਸਾਈ ਧਰਮ ਦੇ ਪ੍ਰਚਾਰ ਦਾ ਉੱਦੇਸ਼ ਵੀ ਸਪਸ਼ਟ ਹੋ ਜਾਂਦਾ ਹੈ। ਇਹ ਠੀਕ ਹੈ ਕਿ ਸਾਹਿਤ ਦੀ ਸਿਰਜਣਾ ਕਿਸੇ ਵਿਸ਼ੇਸ਼ ਮਨੋਰਥ ਨਾਲ ਹੁੰਦੀ ਹੈ। ਇਕ ਸਜੀਵ ਕਲਾਤਮਕ ਪੂਰਣਤਾ ਦਾ ਸੰਕਲਪ ਤਾਂ ਹੀ ਪੈਦਾ ਹੋ ਸਕਦਾ ਹੈ, ਜੇਕਰ ਕਲਾਕਾਰ ਆਪਣੀ ਰਚਨਾ ਨੂੰ ਵਿਸ਼ੇਸ਼ ਪ੍ਰਕਾਰ ਦੀਆਂ ਕੀਮਤਾਂ ਦੇ ਰੰਗ ਵਿਚ ਰੰਗੇ ਅਤੇ ਇਹ ਕੀਮਤਾਂ ਦੇ ਰੰਗ ਵਿਚ ਰੰਗਣ ਦੀ ਪ੍ਰਕ੍ਰਿਆ ਉਸ ਤੋਂ ਮੰਗ ਕਰਦੀ ਹੈ ਕਿ ਉਹ ਆਪਣੇ ਆਪ ਨੂੰ ਉਸ ਵਿਚਾਰਧਾਰਾ ਨਾਲ ਸੰਬੰਧਿਤ ਕਰੇ, ਜਿਸ ਦਾ ਉਹ ਬੌਧਿਕ ਤੌਰ ਤੇ ਅਨੁਸਰਣ ਕਰਦਾ ਹੈ। ਪਰ ਕੀ ਸਾਹਿਤ ਵਿਚ ਪ੍ਰਚਾਰ ਨੰਗਾ ਹੋਣਾ ਚਾਹੀਦਾ ਹੈ ? ਲੇਖਕ ਆਪਣੇ ਆਪ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀਆਂ ਕੀਮਤਾਂ ਦੇ ਧਾਗੇ ਵਿਚ ਬੰਨ੍ਹਦਾ ਹੈ; ਅਤੇ ਅਨੁਭਵ ਤੇ ਵਸਤੂ ਨੂੰ ਆਪਣੇ ਸਿਧਾਂਤ ਨਾਲ ਇਕਸੁਰ ਕਰਦਾ ਹੈ ਅਤੇ ਇਸ ਇਕਸੁਰਤਾ ਵਿਚ ਉਹ ਕਲਾਤਮਕ ਸੰਪੂਰਣਤਾ ਪ੍ਰਾਪਤ ਕਰਦਾ ਹੈ। ਆਪਣੇ ਸਿਧਾਂਤ ਨੂੰ ਕਲਾਤਮਕਤਾ ਦਾ ਸੂਖਮ ਰੂਪ ਦੇਣਾ ਉਸ ਲਈ ਜ਼ਰੂਰੀ ਹੈ। 'ਜਯੋਤਿਰੁਦਯ' ਦਾ ਲੇਖਕ ਅਤੇ ਭਾਈ ਵੀਰ ਸਿੰਘ ਦੋਵੇਂ ਆਪਣੇ ਨਾਵਲਾਂ ਵਿਚ ਆਪੋ ਆਪਣੇ ਧਰਮ ਦਾ ਪ੍ਰਚਾਰ ਕਰਦੇ ਹਨ, ਕੇਵਲ ਮਾਤਰਾ ਅਤੇ ਪ੍ਰਚਾਰ-ਵਿਧੀ ਦਾ ਫ਼ਰਕ ਹੈ। ਫ਼ਿਰ ਵੀ 'ਜਯੋਤਿਰੁਦਯ' ਨਿਸਚੇ ਹੀ ਵਧੇਰੇ ਕਲਾਪੂਰਣ ਕਿਰਤ ਪ੍ਰਤੀਤ ਹੁੰਦੀ ਹੈ।

Digitized by Panjab Digital Library | www.panjabdigilib.org

ਇਸ ਨਾਵਲ ਦਾ ਇਕ ਹੋਰ ਮਹੱਤਵਪੂਰਣ ਪੱਖ ਤੋਂ ਅਧਿਐਨ ਕਰਨਾ ਵੀ ਆਵੱਸ਼ਕ ਹੈ ਅਤੇ ਉਹ ਹੈ ਇਸ ਦਾ ਅੰਤਰ-ਸਾਂਸਕ੍ਰਿਤਕ ਪੱਖ। ਇਸ ਸੰਬੰਧ ਵਿਚ ਪਹਿਲੀ ਗੱਲ ਇਹ ਹੈ ਕਿ ਨਾਵਲ ਦਾ ਲੇਖਕ ਭਾਰਤੀ ਨਹੀਂ, ਸਗੋਂ ਵਿਦੇਸ਼ ਤੋਂ ਆਇਆ ਈਸਾਈ ਮਿਸ਼ਨਰੀ ਹੈ। ਅਸੀਂ ਉਸ ਦੇ ਨਾਮ ਬਾਰੇ ਤਾਂ ਕੁਝ ਨਹੀਂ ਜਾਣਦੇ, ਪਰ ਇਤਨਾ ਜ਼ਰੂਰ ਪਤਾ ਲੱਗਦਾ ਹੈ ਕਿ ਉਹ ਅੰਗ੍ਰੇਜ਼ੀ ਮਿਸ਼ਨਰੀ ਹੈ ਅਤੇ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਨਾਲ ਕਿਸੇ ਨਾ ਕਿਸੇ ਰੂਪ ਵਿਚ ਸੰਬੰਧਿਤ ਹੈ। ਇਹ ਗੱਲ ਸਾਨੂੰ ਪੁਸਤਕ ਦੀਆਂ ਅੰਦਰਲੀਆਂ ਗਵਾਹੀਆਂ ਦੇ ਆਧਾਰ ਉਤੇ ਵੀ ਮੰਨਣ-ਯੋਗ ਪ੍ਰਤੀਤ ਹੁੰਦੀ ਹੈ। ਨਾਵਲ ਵਿਚ ਕਈ ਥਾਂਵਾਂ ਉਤੇ ਈਸਾਈ ਧਰਮ ਦੀ ਤੁਲਨਾ ਵਿਚ ਹਿੰਦੂ ਧਰਮ, ਸੰਸਕ੍ਰਿਤੀ, ਰੀਤਾਂ-ਰਸਮਾਂ, ਵਹਿਮਾਂ ਵਿਸ਼ਵਾਸਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੰਗ੍ਰੇਜ਼ੀ ਸੰਸਕ੍ਰਿਤੀ ਨੂੰ ਉੱਚਾ ਦਰਸਾਇਆ ਗਇਆ ਹੈ। 'ਜਯੋਤਿਰੁਦਯ' ਵਿਚ ਅਜਿਹੇ ਅਨੇਕ ਉਦਾਹਰਣ ਮਿਲਦੇ ਹਨ, ਜਿਨ੍ਹਾਂ ਤੋਂ ਉਪਰੋਕਤ ਸਿੱਟਾ ਨਿਕਲਦਾ ਹੈ :

(1) "ਪਾਦਰੀ ਕਹਿੰਦੇ ਹਨ, ਅਸੀਂ ਇਸੇ ਬਚਨ ਦੀ ਆਗਿਆ ਨਾਲ **ਇੰਗਲਿਸਤਾਨ ਤੋਂ ਯਿਸੂ ਦੀ ਬਾਬਤ ਸੁਣਾਉਣ ਲਈ ਆਏ ਹਾਂ**।"—ਪ੍ਰੇਮ ਚੰਦ।[1]

(2) "**ਅੰਗ੍ਰੇਜ਼ੀ ਤੀਮੀਆਂ** ਤਾਂ ਸਭ ਪੜ੍ਹਨਾ ਜਾਣਦੀਆਂ ਹਨ, ਅਤੇ ਕਈ ਤਾਂ ਅਜਿਹੀਆਂ ਪੜ੍ਹੀਆਂ ਹਨ, ਜੋ ਉਨ੍ਹਾਂ ਨੇ ਪੋਥੀਆਂ ਰਚੀਆਂ ਹਨ, ਪਰ ਬੰਗਾਲੀ ਤੀਮੀਆਂ ਤਾਂ ਬੜੀਆਂ ਮੂਰਖ ਹਨ।"—ਪ੍ਰੇਮਚੰਦ।[2]

(3) "ਹੁਣ ਮੈਂ ਇਹ ਜਾਣਨਾ ਚਾਹੁੰਦੀ ਹਾਂ, ਜੋ ਖ੍ਰਿਸਟ ਅਰਥਾਤ ਮਸੀਹ ਕੌਣ ਹੈ ? ਭਲਾ ਉਹ **ਇੰਗਲਿਸਤਾਨ ਵਿਚ** ਰਹਿੰਦਾ ਹੈ, ਮੈਂ ਜਾਣਦੀ ਹਾਂ, ਉਹ ਉਥੇ ਹੀ ਰਹਿੰਦਾ ਹੋਊ, ਅਤੇ **ਅੰਗ੍ਰੇਜ਼ਾਂ ਨੂੰ ਅਜਿਹਾ ਚਮਤਕਾਰਾ** ਉਹੋ ਹੀ ਦਿੰਦਾ ਹੋਊ।"—ਬਸੰਤ।[3]

(4) "ਇਕ ਮੂਰਤ **ਇੰਗਲਿਸਤਾਨ ਦੀ ਮਹਾਰਾਣੀ** ਦੀ ਬੀ ਉਹ ਦੇ ਕੋਲ ਹੈ, ਅਤੇ ਅਣੋਖੀ ਗੱਲ ਇਹ ਹੈ, ਜੋ ਉਹ ਆਖਦੀ ਹੈ, ਕਿ ਉਹ ਸਾਡੀ ਬੀ ਮਹਾਰਾਣੀ ਹੈ ਅਰ ਹੁਣ ਉਹ ਰਾਣੀ ਵਿਧਵਾ ਹੋ ਗਈ ਹੈ।"—ਤਾਰਾਮਣੀ।[4]

(5) "ਪਹਿਲੇ ਪੁਰਸਾਂ ਨੇ ਭੋਜਨ ਖਾਧਾ, ਅਤੇ ਥੱਕੀਆਂ ਟੁੱਟੀਆਂ ਤ੍ਰੀਮਤਾਂ ਨੂੰ ਜਦ ਤੋੜੀ ਉਨ੍ਹਾਂ ਦੇ ਭਰਤੇ ਨਾ ਖਾ ਲੈਣ, ਠਹਿਰਨਾ ਪਿਆ, ਇਹ ਬੀ ਇਕ ਕੇਹੀ **ਖੋਟੀ ਚਾਲ ਹਿੰਦੂਆਂ ਵਿਚ ਤੁਰੀ ਹੋਈ** ਹੈ।"—ਲੇਖਕ।[5]

(6) "ਹੇ ਪ੍ਰਭੂ ਬਿਅੰਤ, ਤੈਂ ਹੀ ਰਾਹੀਲ ਉਤੇ ਦਇਆ ਕੀਤੀ, **ਹਿੰਦੁਸਤਾਨ ਦੀਆਂ ਤੀਮੀਆਂ**

---

1. ਅਨਾਮ; ਜਯੋਤਿਰੁਦਯ, ਪੰਨਾ 87.
2. ਓਹੀ, ਪੰਨਾ 30.
3. ਓਹੀ, ਪੰਨਾ 78.
4. ਓਹੀ, ਪੰਨਾ 44.
5. ਓਹੀ, ਪੰਨਾ 68.

Digitized by Panjab Digital Library | www.panjabdigilib.org

ਉੱਤੇ ਬੀ ਦਇਆ ਕਰ, ਅਰ ਆਪਣੀ ਚਮਕਣ ਵਾਲੀ ਮੰਗਲ ਸਮਾਚਾਰ ਦੀ ਜੋਤ ਨਾਲ **ਉਨ੍ਹਾਂ ਦੇ ਚਿੱਤ ਦੇ ਅਨ੍ਹੇਰੇ ਨੂੰ ਚਾਨਣ ਕਰ।** ਤੈਂ ਹੀ ਇਫ਼ਰਾਈਮ ਦੇ ਉਤੇ ਕ੍ਰਿਪਾ ਕੀਤੀ, ਆਪਣੇ ਦਿਆਲੂ ਪਵਿੱਤ੍ਰ ਆਤਮਾ ਨਾਲ ਹਿੰਦੁਸਤਾਨ ਦੇ ਪੁਰਸ਼ਾਂ ਉੱਤੇ ਦਇਆ ਕਰ।"—ਲੇਖਕ।[1]

(7) "ਕਿਉ ਜਦ ਗ੍ਰਹਿਣ ਹੁੰਦਾ ਹੈ, ਤਾਂ ਸ਼ਾਸ਼ਤ੍ਰ ਵਿੱਚ ਲਿਖਿਆ ਹੈ, ਜੋ ਇਕ ਦੈਂਤ ਸੂਰਜ ਅਰ ਚੰਦ੍ਰਮਾ ਨੂੰ ਨਿਗਲਦਾ ਹੈ, ਇਹ ਗੱਲ ਕੇਹੀ ਬਿਸਮਝੀ ਦੀ ਹੈ। ਫੇਰ ਧਰਤੀ ਨਾਰੰਗੀ ਦੇ ਸਮਾਨ ਗੋਲ ਹੈ, ਪਰ ਸ਼ਾਸ਼ਤ੍ਰ ਆਖਦਾ ਹੈ ਜੋ ਉਹ ਚਪਟੀ ਹੈ, ਹੋਰ ਕਈ ਅਜਿਹੀਆਂ ਗੱਲਾਂ ਸ਼ਾਸਤ੍ਰ ਦੇ ਵਿੱਚ ਹਨ, ਜੋ ਬੁੱਧ ਦੇ ਵਿਰੁੱਧ ਹਨ। **ਖ੍ਰਿਸਟਾਨੀਆਂ ਦੇ ਸ਼ਾਸਤ੍ਰ ਵਿਚ ਮੈਂ ਅਜੇ ਤੋੜੀ ਕੋਈ ਗੱਲ ਅਜਿਹੀ ਨਹੀਂ ਡਿੱਠੀ, ਜੋ ਬੁੱਧ ਦੇ ਵਿਰੁੱਧ ਹੋਵੇ।"** —ਪ੍ਰੇਮਚੰਦ।[2]

(8) "**ਫੇਰ ਉਹ ਯਿਸੂ ਦੇ ਕਿਸੇ ਹੋਰ ਪਿਆਰੇ ਕੰਮ ਦੀ ਬਾਬਤ ਪੜ੍ਹੇ ਅਰ ਉਸ ਨੂੰ ਕ੍ਰਿਸ਼ਨ ਦੇ ਨਾਲ ਮਿਲਾਵੇ।** ਕੇਹਾ ਪਵਿੱਤ੍ਰ, ਕੇਹਾ ਨਿਰਮਲ, ਕੇਹਾ ਸਨੇਹੀ ਯਿਸੂ ਮਸੀਹ ਸੀ, ਮੈਂ ਉਸ ਦਾ ਕ੍ਰਿਸਨ ਦੇ ਨਾਲ ਨਾਉਂ ਲੈਣ ਤੇ ਡਰਦੀ ਜੇਹੀ ਸਾਂ। ਕ੍ਰਿਸਨ ਤਾਂ ਨਿਸਚੇ ਪਵਿਤ੍ਰ ਨਹੀਂ ਸੀ।" —ਬਸੰਤ।[3]

(9) "ਇਹ ਬੜਾ ਚਮਤਕਾਰਾ ਮਲੂਮ ਹੁੰਦਾ ਹੈ, ਪਰ ਮੈਂ ਇਸ ਨੂੰ ਅਣਹੋਇਆ ਨਹੀਂ ਸਮਝਦੀ, ਕਿਉ ਜੋ ਸਾਡੇ ਸ਼ਾਸਤ੍ਰ ਵਿੱਚ ਬੀ ਕਥਾ ਆਉਂਦੀ ਹੈ ਜਿਨ੍ਹਾਂ ਵਿੱਚ ਦੇਵਤਿਆਂ ਦਾ ਮਨੁੱਖ ਰੂਪ ਧਾਰਨਾ ਲਿਖਿਆ ਹੈ, **ਪਰ ਯਿਸੂ ਅਜਿਹਾ ਭਲਾ ਮਨੁੱਖ ਸੀ ਜੋ ਸਾਡਾ ਕੋਈ ਦੇਵਤਾ ਉਸ ਦੇ ਤੁੱਲ ਨਹੀਂ।"**—ਬਸੰਤ।[4]

(10) "**ਇਹ ਨਿਰਾ ਖ੍ਰਿਸਟਾਨ ਧਰਮ ਨਾਲ ਹੀ ਹੁੰਦਾ ਹੈ,** ਕਿ ਜਦ ਸਾਡੇ ਤੇ ਬਿਪਦਾ ਆਉਂਦੀ ਹੈ, ਤਾਂ ਉਨ੍ਹਾਂ ਬਿਪਦਾਂ ਨੂੰ ਅਸੀਂ ਚੰਗੀ ਤਰ੍ਹਾਂ ਸਹਾਰੀਏ, ਅਤੇ ਉਨ੍ਹਾਂ ਦੇ ਸੱਚੇ ਸਰੂਪ ਨੂੰ ਵੇਖੀਏ।"—ਅੰਗ੍ਰੇਜ਼ ਮਿਸ਼ਨਰੀ ਔਰਤ।[5]

ਇਨ੍ਹਾਂ ਵਿਚੋਂ ਉਦਾਹਰਣ ਨੰਬਰ 6 ਅਤੇ 10 ਵਿਚ ਈਸਾਈ ਧਰਮ ਨੂੰ ਬਾਕੀ ਧਰਮਾਂ ਨਾਲੋਂ ਵਡਿਆਇਆ ਗਇਆ ਹੈ। ਇਹ ਉਦਾਹਰਣ ਧਾਰਮਿਕ ਵਰਗ ਵਿਚ ਆਉਂਦੇ ਹਨ। ਉਦਾਹਰਣ ਨੰਬਰ 7, 8 ਅਤੇ 9 ਵਿਚ ਭਾਰਤੀ ਸੰਸਕ੍ਰਿਤੀ, ਰੀਤਾਂ, ਦੇਵਤਿਆਂ ਅਤੇ ਸ਼ਾਸਤ੍ਰਾਂ ਨੂੰ ਛੁਟਿਆਇਆ ਗਇਆ ਹੈ। ਇਹ ਉਦਾਹਰਣ ਸਾਂਸਕ੍ਰਿਤਕ ਵਰਗ ਵਿਚ ਆਉਂਦੇ ਹਨ। ਉਦਾਹਰਣ ਨੰਬਰ 2 ਅਤੇ 5 ਵਿਚ ਭਾਰਤੀ ਸਮਾਜ ਵਿਚ ਨਾਰੀ ਦੇ ਗੌਣ ਸਥਾਨ ਵਲ ਸੰਕੇਤ ਕੀਤਾ ਗਇਆ ਹੈ ਅਤੇ ਤਿੱਖੀ ਆਲੋਚਨਾ ਕੀਤੀ ਗਈ ਹੈ। ਇਹ ਉਦਾਹਰਣ ਸਮਾਜ-ਸ਼ਾਸਤ੍ਰੀ ਵਰਗ ਵਿਚ ਆਉਂਦੇ ਹਨ। ਉਦਾਹਰਣ ਨੰਬਰ 1, 2, 3, 4 ਤੋਂ ਲੇਖਕ ਦੇ ਅੰਗ੍ਰੇਜ਼ ਮਿਸ਼ਨਰੀ

---

1. ਅਨਾਮ, ਜਯੋਤਿਰੁਦਯ, ਪੰਨਾ 40.
2. ਓਹੀ, ਪੰਨਾ 73.
3. ਓਹੀ, ਪੰਨਾ 89.
4. ਓਹੀ, ਪੰਨਾ 86.
5. ਓਹੀ. ਪੰਨਾ 52.

Digitized by Panjab Digital Library | www.panjabdigilib.org

ਹੋਣ ਦਾ ਪਤਾ ਲੱਗਦਾ ਹੈ। ਕੋਈ ਵੀ ਹਿੰਦੂ ਲੇਖਕ ਉਪਰੋਕਤ ਗੱਲਾਂ ਲਿਖਣ ਦਾ ਸਾਹਸ ਨਹੀਂ ਕਰ ਸਕਦਾ। ਸਪਸ਼ਟ ਹੈ ਕਿ ਲੇਖਕ ਇੰਗਲੈਂਡ ਤੋਂ ਆਇਆ ਈਸਾਈ ਮਿਸ਼ਨਰੀ ਹੈ। ਉਸ ਲਈ ਹਿੰਦੁਸਤਾਨੀ ਸੰਸਕ੍ਰਿਤੀ ਅਸਲੋਂ ਓਪਰੀ ਹੈ। ਇਸ ਪੁਸਤਕ ਦਾ ਲੁਧਿਆਣਾ ਮਿਸ਼ਨ ਪ੍ਰੈਸ ਤੋਂ ਪਾਦਰੀ ਵੇਰੀ ਦੇ ਜਤਨਾਂ ਨਾਲ ਪ੍ਰਕਾਸ਼ਿਤ ਹੋਣਾ ਵੀ ਇਸੇ ਗੱਲ ਦਾ ਸੰਕੇਤ ਹੈ ਕਿ ਲੇਖਕ ਈਸਾਈ ਮਿਸ਼ਨਰੀ ਹੀ ਹੋ ਸਕਦਾ ਹੈ। ਇਸ ਨਾਵਲ ਦਾ ਪ੍ਰਕਾਸ਼ਨ ਅਮਰੀਕਨ ਮਿਸ਼ਨ ਨਾਲ ਸੰਬੰਧਿਤ ਹੋਣ ਕਰਕੇ ਇਹ ਭੁਲੇਖਾ ਵੀ ਪੈ ਸਕਦਾ ਹੈ ਕਿ ਲੇਖਕ ਸ਼ਾਇਦ ਅਮਰੀਕਨ ਹੋਵੇ। ਪਰ ਜੇ ਉਹ ਅਮਰੀਕਾ ਤੋਂ ਆਇਆ ਹੁੰਦਾ, ਤਾਂ ਨਾਵਲ ਵਿਚ ਕਿਤੇ ਨਾ ਕਿਤੇ ਅਮਰੀਕਨ ਸੰਸਕ੍ਰਿਤੀ, ਅਮਰੀਕਨ ਤੀਂਵੀਂਆਂ ਆਦਿ ਦਾ ਉਲੇਖ ਜ਼ਰੂਰ ਕਰਦਾ। ਪੁਸਤਕ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਉਹ ਅੰਗ੍ਰੇਜ਼ ਲੇਖਕ ਹੀ ਸਿੱਧ ਹੁੰਦਾ ਹੈ।

ਜਦੋਂ ਕੋਈ ਗ਼ੈਰ-ਭਾਰਤੀ ਲੇਖਕ ਭਾਰਤੀ ਸਭਿਅਤਾ ਉਤੇ ਦ੍ਰਿਸ਼ਟੀਪਾਤ ਕਰਦਾ ਹੈ, ਅੰਤਰ-ਸਾਂਸਕ੍ਰਿਤਕ ਸਮੱਸਿਆਵਾਂ ਨਿੱਖੜਵੇਂ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦੀਆਂ ਹਨ। ਇਹ ਨਿਖੇੜਾ ਇਸ ਲਈ ਸੰਭਵ ਹੁੰਦਾ ਹੈ, ਕਿਉਂਕਿ ਉਸ ਕੋਲ ਆਪਣੀ ਸੰਸਕ੍ਰਿਤੀ ਦਾ ਇਕ ਪਿਛੋਕੜ ਹੁੰਦਾ ਹੈ। ਦੂਜੇ ਦੇਸ਼ ਦੀ ਸੰਸਕ੍ਰਿਤੀ ਉਸ ਦੀ ਆਪਣੀ ਸੰਸਕ੍ਰਿਤੀ ਨਾਲੋਂ ਭਿੰਨ ਹੁੰਦੀ ਹੈ। ਪਰ, ਉਹ ਆਪਣੀ ਪਸੰਦ-ਨਾਪਸੰਦ ਦੇ ਆਧਾਰ ਤੇ ਦੋਹਾਂ ਦੇ ਚੰਗ-ਮੰਦ ਸੰਬੰਧੀ ਨਿਰਣਾ ਦੇ ਦਿੰਦਾ ਹੈ। ਲੇਖਕ ਦਾ ਰਚਨਾ-ਉੱਦੇਸ਼ ਵੀ ਇਸ ਪ੍ਰਕਾਰ ਦੇ ਨਿਰਣੇ ਦਾ ਕਾਰਣ ਬਣ ਜਾਂਦਾ ਹੈ। ਇਤਨਾ ਤਾਂ ਸਪਸ਼ਟ ਹੈ ਕਿ ਆਪਣੇ ਦੇਸ਼ ਦੀ ਸੰਸਕ੍ਰਿਤੀ ਦੀ ਤੁਲਨਾ ਵਿਚ ਉਹ ਦੂਸਰੇ ਦੇਸ਼ ਦੀ ਸੰਸਕ੍ਰਿਤੀ ਨੂੰ ਵਧੇਰੇ ਨਿੱਖੜਵੇਂ ਰੂਪ ਵਿਚ ਦੇਖ ਸਕਦਾ ਹੈ। 'ਜਯੋਤਿਰੁਦਯ' ਦਾ ਲੇਖਕ ਈਸਾਈ ਧਰਮ ਦੇ ਪ੍ਰਚਾਰ ਦਾ ਉੱਦੇਸ਼ ਲੈ ਕੇ ਭਾਰਤ ਵਿਚ ਆਇਆ ਹੈ। ਹਰ ਧਰਮ ਦੇ ਆਪਣੇ ਚਿੰਨ੍ਹ, ਪ੍ਰਤੀਕ, ਪੁਰਾਣ ਕਥਾਵਾਂ ਅਤੇ ਰਿਵਾਜ ਹੁੰਦੇ ਹਨ। ਕਿਸੇ ਗ਼ੈਰਧਰਮੀ ਲਈ ਇਨ੍ਹਾਂ ਨੂੰ ਬਦਲਣਾ ਜਾਂ ਇਨ੍ਹਾਂ ਉਤੇ ਕਿੰਤੂ ਕਰਨਾ ਬਹੁਤ ਕਠਿਨ ਹੁੰਦਾ ਹੈ ਅਤੇ ਇਹ ਕਠਿਨਾਈ ਲੇਖਕ ਦੇ ਸਾਹਮਣੇ ਵੀ ਆਉਂਦੀ ਹੈ। ਜੇ ਉਹ ਸਿੱਧੇ ਰੂਪ ਵਿਚ ਕਿਸੇ ਹਿੰਦੂ ਨੂੰ ਕਹਿਣਾ ਸ਼ੁਰੂ ਕਰ ਦੇਵੇ ਕਿ ਹਿੰਦੂ ਧਰਮ-ਸ਼ਾਸਤ੍ਰ ਗ਼ਲਤ ਹਨ, ਰੀਤਾਂ ਰਿਵਾਜ ਬੋਦੇ ਹੋ ਚੁੱਕੇ ਹਨ, ਸਿਰਫ਼ ਈਸਾਈ ਧਰਮ ਹੀ ਅਜਿਹਾ ਧਰਮ ਹੈ, ਜੋ ਸਭ ਧਰਮਾਂ ਤੋਂ ਸ੍ਰੇਸ਼ਠ ਹੈ ਅਤੇ ਉਸਨੂੰ ਮੁਕਤੀ ਦੇ ਰਾਹ ਵਲ ਲਿਜਾ ਸਕਦਾ ਹੈ, ਤਾਂ ਉਸ ਦੇ ਧਰਮ-ਪ੍ਰਚਾਰ ਦੇ ਕਾਰਜ ਵਿਚ ਵਿਘਨ ਪੈ ਸਕਦਾ ਹੈ। ਨਾਲੇ, ਲੇਖਕ ਆਪਣੇ ਨਾਵਲ ਰਾਹੀਂ ਜਿਸ ਸਮਾਜ ਵਿਚ ਪ੍ਰਚਾਰ ਕਰ ਰਹਿਆ ਹੈ, ਉਹ ਪੜ੍ਹਿਆ ਲਿਖਿਆ ਹਿੰਦੂ ਸਮਾਜ ਹੈ। ਰਾਜ ਕੁਮਾਰ ਭੱਟਾਚਾਰੀਆ ਦਾ ਪਰਿਵਾਰ ਭਦ੍ਰਲੋਕ ਬੰਗਾਲੀ ਪਰਿਵਾਰ ਹੈ, ਜਿਸ ਵਿਚ ਸਾਰੇ ਰੀਤਾਂ-ਰਿਵਾਜ ਧੂਮਧਾਮ ਨਾਲ ਮਨਾਏ ਜਾਂਦੇ ਹਨ। ਇਹ ਆਪਣੀ ਸੰਸਕ੍ਰਿਤੀ ਨਾਲ ਜੁੜਿਆ ਹੋਇਆ ਪਰਿਵਾਰ ਹੈ। ਇਨ੍ਹਾਂ ਵਿਚੋਂ ਕਿਸੇ ਨੂੰ ਈਸਾਈ ਬਣਾਉਣਾ ਬਹੁਤ ਹੀ ਔਖਾ ਸੀ। ਪਰ ਇਸ ਨਾਵਲ ਦੇ ਲੇਖਕ ਨੇ ਬੜੀ ਸਿਆਣਪ ਸਹਿਤ ਈਸਾਈ ਧਰਮ ਦੀ ਪ੍ਰਸ਼ੰਸਾ ਆਪਣੇ ਮੂੰਹੋਂ ਨਹੀਂ ਕੀਤੀ, ਸਗੋਂ ਇਕ ਦੋ ਹਿੰਦੂ ਪਾਤਰਾਂ—ਪ੍ਰੇਮਚੰਦ ਤੇ ਬਸੰਤ—ਦੇ ਮੂੰਹੋਂ ਕਰਵਾਈ ਹੈ, ਜਿਹੜੇ ਈਸਾਈ ਧਰਮ ਵਲ ਥੋੜ੍ਹਾ ਬਹੁਤ ਝੁਕਾ ਰੱਖਦੇ ਹਨ। ਕੇਵਲ ਇਕ ਥਾਂ ਤੇ ਉਸ ਨੇ ਈਸਾਈ ਧਰਮ ਦੀ ਪ੍ਰਸ਼ੰਸਾ ਈਸਾਈ ਮਿਸ਼ਨਰੀ ਔਰਤ ਦੇ ਮੂੰਹੋਂ ਕਰਵਾਈ ਹੈ ਜਾਂ ਕਿਤੇ ਇਕ ਅੱਧ ਥਾਂ ਤੇ ਆਪ ਵੀ ਕੀਤੀ ਹੈ।

Digitized by Panjab Digital Library | www.panjabdigilib.org

ਆਪਣੇ ਮੂੰਹੋਂ ਆਪਣੀ ਪ੍ਰਸ਼ੰਸਾ ਪਾਠਕਾਂ ਨੂੰ ਘੱਟ ਪ੍ਰਭਾਵਿਤ ਕਰਦੀ ਹੈ, ਪਰ ਕਿਸੇ ਹਿੰਦੂ ਦੇ ਮੂੰਹੋਂ ਗ਼ਲਤ ਹਿੰਦੂ ਰਿਵਾਜਾਂ ਦਾ ਖੰਡਨ ਅਤੇ ਉਸ ਦਾ ਈਸਾਈ ਧਰਮ ਨਾਲ ਲਗਾਉ ਪਾਠਕਾਂ ਤੇ ਵਧੇਰੇ ਡੂੰਘਾ ਪ੍ਰਭਾਵ ਛੱਡ ਜਾਂਦਾ ਹੈ। ਇਉਂ ਹਿੰਦੂ ਧਰਮ, ਸੰਸਕ੍ਰਿਤੀ ਉਤੇ ਸਿੱਧੇ ਹਮਲਾ ਕਰਨ ਦੀ ਥਾਵੇਂ ਉਸ ਨੇ ਬੜਾ ਸੂਖਮ ਸੁਝਾਊ ਢੰਗ ਵਰਤਿਆ ਹੈ। ਇਸੇ ਕਰਕੇ ਹੀ ਉਹ ਅੰਗ੍ਰੇਜ਼ੀ ਅਤੇ ਭਾਰਤੀ ਸੰਸਕ੍ਰਿਤੀ ਦੇ ਕਈ ਪਹਿਲੂਆਂ ਨੂੰ ਵਸਤੂਮੂਲਕ ਦ੍ਰਿਸ਼ਟੀ ਤੋਂ ਨਿਖੇੜ ਕੇ ਦੇਖ ਸਕਿਆ ਹੈ। ਹਿੰਦੂ ਬੱਚਿਆਂ ਦੀ ਅੰਗ੍ਰੇਜ਼ ਬੱਚਿਆਂ ਨਾਲ ਤੁਲਨਾ ਕਰਦਿਆਂ ਉਹ ਲਿਖਦਾ ਹੈ :

"ਦਿਨੋਂ ਦਿਨ ਮੁੰਡਾ ਵਧਦਾ ਗਿਆ। ਹਿੰਦੂਆਂ ਦੇ ਬਾਲਕ ਨੰਗੇ ਰਹਿਣ ਦੇ ਕਾਰਨ **ਅੰਗ੍ਰੇਜ਼ੀ ਬਾਲਕਾਂ** ਨਾਲੋਂ ਛੇਤੀ ਹੱਥਾਂ ਪੈਰਾਂ ਦੇ ਵਧੀਕ ਤਕੜੇ ਹੋ ਜਾਂਦੇ ਹਨ।"[1] —ਲੇਖਕ

ਕਿਸੇ ਦੇ ਮਰਨ ਉਪਰੰਤ ਹਿੰਦੂ ਤ੍ਰੀਮਤਾਂ ਅਤੇ ਅੰਗ੍ਰੇਜ਼ੀ ਤ੍ਰੀਮਤਾਂ ਦੇ ਵਿਹਾਰ ਦੀ ਵਿਲੱਖਣਤਾ ਇਉਂ ਪੇਸ਼ ਕਰਦਾ ਹੈ :

"ਹਿੰਦੂ ਤ੍ਰੀਮਤਾਂ ਵਿਚ ਬਹੁਤਾ ਤਾਂ ਸਾਰੇ ਹਿਤ ਪਿਆਰ ਬਾਹਰ ਨਿਕਲ ਆਉਂਦੇ ਹਨ, ਅਰ ਲੋਕ ਰੀਤ ਨਾਲ ਗੁੱਝੀ ਪੀੜ ਉੱਤੇ **ਅੰਗ੍ਰੇਜ਼** ਓਟ ਲਾਉਂਦੇ ਹਨ, ਜੋ ਭਾਵੇਂ ਉਨ੍ਹਾਂ ਦਾ ਜੀ ਮਾਰੇ ਚਿੰਤਾ ਦੇ ਪਾਟਦਾ ਹੋਵੇ, ਤਾਂ ਬੀ ਉਨ੍ਹਾਂ ਨੂੰ ਮੁਸਕੜਾਉਣਾ ਪੈਂਦਾ ਹੈ। ਕੇਹੜੀ ਗੱਲ ਚੰਗੀ ਹੈ।"[2]—ਲੇਖਕ

ਵਿਆਹ ਦੀ ਉਮਰ ਅਤੇ ਰਿਵਾਜ ਦਾ ਹਿੰਦੂਆਂ ਅਤੇ ਅੰਗ੍ਰੇਜ਼ਾਂ ਵਿਚਕਾਰ ਅੰਤਰ ਇਉਂ ਸਪਸ਼ਟ ਕਰਦਾ ਹੈ :

"ਆਹਾ, ਹਾ, ਉਹ ਆਖਦੀ ਹੈ **ਅੰਗ੍ਰੇਜ਼** ਆਪਣੀਆਂ ਧੀਆਂ ਨੂੰ ਵਿਆਹ ਕਰਨ ਦੇ ਲਈ ਕੁਝ ਆਗਿਆ ਨਹੀਂ ਦਿੰਦੇ, ਉਹ ਸਾਡੇ ਵਾਂਗੂ ਛੋਟੀ ਅਵਸਥਾ ਵਿਚ ਕਦੀ ਨਹੀਂ ਵਿਆਹੁੰਦੇ, **ਅੰਗ੍ਰੇਜ਼ੀ ਮੇਮ** ਜਦ ਅਠਾਰਾਂ ਵੀਹਾਂ ਵਰਿਹਾਂ ਦੀ ਹੋ ਜਾਵੇ, ਤਦ ਵਿਆਹ ਕਰਦੀ ਹੈ, ਕਦੀ ਕਦੀ ਤੀਹਾਂ ਵਰਿਹਾਂ ਦੀ ਬੀ ਹੋਵੇ ਅਤੇ ਤਦ ਬੀ ਉਹ ਨਿਰਾ ਆਪਣੀ ਇੱਛਿਆ ਨਾਲ ਹੀ ਵਿਆਹ ਕਰਦੀ ਹੈ।"—ਬਸੰਤ ਦੀ ਗੁਆਂਢਣ।[3]

ਵਿਆਹ ਸਮੇਂ ਅੰਗਰੇਜ਼ ਤੇ ਭਾਰਤੀ ਮੁਟਿਆਰਾਂ ਦੇ ਪਹਿਰਾਵੇ ਦਾ ਫ਼ਰਕ ਇਉਂ ਦੱਸਦਾ ਹੈ :

"ਉਸ ਦੇ ਸਿਰ ਵਿਚ ਬਹੁਤ ਸਾਰਾ ਗਹਿਣਾ ਸੀ...ਏਹ ਸਾਰਾ ਗਹਿਣਾ ਸੋਨੇ ਦਾ ਸੀ, ਕਿਉਂ ਜੋ ਚਾਂਦੀ ਨੂੰ ਨਿਰਾ ਲੱਕ ਤੇ ਹੇਠਾਂ ਹੇਠਾਂ ਪਹਿਨਦੇ ਹਨ। ਉਹ ਚਿੱਟੇ ਕੱਪੜੇ ਪਹਿਨੀ ਮਨੋਹਰ **ਅੰਗ੍ਰੇਜ਼ੀ ਵਹੁਟੀਆਂ** ਵਰਗੀ ਨਹੀਂ ਸੀ, ਪਰ ਤਾਂ ਬੀ ਚੰਗੀ ਦਿੱਸਣੀ ਪਾਸਣੀ ਸੀ।[4]"—ਲੇਖਕ

---

1. ਅਨਾਮ, ਜਯੋਤਿਰੁਦਯ, ਪੰਨਾ 20.
2. ਓਹੀ, ਪੰਨਾ 39.
3. ਓਹੀ, ਪੰਨਾ 43.
4. ਓਹੀ, ਪੰਨਾ 57.

Digitized by Panjab Digital Library | www.panjabdigilib.org

ਭਾਰਤੀਆਂ ਅਤੇ ਅੰਗ੍ਰੇਜ਼ਾਂ ਦੇ ਧਰਮ-ਸਥਾਨਾਂ ਅਤੇ ਪੂਜਾ-ਵਿਧੀਆਂ ਦੇ ਅੰਤਰ ਨੂੰ ਲੇਖਕ ਇਸ ਪ੍ਰਕਾਰ ਪੇਸ਼ ਕਰਦਾ ਹੈ :

"ਉਨ੍ਹਾਂ ਨੇ ਵੱਡੇ ਗਿਰਜੇ ਨੂੰ ਡਿੱਠਾ, ਅਤੇ ਅਚਰਜ ਹੋਣ, ਭਈ ਖ੍ਰਿਸਟਾਨੀ ਕਿੱਕੁਰ ਪੂਜਾ ਕਰਦੇ ਹੋਣਗੇ ? ਅਤੇ ਕਿਸ ਤਰ੍ਹਾਂ ਐਡਾ ਵੱਡਾ ਘਰ ਬਣਾਉਂਦੇ ਹਨ। ਹਿੰਦੂਆਂ ਵਿਚ ਅਜਿਹੇ ਵੱਡੇ ਘਰ ਮੋਕਲੇ ਮੰਦਰ ਅਵੱਸੋਂ ਨਹੀਂ ਹੁੰਦੇ, ਪੂਜਾ ਕਰਨ ਵਾਲੇ ਹਿੰਦੂ ਪਰਮੇਸੁਰ ਦੀ ਪ੍ਰਾਰਥਨਾ ਅਰ ਉਸਤਤਿ ਇਕੱਠੇ ਹੋ ਕੇ ਨਹੀਂ ਕਰਦੇ, ਸਭ ਕੋਈ ਆਪੋ ਆਪਣਾ ਚੜ੍ਹਾਵਾ ਲੈ ਕੇ ਇਕੱਲਾ ਜਾਂਦਾ ਹੈ।—ਲੇਖਕ[1]

ਲੇਖਕ ਈਸਾਈ ਧਰਮ ਤੇ ਹਿੰਦੂ ਧਰਮ ਦੀ ਤੁਲਨਾ ਇਉਂ ਕਰਦਾ ਹੈ :

"ਬਸੰਤ ਨੇ ਵਿਚਾਰਿਆ, ਅਸੀਂ ਅੱਜ ਕਲ੍ਹ ਦੁਰਗਾ ਦੇਵੀ ਦੀ ਪੂਜਾ ਕਰਦੇ ਪਏ ਹਾਂ, ਮੈਂ ਜਾਣਦੀ ਜੋ ਦੁਰਗਾ ਦੇਵੀ ਨੇ ਕਦੇ ਸਾਡੇ ਲਈ ਕੁਛ ਕੀਤਾ ਹੈ ਕਿ ਨਹੀਂ। ਉਸ ਨੇ ਮਹਿਖਾਸੁਰ ਨੂੰ ਮਾਰਿਆ, ਇਹ ਸੱਚ ਹੈ, ਪਰ ਸਾਨੂੰ ਉਸ ਨਾਲ ਕੀ ? ਇਸ ਨਾਲ ਮੇਰਾ ਭਲਾ ਕੁਛ ਬੀ ਨਹੀਂ ਹੋਇਆ। ਹੁਣ ਥੋਹੜੇ ਦਿਨਾਂ ਨੂੰ ਕਾਲੀ ਦੀ ਪੂਜਾ ਹੋਵੇਗੀ, ਪਰ ਵਿਚਾਰੀਏ ਤਾਂ ਕਾਲੀ ਨੇ ਸਾਡੇ ਵਾਸਤੇ ਕੀ ਭਲਾ ਕੀਤਾ। ਪ੍ਰੇਮਚੰਦ ਵਾਂਙੂ ਮੈਂ ਬੀ ਇਸੇ ਗੱਲ ਨੂੰ ਵਿਚਾਰਦੀ ਹਾਂ, ਜੋ ਸਾਡਾ ਧਰਮ ਨਿਰੀਆਂ ਝੂਠੀਆਂ ਗੱਲਾਂ ਨਾਲ ਭਰਿਆ ਹੋਇਆ ਹੈ, ਪਰ ਯਿਸੂ ਦਾ ਸੁਭਾਉ ਕੇਹਾ ਚੰਗਾ ਹੈ, ਉਹ ਕੇਹਾ ਸੁਸ਼ੀਲ ਅਤੇ ਹਿਤਕਾਰੀ ਸੀ, ਉਸ ਨੂੰ ਕਦੀ ਗੁੱਸਾ ਨਹੀਂ ਆਉਂਦਾ ਸੀ। ਵਿਚਾਰੋ ਤਾਂ ਜਦ ਉਹ ਜੀ ਉੱਠਿਆ ਸੀ, ਉਸ ਨੇ ਕਿਸ ਤਰ੍ਹਾਂ ਤੀਮੀਆਂ ਨੂੰ ਦਰਸ਼ਨ ਦਿੱਤਾ, ਅਰ ਉਸ ਨੇ ਕੇਹੀ ਦਇਆ ਦੇ ਨਾਲ ਉਨ੍ਹਾਂ ਨਾਲ ਗੱਲਾਂ ਬਾਤਾਂ ਕੀਤੀਆਂ। ਅਤੇ ਉਸ ਦੇ ਪ੍ਰਾਣ ਦੇਣ ਦੀ ਬਾਬਤ ਵਿਚਾਰੋ ,ਤਾਂ ਉਸ ਨੇ ਪ੍ਰਾਣ ਬੀ ਦਿੱਤੇ, ਇਕ ਦੋਸੀ ਦੀ ਤਰ੍ਹਾਂ, ਅਰ ਉਹ ਬੀ ਨਿਰਾ ਸਾਡੇ ਹੀ ਬਚਾਉਣ ਦੇ ਲਈ।"—ਲੇਖਕ[2]

ਉਹ ਅੰਗ੍ਰੇਜ਼ਾਂ ਦੇ ਕਬਰਿਸਤਾਨ ਅਤੇ ਹਿੰਦੂਆਂ ਦੇ ਸ਼ਮਸ਼ਾਨ ਘਾਟ ਦਾ ਟਾਕਰਾ ਇਉਂ ਕਰਦਾ ਹੈ :

"ਅੰਗ੍ਰੇਜ਼ਾਂ ਦੇ ਸਮਾਧਸਥਾਨ ਵਿਚ ਸਮਾਧ ਦੇ ਪੱਥਰਾਂ ਉੱਤੇ ਕੁਝ ਲਿਖਿਆ ਹੋਇਆ ਹੁੰਦਾ ਹੈ, ਮੈਂ ਨਹੀਂ ਆਖ ਸਕਦਾ, ਜੋ ਕੀ ਮੇਰੇ ਜੀ ਵਿਚ ਹੋਇਆ, ਕਿਸ ਵੇਲੇ ਮੈਂ ਉਨ੍ਹਾਂ ਲਿਖਤਾਂ ਨੂੰ ਫਿਰਦਾ ਹੋਇਆ, ਪੜ੍ਹਦਾ ਪਿਆ ਸਾ, ਏਹ ਜਾਪਦਾ ਸੀ ਜੋ ਉਹ ਧਰਮ ਪੁਸਤਕ ਦੇ ਬਚਨ ਸੇ। ਮੁਰਦਿਆਂ ਦੇ ਦੱਬਣ ਦੀ ਰੀਤ ਸਾਡੇ ਮੁਰਦੇ ਸਸਕਾਰਨ ਦੀ ਰੀਤ ਨਾਲੋਂ ਕੇਹੀ ਉੱਤਮ ਹੈ। ਕਿਤੇ ਕਿਤੇ ਸਮਾਧਭੂਮਿਕਾ ਨੂੰ ਪਰਮੇਸੁਰ ਦਾ ਖੇਤ ਕਰਕੇ ਆਖਿਆ ਹੈ, ਮੁਰਦੇ ਬੀਜ ਦੀ ਨਿਆਈਂ ਫੇਰ ਉਠਣ ਦੇ ਰਾਹ ਤਕਾਉਣ ਨੂੰ ਉਸ ਖੇਤ ਵਿਚ ਦੱਬੇ ਜਾਂਦੇ ਹਨ।"—ਪ੍ਰੇਮ ਚੰਦ।[3]

ਲੇਖਕ ਅੰਗ੍ਰੇਜ਼ੀ ਅਤੇ ਦੇਸੀ ਪੁਸਤਕਾਂ ਦੇ ਪ੍ਰਕਾਸ਼ਨ ਪੱਧਰ ਦੀ ਤੁਲਨਾ ਵੀ ਕਰਦਾ ਹੈ। ਦੇਸੀ

---

1. ਅਨਾਮ, ਜਯੋਤਿਰੁਦਯ, ਪੰਨਾ 67,
2. ਓਹੀ, ਪੰਨਾ 88.
3. ਓਹੀ, ਪੰਨਾ 114.

Digitized by Panjab Digital Library | www.panjabdigilib.org

ਪੁਸਤਕਾਂ ਦੀ ਪ੍ਰਕਾਸ਼ਨ ਪੱਧਰ ਦਾ ਨਮੂਨਾ ਇਉਂ ਪੇਸ਼ ਕਰਦਾ ਹੈ :

"ਪਰ ਅਰਮਾਨ ਦੀ ਗੱਲ ਹੈ, ਕਿ ਜੇਹੜੀ ਪੋਥੀ ਉਹ ਲਿਆਵੇ ਦੇਸੀਆਂ ਕੋਲੋਂ ਮੁੱਲ ਲਵੇ, ਉਹ ਪੋਥੀਆਂ ਛਪਣ ਵਿਚ ਤਾਂ ਖਰਾਬ ਹੀ ਸਨ, ਪਰ ਉਨ੍ਹਾਂ ਦਾ ਪ੍ਰਯੋਜਨ ਹੋਰ ਵਧੇਰੇ ਬੁਰਾ ਸੀ।"—ਲੇਖਕ।[1]

ਅੰਗ੍ਰੇਜ਼ੀ ਪੁਸਤਕਾਂ ਦੀ ਛਪਾਈ ਦੀ ਸ਼ਲਾਘਾ ਉਹ ਇਸ ਪ੍ਰਕਾਰ ਕਰਦਾ ਹੈ :

"ਇਹ ਛੋਟੀ ਛੋਟੀ ਅਰ ਮੋਟੀ ਪੋਥੀ ਮਹੀਨ ਛਾਪੇ ਦੀ ਕਹੀ ਹੈ ?"—ਬਸੰਤ

ਇਸ ਨੂੰ **ਅੰਗ੍ਰੇਜ਼** ਬੈਬੂਲ ਸੱਦਦੇ ਹਨ।"—ਪ੍ਰੇਮਚੰਦ।[2]

ਇਨ੍ਹਾਂ ਉਦਾਹਰਣਾਂ ਤੋਂ ਇਲਾਵਾ ਭਾਰਤੀ ਸੰਸਕ੍ਰਿਤੀ ਦੀ ਕਟੂ ਆਲੋਚਨਾ ਨਾਲ ਸੰਬੰਧਿਤ ਕੁਝ ਕੁ ਨਿਮਨਲਿਖਿਤ ਉਦਾਹਰਣ ਵੀ ਨਾਵਲ ਵਿਚੋਂ ਲੱਭੇ ਜਾ ਸਕਦੇ ਹਨ। **ਹਿੰਦੂ ਤੀਂਵੀਂ ਦੇ ਜੀਵਨ** ਨੂੰ ਉਹ ਇਕ ਪਿੰਜਰੇ ਵਿਚ ਪਏ ਪੰਛੀ ਦੇ ਜੀਵਨ ਨਾਲ ਤੁਲਨਾ ਦਿੰਦਾ ਹੈ :

"ਪਿੰਜਰੇ ਦੇ ਪੰਛੀਆਂ ਦਾ ਜੀਉਣਾ ਇਕੋ ਜੇਹਾ ਹੁੰਦਾ ਹੈ। ਪਰ ਹਿੰਦੂ ਤੀਮੀਆਂ ਦਾ ਜੀਉਣਾ ਆਪਣੇ ਸੁਆਮੀ ਦੇ ਘਰ ਵਿਚ ਉਨ੍ਹਾਂ ਸਭਨਾਂ ਥੋਂ ਵਧੀਕ ਹੁੰਦਾ ਹੈ। ਜਿੰਨਾ ਚਿਰ ਉਹ ਇਆਣ-ਅਵਸਥਾ ਵਿਚ ਆਪਣੇ ਪੇਉਕੇ ਘਰ ਰਹਿੰਦੀ ਹੈ, ਓਨਾਂ ਚਿਰ ਤਾਂ ਉਹ ਆਂਢ-ਗੁਆਂਢ ਅਰ ਨੇੜੇ ਦੇ ਪਿੰਡ ਵਿਚ ਜਾ ਸਕਦੀ ਹੈ, ਅਰ ਆਪਣੇ ਸੁਆਮੀ ਦੇ ਘਰ ਵਿਚ ਤਾਂ ਉਹ ਨਿਰਾ ਪੂਰਾ ਬੰਧੂਏ ਦੀ ਤਰ੍ਹਾਂ ਰਹਿੰਦੀ ਹੈ। ਜਨਮ ਦੇ ਬੰਧੂਏ ਦੇ ਜੀਉਣ ਨਾਲੋਂ ਅਜਿਹਾ ਉਦਾਸ ਅਰ ਨਿਰਾਸ ਅਰ ਇਕੋ ਜੇਹਾ ਪਸੂ ਰੂਪੀ ਜੀਊਣਾ ਹੋਰ ਕਿਸੇ ਦਾ ਨਹੀਂ।"—ਲੇਖਕ[3]

ਸੂਤਕ ਸਮੇਂ ਹਿੰਦੂ ਜਣਨੀ ਦੀ ਅਵਸਥਾ ਨੂੰ ਲੇਖਕ ਇਉਂ ਚਿੱਤਰਦਾ ਹੈ :

"ਬਸੰਤੋ ਰੀਤ ਦੇ ਅਨੁਸਾਰ ਅਪਵਿੱਤ੍ਰ ਸੀ, ਕਿੰਉ ਜੋ ਇੱਕੀਹਾਂ ਦਿਨਾਂ ਤੋੜੀ ਉਸ ਦਾ ਸੂਤਕ ਨਹੀਂ ਨਿਕਲ ਸਕਦਾ ਸੀ। ਬੜਾ ਅਚਰਜ ਹੈ, ਜੋ ਹਿੰਦੂਆਂ ਵਿਚ ਬੀ ਯਹੂਦੀਆਂ ਦੀਆਂ ਕਈ ਪੁਰਾਣੀਆਂ ਰੀਤਾਂ ਵਰਤੀਆਂ ਜਾਂਦੀਆਂ ਹਨ।"—ਲੇਖਕ[4]

ਬੰਗਾਲੀ ਮਰਦਾਂ ਦੀ ਆਪਣੀਆਂ ਪਤਨੀਆਂ ਦੇ ਕੰਮਾਂ ਬਾਰੇ ਅਗਿਆਨਤਾ ਉਤੇ ਲੇਖਕ ਅਸਚਰਜਤਾ ਪ੍ਰਗਟ ਕਰਦਾ ਹੈ :

"ਕੇਹੀ ਅਚਰਜ ਗੱਲ ਹੈ ਜੋ ਬੰਗਾਲੀ ਲੋਕ ਆਪਣੇ ਘਰ ਦੀਆਂ ਤ੍ਰੀਮਤਾਂ ਦੇ ਨਿਤ ਦੇ ਕੰਮਾਂ ਥੋਂ ਅਣਜਾਣ ਰਹਿੰਦੇ ਹਨ।"—ਲੇਖਕ।[5]

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਵਿਚੋਂ ਕੁਝ ਗੱਲਾਂ ਲੇਖਕ ਨੇ ਆਪ ਕਹੀਆਂ ਹਨ, ਪਰ ਵਧੇਰੇ ਕਰਕੇ ਅਜਿਹੀਆਂ ਗੱਲਾਂ ਉਹ ਆਪਣੇ ਹਿੰਦੂ ਪਾਤਰਾਂ ਦੇ ਮੂਹੋਂ ਕਰਵਾਉਂਦਾ ਹੈ

---

1. ਅਨਾਮ, ਜਯੋਤਿਰੁਦਯ, ਪੰਨਾ 36.
2. ਓਹੀ, ਪੰਨਾ 72.
3. ਓਹੀ, ਪੰਨਾ 16.
4. ਓਹੀ, ਪੰਨਾ 18.
5. ਓਹੀ, ਪੰਨਾ 34.

Digitized by Panjab Digital Library | www.panjabdigilib.org

ਅਤੇ ਇਉਂ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ । ਉਸ ਨੇ ਧਰਮ-ਪ੍ਰਚਾਰ ਨੂੰ ਅਧਿਆਤਮਕ ਸਿਧਾਂਤਾਂ ਉਪਰ ਨਹੀਂ, ਸਗੋਂ ਨਿਤ ਜੀਵਨ ਦੇ ਵਿਹਾਰਕ ਮੁੱਲਾਂ ਉਪਰ ਆਧਾਰਿਤ ਕੀਤਾ ਹੈ । ਧਰਮ-ਪ੍ਰਚਾਰ ਦਾ ਇਹ ਅਸਿੱਧਾ ਢੰਗ ਅਪਣਾ ਕੇ ਲੇਖਕ ਨੇ ਆਪਣੀ ਸਿਆਣਪ ਦਾ ਸਬੂਤ ਦਿੱਤਾ ਹੈ ।

ਆਪਣੇ ਸਾਰੇ ਨਾਵਲ ਵਿਚ ਲੇਖਕ ਦਾ ਧਿਆਨ **ਭਾਰਤੀ ਨਾਰੀ** ਉਤੇ ਹੀ ਕੇਂਦ੍ਰਿਤ ਰਹਿਆ ਹੈ । ਭਾਰਤੀ ਸਮਾਜ ਵਿਚ ਨਾਰੀ ਦੇ ਗੌਣ ਸਥਾਨ ਦੀ ਵੀ ਉਸ ਨੇ ਆਲੋਚਨਾ ਕੀਤੀ ਹੈ ਅਤੇ ਇਸ ਪੱਖ ਤੋਂ ਭਾਰਤੀ ਸੰਸਕ੍ਰਿਤੀ ਦੀ ਨਿੰਦਾ ਕੀਤੀ ਹੈ । ਇਹ ਤਾਂ ਠੀਕ ਹੈ ਕਿ ਭਾਰਤ ਵਿਚ ਉਸ ਸਮੇਂ ਨਾਰੀ ਦਾ ਸਮਾਜ ਵਿਚ ਉੱਚਾ ਸਥਾਨ ਨਹੀਂ ਸੀ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜਿਥੋਂ ਤਕ ਸਾਡੀਆਂ ਰੀਤਾਂ, ਰਸਮਾਂ, ਵਹਿਮਾਂ, ਵਿਸ਼ਵਾਸਾਂ ਦਾ ਸੰਬੰਧ ਹੈ, ਭਾਰਤੀ ਘਰਾਂ ਵਿਚ ਨਾਰੀ ਕੇਂਦਰ-ਬਿੰਦੂ ਦਾ ਸਥਾਨ ਰੱਖਦੀ ਹੈ । ਘਰ ਵਿਚ ਵਰਤ ਕਦੋਂ ਰੱਖਣਾ ਹੈ, ਮਰਨ ਜੰਮਣ ਉਤੇ ਕੀ ਕੁਝ ਕਰਨਾ ਹੈ, ਇਸ ਦੀ ਚਿੰਤਾ ਪੁਰਖ ਨਾਲੋਂ ਵਧੇਰੇ ਨਾਰੀ ਨੂੰ ਹੁੰਦੀ ਹੈ । ਇਹੋ ਕਾਰਣ ਹੈ ਕਿ ਲੇਖਕ ਦੀ ਦ੍ਰਿਸ਼ਟੀ ਨਾਰੀ ਉਤੇ ਹੀ ਕੇਂਦ੍ਰਿਤ ਰਹੀ ਹੈ ਅਤੇ ਨਾਵਲ ਵਿਚ ਉਸ ਨੇ ਬਸੰਤ ਨੂੰ ਹੀ ਸਭ ਤੋਂ ਪਹਿਲਾਂ ਈਸਾਈ ਧਰਮ ਧਾਰਣ ਕਰਦਿਆਂ ਹੋਇਆਂ ਦਿਖਾਇਆ ਹੈ ਅਤੇ ਸਮੁੱਚੇ ਪ੍ਰਭਾਵ ਦੀ ਦ੍ਰਿਸ਼ਟੀ ਤੋਂ ਇਹ ਤੱਥ ਵਿਸ਼ੇਸ਼ ਤੌਰ ਤੇ ਧਿਆਨ ਦੀ ਮੰਗ ਕਰਦਾ ਹੈ । ਬਸੰਤ ਕਿਉਂ ਇਤਨੀ ਜਲਦੀ ਈਸਾਈ ਮਤ ਤੋਂ ਪ੍ਰਭਾਵਿਤ ਹੁੰਦੀ ਹੈ : ਇਹ ਪ੍ਰਸ਼ਨ ਵੀ ਹੋਰ ਵਿਚਾਰ ਦੀ ਮੰਗ ਕਰਦਾ ਹੈ । ਸਾਰੇ ਦੇ ਸਾਰੇ ਨਾਵਲ ਵਿਚ ਅਨਿਸਚੇ ਭਰਿਆ ਵਾਤਾਵਰਣ ਛਾਇਆ ਹੋਇਆ ਹੈ । ਬਸੰਤ ਅਤੇ ਉਸ ਦਾ ਆਲਾ ਦੁਆਲਾ ਅਨਿਸਚੇਆਤਮਕ ਹੈ । ਭਾਰਤੀ ਸੰਸਕ੍ਰਿਤੀ ਵਿਚ ਜੰਮੀ ਪਲੀ ਉਹ ਆਪ ਵੀ ਅਨਿਸਚੇ ਦੀ ਸ਼ਿਕਾਰ ਹੈ । ਅਜਿਹੀ ਅਵਸਥਾ ਵਿਚ ਮਨੁੱਖ ਨੂੰ ਆਪਣਾ ਆਪਾ ਅਰਥਹੀਣ ਦਿਸਣ ਲੱਗ ਪੈਂਦਾ ਹੈ । ਆਪਣੀ ਸ਼ਕਤੀਹੀਣਤਾ ਉਤੇ ਵਿਸ਼ਵਾਸ ਹੋ ਜਾਣ ਮਗਰੋਂ ਉਹ ਰੱਬ ਵਲ ਵੇਖਦਾ ਹੈ, ਜੋ ਸਰਬ ਕਲਾ ਸਮਰੱਥ ਤੇ ਪੂਰਣ ਨਿਸਚੇ ਦਾ ਪ੍ਰਤੀਕ ਹੈ । ਬਸੰਤ ਨੂੰ ਵੀ ਆਪਣੇ ਪੁੱਤਰ ਦੀ ਮੌਤ ਮਗਰੋਂ ਕੇਵਲ ਯਿਸੂ ਮਸੀਹ ਹੀ ਅਜਿਹਾ ਰੱਬ ਦਿਸਦਾ ਹੈ, ਜੋ ਉਸ ਨੂੰ ਇਸ ਅਰਥਹੀਣਤਾ ਦੀ ਅਵਸਥਾ ਵਿਚੋਂ ਕੱਢ ਸਕਦਾ ਹੈ । ਲੇਖਕ ਨੇ ਬੜੀ ਸਿਆਣਪ ਨਾਲ ਉਸ ਨੂੰ ਈਸਾਈ ਮਤ ਉਤੇ ਨਿਸਚਾ ਲਿਆਉਣ ਦੇ ਝੱਟਪਟ ਮਗਰੋਂ ਨਿਸਚੇਆਤਮਕ ਵਾਯੂਮੰਡਲ ਵਿਚ ਲੈ ਆਂਦਾ ਹੈ । ਹੁਣ ਉਹ ਮੁੜਵਿਆਹੁਤਾ ਨਾਰੀ ਹੈ, ਉਸ ਨੂੰ ਨਵੇਂ ਪੁੱਤਰ ਦੀ ਆਸ ਹੈ ਅਤੇ ਇਹ ਸਭ ਕੁਝ ਲੇਖਕ ਨੇ ਯਿਸੂ ਮਸੀਹ ਦੀ ਕ੍ਰਿਪਾ ਨਾਲ ਹੁੰਦਾ ਦਿਖਾਇਆ ਹੈ । ਨਾਵਲ ਦਾ ਇਹ ਇਕ ਹੋਰ ਮਹੱਤਵਪੂਰਣ ਤੱਥ ਹੈ ।

'ਜਯੋਤਿਰੁਦਯ' ਗੁਰਮੁਖੀ ਲਿੱਪੀ ਵਿਚ ਲਿਖਿਆ ਗਇਆ ਹੈ । ਜਿਸ ਯੁਗ ਵਿਚ ਇਸ ਨਾਵਲ ਦੀ ਰਚਨਾ ਹੋਈ, ਉਸ ਸਮੇਂ ਪੜ੍ਹੇ ਲਿਖੇ ਪੰਜਾਬੀ ਮਰਦ ਉਰਦੂ, ਫ਼ਾਰਸੀ ਵਧੇਰੇ ਪੜ੍ਹਦੇ ਸਨ । ਪੰਜਾਬੀ ਨੂੰ ਅਜੇ ਸਾਂਸਕ੍ਰਿਤਕ ਬੋਲੀ ਦੀ ਪਦਵੀ ਪ੍ਰਾਪਤ ਨਹੀਂ ਹੋਈ ਸੀ । ਸਪਸ਼ਟ ਹੈ ਕਿ ਇਹ ਨਾਵਲ ਉਨ੍ਹਾਂ ਲਈ ਨਹੀਂ ਸੀ ਲਿਖਿਆ ਗਇਆ । ਅਨਪੜ੍ਹ ਲੋਕਾਂ ਦੇ ਇਸ ਨੂੰ ਪੜ੍ਹਨ ਦਾ ਪ੍ਰਸ਼ਨ ਹੀ ਨਹੀਂ ਸੀ ਖੜਾ ਹੁੰਦਾ । ਆਮ ਤੌਰ ਤੇ ਘਰੇਲੂ ਔਰਤਾਂ ਹੀ ਪੰਜਾਬੀ ਸਿੱਖ ਪੜ੍ਹ ਲੈਂਦੀਆਂ ਸਨ । ਪੜ੍ਹੀਆਂ ਲਿਖੀਆਂ ਨਾ ਹੋਣ ਕਰਕੇ ਮਰਦਾਂ ਨਾਲੋਂ ਔਰਤਾਂ ਦੇ ਖ਼ਿਆਲਾਂ ਨੂੰ ਬਦਲਣਾ ਆਸਾਨ ਸੀ । ਵਿਦੇਸ਼ੀ ਮਿਸ਼ਨਰੀ ਔਰਤਾਂ ਵੀ ਉਨ੍ਹਾਂ ਨੂੰ ਘਰ-ਘਰ ਜਾ ਕੇ ਉਨ੍ਹਾਂ ਦੀ ਬੋਲੀ ਵਿਚ ਈਸਾਈ ਧਰਮ ਦੇ ਸਤੁਤੀ-

Digitized by Panjab Digital Library | www.panjabdigilib.org

ਗੀਤ ਅਤੇ ਕਥਾਵਾਂ ਸੁਣਾਉਂਦੀਆਂ ਸਨ ਅਤੇ ਆਪਣੀ ਸੰਸਕ੍ਰਿਤੀ ਬਾਰੇ ਅਨੋਖੀਆਂ ਗੱਲਾਂ ਦੱਸਦੀਆਂ ਸਨ। ਲੇਖਕ ਦਾ ਮੰਤਵ ਵੀ ਸ਼ਾਇਦ ਇਸ ਨਾਵਲ ਦੁਆਰਾ ਪੰਜਾਬੀ ਨਾਰੀ-ਜਗਤ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨਾ ਹੈ। ਇਸ ਪੱਖ ਤੋਂ ਧਰਮ-ਪ੍ਰਚਾਰ ਦੇ ਕਾਰਜ ਵਿਚ ਇਸਤ੍ਰੀ ਪ੍ਰਚਾਰਕ ਦਾ ਮਹੱਤਵ ਵੀ ਸਪਸ਼ਟ ਹੋ ਜਾਂਦਾ ਹੈ। ਨਾਰੀ ਨੇ ਨਿਸਚੇ ਹੀ ਉਸ ਦਾ ਧਿਆਨ ਵਧੇਰੇ ਖਿੱਚਿਆ ਹੈ।

ਇਕ ਹੋਰ ਮਹੱਤਾ ਵਾਲੀ ਗੱਲ ਇਹ ਹੈ ਕਿ ਇਸ ਨਾਵਲ ਵਿਚ ਤਿੰਨ ਅੰਤਰ-ਸਾਂਸਕ੍ਰਿਤਕ ਤਹਿਆਂ ਹਨ। ਇਕ ਤਾਂ ਲਿਖਣ ਵਾਲਾ ਲੇਖਕ ਅੰਗ੍ਰੇਜ਼ੀ ਸੰਸਕ੍ਰਿਤੀ ਦਾ ਪ੍ਰਤਿਨਿੱਧ ਹੈ; ਦੂਜੀ, ਆਪਣੇ ਨਾਵਲ ਵਿਚ ਉਹ ਬੰਗਾਲ ਦੀ ਹਿੰਦੂ ਸੰਸਕ੍ਰਿਤੀ ਦੀ ਗੱਲ ਕਰ ਰਹਿਆ ਹੈ ਅਤੇ ਤੀਜੀ, ਇਹ ਗੱਲ ਪੰਜਾਬੀ-ਭਾਰਤੀ ਸਮਾਜ ਨੂੰ ਸੁਣਾ ਰਹਿਆ ਹੈ। ਇਥੇ ਉਸ ਨੇ ਬੜੀ ਸੂਝਬੂਝ ਤੋਂ ਕੰਮ ਲਇਆ ਹੈ। ਜਿਸ ਵੇਲੇ ਇਸ ਨਾਵਲ ਦੀ ਰਚਨਾ ਹੋਈ, ਉਨ੍ਹਾਂ ਦਿਨਾਂ ਵਿਚ ਰਾਸ਼ਟ੍ਰੀਅਤਾ ਦੇ ਸੰਕਲਪ ਦਾ ਅਜੇ ਜਨਮ ਨਹੀਂ ਹੋਇਆ ਸੀ। ਜੇ ਉਸ ਸਮੇਂ ਕਿਸੇ ਪੰਜਾਬ ਦੇ ਵਸਨੀਕ ਸਾਹਮਣੇ ਬੰਗਾਲੀ ਹਿੰਦੂਆਂ ਦੀ ਕਿਸੇ ਕੁਰੀਤ ਦਾ ਮਖੌਲ ਉਡਾਇਆ ਜਾਂਦਾ, ਤਾਂ ਪੰਜਾਬੀ ਦਾ ਖੁਸ਼ ਹੋਣਾ ਸੁਭਾਵਿਕ ਸੀ। ਮਿਸਾਲ ਦੇ ਤੌਰ ਤੇ ਜੇ ਉਸ ਨੂੰ ਇਹ ਦੱਸਿਆ ਜਾਂਦਾ ਕਿ ਕਿਵੇਂ ਬਸੰਤ ਨੂੰ ਪਵਿੱਤਰ ਕਰਨ ਲਈ ਪਾਲਕੀ ਸਮੇਤ ਗੰਗਾ ਵਿਚ ਡਬੋ ਕੇ ਬਾਹਰ ਕੱਢਿਆ ਗਇਆ, ਤਾਂ ਉਸ ਨੇ ਬੰਗਾਲੀ ਹਿੰਦੂਆਂ ਦੇ ਇਸ ਰਿਵਾਜ ਦਾ ਹਾਸਾ ਹੀ ਉਡਾਉਣਾ ਸੀ ਅਤੇ ਇਸ ਗੱਲ ਤੇ ਖੁਸ਼ ਹੋਣਾ ਸੀ ਕਿ ਬੰਗਾਲੀ ਹਿੰਦੂ ਸਾਥੋਂ ਕਿਤਨੇ ਪਛੜੇ ਹੋਏ ਹਨ। ਸੂਝਵਾਨ ਲੇਖਕ ਨੇ ਬਿਲਕੁਲ ਅਜਿਹਾ ਹੀ ਕੀਤਾ ਹੈ। ਬੰਗਾਲੀ ਹਿੰਦੂਆਂ ਦੇ ਧਰਮ, ਪੁਰਾਣ-ਕਥਾਵਾਂ, ਰਿਵਾਜਾਂ ਦੀ ਨਿੰਦਿਆ ਪੰਜਾਬੀ ਸਾਹਮਣੇ ਕੀਤੀ ਹੈ। ਇਸ ਵਿਚਾਰ ਤੋਂ ਸਾਡਾ ਇਹ ਵਿਸ਼ਵਾਸ ਹੋਰ ਵੀ ਦ੍ਰਿੜ੍ਹ ਹੋ ਜਾਂਦਾ ਹੈ ਕਿ ਸ਼ਾਇਦ ਇਹ ਨਾਵਲ ਕਿਸੇ ਬੰਗਾਲੀ ਨਾਵਲ ਦਾ ਅਨੁਵਾਦ ਨਾ ਹੋ ਕੇ ਇਕ ਮੌਲਿਕ ਪੰਜਾਬੀ ਨਾਵਲ ਹੋਵੇ। ਪਰ, ਇਸ ਬਾਰੇ ਨਿਸਚੇ ਨਾਲ ਕੁਝ ਕਹਿਣਾ ਔਖਾ ਹੈ।

ਵਿਚਾਰਅਧੀਨ ਨਾਵਲ ਵਿਚ ਲੇਖਕ ਈਸਾਈ ਧਰਮ ਦਾ ਪ੍ਰਚਾਰ ਤਾਂ ਕਰਦਾ ਹੈ, ਪਰ ਸਾਡੇ ਮਤ ਵਿਚ ਨਾਵਲ ਦਾ ਵਾਤਾਵਰਣ ਧਾਰਮਿਕ ਨਾਲੋਂ ਸਾਂਸਕ੍ਰਿਤਕ ਵਧੇਰੇ ਹੈ। ਉਹ ਹਿੰਦੂ ਧਰਮ ਨਾਲੋਂ ਹਿੰਦੂ ਸੰਸਕ੍ਰਿਤੀ ਦਾ ਖੰਡਨ ਵਧੇਰੇ ਕਰਦਾ ਹੈ। ਖੰਡਨ ਦਾ ਕਾਰਜ ਆਮ ਤੌਰ ਤੇ ਤਾਰਕਿਕ ਆਧਾਰ ਤੇ ਹੀ ਹੋਇਆ ਹੈ। ਉਦਾਹਰਣ ਦੇ ਤੌਰ ਤੇ ਚੰਦ-ਗ੍ਰਹਿਣ ਸੰਬੰਧੀ ਹਿੰਦੂ-ਸ਼ਾਸਤ੍ਰੀ ਧਾਰਣਾ ਨੂੰ ਰੱਦ ਕਰਦਾ ਹੋਇਆ ਉਹ ਤਰਕਸ਼ੀਲਤਾ ਦੇ ਆਧਾਰ ਉਤੇ ਇਉਂ ਲਿਖਦਾ ਹੈ :

"ਜਦ ਚੰਦ ਗ੍ਰਹਿਣ ਹੁੰਦਾ ਹੈ, ਤਾਂ ਧਰਤੀ ਦਾ ਪਰਛਾਵਾਂ ਉਸ ਵਿਚ ਪੈਣ ਨਾਲ ਹੁੰਦਾ ਹੈ, ਅਤੇ ਜਦ ਸੂਰਜ ਗ੍ਰਹਿਣ ਹੁੰਦਾ ਹੈ, ਤਦ ਚੰਦ੍ਰਮਾ, ਸੂਰਜ ਅਰ ਧਰਤੀ ਦੇ ਵਿਚਕਾਰ ਆ ਜਾਂਦਾ ਹੈ, ਅਰ ਇਸ ਕਰਕੇ ਗ੍ਰਹਿਣ ਲੱਗਦਾ ਹੈ।"—ਪ੍ਰੇਮਚੰਦ।[1] ਸਾਰੇ ਦੇ ਸਾਰੇ ਨਾਵਲ ਵਿਚ ਇਹੋ ਤਰਕ ਵਾਲੀ ਸੁਰ ਪ੍ਰਧਾਨ ਹੈ।

ਲੇਖਕ ਦੀ ਭਾਈ ਵੀਰ ਸਿੰਘ ਨਾਲ ਤੁਲਨਾ ਕੀਤੇ ਬਿਨਾਂ ਇਸ ਨਾਵਲ ਦਾ ਅੰਤਰ-

---

1. ਅਨਾਮ, ਜਯੋਤਿਰੁਦਯ, ਪੰਨਾ 73.

Digitized by Panjab Digital Library | www.panjabdigilib.org

ਸਾਂਸਕ੍ਰਿਤਕ ਅਧਿਐਨ ਸੰਪੂਰਨ ਨਹੀਂ ਹੋਵੇਗਾ। ਭਾਈ ਵੀਰ ਸਿੰਘ ਵੀ ਆਪਣੇ ਨਾਵਲਾਂ ਵਿਚ ਸਿਖ ਧਰਮ ਦਾ ਪ੍ਰਚਾਰ ਕਰਦਾ ਹੈ। ਦੋਵੇਂ ਲੇਖਕ ਆਪੋ ਆਪਣੀ ਸੰਸਕ੍ਰਿਤੀ ਅਤੇ ਧਰਮਾਂ ਨੂੰ ਬਾਕੀ ਸੰਸਕ੍ਰਿਤੀਆਂ ਅਤੇ ਧਰਮਾਂ ਨਾਲੋਂ ਚੰਗਾ ਸਮਝਦੇ ਹਨ ਅਤੇ ਦੂਜੇ ਧਰਮਾਂ ਦੀ ਕਰੜੀ ਆਲੋਚਨਾ ਕਰਦੇ ਹਨ, ਪਰ ਫਿਰ ਵੀ ਦੋਹਾਂ ਵਿਚ ਅੰਤਰ-ਨਿਖੇੜ ਕਰਨਾ ਕੋਈ ਔਖਾ ਨਹੀਂ। ਭਾਈ ਵੀਰ ਸਿੰਘ ਆਪ ਸਿਖ ਹੈ ਅਤੇ ਜਿਨ੍ਹਾਂ ਪਾਠਕਾਂ ਨੂੰ ਆਪਣੇ ਨਾਵਲਾਂ ਵਿਚ ਸੰਬੋਧਨ ਕਰਦਾ ਹੈ, ਉਹ ਵੀ ਸਿਖ ਹਨ। ਲੇਖਕ ਅਤੇ ਪਾਠਕ ਦੋਵੇਂ ਇਕੋ ਸੰਸਕ੍ਰਿਤੀ ਦੇ ਜੰਮਪਲ ਹਨ। ਪਰ 'ਜਯੋਤਿਰੁਦਯ' ਦਾ ਲੇਖਕ ਅੰਗ੍ਰੇਜ਼ ਸੰਸਕ੍ਰਿਤੀ ਦਾ ਜੰਮਪਲ ਹੈ ਅਤੇ ਜਿਨ੍ਹਾਂ ਪਾਠਕਾਂ ਲਈ ਲਿਖ ਰਹਿਆ ਹੈ, ਉਹ ਪੰਜਾਬੀ ਸੰਸਕ੍ਰਿਤੀ ਦੇ ਪ੍ਰਤਿਨਿੱਧ ਹਨ। ਦੋਹਾਂ ਵਿਚਕਾਰ ਸਾਂਸਕ੍ਰਿਤਕ ਅੰਤਰ ਬਹੁਤ ਜ਼ਿਆਦਾ ਹੈ। ਇਹ ਲੇਖਕ ਆਪਣੇ ਮੂੰਹੋਂ ਈਸਾਈ ਧਰਮ ਅਤੇ ਸੰਸਕ੍ਰਿਤੀ ਦੀ ਪ੍ਰਸ਼ੰਸਾ ਨਾ ਕਰਦਾ ਹੋਇਆ ਹਿੰਦੂ ਪਾਤਰਾਂ ਦੇ ਮੂੰਹੋਂ ਕਰਵਾਉਂਦਾ ਹੈ, ਜੋ ਵਧੇਰੇ ਪ੍ਰਭਾਵਕਾਰੀ ਹੈ। ਇਸ ਨਾਵਲ ਦਾ ਲੇਖਕ-ਸਰੋਤਾ ਸੰਬੰਧ ਅੰਤਰਜਾਤੀ ਹੈ ਅਤੇ ਭਾਈ ਵੀਰ ਸਿੰਘ ਦੇ ਨਾਵਲਾਂ ਦਾ ਲੇਖਕ-ਸਰੋਤਾ ਸੰਬੰਧ ਸਜਾਤੀ ਹੈ।

ਜਿਸ ਯੁਗ ਵਿਚ 'ਜਯੋਤਿਰੁਦਯ' ਦੀ ਰਚਨਾ ਹੋਈ, ਉਸ ਵੇਲੇ ਦਾ ਭਾਵੁਕ ਆਲ-ਦੁਆਲਾ ਨਿਰਬਲਤਾ ਅਤੇ ਅਧੀਨਗੀ ਦਾ ਸੀ, ਜਿਸ ਦਾ ਯੋਗ ਪ੍ਰਤੀਕ ਔਰਤ ਹੀ ਹੋ ਸਕਦੀ ਹੈ। ਲੇਖਕ ਨੇ ਆਪਣੇ ਨਾਵਲ ਵਿਚ ਔਰਤ ਨੂੰ ਕਰੁਣਾ ਦਾ ਵਿਸ਼ਾ ਬਣਾ ਕੇ ਪੇਸ਼ ਕੀਤਾ ਹੈ। ਉਸ ਦਾ ਆਦੇਸ਼-ਬਿੰਦੂ ਔਰਤ ਹੈ, ਜੋ ਧਰਮ ਪ੍ਰਚਾਰਕ ਵੀ ਹੈ ਅਤੇ ਸਭ ਤੋਂ ਪਹਿਲਾਂ ਈਸਾਈ ਧਰਮ ਨੂੰ ਸਵੀਕਾਰ ਕਰਨ ਵਾਲੀ (ਬਸੰਤ) ਵੀ ਔਰਤ ਹੀ ਹੈ। ਪੰਜਾਬੀ ਵਿਚ ਪਹਿਲਾ ਨਾਵਲ ਹੋਣ ਦੇ ਨਾਤੇ ਹੋ ਸਕਦਾ ਹੈ ਕਿ ਭਾਈ ਵੀਰ ਸਿੰਘ ਨੇ ਇਹ ਨਾਵਲ ਪੜ੍ਹਿਆ ਹੋਵੇ, ਕਿਉਂਕਿ ਪੰਜਾਬੀ ਸਾਹਿਤ ਵਿਚ ਉਹ ਵਿਸ਼ੇਸ਼ ਦਿਲਚਸਪੀ ਰੱਖਦਾ ਸੀ। ਇਹ ਵੀ ਹੋ ਸਕਦਾ ਹੈ ਕਿ ਉਹ ਇਸ ਤੋਂ ਪ੍ਰਭਾਵਿਤ ਵੀ ਹੋਇਆ ਹੋਵੇ। ਉਂਝ ਵੀ ਪ੍ਰਭਾਵ ਕਿਰਤ ਦਾ ਨਹੀਂ ਪੈਂਦਾ, ਸਗੋਂ ਉਸ ਵਿਚਲੀ ਵਿਚਾਰਧਾਰਾ ਅਚੇਤ ਹੀ ਲੋਕਮਨ ਵਿਚ ਸਿੰਜਰਦੀ ਰਹਿੰਦੀ ਹੈ ਅਤੇ ਪਤਾ ਨਹੀਂ ਲੇਖਕ ਕਿਹੜੇ ਸਰੋਤ ਤੋਂ ਪ੍ਰਭਾਵ ਗ੍ਰਹਿਣ ਕਰ ਲੈਂਦਾ ਹੈ। ਵੀਰ ਸਿੰਘ ਦੇ ਨਾਵਲਾਂ ਵਿਚ ਵੀ ਕੇਂਦਰ-ਬਿੰਦੂ ਔਰਤ ਹੀ ਹੈ। 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਵਿਚ ਔਰਤ ਦਾ ਪ੍ਰਭੁਤ੍ਵ ਹੈ। ਪਰ ਉਸ ਦੇ ਪਰਧਰਮ, ਪਰਸੰਸਕ੍ਰਿਤੀ ਨਿਰੀਖਣ ਵਿਚ ਉਹ ਤੀਬਰਤਾ ਅਤੇ ਡੂੰਘਾਈ ਨਹੀਂ, ਜੋ 'ਜਯੋਤਿਰੁਦਯ' ਦੇ ਲੇਖਕ ਦੇ ਨਿਰੀਖਣ ਵਿਚ ਹੈ। ਇਹ ਲੇਖਕ ਪਰ-ਧਰਮੀਆਂ ਦੇ ਘਰਾਂ ਵਿਚ ਚੰਗੀ ਤਰ੍ਹਾਂ ਝਾਤੀ ਮਾਰਦਾ ਹੈ, ਪਰ ਭਾਈ ਵੀਰ ਸਿੰਘ ਪਰ-ਧਰਮੀਆਂ ਦੀ ਰਹਿਣੀ-ਬਹਿਣੀ ਦੀ ਯਥਾਰਥਕ ਤਸਵੀਰ ਪੇਸ਼ ਨਹੀਂ ਸਕਿਆ। ਫਲਸਰੂਪ ਉਸ ਦਾ ਪਰਧਰਮ ਅਤੇ ਪਰਸੰਸਕ੍ਰਿਤੀ ਨਿਰੀਖਣ ਨਾ ਗਹਿਰਾ ਹੈ, ਨਾ ਪ੍ਰਮਾਣਿਕ। ਇਸ ਪੱਖ ਤੋਂ 'ਜਯੋਤਿਰੁਦਯ' ਦਾ ਮਹੱਤਵ ਵਡਮੁੱਲਾ ਹੈ।

ਇਸ ਨਾਵਲ ਦਾ ਕਥਾਨਕ ਬੜਾ ਸਰਲ ਹੈ। ਇਹ ਨਿਰੰਤਰ ਸਿੱਧੀ ਤੋਰ ਤੁਰਿਆ ਜਾਂਦਾ ਹੈ। ਮੂਲ ਰੂਪ ਵਿਚ ਲੇਖਕ ਨੇ ਆਧਿਕਾਰਕ ਕਥਾਵਾਂ ਦੇ ਨਾਲ ਨਾਲ ਪ੍ਰਾਸੰਗਿਕ ਕਥਾਵਾਂ ਨੂੰ ਨਹੀਂ ਜੋੜਿਆ, ਪਰ ਕਿਤੇ ਕਿਤੇ ਉਹ ਅਚੇਤ ਤੌਰ ਤੇ ਪ੍ਰਕਰੀ (ਪ੍ਰਾਸੰਗਿਕ) ਕਥਾਵਾਂ ਦਾ ਵਿਵਰਣ ਦੇ ਗਇਆ ਹੈ। ਉਦਾਹਰਣ ਦੇ ਤੌਰ ਤੇ ਪੰਨਾ 22 ਤੋਂ ਪੰਨਾ 23 ਤਕ ਸ਼ਕੁੰਤਲਾ ਤੇ ਦੁਸ਼ਯੰਤ ਦੀ

Digitized by Panjab Digital Library | www.panjabdigilib.org

ਕਥਾ ਜੋੜ ਦਿੱਤੀ ਗਈ ਹੈ, ਜਿਸ ਦਾ ਮੂਲ ਕਥਾ ਨਾਲ ਕੋਈ ਸੰਬੰਧ ਨਹੀਂ। ਇਹੋ ਕਥਾ ਪੰਨਾ 26 ਅਤੇ ਪੰਨਾ 27 ਉਤੇ ਫਿਰ ਆ ਜਾਂਦੀ ਹੈ, ਜੋ ਕਥਾਨਕ ਦੀ ਨਿਰੰਤਰ ਤੋਰ ਵਿਚ ਵਿਘਨਕਾਰੀ ਪ੍ਰਤੀਤ ਹੁੰਦੀ ਹੈ। ਪਰ ਅਜਿਹੀਆਂ ਪ੍ਰਕਰੀ ਕਥਾਵਾਂ ਦੀ ਗਿਣਤੀ ਬਹੁਤ ਘੱਟ ਹੈ।

ਕਥਾਨਕ ਦੀ ਸ਼ੈਲੀ ਵਰਣਨਾਤਮਕ (Descriptive) ਵੀ ਹੋ ਸਕਦੀ ਹੈ ਅਤੇ ਬ੍ਰਿਤਾਂਤਕ (Narrative) ਵੀ। ਬ੍ਰਿਤਾਂਤ ਦੀ ਮੁਖ ਰੂਪ-ਵਿਧੀ ਇਸ ਦਾ ਸੰਮਿਲਨ (Inclusiveness) ਹੈ, ਜੋ ਸੰਬਾਦ ਭਰਪੂਰ ਦ੍ਰਿਸ਼ਾਂ ਨੂੰ ਵਾਪਰ ਰਹੀਆਂ ਮੂਲ ਘਟਨਾਵਾਂ ਵਿਚ ਘੁਲਾ ਮਿਲਾ ਕੇ ਪੇਸ਼ ਕਰਦੀ ਹੈ। ਛੋਟੇ ਛੋਟੇ ਬ੍ਰਿਤਾਂਤਕ ਸੰਗਠਨਾਂ (ਘਟਨਾਵਾਂ) ਤੋਂ ਹੀ ਕਥਾਨਕ ਬਣਦਾ ਹੈ ਅਤੇ ਅਸਲ ਵਿਚ ਨਾਵਲ ਦਾ ਕਥਾਨਕ ਸੰਗਠਨਾਂ ਦੀ ਸੰਰਚਨਾ ਹੈ। ਸਿਆਣਾ ਨਾਵਲਕਾਰ ਬ੍ਰਿਤਾਂਤ ਨੂੰ ਇਕ ਰ੍ਹੀਟੋਰਿਕ (Rhetoric) ਜਗਤ ਦੇ ਤੌਰ ਤੇ ਵੀ ਵਰਤਦਾ ਹੈ। ਵਿਚਾਰ ਅਧੀਨ ਨਾਵਲ ਦੇ ਲੇਖਕ ਨੇ ਬ੍ਰਿਤਾਂਤਕ ਅਤੇ ਵਰਣਨਾਤਮਕ ਦੋਹਾਂ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਲੇਖਕ ਦੁਆਰਾ ਵਰਣਿਤ ਦ੍ਰਿਸ਼ ਨਿਰਸੰਦੇਹ ਲੇਖਕ ਦੀ ਸੋਹਜਮਈ ਰੁਚੀ ਦਾ ਪ੍ਰਤੱਖ ਪ੍ਰਮਾਣ ਹਨ। ਪ੍ਰਕਿਰਤੀ ਦੇ ਸੌਂਦਰਯ ਦਾ ਵਿਵਰਣ ਲੇਖਕ ਨੇ ਇਸ ਪ੍ਰਕਾਰ ਦਿੱਤਾ ਹੈ:

"ਆਹਾ, ਹਾ, ਇਹ ਕੇਹਾ ਮਨਭਾਉਂਦਾ ਹੈ, ਜੋ ਕੰਮ ਧੰਧੇ ਵਿੱਚ ਲੱਗਿਆਂ ਹੋਇਆਂ ਨਗਰ ਦੇ ਵਿੱਚੋਂ ਵਿੱਚੀਂ ਆ ਕੇ ਇੱਥੋਂ ਦੀ ਸੁੰਨਸਾਨ ਬੀ ਅੱਤ ਪਿਆਰੀ ਲੱਗਦੀ ਹੈ। ਠੰਢੀ ਠੰਢੀ ਪੌਣ, ਸਹਿਜੇ ਸਹਿਜੇ ਚੱਲ ਰਹੀ ਹੈ, ਕਬੂਤਰ ਗੁਟਕ ਰਹੇ ਹਨ, ਕਿੰਉ ਜੋ, ਇਸ ਸੁੰਨਸਾਨ ਵਿਚ ਚੁੱਪ ਚੁਪਾਤੇ ਤੁਰੋ, ਤਾਂ ਕਬੂਤਰ ਦਾ ਮਿੱਠਾ ਮਿੱਠਾ ਪਰ ਉਦਾਸੀਨ ਗੁਟਕਾਰ ਸੁਣਾਈ ਦਿੰਦਾ ਹੈ, ਕਦੀ ਕਦੀ ਕਾਂ ਦੀ ਖਹੁਰੀ ਜੇਹੀ ਬੋਲੀ ਬੀ ਸੁਣਾਈ ਦਿੰਦੀ ਹੈ। ਵਿੱਚ ਵਿੱਚ ਇਕ ਹੋਰ ਹੀ ਅਵਾਜ ਆਉਂਦੀ ਹੈ, ਜਿਸ ਨੂੰ ਇਕ ਦੰਦਕਥਾ ਦੇ ਪੰਖੇਰੂ ਦੀ ਬੋਲੀ ਦੱਸਦੇ ਹਨ। ਆਖਦੇ ਹਨ, ਜੋ ਉਸ ਨੂੰ ਅੱਜ ਤੋੜੀ ਕਿਸੇ ਨੈਂ ਨਹੀਂ ਡਿੱਠਾ, ਪਰ ਉਸ ਦੇ ਅਚਰਜ ਆਲ੍ਹਣੇ ਕਈਆਂ ਲੋਕਾਂ ਦੇ ਵੇਖਣ ਵਿਚ ਆਏ ਹਨ।"[1]

"ਇਹ ਮਨ ਦੇ ਲੁਭਾਉਣਹਾਰੀ ਫੱਗਣ ਮਹੀਨੇ ਦੀ ਸੰਧਿਆ ਸੀ। ਮਿੱਠੀ ਮਿੱਠੀ ਪੌਣ ਠੰਢੀ ਕੂਲੀ ਵਗਦੀ ਸੀ, ਅਕਾਸ ਕੁਛ ਕੁਛ ਨਿਰਮਲ ਅਰ ਨੀਲਾ ਸਾ, ਬੱਦਲਾਂ ਦੇ ਟੋਟੇ ਚਾਂਦੀ ਦੇ ਥਾਨਾਂ ਵਾਂਙੂ ਸੂਰਜ ਦੀ ਜੋਤ ਨਾਲ ਚਮਕਦੇ ਹੋਏ ਕਿਤੇ ਕਿਤੇ ਖਿੰਡ ਰਹੇ ਸੇ। ਅੰਬਾਂ ਦੇ ਬਿਰਛ ਬੂਰ ਅਰ ਕਲੀਆਂ ਦੇ ਨਾਲ ਲੱਦੇ ਹੋਏ ਝੂਲਦੇ ਸੇ, ਅਰ ਸੁਗੰਧਤਾ ਦੀ ਮਹਿਕ ਨਾਲ ਪੌਣ ਭਰੀ ਹੋਈ ਸੀ, ਹਰ ਇੱਕ ਬਿਰਛ ਵਿੱਚ ਕਲੀ ਪੁੰਗਰੀ ਹੋਈ, ਅਤੇ ਕੂਲੇ ਕੂਲੇ ਹਰੇ ਅੰਗੂਰ ਸਭ ਥੋਂ ਅਣੋਖੀ ਸੋਭਾ ਦੇ ਰਹੇ ਸੇ,—ਅਰ ਵਿੱਚ ਵਿਚਕਾਰ ਕੋਇਲ ਦੀ ਕੂਕ ਬਨਦੇਵਤਾ ਦੀ ਬੋਲੀ ਵਰਗੀ ਸੁਣਾਈ ਦਿੰਦੀ ਸੀ, ਸੱਚਮੁੱਚ ਇਹ ਵੇਲਾ ਸੁੰਦਰਤਾਈ ਦਾ ਹੀ ਸੀ, ਕੁਝ ਅਚਰਜ ਨਹੀਂ, ਜੇ ਸਭ ਥੋਂ ਮਿੱਠਾ, ਅਰ ਸਾਰਿਆਂ ਵਿਚ ਪ੍ਰਚਲਿਤ ਬੰਗਾਲੀ ਵਿੱਚ ਤੀਮੀਆਂ ਦਾ ਨਾਉਂ ਬਸੰਤ ਹੀ ਹੁੰਦਾ ਹੋਵੇ, ਅਰ ਇਹੋ ਨਾਉਂ ਸਾਰੇ ਵਰਹੇ ਮਨਭਾਉਂਦੀ ਰੁੱਤ ਦਾ ਹੈ।"[2]

---

1. ਅਨਾਮ, ਜਯੋਤਿਰੁਦਯ, ਪੰਨਾ 6.
2. ਓਹੀ, ਪੰਨਾ 17.

Digitized by Panjab Digital Library | www.panjabdigilib.org

"ਸਿਆਲ ਦੀ ਰੁੱਤ ਵਿਚ ਸਭਨਾਂ ਟਾਹਣੀਆਂ ਉਤੇ ਨਰੰਗੀ ਰੰਗ ਦੇ ਫੁੱਲ, ਅਰ ਲਾਲ ਲਾਲ ਪਤ੍ਰ ਦਿਖਾਈ ਦਿੰਦੇ ਹਨ। ਅੱਗੇ ਵਧ ਕੇ ਵਾਸਾਂ ਦੀਆਂ ਲੰਮੀਆਂ ਲੰਮੀਆਂ ਪਾਲਾਂ ਅੱਤ ਸੁੰਦਰ ਦਿੱਖ ਆਉਂਦੀਆਂ ਹਨ, ਕਿਉਂ ਜੋ ਉਨ੍ਹਾਂ ਦੇ ਪਤ੍ਰਾਂ ਵਿਚ ਧੁੱਪ ਅਰ ਛਾਂ ਅਦਲ ਬਦਲ ਕੇ ਪੈ ਰਹੀ ਹੈ। ਇੱਧਰ ਤਾਂ ਮਟਰਾਂ ਦਾ ਖੇਤ ਨੀਲ਼ੇ ਰੰਗ ਦੇ ਅਣਗਿਣਤ ਫੁੱਲਾਂ ਨਾਲ ਸੋਭਾ ਪਾ ਰਿਹਾ ਹੈ, ਉਧਰ ਰਾਈ ਦਾ ਖੇਤ ਸੁਨਹਿਰੀ ਫੁੱਲਾਂ ਦੀ ਸੋਭਾ ਨਾਲ ਚਮਕ, ਅਰ ਉਸ ਦੀ ਸੁਗੰਧਤਾ ਕਰਕੇ ਮਹਿਕ ਰਿਹਾ ਹੈ। ਕਿੰਨਿਆਂ ਦੇ ਹਰੇ ਹਰੇ ਅਰਧ ਚੰਦ੍ਰਾਕਾਰ ਪਤ੍ਰ ਕੇਸਾਂ ਵਰਗੇ ਕਾਲੇ ਕਾਲੇ ਡੰਡਲਾਂ ਉਤੇ ਲੱਗੇ ਹੋਏ ਹਨ, ਅਰ ਕਿੰਨਿਆਂ ਦੇ ਵੈਂਗਨੀ ਪਤ੍ਰਾਂ ਵਿਚ ਫੁੱਲ ਬੂਟੇ ਦੀ ਕਾਢ ਦੇ ਕੰਮ ਵਾਂਙੂ ਛੋਟੀਆਂ ਛੋਟੀਆ ਲਕੀਰਾਂ ਪਈਆਂ ਹਨ। ਵਰਖਾ, ਵਿੱਚ ਇਹ ਸਭ ਪਤ੍ਰ ਪਾਨੀ ਨਾਲ ਭਰ ਜਾਂਦੇ ਹਨ, ਅਰ ਫ਼ੇਰ ਜਦ ਧੁੱਪ ਨਿੱਕਲਦੀ ਹੈ, ਤਾਂ ਉਹ ਇੱਕ ਅਚਰਜ ਤੇਜ ਨਾਲ ਚਮਕਣ ਲੱਗਦੇ ਹਨ।"[1]

ਮਨਿਹਾਰ ਤੇ ਉਸ ਦੀ ਦੁਕਾਨ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਗਇਆ ਹੈ :

"ਕਿਸੇ ਹੱਟ ਵਿੱਚ ਇੱਕ ਬੁੱਢਾ ਮਨਿਹਾਰ ਨਿੱਕੀਆਂ ਨਿੱਕੀਆਂ ਆਰਸੀਆਂ ਦੀ ਥੈਲੀ ਖੋਹਲੀ ਬੈਠਾ ਹੈ, ਚਿੱਟੇ ਅਰ ਰੰਗੇ ਹੋਏ ਸੂਤਰ ਦੀਆਂ ਗੋਲੀਆਂ ਬੋਤਲਾਂ ਵਿਚ ਬੰਦ ਹਨ। ਛੋਟੀਆਂ ਛੋਟੀਆਂ ਡੱਬੀਆਂ ਚਿਤ੍ਰ ਬਚਿਤ੍ਰ ਰੰਗ ਦੀਆਂ ਧਰੀਆਂ ਹੋਈਆਂ ਹਨ। ਇੱਕ ਢੇਰ ਮੋਟੇ ਮਹੀਨ -ਦਾਣਿਆਂ ਵਾਲੀਆਂ ਮਾਲਾਂ ਦਾ ਪਿਆ ਹੈ, ਅਤੇ ਅਣਗਿਣਤ ਕੱਚ ਅਰ ਲਾਖ ਦੇ ਚੂੜੇ, ਅਰਥਾਤ ਵੰਙਾਂ ਰੱਖੀਆਂ ਹੋਈਆਂ ਹਨ। ਕਿੱਲ, ਜੰਦਰੇ, ਨਿੱਕੀਆਂ ਨਿੱਕੀਆਂ ਟੱਲੀਆਂ, ਟੀਨ ਦੇ ਡੱਬੇ ਅਰ ਕੌਡਾਂ ਆਦਕਾਂ ਦੇ ਢੇਰ ਹੀ ਉਸ ਦੀ ਸਾਰੀ ਹੱਟੀ ਦੀ ਸਭ ਸਜਾਉਣਵਾਲੀ ਸਮਗ੍ਰੀ ਹੈ।"[2]

ਘੁਮਿਆਰ ਅਤੇ ਉਸਦੀ ਹੱਟੀ ਦਾ ਵਿਵਰਣ ਪੇਸ਼ ਹੈ।

ਇਕ ਘੁਮਿਆਰ ਦੀ ਹੱਟੀ ਹੈ, ਉਸ ਵਿੱਚ ਅਨੇਕ ਪ੍ਰਕਾਰ ਦੇ ਬਹੁਤ ਸੋਹਣੇ ਭਾਂਡੇ, ਘੜੇ, ਹਾਂਡੀਆਂ, ਮਰਤਬਾਨ ਧਰੇ ਹੋਏ ਹਨ। ਕਈ ਉਨ੍ਹਾਂ ਵਿੱਚੋਂ ਡਾਢੇ ਹੀ ਸੁੰਦਰ ਹਨ।"[3]

ਹਲਵਾਈ ਅਤੇ ਉਸ ਦੀ ਦੁਕਾਨ ਦਾ ਵਿਵਰਣ ਵੀ ਧਿਆਨ ਯੋਗ ਹੈ :

"ਹੋਰ ਅੱਗੇ ਹਲਵਾਈ ਦੀ ਹੱਟੀ ਹੈ, ਬੜੇ ਬੜੇ ਥਾਲ ਚਾਉਲਾਂ ਨਾਲ ਭਰੇ ਪਏ ਹਨ, ਅਰ ਮੱਖਣ, ਮਿਸਰੀ ਖੰਡ ਮਸਾਲੇ ਭਾਂਤ ਭਾਂਤ ਦੀਆਂ ਸੁਆਦੀ ਮਠਿਆਈਆਂ, ਇਸ ਢੰਗ ਨਾਲ ਜੋੜ ਕੇ ਰਖੀਆਂ ਹਨ, ਜੋ ਰਾਹ ਜਾਂਦਿਆਂ ਦੇ ਮਨਾਂ ਨੂੰ ਲੁਭਾਉਂਦੀਆਂ ਹਨ।"[4]

ਫੁਲੇਰੇ ਦੀ ਹੱਟੀ ਦਾ ਵਿਵਰਣ ਇਸ ਪ੍ਰਕਾਰ ਹੈ :

"ਕੋਲ ਫੁੱਲਾਂ ਦੀ ਹੱਟ ਹੈ, ਸੋਨੇ ਵਰਗੇ ਪੀਲੇ ਰੰਗ ਦੇ ਕੇਲਿਆਂ ਦੇ ਗੁੱਛੇ ਟੰਗੇ ਹਨ, ਅਰ ਇੱਕ ਬੜਾ ਸਾਰਾ ਢੇਰ ਹਰੇ ਹਰੇ ਨਾਰੀਯੇਲਾਂ ਦਾ ਲੱਗਾ ਹੋਇਆ ਹੈ। ਅਚਰਜ ਨਹੀਂ, ਜੇ ਉਸ

---

1. ਅਨਾਮ, ਜਯੋਤਿਰੁਦਯ, ਪੰਨਾ 4.
2. ਓਹੀ, ਪੰਨਾ 5.
3. ਓਹੀ, ਪੰਨਾ 5.
4. ਓਹੀ, ਪੰਨਾ 5.

Digitized by Panjab Digital Library | www.panjabdigilib.org

ਕੋਲ ਹੀ ਫੁਲੇਰੇ ਦੀ ਹੱਟੀ ਫੁੱਲਾਂ ਦੇ ਸੇਹਰੇ ਅਤੇ ਮਾਲਾਂ ਨਾਲ ਭਰੀ ਹੋਵੇ, ਜੋ ਠਾਕਰਦੁਆਰਿਆਂ ਵਿੱਚ ਚੜ੍ਹਦੇ ਹਨ, ਇਥੋਂ ਲੋਕ ਗੰਗਾ ਜੀ ਅਥਵਾ ਮੰਦਰਾਂ ਦੀ ਪੂਜਾ ਦੇ ਲਈ ਧੇਲੇ ਜਾਂ ਦਮੜੀ ਦੀਆਂ ਕੌਡਾਂ ਦੇ ਚੰਬੇਲੀ ਅਰ ਰੁੱਤ ਰੁੱਤ ਦੇ ਫੁੱਲਾਂ ਦੇ ਹਾਰ ਲੈਂਦੇ ਹਨ।"[1]

ਬੰਗਾਲੀ ਭਦ੍ਰ ਪਰਿਵਾਰ ਦੇ ਘਰ ਦਾ ਵਰਣਨ ਵੀ ਲੇਖਕ ਬੜੇ ਵਿਸਥਾਰ ਨਾਲ ਕਰਦਾ ਹੈ :

"ਘਰ ਬੜਾ ਦੋ ਮਜਲਾ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਜਿਸ ਵਿੱਚ ਦੋ ਚੌਂਕ ਸੇ। ਬੂਹਾ ਦੱਖਣ ਦੇ ਪਾਸੇ ਸੀ, ਉਧਰੋਂ ਲੰਘ ਕੇ ਸੱਜੀ ਵੱਲ ਨੂੰ ਇੱਕ ਕੋਠੀ ਨਜਰ ਆਉਂਦੀ ਸੀ, ਜਿੱਥੇ ਪਰਵਾਰ ਦਾ ਠਾਕੁਰ ਮੰਦਰ ਸੀ, ਅਰ ਕੰਧ ਦੇ ਵਿਚਕਾਰ ਜਾਲੇ ਵਿਖੇ ਇੱਕ ਬਿਡੌਲ ਜੇਹੀ ਮੂਰਤ ਧਰੀ ਹੋਈ ਸੀ, ਚੌਂਕ ਦੇ ਤਿੰਨ ਲਾਂਹਮੀ ਸੁਫਾ ਅਰ ਛੋਟੀਆਂ ਛੋਟੀਆਂ ਕੋਠੜੀਆਂ ਸਨ, ਜਿਨ੍ਹਾਂ ਦੇ ਬੂਹੇ ਸੁਫੇ ਵਿੱਚ ਖੁਲ੍ਹਦੇ ਸਨ। ਵੱਡੇ ਬੂਹੇ ਦੇ ਸਾਂਹਮਣੇ ਉਪਰਲੇ ਕੋਠੇ ਵਿੱਚ ਝਰਨਿਆਂ ਵਾਲੀਆਂ ਬਾਰੀਆਂ ਸਨ, ਜਿਨ੍ਹਾਂ ਵਿਚੋਂ ਤੀਮੀਆਂ, ਜਦ ਕੋਈ ਤਮਾਸਾ ਹੋਵੇ, ਤਾਂ ਵੇਹੜੇ ਵਿੱਚ ਚੰਗੀ ਤਰ੍ਹਾਂ ਵੇਖ ਸਕਦੀਆਂ ਸਨ। ਚੌਂਕ ਦੇ ਖੱਬੇ ਪਾਸੇ ਪੌੜੀਆਂ ਦੇ ਉੱਪਰ ਬੈਠਕ ਬਣੀ ਹੋਈ ਸੀ, ਅਰ ਘਰ ਦੇ ਇੱਕ ਪਾਸੇ ਇਸ ਸਿਰੇ ਥੋਂ ਉਸ ਸਿਰੇ ਤੋੜੀ ਸੀ। ਇੱਕ ਅਨ੍ਹੇਰਾ ਰਾਹ ਪੌੜੀਆਂ ਦੇ ਦੂਏ ਪਾਸੇ ਉਸ ਦੂਜੇ ਚੌਂਕ ਨੂੰ ਜੋ ਤ੍ਰੀਮਤਾਂ ਦਾ ਸੀ, ਜਾਂਦਾ ਸਾ। ਉਸ ਵੇਹੜੇ ਦੇ ਨਿਰਾ ਦੋਹੁੰ ਪਾਸੀਂ ਤਾਂ ਦੋ ਮਜਲਾ ਘਰ ਸੀ, ਬਾਕੀ ਦੋ ਪਾਸੇ ਸੰਧਯਾ ਵੇਲੇ ਟਹਿਲਨ ਦੇ ਵਾਸਤੇ ਥੜੇ ਬਣੇ ਹੋਏ ਸੇ। ਉਸ ਦੇ ਹੇਠਾਂ ਰਸੋਈ ਦਾ ਥਾਂ ਅਰ ਗਊਆਂ ਦਾ ਥਾਂ, ਅਰ ਦੋ ਤਿੰਨ ਕੋਠੜੀਆਂ ਅਸਬਾਬ ਦੇ ਵਾਸਤੇ ਬਣੀਆਂ ਹੋਈਆਂ ਸਨ, ਉਨ੍ਹਾਂ ਵਿੱਚੋਂ ਇੱਕ ਕੋਠੜੀ ਹਿਰਨੀ ਦੇ ਕੋਲ ਸੀ, ਜਿੱਥੇ ਉਸ ਦੀ ਆਪਣੀ ਚੀਜ਼ ਵਸਤੁ ਪਈ ਸੀ। ਪਿਛਾਉੜੇ ਪਾਸਿਓਂ ਇਕ ਛੋਟੀ ਤਲਾਈ ਨੂੰ ਰਾਹ ਜਾਂਦਾ ਸੀ, ਅਰ ਉਹ ਤਲਾਈ ਛੋਟੇ ਛੋਟੇ ਫੁੱਲਾਂ ਦੇ ਬੂਟਿਆਂ ਨਾਲ ਘੇਰੀ ਹੋਈ ਸੀ। ਇਹ ਘਰ ਉੱਥੋਂ ਦੇ ਵਾਸੀਆਂ ਦੇ ਸੁਖ ਦੇ ਵਾਸਤੇ ਬਹੁਤ ਚੰਗਾ ਬਣਿਆ ਹੋਇਆ ਸੀ।"[2]

ਜਗਤਾਰਨੀ ਦੇ ਰੂਪ-ਵਰਣਨ ਵਿਚ ਤਾਂ ਲੇਖਕ ਨੇ ਕਮਾਲ ਹੀ ਕਰ ਦਿੱਤਾ ਹੈ :

"ਇਹ ਕੁੜੀ ਨਵਾਂ ਦਸਾਂ ਵਰਿਹਾਂ ਦੀ ਡਾਢੀ ਸੋਹਣੀ ਹੈ। ਉਹ ਆਖਦਾ ਹੈ ਭਈ ਉਹ ਕੁੜੀ ਨਿਛੋਹ ਗੋਰੇ ਰੰਗ ਦੀ ਹੈ, ਉਸ ਦਾ ਨੱਕ ਤਿਲ ਦੇ ਫੁੱਲ ਵਰਗਾ, ਅਤੇ ਉਹ ਦੀਆਂ ਪਿੰਨੀਆਂ ਕੇਲੇ ਦੇ ਥੰਮੇ ਵਰਗੀਆਂ ਹਨ, ਅੱਖੀਆਂ ਕੋਲ ਫੁੱਲ ਦੇ ਵੱਡੇ ਪੱਤਰ ਜੇਡੀਆਂ ਮੋਟੀਆਂ, ਉਸ ਦੇ ਭ੍ਰਿਵਿਟੇ ਕੰਨਾਂ ਤੋੜੀ ਵੱਡੇ ਹਨ ਅਤੇ ਉਸ ਦੇ ਹੋਂਠ ਅੰਬ ਦੀਆਂ ਕੂੰਬਲੀਆਂ ਵਰਗੇ ਲਾਲ ਹਨ। ਉਸਦੀ ਬੋਲੀ ਕੋਇਲ ਵਰਗੀ ਅਤੇ ਉਸਦਾ ਮੂੰਹ ਪੂਰਨਮਾ ਦੇ ਚੰਦ੍ਰਮਾ ਵਰਗਾ ਹੈ, ਉਸ ਦੇ ਹੱਥ ਗੋਡਿਆਂ ਤੋੜੀ ਪਹੁੰਚਦੇ ਹਨ। ਉਸ ਦੀ ਗਰਦਨ ਕਬੂਤਰ ਜੇਹੀ, ਪਰ ਉਸ ਦੇ ਦੰਦਾਂ ਦੀ ਪਾਲ ਅਨਾਰ ਦੇ ਦਾਣਿਆਂ ਵਰਗੀ ਹੈ। ਇਸ ਸੁੰਦਰ ਕੁੜੀ ਦਾ ਨਾਉਂ ਜਗਤਾਰਨੀ ਹੈ।"[3]

---

1. ਅਨਾਮ, ਜਯੋਤਿਰੁਦਯ, ਪੰਨਾ 5.
2 ਓਹੀ, ਪੰਨਾ 5—6.
3. ਓਹੀ, ਪੰਨਾ 53.

Digitized by Panjab Digital Library | www.panjabdigilib.org

ਬੰਗਾਲੀ ਕੁੜੀਆਂ ਦੇ ਕੇਸਾਂ ਦੀ ਖ਼ੂਬਸੂਰਤੀ ਇਸ ਪ੍ਰਕਾਰ ਵਰਣਨ ਕੀਤੀ ਹੈ :

"ਅਰ ਜੁਆਨ ਤੀਮਤਾਂ ਤਾਂ ਆਪਣੇ ਲੰਮੇ ਕਾਲੇ ਵਾਲਾਂ ਨੂੰ ਤੇਲ ਫੁਲੇਲ ਪਾ ਕੇ, ਆਪਣੇ ਹੀ ਖੁਲ੍ਹੇ ਲੰਮੇ ਕੇਸਾਂ ਦੀਆਂ ਗੁੰਦੀਆਂ ਹੋਈਆਂ ਮੇਢੀਆਂ ਦੇ ਨਾਲ ਬੰਨ੍ਹਦੀਆਂ । ਅਜਿਹੇ ਕਾਲੇ ਲੰਮੇ ਕੇਸ ਅੰਗ੍ਰੇਜ਼ੀ ਤੀਮੀਆਂ ਦੀ ਤਾਂ ਮਨ ਦੀ ਸਿੱਕ ਦੇ ਅਨੁਸਾਰ ਹਨ ।[1]"

ਵਰਖਾ ਰੁੱਤ ਦਾ ਵਰਣਨ ਵੀ ਵਿਸ਼ੇਸ਼ ਤੌਰ ਤੇ ਧਿਆਨ ਦੀ ਮੰਗ ਕਰਦਾ ਹੈ :

"ਹੁਣ ਬਰਸਾਤ ਆ ਗਈ । ਹਰਿਆਉਲ ਅਰ ਬਨਸਪਤਿ ਚਾਰੇ ਪਾਸੇ ਸੁਹਾਉਣੀ ਅਤੇ ਮਨਭਾਉਣੀ ਦਿੱਸਦੀ ਸੀ । ਜਿੱਥੇ ਕਿਤੇ ਬਗੀਚੇ ਦਾ ਟੁਕੜਾ ਸੀ, ਉਹੋ ਬਰਫ਼ ਵਰਗੀਆਂ ਚਿੱਟੀਆਂ ਕਾਲੀਆਂ ਦੇ ਨਾਲ ਸੋਭਾ ਦੇ ਰਿਹਾ ਸੀ । ਹਰੇਕ ਛੰਭ ਅਰ ਝਾੜੀ ਦੇ ਉੱਤੇ ਚਿੱਟੇ ਕਲੀਆਂ ਦੇ ਫੁੱਲ ਖਿੜਦੇ ਅਰ ਰਾਤ ਨੂੰ ਸੋਭਾਵਾਨ ਕਰਦੇ ਸੇ । ਤਲਾਉ ਲਾਲ ਅਰ ਚਿੱਟੇ ਕਮਲ ਫੁੱਲਾਂ ਨਾਲ ਭਰੇ ਹੋਏ ਸਨ । ਅਰ ਜਿੱਥੇ ਕਿਤੇ ਪਾਣੀ ਦੇ ਛੰਭ ਹੈਗੇ ਸੇ, ਉਥੇ ਹੀ ਪਾਣੀ ਦੇ ਫੁੱਲ ਛੋਟੇ ਛੋਟੇ ਸੁੰਦਰ ਕਲੀਆਂ ਸਣੇ ਤਾਰਿਆਂ ਵਰਗੇ ਜਗਮਗ ਕਰਦੇ ਦਿੱਸਦੇ ਸੇ । ਧਾਨਾਂ ਦੇ ਹਰੇ ਖੇਤ ਚੁਫੇਰੇ ਆਪਣੀ ਭਰਪੂਰੀ, ਅਰ ਸੁਹਾਉਣੇ ਠੰਢੇ ਰੰਗ ਨਾਲ ਅੱਖੀਆਂ ਨੂੰ ਪ੍ਰਸਿੰਨ ਕਰਦੇ ਸੇ । ਇੱਕ ਦਿਨ ਬੀ ਅਜਿਹਾ ਨਾ ਬੀਤੇ; ਜਿਸ ਦਿਨ ਮੀਂਹ ਨਾ ਵਰਸੇ, ਪਰ ਵਿੱਚ ਵਿੱਚ ਸੂਰਜ ਦੀ ਚਮਕ, ਅਤੇ ਨੀਲੇ ਅਕਾਸ ਦੀ ਝਲਕ, ਸੋਭਾ ਦਿੰਦੀ ਰਹੇ । ਅਰ ਸੂਰਜ ਅੱਥਣ ਦੇ ਵੇਲੇ ਅਕਾਸ ਦੀ ਅਚਰਜ ਸੁੰਦਰਤਾਈ ਕਰਕੇ, ਆਨੰਦ ਦੇ ਨਾਲ ਕੁਛ ਡਰ ਬੀ ਮਿਲਿਆ ਰਹਿੰਦਾ ਸੀ ।"[2]

ਇੰਗਲਿਸਤਾਨ ਦੀ ਮਹਾਰਾਣੀ ਵਿਕਟੋਰੀਆ ਦਾ ਉਲੇਖ ਲੇਖਕ ਨੇ ਕੀਤਾ ਹੈ, ਜੋ ਕਾਫ਼ੀ ਦਿਲਚਸਪ ਹੈ :

"ਇੱਕ ਮੂਰਤ ਇੰਗਲਿਸਤਾਨ ਦੀ ਮਹਾਰਾਣੀ ਦੀ ਬੀ ਉਸ ਦੇ ਕੋਲ ਹੈ । ਮਹਾਰਾਣੀ ਦੀ ਮੂਰਤ ਨਿਕਲਿਆਂ ਉੱਤੇ ਅਣਗਿਣਤ ਗੱਲਾਂ ਪੁੱਛੀਆਂ ਗਈਆਂ, ਉਨ੍ਹਾਂ ਦੇ ਉੱਤਰ ਵਿੱਚ ਇਹ ਆਖਿਆ, ਭਈ ਉਹ ਕੇਹੇ ਨਯਾਯ ਨਾਲ ਰਾਜ ਦੀ ਮਰਜਾਦਾ ਕਰਦੀ ਹੈ, ਅਤੇ ਉਹ ਆਪਣੇ ਭਰਤੇ ਨਾਲ ਕੇਡਾ ਪਿਆਰ ਕਰਦੀ ਸੀ, ਹੁਣ ਉਹ ਮਰ ਗਿਆ ਹੈ, ਤਾਂ ਸੁਰਗ ਵਿੱਚ ਉਸ ਨੂੰ ਮਿਲਨ ਦਾ ਰਾਹ ਤੱਕਦੀ ਹੈ । ਵੇਲਸ ਦੀ ਰਾਜਕੁਮਾਰੀ ਦੀ ਬੜੀ ਉਸਤਤਿ ਹੋਈ, ਉਸ ਦੀਆਂ ਸੁੰਦਰ ਨੀਲੀਆਂ ਅੱਖਾਂ, ਸੁਨਹਿਰੀ ਵਾਲ, ਵਿੱਚ ਸੋਹਣੇ ਫੁੱਲ ਗੁੰਦੇ ਹੋਏ, ਅਤੇ ਉਸ ਦੇ ਗਲ ਦੇ ਵਿੱਚ ਹੀਰਿਆਂ ਦਾ ਹਾਰ, ਇਨ੍ਹਾਂ ਸਭਨਾਂ ਗੱਲਾਂ ਦੀ ਬੜੀ ਚਰਚਾ ਹੋਈ ।"[3]

ਅਜਿਹੇ ਬ੍ਰਿਤਾਂਤਾਂ ਦੀ ਨਾਵਲ ਵਿਚ ਕੋਈ ਘਾਟ ਨਹੀਂ । ਇਸ ਯੁਗ ਦੇ ਨਾਵਲਾਂ ਵਿਚ ਉਂਜ ਵੀ ਇਸ ਪ੍ਰਕਾਰ ਦੇ ਵਿਵਰਣ ਦਿੱਤੇ ਜਾਂਦੇ ਰਹੇ ਹਨ । ਅਸਲ ਵਿਚ ਹਰ ਚੰਗੇ ਬ੍ਰਿਤਾਂਤਕ ਕਥਾਨਕ ਵਿਚ ਛੋਟੇ ਮੋਟੇ ਵਿਵਰਣ ਲਈ ਸਥਾਨ ਹੁੰਦਾ ਹੈ, ਪਰ ਇਹ ਕਥਾਨਕ ਦੀ ਗਤੀ ਨੂੰ ਮੱਧਮ ਕਰਦੇ ਹਨ, ਨਿਰਸੰਦੇਹ ਉਕਤ ਵਿਵਰਣ ਆਪਣੇ ਆਪ ਵਿੱਚ ਸੁੰਦਰ ਅਤੇ ਰੋਚਕ ਹਨ

---

1. ਅਨਾਮ, ਜਯੋਤਿਰੁਦਯ, ਪੰਨਾ 15.
2. ਓਹੀ, ਪੰਨਾ 34-35.
3. ਓਹੀ, ਪੰਨਾ 46.

Digitized by Panjab Digital Library | www.panjabdigilib.org

ਅਤੇ ਲੇਖਕ ਦੀ ਕਾਵਿਮਈ ਸ਼ੈਲੀ ਨੂੰ ਵਧੇਰੇ ਨਿਖਾਰਦੇ ਹਨ, ਪਰ ਅਜਿਹੀਆਂ ਕਾਵਿਮਈ ਛੋਹਾਂ ਦੀ ਨਾਵਲ ਵਿਚ ਬਹੁਤੀ ਗੁੰਜਾਇਸ਼ ਨਹੀਂ ਹੁੰਦੀ। ਕਵਿਤਾ ਵਿਚ ਪਾਠਕ ਨੂੰ ਠਹਿਰਨ ਦੇ ਪੜਾਅ ਲੱਭ ਜਾਂਦੇ ਹਨ, ਉਹ ਕਵਿਤਾ ਦਾ ਕੁਝ ਭਾਗ ਮੁਕਾ ਕੇ ਸੋਚਦਾ ਹੈ, ਚਿੰਤਨ-ਮਗਨ ਹੋਣ ਮਗਰੋਂ ਫਿਰ ਪੜ੍ਹਨ ਲੱਗਦਾ ਹੈ, ਪਰ ਨਾਵਲ ਵਿਚ ਪਾਠਕ ਦੀ ਦ੍ਰਿਸ਼ਟੀ ਭਵਿੱਖ ਉਤੇ ਟਿਕੀ ਹੁੰਦੀ ਹੈ ਅਤੇ ਉਹ ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਜਾਣਨ ਲਈ ਉਤਸੁਕ ਰਹਿੰਦਾ ਹੈ। ਅਜਿਹੀ ਅਵਸਥਾ ਵਿਚ ਇਹੋ ਜਿਹੇ ਵਿਵਰਣ ਪਾਠਕ ਨੂੰ ਝੁੰਜਲਾ ਦਿੰਦੇ ਹਨ, ਕਿਤੇ ਕਿਤੇ ਬੋਰ ਕਰਦੇ ਹਨ ਅਤੇ ਕਥਾਨਕ ਦੀ ਗਤੀਸ਼ੀਲਤਾ ਵਿਚ ਵਿਘਨ ਪਾਉਂਦੇ ਹਨ। ਨਾਵਲ ਦੇ ਪਹਿਲੇ ਭਾਗ ਵਿਚ ਇਸੇ ਕਾਰਣ ਕਥਾਨਕ ਗਤੀਹੀਣ ਹੋ ਗਇਆ ਪ੍ਰਤੀਤ ਹੁੰਦਾ ਹੈ।

ਕਿਸੇ ਵੀ ਨਾਵਲ ਵਿਚ ਕਥਾਨਕ ਨੂੰ ਬੰਨ੍ਹਣ ਅਤੇ ਦਿਸ਼ਾ ਦਿਖਾਉਣ ਵਾਲਾ ਤੱਤ ਉੱਦੇਸ਼ ਹੈ। ਲੇਖਕ ਆਪਣੀ ਰਚਨਾ ਵਿਚ ਉਹੋ ਗੱਲਾਂ ਹੀ ਕਰੇਗਾ, ਜਿਹੜੀਆਂ ਉਸ ਦੇ ਉੱਦੇਸ਼ ਨਾਲ ਸੰਬੰਧਿਤ ਹੋਣ ਅਤੇ ਉੱਦੇਸ਼ ਦੀ ਪ੍ਰਾਪਤੀ ਵਿਚ ਸਹਾਇਕ ਸਿੱਧ ਹੋਣ। ਜਿਸ ਯੁਗ ਵਿਚ 'ਜਯੋਤਿਰੁਦਯ' ਦੀ ਸਿਰਜਣਾ ਹੋਈ, ਉਸ ਵੇਲੇ ਸਮੁੱਚੀ ਨਾਵਲ-ਸਿਰਜਣਾ ਉੱਦੇਸ਼-ਮੁਖ ਸੀ। ਇਸ ਨਾਵਲ ਦੇ ਲੇਖਕ ਦਾ ਉੱਦੇਸ਼ ਵੀ ਧਰਮ-ਪ੍ਰਚਾਰ ਹੈ। ਇਸ ਲਈ ਉਸ ਨੇ ਵਿਸ਼ੇਸ਼ ਰੂਪ ਵਿਚ ਉਨ੍ਹਾਂ ਘਟਨਾਵਾਂ ਜਾਂ ਗੱਲਾਂ ਨੂੰ ਹੀ ਨਾਵਲ ਵਿਚ ਥਾਂ ਦਿੱਤੀ ਹੈ, ਜਿਹੜੀਆਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਈਸਾਈ ਧਰਮ ਦੇ ਪ੍ਰਚਾਰ ਨਾਲ ਸੰਬੰਧਿਤ ਹਨ। ਪੱਛਮੀ ਤਕਨੀਕ ਅਨੁਸਾਰ ਨਾਵਲ ਦੇ ਨਾਇਕ ਜਾਂ ਨਾਇਕਾ ਨੂੰ ਵਿਰੋਧੀ ਸ਼ਕਤੀਆਂ ਵਿਰੁੱਧ ਸੰਘਰਸ਼ ਕਰਦਿਆਂ ਦਿਖਾਇਆ ਜਾਂਦਾ ਹੈ ਅਤੇ ਉਸ ਦੀ ਕਿਸਮਤ ਦੇ ਉਲਟਫੇਰਾਂ ਨੂੰ ਉਭਾਰ ਕੇ ਇਹ ਦੱਸਿਆ ਜਾਂਦਾ ਹੈ ਕਿ ਨਾਇਕ ਜਾਂ ਨਾਇਕਾ ਨੇ ਕਿਵੇਂ ਰਾਹ ਵਿਚ ਆਉਣ ਵਾਲੀਆਂ ਔਕੜਾਂ ਉਤੇ ਵਿਜੈ ਪ੍ਰਾਪਤ ਕੀਤੀ। ਇਸ ਨਾਵਲ ਵਿਚ ਨਾਇਕਾ ਦੇ ਰਾਹ ਵਿਚ ਕੋਈ ਵਿਸ਼ੇਸ਼ ਰੁਕਾਵਟ ਨਹੀਂ ਪੈਂਦੀ, ਭਾਵੇਂ ਉਹ ਮੁਸੀਬਤਾਂ ਜ਼ਰੂਰ ਝੱਲਦੀ ਹੈ। ਇਸ ਲਈ ਨਾਵਲ ਵਿਚ ਸ਼ਕਤੀਸ਼ਾਲੀ ਸੰਘਰਸ਼ ਦੀ ਅਣਹੋਂਦ ਹੈ। ਉਸ ਦੇ ਰਾਹ ਵਿਚ ਅਤਿ ਸਾਧਾਰਣ ਰੁਕਾਵਟਾਂ ਆਉਂਦੀਆਂ ਹਨ, ਜਿਨ੍ਹਾਂ ਵਿਚੋਂ ਪ੍ਰਮੁਖ ਸਮਾਜ ਦੇ ਬਣਾਏ ਹੋਏ ਰਸਮਾਂ ਰਿਵਾਜ ਹਨ। ਲੇਖਕ ਦਾ ਉੱਦੇਸ਼ ਨਾਇਕਾ ਨੂੰ ਈਸਾਈ ਧਰਮ ਗ੍ਰਹਿਣ ਕਰਵਾਉਣਾ ਹੈ। ਅਜੀਬ ਗੱਲ ਇਹ ਹੈ ਕਿ ਉਹੋ ਤੱਥ ਜਿਹੜੇ ਉਸ ਨੂੰ ਮੁਸੀਬਤਾਂ ਦਾ ਸ਼ਿਕਾਰ ਬਣਾਉਂਦੇ ਹਨ; ਉਹੋ ਹੀ ਨਾਇਕਾ ਦੀ ਘਾਲਣਾ ਵਿਚ ਸਹਾਇਕ ਤੱਤ ਬਣ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਉਹ ਬਾਲ-ਵਿਧਵਾ ਹੈ, ਬੱਚਾ ਹੋਣ ਮਗਰੋਂ ਸਵਾ ਮਹੀਨੇ ਤਕ ਉਸ ਨੂੰ ਬੰਦ ਕੋਠੜੀ ਵਿਚ ਰੱਖਿਆ ਜਾਂਦਾ ਹੈ, ਉਸ ਦੇ ਪਰਛਾਵੇਂ ਤੋਂ ਵੀ ਸਾਰੇ ਦੂਰ ਰਹਿੰਦੇ ਹਨ, ਸਵਾ ਮਹੀਨੇ ਮਗਰੋਂ ਉਸ ਨੂੰ ਗੰਗਾ ਇਸ਼ਨਾਨ ਮਗਰੋਂ ਭਿੱਜੇ ਕੱਪੜੀਂ ਤਿੰਨ ਚਾਰ ਮੀਲ ਪੈਦਲ ਤੋਰ ਕੇ ਵਾਪਸ ਲਿਆਇਆ ਜਾਂਦਾ ਹੈ, ਉਹ ਚੰਗੇ ਕੱਪੜੇ ਨਹੀਂ ਪਾ ਸਕਦੀ, ਹਾਰ-ਸ਼ਿੰਗਾਰ ਨਹੀਂ ਕਰ ਸਕਦੀ, ਤੀਬਰ ਇੱਛਾ ਹੋਣ ਦੇ ਬਾਵਜੂਦ ਵਿੱਦਿਆ ਪ੍ਰਾਪਤ ਨਹੀਂ ਕਰ ਸਕਦੀ ਅਤੇ ਆਪਣੀ ਇੰਦਰਿਆਵੀ ਕਾਮਨਾ ਨੂੰ ਦਬਾ ਕੇ ਰੱਖਣ ਲਈ ਬੇਬਸ ਹੈ। ਇਹ ਸਾਰੇ ਤੱਤ ਉਸ ਦੇ ਕਸ਼ਟਾਂ ਦਾ ਮੂਲ ਕਾਰਣ ਤਾਂ ਹਨ, ਪਰ ਇਨ੍ਹਾਂ ਕਰਕੇ ਉਸ ਦਾ ਮਨ ਆਪਣੇ ਧਰਮ, ਸਮਾਜ ਤੇ ਸੰਸਕ੍ਰਿਤੀ ਵਲੋਂ ਉਪਰਾਮ ਹੁੰਦਾ ਹੈ ਅਤੇ ਅੰਗ੍ਰੇਜ਼ ਮਿਸ਼ਨਰੀ ਔਰਤ ਦੀ ਪ੍ਰੇਰਣਾ ਨਾਲ ਉਹ ਈਸਾਈ ਧਰਮ ਵਲ

Digitized by Panjab Digital Library | www.panjabdigilib.org

ਵਲ ਆਕਰਸ਼ਿਤ ਹੋ ਜਾਂਦੀ ਅਤੇ ਅੰਤ ਵਿਚ ਈਸਾਈ ਧਰਮ ਗ੍ਰਹਿਣ ਕਰਦੀ ਹੈ।

ਕਲਾ ਦੀ ਵੀ ਇਕ ਆਪਣੀ ਸਮੱਸਿਆ ਹੁੰਦੀ ਹੈ। ਵਸਤੂ ਆਪਣਾ ਰੂਪ ਪਰਿਵਰਤਿਤ ਕਰਕੇ ਕਲਾ-ਵਸਤੂ ਬਣਨ ਲਈ ਇਕ ਵਿਸ਼ੇਸ਼ ਅਵਸਥਾ ਵਿਚੋਂ ਲੰਘਦੀ ਹੈ। ਉਦਾਹਰਣ ਲਈ ਕੱਪੜਾ ਵਸਤੂ ਹੈ ਅਤੇ ਕੋਟ ਕਲਾ-ਵਸਤੂ। ਦਰਜ਼ੀ ਵਸਤੂ ਨੂੰ ਕਲਾ-ਵਸਤੂ ਬਣਾ ਕੇ ਇਕ ਅਨੋਖਾ ਰੂਪ ਪ੍ਰਦਾਨ ਕਰਦਾ ਹੈ। ਇਸ ਦੌਰਾਨ ਉਹ ਕੁਝ ਗ੍ਰਹਿਣ ਕਰਦਾ ਹੈ ਅਤੇ ਕੁਝ ਤਿਆਗ ਕਰਦਾ ਹੈ। ਫਲਸਰੂਪ ਕੱਪੜਾ ਕੋਟ ਦਾ ਰੂਪ ਗ੍ਰਹਿਣ ਕਰਦਾ ਹੈ। ਨਾਵਲਕਾਰ ਦੀ ਵੀ ਇਹੋ ਸਮੱਸਿਆ ਹੁੰਦੀ ਹੈ। ਉਹ ਆਪਣੇ ਉੱਦੇਸ਼-ਅਨੁਕੂਲ ਗੱਲਾਂ ਨੂੰ ਗ੍ਰਹਿਣ ਕਰਦਾ ਹੈ ਅਤੇ ਬਾਕੀ ਗੱਲਾਂ ਦਾ ਤਿਆਗ ਕਰਦਾ ਹੈ। ਇਸ ਪ੍ਰਕਾਰ ਇਹ ਗੱਲਾਂ ਵਸਤੂ-ਜਗਤ ਤੋਂ ਨਾਵਲ ਜਗਤ ਵਿਚ ਪ੍ਰਵੇਸ਼ ਕਰਦੀਆਂ ਹਨ ਅਤੇ ਕਲਾ-ਵਸਤੂ ਦਾ ਅਨੋਖਾ ਰੂਪ ਗ੍ਰਹਿਣ ਕਰਦੀਆਂ ਹਨ। ਇਸ ਨਾਵਲ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਲੇਖਕ ਨੇ ਅਜੇਹੀਆਂ ਘਟਨਾਵਾਂ ਅਤੇ ਤੱਥਾਂ ਨੂੰ ਵਧੇਰੇ ਉਘਾੜਨ ਦਾ ਜਤਨ ਕੀਤਾ ਹੈ, ਜਿਹੜੀਆਂ ਉਸ ਦੇ ਉੱਦੇਸ਼ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਸੰਕੀਰਣ ਦ੍ਰਿਸ਼ਟੀ ਵਾਲੇ ਥੋਥੇ ਰਸਮ-ਰਿਵਾਜ, ਪਾਖੰਡ, ਪੂਜਾ-ਯਾਤਰਾ, ਨਿਸੰਤਾਨਤਾ, ਸੂਤਕ ਸਮੇਂ ਇਸਤ੍ਰੀ ਦੀ ਦੁਰਦਸ਼ਾ, ਅਨਪੜ੍ਹਤਾ, ਅੰਗ੍ਰੇਜ਼ੀ ਪੜ੍ਹਾਈ, ਇਸਤ੍ਰੀ ਲਈ ਮਨੋਰੰਜਨ, ਦਾਜ-ਪ੍ਰਥਾ ਆਦਿਕ ਸਾਰੀਆਂ ਗੱਲਾਂ ਧਰਮ-ਪ੍ਰਚਾਰ ਦੇ ਉੱਦੇਸ਼ ਵਿਚ ਸਹਾਇਕ ਹਨ। ਕਿਤੇ ਕਿਤੇ ਬਾਈਬਲ ਦੀਆਂ ਕਥਾਵਾਂ ਤੇ ਉਪਦੇਸ਼ਾਂ ਨੂੰ ਵੀ ਨਾਵਲ ਵਿਚ ਥਾਂ ਦਿੱਤੀ ਗਈ ਹੈ, ਜਿਨ੍ਹਾਂ ਦਾ ਮੂਲ ਆਧਿਕਾਰਕ ਕਥਾ ਨਾਲ ਕੋਈ ਸੰਬੰਧ ਨਹੀਂ, ਪਰ ਅਜਿਹਾ ਹੋਣਾ ਆਵੱਸ਼ਕ ਹੀ ਸੀ। ਇਹ ਕਥਾਵਾਂ ਉੱਦੇਸ਼ ਅਨੁਕੂਲ ਹਨ। ਪ੍ਰਤੱਖ ਹੈ ਕਿ ਲੇਖਕ ਇਸ ਨਾਵਲ ਦੀ ਰਚਨਾ ਨਾ ਤਾਂ ਪੰਜਾਬੀ ਭਾਸ਼ਾ ਦੀ ਸੇਵਾ ਹਿਤ ਕਰ ਰਹਿਆ ਹੈ ਅਤੇ ਨਾ ਕਲਾ-ਸਿੱਧੀ ਨਮਿੱਤ। ਮਿਸ਼ਨਰੀ ਲੇਖਕ ਅਤੇ ਮਿਸ਼ਨਰੀ ਕਿਰਤ ਦਾ ਕੇਵਲ ਇਕ ਉੱਦੇਸ਼ ਹੈ: ਧਰਮ-ਪ੍ਰਚਾਰ। ਅਜਿਹੀਆਂ ਰਚਨਾਵਾਂ ਵਿਚ ਆਮ ਤੌਰ ਤੇ ਕਲਾ ਨੂੰ ਪੂਰੀ ਤਰ੍ਹਾਂ ਉਘੜਨ ਦਾ ਮੌਕਾ ਨਹੀਂ ਮਿਲਦਾ। ਪਰ ਇਸ ਨਾਵਲ ਦੇ ਲੇਖਕ ਨੇ ਪ੍ਰਚਾਰ ਨੂੰ ਪਹਿਲ ਦਿੰਦਿਆਂ ਹੋਇਆਂ ਵੀ ਕਲਾ ਦੀ ਵਧੇਰੇ ਹਾਨੀ ਨਹੀਂ ਹੋਣ ਦਿੱਤੀ। ਸ਼ਿਲਪ ਦੀ ਦ੍ਰਿਸ਼ਟੀ ਤੋਂ ਇਹ ਆਧੁਨਿਕ ਨਾਵਲ ਕਲਾ ਦੇ ਚੌਖਟੇ ਉਤੇ ਪੂਰਾ ਉਤਰਦਾ ਹੈ। ਨਾਵਲ ਦੇ ਕੁਲ ਚੌਦਾਂ ਕਾਂਡ ਹਨ। ਆਦਿ ਤੋਂ ਅੰਤ ਤਕ ਰੋਚਕਤਾ ਅਤੇ ਉਤਸੁਕਤਾ ਕਾਇਮ ਰਹਿੰਦੀ ਹੈ। ਪ੍ਰਤੀਤ ਹੁੰਦਾ ਹੈ ਕਿ ਲੇਖਕ ਪੱਛਮੀ ਨਾਵਲ ਕਲਾ ਤੋਂ ਭਲੀਭਾਂਤ ਜਾਣੂ ਹੈ ਅਤੇ ਉਸ ਨੇ ਕਈ ਚੰਗੇ ਚੰਗੇ ਨਾਵਲ ਵੀ ਪੜ੍ਹੇ ਹੋਏ ਹਨ। ਜਿਉਂ ਜਿਉਂ ਕਥਾ ਅੱਗੇ ਤੁਰਦੀ ਹੈ, ਨਵੀਂ ਤੋਂ ਨਵੀਂ ਗੁੰਝਲ ਪੈਂਦੀ ਜਾਂਦੀ ਹੈ, ਜਿਹੜੀ ਪਾਠਕ ਉਤੇ ਆਪਣੀ ਪਕੜ ਢਿੱਲੀ ਨਹੀਂ ਪੈਣ ਦਿੰਦੀ।

ਇਸ ਨਾਵਲ ਸੰਬੰਧੀ ਇਕ ਖ਼ਾਸ ਗੱਲ ਇਹ ਵੀ ਹੈ ਕਿ ਲੇਖਕ ਆਪ ਭਾਵੇਂ ਅੰਗ੍ਰੇਜ਼ ਹੈ ਅਤੇ ਈਸਾਈ ਧਰਮ ਵਿਚ ਪੂਰਣ ਵਿਸ਼ਵਾਸ ਰੱਖਦਾ ਹੈ, ਪਰ ਫ਼ਿਰ ਵੀ ਉਹ ਇਸ ਨਾਵਲ ਵਿਚ ਭਾਰਤੀ ਘਰਾਂ ਵਿਚੋਂ ਲੰਘਦਾ ਹੋਇਆ ਉਨ੍ਹਾਂ ਦਾ ਕੇਵਲ ਸਰੀਰਕ ਚਿੱਤਰ ਹੀ ਨਹੀਂ, ਸਗੋਂ ਆਤਮਕ ਚਿੱਤਰ ਪੇਸ਼ ਕਰਦਾ ਹੈ। ਉਹ ਪੂਰਣ ਸੁਹਿਰਦਤਾ ਨਾਲ ਭਾਰਤੀ ਘਰਾਂ ਦੇ ਨਿੱਕੇ ਨਿੱਕੇ ਵਿਵਰਣ ਨਿਰਸੰਕੋਚ ਦਿੰਦਾ ਹੈ। ਭਾਈ ਵੀਰ ਸਿੰਘ ਦੇ ਨਾਵਲ ਮੁਸਲਮਾਨ ਘਰਾਂ ਦਾ ਚਿੱਤਰ ਪੇਸ਼ ਨਹੀਂ ਕਰਦੇ। ਥਾਂ ਥਾਂ ਤੇ ਉਹ ਪੂਰਬੀ ਤੇ ਪੱਛਮੀ ਸੱਭਿਅਤਾ, ਸੰਸਕ੍ਰਿਤੀ ਤੇ ਆਚਾਰ-ਵਿਹਾਰ ਦੀ

Digitized by Panjab Digital Library | www.panjabdigilib.org

ਤੁਲਨਾ ਕਰਦਾ ਹੈ। ਭਾਰਤੀ ਨਾਰੀਆਂ ਦੇ ਕੇਸਾਂ ਦੀ ਦਿਲੋਂ ਤਾਰੀਫ਼ ਕਰਦਾ ਹੈ। ਇਉਂ ਜਾਪਦਾ ਹੈ ਜਿਵੇਂ ਕੋਈ ਵਿਦੇਸ਼ੀ ਹਿੰਦੁਸਤਾਨ ਦੇ ਜੀਵਨ ਨੂੰ ਚਾਅ ਤੇ ਉਮਾਹ ਨਾਲ ਦੇਖਣ ਦਾ ਜਤਨ ਕਰ ਰਹਿਆ ਹੋਵੇ। ਪੰਜਾਬੀ ਨਾਵਲ ਦੇ ਖੇਤਰ ਵਿਚ ਉਸ ਨੇ ਪਹਿਲੀ ਵਾਰ ਭਾਰਤੀ ਘਰ ਦੇ ਅੰਦਰਲੀ ਝਾਕੀ ਪੇਸ਼ ਕੀਤੀ ਹੈ।

'ਜਯੋਤਿਰੁਦਯ' ਨਾਇਕ-ਰਹਿਤ ਨਾਵਲ ਹੈ। ਲੇਖਕ ਨੇ ਨਾਰੀ-ਪਾਤਰਾਂ ਦੇ ਚਿੱਤ੍ਰਣ ਉਤੇ ਵਧੇਰੇ ਜ਼ੋਰ ਦਿੱਤਾ ਹੈ। ਇਸ ਵਿਚ ਬਸੰਤ ਦਾ ਪਾਤਰ-ਚਿੱਤ੍ਰਣ ਬਹੁਤ ਸੋਹਣਾ ਹੋਇਆ ਹੈ। ਬਸੰਤ ਨਾਵਲ ਦੀ ਨਾਇਕਾ ਹੈ। ਲੇਖਕ ਨੇ ਉਸ ਦੇ ਹੁਸਨ ਦਾ ਮਹਿਮਾ-ਗਾਇਨ ਇਸ ਪ੍ਰਕਾਰ ਕੀਤਾ ਹੈ :

"ਇਹ ਅਠਾਰਾਂ ਵਰਿਹਾਂ ਦੀ ਸੁੰਦਰ ਤੀਮੀਂ ਸੀ, ਡੀਲ ਡੌਲ ਵਿੱਚ ਲੰਮੀਂ, ਹੱਥ ਪੈਰ ਉਸ ਦੇ ਚੌਰਸ, ਅਰ ਅੱਖੀਆਂ ਮੋਟੀਆਂ ਮੋਟੀਆਂ ਸੀਆਂ, ਉਸ ਦੀ ਧੀਮੀਂ ਅਰ ਮਸਤ ਤੋਰ ਦੇ ਨਾਲ ਲੋਕਾਂ ਦੇ ਮਨ ਵਿੱਚ ਵਡਿਆਈ ਅਰ ਪ੍ਰੇਮ ਉਤਪਤ ਹੁੰਦਾ ਸੀ, ਉਸ ਦੇ ਗੱਭਰੂ ਨੂੰ ਮੋਇਆਂ ਤਿੰਨ ਮਹੀਨੇ ਹੋਏ ਸੇ, ਇਸ ਕਰਕੇ ਉਸ ਦਾ ਮੂੰਹ ਬਹੁਤਾ ਕੁਮਲਾਇਆ ਰਹਿੰਦਾ ਸੀ, ਪਰ ਉਸ ਦੇ ਰੂਪ ਵਿੱਚ ਨਿਰਾਸਤਾ ਨਹੀਂ ਪਸਰੀ ਸੀ।"[1]

ਪਤੀ ਦੇ ਸੋਗ ਵਿਚ ਘੁਲ ਰਹੀ ਬਸੰਤ ਮਮਤਾ ਦੀ ਜੀਉਂਦੀ ਜਾਗਦੀ ਤਸਵੀਰ ਹੈ, ਜੋ ਪਲ ਭਰ ਵੀ ਆਪਣੇ ਬੱਚੇ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ। ਪੁੱਤਰ ਦੀ ਮੌਤ ਮਗਰੋਂ ਉਸ ਦਾ ਵਿਰਲਾਪ ਹਿਰਦੇ-ਵੇਧਕ ਹੈ। ਉਹ ਕੀਰਨੇ ਪਾ ਪਾ ਵਿਰਲਾਪ ਕਰਦੀ ਹੈ। ਇਸ ਮਾਰਮਿਕ ਸਥਲ ਦਾ ਵਰਣਨ ਕਰਦਿਆਂ ਹੋਇਆਂ ਲੇਖਕ ਦੀ ਕਲਮ ਵੀ ਨਾਇਕਾ ਵਾਂਗ ਲਹੂ ਦੇ ਹੰਝੂ ਕੇਰਦੀ ਹੈ :

"ਉਹ ਸੋਗ ਦੀ ਮਾਰੀ ਕਮਲੀ ਹੋ ਗਈ। ਵਾਲਾਂ ਨੂੰ ਖੋਹਣ, ਅਰ ਛਾਤੀ ਨੂੰ ਪਿੱਟਣ ਅਤੇ ਵੈਣ ਕਰ ਕਰਕੇ ਰੋਣ ਲੱਗੀ। ਹੇ ਪੰਛੀ, ਤੈਂ ਮੈਂ ਨੂੰ ਕਿੰਉ ਛੱਡ ਦਿੱਤਾ, ਭਲਾ ਮੈਂ ਤੇਰੇ ਨਾਲ ਮੋਹ ਨਹੀਂ ਕੀਤਾ, ਭਲਾ ਤੂੰ ਮੈਂ ਨੂੰ ਪਿਆਰਾ ਨਹੀਂ ਸਾ, ਜਿੱਕੁਰ ਧਰਤੀ ਨੂੰ ਧੁੱਪ ਹੈ, ਹੇ ਮੇਰੇ ਨਿੱਕੇ ਜਿਹੇ ਪੰਛੀ, ਮੇਰੇ ਪਿਆਰੇ ਮੇਰੇ ਜੀ ਦੇ ਲਾਡਲੇ, ਮੇਰੀਆਂ ਅੱਖੀਆਂ ਦੇ ਚਾਨਣ ਤੂੰ ਕਿੰਉ ਉਡ ਗਿਆ। ਹਾਇ ਮੈਂ ਕੇਹੀ ਨਿਕਰਮਣ ਤੀਮੀਂ ਹਾਂ, ਪਹਿਲੇ ਮੇਰਾ ਸੁਆਮੀ ਮੈਨੂੰ ਛੱਡ ਗਿਆ, ਅਤੇ ਹੁਣ ਮੇਰਾ ਨਿੱਕਾ ਜਿਹਾ ਮੁੰਡਾ ਟੁਰ ਗਿਆ, ਕੇਹੜੇ ਪਾਪ ਮੈਂ ਪੂਰਬਲੇ ਜਨਮ ਵਿਚ ਕੀਤੇ, ਜੋ ਮੈਂ ਨੂੰ ਇਸ ਜਨਮ ਦੇ ਵਿੱਚ ਅਜਿਹਾ ਦੰਡ ਮਿਲਿਆ, ਇਸ ਤਰ੍ਹਾਂ ਉਹ ਮਨ ਦੇ ਵਿੰਨ੍ਹਣ ਵਾਲੇ ਵਿਰਲਾਪ ਅਰ ਅਜਿਹੇ ਹੀ ਦੁੱਖ ਦੇ ਵੈਣ ਕਰ ਕਰ ਕੇ ਰੋਂਦੀ ਸੀ।"[2]

ਬਸੰਤ ਲਈ ਇਹ ਸਦਮਾ ਅਸਹਿ ਹੈ। ਉਸ ਦੀ ਮਨੋਦਸ਼ਾ ਤੇ ਸਰੀਰਕ ਦਸ਼ਾ ਦਾ ਨਿਮਨ-ਲਿਖਿਤ ਵਰਣਨ ਉਸ ਦੀ ਘੋਰ ਪੀੜਾ ਦਾ ਸੂਚਕ ਹੈ :

---

1. ਅਨਾਮ, ਜਯੋਤਿਰੁਦਯ, ਪੰਨਾ 11.
2. ਓਹੀ ਪੰਨਾ 36.

Digitized by Panjab Digital Library | www.panjabdigilib.org

"ਬਸੰਤ ਵਿਚਾਰੀ, ਹਾਇ, ਉਹਦਾ ਕੇਹਾ ਦੁਖੀ ਹਾਲ ਸੀ। ਅੱਠਾਂ ਪਹਿਰਾਂ ਤੋੜੀ ਤਾਂ ਚਿੰਤਾ ਦੀ ਮਾਰੀ ਹੋਈ ਉਸੇ ਵੇਹੜੇ ਵਿੱਚ ਪਈ ਰਹੀ। ਨਾ ਕੋਈ ਗਰਾਹੀਂ ਲਈ, ਅਤੇ ਨਾ ਹੀ ਪਾਣੀ ਦਾ ਘੁੱਟ ਮੂੰਹ ਨਾਲ ਲਾਇਆ, ਉਸ ਦੇ ਵਾਲ ਖਿੱਲਰ ਗਏ ਸੇ, ਉਸ ਦਾ ਰੂਪ ਸਾਰਾ ਵੱਟਿਆ ਗਿਆ ਸੀ, ਅਰ ਰੋਣ ਪਿੱਟਣ ਨਾਲ ਸੁੱਜ ਗਿਆ ਸਰੀਰ, ਉਸ ਦੀਆਂ ਪੀਲੀਆਂ ਪੀਲੀਆਂ ਫਿੱਕੀਆਂ ਅੱਖਾਂ ਦੇ ਹੇਠ ਬੜੇ ਕਾਲੇ ਗੋਲ ਚਟਾਕ ਪੈ ਗਏ ਸੇ, ਉਸ ਦਾ ਬੋਲ ਬੀ ਇਕਸਾਹਿਆਂ ਰੋਣ ਦੇ ਕਾਰਣ ਘੱਘਾ ਹੋ ਗਿਆ ਸੀ।"[1]

ਭਾਵੇਂ ਇਹ ਸੱਟ ਬਹੁਤ ਭਾਰੀ ਸੀ, ਪਰ ਫਿਰ ਵੀ ਅੰਗ੍ਰੇਜ਼ ਮਿਸ਼ਨਰੀ ਔਰਤ ਦੇ ਸਮਝਾਇਆਂ ਉਹ ਝੱਟ ਸੰਭਲ ਜਾਂਦੀ ਹੈ। ਪਹਿਲਾਂ ਤਾਂ ਸਮਾਜ ਦੇ ਡਰੋਂ ਲੁਕ ਛਿਪ ਕੇ ਬਾਈਬਲ ਪੜ੍ਹਦੀ ਹੈ ਅਤੇ ਆਪਣੇ ਈਸਾਈ ਬਣ ਜਾਣ ਵਾਲੀ ਘਟਨਾ ਦਾ ਜ਼ਿਕਰ ਕਿਸੇ ਕੋਲ ਨਹੀਂ ਕਰਦੀ, ਪਰ ਜਦੋਂ ਘਰ ਵਿਚ ਉਸ ਦੇ ਵਿਆਹ ਦੀ ਗੱਲ ਤੁਰਦੀ ਹੈ, ਤਾਂ ਉਹ ਚੰਗਾ ਮੌਕਾ ਵੇਖ ਕੇ ਪ੍ਰਚਲਿਤ ਸਮਾਜਕ ਕੁਰੀਤੀਆਂ ਦੀ ਜਿੱਲ੍ਹਣ ਵਿਚੋਂ ਨਿਕਲਣ ਲਈ ਵਿਦ੍ਰੋਹ ਕਰ ਉਠਦੀ ਹੈ। ਆਪਣੀਆਂ ਜਿਠਾਣੀਆਂ ਨੂੰ ਉਹ ਸਪਸ਼ਟ ਸ਼ਬਦਾਂ ਵਿਚ ਕਹਿੰਦੀ ਹੈ :

"ਮੈਂ ਬੜੀ ਪਰਸਿੰਨ ਹੁੰਦੀ, ਜੇ ਵਿਧਵਾ-ਵਿਆਹ ਦੀ ਰੀਤ ਸਾਡੇ ਤੁਰ ਪੈਂਦੀ ਤਾਂ। ਹਾ, ਹਾ, ਭੈਣੇ ਤੁਸੀਂ ਨਹੀਂ ਵੇਖਦੀਆਂ, ਜੋ ਕਿੰਨੀਆਂ ਕੁ ਵਿਧਵਾ ਇਕ ਵਰਹੇ ਵਿਚ ਨਾਸ ਹੋ ਜਾਂਦੀਆਂ ਹਨ। ਤੁਸੀਂ ਤਾਂ ਮੇਰੇ ਉਤੇ ਦਇਆ ਪਾਲਦੀਆਂ ਰਹੀਆਂ, ਅਰ ਆਪਣੇ ਕੋਲ ਰਹਿਣ ਦਿੱਤਾ, ਜੇ ਕਦੀ ਤੁਸੀਂ ਮੈਂ ਨੂੰ ਕੱਢ ਦਿੰਦੀਆਂ, ਅਰ ਰੁੱਸ ਰਹਿੰਦੀਆਂ ਤਾਂ ਮੈਂ ਕੀ ਕਰ ਸਕਦੀ ਸਾਂ। ਕੈਲਾਸ ਦੀ ਨੂੰਹ ਦੀ ਗੱਲ ਤਾਂ ਚੇਤੇ ਕਰੋ, ਜਦ ਉਹ ਦਾ ਗੱਭਰੂ ਮੋਇਆ, ਤਾਂ ਉਹ ਦੀ ਸੱਸ ਉਸ ਨਾਲ ਕੇਹੀ ਖੋਟੀ ਵਰਤੀ, ਅਰ ਕਿੰਨਾ ਕੁ ਉਹਨੂੰ ਮਾਰਿਆ ਅਰ ਓੜਕ ਨੂੰ ਉਹ ਦਾ ਕੀ ਫਲ ਨਿੱਕਲਿਆ। ਜਦ ਕਿਦਾਰਨਾਥ ਬਾਬੂ ਨੇ ਬਨੇਰੇ ਉੱਤੋਂ ਹੀ ਖ਼ੋਟੀ ਨਜਰ ਪਾ ਕੇ ਉਸ ਨਾਲ ਕੁਝ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ, ਤਾਂ ਉਹ ਉਸੇ ਦੇ ਕੋਲ ਚਲੀ ਗਈ। ਜੇ ਉਸ ਨੂੰ ਫੇਰ ਵਿਆਹ ਦੀ ਆਸ ਹੁੰਦੀ, ਤਾਂ ਕਦੀ ਵੀ ਅਜਿਹਾ ਨਾ ਹੁੰਦਾ। ਸਾਸਤ੍ਰਾਂ ਵਿਚ ਇਸ ਦੇ ਵਿਰੁੱਧ ਕੁਝ ਨਹੀਂ ਲਿਖਿਆ, ਅਰ ਜੇ ਕੋਈ ਬੁਰੀ ਰੀਤ ਹੈ, ਤਾਂ ਅਸੀਂ ਉਸ ਨੂੰ ਕਿਉਂ ਵਰਤੀਏ।"[2]

ਇਥੇ ਉਹ ਯੁਵਾ-ਇਸਤ੍ਰੀ ਦੀ ਬੜੀ ਗੰਭੀਰ ਲੋੜ ਸਰੀਰਕ ਭੁੱਖ ਵਲ ਸੰਕੇਤ ਕਰਦੀ ਹੈ ਅਤੇ ਇਸ ਭੈੜੀ ਸਮਾਜਕ ਰੀਤ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰਦੀ ਹੈ। ਇਥੇ ਉਸ ਦਾ ਇਸਤ੍ਰੀਤ੍ਵ ਜਾਗਦਾ ਹੈ। ਬਸੰਤ ਇਸ ਨਾਵਲ ਦੀ ਸਫ਼ਲ ਨਾਇਕਾ ਹੈ। ਬਸੰਤ ਤੋਂ ਇਲਾਵਾ ਲੇਖਕ ਨੇ ਕੁਮਾਰੀ, ਪ੍ਰਸੰਨੂ, ਕਾਮਨੀ, ਰਾਜ ਕੁਮਾਰ, ਯਦੁਨਾਥ, ਚਾਚੀ ਤਾਰਾਮਨੀ ਅਤੇ ਅੰਗ੍ਰੇਜ਼ ਮਿਸ਼ਨਰੀ ਇਸਤ੍ਰੀ ਆਦਿ ਪਾਤਰਾਂ ਦੇ ਚਰਿੱਤ੍ਰ ਵੀ ਕੁਝ ਕੁ ਛੋਹਾਂ ਨਾਲ ਚੰਗੀ ਤਰ੍ਹਾਂ ਉਘਾੜੇ ਹਨ। ਪ੍ਰੇਮਨਾਥ ਯੁਵਕ ਪੀੜ੍ਹੀ ਵਿਚ ਆ ਰਹੀ ਨਵ-ਜਾਗ੍ਰਤੀ ਦਾ ਪ੍ਰਤੀਕ ਹੈ ਅਤੇ ਆਪਣੀ ਚਾਚੀ ਬਸੰਤ ਦੀ ਉਸ ਦੇ ਵਿਦ੍ਰੋਹ ਤੇ ਗਲਤ ਕੀਮਤਾਂ ਵਿਰੁੱਧ ਸੰਘਰਸ਼ ਵਿਚ ਸਹਾਇਤਾ ਕਰਦਾ ਹੈ। ਰਾਜਕੁਮਾਰ, ਯਦੁਨਾਥ ਅਤੇ

---

1. ਅਨਾਮ, ਜਯੋਤਿਰੁਦਯ, ਪੰਨਾ 38.
2. ਓਹੀ, ਪੰਨਾ 133-134.

Digitized by Panjab Digital Library | www.panjabdigilib.org

ਤਾਰਾਮਨੀ ਪੁਰਾਣੀ ਸਨਾਤਨੀ ਪੀੜ੍ਹੀ ਦੇ ਚਿੰਨ੍ਹ ਹਨ, ਪਰ ਉਹ ਵੀ ਬਦਲਦੀਆਂ ਕੀਮਤਾਂ ਦੇ ਪ੍ਰਭਾਵ ਤੋਂ ਬਚੇ ਨਹੀਂ ਰਹਿ ਸਕਦੇ । ਅੰਗ੍ਰੇਜ਼ ਮਿਸ਼ਨਰੀ ਔਰਤ ਦਾ ਚਰਿੱਤ੍ਰ ਭਾਵੇਂ ਸੋਹਣਾ ਉਘੜਿਆ ਹੈ, ਪਰ ਉਹ ਨਾਵਲਕਾਰ ਦੇ ਹੱਥਾਂ ਵਿਚ ਕਠਪੁਤਲੀ ਪਾਤਰ ਹੋ ਕੇ ਰਹਿ ਗਈ ਹੈ, ਜਿਸ ਕਰਕੇ ਉਸ ਦੇ ਜੀਵਨ ਦਾ ਕੇਵਲ ਮਿਸ਼ਨਰੀ ਪੱਖ ਹੀ ਸਾਹਮਣੇ ਆ ਸਕਿਆ ਹੈ ।

'ਜਯੋਤਿਰੁਦਯ' ਦੀ ਬੋਲੀ ਅਤੇ ਸ਼ੈਲੀ ਬਾਰੇ ਕੁਝ ਗੱਲਾਂ ਕਹਿਣੀਆਂ ਬੜੀਆਂ ਜ਼ਰੂਰੀ ਹਨ । ਨਾਵਲਕਾਰ ਦਾ ਪੰਜਾਬੀ ਭਾਸ਼ਾ ਉਤੇ ਪੂਰਾ ਅਧਿਕਾਰ ਹੈ । ਲੇਖਕ ਦੀ ਸ਼ੈਲੀ ਮਧੁਰ ਤੇ ਰਸਾਤਮਕ ਹੈ । ਪ੍ਰਕਿਰਤੀ ਦੇ ਸੌਂਦਰਯਮਈ ਦ੍ਰਿਸ਼ਾਂ ਦਾ ਚਿੱਤ੍ਰਣ ਕਰਨ ਲੱਗਿਆਂ ਤਾਂ ਨਾਵਲਕਾਰ ਦੀ ਭਾਸ਼ਾ ਇਤਨੀ ਕਾਵਿਮਈ ਬਣ ਜਾਂਦੀ ਹੈ ਕਿ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਕਵਿਤਾ ਪੜ੍ਹ ਰਹੇ ਹੋਈਏ । ਉਦਾਹਰਣ ਵਜੋਂ ਦੋ ਨਮੂਨੇ ਪੇਸ਼ ਹਨ :

"ਇਕ ਪਾਸੇ ਤਾਂ ਤਲਾਉ ਦਿਖਾਈ ਦਿੰਦੇ ਹਨ । ਜਿਨਾਂ ਵਿੱਚ ਫੁੱਲਾਂ ਦੇ ਰਾਜੇ, ਅਰਥਾਤ ਲਾਲ ਕਵਲਾ ਦੇ ਚਮਕੀਲੇ ਫੁੱਲ ਖਿੜ ਰਹੇ ਹਨ । ਇਕ ਪਾਸੇ ਅੰਬਾਂ ਦਾ ਸੰਘਣਾ ਬਨ ਹੈ, ਅਰ ਸਿਆਲ ਦੀ ਰੁੱਤ ਵਿੱਚ ਸਭਨਾਂ ਟਾਹਣੀਆਂ ਉੱਤੇ ਨਰੰਗੀ ਰੰਗ ਦੇ ਫੁੱਲ, ਅਰ ਲਾਲ ਲਾਲ ਪਤ੍ਰ ਦਿਖਾਈ ਦਿੰਦੇ ਹਨ । ਅੱਗੇ ਵਧ ਕੇ ਵਾਗਾਂ ਦੀਆਂ ਲੰਮੀਆਂ ਪਾਲਾਂ ਅੱਤ ਸੁੰਦਰ ਦਿਖ ਆਉਂਦੀਆਂ ਹਨ, ਕਿਉਂ ਜੋ ਉਨ੍ਹਾਂ ਪਤ੍ਰਾਂ ਵਿਚ ਧੁੱਪ ਅਰ ਛਾਂ ਅਦਲ ਬਦਲ ਕੇ ਪੈ ਰਹੀ ਹੈ । ਇੱਧਰ ਤਾਂ ਮਟਰਾਂ ਦਾ ਖੇਤ ਨੀਲੇ ਰੰਗ ਦੇ ਅਣਗਿਣਤ ਫੁੱਲਾਂ ਨਾਲ ਸੋਭਾ ਪਾ ਰਿਹਾ ਹੈ, ਉੱਧਰ ਰਾਈ ਦਾ ਖੇਤ ਸੁਨਹਿਰੀ ਫੁੱਲਾਂ ਦੀ ਸੋਭਾ ਨਾਲ ਚਮਕ, ਅਰ ਉਸ ਦੀ ਸੁਗੰਧਤਾ ਕਰਕੇ ਮਹਿਕ ਰਿਹਾ ਹੈ । ਬਰਸਾਤ ਦੀ ਰੁੱਤ ਵਿੱਚ ਉਥੋਂ ਦੀ ਹਰੇਕ ਕੰਧ, ਅਰ ਮਿੱਟੀ ਦਾ ਬੰਨਾ ਰੰਗ ਰੰਗ ਦੇ ਛੋਟੇ ਛੋਟੇ ਬੂਟਿਆਂ ਨਾਲ ਸਜ ਜਾਂਦਾ ਹੈ । ਕਿੰਨਿਆਂ ਦੇ ਹਰੇ ਹਰੇ ਅਰਧ-ਚੰਦ੍ਰਾਕਾਰ ਪਤ੍ਰ ਕੇਸਾਂ ਵਰਗੇ ਕਾਲੇ ਕਾਲੇ ਡੰਡਲਾਂ ਉੱਤੇ ਲੱਗੇ ਹੋਏ ਹਨ, ਅਰ ਕਿੰਨਿਆਂ ਦੇ ਵੈਂਗਣੀ ਪਤ੍ਰਾਂ ਵਿੱਚ ਫੁੱਲ ਬੂਟੇ ਦੀ ਕਾਢ ਦੇ ਕੰਮ ਵਾਂਙੂ ਛੋਟੀਆਂ ਛੋਟੀਆਂ ਲਕੀਰਾਂ ਪੱਈਆਂ ਹੋਈਆਂ ਹਨ । ਵਰਖਾ ਵਿੱਚ ਇਹ ਸਭ ਪਤ੍ਰ ਪਾਣੀ ਨਾਲ ਭਰ ਜਾਂਦੇ ਹਨ, ਅਰ ਫ਼ੇਰ ਜਦ ਧੁੱਪ ਨਿਕਲਦੀ ਹੈ, ਤਾਂ ਉਹ ਇਕ ਅਚਰਜ ਤੇਜ ਨਾਲ ਚਮਕਣ ਲੱਗਦੇ ਹਨ ।"[1]

"ਇਸ ਤੇ ਉਪਰੰਦ ਸੋਹਣੀਆਂ ਸੋਹਣੀਆਂ ਘਟਾਂ ਅਰ ਝੜੀ ਸਣੇ ਨੀਲੇ ਚਮਕੀਲੇ ਅਕਾਸ, ਅਤੇ ਮਿੱਠੀ ਮਿੱਠੀ ਸੁਗੰਧੀਆਂ ਸਣੇ ਵਰਖਾ ਰੁੱਤ ਆਈ । ਘਰ ਦੇ ਪਾਸਲੇ ਤਲਾਉ ਦੇ ਕੋਲ ਇੱਕ ਬੁਕੁਲ ਦਾ ਬ੍ਰਿਛ ਸੀ ਅਤੇ ਰੋਜ ਰਾਤ ਨੂੰ ਇਹੋ ਹੀ ਇਕੱਲਾ ਹਵਾ ਨੂੰ ਸੁਗੰਧੀ ਨਾਲ ਭਰ ਦਿੰਦਾ ਸੀ । ਇਸ ਰੁੱਤ ਵਿਚ ਹੀ ਸਰੋਵਰ ਦੇ ਚੁਫੇਰੇ ਮਰਤਬਾਨ ਦੇ ਬੂਟੇ ਫੁੱਲਾਂ ਨਾਲ ਭਰੇ ਹੋਏ ਕੇਹੀ ਸੋਭਾ ਦੇ ਰਹੇ ਸੇ ।"[2]

ਉਪਰੋਕਤ ਪੰਕਤੀਆਂ ਪੜ੍ਹਨ ਮਗਰੋਂ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ

---

1. ਅਨਾਮ, ਜਯੋਤਿਰੁਦਯ, ਪੰਨਾ 4.
2. ਓਹੀ, ਪੰਨਾ 97.

Digitized by Panjab Digital Library | www.panjabdigilib.org

ਕਿ ਲੇਖਕ ਦਾ ਪੰਜਾਬੀ ਭਾਸ਼ਾ ਉਪਰ ਕਿਤਨਾ ਵਸੀਕਾਰ ਹੈ। ਨਿਰਸੰਦੇਹ ਇਹ ਸਤਰਾਂ ਉੱਤਮ ਵਾਰਤਕ ਦਾ ਨਮੂਨਾ ਹਨ। ਲੇਖਕ ਨੇ ਪੇਂਡੂ ਮੁਹਾਵਰੇ ਤੋਂ ਦੂਰ ਰਹਿੰਦਿਆਂ ਹੋਇਆਂ ਸ਼ਹਿਰੀ, ਸ਼ਿਸ਼ਟ ਅਤੇ ਸਿਰਜਣਾਤਮਕ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਰੋਚਕਤਾ ਵਿਚ ਵਾਧਾ ਕਰਨ ਲਈ ਉਸ ਨੇ ਨਿੱਕੇ ਨਿੱਕੇ ਵਾਰਤਾਲਾਪ ਵੀ ਪ੍ਰਯੋਗ ਵਿਚ ਲਿਆਂਦੇ ਹਨ, ਜਿਨ੍ਹਾਂ ਵਿਚ ਚੁਸਤੀ ਹੈ। ਉਦਾਹਰਣ ਦੇ ਤੌਰ ਤੇ ਇਕ ਨਮੂਨਾ ਪੇਸ਼ ਹੈ :

"—ਭਲਾ ਤੈਂ ਕਾਂਸੀਨਾਥ ਦੇ ਘਰ ਦੀ ਖ਼ਬਰ ਸੁਣ ਲਈ ਹੈ ?

—ਨਹੀਂ। ਕੀ ਹੋਇਆ ਹੈ ?

—ਕੱਲ ਰਾਤੀਂ ਜਦ ਸੱਭੇ ਸੌਂ ਗਏ ਸੇ, ਤਾਂ ਕਿਸੇ ਨੈ ਘਰ ਦੇ ਅੰਦਰ ਵੜ ਕੇ ਛੋਟੀ ਵਹੁਟੀ ਦਾ ਸਾਰਾ ਗਹਿਣਾ ਲਾਹ ਲਿਆ।

—ਭਲਾ ਉਹ ਨੂੰ ਜਾਗ ਨਾ ਆਈ ?"[1]

ਇਸ ਤੋਂ ਇਲਾਵਾ ਨਾਵਲਕਾਰ ਨੇ ਕੁਝ ਈਸਾ ਮਸੀਹ ਦੀ ਸ਼ਰਧਾ-ਯੁਕਤ ਸਤੁਤੀ ਪੂਰਣ ਗੀਤ ਵੀ ਦਿੱਤੇ ਹਨ।

ਜਿਥੇ ਇਸ ਨਾਵਲ ਵਿਚ ਇਤਨੀਆਂ ਵਿਸ਼ੇਸ਼ਤਾਵਾਂ ਹਨ, ਉਥੇ ਕੁਝ ਕੁ ਦੋਸ਼ ਵੀ ਸਹਿਜੇ ਹੀ ਉਭਰ ਆਉਂਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਲੇਖਕ ਆਪ ਅੰਗ੍ਰੇਜ਼ ਹੋਣ ਦੇ ਨਾਤੇ ਈਸਾਈ ਮਤ ਦਾ ਪ੍ਰਚਾਰ ਕਰਦਾ ਹੋਇਆ ਆਪਣੇ ਧਰਮ ਵਿਚ ਇਤਨੀ ਸ਼ਰਧਾ ਦਿਖਾਉਣ ਲੱਗ ਜਾਂਦਾ ਹੈ ਕਿ ਕਿਤੇ ਕਿਤੇ ਤਾਂ ਹਿੰਦੂ ਧਰਮ-ਸ਼ਾਸਤ੍ਰਾਂ ਦੀ ਘੋਰ ਨਿੰਦਾ ਉਤੇ ਉਤਰ ਆਉਂਦਾ ਹੈ। ਇਹ ਨਿੰਦਾ ਉਹ ਨਾਵਲ ਦੇ ਕਠਪੁਤਲੀ ਪਾਤਰ ਅੰਗ੍ਰੇਜ਼ ਮਿਸ਼ਨਰੀ ਔਰਤ ਦੇ ਮੂੰਹੋਂ ਕਰਵਾਉਂਦਾ ਹੈ। ਇਥੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਭਾਈ ਵੀਰ ਸਿੰਘ ਦੀ ਚਿੰਤਨ-ਵਿਧੀ ਦਾ ਮੁੱਢ ਈਸਾਈ ਮਿਸ਼ਨਰੀਆਂ ਨੇ ਹੀ ਬੰਨ੍ਹ ਦਿੱਤਾ ਸੀ। ਭਾਈ ਵੀਰ ਸਿੰਘ ਜਿਵੇਂ ਆਪਣੇ ਨਾਵਲਾਂ ਵਿਚ ਸਿਖ ਧਰਮ ਦੀ ਮਹਿਮਾ ਕਰਦਾ ਨਹੀਂ ਥੱਕਦਾ, ਇਸੇ ਪ੍ਰਕਾਰ ਇਸ ਪੁਸਤਕ ਦੇ ਲੇਖਕ ਨੂੰ ਵੀ ਈਸਾਈ ਧਰਮ ਨਾਲੋਂ ਬਾਕੀ ਸਾਰੇ ਧਰਮ ਨੀਵੇਂ ਲੱਗਦੇ ਹਨ। ਕਈ ਥਾਂਵਾਂ ਉਤੇ ਜਿਥੇ ਉਸ ਨੇ ਇਸਤ੍ਰੀ ਦੀ ਦੁਰਦਸ਼ਾ ਉਤੇ ਹਮਦਰਦੀ ਪ੍ਰਗਟ ਕੀਤੀ ਹੈ, ਉਥੇ ਉਸ ਨੇ ਭਾਰਤੀ ਰੀਤਾਂ, ਰਸਮਾਂ, ਸੰਸਕ੍ਰਿਤੀ ਅਤੇ ਆਚਾਰ-ਵਿਹਾਰ ਦਾ ਰੱਜ ਕੇ ਮਜ਼ਾਕ ਉਡਾਇਆ ਹੈ ਅਤੇ ਉਸ ਦੀ ਤੁਲਨਾ ਵਿਚ ਅੰਗ੍ਰੇਜ਼ੀ ਸਭਿਅਤਾ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਹੈ। ਅੰਗ੍ਰੇਜ਼ ਮਿਸ਼ਨਰੀ ਇਸਤ੍ਰੀ ਨੂੰ ਉਸ ਨੇ ਪੂਰਣ ਆਦਰਸ਼ਕ ਪਾਤਰ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਪਦੀ।

ਦੂਜਾ ਵੱਡਾ ਦੋਸ਼ ਇਸ ਨਾਵਲ ਵਿਚ ਇਹ ਹੈ ਕਿ ਨਾਵਲਕਾਰ ਭਾਈ ਵੀਰ ਸਿੰਘ ਵਾਂਗ ਕਿਤੇ ਕਿਤੇ ਪਾਠਕਾਂ ਨੂੰ ਸੰਬੋਧਨ ਕਰਨ ਲੱਗ ਜਾਂਦਾ ਹੈ, ਜੋ ਕਿ ਕਲਾ-ਦ੍ਰਿਸ਼ਟੀ ਤੋਂ ਔਗਣ ਹੈ। ਪ੍ਰਮਾਣ ਵਜੋਂ ਇਕ ਦੋ ਨਮੂਨੇ ਪੇਸ਼ ਹਨ :

"ਹੇ ਛੋਟੀਆਂ ਜਗਤਾਰਨੀਆਂ, ਤੁਸੀਂ ਨਹੀਂ ਜਾਣਦੀਆਂ ਜੋ ਤੁਹਾਡੇ ਅੱਗੇ ਕੀ ਹੋਵੇਗਾ, ਕੀ

1. ਅਨਾਮ, ਜਯੋਤਿਰੁਦਯ, ਪੰਨਾ 41.

Digitized by Panjab Digital Library | www.panjabdigilib.org

ਜਾਣੀਏ ਇਹ ਪ੍ਰੇਮ ਦੀ ਜੋਤ ਨਾਲ ਚਾਨਣਾ ਹੋਵੇ, ਜਾਂ ਨਿਰਾਦਰ, ਅਰ ਨਿਰਾਸਤਾ ਦੇ ਨਾਲ ਹਨੇਰਾ ਹੋਵੇ।"[1]

"ਹੇ ਪ੍ਰਭੂ ਬਿਅੰਤ, ਦਇਆ ਦੇ ਸਮੁੰਦਰ, ਤੈਂ ਹੀ ਰਾਹੀਲ ਉਤੇ ਕਿਰਪਾ ਕੀਤੀ, ਜੋ ਆਪਣੇ ਬਾਲਕਾਂ ਦੇ ਲਈ ਪਈ ਚਿੰਤਾ ਕਰਦੀ ਸੀ, ਅਤੇ ਕਿਸੇ ਤਰ੍ਹਾਂ ਬੀ ਧੀਰਜ ਨਹੀਂ ਕਰਦੀ ਸੀ। ਹਿੰਦੁਸਤਾਨ ਦੀਆਂ ਤੀਮੀਆਂ ਉੱਤੇ ਬੀ ਦਇਆ ਕਰ, ਅਰ ਆਪਣੀ ਚਮਕਣ ਵਾਲੀ ਮੰਗਲ ਸਮਾਚਾਰ ਦੀ ਜੋਤ ਨਾਲ ਉਨ੍ਹਾਂ ਦੇ ਚਿੱਤ ਦੇ ਅਨ੍ਹੇਰੇ ਨੂੰ ਚਾਨਣ ਕਰ।"[2]

ਨਾਵਲਕਾਰ ਆਪਣੀ ਰਚਨਾ ਦੀ ਕਥਾ-ਵਸਤੂ ਤੋਂ ਦੂਰ ਰਹਿ ਕੇ ਵੀ ਆਪਣੀ ਗੱਲ ਕਹਿ ਸਕਣ ਦੇ ਸਮਰੱਥ ਹੁੰਦਾ ਹੈ। ਵਸਤੂਪਰਕ ਦ੍ਰਿਸ਼ਟੀ ਤੋਂ ਸਾਹਿਤ-ਰਚਨਾ ਤਾਂ ਹੀ ਹੋ ਸਕਦੀ ਹੈ, ਜੇਕਰ ਲੇਖਕ ਆਪਣੀ ਹੋਂਦ ਅਤੇ ਕਥਾ-ਵਸਤੂ ਵਿਚ ਫ਼ਾਸਲਾ ਕਾਇਮ ਰੱਖੇ, ਨਹੀਂ ਤਾਂ ਰਚਨਾ ਡਾਕੂਮੈਂਟਰੀ ਫ਼ਿਲਮ ਵਰਗਾ ਪ੍ਰਭਾਵ ਪਾਉਂਦੀ ਹੈ। 'ਜਯੋਤਿਰੁਦਯ' ਦਾ ਲੇਖਕ ਇਸ ਦੋਸ਼ ਤੋਂ ਮੁਕਤ ਨਹੀਂ।

ਅੰਤਿਮ ਪ੍ਰਸ਼ਨ ਇਹ ਹੈ: ਇਸ ਨਾਵਲ ਨੇ ਮਗਰੋਂ ਲਿਖੇ ਗਏ ਨਾਵਲਾਂ ਨੂੰ ਕਿਹੜੀ ਦਿਸ਼ਾ ਪ੍ਰਦਾਨ ਕੀਤੀ? ਅਸਲ ਵਿਚ ਮਿਸ਼ਨਰੀਆਂ ਦੀ ਪ੍ਰਚਾਰ-ਵਿਧੀ ਹੀ ਅਜਿਹੀ ਸੀ ਕਿ ਉਹ ਭਾਰਤੀ ਲੋਕਾਂ ਦੇ ਘਰਾਂ ਵਿਚ ਨਿਡਰ ਹੋ ਕੇ ਜਾ ਵੜਦੇ ਸਨ, ਕੋਈ ਮੁਫ਼ਤ ਦਵਾਈਆਂ ਵੰਡਦਾ ਸੀ, ਕੋਈ ਮੁਫ਼ਤ ਪੁਸਤਕਾਂ। ਇਸ ਪ੍ਰਕਾਰ ਇਹ ਮਿਸ਼ਨਰੀ ਸਾਰੇ ਭਾਰਤ ਵਿਚ ਫ਼ੈਲ ਗਏ। ਇਨ੍ਹਾਂ ਦਾ ਇਹ ਕਰਮ ਭਾਰਤੀ ਧਰਮਾਂ ਉਤੇ ਸਿੱਧਾ ਹਮਲਾ ਸੀ। ਮਿਸ਼ਨਰੀ ਲੇਖਕਾਂ ਨੇ ਅਜਿਹੇ ਨਾਵਲ ਤੇ ਕਹਾਣੀਆਂ ਦੁਆਰਾ ਲੋਕਾਂ ਦਾ ਦਿਲ ਜਿੱਤਣਾ ਸ਼ੁਰੂ ਕਰ ਦਿੱਤਾ ਸੀ। ਭਾਈ ਵੀਰ ਸਿੰਘ ਸਿਖ ਨਰ ਨਾਰੀਆਂ ਨੂੰ ਇਸ ਹਮਲੇ ਤੋਂ ਬਚਣ ਦੀ ਪ੍ਰੇਰਣਾ ਦੇਣ ਅਤੇ ਆਪਣੇ ਧਰਮ ਨੂੰ ਸਾਰੇ ਧਰਮਾਂ ਨਾਲੋਂ ਸ਼੍ਰੇਸ਼ਠ ਸਿੱਧ ਕਰਨ ਦੇ ਜਤਨਾਂ ਵਿਚ ਰੁੱਝਿਆ ਰਹਿਆ। ਉਸ ਦੇ ਨਾਵਲ ਇਸੇ ਸੱਚ ਨੂੰ ਸਾਕਾਰ ਕਰਦੇ ਹਨ। ਉਪਰੋਕਤ ਨਾਵਲ ਭਾਈ ਵੀਰ ਸਿੰਘ ਅਤੇ ਉਸ ਵਰਗੇ ਹੋਰ ਲੇਖਕਾਂ ਲਈ ਇਸ ਪ੍ਰਕਾਰ ਦਾ ਪ੍ਰੇਰਣਾ-ਸ੍ਰੋਤ ਬਣਿਆ ਅਤੇ ਉਨ੍ਹਾਂ ਨੇ ਧਰਮ-ਰੱਖਿਆ ਲਈ ਸਾਹਿਤ ਰਚਨਾ ਸ਼ੁਰੂ ਕੀਤੀ। ਭਾਈ ਵੀਰ ਸਿੰਘ 'ਜਯੋਤਿਰੁਦਯ' ਨਾਲੋਂ ਚੰਗੇ ਨਾਵਲ ਕਿਉਂ ਨਹੀਂ ਲਿਖ ਸਕਿਆ? ਇਸ ਦਾ ਕਾਰਣ ਸਪਸ਼ਟ ਹੈ। ਉਸ ਕੋਲ ਮਿਸ਼ਨਰੀ ਲੇਖਕਾਂ ਜਿਤਨੀ ਸਮਰੱਥਾ ਅਤੇ ਪੱਛਮੀ ਤਕਨੀਕ ਦੀ ਸਮਝ ਨਹੀਂ ਸੀ। ਸਾਡੇ ਮਤ ਅਨੁਸਾਰ ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਇਸ ਨਾਵਲ ਦਾ ਪੰਜਾਬੀ ਨਾਵਲ ਕਲਾ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਸ ਨਾਵਲ ਤੋਂ ਇਲਾਵਾ ਮਿਸ਼ਨਰੀਆਂ ਦੁਆਰਾ ਰਚਿਤ ਹੋਰ ਕੋਈ ਨਾਵਲ ਨਹੀਂ ਲੱਭ ਸਕਿਆ। ਮਿਸ਼ਨਰੀਆਂ ਦੁਆਰਾ ਲਿਖਿਤ ਨਿੱਕੀਆਂ ਨਿੱਕੀਆਂ ਕਹਾਣੀਆਂ ਬਹੁਗਿਣਤੀ ਵਿਚ ਪ੍ਰਾਪਤ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਬਾਈਬਲ ਦੀਆਂ ਕਥਾਵਾਂ ਵਿਚੋਂ ਉਧਰਿਤ ਹਨ। ਪਰ ਕੁਝ ਕਹਾਣੀਆਂ ਅਜਿਹੀਆਂ ਵੀ ਹਨ, ਜਿਹੜੀਆਂ ਮਿਸ਼ਨਰੀਆਂ ਦੀਆਂ

1. ਅਨਾਮ, ਜਯੋਤਿਰੁਦਯ, ਪੰਨਾ 58.
2. ਓਹੀ, ਪੰਨਾ 40.

Digitized by Panjab Digital Library | www.panjabdigilib.org

ਮੌਲਿਕ ਰਚਨਾਵਾਂ ਹਨ। ਉਨ੍ਹਾਂ ਦੇ ਨਾਮ ਪਹਿਲੇ ਅਧਿਆਇ ਦੇ ਅੰਤ ਵਿਚ ਦਿੱਤੀਆਂ ਸੂਚੀਆਂ ਵਿਚ ਦਰਜ ਹਨ।

ਧਰਮ-ਪ੍ਰਚਾਰਕ ਮਿਸ਼ਨਰੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਨ੍ਹਾਂ ਦੇ ਮੰਤਵ ਦੀ ਪੂਰਤੀ ਲਈ ਕਹਾਣੀ-ਰੂਪ ਸਭ ਤੋਂ ਵੱਧ ਸਹਾਇਕ ਸਿੱਧ ਹੋ ਸਕਦਾ ਹੈ, ਕਿਉਂਕਿ ਕਹਾਣੀ ਕਲਾ ਵਿਚ ਪ੍ਰਚਾਰ ਨੂੰ ਆਪਣੇ ਵਿਚ ਸਮਾ ਲੈਣ ਦੀ ਸ਼ਕਤੀ ਵਧੇਰੇ ਹੈ। ਕਥਾ-ਆਧਾਰਿਤ ਪ੍ਰਚਾਰ ਸਿਧਾਂਤ-ਆਧਾਰਿਤ ਪ੍ਰਚਾਰ ਦੀ ਤੁਲਨਾ ਵਿਚ ਵਧੇਰੇ ਪ੍ਰਭਾਵਕਾਰੀ ਅਤੇ ਸਥਾਈ ਹੁੰਦਾ ਹੈ। ਅਨਪੜ੍ਹ ਜਾਂ ਘੱਟ-ਪੜ੍ਹੇ ਲੋਕਾਂ ਵਿਚ ਕਥਾ ਨਿਸਚੇ ਹੀ ਵਧੇਰੇ ਪ੍ਰਭਾਵਕਾਰੀ ਹੁੰਦੀ ਹੈ। ਸੋ ਮਿਸ਼ਨਰੀਆਂ ਨੇ ਨਿੱਕੀਆਂ ਨਿੱਕੀਆਂ ਕਹਾਣੀਆਂ ਪ੍ਰਕਾਸ਼ਿਤ ਕਰਕੇ ਪ੍ਰਚਾਰ-ਕਾਰਜ ਨੂੰ ਅੱਗੇ ਤੋਰਿਆ। ਵਧੇਰੇ ਕਰਕੇ ਪੁਰਾਣੇ ਨੇਮ ਵਿਚੋਂ ਕਈ ਕਹਾਣੀਆਂ ਚੁਪੱਤ੍ਰਿਆਂ ਅਤੇ ਟ੍ਰੈਕਟਾਂ ਦੇ ਰੂਪ ਵਿਚ ਛਾਪੀਆਂ ਗਈਆਂ। ਇਸ ਕੰਮ ਵਿਚ ਲੁਧਿਆਣਾ ਮਿਸ਼ਨ ਮੋਹਰੀ ਰਹਿਆ। ਇਨ੍ਹਾਂ ਦੀ ਦੇਖਾ ਦੇਖੀ ਕੁਝ ਹੋਰ ਸੰਸਥਾਵਾਂ ਨੇ ਵੀ ਧਰਮ-ਪ੍ਰਚਾਰ ਹਿਤ ਮੌਲਿਕ ਜਾਂ ਅਨੁਵਾਦਿਤ ਕਹਾਣੀਆਂ ਛਾਪਣੀਆਂ ਆਰੰਭ ਕੀਤੀਆਂ। ਇਹ ਪ੍ਰਥਾ ਵੀਹਵੀਂ ਸਦੀ ਵਿਚ ਵੀ ਜਾਰੀ ਰਹੀ। ਇਨ੍ਹਾਂ ਕਹਾਣੀਆਂ ਦੀ ਕੁਲ ਗਿਣਤੀ ਬਾਰੇ ਸਹੀ ਨਿਰਣਾ ਕਰ ਸਕਣਾ ਕਠਿਨ ਹੈ। ਤਾਂ ਵੀ, ਜਾਣਕਾਰ ਹਲਕਿਆਂ ਤੋਂ ਪੁਛਗਿਛ ਬਾਅਦ ਸਾਡਾ ਅਨੁਮਾਨ ਹੈ ਕਿ ਇਹ ਕਹਾਣੀਆਂ 100 ਦੇ ਲਗਭਗ ਹੋਣਗੀਆਂ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਬਾਈਬਲ ਵਿਚੋਂ ਅਨੁਵਾਦਿਤ ਹਨ, ਜਾਂ ਬਾਈਬਲ ਉਤੇ ਆਧਾਰਿਤ ਹਨ। ਇਸ ਖੋਜ ਦੇ ਦੌਰਾਨ ਸਾਨੂੰ ਕਹਾਣੀਆਂ ਦੀ ਇਕ ਅਜਿਹੀ ਲਘੂ ਪੁਸਤਕ ਪ੍ਰਾਪਤ ਹੋਈ ਹੈ, ਜਿਸ ਵਿਚ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦੇ ਮੁੱਢਲੇ ਰੂਪ ਦੀ ਝਲਕ ਦੇਖੀ ਜਾ ਸਕਦੀ ਹੈ। ਇਸ ਰਚਨਾ ਦਾ ਨਾਮ ਹੈ: "ਬੈਬਲ ਦੀਆਂ ਮੂਰਤਾਂ ਅਤੇ ਕਹਾਣੀਆਂ'। ਇਸ ਰਚਨਾ ਨੂੰ ਪੰਜਾਬ ਰਿਲਿਜਸ ਬੁੱਕ ਸੋਸਾਇਟੀ ਨੇ 1877 ਈ: ਵਿਚ ਲੁਧਿਆਣਾ ਮਿਸ਼ਨ ਪ੍ਰੈਸ ਤੋਂ ਛਪਵਾਇਆ। ਇਸ ਰਚਨਾ ਦਾ ਇਤਿਹਾਸਕ ਮੁੱਲ ਨਿਰਵਿਵਾਦ ਹੈ। ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਇਹ ਪਹਿਲਾ ਸਚਿੱਤਰ ਕਹਾਣੀ-ਸੰਗ੍ਰਹਿ ਹੈ। ਪੰਜਾਬੀ ਨਿੱਕੀ ਕਹਾਣੀ ਨਾਲ ਸੰਬੰਧਿਤ ਖੋਜ-ਪ੍ਰਬੰਧਾਂ (ਡਾ: ਸਵਿੰਦਰ ਸਿੰਘ ਉੱਪਲ, ਪੰਜਾਬੀ ਸ਼ਾਰਟ ਸਟੋਰੀ—ਇਟਸ ਓਰਿਜਿਨ ਐਂਡ ਡੀਵੈਲਪਮੈਂਟ ਅਤੇ ਡਾ: ਦਲੀਪ ਕੌਰ ਟਿਵਾਣਾ, ਪੰਜਾਬੀ ਨਿੱਕੀ ਕਹਾਣੀ ਦੇ ਝੁਕਾ) ਵਿਚ ਇਸ ਰਚਨਾ ਦਾ ਉਲੇਖ ਨਹੀਂ ਕੀਤਾ ਗਇਆ। ਸਪਸ਼ਟ ਹੈ ਕਿ ਉਨ੍ਹਾਂ ਨੂੰ ਇਸ ਰਚਨਾ ਦੀ ਹੋਂਦ ਬਾਰੇ ਗਿਆਨ ਨਹੀਂ ਸੀ। ਪੰਜਾਬੀ ਨਿੱਕੀ ਕਹਾਣੀ ਨਾਲ ਸੰਬੰਧਿਤ ਮਿਲਦੀਆਂ ਹੋਰ ਪੁਸਤਕਾਂ ਆਦਿ ਵਿਚ ਵੀ ਕਿਸੇ ਨੇ ਇਸ ਰਚਨਾ ਦਾ ਜ਼ਿਕਰ ਨਹੀਂ ਕੀਤਾ।

ਇਸ ਰਚਨਾ ਦੇ ਕੁਲ 11 ਪੰਨੇ ਹਨ। ਕਹਾਣੀਆਂ ਦੀ ਕੁਲ ਗਿਣਤੀ ਚਾਰ ਹੈ. ਜਿਨ੍ਹਾਂ ਦੇ ਨਾਮ ਕ੍ਰਮਵਾਰ ਇਸ ਪ੍ਰਕਾਰ ਹਨ:

1. ਸੇਲੂਆਂ ਦੀ ਕਥਾ
2. ਕੁਰਾਹ, ਦਾਤਨ ਅਤੇ ਅਬਿਰਾਮ ਦੀ ਕਥਾ
3. ਪਿੱਤਲ ਦੇ ਸੱਪ ਦੀ ਕਥਾ
4. ਬਲਿਆਮ ਅਤੇ ਬਲਕ ਦੀ ਕਥਾ

Digitized by Panjab Digital Library | www.panjabdigilib.org

ਇਹ ਲਘੂ ਕਹਾਣੀਆਂ ਪੁਰਾਣੇ ਨੇਮ ਦੀ ਉਸ ਕਥਾ ਉਤੇ ਆਧਾਰਿਤ ਹਨ, ਜਿਸ ਵਿਚ ਇਜ਼ਰਾਈ-ਲੀਆਂ ਦਾ ਚਾਲ੍ਹੀ ਵਰ੍ਹਿਆਂ ਤਕ ਜੰਗਲਾਂ ਉਜਾੜਾਂ ਵਿਚ ਭੌਣ ਦਾ ਵਰਣਨ ਹੈ। ਇਹ ਮੂਲ ਕਥਾ ਦਾ ਹੂਬਹੂ ਅਨੁਵਾਦ ਨਹੀਂ, ਸਗੋਂ ਰੂਪਾਂਤਰਕਾਰ ਨੇ ਇਸ ਨੂੰ ਸੰਖੇਪ ਰੂਪ ਪ੍ਰਦਾਨ ਕਰਦਿਆਂ ਹੋਇਆਂ ਲੋੜੀਂਦੀਆਂ ਤਬਦੀਲੀਆਂ ਵੀ ਕੀਤੀਆਂ ਹਨ।

ਪੁਸਤਕ ਵਿਚ ਕੁਲ ਚਾਰ ਚਿੱਤਰ ਹਨ, ਜਿਹੜੇ ਚਾਰ ਕਹਾਣੀਆਂ ਨਾਲ ਸੰਬੰਧਿਤ ਹਨ। ਇਹ ਚਿੱਤਰ ਤਿੰਨ-ਰੰਗੇ ਹਨ ਅਤੇ ਕਿਸੇ ਬਹੁਤ ਪ੍ਰਬੀਨ ਵਿਦੇਸ਼ੀ ਚਿੱਤਰਕਾਰ ਦੀ ਕਿਰਤ ਜਾਪਦੇ ਹਨ। ਹਾਫ਼ਟੋਨ ਵਿਚ ਛਪੇ ਇਨ੍ਹਾਂ ਚਿੱਤਰਾਂ ਦੇ ਮੁਦ੍ਰਣ ਦੀ ਪੱਧਰ ਆਮ ਵਿਦੇਸ਼ੀ ਚਿੱਤਰਾਂ ਦੇ ਸਮਾਨ ਹੈ। ਬੜੀ ਹੈਰਾਨੀ ਵਾਲੀ ਗੱਲ ਹੈ ਕਿ ਲੁਧਿਆਣਾ ਮਿਸ਼ਨ ਪ੍ਰੈਸ ਨੇ 1877 ਈ: ਵਿਚ ਹੀ ਇਤਨੀਆਂ ਸੁੰਦਰ ਪੁਸਤਕਾਂ ਛਾਪਣ ਦਾ ਉੱਦਮ ਕੀਤਾ। ਹਾਫ਼ਟੋਨ ਬਲਾਕਾਂ ਦੀ ਇਤਨੀ ਵਧੀਆ ਛਪਾਈ ਇਸ ਤੋਂ ਪਹਿਲਾਂ ਦੀ ਕਿਸੇ ਭਾਰਤੀ ਪੁਸਤਕ ਵਿਚ ਦੇਖਣ ਨੂੰ ਨਹੀਂ ਮਿਲਦੀ। ਪੁਸਤਕ ਦਾ ਕਵਰ ਵੀ ਤਿੰਨ-ਰੰਗਾ ਅਤੇ ਦਿਲਕਸ਼ ਹੈ। ਮੁਖ-ਚਿੱਤਰ ਅਤੇ ਪਿੱਠ-ਚਿੱਤਰ ਡਬਲਿਊ. ਡਿਕਸ ਨਾਮ ਦੇ ਚਿੱਤਰਕਾਰ ਨੇ ਬਣਾਇਆ ਹੈ। ਇਹ ਪੁਸਤਕ ਹਰ ਪੱਖੋਂ ਸੁਸੱਜਿਤ ਹੈ। ਪੰਜਾਬੀ ਭਾਸ਼ਾ ਨਾਲ ਹਿਤ ਰੱਖਣ ਵਾਲੇ ਹਰ ਵਿਅਕਤੀ ਦਾ ਇਸ ਸੁੰਦਰ ਪੁਸਤਕ ਨੂੰ ਪੜ੍ਹਨਾ ਅਤੇ ਦੇਖ ਕੇ ਖੁਸ਼ ਹੋਣਾ ਸੁਭਾਵਿਕ ਹੀ ਸੀ। ਕਹਾਣੀਆਂ ਦੀ ਇਸ ਲਘੂ ਪੁਸਤਕ ਦਾ ਲੋਕਪ੍ਰਿਯ ਹੋਣਾ ਕੋਈ ਔਖੀ ਗੱਲ ਨਹੀਂ ਸੀ। ਇਹ ਪੁਸਤਕ ਲਿਖੀ ਵੀ ਜਨਸਾਧਾਰਣ ਲਈ ਗਈ ਸੀ। ਇਸ ਵਿਚ ਆਮ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਵਰਤੀ ਗਈ ਹੈ। ਬਾਈਬਲ ਨੂੰ ਬੈਬਲ, ਲੁਧਿਆਣਾ ਨੂੰ ਲੋਦਿਹਾਣਾ, ਪ੍ਰੈਸ ਨੂੰ ਪਰੈਸ, ਸੋਸਾਇਟੀ ਨੂੰ ਸੋਸੈਟੀ, ਪਰਮੇਸ਼ਵਰ ਨੂੰ ਪਰਮੇਸੁਰ ਲਿਖਿਆ ਹੈ। ਇਥੇ ਇਕ ਗੱਲ ਹੋਰ ਸਪਸ਼ਟ ਹੋ ਜਾਂਦੀ ਹੈ ਕਿ ਧਰਮ-ਪ੍ਰਚਾਰ ਲਈ ਟ੍ਰੈਕਟ ਲਿਖਣ ਦੀ ਪਿਰਤ ਵੀ ਭਾਈ ਵੀਰ ਸਿੰਘ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਨੇ ਪਾ ਦਿੱਤੀ ਸੀ।

ਇਨ੍ਹਾਂ ਕਹਾਣੀਆਂ ਦਾ ਆਧਾਰ ਬਾਈਬਲ ਦੀ ਇਕ ਪੁਰਾਣ-ਕਥਾ ਹੈ, ਜਿਸ ਦਾ ਸੰਬੰਧ ਸਤਾਈ ਹੋਈ ਪੀੜਿਤ ਇਜ਼ਰਾਈਲ ਕੌਮ ਨਾਲ ਹੈ। ਸਾਰੀਆਂ ਕਹਾਣੀਆਂ ਵਿਚ ਡਰ ਦੀ ਭਾਵਨਾ ਪ੍ਰਬਲ ਹੈ। 'ਸੇਲੂਆਂ ਦੀ ਕਥਾ' ਵਿਚ ਇਸਰਾਏਲ ਦਾ ਪਰਿਵਾਰ ਮੂਸਾ ਦੀ ਗੱਲ ਮੰਨ ਕੇ ਕਨਾਨ ਦੇਸ ਵਲ ਜਾਣ ਨੂੰ ਰਾਜ਼ੀ ਨਹੀਂ ਹੁੰਦਾ, ਤਾਂ ਪਰਮੇਸੁਰ ਉਨ੍ਹਾਂ ਨੂੰ ਚਾਲ੍ਹੀ ਵਰ੍ਹਿਆਂ ਤਕ ਉਜਾੜ ਵਿਚ ਭਟਕਦੇ ਰਹਿਣ ਦਾ ਸਰਾਪ ਦੇ ਦਿੰਦਾ ਹੈ। 'ਕੁਰਾਹ, ਦਾਤਨ ਅਤੇ ਅਬਿਰਾਮ ਦੀ ਕਥਾ' ਵਿਚ ਕੁਰਾਹ, ਦਾਤਨ ਅਤੇ ਅਬਿਰਾਮ ਮੂਸਾ ਅਤੇ ਹਾਰੂਨ ਦੀ ਪ੍ਰਭੁਤਾ ਨੂੰ ਸਵੀਕਾਰ ਕਰਨੋਂ ਇਨਕਾਰ ਕਰ ਦਿੰਦੇ ਹਨ ਅਤੇ ਇਸਰਾਏਲ ਦੇ ਪਰਿਵਾਰ ਨੂੰ ਵਿਦ੍ਰੋਹ ਲਈ ਭੜਕਾਉਂਦੇ ਹਨ। ਇਸ ਲਈ, ਉਨ੍ਹਾਂ ਦੇ ਪੈਰਾਂ ਹੇਠਲੀ ਧਰਤੀ ਪਾਟ ਜਾਂਦੀ ਹੈ ਅਤੇ ਉਹ ਸਾਰੀ ਮੰਡਲੀ, ਆਪਣੇ ਟੱਬਰ ਤੇ ਸਾਰੀਆਂ ਵਸਤਾਂ ਸਮੇਤ ਹੇਠਾਂ ਨਿੱਘਰ ਜਾਂਦੇ ਹਨ। 'ਪਿੱਤਲ ਦੇ ਸੱਪ ਦੀ ਕਥਾ' ਵਿਚ ਮੂਸਾ ਨੂੰ ਦੇਖ ਕੇ ਇਸਰਾਏਲ ਦਾ ਪਰਿਵਾਰ ਕੁੜ੍ਹਦਾ ਹੈ ਅਤੇ ਉਸ ਨੂੰ ਬੁਰਾ ਭਲਾ ਕਹਿ ਕੇ ਪਰਮੇਸੁਰ ਨੂੰ ਨਾਰਾਜ਼ ਕਰ ਲੈਂਦਾ ਹੈ, ਜੋ ਸਾੜਨ ਵਾਲੇ ਸੱਪ ਉਨ੍ਹਾਂ ਉਤੇ ਛੱਡ ਦਿੰਦਾ ਹੈ। ਇਲਾਜ ਲਈ ਜੋ ਪਿੱਤਲ ਦਾ ਸੱਪ ਦਿੰਦਾ ਹੈ, ਉਹ ਮੂਸਾ ਕੋਲ ਹੈ। 'ਬਲਿਆਮ ਤੇ ਬਲਕ ਦੀ ਕਥਾ ਵਿਚ ਬਲਿਆਮ ਪਰਮੇਸੁਰ ਦਾ ਕਿਹਾ ਮੋੜ ਕੇ ਇਸਰਾਏਲ ਦੇ ਪਰਿਵਾਰ ਨੂੰ ਰਾਜੇ ਬਲਕ ਦੇ ਕਹਿਣ ਉਤੇ ਸਰਾਪ ਦੇਣ ਜਾਂਦਾ ਹੈ, ਇਸ ਲਈ

Digitized by Panjab Digital Library | www.panjabdigilib.org

ਕਸ਼ਟ ਭੋਗਦਾ ਹੈ। ਸਾਰੀਆਂ ਕਹਾਣੀਆਂ ਵਿਚ ਹੋਣੀ ਇਸ ਲਈ ਵਾਪਰਦੀ ਹੈ, ਕਿਉਂਕਿ ਪਰਮੇਸ਼ੁਰ ਨੂੰ ਨਾਰਾਜ਼ ਕੀਤਾ ਜਾਂਦਾ ਹੈ ਅਤੇ ਮੂਸਾ ਨੂੰ ਰੱਬ ਮੰਨਣੋਂ ਨਾਂਹ ਕੀਤੀ ਜਾਂਦੀ ਹੈ। ਮਿਸ਼ਨਰੀਆਂ ਨੇ ਇਨ੍ਹਾਂ ਕਹਾਣੀਆਂ ਦੁਆਰਾ ਪੰਜਾਬੀ ਜਨਸਾਧਾਰਣ ਦੇ ਮਨ ਵਿਚ ਇਹ ਵਿਚਾਰ ਪਾਉਣ ਦਾ ਜਤਨ ਕੀਤਾ ਕਿ ਜਿਹੜੇ ਲੋਕ ਰੱਬ ਦੇ ਨਬੀ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਉਹ ਰੱਬ ਨੂੰ ਨਾਰਾਜ਼ ਕਰ ਲੈਂਦੇ ਹਨ ਅਤੇ ਲਾਜ਼ਮੀ ਤੌਰ ਤੇ ਬਿਪਤਾ ਵਿਚ ਫਸਦੇ ਹਨ। ਇਹ ਵਿਧੀ ਰੱਬ ਦੇ ਦੂਜੇ ਨਬੀ ਈਸਾ ਨੂੰ ਲੋਕ-ਸਵੀਕ੍ਰਿਤੀ ਦਿਵਾਉਣ ਵਿਚ ਸਹਾਈ ਹੋ ਸਕਦੀ ਸੀ। ਪਰਮਾਤਮਾ ਦੀ ਨਾਰਾਜ਼ਗੀ ਦਾ ਭੈ ਅਤੇ ਨਬੀ ਦੀ ਕਰਾਮਾਤ ਦੇ ਵਿਸਮਾਦ ਉਪਰ ਇਨ੍ਹਾਂ ਕਹਾਣੀਆਂ ਦਾ ਭਾਵ-ਪ੍ਰਬੰਧ ਉਸਾਰਿਆ ਗਇਆ ਹੈ। ਇਸ ਤਰ੍ਹਾਂ ਦਾ ਭਾਵ-ਪ੍ਰਬੰਧ ਪ੍ਰਚਾਰ-ਕਾਰਜ ਲਈ ਬਹੁਤ ਅਨੁਕੂਲ ਹੈ।

ਕਹਾਣੀ ਦੇ ਖੇਤਰ ਵਿਚ ਮਿਸ਼ਨਰੀਆਂ ਨੇ ਮੌਲਿਕ ਰਚਨਾ ਵੀ ਕੀਤੀ। ਏ. ਐਲ. ਓ. ਈ. ਦੁਆਰਾ ਲਿਖਿਆ ਹੋਇਆ ਟ੍ਰੈਕਟ 'ਰੇਲ ਗੱਡੀ ਦਾ ਸਫ਼ਰ[1], ਜਿਹੜਾ ਪਹਿਲੀ ਵਾਰ 1942 ਈ. ਵਿਚ ਮਿਸਿਜ਼ ਐਲ. ਕੇ. ਜੰਨਕੀਸਨ ਨੇ ਮਰਕਨਟਾਇਲ ਪ੍ਰੈਸ, ਚੈਂਬਰਲੇਨ ਰੋਡ ਲਾਹੌਰ ਤੋਂ ਛਪਵਾ ਕੇ ਸੀ. ਐਮ. ਐਸ. ਹਾਊਸ, ਤਰਨਤਾਰਨ ਤੋਂ ਪ੍ਰਕਾਸ਼ਿਤ ਕੀਤਾ, ਆਪਣੇ ਆਪ ਵਿਚ ਇਕ ਸੰਪੂਰਣ ਨਿੱਕੀ ਕਹਾਣੀ ਹੈ।

ਕਥਾ-ਸਾਰ :

ਜ਼ਿਲਾ ਅੰਮ੍ਰਿਤਸਰ ਵਿਚ ਗੋਬਿੰਦ ਰਾਮ ਨਾਮ ਦਾ ਇਕ ਬ੍ਰਾਹਮਣ ਰਹਿੰਦਾ ਸੀ। ਉਸ ਦਾ ਭਰਾ ਅੰਬਾਲੇ ਵਿਚ ਕਈ ਮਹੀਨਿਆਂ ਤੋਂ ਬਿਮਾਰ ਸੀ। ਉਸ ਦੀ ਖਬਰ ਲੈਣ ਲਈ ਗੋਬਿੰਦ ਰਾਮ ਨੂੰ ਅੰਬਾਲੇ ਜਾਣ ਲਈ ਰੇਲਗੱਡੀ ਦਾ ਸਫ਼ਰ ਕਰਨਾ ਪਇਆ। ਜਦੋਂ ਉਹ ਸਟੇਸ਼ਨ ਉਤੇ ਪਹੁੰਚਿਆ,ਤਾਂ ਗੱਡੀ ਚਲਣ ਲਈ ਤਿਆਰ ਸੀ। ਗਾਰਡ ਨੇ ਸੀਟੀ ਦੇ ਦਿੱਤੀ ਸੀ। ਭੀੜ ਨੂੰ ਚੀਰਦਾ ਹੋਇਆ ਉਹ ਅੱਗੇ ਵਧਿਆ। ਭੀੜ ਨਾਲ ਖਹਿਣ ਕਰਕੇ ਉਸ ਦੇ ਸਾਰੇ ਕੱਪੜੇ ਪਾਟ ਗਏ, ਪਰ ਇਕ ਵਿਅਕਤੀ ਨੇ ਉਸ ਨੂੰ ਭੀੜ ਤੋਂ ਬਚਾ ਕੇ ਗੱਡੀ ਉਤੇ ਚੜ੍ਹਾ ਦਿੱਤਾ। ਗੱਡੀ ਵਿਚ ਬਹਿਣ ਮਗਰੋਂ ਉਸ ਨੂੰ ਪਤਾ ਲੱਗਾ ਕਿ ਜਿਸ ਵਿਅਕਤੀ ਨੇ ਉਸਨੂੰ ਭੀੜ ਤੋਂ ਬਚਾਇਆ ਸੀ, ਉਹ ਉਸ ਦਾ ਬਚਪਨ ਦਾ ਯਾਰ ਤਾਰਾ ਚੰਦ ਸੀ। ਉਸ ਨੇ ਆਪਣੇ ਨਾਲ ਦੀ ਸੀਟ ਉਤੇ ਬੈਠੇ ਤਾਰਾ ਚੰਦ ਨਾਲ ਪਹਿਲਾਂ ਤਾਂ ਬੋਲਣਾ ਠੀਕ ਨਾ ਸਮਝਿਆ, ਕਿਉਂਕਿ ਉਹ ਆਪਣਾ ਧਰਮ ਤਿਆਗ ਕੇ ਈਸਾਈ ਧਰਮ ਗ੍ਰਹਿਣ ਕਰ ਚੁੱਕਾ ਸੀ, ਪਰ ਮਗਰੋਂ ਉਸ ਨੂੰ ਗੱਲਬਾਤ ਕਰਨੀ ਹੀ ਪਈ। ਦੋਵੇਂ ਆਪੋ ਵਿਚ ਗੱਲਾਂ ਕਰਨ ਲੱਗੇ। ਤਾਰਾ ਚੰਦ ਨੇ ਉਸ ਨੂੰ ਪੁਛਿਆ ਕਿ ਉਹ ਤਾਂ ਗੱਡੀ ਵਿਚ ਸਫ਼ਰ ਕਰਨਾ ਪਸੰਦ ਨਹੀਂ ਸੀ ਕਰਦਾ, ਫ਼ਿਰ ਅੱਜ ਉਹ ਕਿਵੇਂ ਸਫ਼ਰ ਕਰ ਰਹਿਆ ਹੈ ? ਗੋਬਿੰਦ ਰਾਮ ਨੇ ਆਪਣੀ ਛੇਤੀ ਅੰਬਾਲੇ ਪਹੁੰਚਣ ਦੀ ਮਜਬੂਰੀ ਜਤਾਈ। ਤਾਰਾ ਚੰਦ ਨੇ ਆਪਣੇ ਦੋਸਤ ਨੂੰ ਗੱਲਾਂ ਹੀ ਗੱਲਾਂ ਵਿਚ ਦਸਿਆ ਕਿ ਉਹ ਬੜਾ ਕਿਸਮਤ ਵਾਲਾ ਹੈ ਅਤੇ ਉਸ ਨੂੰ ਮੁਫ਼ਤ ਵਿਚ ਫ਼ਸਟ ਕਲਾਸ ਦਾ ਟਿਕਟ ਮਿਲ ਗਇਆ ਹੈ ਅਤੇ ਉਹ ਬਹੁਤ ਲੰਮਾਂ ਸਫ਼ਰ ਕਰ ਰਹਿਆ ਹੈ। ਇਸ ਗੱਲ ਨੇ ਗੋਬਿੰਦ ਰਾਮ ਤੇ ਹੋਰ ਆਸ ਪਾਸ ਬੈਠੇ ਯਾਤ੍ਰੀਆਂ ਦੇ ਹਿਰਦਿਆਂ ਵਿਚ ਉਤਸੁਕਤਾ ਉਤਪੰਨ ਕਰ ਦਿੱਤੀ ਅਤੇ ਉਹ ਸਾਰੇ ਤਾਰਾ ਚੰਦ ਦੁਆਲੇ ਇਕੱਠੇ ਹੋ

---

1. ਇਹ ਪੂਰੀ ਦੀ ਪੂਰੀ ਕਹਾਣੀ ਪਰਿਸ਼ਿਸ਼ਟ ਨੰਬਰ 2 ਵਿਚ ਪ੍ਰਸਤੁਤ ਕੀਤੀ ਗਈ ਹੈ।

Digitized by Panjab Digital Library | www.panjabdigilib.org

ਗਏ ਅਤੇ ਕਹਿਣ ਲੱਗੇ ਕਿ ਉਹ ਉਨ੍ਹਾਂ ਨੂੰ ਆਪਣੀ ਯਾਤਰਾ ਦਾ ਹਾਲ ਸੁਣਾਏ। ਫਿਰ ਤਾਰਾ ਚੰਦ ਨੇ ਉਨ੍ਹਾਂ ਨੂੰ ਲੰਮੇ ਸਫ਼ਰ ਦੀ ਗੂੜ੍ਹੀ ਰਮਜ਼ ਸਮਝਾਈ ਅਤੇ ਦੱਸਿਆ ਕਿ ਲੰਮੇ ਸਫ਼ਰ ਤੋਂ ਉਸ ਦਾ ਭਾਵ ਸਵਰਗ ਦੇ ਰਾਹ ਦਾ ਸਫ਼ਰ ਹੈ। ਇਸ ਸਫ਼ਰ ਦਾ ਸਭ ਤੋਂ ਪਹਿਲਾ ਪੜਾਅ ਸ੍ਵੈ-ਵਿਸ਼ਵਾਸ ਹੈ, ਜਿਹੜਾ ਮਨੁੱਖ ਨੂੰ ਉਸ ਸਮੇਂ ਪ੍ਰਾਪਤ ਹੁੰਦਾ ਹੈ, ਜਦੋਂ ਉਹ ਈਸਾਈ ਮਤ ਗ੍ਰਹਿਣ ਕਰਦਾ ਹੈ। ਇਸ ਨਾਲ ਉਸ ਦੀ ਆਤਮਾ ਨੂੰ ਆਰਾਮ ਤੇ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਸਫ਼ਰ ਦਾ ਦੂਜਾ ਪੜਾਅ ਪ੍ਰਸੰਨਤਾ ਹੈ, ਜਿਹੜੀ ਇਸ ਧਰਮ-ਮਾਰਗ ਉਤੇ ਆਰਾਮਦਾਇਕ ਸਫ਼ਰ ਕਰਦਿਆਂ ਪ੍ਰਾਣੀ ਨੂੰ ਪ੍ਰਾਪਤ ਹੁੰਦੀ ਹੈ, ਕਿਉਂਕਿ ਦਿਲ ਵਿਚ ਮੰਜ਼ਿਲ-ਪ੍ਰਾਪਤੀ ਦੀ ਚਾਹ ਹੁੰਦੀ ਹੈ। ਪਰ ਧਰਮ ਦੀ ਇਸ ਗੱਡੀ ਉਤੇ ਚੜ੍ਹਨ ਲਈ ਮਨੁੱਖ ਨੂੰ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਗੋਬਿੰਦ ਰਾਮ ਨੂੰ ਅੱਜ ਗੱਡੀ ਫੜਨ ਸਮੇਂ ਕਰਨਾ ਪਇਆ ਸੀ। ਇਸ ਮਾਰਗ ਦਾ ਤੀਜਾ ਸਟੇਸ਼ਨ ਪਵਿੱਤਰਤਾ ਹੈ। ਕਹਾਣੀ ਦੇ ਅੰਤ ਵਿਚ ਤਾਰਾ ਚੰਦ ਸਾਰੇ ਸੁਣਨ ਵਾਲਿਆਂ ਨੂੰ ਬਾਈਬਲ ਪੜ੍ਹਨ ਦੀ ਪ੍ਰੇਰਣਾ ਦਿੰਦਾ ਹੈ, ਤਾਂ ਜੋ ਉਹ ਵੀ ਇਸ ਮਾਰਗ ਉਤੇ ਤੁਰ ਕੇ ਜੀਵਨ ਦਾ ਪਰਮ-ਆਨੰਦ ਮਾਣ ਸਕਣ। ਇਤਨੇ ਨੂੰ ਸੀਟੀ ਵੱਜੀ ਅਤੇ ਗੱਡੀ ਜੋ ਕਿਸੇ ਸਟੇਸ਼ਨ ਉਤੇ ਰੁਕ ਗਈ ਸੀ, ਫ਼ਿਰ ਦੌੜਨ ਲੱਗ ਪਈ।

ਵਿਵੇਚਨ :

ਉਪਰੋਕਤ ਕਹਾਣੀ ਦਾ ਵਿਸ਼ੇ ਧਰਮ-ਪ੍ਰਚਾਰ ਹੈ। ਲੇਖਿਕਾ ਗੱਡੀ ਦੇ ਸਫ਼ਰ ਦੀ ਇਕ ਛੋਟੀ ਜਿਹੀ ਘਟਨਾ ਨੂੰ ਲੈ ਕੇ ਅਸਿੱਧੇ ਢੰਗ ਨਾਲ ਪਾਠਕਾਂ ਨੂੰ ਈਸਾਈ ਧਰਮ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੰਦੀ ਹੈ ਅਤੇ ਈਸਾਈ ਧਰਮ ਨੂੰ ਸਵਰਗ ਤਕ ਪਹੁੰਚਾਉਣ ਵਾਲਾ ਮਾਰਗ ਸਮਝਦੀ ਹੋਈ ਆਪਣੇ ਧਰਮ ਦੀ ਵਡਿਆਈ ਕਰਦੀ ਹੈ। ਇਸ ਮਨੋਰੰਜਕ ਕਹਾਣੀ ਨੂੰ ਜਿਉਂ ਜਿਉਂ ਪਾਠਕ ਪੜ੍ਹਦਾ ਜਾਂਦਾ ਹੈ, ਤਿਉਂ ਤਿਉਂ ਲੇਖਿਕਾ ਦੀ ਸਿਆਣਪ ਉਤੇ ਅਸਚਰਜਤਾ ਪੈਦਾ ਹੁੰਦੀ ਹੈ, ਕਿ ਕਿਸ ਪ੍ਰਕਾਰ ਉਸ ਨੇ ਇਸ ਕਹਾਣੀ ਨੂੰ ਆਪਣੇ ਧਰਮ-ਪ੍ਰਚਾਰ ਦਾ ਵਸੀਲਾ ਬਣਾਇਆ ਹੈ। ਆਰੰਭ ਤੋਂ ਅੰਤ ਤਕ ਲੇਖਿਕਾ ਆਪਣੇ ਵਿਸ਼ੇ ਨਾਲ ਪੂਰਾ ਪੂਰਾ ਇਨਸਾਫ਼ ਕਰ ਸਕੀ ਹੈ ਅਤੇ ਵਿਸ਼ੇ ਦੇ ਨਿਬਾਹ ਵਿਚ ਉਸ ਨੇ ਪੂਰਣ ਸਫ਼ਲਤਾ ਪ੍ਰਾਪਤ ਕੀਤੀ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਕਹਾਣੀ ਵਿਚ ਕਲਾਤਮਕ ਗੁਣ ਚੰਗੀ ਤਰ੍ਹਾਂ ਉਘੜੇ ਹਨ। ਕਥਾਨਕ ਨੂੰ ਲੇਖਿਕਾ ਨੇ ਬੜੀ ਸਿਆਣਪ ਨਾਲ ਗੁੰਦਿਆ ਹੈ। ਕਹਾਣੀ ਦਾ ਆਰੰਭ ਰੋਚਕ ਹੈ ਅਤੇ ਇਹ ਰੋਚਕਤਾ ਕਹਾਣੀ ਦੇ ਅੰਤ ਤਕ ਕਾਇਮ ਰਹਿੰਦੀ ਹੈ। ਉਤਸੁਕਤਾ ਵਿਚ ਵਾਧਾ ਕਰਨ ਲਈ ਪਾਠਕਾਂ ਨੂੰ ਸਹਿਜੇ ਸਹਿਜੇ ਕਹਾਣੀ ਦੇ ਸਿਖਰ ਤਕ ਲਿਆਂਦਾ ਗਇਆ ਹੈ। ਅੰਤ ਵਿਚ ਈਸਾਈ ਮਤ ਦਾ ਸਿੱਧਾ ਪ੍ਰਚਾਰ ਕਹਾਣੀ ਨੂੰ ਕਲਾ-ਦ੍ਰਿਸ਼ਟੀ ਤੋਂ ਦੋਸ਼ਪੂਰਣ ਬਣਾਉਂਦਾ ਹੈ, ਪਰ ਕਹਾਣੀਕਾਰ ਇਸ ਕਲਾਤਮਕ 'ਦੋਸ਼' ਸਦਕਾ ਹੀ ਆਪਣੇ ਪ੍ਰਚਾਰਾਤਮਕ ਲਕਸ਼ ਤਕ ਪਹੁੰਚੀ ਹੈ। ਕਹਾਣੀ ਵਿਚ ਦੋ ਪ੍ਰਧਾਨ-ਪਾਤਰ ਹਨ। ਇਹ ਦੋਵੇਂ ਪਾਤਰ ਕਲਪਿਤ ਹਨ। ਇਹ ਪਾਤਰ ਪੰਜਾਬੀ ਜਨ-ਜੀਵਨ ਵਿਚੋਂ ਲਏ ਗਏ ਹਨ।

ਇਸ ਕਹਾਣੀ ਦਾ ਮਹੱਤਵ ਇਸ ਦੀ ਰਹੱਸਮਈਤਾ ਅਤੇ ਚਿੰਨ੍ਹਾਤਮਕਤਾ ਕਰਕੇ ਹੈ। ਕਹਾਣੀ ਦਾ ਨਾਇਕ ਤਾਰਾ ਚੰਦ ਸਵਰਗ ਨੂੰ ਜਾਣ ਵਾਲੇ ਮਾਰਗ ਦੇ ਦਰਸ਼ਨ ਕਰਵਾਉਣ ਸਮੇਂ ਸਰੋਤਿਆਂ

Digitized by Panjab Digital Library | www.panjabdigilib.org

ਦੀਆਂ ਅੱਖਾਂ ਅੱਗੇ ਅਜਿਹੀ ਰਹੱਸਮਈ ਧੁੰਦ ਖਿਲਾਰਦਾ ਹੈ, ਕਿ ਸਭ ਸੁਣਨ ਵਾਲੇ ਚਕਿਤ ਰਹਿ ਜਾਂਦੇ ਹਨ। ਗੱਡੀ ਈਸਾਈ ਧਰਮ ਦਾ ਚਿੰਨ੍ਹ ਹੈ ਅਤੇ ਸਵਰਗ-ਪਥ ਦੇ ਵਿਚਕਾਰ ਆਉਣ ਵਾਲੇ ਸਟੇਸ਼ਨ ਸ੍ਵੈ-ਵਿਸ਼ਵਾਸ, ਪ੍ਰਸੰਨਤਾ ਤੇ ਪਵਿੱਤਰਤਾ ਦਾ ਚਿੰਨ੍ਹ ਹਨ। ਕਹਾਣੀ ਵਿਚ ਪ੍ਰਯੋਗ ਵਿਚ ਲਿਆਂਦੇ ਗਏ ਵਾਰਤਾਲਾਪ ਕੁਦਰਤੀ, ਚੁਸਤ ਤੇ ਗੂੜ੍ਹ ਭਾਵਾਂ ਨਾਲ ਪਰਿਪੂਰਣ ਹਨ। ਵਾਕ ਛੋਟੇ ਛੋਟੇ ਅਤੇ ਸਾਧਾਰਣ ਹਨ। ਇਨ੍ਹਾਂ ਵਿਚ ਸਾਦਾਪਨ ਹੈ। ਭਾਸ਼ਾ ਕਾਫ਼ੀ ਮਾਂਜੀ ਸੰਵਾਰੀ ਹੋਈ ਹੈ। ਇਹ ਕਹਾਣੀ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। 'ਰੇਲ ਦਾ ਟਿਕਟ', 'ਫੁੱਲਾਂ ਦੀ ਸੇਜ', 'ਰੇਲੂ ਚਾਚਾ', 'ਉਡਦਾ ਘੋੜਾ', 'ਉਜਾੜੂ ਪੁੱਤਰ', 'ਰਾਜਕੁਮਾਰ ਦਾ ਪ੍ਰੇਮ', 'ਰੱਸੀ' ਆਦਿਕ ਅਜਿਹੀਆਂ ਹੋਰ ਵੀ ਮੌਲਿਕ ਕਹਾਣੀਆਂ ਹਨ, ਜਿਨ੍ਹਾਂ ਦਾ ਮਹੱਤਵ ਪੰਜਾਬੀ ਕਹਾਣੀ ਸਾਹਿਤ ਵਿਚ ਕਿਸੇ ਤਰ੍ਹਾਂ ਵੀ ਘੱਟ ਨਹੀਂ।

ਉਪਰੋਕਤ ਰਚਨਾਵਾਂ ਤੋਂ ਇਲਾਵਾ ਮਿਸ਼ਨਰੀਆਂ ਨੇ ਬਾਈਬਲ ਉਤੇ ਆਧਾਰਿਤ ਕਹਾਣੀਆਂ ਚੁਪੱਤ੍ਰਿਆਂ ਦੇ ਰੂਪ ਵਿਚ ਵੀ ਪ੍ਰਕਾਸ਼ਿਤ ਕੀਤੀਆਂ। ਇਨ੍ਹਾਂ ਵਿਚੋਂ ਕਈ ਕਹਾਣੀਆਂ ਆਧੁਨਿਕ ਕਹਾਣੀ ਕਲਾ ਦੇ ਇਤਨੀਆਂ ਨੇੜੇ ਹਨ ਕਿ ਪੜ੍ਹਦਿਆਂ ਹੋਇਆਂ ਬੁੱਧੀ ਹੈਰਾਨ ਰਹਿ ਜਾਂਦੀ ਹੈ। ਇਥੇ ਅਸੀਂ 'ਰਾਜਮਾਤਾ' ਨਾਮ ਦੀ ਚੁਪੱਤ੍ਰੀ ਵਿਚ ਪ੍ਰਕਾਸ਼ਿਤ ਕਹਾਣੀ ਬਾਰੇ ਸੰਖਿਪਤ ਰੂਪ ਵਿਚ ਵਿਚਾਰ ਕਰਾਂਗੇ।

'ਰਾਜਮਾਤਾ' :

"ਮੈਂ ਘਰ ਜਾ ਰਹੀ ਹਾਂ" ਨਓਮੀ ਨੇ ਆਪਣੇ ਦੋਵੇਂ ਪੁੱਤਰਾਂ ਦੀਆਂ ਵਿਧਵਾਵਾਂ ਨੂੰ ਕਿਹਾ, "ਮੈਂ ਮੁਆਬ ਦੀ ਧਰਤੀ ਨੂੰ ਛੱਡ ਦਵਾਂਗੀ ਤੇ ਦੂਜੀ ਵਾਰ ਯਹੂਦਾ ਨੂੰ ਝੀਲ ਮੁਰਦਾਰ ਦੀ ਰਾਹੀਂ ਸਫ਼ਰ ਕਰਾਂਗੀ। ਮੈਂ ਆਪਣੇ ਮਿੱਤ੍ਰਾਂ ਵਿਚ ਜਾਵਾਂਗੀ ਤੇ ਮੁੜ ਆਪਣੇ ਲੋਕਾਂ ਨੂੰ ਵੇਖਾਂਗੀ।"

ਕੁਝ ਸਾਲ ਪਹਿਲਾਂ ਨਓਮੀ ਆਪਣੇ ਪਤੀ ਤੇ ਦੋਵੇਂ ਪੁੱਤਰਾਂ ਨਾਲ ਮੁਆਬ ਆਈ ਸੀ। ਉਨ੍ਹਾਂ ਨੇ ਆਪਣੀ ਧਰਤੀ ਇਸ ਲਈ ਛੱਡੀ ਸੀ ਕਿਉਂ ਜੋ ਫਸਲਾਂ ਘਟ ਸਨ ਤੇ ਅੰਨ ਮਿਲਣਾ ਔਖਾ ਸੀ। ਉਨ੍ਹਾਂ ਨੂੰ ਨਵੀਂ ਧਰਤੀ ਵਿਚ ਅੰਨ ਤਾਂ ਲਭ ਗਿਆ ਪਰ ਨਾਲ ਦੀ ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਔਕੜਾਂ ਵੀ ਪੇਸ਼ ਆਈਆਂ। ਨਓਮੀ ਦਾ ਪਤੀ ਮਰ ਗਿਆ, ਉਹਦੇ ਦੋਵੇਂ ਪੁਤਰਾਂ ਨੇ ਅਜਿਹੀਆਂ ਮੁਟਿਆਰਾਂ ਨਾਲ ਵਿਆਹ ਕੀਤਾ ਜਿਹੜੀਆਂ ਆਪਣੇ ਪਤੀਆਂ ਦੇ ਦੇਵਤਿਆਂ ਨੂੰ ਨਹੀਂ ਜਾਣਦੀਆਂ ਸਨ। ਕੁਝ ਸਾਲ ਪਿਛੋਂ ਦੋਵੇਂ ਪੁਤਰ ਮਰ ਗਏ।

ਨਓਮੀ ਤੇ ਉਸ ਦੀਆਂ ਦੋਵੇਂ ਨੂਹਾਂ, ਓਰਫਾ ਤੇ ਰੂਥ ਉਥੇ ਇਕੱਠੀਆਂ ਰਹਿੰਦੀਆਂ ਹੋਈਆਂ ਵਾਹੀ ਕਰਦੀਆਂ ਤੇ ਅਨਾਜ ਕੱਠਾ ਕਰਦੀਆਂ ਰਹੀਆਂ। ਨਓਮੀ ਨੂੰ ਆਪਣੀਆਂ ਦੋਵੇਂ ਨੂਹਾਂ ਦਾ ਬੜਾ ਚਾਅ ਸੀ। ਉਹ ਭੀ ਉਸ ਨਾਲ ਪਿਆਰ ਕਰਦੀਆਂ ਸਨ ਤੇ ਔਖੇ ਸਮੇਂ ਉਸ ਤੇ ਮਿਹਰਬਾਨ ਸਨ ਤੇ ਕੰਮ ਕਾਰ ਵਿਚ ਉਸ ਦੀ ਸਹਾਇਤਾ ਕਰਦੀਆਂ ਸਨ। ਜਦੋਂ ਤ੍ਰਿਕਾਲਾਂ ਨੂੰ ਉਹ ਇਕੱਠੀਆਂ ਬਹਿੰਦੀਆਂ ਸਨ ਤਾਂ ਨਓਮੀ ਆਪਣੀਆਂ ਦੋਵੇਂ ਮੁਟਿਆਰਾਂ ਨੂੰ ਆਪਣੇ ਪੁਰਾਣੇ ਘਰ ਦੀਆਂ ਰਸਮਾਂ ਸਬੰਧੀ ਦਸਿਆ ਕਰਦੀ ਸੀ। ਉਸ ਨੇ ਉਨ੍ਹਾਂ ਨੂੰ ਇਸਰਾਈਲ ਦੇ ਪ੍ਰਭੂ ਤੇ ਪ੍ਰਮੇਸੁਰ ਦੀ ਨਰੋਆ ਕਰਨ ਦੀ ਸ਼ਕਤੀ ਬਾਰੇ ਦਸਿਆ।

Digitized by Panjab Digital Library | www.panjabdigilib.org

ਜਦੋਂ ਨਓਮੀ ਨੇ ਓਰਫਾ ਤੇ ਰੂਥ ਨੂੰ ਦਸਿਆ ਕਿ ਉਹ ਘਰ ਨੂੰ ਜਾ ਰਹੀ ਹੈ ਤਾਂ ਨੌਜਵਾਨ ਤ੍ਰੀਮਤਾਂ ਅਫਸੋਸ ਨਾਲ ਰੋਣ ਲਗ ਪਈਆਂ। ਉਨ੍ਹਾਂ ਨੇ ਆਖਿਆ, "ਅਸੀਂ ਤੁਹਾਡੇ ਨਾਲ ਜਾਵਾਂਗੀਆਂ ਕਿਉਂ ਜੋ ਅਸੀਂ ਤੁਹਾਨੂੰ ਇਕੱਲਿਆਂ ਨੂੰ ਏਨਾ ਲੰਮਾਂ ਸਫਰ ਨਹੀਂ ਕਰਨ ਦੇਣਾ ਚਾਹੁੰਦੀਆਂ ਅਤੇ ਅਸੀਂ ਤੁਹਾਨੂੰ ਛਡਣਾ ਭੀ ਨਹੀਂ ਚਾਹੁੰਦੀਆਂ।" ਨਓਮੀ ਨੇ ਦੋਹਾਂ ਨੂੰ ਗਲਵੱਕੜੀ ਪਾ ਕੇ ਆਖਿਆ, "ਮੇਰੀ ਪਿਆਰੀ ਬੱਚੀਓ ਤੁਸੀਂ ਆਪਣੇ ਆਪਣੇ ਪੇਕਿਆਂ ਨੂੰ ਜਾਉ ਤੇ ਜਿਵੇਂ ਤੁਸੀਂ ਮੇਰੇ ਤੇ ਦਿਆਵਾਨ ਰਹੀਆਂ ਹੋ ਤਿਵੇਂ ਪਰਮੇਸੁਰ ਵੀ ਤੁਹਾਡੇ ਉਤੇ ਮਿਹਰਬਾਨ ਹੋਵੇ," ਇਹ ਆਖ ਕੇ ਉਹ ਉਨ੍ਹਾਂ ਤੋਂ ਵਿਦਾ ਹੋਈ।

ਨੂਹਾਂ ਨਓਮੀ ਦੇ ਨਾਲ ਜਾਣਾ ਚਾਹੁੰਦੀਆਂ ਸਨ, ਪਰ ਉਸ ਨੂੰ ਇਸ ਗੱਲ ਦਾ ਦੁੱਖ ਸੀ। ਉਨ੍ਹਾਂ ਨੂੰ ਘਰ ਛਡਿਆਂ ਵੀ ਬਹੁਤ ਦੇਰ ਹੋ ਚੁਕੀ ਸੀ ਤੇ ਉਸਨੂੰ ਪਤਾ ਨਹੀਂ ਸੀ ਕਿ ਉਸ ਦਾ ਕਿਵੇਂ ਸਵਾਗਤ ਕੀਤਾ ਜਾਵੇਗਾ। ਜਦੋਂ ਉਹ ਮੁੜ ਆਪਣੇ ਘਰ ਅਪੜੇਗੀ। ਇਸ ਲਈ ਉਨ੍ਹਾਂ ਨੂੰ ਠਹਿਰਨ ਲਈ ਮਜਬੂਰ ਕੀਤਾ।

ਇਕ ਦੂਜੇ ਤੋਂ ਅੱਡ ਹੋਣਾ ਬੜਾ ਔਖਾ ਸੀ, ਪਰ ਓਰਫਾ ਨੇ ਆਪਣੀ ਸੱਸ ਤੋਂ ਵਿਦਾਇਗੀ ਲਈ ਤੇ ਮੁੜ ਆਪਣੇ ਸਬੰਧੀਆਂ ਕੋਲ ਚਲੀ ਗਈ। ਪਰੰਤੂ ਰੂਥ ਨੇ ਉਸ ਨੂੰ ਨਾ ਛਡਿਆ ਤੇ ਪਿਆਰ ਭਰੇ ਸ਼ਬਦਾਂ ਵਿਚ ਆਖਿਆ ਜਿਹੜੇ ਕਿ ਹਰ ਕਿਸੇ ਦੀ ਜ਼ਬਾਨ ਤੇ ਚੜ੍ਹੇ ਹੋਏ ਹਨ—"ਮੈਨੂੰ ਅੱਡ ਹੋਣ ਲਈ ਨਾ ਤੰਗ ਕਰੋ ਤੇ ਨਾ ਹੀ ਆਪਣੇ ਪਿਛੇ ਆਉਣ ਤੋਂ ਰੋਕੋ, ਕਿਉਂ ਜੋ ਜਿਥੇ ਤੁਸੀਂ ਜਾਓਗੇ ਮੈਂ ਵੀ ਜਾਵਾਂਗੀ। ਜਿਥੇ ਤੁਸੀਂ ਰਹੋਗੇ ਮੈਂ ਵੀ ਰਵਾਂਗੀ, ਤੁਹਾਡੇ ਲੋਕੀਂ ਮੇਰੇ ਲੋਕੀਂ ਹੋਣਗੇ ਤੇ ਤੁਹਾਡਾ ਪਰਮੇਸੁਰ ਮੇਰਾ ਪਰਮੇਸੁਰ ਹੋਵੇਗਾ।"

ਸੋ ਦੋਵੇਂ ਤ੍ਰੀਮਤਾਂ ਇਕੱਠੀਆਂ ਨਓਮੀ ਦੇ ਘਰ ਵਲ ਤੁਰ ਪਈਆਂ। ਝੀਲ ਮੁਰਦਾਰ ਦੇ ਦੁਆਲੇ, ਯਰਦਨ ਨਦੀ ਦੇ ਵਿਚਕਾਰੋਂ, ਪਹਾੜਾਂ ਦੇ ਨਾਲ ਨਾਲ ਉਦੋਂ ਤਕ ਟੁਰਦੀਆਂ ਰਹੀਆਂ ਜਦੋਂ ਤੀਕ ਕਿ ਉਹ ਨਓਮੀ ਦੇ ਪੁਰਾਣੇ ਪਿੰਡ ਬੈਤਲਹਮ ਵਿਚ ਨਾ ਪੁਜੀਆਂ।

ਇਹ ਵਾਢੀ ਦਾ ਵੇਲਾ ਸੀ ਜਦੋਂ ਉਹ ਬੈਤਲਹਮ ਪੁੱਜੀਆਂ ਤੇ ਰੂਥ ਨੇ ਜਾਂਦਿਆਂ ਹੀ ਪੈਲੀਆਂ ਵਿਚ ਜਾਣ ਤੇ ਕੰਮ ਕਰਨ ਦੀ ਆਗਿਆ ਮੰਗੀ ਤਾਂ ਜੋ ਉਹ ਆਪਣੇ ਨਿਰਬਾਹ ਲਈ ਕੁਝ ਖ਼ੁਰਾਕ ਤੇ ਰਕਮ ਕਮਾਵੇ।

ਉਸ ਦੇਸ਼ ਵਿਚ ਇਹ ਰਵਾਜ ਸੀ ਕਿ ਕਟਾਵੇ ਪੈਲੀ ਵਿਚ ਕੁਝ ਅਨਾਜ ਬਾਕੀ ਛੱਡ ਦੇਣ ਤਾਂ ਗ਼ਰੀਬ ਲੋਕ ਆਉਣ ਤੇ ਉਸ ਨੂੰ ਇਕੱਠਾ ਕਰ ਲੈਣ। ਰੂਥ ਖੇਤਾਂ ਵਿਚ ਅਨਾਜ ਕੱਠਾ ਕਰਨ ਗਈ ਤੇ ਇਕ ਦਿਨ ਅਜੇਹੀ ਗੱਲ ਬਣੀ ਕਿ ਉਹ ਨਓਮੀ ਦੇ ਇਕ ਅਮੀਰ ਸਬੰਧੀ, ਬੋਅਜ਼ ਦੇ ਖੇਤ 'ਚ ਜਾ ਪੁਜੀ ਤੇ ਬੱਲੀਆਂ ਕਠਿਆਂ ਕਰਨ ਲਗੀ।

ਜਦ ਬੋਅਜ਼ ਖੇਤ ਵਿਚ ਆਇਆ ਉਹਨੇ ਕਾਮਿਆਂ ਨੂੰ ਆਖਿਆ ਪਰਮੇਸੁਰ ਤੁਹਾਡੀ ਸਹਾਇਤਾ ਕਰੇ। ਕਾਮਿਆਂ ਨੇ ਕੰਮ ਛੱਡ ਦਿੱਤਾ, ਪ੍ਰਨਾਮ ਕੀਤਾ ਤੇ ਬੋਲੇ, "ਪਰਮੇਸੁਰ ਤੁਹਾਡੇ ਤੇ ਵੀ ਮਿਹਰ ਕਰੇ।" ਜਦੋਂ ਰੂਥ ਨੇ ਇਹ ਗੱਲ ਸੁਣੀ ਉਹ ਪ੍ਰਸੰਨ ਹੋਈ ਕਿਉਂ ਜੋ ਉਸ ਨੂੰ ਵਿਸ਼ਵਾਸ ਸੀ ਕਿ ਲੋਕਾਂ ਨੂੰ ਉਸ ਰੱਬ ਕੋਲੋਂ ਬਰਕਤਾਂ ਮੰਗਣੀਆਂ ਚਾਹੀਦੀਆਂ ਹਨ ਜਿਸ ਬਾਰੇ ਨਓਮੀ ਨੇ ਦਸਿਆ

Digitized by Panjab Digital Library | www.panjabdigilib.org

ਸੀ ਕਿ ਇਸਰਾਈਲ 'ਤੇ ਰਾਜ ਕਰਦਾ ਹੈ । ਤਦੋਂ ਬੋਅਜ਼ ਨੇ ਰੂਥ ਨੂੰ ਵੇਖਿਆ ਤੇ ਪੁਛਿਆ ਕਿ ਉਹ ਕੌਣ ਹੈ । ਆਦਮੀਆਂ ਨੇ ਉਸ ਨੂੰ ਦਸਿਆ ਕਿ ਉਹ ਨਓਮੀ ਦੀ ਨੂੰਹ ਹੈ ਜੋ ਦੂਰ ਦੁਰਾਡਿਉਂ ਆਪਣੇ ਦੇਸ਼ ਵਿਚ ਵਾਪਸ ਆ ਗਈ ਹੈ । ਬੋਅਜ ਰੂਥ ਕੋਲ ਗਿਆ ਤੇ ਕਿਹਾ ਕਿ ਉਹ ਹੋਰ ਖੇਤਾਂ ਵਿਚ ਨਾ ਜਾਇਆ ਕਰੇ ਸਗੋਂ ਉਸ ਦੇ ਖੇਤਾਂ ਵਿਚ ਰਹੇ ਅਤੇ ਜਦੋਂ ਤ੍ਰੇਹ ਲੱਗੇ ਤਾਂ ਉਹੀਓ ਪਾਣੀ ਪੀਵੇ ਜੋ ਕਾਮਿਆਂ ਲਈ ਲਿਆਇਆ ਜਾਂਦਾ ਹੈ । ਜਦੋਂ ਕੰਮ ਬੰਦ ਹੋਇਆ ਤੇ ਖਾਣ ਪੀਣ ਦਾ ਸਮਾਂ ਆਇਆ, ਬੋਅਜ਼ ਨੇ ਰੂਥ ਨੂੰ ਖਾਣ ਲਈ ਰੋਟੀ ਦਿੱਤੀ ਤੇ ਕਿਹਾ ਕਿ ਉਹ ਉਸ ਦੇ ਆਦਮੀਆਂ ਨਾਲ ਬਰਾਬਰ ਹਿੱਸਾ ਲਵੇ ।

ਰੂਥ ਨੇ ਬੋਅਜ਼ ਨੂੰ ਪ੍ਰਨਾਮ ਕੀਤਾ ਤੇ ਪੁਛਿਆ ਕਿ ਇਕ ਦੂਰ ਦੀ ਪਰਦੇਸਣ ਤੇ ਇੰਨਾ ਦਿਆਵਾਨ ਕਿਉਂ ਹੈ । ਬੋਅਜ਼ ਉੱਤਰ ਦਿੱਤਾ ਕਿ ਮੈਂ ਤੇਰੇ ਉਸ ਪਿਆਰ ਤੇ ਮਿਹਰਬਾਨੀ ਬਾਰੇ ਸੁਣਿਆ ਹੋਇਆ ਹੈ, ਜੋ ਤੂੰ ਆਪਣੀ ਸੱਸ ਨਓਮੀ ਨਾਲ ਰੱਖਦੀ ਹੈਂ ਤੇ ਨਓਮੀ ਮੇਰੀ ਰਿਸ਼ਤੇਦਾਰ ਹੈ ਤੇ ਆਖਿਆ ਕਿ ਇਸਰਾਈਲ ਦਾ ਪ੍ਰਭੂ ਤੁਹਾਨੂੰ ਇਸ ਦਾ ਚੰਗਾ ਫਲ ਦੇਵੇ ।

ਰੂਥ ਨੇ ਸਾਰਾ ਦਿਨ ਸਖਤ ਕੰਮ ਕੀਤਾ ਤੇ ਬਹੁਤ ਸਾਰੇ ਦਾਣੇ ਇਕੱਠੇ ਕੀਤੇ, ਤਿਰਕਾਲਾਂ ਨੂੰ ਉਹ ਅਨਾਜ ਸਾਫ਼ ਕਰਕੇ ਆਪਣੀ ਸੱਸ ਕੋਲ ਘਰ ਲੈ ਗਈ । ਰੂਥ ਬੋਅਜ਼ ਦੇ ਖੇਤ ਵਿਚ ਫਸਲ ਦੇ ਅੰਤ ਤੀਕ ਕੰਮ ਕਰਦੀ ਰਹੀ । ਤਦੋਂ ਬੋਅਜ਼ ਕੋਲ ਗਈ ਤੇ ਆਖਿਆ, "ਜੇਕਰ ਤੁਸੀਂ ਮੇਰੇ ਤੇ ਮਿਹਰਬਾਨ ਹੋ ਤਾਂ ਮੇਰੀ ਸਹਾਇਤਾ ਕਰੋ ਕਿਉਂ ਜੋ ਤੁਸੀਂ ਮੇਰੇ ਗੂੜ੍ਹੇ ਸੰਬੰਧੀ ਹੋ" ਤੇ ਬੋਅਜ਼ ਨੇ ਉੱਤਰ ਦਿੱਤਾ, ਪਰਮੇਸੁਰ ਦੀ ਮਿਹਰ ਹੋਵੇ ਮੈਂ ਉਹ ਸਭੋ ਕੁਝ ਕਰਾਂਗਾ ਜੋ ਮੈਨੂੰ ਕਹੋਗੇ ।"

ਹੁਣ ਗੱਲ ਇਉਂ ਹੋਈ ਕਿ ਬੋਅਜ਼ ਰੂਥ ਨੂੰ ਪਿਆਰ ਕਰਨ ਲਗ ਪਿਆ ਤੇ ਇਸਰਾਈਲ ਦੇ ਰਸਮ ਰਿਵਾਜ ਅਨੁਸਾਰ ਉਸ ਨੂੰ ਆਪਣੀ ਪਤਨੀ ਬਣਾ ਲਿਆ । ਨਓਮੀ ਭੀ ਉਨ੍ਹਾਂ ਨਾਲ ਉਨ੍ਹਾਂ ਦੇ ਨਵੇਂ ਘਰ ਵਿਚ ਰਹਿਣ ਲਗ ਪਈ ਤੇ ਰੂਥ ਤੇ ਉਹਦੀ ਸੱਸ ਇਕੱਠੀਆਂ ਪਿਆਰ ਤੇ ਖੁਸ਼ੀ ਨਾਲ ਰਹਿਣ ਲੱਗੀਆਂ ।

ਜਦੋਂ ਬੋਅਜ਼ ਤੇ ਰੂਥ ਦੇ ਘਰ ਪੁਤਰ ਨੇ ਜਨਮ ਲਿਆ ਤਾਂ ਉਨ੍ਹਾਂ ਨੇ ਉਸ ਦਾ ਨਾਮ ਉਬੇਦ ਰਖਿਆ । ਉਬੇਦ ਇਕ ਵੱਡਾ ਧਰਮਾਤਮਾ ਆਦਮੀ ਬਣਿਆ ਤੇ ਮਗਰੋਂ ਯੱਸੀ ਦਾ ਪਿਉ ਬਣਿਆ । ਯੱਸੀ ਦਾਊਦ ਦਾ ਪਿਉ ਸੀ ਜਿਹੜਾ ਇਸਰਾਈਲ ਦਾ ਰਾਜਾ ਬਣਿਆ । ਸੋ ਇਹ ਉਹੋ ਰੂਥ ਸੀ ਜਿਸ ਨੇ ਆਪਣੀ ਸੱਸ ਦੇ ਪਿਆਰ ਕਰਕੇ ਆਪਣਾ ਦੇਸ਼ ਛਡਿਆ ਤੇ ਇਸਰਾਈਲ ਦਾ ਪਰਮੇਸੁਰ ਕਬੂਲ ਕੀਤਾ ਤੇ ਇਸ ਤਰ੍ਹਾਂ "ਰਾਜਿਆਂ ਦੀ ਮਾਤਾ" ਅਖਵਾਈ ।

ਵਿਵੇਚਨ :

ਇਹ ਕਿਸੇ ਅਨਾਮ ਲੇਖਕ ਦੀ ਰਚਨਾ ਹੈ ।

ਇਸ ਕਹਾਣੀ ਵਿਚ ਬਿਆਨੀ ਘਟਨਾ ਬਾਈਬਲ ਵਿਚੋਂ ਲਈ ਗਈ ਹੈ, ਪਰ ਇਸ ਦੇ ਲੇਖਕ ਦੀ ਦੇਣ ਇਸ ਗੱਲ ਵਿਚ ਹੈ ਕਿ ਉਸ ਨੇ ਇਸ ਨੂੰ ਇਕ ਚੰਗੀ ਨਿੱਕੀ ਕਹਾਣੀ ਦੇ ਰੂਪ ਵਿਚ ਢਾਲ ਦਿੱਤਾ ਹੈ । ਸ਼ਿਲਪ ਦੀ ਦ੍ਰਿਸ਼ਟੀ ਤੋਂ ਵੇਖਿਆਂ ਇਸ ਕਹਾਣੀ ਦੇ ਗੁਣ ਸਪਸ਼ਟ ਝਲਕਦੇ ਦਿਖਾਈ ਦਿੰਦੇ ਹਨ । ਕਹਾਣੀ ਦਾ ਆਰੰਭ ਬੜਾ ਨਾਟਕੀ ਤੇ ਝਟਪਟਾ (Abrupt) ਹੈ ਅਤੇ ਇਹ ਇਕ

Digitized by Panjab Digital Library | www.panjabdigilib.org

ਵਾਰਤਾਲਾਪ ਨਾਲ ਆਰੰਭ ਹੁੰਦੀ ਹੈ । ਇਸ ਦੇ ਮੁਖ ਪਾਤਰ ਨਓਮੀ, ਰੂਥ ਤੇ ਓਰਫ਼ਾ ਕਹਾਣੀ ਦੇ ਆਰੰਭ ਵਿਚ ਹੀ ਪਾਠਕਾਂ ਨਾਲ ਪਰਿਚਿਤ ਕਰਵਾ ਦਿੱਤੇ ਗਏ ਹਨ । ਹਰ ਪਾਤਰ ਦੇ ਵਿਅਕਤਿਤ੍ਵ ਵਿਚ ਵਿਲੱਖਣਤਾ ਹੈ । ਰੂਥ ਇਸ ਕਹਾਣੀ ਦੀ ਨਾਇਕਾ ਹੈ । ਲੇਖਕ ਨਿੱਕੀਆਂ ਨਿੱਕੀਆਂ ਬੁਰਸ਼-ਛੋਹਾਂ ਨਾਲ ਇਸ ਦੇ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਦਾ ਵਰਣਨ ਕਰਦਾ ਹੈ । ਰੂਥ ਆਪਣੀ ਸੱਸ ਨਾਲ ਇਤਨਾ ਪਿਆਰ ਕਰਦੀ ਹੈ ਕਿ ਇਕ ਪਲ ਲਈ ਵੀ ਉਸ ਤੋਂ ਵਿਛੜਨ ਲਈ ਤਿਆਰ ਨਹੀਂ ਹੁੰਦੀ । ਮਜਬੂਰ ਹੋ ਕੇ ਨਓਮੀ ਨੂੰ ਰੂਥ ਨੂੰ ਆਪਣੇ ਨਾਲ ਹੀ ਲਿਜਾਣਾ ਪੈਂਦਾ ਹੈ । ਦੂਜੇ ਪਾਸੇ ਓਰਫਾ ਆਪਣੀ ਸੱਸ ਨੂੰ ਛੱਡ ਕੇ ਚਲੀ ਜਾਂਦੀ ਹੈ । ਸ਼ਖਸੀਅਤ ਦੀ ਇਹ ਵਿਸ਼ੇਸ਼ਤਾ ਰੂਥ ਨੂੰ ਓਰਫ਼ਾ ਨਾਲੋਂ ਨਿਖੇੜਦੀ ਹੈ । ਰੂਥ ਤੇ ਨਓਮੀ ਨੂੰ ਬੈਤਲਹਮ ਲਿਜਾ ਕੇ ਇਸ ਕਹਾਣੀ ਦਾ ਲੇਖਕ ਬੜੀ ਹੁਸ਼ਿਆਰੀ ਨਾਲ ਬੋਅਜ਼ ਪਾਤਰ ਨੂੰ ਸਾਹਮਣੇ ਲਿਆਉਂਦਾ ਹੈ, ਜਿਸ ਦਾ ਕਹਾਣੀ ਵਿਚ ਵਿਸ਼ੇਸ਼ ਮਹੱਤਵ ਹੈ ।

ਲੇਖਕ ਨੇ ਕਹਾਣੀ ਵਿਚ ਕਈ ਮਨੋਵਿਗਿਆਨਕ ਛੋਹਾਂ ਵੀ ਦਿੱਤੀਆਂ ਹਨ । ਜਦੋਂ ਰੂਥ ਤੇ ਬੋਅਜ਼ ਦਾ ਪਹਿਲਾ ਮੇਲ ਖੇਤਾਂ ਵਿਚ ਹੁੰਦਾ ਹੈ, ਤਾਂ ਬੋਅਜ਼ ਰੂਥ ਨੂੰ ਕਈ ਪ੍ਰਕਾਰ ਦੀਆਂ ਰਿਆਇਤਾਂ ਦੇ ਦਿੰਦਾ ਹੈ । ਜਦੋਂ ਉਹ ਇਸ ਵਿਸ਼ੇਸ਼ ਕਿਰਪਾ ਦਾ ਕਾਰਣ ਪੁੱਛਦੀ ਹੈ, ਤਾਂ ਉਹ ਬੜਾ ਸਿੱਧਾ ਤੇ ਸਪਸ਼ਟ ਜਵਾਬ ਦਿੰਦਾ ਹੈ, ਕਿਉਂਕਿ ਉਹ ਆਪਣੀ ਸੱਸ ਨਾਲ ਬੜਾ ਚੰਗਾ ਸਲੂਕ ਕਰਦੀ ਹੈ ਇਸ ਲਈ ਉਸ ਨੇ ਇਹ ਕਿਰਪਾ ਕੀਤੀ ਹੈ । ਇਹ ਇਕ ਮਨੋਵਿਗਿਆਨਕ ਸੱਚ ਹੈ ਕਿ ਔਰਤ ਦੀ ਸਭ ਤੋਂ ਵੱਡੀ ਕਮਜ਼ੋਰੀ ਉਦੋਂ ਪ੍ਰਗਟ ਹੁੰਦੀ ਹੈ, ਜਦੋਂ ਕੋਈ ਉਸ ਦੀ ਸਿਫ਼ਤ ਕਰ ਦੇਵੇ । ਰੂਥ ਉਤੇ ਵੀ ਕੁਝ ਇਹੋ ਜਿਹਾ ਪ੍ਰਤਿਕਰਮ ਹੁੰਦਾ ਹੈ ਅਤੇ ਉਹ ਅੰਤ ਵਿਚ ਬੋਅਜ਼ ਨਾਲ ਵਿਆਹ ਕਰ ਲੈਂਦੀ ਹੈ ।

ਕਥਾਨਕ ਦੀ ਦ੍ਰਿਸ਼ਟੀ ਤੋਂ ਵੇਖਿਆਂ ਵੀ ਲੇਖਕ ਸਾਡੀ ਸ਼ਲਾਘਾ ਦਾ ਪਾਤਰ ਬਣਦਾ ਹੈ । ਕਥਾਨਕ ਨੂੰ ਚੰਗੀ ਤਰ੍ਹਾਂ ਗੁੰਦਿਆ ਗਇਆ ਹੈ । ਅਜਿਹੀਆਂ ਘਟਨਾਵਾਂ ਜਿਨ੍ਹਾਂ ਦੇ ਵਰਣਨ ਦੀ ਆਵੱਸ਼ਕਤਾ ਨਹੀਂ ਸੀ, ਉਨ੍ਹਾਂ ਵਲ ਸੰਕੇਤ ਹੀ ਕੀਤਾ ਹੈ । ਪ੍ਰਮਾਣ ਵਜੋਂ ਲੇਖਕ ਨੇ ਇਹ ਪ੍ਰਸੰਗ ਨਹੀਂ ਦਸਿਆ ਕਿ ਨਓਮੀ ਦਾ ਪਤੀ ਕੌਣ ਸੀ ਅਤੇ ਉਹ ਆਪਣਾ ਘਰ ਛੱਡਣ ਉਤੇ ਕਿਉਂ ਮਜਬੂਰ ਹੋ ਗਈ ਆਦਿਕ । ਸ਼ਾਇਦ ਲੇਖਕ ਨੂੰ ਇਸ ਗੱਲ ਦਾ ਪਤਾ ਸੀ ਕਿ ਨਿੱਕੀ ਕਹਾਣੀ ਵਾਧੂ ਗੱਲਾਂ ਦਾ ਭਾਰ ਨਹੀਂ ਸਹਾਰ ਸਕਦੀ । ਕਹਾਣੀ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਤੇ ਤਰਕਸ਼ੀਲ ਹੈ । ਨਹੀਂ ਤਾਂ ਆਮ ਤੌਰ ਤੇ ਅਜਿਹੀਆਂ ਕਹਾਣੀਆਂ ਚਮਤਕਾਰੀ ਅੰਸ਼ਾਂ ਨਾਲ ਭਰਪੂਰ ਹੁੰਦੀਆਂ ਹਨ, ਜਿਵੇਂ ਮਿਸ਼ਨਰੀਆਂ ਦੁਆਰਾ ਰਚਿਤ ਬਾਈਬਲ ਉਤੇ ਆਧਾਰਿਤ 'ਪਹਿਲੀ ਵੱਡੀ ਵਰਖਾ', 'ਇਕ ਸੁੰਦਰ ਬਾਗ਼' ਤੇ 'ਸ੍ਰਿਸ਼ਟੀ ਦੀ ਰਚਨਾ' ਆਦਿਕ ਕਹਾਣੀਆਂ ਹਨ ।

ਇਨ੍ਹਾਂ ਮਿਸ਼ਨਰੀਆਂ ਨੇ ਕੇਵਲ ਧਰਮ-ਪ੍ਰਚਾਰ ਲਈ ਹੀ ਅਜਿਹੀਆਂ ਪੁਸਤਕਾਂ ਦੀ ਰਚਨਾ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਵਿੱਦਿਅਕ ਕੰਮਾਂ ਵਲ ਵੀ ਯੋਗ ਧਿਆਨ ਦਿੱਤਾ ਹੈ । ਉਹ ਆਪ ਵਿੱਦਿਆ-ਪ੍ਰੇਮੀ ਸਨ ਅਤੇ ਉਨ੍ਹਾਂ ਨੇ ਸਾਰੇ ਭਾਰਤ ਵਿਚ ਅਨੇਕਾਂ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ । ਸਰ ਜਾਰਜ ਐਂਡਰਸਨ ਦੇ ਕਥਨ ਅਨੁਸਾਰ ਸੀਰਾਮਪੁਰ ਦੇ ਬੈਪਟਿਸਟ ਮਿਸ਼ਨਰੀਆਂ ਨੇ

Digitized by Panjab Digital Library | www.panjabdigilib.org

ਪਹਿਲੀ ਵਾਰੀ ਅੰਗ੍ਰੇਜ਼ੀ ਵਿੱਦਿਆ ਭਾਰਤ ਵਿਚ ਆਰੰਭ ਕੀਤੀ ।[1] ਇਸ ਤੋਂ ਇਲਾਵਾ ਉਨ੍ਹਾਂ ਨੇ ਭਾਰਤ ਦੀਆਂ ਪ੍ਰਾਂਤਿਕ ਭਾਸ਼ਾਵਾਂ ਵਿਚ ਕਈ ਪਾਠ-ਪੁਸਤਕਾਂ ਦੀ ਰਚਨਾ ਕੀਤੀ । ਪੰਜਾਬੀ ਭਾਸ਼ਾ ਵਿਚ ਪ੍ਰਾਇਮਰੀ ਦੇ ਬੱਚਿਆਂ ਲਈ ਅਜਿਹੀ ਹੀ ਇਕ ਪੁਸਤਕ 'ਗਿਆਨ ਦੀਪਕਾ' ਕਰਿਸਚਿਅਨ ਲਿਟਰੇਰੀ ਸੋਸਾਇਟੀ ਫਾਰ ਇੰਡੀਆ ਨੇ 1912 ਈ: ਵਿਚ ਪ੍ਰਕਾਸ਼ਿਤ ਕੀਤੀ । ਇਸ ਪੁਸਤਕ ਵਿਚ ਕਈ ਨਿੱਕੀਆਂ ਨਿੱਕੀਆਂ ਬਾਤਾਂ, ਪਸ਼ੂ-ਕਹਾਣੀਆਂ ਤੇ ਹੋਰ ਸਿੱਖਿਆਦਿਕ ਕਹਾਣੀਆਂ ਸੰਕਲਿਤ ਹਨ । ਇਸ ਤੋਂ ਇਲਾਵਾ ਉਨ੍ਹਾਂ ਨੇ ਕੁਝ ਇਕ ਕਹਾਣੀਆਂ ਲਿਖੀਆਂ । 'ਫੁੱਲ' ਤੇ 'ਫੁਲਵਾੜੀ' ਫ਼ਾਰਸੀ ਲਿੱਪੀ ਵਿਚ ਪ੍ਰਕਾਸ਼ਿਤ ਹੋਏ ਅਜਿਹੇ ਹੀ ਦੋ ਪੰਜਾਬੀ ਕਹਾਣੀ-ਸੰਗ੍ਰਹਿ ਹਨ । ਇਨ੍ਹਾਂ ਵਿਚੋਂ 'ਫੁੱਲ' ਕਹਾਣੀ-ਸੰਗ੍ਰਹਿ ਮਸ਼ਾਲ ਪ੍ਰਿੰਟਿੰਗ ਪ੍ਰੈਸ, ਖਰੜ ਦੁਆਰਾ ਗੁਰਮੁਖੀ ਲਿੱਪੀ ਵਿਚ ਵੀ ਮੁਦ੍ਰਿਤ ਕੀਤਾ ਗਇਆ ਹੈ । 'ਫੁਲਵਾੜੀ' ਸੰਗ੍ਰਹਿ ਸਾਨੂੰ ਪ੍ਰਾਪਤ ਨਹੀਂ ਹੋ ਸਕਿਆ । 'ਫੁੱਲ' ਸੰਗ੍ਰਹਿ ਦੀ ਇਕ ਕਹਾਣੀ 'ਮਾਰ ਵੱਡੀ ਕਿ ਪਿਆਰ' ਵਿਚ ਇਕ ਅਜਿਹੇ ਖਾਵੰਦ ਤੇ ਪਤਨੀ ਦਾ ਹਾਲ ਵਰਣਨ ਕੀਤਾ ਗਇਆ ਹੈ, ਜਿਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਹੋਈ ਅਤੇ ਇਸੇ ਦੁਖੋਂ ਉਨ੍ਹਾਂ ਦਾ ਜੀਵਨ ਨਰਕ ਬਣ ਚੁੱਕਾ ਹੈ । ਜਦੋਂ ਉਨ੍ਹਾਂ ਦੇ ਘਰ ਬੱਚਾ ਪੈਦਾ ਹੁੰਦਾ ਹੈ, ਤਾਂ ਉਹ ਬਹੁਤ ਲਾਡ-ਪਿਆਰ ਸਦਕਾ ਵਿਗੜ ਕੇ ਘਰ ਵਾਲਿਆਂ ਲਈ ਇਕ ਦੁਖਾਂਤ ਦਾ ਕਾਰਣ ਬਣ ਜਾਂਦਾ ਹੈ । ਇਹ ਇਸ ਸੰਗ੍ਰਹ ਦੀ ਸਭ ਤੋਂ ਉੱਤਮ ਕਹਾਣੀ ਹੈ, ਜਿਸ ਨੂੰ ਪੜ੍ਹਨ ਮਗਰੋਂ ਗਿਆਤ ਹੋ ਜਾਂਦਾ ਹੈ ਕਿ ਕਿਵੇਂ ਪੰਜਾਬੀ ਕਹਾਣੀ ਆਪਣੇ ਆਧੁਨਿਕ ਰੂਪ ਵਲ ਆਉਂਦੀ ਗਈ । ਆਧੁਨਿਕ ਕਹਾਣੀ-ਕਲਾ ਦੀ ਕਸੌਟੀ ਉਤੇ ਪਰਖਣ ਲਈ ਇਹ ਕਹਾਣੀ ਇਥੇ ਪੇਸ਼ ਕਰਨੀ ਯੋਗ ਹੋਵੇਗੀ ।

ਮੂਲ ਕਥਾ :

"ਸੁਲਤਾਨ ਬੜਾ ਮਿਹਨਤੀ ਤੇ ਦਿਆਨਤਦਾਰ ਆਦਮੀ ਸੀ । ਉਹਦੇ ਘਰ ਵਾਲੀ ਵੀ ਚੰਗੀ ਦਾਨੀ ਤੀਵੀਂ ਸੀ । ਅੱਧੀ ਉਮਰ ਲੰਘ ਗਈ ਪਰ ਅਜੇ ਤਾਈਂ ਰੱਬ ਨੇ ਉਹਨਾਂ ਦਾ ਘਰ ਰੌਸ਼ਨ ਨਹੀਂ ਸੀ ਕੀਤਾ । ਇਕ ਦਿਨ ਸੁਲਤਾਨ ਨੇ ਸ਼ੀਸ਼ੇ ਵਿਚ ਵੇਖਿਆ, ਉਹਦੇ ਸਿਰ ਵਿਚ ਕੋਈ ਕੋਈ ਧੌਲਾ ਪਿਆ ਉੱਗਦਾ ਸੀ । ਅੰਦਰ ਭਾਂਬੜ ਬਲ ਉਠਿਆ । ਘੁਮੇਰ ਖਾ ਕੇ ਜਿੱਥੇ ਸੀ, ਉਹ ਮੁੜ ਉਥੇ ਹੀ ਬੈਠ ਗਿਆ । ਰੱਬ ਦਾ ਦਿੱਤਾ ਘਰ ਵਿਚ ਸਭ ਕੁਝ ਸੀ, ਪਰ ਇਕ ਮਿੱਠੀ ਮੁਰਾਦ ਬਿਨਾਂ ਉਹਨੂੰ ਜ਼ਿੰਦਗੀ ਕੌੜੀ ਕੌੜੀ ਜਾਪਦੀ ਸੀ । ਕੋਈ ਚੀਜ਼ ਨਹੀਂ ਸੀ ਭਾਉਂਦੀ । ਆਖ਼ਰ ਰੱਬ ਨੇ ਤਰਸ ਦੀ ਨਿਗਾਹ ਕੀਤੀ ਤੇ ਉਹਨਾਂ ਦੇ ਮੁੰਡਾ ਹੋਇਆ । ਮੁੰਡੇ ਦਾ ਨਾਮ ਉਨ੍ਹਾਂ ਨੇ ਲਾਲ ਰੱਖਿਆ । ਲਾਲ ਸੱਚੀ ਮੁੱਚੀਂ ਦਾ ਲਾਲ ਸੀ । ਮੁੰਡਾ ਕਾਹਦਾ ਸੀ, ਚੰਨ ਦਾ ਟੁਕੜਾ ਈ ਸੀ ।

ਪਿਉ ਨੂੰ ਇਹ ਈ ਚਾਅ ਸੀ ਪਈ ਪੁੱਤ ਵਾਸਤੇ ਖ਼ਰਚ ਈ ਕਰਦਾ ਰਹੇ । ਮਾਂ ਵੀ ਮੁੰਡੇ ਤੋਂ ਪਾਣੀ ਵਾਰ ਵਾਰ ਪੀਂਦੀ ਸੀ । ਹਰ ਵੇਲੇ ਦੋਹੇਂ ਜੀਅ ਕੁਰਬਾਨ ਹੋ ਹੋ ਜਾਂਦੇ ਸਨ । ਐਸ ਲਾਡ ਪਿਆਰ ਨੇ ਲਾਲ ਨੂੰ ਖਰੂਦੀ ਤੇ ਪੱਕਾ ਇੱਲਤੀ ਬਣਾ ਦਿੱਤਾ । ਜਿਹੜੀ ਚੀਜ ਹੱਥ ਆਉਂਦੀ ਸੀ, ਭੰਨ ਤੋੜ ਕੇ ਉਹਦੀਆਂ ਕਈ ਚੀਜ਼ਾਂ ਬਣਾ ਦਿੰਦਾ ਸੀ । ਆਖਰ ਪਿਉ ਨੂੰ ਉਹਦੇ ਸੁਧਾਰ

---

1. Blunt, Sir Edward, Social Service in India, p. 247.

Digitized by Panjab Digital Library | www.panjabdigilib.org



ਵਿਲੀਅਮ ਕੇਰੀ

ਜਾਨ ਨਿਊਟਨ

ਜਾਨ ਵਿਲਸਨ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਦਾ ਖਿਆਲ ਹੋਇਆ। ਗੱਲ ਗੱਲ ਤੇ ਟੋਕਣ ਲੱਗਾ। ਆਖਦੇ ਨੇ ਵਾਹੁੜੀਆਂ ਸਜਾਦੜੀਆਂ ਜਾਨ ਸਿਰਾਂ ਦੇ ਨਾਲ !

ਇਕ ਦਿਨ ਲਾਲ ਬੈਠਾ ਵਿਹੜੇ ਵਿੱਚ ਖੇਡਦਾ ਸੀ। ਪਿਉ ਬੈਠਾ ਹੁੱਕਾ ਪੀਂਦਾ ਸੀ। ਤੇ ਮਾਂ ਚੌਲ ਕਲਾਉਂਦੀ ਸੀ। ਲਾਲ ਕੱਚ ਦੇ ਟੁਕੜੇ ਨਾਲ ਭੋਂਹ ਤੇ ਲਕੀਰਾਂ ਕਰਦਾ ਸੀ। ਬੈਠਿਆਂ ਓਨ ਵਿਗਾਹ ਕੇ ਉਹ ਕੱਚ ਦਾ ਟੁਕੜਾ ਮਾਰਿਆ। ਮਾਂ ਦੇ ਮੱਥੇ ਵਿਚ ਲੱਗਾ। ਲਹੂ ਦੀ ਭੂਕਨੀ ਛੁਟ ਪਈ। ਪਿਉ ਨੇ ਜਾਂ ਵੇਖਿਆ ਤੇ ਲਾਲ ਪੀਲਾ ਹੋ ਗਿਆ। ਅੱਖੀਆਂ ਵਿਚ ਲਹੂ ਉਤਰ ਆਇਆ। ਕੜਕ ਕੇ ਬੋਲਿਆ ਤੇ ਛਿੱਤਰ ਫੜ ਕੇ ਮੁੰਡੇ ਵਲ ਹੋਇਆ। ਲਾਲ ਦਾ ਸਰੀਰ ਕੰਬ ਗਿਆ। ਉੱਚੀ ਉੱਚੀ ਚੀਕਾਂ ਮਾਰਨ ਲੱਗ ਪਿਆ। ਸੁਲਤਾਨ ਨੇ ਵਹੁਟੀ ਵਲ ਵੇਖਿਆ। ਉਹ ਤਰਸ ਦੀਆਂ ਅੱਖਾਂ ਨਾਲ ਮੁੰਡੇ ਵਲ ਵੇਖਦੀ ਸੀ। ਤੇ ਅੱਖਾਂ ਵਿਚੋਂ ਮੋਟੇ ਮੋਟੇ ਅੱਥਰੂ ਪਏ ਕਿਰਦੇ ਸਨ। ਇਹ ਵੇਖ ਕੇ ਸੁਲਤਾਨ ਨੂੰ ਕੋਈ ਪਿਛਲੀ ਗੱਲ ਯਾਦ ਆਈ। ਕਿਸੇ ਸੋਚੇ ਪੈ ਗਿਆ। ਜੁੱਤੀ ਆਪਨੇ ਆਪ ਹੱਥੋਂ ਡਿਗ ਪਈ ਤੇ ਲਾਲ "ਮ ਮ ਮਾਂ, ਹਾ ਹਾ ਹੁਨ ਨਹੀਂ ਕਰਦਾ" ਆਖ ਕੇ ਮਾਂ ਨੂੰ ਚੰਬੜ ਗਿਆ। ਤੇ ਮਾਂ ਨੇ ਉਹਨੂੰ ਕਲੇਜੇ ਨਾਲ ਲਾ ਲਿਆ। ਲਾਲ ਹੁਨ ਖਰੂਦ ਨਹੀਂ ਕਰਦਾ।[1]

ਵਿਵੇਚਨ :

ਉਪਰੋਕਤ ਕਹਾਣੀ ਦਾ ਵਿਸ਼ਾ ਸਮਾਜਕ ਹੈ। ਲੇਖਕ ਇਹ ਦੱਸਦਾ ਹੈ ਕਿ ਬੱਚਿਆਂ ਨੂੰ ਮਾਰਨ ਕੁੱਟਣ ਨਾਲ ਉਨ੍ਹਾਂ ਨੂੰ ਨਹੀਂ ਸੁਧਾਰਿਆ ਜਾ ਸਕਦਾ, ਸਗੋਂ ਪਿਆਰ ਨਾਲ ਉਨ੍ਹਾਂ ਵਿਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਪਿਆਰ ਵਿਚ ਮਾਰ ਨਾਲੋਂ ਵਧੇਰੇ ਸ਼ਕਤੀ ਹੈ। ਕਹਾਣੀ ਦਾ ਬਾਲ ਨਾਇਕ ਲਾਲ ਮਾਂ ਬਾਪ ਦੇ ਬਹੁਤੇ ਲਾਡ ਪਿਆਰ ਕਰਕੇ ਵਿਗੜ ਗਇਆ ਹੈ। ਇਕ ਦਿਨ ਖੇਡਦਾ ਖੇਡਦਾ ਸ਼ੀਸ਼ੇ ਦੀ ਕੋਈ ਵਸਤੂ ਵਗਾਹ ਮਾਰਦਾ ਹੈ, ਜੋ ਉਸ ਦੀ ਮਾਂ ਦੇ ਮੱਥੇ ਵਿਚ ਲੱਗਦੀ ਹੈ। ਬਾਪ ਗੁੱਸੇ ਵਿਚ ਪਾਗਲ ਹੋ ਕੇ ਉਸ ਨੂੰ ਮਾਰਨ ਲਈ ਅੱਗੇ ਵਧਦਾ ਹੈ, ਪਰ ਆਪਣੀ ਪਤਨੀ ਦੀਆਂ ਅੱਖਾਂ ਵਿਚ ਮਮਤਾ ਦੇ ਅੱਥਰੂ ਡਲ੍ਹਕਦੇ ਵੇਖ ਕੇ ਰੁਕ ਜਾਂਦਾ ਹੈ। ਬੱਚੇ ਦਾ ਅੰਤਰਤਮ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਦਾ ਹੈ ਅਤੇ ਉਹ ਆਪਣੀ ਮਾਂ ਦੀ ਛਾਤੀ ਨਾਲ ਲੱਗ ਕੇ ਅੱਗੋਂ ਤੋਂ ਸ਼ਰੀਫ ਬਣਨ ਦਾ ਇਕਰਾਰ ਕਰਦਾ ਹੈ। ਇਸ ਘਟਨਾ ਮਗਰੋਂ ਉਹ ਬਿਲਕੁਲ ਬਦਲ ਗਇਆ ਹੈ। ਲੇਖਕ ਇਸ ਲਘੂ ਕਥਾ ਦੁਆਰਾ ਵਿਸ਼ੇ ਨੂੰ ਪ੍ਰਸਤੁਤ ਕਰਨ ਤੇ ਨਿਬਾਹੁਣ ਵਿਚ ਸਫ਼ਲ ਹੋਇਆ ਹੈ। ਇਹ ਵਿਸ਼ਾ ਸਮਾਜਕ ਮਹੱਤਵ ਰੱਖਦਾ ਹੈ : ਲੇਖਕ ਨੇ ਸੁਝਾਉ ਦਿੱਤਾ ਹੈ ਕਿ ਬਹੁਤ ਲਾਡ ਪਿਆਰ ਨਾਲ ਆਪਣੀ ਔਲਾਦ ਨੂੰ ਵਿਗਾੜਨਾ ਚੰਗਾ ਨਹੀਂ ਅਤੇ ਨਾ ਹੀ ਮਾਰਨ ਕੁੱਟਣ ਨਾਲ ਬੱਚੇ ਸੁਧਰਦੇ ਹਨ। ਪਰਿਵਾਰ ਵਿਚ ਬੱਚੇ ਦੀ ਲੋੜ ਨੂੰ ਜਿਸ ਪ੍ਰਕਾਰ ਪਤੀ ਪਤਨੀ ਅਨੁਭਵ ਕਰਦੇ ਹਨ, ਉਸ ਦਾ ਵਾਸਤਵਿਕ ਚਿੱਤਰ ਲੇਖਕ ਪ੍ਰਸਤੁਤ ਕਰ ਸਕਿਆ ਹੈ।

ਕਲਾ-ਦ੍ਰਿਸ਼ਟੀ ਤੋਂ ਕਹਾਣੀ ਦਾ ਪਲਾਟ ਇਕਹਿਰਾ ਤੇ ਬੜਾ ਸਾਦਾ ਹੈ। ਸਾਰੀ ਕਹਾਣੀ ਵਿਚ ਇਕ ਵੀ ਸ਼ਬਦ ਵਾਧੂ ਨਹੀਂ ਜਾਪਦਾ। ਸ਼ਬਦਾਂ ਦਾ ਸੰਜਮ ਤੇ ਪਲਾਟ ਦੀ ਬਣਤਰ ਇਸ

---

1. ਅਨਾਮ, 'ਫੁੱਲ' ਪੰ: 11.

Digitized by Panjab Digital Library | www.panjabdigilib.org

ਕਹਾਣੀ ਦੀਆਂ ਦੋ ਵਿਸ਼ੇਸ਼ਤਾਵਾਂ ਹਨ। ਲੇਖਕ ਪ੍ਰਭਾਵ ਦੀ ਏਕਤਾ ਕਾਇਮ ਰੱਖਣ ਵਿੱਚ ਵੀ ਸਫ਼ਲ ਹੈ, ਭਾਵੇਂ ਇਹ ਕੁਝ ਬੜੇ ਸਾਧਾਰਣ ਢੰਗ ਨਾਲ ਹੋਇਆ ਹੈ। ਗ੍ਰਹਿਸਥੀ ਦੀ ਇਕ ਸਮੱਸਿਆ ਨੂੰ ਲੈ ਕੇ ਲੇਖਕ ਨੇ ਉਸ ਦਾ ਨਿਬਾਹ ਮਨੋਵਿਗਿਆਨਕ ਤੇ ਨਾਟਕੀ ਵਿਧੀ ਨਾਲ ਕੀਤਾ ਹੈ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਸ ਕਹਾਣੀ ਵਿਚ ਕਲਾ ਦਾ ਉਹ ਕਮਾਲ ਜਾਂ ਸੂਖਮਤਾ ਨਹੀਂ, ਜਿਹੜੀ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਵਿਚ ਪਾਈ ਜਾਂਦੀ ਹੈ, ਪਰ ਇਹ ਵੀ ਨਹੀਂ ਭੁੱਲਣਾ ਚਾਹੀਦਾ, ਕਿ ਜਿਸ ਯੁਗ ਵਿਚ ਇਹ ਕਹਾਣੀ ਲਿਖੀ ਗਈ, ਉਸ ਸਮੇਂ ਤਕ ਪੰਜਾਬੀ ਕਹਾਣੀ ਨੇ ਅਜੇ ਆਧੁਨਿਕ ਰੂਪ ਗ੍ਰਹਿਣ ਨਹੀਂ ਕੀਤਾ ਸੀ।

ਇਸ ਕਹਾਣੀ ਦਾ ਕਿਸੇ ਵੀ ਤਰ੍ਹਾਂ ਈਸਾਈ ਧਰਮ ਨਾਲ ਸੰਬੰਧ ਜੁੜਿਆ ਨਹੀਂ ਜਾਪਦਾ। ਫ਼ਿਰ ਅਜਿਹੀਆਂ ਕਹਾਣੀਆਂ ਲਿਖਣ ਪਿਛੇ ਮਿਸ਼ਨਰੀਆਂ ਦਾ ਕੀ ਮੰਤਵ ਸੀ ? ਗੱਲ ਬਿਲਕੁਲ ਸਪਸ਼ਟ ਹੈ, ਮਿਸ਼ਨਰੀ ਲੇਖਕ ਆਪਣੀਆਂ ਪ੍ਰਚਾਰ-ਕਾਰਜ ਦੀਆਂ ਗਤੀਵਿਧੀਆਂ ਉਤੇ ਪਰਦਾ ਪਾਉਣ ਲਈ ਹੀ ਅਜਿਹੀਆਂ ਕਹਾਣੀਆਂ ਲਿਖਦੇ ਸਨ, ਜਿਨ੍ਹਾਂ ਵਿਚ ਸਾਡੇ ਸਮਾਜ ਦੀਆਂ ਕੁਰੀਤੀਆਂ ਤੇ ਗ਼ਲਤ ਰਸਮਾਂ ਰਿਵਾਜਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਸੀ ਅਤੇ ਉਹ ਨਰੋਈਆਂ ਕੀਮਤਾਂ ਜਨ-ਸਾਧਾਰਣ ਤਕ ਪਹੁੰਚਾਉਂਦੇ ਸਨ। ਵਾਸਤਵ ਵਿਚ ਉਨ੍ਹਾਂ ਦਾ ਮੂਲ ਮੰਤਵ ਤਾਂ ਪੰਜਾਬੀਆਂ ਦਾ ਦਿਲ ਜਿੱਤ ਕੇ ਉਨ੍ਹਾਂ ਨੂੰ ਈਸਾਈ ਧਰਮ ਵਲ ਪ੍ਰੇਰਿਤ ਕਰਨਾ ਸੀ।

ਈਸਾਈ ਮਿਸ਼ਨਰੀਆਂ ਦੀ ਪੰਜਾਬੀ ਨਾਟਕ-ਸਾਹਿਤ ਨੂੰ ਦੇਣ ਵੀ ਥੋੜ੍ਹੀ ਪਰ ਇਤਿਹਾਸਕ ਦ੍ਰਿਸ਼ਟੀ ਤੋਂ ਵੱਡੇ ਮਹੱਤਵ ਵਾਲੀ ਹੈ। ਸਾਨੂੰ ਉਨ੍ਹਾਂ ਦਾ ਕੇਵਲ ਇਕ ਨਾਟਕ ਹੀ ਪ੍ਰਾਪਤ ਹੋ ਸਕਿਆ ਹੈ। ਅਨੁਮਾਨ ਹੈ ਕਿ ਉਨ੍ਹਾਂ ਨੇ ਕੁਝ ਹੋਰ ਨਾਟਕ ਵੀ ਲਿਖੇ, ਜੋ ਖੇਡੇ ਤਾਂ ਗਏ, ਪਰ ਲਿਖਤ ਰੂਪ ਵਿਚ ਸੰਭਾਲੇ ਨਾ ਜਾ ਸਕੇ। ਇਸ ਖੋਜ ਦੇ ਦੌਰਾਨ ਸਾਨੂੰ **'ਮਲਕਾ ਅਸਤਰ'** ਨਾਮਕ ਇਕ ਲਘੂ-ਨਾਟਕ ਪ੍ਰਾਪਤ ਹੋਇਆ ਹੈ, ਜਿਸ ਨੂੰ ਇਸ ਦੇ ਲੇਖਕ ਮਿਸ਼ਨਰੀ ਐਸ. ਐਸ. ਬਚਿੰਤ ਨੇ ਐਵਾਲਾਨ ਹਾਈ ਸਕੂਲ ਟ੍ਰੇਨਿਗ ਸੈਂਟਰ, ਪਠਾਨਕੋਟ ਵਿਚ ਲਿਖਿਆ ਅਤੇ ਪਾਦਰੀ ਡਾ: ਲੋਹਿਲਿਨ ਨੇ ਮਿਸ਼ਨ ਕੰਪਾਊਂਡ, ਫ਼ੀਰੋਜ਼ਪੁਰ ਛਾਉਣੀ ਤੋਂ ਪ੍ਰਕਾਸ਼ਿਤ ਕੀਤਾ। ਦਸ ਸਫ਼ਿਆਂ ਦੇ ਇਸ ਨਾਟਕ ਦੇ ਪ੍ਰਥਮ ਪੰਨੇ ਉਤੇ ਪ੍ਰਕਾਸ਼ਨ-ਤਿਥਿ ਨਹੀਂ ਦਿੱਤੀ ਗਈ। ਡਾ: ਲੋਹਿਲਿਨ ਨੂੰ ਮਿਲਣ ਉਤੇ ਉਸ ਪਾਸੋਂ ਕੇਵਲ ਇਤਨਾ ਹੀ ਪਤਾ ਚੱਲ ਸਕਿਆ ਕਿ ਇਹ ਨਾਟਕ 19 ਵੀਂ ਸਦੀ ਈ: ਦੇ ਅੰਤਿਮ ਦਹਾਕੇ ਵਿਚ ਲਿਖਿਆ ਗਇਆ। ਸਹੀ ਰਚਨਾ-ਕਾਲ ਜਾਂ ਪ੍ਰਕਾਸ਼ਨ-ਕਾਲ ਉਸ ਨੂੰ ਵੀ ਯਾਦ ਨਹੀਂ ਸੀ।

ਵਿਵੇਚਨ :

ਉਪਰੋਕਤ ਨਾਟਕ ਵਿਚ ਕੁਲ ਤਿੰਨ ਐਕਟ ਹਨ। ਪਹਿਲੇ ਐਕਟ ਵਿਚ ਮਲਕਾ ਅਸਤਰ ਪਲੰਘ ਉਤੇ ਸੁੱਤੀ ਪਈ ਹੈ। ਇਕ ਫ਼ਰਿਸ਼ਤਾ ਦਰਵਾਜ਼ੇ ਵਿਚੋਂ ਅੰਦਰ ਆ ਕੇ ਉਸ ਨੂੰ ਦੱਸਦਾ ਹੈ ਕਿ ਤੇਰੀ ਯਹੂਦੀ ਕੌਮ ਉਤੇ ਬਾਦਸ਼ਾਹ ਦਾ ਮੰਤਰੀ ਹਾਮਾਨ ਬੜਾ ਜ਼ੁਲਮ ਕਰ ਰਹਿਆ ਹੈ, ਤੂੰ ਉਨ੍ਹਾਂ ਲਈ ਕੁਝ ਕਰ। ਇਹ ਵੇਲਾ ਨਿਸਚਿੰਤ ਹੋ ਕੇ ਸੌਣ ਦਾ ਨਹੀਂ। ਉਹ ਉਸ ਨੂੰ ਉਸ ਦੇ ਬਚਪਨ ਦੀ ਗਰੀਬੀ ਵੀ ਯਾਦ ਕਰਾਉਂਦਾ ਹੈ। ਇਤਨਾ ਕੁਝ ਕਹਿਣ ਮਗਰੋਂ ਫ਼ਰਿਸ਼ਤਾ ਮੰਚ ਤੋਂ ਅਲੋਪ ਹੋ ਜਾਂਦਾ ਹੈ ਅਤੇ ਮਲਕਾ ਤ੍ਰੱਭਕ ਕੇ ਉੱਠਦੀ ਹੈ। ਉਹ ਆਪਣੇ ਮੰਤਰੀ ਹਾਤਾਕ ਨੂੰ ਆਪਣੇ ਚਾਚੇ ਮਾਰਦਕਈ ਕੋਲ ਭੇਜਦੀ ਹੈ ਤਾਂ ਜੋ ਉਨ੍ਹਾਂ ਦੀ ਸੁਖਸਾਂਦ ਦਾ ਪਤਾ ਲੱਗੇ। ਮੰਤਰੀ ਆ ਕੇ ਮਲਕਾ

Digitized by Panjab Digital Library | www.panjabdigilib.org

ਅਸਤਰ ਨੂੰ ਹਾਮਾਨ ਦੁਆਰਾ ਚਾਚੇ ਮਾਰਦਕਈ ਅਤੇ ਉਸ ਦੇ ਸਾਥੀ ਯਹੂਦੀਆਂ ਨੂੰ ਦਿੱਤੇ ਜਾ ਰਹੇ ਤਸੀਹਿਆਂ ਦੀ ਦੁਖ ਭਰੀ ਕਹਾਣੀ ਸੁਣਾਉਂਦਾ ਹੈ। ਇਹ ਖ਼ਬਰ ਸੁਣ ਕੇ ਅਸਤਰ ਚਿੰਤਿਤ ਹੋ ਜਾਂਦੀ ਹੈ ਅਤੇ ਆਪਣੇ ਚਾਚੇ ਦੀ ਜਾਨ ਬਚਾਉਣ ਲਈ ਤਰਕੀਬ ਸੋਚਦੀ ਹੋਈ ਇਧਰ ਉਧਰ ਟਹਿਲਦੀ ਹੈ। ਇਥੇ ਪਹਿਲਾ ਐਕਟ ਖ਼ਤਮ ਹੁੰਦਾ ਹੈ।

ਦੂਜੇ ਐਕਟ ਵਿਚ ਬਾਦਸ਼ਾਹ ਅਹਸ਼ਵੇਰੋਸ਼ ਦਾ ਦਰਬਾਰ ਲੱਗਿਆ ਹੋਇਆ ਹੈ। ਮਲਕਾ ਅਸਤਰ ਉਸ ਕੋਲ ਆ ਕੇ ਬਾਦਸ਼ਾਹ ਅਤੇ ਹਾਮਾਨ ਨੂੰ ਘਰ ਸ਼ਾਮ ਦੇ ਖਾਣੇ ਤੇ ਆਉਣ ਦਾ ਸੱਦਾ ਦਿੰਦੀ ਹੈ, ਜੋ ਦੋਵੇਂ ਸਵੀਕਾਰ ਕਰ ਲੈਂਦੇ ਹਨ। ਅਚਾਨਕ ਬਾਦਸ਼ਾਹ ਨੂੰ ਯਾਦ ਆਉਂਦਾ ਹੈ ਅਤੇ ਉਹ ਆਪਣੇ ਮੰਤਰੀ ਹਾਮਾਨ ਨੂੰ ਪੁੱਛਦਾ ਹੈ ਕਿ ਜਿਸ ਵਿਅਕਤੀ ਨੂੰ ਬਾਦਸ਼ਾਹ ਇੱਜ਼ਤ ਦੇਣੀ ਚਾਹੇ, ਉਹ ਕਿਸ ਤਰ੍ਹਾਂ ਕਰੇ ? ਹਾਮਾਨ ਸਲਾਹ ਦਿੰਦਾ ਹੈ ਕਿ ਉਸ ਵਿਅਕਤੀ ਨੂੰ ਬਾਦਸ਼ਾਹ ਆਪਣੀ ਅੰਗੂਠੀ ਅਤੇ ਰਾਜ-ਬਸਤਰ ਪੁਆ ਕੇ ਆਪਣੇ ਘੋੜੇ ਉਤੇ ਬਿਠਾ ਕੇ ਸਾਰੇ ਸ਼ਹਿਰ ਵਿਚ ਘੁੰਮਾਏ। ਉਸ ਦੇ ਖ਼ਿਆਲ ਵਿਚ ਬਾਦਸ਼ਾਹ ਸਭ ਤੋਂ ਵਧੇਰੇ ਉਸ ਨੂੰ ਹੀ ਚਾਹੁੰਦਾ ਹੈ, ਪਰ ਜਦੋਂ ਬਾਦਸ਼ਾਹ ਮਲਕਾ ਅਸਤਰ ਦੇ ਚਾਚੇ ਮਾਰਦਕਈ ਦਾ ਨਾਮ ਲੈਂਦਾ ਹੈ, ਤਾਂ ਹਾਮਾਨ ਸੜ ਕੇ ਕੋਲੇ ਹੋ ਜਾਂਦਾ ਹੈ, ਕਿਉਂਕਿ ਉਸ ਨੇ ਤਾਂ ਮਾਰਦਕਈ ਨੂੰ ਮਾਰਨ ਲਈ ਇਕ ਬਹੁਤ ਵੱਡੀ ਸੂਲੀ ਬਣਾਈ ਹੋਈ ਸੀ। ਇਥੇ ਦੂਜਾ ਐਕਟ ਖ਼ਤਮ ਹੁੰਦਾ ਹੈ।

ਤੀਜੇ ਐਕਟ ਵਿਚ ਮਲਕਾ ਅਸਤਰ ਦੇ ਮਹੱਲ ਅੰਦਰ ਖਾਣੇ ਦਾ ਮੇਜ਼ ਲੱਗਾ ਹੈ। ਬਾਦਸ਼ਾਹ ਅਹਸ਼ਵੇਰੋਸ਼ ਅਤੇ ਮੰਤਰੀ ਹਾਮਾਨ ਮਲਕਾ ਨਾਲ ਬੈਠੇ ਭੋਜਨ ਕਰ ਰਹੇ ਹਨ। ਬਾਦਸ਼ਾਹ ਪ੍ਰਸੰਨ ਹੋ ਕੇ ਮਲਕਾ ਨੂੰ ਕੁਝ ਮੰਗਣ ਲਈ ਕਹਿੰਦਾ ਹੈ। ਮਲਕਾ ਆਪਣੇ ਚਾਚੇ ਦੀ ਜਾਨ ਦੀ ਖ਼ੈਰ ਮੰਗਦੀ ਹੈ ਅਤੇ ਪੁੱਛਣ ਉਤੇ ਹਾਮਾਨ ਦੁਆਰਾ ਉਸ ਉਤੇ ਢਾਏ ਜ਼ੁਲਮਾਂ ਦੀ ਸਾਰੀ ਕਥਾ ਸੁਣਾ ਦਿੰਦੀ ਹੈ। ਬਾਦਸ਼ਾਹ ਨੂੰ ਇਤਨਾ ਕ੍ਰੋਧ ਆਉਂਦਾ ਹੈ ਕਿ ਉਹ ਹਾਮਾਨ ਅਤੇ ਉਸ ਦੇ ਸਾਰੇ ਪਰਿਵਾਰ ਨੂੰ ਮਰਵਾ ਦਿੰਦਾ ਹੈ। ਇਸ ਪ੍ਰਕਾਰ ਯਹੂਦੀ ਕੌਮ ਉਤੇ ਆਇਆ ਸੰਕਟ ਟਲ ਜਾਂਦਾ ਹੈ। ਇਥੇ ਤੀਜਾ ਐਕਟ ਸਮਾਪਤ ਹੁੰਦਾ ਹੈ ਅਤੇ ਨਾਟਕ ਦਾ ਅੰਤ ਹੁੰਦਾ ਹੈ।

ਇਸ ਨਾਟਕ ਦਾ ਕਥਾਨਕ ਬਾਈਬਲ ਦੇ ਪੁਰਾਣੇ ਨੇਮ ਦੀ ਇਕ ਕਥਾ ਉਤੇ ਆਧਾਰਿਤ ਹੈ। ਆਧੁਨਿਕ ਨਾਟਕਾਂ ਵਾਂਗ ਇਸ ਨਾਟਕ ਦੇ ਤਿੰਨ ਐਕਟ ਹਨ। ਸੰਖੇਪ ਇਤਨਾ ਜ਼ਿਆਦਾ ਹੈ ਕਿ ਜੇ ਇਸ ਨੂੰ ਮੰਚ ਉਤੇ ਖੇਡਿਆ ਜਾਵੇ, ਤਾਂ ਵੀਹ ਪੰਝੀ ਮਿੰਟਾਂ ਤੋਂ ਵੱਧ ਸਮਾਂ ਨਹੀਂ ਲੱਗਦਾ। ਇਉਂ ਜਾਪਦਾ ਹੈ ਜਿਵੇਂ ਮਿਸ਼ਨਰੀ ਲੇਖਕ ਨੇ ਇਹ ਨਾਟਕ ਹਾਈ ਸਕੂਲ ਟ੍ਰੇਨਿੰਗ ਸੈਂਟਰ ਦੇ ਬੱਚਿਆਂ ਵਿਚ ਨਾਟਕ ਲਈ ਸ਼ੌਕ ਪੈਦਾ ਕਰਨ ਹਿਤ ਲਿਖਿਆ ਹੋਵੇ।

ਨਾਟਕੀ-ਟਕਰਾਉ ਸਾਰੇ ਨਾਟਕ ਵਿਚ ਬੜਾ ਪ੍ਰਬਲ ਹੈ। ਹਰ ਐਕਟ ਦੇ ਅੰਤ ਮਗਰੋਂ ਉਤਸੁਕਤਾ ਕਾਇਮ ਰਹਿੰਦੀ ਹੈ ਕਿ ਹੁਣ ਅੱਗੇ ਕੀ ਭਾਣਾ ਵਰਤੇਗਾ। ਹਾਮਾਨ ਨੂੰ ਆਪਣੀ ਹੋਣੀ ਦਾ ਉਦੋਂ ਤਕ ਪਤਾ ਨਹੀਂ ਲੱਗਦਾ, ਜਦੋਂ ਤਕ ਮਲਕਾ ਅਸਤਰ ਉਸ ਦਾ ਭੇਦ ਨਹੀਂ ਖੋਲ੍ਹਦੀ। ਨਾਟਕ ਦਾ ਸਿਖਰ ਕਲਾਮਈ ਹੈ ਅਤੇ ਸਿਖਰ ਤੋਂ ਝੱਟਪਟ ਮਗਰੋਂ ਨਾਟਕ ਦਾ ਅੰਤ ਹੁੰਦਾ ਹੈ। ਅਖ਼ੀਰ ਵਿਚ ਨੇਕੀ ਦੀ ਜਿੱਤ ਹੁੰਦੀ ਹੈ ਅਤੇ ਬਦੀ ਦੇ ਪ੍ਰਤੀਕ ਹਾਮਾਨ ਨੂੰ ਸਪਰਿਵਾਰ ਮਾਰ ਦਿੱਤਾ

Digitized by Panjab Digital Library | www.panjabdigilib.org

ਜਾਂਦਾ ਹੈ। ਇਸ ਪ੍ਰਕਾਰ ਮਲਕਾ ਅਸਤਰ ਯਹੂਦੀ ਕੌਮ ਦੀ ਰੱਖਿਆ ਕਰਨ ਵਿਚ ਸਫ਼ਲ ਹੁੰਦੀ ਹੈ।

ਭਾਵੇਂ ਇਤਨੇ ਸੰਖਿਪਤ ਨਾਟਕ ਵਿਚ ਚਰਿੱਤਰ-ਚਿੱਤ੍ਰਣ ਦੀ ਸੰਭਾਵਨਾ ਨਹੀਂ ਰਹਿੰਦੀ, ਪਰ ਨਾਟਕਕਾਰ ਇਸ ਨਾਟਕ ਵਿਚ ਪਾਤਰਾਂ ਨਾਲ ਪੂਰਾ ਪੂਰਾ ਇਨਸਾਫ਼ ਕਰ ਸਕਿਆ ਹੈ। ਨਾਟਕਕਾਰ ਅਨੁਸਾਰ ਇਸ ਨਾਵਲ ਵਿਚ ਕੁਲ ਅੱਠ ਪਾਤਰ ਹਨ :

ਅਸਤਰ	—	ਯਹੂਦੀ ਲੜਕੀ ਮਲਕਾ
ਅਹਸ਼ਵੇਰੋਸ਼ ਰਾਜਾ	—	ਬਾਦਸ਼ਾਹ
ਮਾਰਦਕਈ	—	ਅਸਤਰ ਦਾ ਚਾਚਾ
ਛੋਟੀ ਕੁੜੀ	—	ਅਸਤਰ ਦਾ ਬਚਪਨ ਦਿਖਾਉਣ ਲਈ
ਹਾਮਾਨ	—	ਬਾਦਸ਼ਾਹ ਦਾ ਵੱਡਾ ਵਜ਼ੀਰ
ਫ਼ਰਿਸ਼ਤਾ	—	ਸਵਰਗਦੂਤ
ਹਾਤਾਕ	—	ਮਲਕਾ ਅਸਤਰ ਦਾ ਮੰਤਰੀ
ਦੋ ਮੰਤਰੀ	—	ਦਰਵਾਜ਼ੇ ਵਿਚ ਖੜ੍ਹੇ ਰਹਿਣ ਲਈ

ਉਕਤ ਵਿਵਰਣ ਨਾਟਕ ਦੇ ਆਰੰਭ ਵਿਚ ਦਿੱਤੀ ਗਈ ਪਾਤਰ-ਸੂਚੀ ਅਨੁਸਾਰ ਹੈ। ਪਰ ਅਸਲ ਵਿਚ ਇਸ ਨਾਟਕ ਦੇ ਕੁਲ ਛੇ ਪਾਤਰ ਹਨ। ਮਲਕਾ ਅਸਤਰ ਨਾਟਕ ਦੀ ਨਾਇਕਾ ਹੈ। ਅਸਤਰ ਦਾ ਬਚਪਨ ਗ਼ਰੀਬੀ ਦੀ ਅਵਸਥਾ ਵਿਚੋਂ ਲੰਘਿਆ ਹੈ। ਇਕ ਦਿਨ ਬਾਦਸ਼ਾਹ ਅਹਸ਼ਵੇਰੋਸ਼ ਦੀ ਨਜ਼ਰ ਪੈਂਦਿਆਂ ਹੀ ਉਹ ਮਲਕਾ ਬਣ ਜਾਂਦੀ ਹੈ। ਉਹ ਆਪਣੇ ਮੰਦੇ ਦਿਨਾਂ ਦੀ ਯਾਦ ਨਹੀਂ ਭੁਲਾ ਸਕੀ। ਜਦੋਂ ਹਾਮਾਨ ਉਸ ਦੇ ਚਾਚੇ ਮਾਰਦਕਈ ਅਤੇ ਉਸ ਦੀ ਯਹੂਦੀ ਕੌਮ ਉਤੇ ਜ਼ੁਲਮ ਕਰਦਾ ਹੈ, ਤਾਂ ਉਹ ਬੜੇ ਨਾਟਕੀ ਢੰਗ ਨਾਲ ਆਪਣੇ ਚਾਚੇ ਦੀ ਰੱਖਿਆ ਕਰਦੀ ਹੈ ਅਤੇ ਹਾਮਾਨ ਨੂੰ ਸਣੇ ਪਰਿਵਾਰ ਦੰਡਿਤ ਕਰਾਉਂਦੀ ਹੈ। ਬਾਦਸ਼ਾਹ ਅਹਸ਼ਵੇਰੋਸ਼ ਅੱਯਾਸ਼ ਪਰ ਨਿਆਂ ਪਸੰਦ ਰਾਜਾ ਹੈ। ਹਾਮਾਨ ਨੂੰ ਗੁਸਤਾਖ਼ੀ ਦੀ ਕਰੜੀ ਸਜ਼ਾ ਮਿਲਦੀ ਹੈ। ਹਾਮਾਨ ਨਾਟਕ ਦਾ ਖਲਨਾਇਕ ਹੈ, ਜੋ ਹੱਦ ਦਰਜੇ ਦਾ ਚਲਾਕ, ਨਿਰਦਈ, ਕਪਟੀ ਅਤੇ ਨਮਕ-ਹਰਾਮ ਮੰਤਰੀ ਹੈ। ਅੰਤ ਵਿਚ ਉਹ ਆਪਣੇ ਕੀਤੇ ਦੀ ਸਜ਼ਾ ਭੋਗਦਾ ਹੈ। ਫ਼ਰਿਸ਼ਤਾ, ਹਾਤਾਕ ਅਤੇ ਮੰਤਰੀ ਸਹਾਇਕ ਪਾਤਰ ਹਨ। ਇਨ੍ਹਾਂ ਦੇ ਚਰਿੱਤ੍ਰ-ਚਿੱਤ੍ਰਣ ਵਲ ਉਚੇਚਾ ਧਿਆਨ ਨਹੀਂ ਦਿੱਤਾ ਗਇਆ। ਮਾਰਦਕਈ ਆਪ ਮੰਚ ਉਤੇ ਨਹੀਂ ਆਉਂਦਾ, ਪਰ ਫ਼ਿਰ ਵੀ ਉਹ ਹਰ ਦ੍ਰਿਸ਼ ਵਿਚ ਹਾਜ਼ਰ ਹੈ।

ਇਸ ਨਾਟਕ ਵਿਚ ਗ਼ਰੀਬ, ਦਲਿਤ ਤੇ ਪੀੜਿਤ ਕੌਮ ਦੀ ਰੱਖਿਆ ਦਾ ਚਿੱਤਰ ਪੇਸ਼ ਕੀਤਾ ਗਇਆ ਹੈ। ਸਾਰੇ ਨਾਟਕ ਵਿਚ ਬਿਪਤਾ ਅਤੇ ਭੈ ਦੀ ਭਾਵਨਾ ਬੜੀ ਪ੍ਰਬਲ ਹੈ। ਇਹ ਕਹਾਣੀ ਪੇਸ਼ ਕਰਕੇ ਮਿਸ਼ਨਰੀ ਲੇਖਕ ਦਰਸ਼ਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਗ਼ਰੀਬ ਕੌਮ ਦੀ ਰਖਿਆ ਕਿਵੇਂ ਕੀਤੀ ਗਈ। ਇਉਂ ਉਹ ਅਚੇਤ ਰੂਪ ਵਿਚ ਆਪਣਾ ਅਤੇ ਆਪਣੀ ਈਸਾਈ ਕੌਮ ਦਾ ਰੱਖਿਅਕ ਦਾ ਬਿੰਬ ਉਨ੍ਹਾਂ ਸਾਹਮਣੇ ਪੇਸ਼ ਕਰ ਰਹਿਆ ਹੈ। ਇਥੇ ਪ੍ਰਚਾਰ ਪ੍ਰਤੱਖ ਰੂਪ ਵਿਚ ਨਹੀਂ ਕੀਤਾ ਗਇਆ, ਸਗੋਂ ਪਰੋਖ ਰੂਪ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਮੰਤਵ ਦੀ ਸਿੱਧੀ ਪ੍ਰਾਪਤ ਕੀਤੀ ਗਈ ਹੈ।

Digitized by Panjab Digital Library | www.panjabdigilib.org

ਨਾਟਕ ਦੇ ਵਾਰਤਾਲਾਪ ਬੜੇ ਢੁੱਕਵੇਂ ਅਤੇ ਚੁਸਤ ਹਨ। ਪਰ ਕਿਧਰੇ ਕਿਧਰੇ ਵਾਰਤਾਲਾਪ ਲਮਕਾ ਵੀ ਦਿੱਤੇ ਗਏ ਹਨ। ਫ਼ਰਿਸ਼ਤੇ ਦਾ ਵਾਰਤਾਲਾਪ ਡੇਢ ਕੁ ਸਫ਼ੇ ਉਤੇ ਫੈਲਿਆ ਹੋਇਆ ਹੈ। ਕੁਝ ਵਾਰਤਾਲਾਪ ਤਾਂ ਅਸਲੋਂ ਨਾਟਕੀ ਹਨ। ਉਦਾਹਰਣ ਦੇ ਤੌਰ ਤੇ ਪ੍ਰਮਾਣ ਪੇਸ਼ ਹੈ :

"ਰਾਜਾ—ਮੰਤਰੀ, ਬਾਹਰ ਵੇਖ, ਕੌਣ ਹੈ ?

ਮੰਤਰੀ ਮਹਾਰਾਜ, ਹਾਮਾਨ ਆਇਆ ਹੈ।

ਰਾਜਾ—ਉਸ ਨੂੰ ਅੰਦਰ ਆਉਣ ਦਿਉ।"

ਕ੍ਰੋਧ-ਪੂਰਣ ਵਾਰਤਾਲਾਪ :

"ਰਾਜਾ—ਮੰਤਰੀ, ਇਸ ਦੁਸ਼ਟ ਹਾਮਾਨ ਨੂੰ ਲੈ ਜਾਉ ਅਤੇ ਜੋ ਸੂਲੀ ਇਸ ਨੇ ਮਾਰਦਕਈ ਵਾਸਤੇ ਬਣਾਈ ਹੈ, ਉਸ ਉਤੇ ਇਸ ਨੂੰ ਟੰਗ ਦਿਉ ਅਤੇ ਅੱਜ ਹੀ ਸਾਰੇ ਦੇਸ਼ਾਂ ਵਿਚ ਚਿੱਠੀਆਂ ਲਿਖ ਦਿਉ ਕਿ ਯਹੂਦੀ ਕੌਮ ਤੇ ਜ਼ੁਲਮ ਕਰਨਾ ਬੰਦ ਹੋ ਜਾਏ।"

ਨਾਟਕ ਵਿਚ ਪ੍ਰਯੋਗ ਕੀਤੀ ਗਈ ਭਾਸ਼ਾ ਵਰਤਮਾਨ ਟਕਸਾਲੀ ਪੰਜਾਬੀ ਦੇ ਬਹੁਤ ਨੇੜੇ ਹੈ। ਸਟੇਜ-ਸੈਟਿੰਗ ਬੜੀ ਪ੍ਰਭਾਵਸ਼ਾਲੀ ਹੈ, ਭਾਵੇਂ ਸਾਦੀ ਬਿਲਕੁਲ ਨਹੀਂ। ਲੇਖਕ ਨੇ ਅਭਿਨਯ ਅਤੇ ਮੰਚ-ਸੱਜਾ ਦੀ ਦ੍ਰਿਸ਼ਟੀ ਤੋਂ ਕਈ ਮਹੱਤਵਪੂਰਣ ਹਿਦਾਇਤਾਂ ਵੀ ਦਿੱਤੀਆਂ ਹਨ। ਸਮੁੱਚੇ ਤੌਰ ਤੇ ਇਹ ਇਕ ਸਫ਼ਲ ਲਘੂ ਨਾਟਕ ਹੈ। ਇਸ ਦੁਆਰਾ ਬਾਈਬਲ ਦੀ ਕਥਾ ਦਾ ਨਾਟਕੀਕਰਣ ਕਰਨ ਦਾ ਜਤਨ ਕੀਤਾ ਗਇਆ ਹੈ।

ਪੰਜਾਬੀ ਨਾਟਕ-ਇਤਿਹਾਸ ਦੀ ਕਾਲ-ਸੰਗਲੀ ਵਿਚ ਇਸ ਨਾਟਕ ਦਾ ਸਥਾਨ ਨਿਸਚਿਤ ਕਰਨ ਲੱਗਿਆਂ ਆਪਣੇ ਸਮਕਾਲੀ ਨਾਟਕਾਂ ਦੀ ਤੁਲਨਾ ਵਿਚ ਇਸ ਦਾ ਮੁਲਿਆਂਕਣ ਕਰਨਾ ਜ਼ਰੂਰੀ ਜਾਪਦਾ ਹੈ। ਇਹ ਕਾਰਜ ਹੋਰ ਵੀ ਆਸਾਨ ਹੋ ਜਾਂਦਾ, ਜੇ ਇਸ ਰਚਨਾ ਦੀ ਪ੍ਰਕਾਸ਼ਨ-ਤਿਥਿ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋ ਗਈ ਹੁੰਦੀ। ਜੇਕਰ ਡਾ: ਲੋਹਿਲਿਨ ਦੇ ਕਥਨ ਦਾ ਸਤਿਕਾਰ ਕਰਦਿਆਂ ਹੋਇਆਂ ਇਹ ਸਵੀਕਾਰ ਕਰ ਲਇਆ ਜਾਵੇ ਕਿ ਉਕਤ ਨਾਟਕ 19ਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਲਿਖਿਆ ਗਇਆ ਹੈ, ਤਾਂ ਇਸ ਨੂੰ ਪੰਜਾਬੀ ਭਾਸ਼ਾ ਵਿਚ ਉਪਲਬਧ ਪ੍ਰਥਮ ਮੌਲਿਕ ਨਾਟਕ ਸਮਝਿਆ ਜਾਣਾ ਚਾਹੀਦਾ ਹੈ। ਉਸ ਸਮੇਂ ਤਕ ਤਿੰਨ ਐਕਟਾਂ ਵਾਲਾ ਕੋਈ ਸੰਪੂਰਣ ਨਾਟਕ (ਮੌਲਿਕ, ਅਨੁਵਾਦਿਤ ਜਾਂ ਆਧਾਰਿਤ) ਨਹੀਂ ਲਿਖਿਆ ਗਇਆ। ਹੁਣ ਤਕ ਦੀ ਪੰਜਾਬੀ ਨਾਟਕ ਸੰਬੰਧੀ ਖੋਜ ਨੇ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ। ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਭਾਸ਼ਾ ਵਿਚ ਨਾਟਕ ਲਿਖਣ ਦੀ ਪ੍ਰਥਾ ਚੱਲੀ। ਆਉਣ ਵਾਲੇ ਸਮੇਂ ਵਿਚ ਇਸ ਨਾਟਕ ਦੀ ਤਿਥਿ ਦੇ ਪਤਾ ਲੱਗਣ ਦੀ ਸੰਭਾਵਨਾ ਹੋ ਸਕਦੀ ਹੈ। ਇਤਨਾ ਤਾਂ ਸਪਸ਼ਟ ਹੈ ਕਿ ਇਹ ਨਾਟਕ ਮਗਰੋਂ ਲਿਖੇ ਗਏ ਪੰਜਾਬੀ ਨਾਟਕਾਂ ਲਈ ਨਾ ਤਾਂ ਪ੍ਰੇਰਣਾ ਦਾ ਸੋਮਾ ਬਣ ਸਕਿਆ ਹੈ ਅਤੇ ਨਾ ਹੀ ਕਿਸੇ ਕਿਸਮ ਦਾ ਪ੍ਰਭਾਵ ਹੀ ਪਾ ਸਕਿਆ ਹੈ। ਪੰਜਾਬੀ ਭਾਸ਼ਾ ਦਾ ਪਹਿਲਾ ਨਾਟਕ ਹੋਣ ਕਰਕੇ ਇਹ ਇਤਿਹਾਸਕ ਪੱਖ ਤੋਂ ਮਹੱਤਵਸ਼ੀਲ ਹੈ। ਦੂਜੀ ਮਹੱਤਾ ਇਸ ਗੱਲ ਵਿਚ ਹੈ ਕਿ ਮਿਸ਼ਨਰੀਆਂ ਦੁਆਰਾ ਲਿਖੇ ਗਏ ਨਾਵਲ, ਕਹਾਣੀਆਂ ਵਾਂਗ ਇਸ ਨਾਟਕ ਦਾ ਪ੍ਰੇਰਣਾ-ਸ੍ਰੋਤ ਵੀ ਧਰਮ ਹੀ ਹੈ। ਇਸ ਦ੍ਰਿਸ਼ਟੀ ਤੋਂ ਇਸ ਨਾਟਕ ਦਾ ਸਥਾਨ ਸ੍ਰੇਸ਼ਠ ਹੈ।

Digitized by Panjab Digital Library | www.panjabdigilib.org

ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਪਹਿਲਾਂ ਪਹਿਲ ਜੀਵਨੀਆਂ ਲਿਖਣ ਦੀ ਪਿਰਤ ਵੀ ਮਿਸ਼ਨਰੀਆਂ ਨੇ ਹੀ ਪਾਈ। ਭਾਵੇਂ ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿਤਾਂਤ ਜਨਮਸਾਖੀਆਂ ਦੇ ਰੂਪ ਵਿਚ ਮਿਲਦੇ ਹਨ,ਪਰ ਪੰਜਾਬੀ ਭਾਸ਼ਾ ਵਿਚ ਆਧੁਨਿਕ ਲੀਹਾਂ ਉਤੇ ਜੀਵਨੀ ਪਹਿਲਾਂ ਪਹਿਲ ਈਸਾਈ ਮਿਸ਼ਨਰੀਆਂ ਦੁਆਰਾ ਹੀ ਲਿਖੀ ਗਈ। **'ਜੀਵਨ-ਪੁਸਤਕ ਯਿਸੂ ਮਸੀਹ'** 1892 ਈ: ਵਿਚ ਲਿਖੀ ਗਈ ਪੰਜਾਬੀ ਭਾਸ਼ਾ ਵਿਚ ਉਪਲਬਧ ਪ੍ਰਥਮ ਜੀਵਨੀ ਹੈ। ਇਹ ਪੁਸਤਕ ਕਿਸੇ ਅਨਾਮ ਲੇਖਕ ਦੀ ਰਚਨਾ ਹੈ। ਯਿਸੂ ਮਸੀਹ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਕ੍ਰਮਵਾਰ ਪੇਸ਼ ਕੀਤਾ ਗਇਆ ਹੈ।

ਅਸਲ ਵਿਚ ਜੀਵਨੀ ਇਤਿਹਾਸ ਦੀ ਹੀ ਇਕ ਸ਼ਾਖ ਹੈ। ਇਸ ਵਿਚ ਜਿਥੋਂ ਤਕ ਹੋ ਸਕੇ, ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਨੂੰ ਦਿਆਨਤਦਾਰੀ ਨਾਲ ਪੇਸ਼ ਕੀਤਾ ਜਾਂਦਾ ਹੈ। ਜੀਵਨੀ-ਲੇਖਕ ਦਾ ਇਹ ਪਹਿਲਾ ਕਰਤੱਵ ਹੈ ਕਿ ਉਹ ਇਤਿਹਾਸਕਾਰ ਅਤੇ ਰੇਖਾ-ਚਿੱਤਰਕਾਰ ਦੋਹਾਂ ਦੇ ਫ਼ਰਜ਼ ਨਿਭਾਏ। ਕਲਾ-ਰਹਿਤ ਤੱਥ-ਸੰਕਲਨ ਨਾ ਤਾਂ ਇਤਿਹਾਸ ਹੈ ਅਤੇ ਨਾ ਹੀ ਜੀਵਨੀ। ਸੋ ਜੀਵਨੀ-ਲੇਖਕ ਲਈ ਜਿਥੇ ਉਸ ਵਿਅਕਤੀ ਵਿਸ਼ੇਸ਼ ਦੇ ਜੀਵਨ ਨਾਲ ਸੰਬੰਧਿਤ ਸਾਰੇ ਤੱਥਾਂ ਦਾ ਸੰਕਲਨ ਕਰਨਾ ਜ਼ਰੂਰੀ ਹੈ, ਉਥੇ ਉਨ੍ਹਾਂ ਤੱਥਾਂ ਨੂੰ ਕ੍ਰਮਵਾਰ ਕਲਾਤਮਕ ਵਿਧੀ ਨਾਲ ਪੇਸ਼ ਕਰਨਾ ਉਸ ਤੋਂ ਵੀ ਵੱਧ ਜ਼ਰੂਰੀ ਹੈ। ਤੱਥ-ਸੰਕਲਨ ਦਾ ਕੰਮ ਹੋਰ ਵੀ ਕਠਿਨ ਹੋ ਜਾਂਦਾ ਹੈ, ਜਦੋਂ ਕਿਸੇ ਨਿਜੰਧਰੀ ਨਾਇਕ ਦੀ ਜੀਵਨੀ ਲਿਖਣੀ ਹੋਵੇ। ਯਿਸੂ ਮਸੀਹ ਇਕ ਨਿਜੰਧਰੀ ਨਾਇਕ ਵੀ ਹੈ ਅਤੇ ਇਤਿਹਾਸ-ਪੁਰਖ ਵੀ। ਲੇਖਕ ਨੇ ਯਿਸੂ ਮਸੀਹ ਦੇ ਜਨਮ ਤੋਂ ਲੈ ਕੇ ਸੂਲੀ ਚੜ੍ਹਨ ਸਮੇਂ ਤਕ ਦੀਆਂ ਘਟਨਾਵਾਂ ਨੂੰ ਕ੍ਰਮਵਾਰ ਪੇਸ਼ ਕੀਤਾ ਹੈ। ਪੁਸਤਕ ਵਿਚ ਜਨਮ-ਮਰਨ ਦੀਆਂ ਤਿਥੀਆਂ ਨਹੀਂ ਦਿੱਤੀਆਂ ਗਈਆਂ। ਲੇਖਕ ਨੇ ਯਿਸੂ ਮਸੀਹ ਦਾ ਨਿਜੰਧਰੀ ਰੂਪ ਹੀ ਪੇਸ਼ ਕੀਤਾ ਹੈ, ਉਸ ਨੇ ਇਤਿਹਾਸ ਅਤੇ ਨਿਜੰਧਰੀ ਕਥਾਵਾਂ ਵਿਚਕਾਰ ਅੰਤਰ-ਨਿਖੇੜ ਕਰਨ ਦੀ ਲੋੜ ਨਹੀਂ ਸਮਝੀ। ਪੁਸਤਕ ਵਿਚ ਯਿਸੂ ਮਸੀਹ ਇਕ ਪੈਗ਼ੰਬਰ ਅਤੇ ਲੋਕ-ਨਾਇਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਜੋ ਆਪਣਾ ਸਾਰਾ ਜੀਵਨ ਮਨੁੱਖਤਾ ਦੇ ਕਲਿਆਣ ਨਮਿੱਤ ਅਰਪਣ ਕਰਦਾ ਹੈ। ਲੋਕ-ਭਲਾਈ ਲਈ ਉਹ ਸੂਲੀ ਚੜ੍ਹ ਕੇ ਆਪਣੀ ਜਾਨ ਵੀ ਦੇ ਦਿੰਦਾ ਹੈ। ਯਿਸੂ ਮਸੀਹ ਪੀੜਿਤ, ਦਲਿਤ ਅਤੇ ਬਿਪਤਾ ਦੇ ਮਾਰੇ ਲੋਕਾਂ ਦਾ ਰੱਖਿਅਕ ਹੈ। ਲੇਖਕ ਨੇ ਉਸ ਦਾ ਪੈਗ਼ੰਬਰ-ਬਿੰਬ ਬੜੀ ਸਿਆਣਪ ਸਹਿਤ ਸਾਡੇ ਸਾਹਮਣੇ ਪੇਸ਼ ਕੀਤਾ ਹੈ।

ਪੁਸਤਕ ਨੂੰ ਕਈ ਸਿਰਲੇਖਾਂ ਹੇਠ ਵੰਡਿਆ ਗਇਆ ਹੈ। ਸਿਰਲੇਖ ਇਸ ਪ੍ਰਕਾਰ ਹਨ:

ਯਿਸੂ ਮਸੀਹ ਦਾ ਜਨਮ
ਬਚਪਨ ਦੇ ਦਿਨ
ਭੇਡਾਂ ਚਾਰਨੀਆਂ
ਵੱਡਾ ਹੋਣਾ
ਕਸ਼ਟਾਂ ਦਾ ਝਾਗਣਾ
ਦੁਖੀਆਂ ਦੀ ਸਹਾਇਤਾ
ਅੰਤਲੇ ਦਿਨਾਂ ਦੀ ਕਹਾਣੀ

ਇਸ ਰਚਨਾ ਵਿਚ ਜਨਮਸਾਖੀਆਂ ਵਾਂਗ ਬਹੁਤਾ ਚਮਤਕਾਰੀ ਅੰਸ਼ ਨਹੀਂ। ਯਿਸੂ ਮਸੀਹ ਅਤੇ ਉਸ

Digitized by Panjab Digital Library | www.panjabdigilib.org

ਦੇ ਅਸੂਲਾਂ ਦੀ ਮੁਕਤ-ਕੰਠ ਨਾਲ ਸ਼ਰਧਾਯੁਕਤ ਪ੍ਰਸ਼ੰਸਾ ਕੀਤੀ ਗਈ ਹੈ। ਭਾਸ਼ਾ ਅਤੇ ਸ਼ੈਲੀ ਦੇ ਪੱਖ ਤੋਂ ਇਹ ਰਚਨਾ 'ਜਯੋਤਿਰੁਦਯ' ਨਾਲ ਮੇਲ ਖਾਂਦੀ ਹੈ। ਕਿਤੇ ਕਿਤੇ ਭਾਸ਼ਾ ਕਾਵਿਮਈ ਵੀ ਬਣ ਜਾਂਦੀ ਹੈ। ਇਸ ਰਚਨਾ ਦੇ ਕੁਲ ਪੰਨੇ 183 ਹਨ। ਇਸ ਤੋਂ ਪਹਿਲਾਂ 1880 ਈ: ਵਿਚ ਪ੍ਰਕਾਸ਼ਿਤ 'ਇੰਜੀਲ ਸਾਰ ਅਰਥਾਤ ਪ੍ਰਭੂ ਯਿਸੂ ਮਸੀਹ ਦਾ ਜੀਵਨ ਬ੍ਰਿਤਾਂਤ' ਨਾਮ ਦੀ ਰਚਨਾ ਮਿਲਦੀ ਹੈ; ਪਰ ਉਸ ਨੂੰ ਜੀਵਨੀ ਨਹੀਂ ਕਹਿਆ ਜਾ ਸਕਦਾ। ਪੰਜਾਬੀ ਭਾਸ਼ਾ ਵਿਚ ਇਸ ਤੋਂ ਪਹਿਲਾਂ ਲਿਖੀ ਹੋਈ ਕੋਈ ਜੀਵਨੀ ਉਪਲਬਧ ਨਹੀਂ। ਪੰਜਾਬੀ ਭਾਸ਼ਾ ਦੀ ਪਹਿਲੀ ਜੀਵਨੀ ਹੋਣ ਕਰਕੇ ਇਤਿਹਾਸਕ ਪੱਖ ਤੋਂ ਇਸ ਦੀ ਮਹੱਤਾ ਨਿਰਸੰਦੇਹ ਹੈ ਅਤੇ ਪੰਜਾਬੀ ਜੀਵਨੀ-ਸਾਹਿਤ ਦੇ ਇਤਿਹਾਸ ਵਿਚ ਇਸ ਦਾ ਸਥਾਨ ਗੌਰਵਮਈ ਹੈ। ਇਸ ਪੁਸਤਕ ਤੋਂ ਇਲਾਵਾ 'ਈਸਾ ਮਸੀਹ ਦਾ ਜੀਵਨ' (1941 ਈ:), ,ਦੇਹਧਾਰੀ ਪਰਮੇਸ਼ੁਰ' (1960 ਈ:), 'ਸੁੱਚਾ ਮੋਤੀ ਸਾਧੂ ਸੁੰਦਰ ਸਿੰਘ' (1961 ਈ:), 'ਸਾਧੂ ਸੁੰਦਰ ਸਿੰਘ ਦਾ ਜੀਵਨ' (1964 ਈ:), 'ਸਾਧੂ ਸੁੰਦਰ ਸਿੰਘ' (1960 ਈ:), 'ਸਾਈਂ ਸੁੱਚਾ ਸਿੰਘ' (1964 ਈ:), ਆਦਿ ਜੀਵਨੀਆਂ ਵੀ ਮਿਸ਼ਨਰੀਆਂ ਦੁਆਰਾ ਲਿਖੀਆਂ ਗਈਆਂ। ਇਹ ਜੀਵਨੀਆਂ ਵੀਹਵੀਂ ਸਦੀ ਵਿਚ ਲਿਖੀਆਂ ਗਈਆਂ ਹਨ ਅਤੇ ਰੂਪ ਦੀ ਦ੍ਰਿਸ਼ਟੀ ਤੋਂ ਬਿਲਕੁਲ ਆਧੁਨਿਕ ਹਨ। ਇਨ੍ਹਾਂ ਬਾਰੇ ਚਰਚਾ ਸਾਡੇ ਵਿਸ਼ੇ ਦੀ ਸੀਮਾਂ ਤੋਂ ਬਾਹਰ ਹੈ।

ਪੰਜਾਬੀ ਭਾਸ਼ਾ ਵਿਚ ਸਭ ਤੋਂ ਪਹਿਲਾ ਸਫ਼ਰਨਾਮਾ ਵੀ ਮਿਸ਼ਨਰੀਆਂ ਦੁਆਰਾ ਹੀ ਲਿਖਿਆ ਗਇਆ। 1898 ਈ: ਵਿਚ ਪੰਜਾਬ ਰਿਲਿਜਸ ਬੁੱਕ ਸੋਸਾਇਟੀ, ਲਾਹੌਰ ਨੇ 'ਏਸ਼ੀਆ ਦੀ ਸੈਲ', ਨਾਮ ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਪੁਸਤਕ ਦੇ ਕੁਲ ਪੰਨੇ 80 ਹਨ। ਪੁਸਤਕ ਦੇ ਲੇਖਕ ਦਾ ਨਾਮ ਨਹੀਂ ਦੱਸਿਆ ਗਇਆ, ਇਸ ਲਈ ਇਹ ਪੁਸਤਕ ਅਨਾਮ ਲੇਖਕ ਦੀ ਸਮਝੀ ਜਾਣੀ ਚਾਹੀਦੀ ਹੈ। ਇਸ ਪੁਸਤਕ ਦੇ ਲੇਖਕ ਨੇ ਅੱਖੀਂ ਡਿੱਠੇ ਦੇਸ਼ਾਂ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਹੈ। ਲੇਖਕ ਨੇ ਪੁਸਤਕ ਵਿਚ ਨਿਮਨਲਿਖਿਤ ਦੇਸ਼ਾਂ ਦਾ ਵਿਵਰਣ ਪੇਸ਼ ਕੀਤਾ ਹੈ:

ਪਲਸਤੀਨ, ਸੀਰੀਆ, ਅਰਬ, ਏਸ਼ਿਆਈ ਰੋਮ, ਫ਼ਾਰਸ, ਮੈਸੋਪੋਟਾਮੀਆ, ਚੀਨ, ਕੰਬੋਡੀਆ, ਹਿੰਦੁਸਤਾਨ, ਬਨਾਰਸ, ਦਿੱਲੀ, ਜੌਰਜੀਆ, ਤੁਰਕਿਸਤਾਨ, ਕੈਸਪੀਅਨ ਸਾਗਰ।

ਸਫ਼ਰਨਾਮੇ ਦੀ ਦ੍ਰਿਸ਼ਟੀ ਤੋਂ ਪਰਖਿਆਂ ਇਸ ਰਚਨਾ ਵਿਚ ਕੁਝ ਦੋਸ਼ ਵੀ ਸਹਿਜੇ ਹੀ ਉਭਰ ਕੇ ਸਾਹਮਣੇ ਆ ਜਾਂਦੇ ਹਨ। ਲੇਖਕ ਕਈ ਥਾਵਾਂ ਤੇ ਦੇਸ਼ਾਂ ਜਾਂ ਉਨ੍ਹਾਂ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਵਿਅਕਤੀਗਤ ਸੰਪਰਕ ਸਥਾਪਿਤ ਨਹੀਂ ਕਰਦਾ। ਇੰਜ ਜਾਪਦਾ ਹੈ, ਜਿਵੇਂ ਲੇਖਕ ਦਾ ਮੰਤਵ ਉਪਰੋਕਤ ਦੇਸ਼ਾਂ ਬਾਰੇ ਮੁੱਢਲੀ ਜਾਣਕਾਰੀ ਦੇਣਾ ਹੀ ਹੋਵੇ। ਇਸ ਦੋਸ਼ ਕਾਰਣ ਰਚਨਾ ਵਿਚ ਕਈ ਸਥਾਨਾਂ ਉਤੇ ਇਤਿਹਾਸ ਵਾਲੀ ਖੁਸ਼ਕੀ ਆ ਗਈ ਹੈ। ਰੋਚਕਤਾ ਦਾ ਤਾਂ ਰਚਨਾ ਵਿਚ ਲਗਭਗ ਅਭਾਵ ਹੀ ਹੈ। ਦੂਜਾ ਦੋਸ਼ ਇਹ ਹੈ ਕਿ ਲੇਖਕ ਨੂੰ ਭੂਗੋਲ ਦੀ ਬੜੀ ਅਲਪ ਜਿਹੀ ਸਮਝ ਹੈ। ਸ਼ਾਇਦ ਇਸੇ ਕਾਰਣ ਉਹ ਦਿੱਲੀ ਅਤੇ ਬਨਾਰਸ ਨੂੰ ਹਿੰਦੁਸਤਾਨ ਨਾਲੋਂ ਭਿੰਨ ਦੇਸ਼ ਸਮਝਦਾ ਹੈ। ਅੰਤਿਮ ਦੋਸ਼ ਇਹ ਹੈ ਕਿ ਲੇਖਕ ਇਹ ਦੱਸਣੋਂ ਸੰਕੋਚ ਕਰ ਗਇਆ ਹੈ ਕਿ ਉਸ ਨੇ ਕਿਹੜੇ ਦੇਸ਼ ਤੋਂ ਆਪਣੀ ਯਾਤਰਾ ਆਰੰਭ ਕੀਤੀ ਅਤੇ ਕਿਸ ਦੇਸ਼ ਵਿਚ ਜਾ ਕੇ ਮੁਕਾਈ। ਫ਼ਿਰ ਵੀ ਸਾਰੀ ਪੁਸਤਕ ਪੜ੍ਹਨ ਮਗਰੋਂ ਪਾਠਕ ਉਤੇ ਅਜਿਹਾ ਪ੍ਰਭਾਵ ਪੈਂਦਾ ਹੈ ਜਿਵੇਂ ਲੇਖਕ ਆਪਣੇ ਸਫ਼ਰ ਦਾ ਹਾਲ ਬਿਆਨ ਕਰਦਾ ਪਇਆ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਹੁਣ ਤਕ ਲਿਖੇ ਗਏ

Digitized by Panjab Digital Library | www.panjabdigilib.org

ਸਫ਼ਰਨਾਮਿਆਂ ਵਿਚੋਂ ਕਿਸੇ ਇਕ ਵਿਚ ਵੀ ਇਤਨੇ ਦੇਸ਼ਾਂ ਦਾ ਉਲੇਖ ਨਹੀਂ ਕੀਤਾ ਗਇਆ। ਪੰਜਾਬੀ ਭਾਸ਼ਾ ਦਾ ਪਹਿਲਾ ਸਫ਼ਰਨਾਮਾ ਹੋਣ ਕਰਕੇ ਪੰਜਾਬੀ ਸਫ਼ਰਨਾਮਿਆਂ ਦੇ ਇਤਿਹਾਸ ਦੀ ਕਾਲ-ਸੰਗਲੀ ਵਿਚ ਇਸ ਦਾ ਪ੍ਰਥਮ ਸਥਾਨ ਹੈ।

ਵਾਰਤਕ ਤੋਂ ਛੁਟ ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਵਿਚ ਕਾਵਿ-ਰਚਨਾ ਵੀ ਕੀਤੀ। ਇਨ੍ਹਾਂ ਕਵਿਤਾਵਾਂ ਵਿਚ ਈਸਾ ਮਸੀਹ ਦਾ ਗੁਣ-ਗਾਇਨ ਕੀਤਾ ਗਇਆ ਹੈ ਅਤੇ ਪੰਜਾਬੀ ਜਨਸਾਧਾਰਣ ਨੂੰ ਈਸਾਈ ਧਰਮ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ ਗਈ ਹੈ। ਜੋ ਕਾਵਿ-ਰਚਨਾਵਾਂ ਸਾਨੂੰ ਪ੍ਰਾਪਤ ਹੋਈਆਂ ਹਨ, ਉਹ ਸਾਰੀਆਂ ਹੀ ਲਗਭਗ ਵੀਹਵੀਂ ਸਦੀ ਈ: ਦੀਆਂ ਕਿਰਤਾਂ ਹਨ। ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਉਨੀਵੀਂ ਸਦੀ ਈ: ਵਿਚ ਵੀ ਈਸਾ ਮਸੀਹ ਦੇ ਉਸਤਤੀ ਗੀਤ, ਭਜਨ, ਜ਼ਬੂਰ ਆਦਿ ਲਿਖੇ ਜਾਂਦੇ ਰਹੇ ਹਨ, ਸਾਨੂੰ ਬਹੁਤ ਜਤਨਾਂ ਦੇ ਬਾਵਜੂਦ ਵੀ ਇਹ ਗੀਤ ਪ੍ਰਾਪਤ ਨਹੀਂ ਹੋ ਸਕੇ। ਪ੍ਰਾਪਤ ਸਾਮੱਗ੍ਰੀ ਦੇ ਆਧਾਰ ਉਤੇ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਨਾ ਕੇਵਲ ਆਪ ਹੀ ਕਾਵਿ-ਰਚਨਾ ਕੀਤੀ, ਸਗੋਂ ਉਨ੍ਹਾਂ ਨੇ ਕੁਝ ਹੋਰ ਪੰਜਾਬੀ ਕਵੀਆਂ ਨੂੰ ਵੀ ਈਸਾ ਮਸੀਹ ਦੇ ਭਜਨ ਅਤੇ ਗੀਤ ਆਦਿ ਲਿਖਣ ਦੀ ਪ੍ਰੇਰਣਾ ਦਿੱਤੀ। ਇਨ੍ਹਾਂ ਰਚਨਾਵਾਂ ਦੀ ਸੂਚੀ ਇਸ ਪ੍ਰਕਾਰ ਹੈ :—

1. ਮਸੀਹ ਦਾ ਭਗਤ ਲੇਖਕ : ਲੱਭੂ ਮੱਲ 'ਮਖ਼ਮੂਰ' (1965 ਈ:)
2. ਸਲੀਬੀ ਪਰਵਾਨੇ ਲੇਖਕ : ਲੱਭੂ ਮੱਲ 'ਮਖ਼ਮੂਰ' (1964 ਈ:)
3. ਰੂੜਦਾਸ ਦੀਆਂ ਗੀਤਾਂ ਲੇਖਕ : ਰੂੜ੍ਹਦਾਸ (ਪ੍ਰਕਾਸ਼ਨ ਤਿਥਿ ਨਹੀਂ)
4. ਗੀਤਾਵਲੀ ਸੰਪਾਦਕ : ਮਿਸ ਈ. ਐਲ. ਸਾਂਡਰਸ (1962 ਈ:)
5. ਮਸੀਹੀ ਨੌਜਵਾਨੋਂ ਕੇ ਗੀਤ ਸੰਪਾਦਕ : ਏ. ਬੋਏਡ (1951 ਈ:)

ਇਤਨਾ ਤਾਂ ਸਪਸ਼ਟ ਹੈ ਕਿ ਇਹ ਕਾਵਿ-ਰਚਨਾਵਾਂ ਪੰਜਾਬੀ ਕਵਿਤਾ ਦੇ ਮੁਖ ਪ੍ਰਵਾਹ ਦਾ ਅੰਗ ਨਹੀਂ ਬਣ ਸਕੀਆਂ। ਇਸ ਦਾ ਮੁਖ ਕਾਰਣ ਇਹ ਸੀ ਕਿ ਮਿਸ਼ਨਰੀਆਂ ਨੇ ਕਦੇ ਵੀ ਪੰਜਾਬੀ ਸਾਹਿਤ ਵਲ ਉਚੇਚਾ ਧਿਆਨ ਨਹੀਂ ਦਿੱਤਾ। ਉਨ੍ਹਾਂ ਦਾ ਉੱਦੇਸ਼ ਨਾ ਤਾਂ ਸਾਹਿਤ-ਸਿਰਜਣ ਸੀ ਅਤੇ ਨਾ ਹੀ ਸਾਹਿਤ-ਸੇਵਾ। ਹੋਰ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਨੂੰ ਵੀ ਉਨ੍ਹਾਂ ਨੇ ਧਰਮਪ੍ਰਚਾਰ ਦਾ ਮਾਧਿਅਮ ਬਣਾਇਆ ਅਤੇ ਆਪਣਾ ਸਾਰਾ ਧਿਆਨ ਪ੍ਰਚਾਰ-ਕਾਰਜ ਉਤੇ ਹੀ ਕੇਂਦ੍ਰਿਤ ਰੱਖਿਆ। ਤਾਂ ਵੀ ਇਨ੍ਹਾਂ ਰਚਨਾਵਾਂ ਦੇ ਅਧਿਐਨ ਮਗਰੋਂ ਕੁਝ ਨਵੇਂ ਤੱਥ ਜ਼ਰੂਰ ਦ੍ਰਿਸ਼ਟੀਗੋਚਰ ਹੁੰਦੇ ਹਨ।

ਮਸੀਹ ਦਾ ਭਗਤ

ਇਹ ਕਾਵਿ-ਰਚਨਾ ਪਾਦਰੀ ਸਾਈਂ ਸੁੱਚਾ ਸਿੰਘ ਦੇ ਜੀਵਨ ਨਾਲ ਸੰਬੰਧਿਤ ਹੈ। 62 ਪੰਨਿਆਂ ਦੀ ਇਸ ਰਚਨਾ ਵਿਚ ਲੱਭੂ ਮੱਲ 'ਮਖ਼ਮੂਰ' ਨੇ ਸਾਈਂ ਜੀ ਦੇ ਜਨਮ ਤੋਂ ਮਰਨ ਸਮੇਂ ਤਕ ਦੀਆਂ ਮਹੱਤਵਪੂਰਣ ਘਟਨਾਵਾਂ ਨੂੰ ਕਾਵਿ-ਬੱਧ ਕੀਤਾ ਹੈ। ਇਸ ਤੋਂ ਪਹਿਲਾਂ ਆਮ ਤੌਰ ਤੇ ਈਸਾ ਮਸੀਹ ਦੀਆਂ ਜੀਵਨੀਆਂ ਲਿਖੀਆਂ ਜਾਂਦੀਆਂ ਸਨ ਅਤੇ ਜਾਂ ਬਾਈਬਲ ਦੀਆਂ ਕਥਾਵਾਂ ਨੂੰ ਹੀ ਕਹਾਣੀ ਰੂਪ ਵਿਚ ਪੇਸ਼ ਕਰਨ ਦੀ ਪਰੰਪਰਾ ਸੀ। ਬਾਈਬਲ ਈਸਾਈ ਧਰਮ ਦਾ ਪ੍ਰਾਥਮਿਕ ਸੋਮਾ

Digitized by Panjab Digital Library | www.panjabdigilib.org

ਹੈ । ਮਿਸ਼ਨਰੀ ਇਸ ਸੋਮੇ ਦੀ ਲੋੜ ਅਨੁਸਾਰ ਵਰਤੋਂ ਕਰ ਰਹੇ ਸਨ । ਕਿਸੇ ਭਾਰਤੀ ਪਾਦਰੀ, ਸਾਈਂ ਜਾਂ ਸੰਤ ਦੇ ਜੀਵਨ ਨੂੰ ਇਸ ਤੋਂ ਪਹਿਲਾਂ ਕਾਵਿ-ਰੂਪ ਨਹੀਂ ਦਿੱਤਾ ਗਇਆ ਸੀ । ਆਪਣੀ ਕਿਸਮ ਦੀ ਪਹਿਲੀ ਰਚਨਾ ਹੋਣ ਕਰਕੇ ਇਤਿਹਾਸਿਕ ਦ੍ਰਿਸ਼ਟੀ ਤੋਂ ਇਸ ਦਾ ਮੁੱਲ ਵਧ ਜਾਂਦਾ ਹੈ ।

ਈਸਾਈ ਮਿਸ਼ਨਰੀ ਦੂਰ ਦੂਰ ਤਕ ਧਰਮ-ਪ੍ਰਚਾਰ-ਕਾਰਜ ਲਈ ਗਏ । ਬਾਈਬਲ ਦੇ ਰੂਪ ਵਿਚ ਉਨ੍ਹਾਂ ਕੋਲ ਅਨੇਕਾਂ ਪੁਰਾਣ-ਕਥਾਵਾਂ ਮੌਜੂਦ ਸਨ । ਹਰ ਧਰਮ ਦਾ ਆਪਣਾ ਇਤਿਹਾਸ ਹੁੰਦਾ ਹੈ । ਜਿਥੇ ਜਿਥੇ ਧਰਮ ਦਾ ਪ੍ਰਸਾਰ ਹੁੰਦਾ ਹੈ, ਉਥੇ ਉਸ ਧਰਮ ਦਾ ਇਕ ਨਵਾਂ ਇਤਿਹਾਸ ਜਨਮ ਲੈਂਦਾ ਹੈ । ਈਸਾਈ ਮਿਸ਼ਨਰੀਆਂ ਨੇ ਧਰਮ-ਪ੍ਰਸਾਰ ਲਈ ਸਾਡੇ ਦੇਸ਼ ਵਿਚ ਜੋ ਉੱਦਮ ਕੀਤੇ, ਉਹ ਹੁਣ ਈਸਾਈ ਧਰਮ ਨਾਲ ਸੰਬੰਧਿਤ ਮਿਸ਼ਨਾਂ ਦੇ ਇਤਿਹਾਸ ਦਾ ਭਾਗ ਬਣ ਚੁੱਕੇ ਹਨ । ਪੰਜਾਬੀ ਜਨਸਾਧਾਰਣ ਵਿਚ ਵਿਚਰਨ ਵਾਲੇ ਵਿਦੇਸ਼ੀ ਅਤੇ ਦੇਸੀ ਮਿਸ਼ਨਰੀ ਇਸ ਇਤਿਹਾਸ ਦਾ ਅਨਿੱਖੜਵਾਂ ਅੰਗ ਹਨ । ਇਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਰਚਨਾਵਾਂ ਇਸ ਪੱਖ ਤੋਂ ਘੱਟ ਮੁੱਲਵਾਨ ਨਹੀਂ ।

ਇਸ ਰਚਨਾ ਵਿਚ ਪਾਦਰੀ ਸੁੱਚਾ ਸਿੰਘ ਨੂੰ 'ਸਾਈਂ' ਕਹਿ ਕੇ ਸੰਬੋਧਨ ਕੀਤਾ ਗਇਆ ਹੈ । ਬਾਹਰਲੇ ਦੇਸ਼ਾਂ ਤੋਂ ਆਏ ਮਿਸ਼ਨਰੀਆਂ ਨੇ ਕਿਸੇ ਵੀ ਭਾਰਤੀ ਮਿਸ਼ਨਰੀ ਨੂੰ ਸੰਤ ਦਾ ਖ਼ਿਤਾਬ ਨਹੀਂ ਦਿੱਤਾ, ਸਗੋਂ ਸਾਈਂ ਜਾਂ ਸਾਧੂ ਆਖਣਾ ਹੀ ਯੋਗ ਸਮਝਿਆ ਹੈ । ਸ਼ਾਇਦ ਉਨ੍ਹਾਂ ਨੇ ਅਜਿਹਾ ਇਸ ਲਈ ਕੀਤਾ, ਕਿਉਂਕਿ ਉਹ ਇਥੋਂ ਦੇ ਮਿਸ਼ਨਰੀਆਂ ਨੂੰ ਆਪਣੇ ਸੰਤਾਂ ਦੇ ਬਰਾਬਰ ਦਾ ਦਰਜਾ ਦੇਣਾ ਪਸੰਦ ਨਹੀਂ ਕਰਦੇ ਸਨ । ਪਾਦਰੀ ਸੁੱਚਾ ਸਿੰਘ ਇਕ ਪੰਜਾਬੀ-ਭਾਰਤੀ ਮਿਸ਼ਨਰੀ ਸੀ, ਪਰ ਫ਼ਿਰ ਵੀ ਜਾਣਕਾਰ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਈਸਾਈਆਂ ਵਿਚ ਉਸ ਦੀ ਕਾਫ਼ੀ ਮਾਨਤਾ ਸੀ । ਭਾਰਤੀ ਸੰਤ ਦਾ ਉਦੈ ਇਸ ਗੱਲ ਦਾ ਗਵਾਹ ਹੈ ਕਿ ਈਸਾਈ ਧਰਮ ਸਹਿਜੇ ਸਹਿਜੇ ਇਸ ਦੇਸ਼ ਵਿਚ ਜੜ੍ਹ ਪਕੜਦਾ ਜਾ ਰਹਿਆ ਸੀ । ਦੂਰ ਪਾਰੋਂ ਆਏ ਮਿਸ਼ਨਰੀ ਭਾਵੇਂ ਆਪਣੇ ਸੇਵਾ-ਕਾਰਜ ਅਤੇ ਆਚਰਣ-ਵਿਧੀ ਰਾਹੀਂ ਭਾਰਤੀ ਲੋਕਾਂ ਦੇ ਨੇੜੇ ਹੁੰਦੇ ਜਾ ਰਹੇ ਸਨ, ਤਾਂ ਵੀ ਸਾਂਸਕ੍ਰਿਤਕ ਵਿੱਥ ਤਾਂ ਕਾਇਮ ਹੀ ਰਹਿੰਦੀ ਸੀ । ਭਾਰਤੀ ਸੰਤ ਦੇ ਉਦੈ ਨਾਲ ਇਹ ਵਿੱਥ ਮਿਟ ਜਾਂਦੀ ਹੈ । ਦੂਰ ਦੇਸ ਦਾ ਧਰਮ ਵੀ ਆਪਣੇ ਨੇੜੇ ਦਾ ਧਰਮ ਪ੍ਰਤੀਤ ਹੋਣ ਲੱਗ ਪੈਂਦਾ ਹੈ ।

ਇਸ ਕਿਰਤ ਦੀ ਇਕ ਵਿਸ਼ੇਸ਼ ਗੱਲ ਇਹ ਵੀ ਹੈ ਕਿ ਇਸ ਵਿਚ ਅਨੇਕਾਂ ਸੈਮੀਟਿਕ ਧਰਮਾਂ ਨਾਲ ਸੰਬੰਧਿਤ ਸੰਕੇਤ (Allusions) ਮਿਲਦੇ ਹਨ । ਬਾਈਬਲ ਦੇ ਅਨੁਵਾਦ ਮਗਰੋਂ ਇਹ ਇਕ ਅਜਿਹੀ ਰਚਨਾ ਹੈ, ਜਿਸ ਵਿਚ ਇਤਨੀ ਬਹੁਗਿਣਤੀ ਵਿਚ ਅਜਿਹੇ ਸੰਕੇਤ ਉਪਲਬਧ ਹੁੰਦੇ ਹਨ । ਦਾਊਦ, ਮੂਸਾ, ਇਸਰਾਏਲ, ਬਜ਼ਲੀਏਲ, ਏਲੀ ਦੇ ਪੁੱਤਰਾਂ, ਸਮੂਏਲ, ਯੂਸਫ਼, ਦਾਨੀਏਲ, ਯਿਸੂ, ਹੰਨਾ, ਏਲੀਯਾਹ, ਮਰੀਅਮ, ਮਗਦਲਾ, ਪੌਲੁਸ ਆਦਿ ਦਾ ਜ਼ਿਕਰ ਬਾਰ ਬਾਰ ਆਉਂਦਾ ਹੈ । ਇਹ ਸੰਕੇਤ ਪੰਜਾਬੀ ਸਾਹਿਤ-ਪਰੰਪਰਾ ਵਿਚ ਅਸਲੋਂ ਨਵੀਨ ਤੱਥ ਹਨ ਅਤੇ ਇਨ੍ਹਾਂ ਕਰਕੇ ਹੀ ਈਸਾਈ ਧਰਮ ਨਾਲ ਸੰਬੰਧਿਤ ਪੁਸਤਕਾਂ ਨੂੰ ਵਿਲੱਖਣ ਨੁਹਾਰ ਮਿਲੀ ਹੈ ਅਤੇ ਪਹਿਲੀ ਨਜ਼ਰ ਵਿਚ ਹੀ ਉਸ ਦੀ ਵਿਲੱਖਣ ਸ਼ੈਲੀ ਉਜਾਗਰ ਹੋ ਜਾਂਦੀ ਹੈ ।

ਇਸ ਪੁਸਤਕ ਦਾ ਵਿਸ਼ਾ ਮਸੀਹ ਦੇ ਭਗਤ ਪਾਦਰੀ ਸਾਈਂ ਸੁੱਚਾ ਸਿੰਘ ਦਾ ਜੀਵਨ ਹੈ ।

Digitized by Panjab Digital Library | www.panjabdigilib.org

ਕਵੀ ਨੇ ਸਾਈਂ ਜੀ ਦੇ ਜੀਵਨ ਨੂੰ ਆਦਰਸ਼ਕ ਰੂਪ ਵਿਚ ਪੇਸ਼ ਕੀਤਾ ਹੈ। ਪ੍ਰਚਾਰ-ਕਾਰਜ ਸਮੇਂ ਉਸ ਨੂੰ ਕਿਨ੍ਹਾਂ ਕਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪਇਆ, ਇਸ ਦਾ ਉਲੇਖ ਵੀ ਪੁਸਤਕ ਵਿਚ ਕੀਤਾ ਗਇਆ ਹੈ। ਪੁਸਤਕ ਦੇ ਅੰਤ ਵਿਚ ਸਾਈਂ ਜੀ ਦੀ ਸ਼ਰਧਾਲੂ ਸੇਵਿਕਾ ਮਾਈ ਨਾਲ ਸੰਬੰਧਿਤ ਕੁਝ ਘਟਨਾਵਾਂ ਵੀ ਦਰਜ ਹਨ। ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਵਿਦੇਸ਼ੀ ਮਿਸ਼ਨਰੀਆਂ ਨੇ ਦੇਸੀ ਮਿਸ਼ਨਰੀਆਂ ਦੀ ਪ੍ਰਸ਼ੰਸਾ-ਭਰਪੂਰ ਰਚਨਾਵਾਂ ਤਾਂ ਕਰਵਾਈਆਂ, ਪਰ ਆਪਣੇ ਬਾਰੇ ਕੁਝ ਲਿਖਵਾਉਣਾ ਉਚਿਤ ਨਹੀਂ ਸਮਝਿਆ। ਆਪਣੀ ਖੋਜ ਸਮੇਂ ਮੈਨੂੰ ਵਿਦੇਸ਼ੀ ਮਿਸ਼ਨਰੀਆਂ ਦੇ ਜੀਵਨ ਨੂੰ ਆਦਰਸ਼ ਰੂਪ ਵਿਚ ਪੇਸ਼ ਕਰਨ ਵਾਲੀ ਕੋਈ ਰਚਨਾ ਪ੍ਰਾਪਤ ਨਹੀਂ ਹੋ ਸਕੀ।

ਇਸ ਰਚਨਾ ਦੇ ਭਾਵ-ਪ੍ਰਬੰਧ ਬਾਰੇ ਦੋ ਸ਼ਬਦ ਕਹਿਣੇ ਜ਼ਰੂਰੀ ਹਨ। ਵਿਚਾਰ ਅਧੀਨ ਕਿਰਤ ਵਿਚ ਕਰੁਣਾ ਜਾਂ ਭੈ ਨੂੰ ਵਿਸ਼ਾ ਨਹੀਂ ਬਣਾਇਆ ਗਇਆ। ਰਚਨਾ ਦਾ ਸਹਿਜ ਭਾਵ-ਪ੍ਰਬੰਧ ਈਸਾਈ ਧਰਮ ਪ੍ਰਤਿ ਸ਼ਰਧਾ ਦਾ ਵਾਤਾਵਰਣ ਪੈਦਾ ਕਰਦਾ ਹੈ। ਸੈਮੀਟਿਕ ਪੌਰਾਣਿਕ ਕਥਾਵਾਂ ਦੇ ਹਵਾਲੇ ਭਾਵ-ਪ੍ਰਬੰਧ ਵਿਚ ਡੂੰਘਾਈ ਪੈਦਾ ਕਰਦੇ ਹਨ।

'ਮਸੀਹ ਦਾ ਭਗਤ' ਪੁਸਤਕ ਦੀ ਭਾਸ਼ਾ ਉਤੇ ਵੀ ਸੈਮੀਟਿਕ ਧਰਮ ਦਾ ਡੂੰਘਾ ਪ੍ਰਭਾਵ ਹੋਣ ਕਰਕੇ ਉਰਦੂ, ਫ਼ਾਰਸੀ, ਅਰਬੀ ਦੇ ਸ਼ਬਦ ਵਧੇਰੇ ਮਾਤਰਾ ਵਿਚ ਪ੍ਰਯੋਗ ਵਿਚ ਲਿਆਂਦੇ ਗਏ ਹਨ, ਜਿਵੇਂ ਹਮਦ, ਪਾਕ ਜ਼ਬਾਨ, ਤੌਫ਼ੀਕ, ਸਾਹਿਲ, ਬਰਪਾ, ਸਿਜਦਾ, ਬਾਰਗਾਹ, ਖ਼ੈਮਾਗਾਹ, ਤਾਬੀਰ, ਦਾਨਿਸ਼, ਨਬੂਵਤਾਂ, ਰਫ਼ੀਕ, ਸ਼ਫ਼ੀਕ, ਸ਼ਬ, ਅਕੀਕ, ਹਮਜ਼ਬਾਨ, ਬੂਸਤਾਨ, ਮਾਕੂਲ, ਮੁਬੱਸ਼ਰਾਂ, ਨਾਸਰੀ, ਬਸ਼ਾਰਤਾਂ, ਮੁਨਾਦ, ਰਜ਼ਾਕਾਰ, ਹਿਫ਼ਜ਼, ਤਾਤਾਰ, ਪਸਤ, ਸ਼ੋਲ੍ਹਾ, ਨਜ਼ਰਬਾਜ਼, ਬਲਕ, ਬਲਆਮ, ਇਲਹਾਮ, ਅਖ਼ਿਆਬਾਂ ਆਦਿ। ਇਹ ਭਾਸ਼ਾ ਪਾਕਿਸਤਾਨੀ ਪੰਜਾਬੀ ਦੇ ਵਧੇਰੇ ਨਜ਼ਦੀਕ ਜਾਪਦੀ ਹੈ। ਇਸ ਤਰ੍ਹਾਂ ਦੀ ਸ਼ਬਦਾਵਲੀ ਸਦਕਾ ਹੀ ਆਧੁਨਿਕ ਕਾਲ ਦੀਆਂ ਆਰੀਆਈ ਧਰਮ-ਪੁਸਤਕਾਂ ਅਤੇ ਸੈਮੀਟਿਕ ਧਰਮ-ਪੁਸਤਕਾਂ ਵਿਚਕਾਰ ਸਹਿਜੇ ਹੀ ਨਿਖੇੜਾ ਕੀਤਾ ਜਾ ਸਕਦਾ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਛੇ ਕਲੀਏ ਬੈਂਤ ਛੰਦ ਵਿਚ ਲਿਖੀ ਗਈ ਹੈ। ਕਵੀ ਨੇ ਬੜੀ ਖੂਬੀ ਨਾਲ ਇਸ ਕਾਵਿ-ਰੂਪ ਨੂੰ ਨਿਬਾਹਿਆ ਹੈ। ਸੁੰਦਰ ਬੈਂਤਬਾਜ਼ੀ ਦੇ ਦੋ ਉਦਾਹਰਣ ਪੇਸ਼ ਹਨ :

"ਮਏ ਨਾਬ ਦੇ ਜਾਮ ਜੋ ਪੀਣ ਵਾਲੇ,
ਰਾਹ ਭੁੱਲਦੇ ਨਹੀਂ ਮੈਖ਼ਾਨਿਆਂ ਦੀ।
ਨਜ਼ਰਬਾਜ਼ ਦਾ ਦਿਲ ਤੜਫ਼ਾ ਜਾਂਦੀ,
ਨੂਰੀ ਸ਼ਮ੍ਹਾ ਤੇ ਫੜਕ ਪਰਵਾਨਿਆਂ ਦੀ।
ਨਾਹਰੇ ਮਾਰਦੇ ਮਸਤ ਮਲੰਗ ਹੋ ਕੇ,
ਹੱਥ ਆ ਗਈ ਕੁੰਜੀ ਖ਼ਜ਼ਾਨਿਆਂ ਦੀ।
ਦੌਲਤਮੰਦ ਗ਼ਰੀਬਾਂ ਨੂੰ ਕਰੀ ਜਾਂਦੇ,
ਦੌਲਤ ਮੁੱਕਦੀ ਨਹੀਂ ਦੀਵਾਨਿਆਂ ਦੀ।"[1]

* * * *

1. ਮਖ਼ਮੂਰ, ਮਸੀਹ ਦਾ ਭਗਤ, ਪੰਨਾ 20.

Digitized by Panjab Digital Library | www.panjabdigilib.org

"ਅਤਰ ਸਿੰਘ ਸਰਦਾਰ ਸੀ ਅਤਰ ਭਿੰਨਾ,
ਲੰਘੇ ਜਿਥੋਂ ਦੀ ਲੱਗੇ ਬਾਜ਼ਾਰ ਸੋਹਣਾ।
ਕੱਦ ਸਰੂ ਦੇ ਵਾਂਗ ਬਲੰਦ ਉਹਦਾ,
ਬਿੱਲਾ ਬਾਜ਼ੂ ਉਤੇ ਤਿੱਲੇਦਾਰ ਸੋਹਣਾ।
ਬਹਿੰਦਾ ਫੱਬ ਕੇ ਘੋੜੇ ਦੀ ਜ਼ੀਨ ਉਤੇ,
ਸਿੰਘ ਸੂਰਮਾ ਘੋੜ ਸਵਾਰ ਸੋਹਣਾ।
ਚੋਰਾਂ ਡਾਕੂਆਂ ਜ਼ੁਲਮ ਦੇ ਬਾਨੀਆਂ ਦੀ,
ਪੁੱਠੀ ਦਿੰਦਾ ਸੀ ਖੱਲ ਉਤਾਰ ਸੋਹਣਾ।"[1]

ਅਜਿਹੇ ਉਦਾਹਰਣਾਂ ਦੀ ਪੁਸਤਕ ਵਿਚ ਕੋਈ ਘਾਟ ਨਹੀਂ, ਪਰ ਕਿਤੇ ਕਿਤੇ ਕਵੀ ਨਿਰੋਲ ਤੁਕਬੰਦੀ ਦੀ ਪੱਧਰ ਤੇ ਵੀ ਆ ਜਾਂਦਾ ਹੈ। ਪਰ ਮੂਲ ਰੂਪ ਵਿਚ ਭਾਸ਼ਾ ਅਤੇ ਛੰਦ ਉਤੇ ਕਵੀ ਦਾ ਪੂਰਾ ਅਧਿਕਾਰ ਹੈ। ਪੁਸਤਕ ਵਿਚ ਉਪ-ਸਿਰਲੇਖ ਵੀ ਦਿੱਤੇ ਗਏ ਹਨ। ਕਲਾ-ਦ੍ਰਿਸ਼ਟੀ ਤੋਂ ਇਸ ਰਚਨਾ ਦਾ ਮਹੱਤਵ ਭਾਵੇਂ ਕੁਝ ਵੀ ਹੋਵੇ, ਇਸ ਦੇ ਇਤਿਹਾਸਿਕ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸਲੀਬੀ ਪਰਵਾਨੇ

ਲੱਭੂ ਮੱਲ 'ਮਖ਼ਮੂਰ' ਦੀ ਇਹ ਦੂਜੀ ਕਾਵਿ-ਰਚਨਾ ਹੈ। ਇਸ ਨੂੰ ਅਧਿਐਨ ਦੀ ਸੁਵਿਧਾ ਲਈ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਪੋਲੀਕਾਰਪ, ਅਗਨੇਸ਼ਸ, ਬਲੰਡੀਨਾ, ਰਸੂਲ ਯਾਕੂਬ, ਪਤਰਸ ਅਤੇ ਕਲਵਰੀ ਆਦਿ ਸਲੀਬੀ ਸ਼ਹੀਦਾਂ ਦੇ ਜ਼ੁਲਮ ਸਹਿਣ ਅਤੇ ਸ਼ਹੀਦ ਹੋਣ ਦੀਆਂ ਘਟਨਾਵਾਂ ਨੂੰ ਛੰਦ-ਬੱਧ ਕੀਤਾ ਗਇਆ ਹੈ। ਦੂਜੇ ਭਾਗ ਵਿਚ ਈਸਾ ਮਸੀਹ ਦੇ ਜਨਮ ਤੋਂ ਲੈ ਕੇ ਸੂਲੀ ਚੜ੍ਹਨ ਸਮੇਂ ਤਕ ਦੀਆਂ ਚੋਣਵੀਆਂ ਘਟਨਾਵਾਂ ਨੂੰ ਕਾਵਿ-ਰੂਪ ਵਿਚ ਪੇਸ਼ ਕੀਤਾ ਗਇਆ ਹੈ। ਇਸ ਤੋਂ ਛੁਟ ਕਿਤੇ ਕਿਤੇ ਬਾਈਬਲ ਦੇ ਉਪਦੇਸ਼ਾਂ ਨੂੰ ਕਾਵਿ-ਅਲੰਕਾਰਾਂ ਨਾਲ ਸਜਾ ਕੇ ਪੇਸ਼ ਕੀਤਾ ਗਇਆ ਹੈ। ਪੁਸਤਕ ਦੇ ਕੁਲ ਪੰਨੇ 52 ਹਨ।

ਇਸ ਪੁਸਤਕ ਦਾ ਵਿਸ਼ਾ ਬਾਈਬਲ ਦੀਆਂ ਪੌਰਾਣਿਕ ਕਥਾਵਾਂ ਨਾਲ ਸੰਬੰਧਿਤ ਹੈ। ਮਸੀਹੀ ਸ਼ਹੀਦਾਂ ਦੀਆ ਕੁਰਬਾਨੀਆਂ ਦੇ ਹਾਲਾਤ ਪੰਜਾਬੀ ਜਨਸਾਧਾਰਣ ਅੱਗੇ ਪੇਸ਼ ਕਰ ਕੇ ਲੇਖਕ ਪੰਜਾਬੀਆਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਇਤਨੇ ਤਸੀਹੇ ਸਹਿੰਦਿਆਂ ਹੋਇਆਂ ਵੀ ਇਨ੍ਹਾਂ ਸ਼ਹੀਦਾਂ ਨੇ ਕਿਸੇ ਹੋਰ ਧਰਮ ਅੱਗੇ ਸਿਰ ਨਹੀਂ ਝੁਕਾਇਆ ਅਤੇ ਈਸਾ ਮਸੀਹ ਨੂੰ ਹੀ ਆਪਣਾ ਰੱਬ ਮੰਨਿਆ। ਈਸਾ ਦੇ ਪੈਰੋਕਾਰ ਬਣ ਕੇ ਭਾਵੇਂ ਉਨ੍ਹਾਂ ਨੂੰ ਹੋਣੀ ਅੱਗੇ ਗੋਡੇ ਟੇਕਣੇ ਪਏ, ਪਰ ਉਨ੍ਹਾਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਮੇਂ ਦੇ ਸ਼ਕਤੀਸ਼ਾਲੀ ਸਮਾਜ ਵਿਰੁੱਧ ਬਗਾਵਤ ਕੀਤੀ। ਇਸ ਪ੍ਰਕਾਰ ਲੇਖਕ ਅਸਿੱਧੇ ਤੌਰ ਤੇ ਇਹ ਪ੍ਰਭਾਵ ਪਾਉਣਾ ਚਾਹੁੰਦਾ ਹੈ ਕਿ ਉਹ ਵੀ ਇਨ੍ਹਾਂ ਦੀਆਂ ਕੁਰ-ਬਾਨੀਆਂ ਤੋਂ ਪ੍ਰੇਰਿਤ ਹੋ ਕੇ ਈਸਾ ਮਸੀਹ ਦੀ ਸ਼ਰਨ ਵਿਚ ਆਉਣ। ਇਨ੍ਹਾਂ ਸ਼ਹੀਦਾਂ ਤੋਂ ਮਗਰੋਂ

1. ਮਖ਼ਮੂਰ, ਮਸੀਹ ਦਾ ਭਗਤ, ਪੰਨਾ 20.

Digitized by Panjab Digital Library | www.panjabdigilib.org

ਲੇਖਕ ਈਸਾ ਮਸੀਹ ਦੇ ਜੀਵਨ ਉਤੇ ਵੀ ਪਾਠਕਾਂ ਨੂੰ ਝਾਤ ਪੁਆਉਂਦਾ ਹੈ ਅਤੇ ਉਸ ਦੇ ਜੀਵਨ ਦਾ ਆਦਰਸ਼ਕ ਚਿੱਤਰ ਪੇਸ਼ ਕਰਦਾ ਹੈ।

'ਮਸੀਹ ਦਾ ਭਗਤ' ਵਾਂਗ ਇਸ ਪੁਸਤਕ ਦਾ ਸਹਿਜ ਭਾਵ-ਪ੍ਰਬੰਧ ਨਹੀਂ। ਕਰੁਣਾ ਅਤੇ ਭੈ ਦਾ ਭਾਵ ਸਾਰੀ ਰਚਨਾ ਉਤੇ ਹਾਵੀ ਰਹਿੰਦਾ ਹੈ। ਧਾਰਮਿਕ ਵਿਸ਼ਵਾਸਾਂ ਦਾ ਆਧਾਰ ਭੈ ਹੀ ਹੁੰਦਾ ਹੈ। ਪੌਲੀਕਾਰਪ ਨੂੰ ਪਹਿਲਾਂ ਅੱਗ ਵਿਚ ਸੁੱਟਿਆ ਗਇਆ ਅਤੇ ਫ਼ਿਰ ਤਲਵਾਰ ਨਾਲ ਉਸ ਦਾ ਸਿਰ ਵੱਢਿਆ ਗਇਆ; ਅਗਨੇਸ਼ਸ ਨੂੰ ਰੂਮ ਦੀ ਤਮਾਸ਼ਗਾਹ ਵਿਚ ਸ਼ੇਰਾਂ ਤੋਂ ਪੜਵਾਇਆ ਗਇਆ; ਮੁਟਿਆਰ ਹਬਸ਼ੀ ਕੁੜੀ ਬਲੰਡੀਨਾ ਨੂੰ ਪਹਿਲਾਂ ਸਲੀਬ ਉਤੇ ਲਟਕਾਇਆ ਗਇਆ ਅਤੇ ਮਗਰੋਂ ਹੇਠਾਂ ਲਾਹ ਕੇ ਉਸ ਦੇ ਕੋਰੜੇ ਮਾਰੇ ਗਏ, ਫਿਰ ਲੋਹੇ ਦੀ ਸੜਦੀ ਬਲਦੀ ਕੁਰਸੀ ਉਤੇ ਬਿਠਾਇਆ ਗਇਆ। ਪਹਿਲਾਂ ਜੰਗਲੀ ਗਊਆਂ ਦੇ ਖੁਰਾਂ ਹੇਠਾਂ ਲਿਤਾੜਿਆ ਗਇਆ ਅਤੇ ਅੰਤ ਸ਼ੇਰਾਂ ਤੋਂ ਪੜਵਾਇਆ ਗਇਆ; ਰੋਮ ਵਿਚ ਪਤਰਸ ਨੂੰ ਤੜਫ਼ਾ ਤੜਫ਼ਾ ਕੇ ਮਾਰਿਆ ਗਇਆ; ਬਾਈਬਲਾਂ ਸਾੜੀਆਂ ਗਈਆਂ ਅਤੇ ਗਿਰਜੇ ਤੋੜੇ ਗਏ। ਇਹ ਸਾਰੀਆਂ ਘਟਨਾਵਾਂ ਪਾਠਕਾਂ ਦੇ ਮਨਾਂ ਵਿਚ ਭੈ ਅਤੇ ਕਰੁਣਾ ਦੇ ਭਾਵ ਜਗਾਉਂਦੀਆਂ ਹਨ।

ਇਸ ਰਚਨਾ ਵਿਚ ਧਾਰਮਿਕ ਵਿਸ਼ਵਾਸ ਕਾਰਣ ਸਲੀਬੀ ਪਰਵਾਨਿਆਂ ਨੂੰ ਤਸੀਹੇ ਸਹਿੰਦਿਆਂ ਦਿਖਾਇਆ ਗਇਆ ਹੈ। ਧਾਰਮਿਕ ਵਿਸ਼ਵਾਸ ਕਾਰਣ ਤਸੀਹੇ ਸਹਿਣੇ ਅਤੇ ਸ਼ਹੀਦੀਆਂ ਪ੍ਰਾਪਤ ਕਰਨੀਆਂ ਪੰਜਾਬਵਾਸੀਆਂ ਦਾ ਮੂਲ ਆਦਰਸ਼ (Archetype) ਰਹਿਆ ਹੈ। ਈਸਾਈ ਮਿਸ਼ਨਰੀਆਂ ਨੇ ਇਸ ਪੱਖ ਨੂੰ ਉਘਾੜਿਆ ਹੈ ਅਤੇ ਧਾਰਮਿਕ ਵਿਸ਼ਵਾਸਾਂ ਕਾਰਣ ਸ਼ਹੀਦੀ ਪ੍ਰਾਪਤ ਕਰਨਾ ਈਸਾਈਆਂ ਦਾ ਮੂਲ-ਆਦਰਸ਼ ਸਿੱਧ ਕਰਕੇ ਪੰਜਾਬ ਦੇ ਧਰਮਾਂ ਨਾਲ ਇਸ ਦੀ ਅਨੁਰੂਪਤਾ ਨੂੰ ਉਭਾਰਿਆ ਹੈ।

ਇਹ ਰਚਨਾ ਵੀ ਸੈਮੀਟਿਕ ਸੰਕੇਤਾਂ ਨਾਲ ਭਰਪੂਰ ਹੈ। 'ਮਸੀਹ ਦਾ ਭਗਤ' ਅਤੇ 'ਸਲੀਬੀ ਪਰਵਾਨੇ' ਦੋਹਾਂ ਵਿਚ ਕਈ ਸੰਕੇਤ ਸਾਂਝੇ ਹਨ, ਪਰ ਕੁਝ ਸੰਕੇਤ ਤਾਂ ਅਸਲੋਂ ਨਵੇਂ ਹਨ, ਜਿਵੇਂ ਬਲੰਡੀਨਾ ਦੀ ਸ਼ਹੀਦੀ, ਪਤਰਸ ਦੀ ਸ਼ਹੀਦੀ ਆਦਿ। ਇਹ ਸੰਕੇਤ ਇਸ ਕਿਰਤ ਦੀ ਸ਼ੈਲੀ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ। ਇਸ ਪੁਸਤਕ ਦੀ ਭਾਸ਼ਾ ਉਤੇ ਵੀ ਸੈਮੀਟਿਕ ਪ੍ਰਭਾਵ ਹੋਣ ਕਾਰਣ ਉਰਦੂ, ਫ਼ਾਰਸੀ, ਅਰਬੀ ਦੇ ਸ਼ਬਦ ਪ੍ਰਯੋਗ ਵਿਚ ਆਏ ਹਨ, ਪਰ 'ਮਸੀਹ ਦਾ ਭਗਤ' ਦੀ ਤੁਲਨਾ ਵਿਚ ਇਨ੍ਹਾਂ ਦੀ ਮਾਤਰਾ ਘੱਟ ਹੈ। ਬੜੀ ਸ਼ਾਇਸਤਾ ਪੰਜਾਬੀ ਦੀ ਵਰਤੋਂ ਕੀਤੀ ਗਈ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਇਸ ਵਿਚ ਕਈ ਛੰਦਾਂ ਨੂੰ ਪ੍ਰਯੋਗ ਵਿਚ ਲਿਆਂਦਾ ਗਇਆ ਹੈ। ਵਧੇਰੇ ਵਰਤੋਂ ਛੇ ਕਲੀਏ ਬੈਂਤ ਦੀ ਹੀ ਹੋਈ ਹੈ, ਪਰ ਕੁਝ ਲੋਕ-ਪ੍ਰਿਯ ਛੰਦਾਂ ਨੂੰ ਵੀ ਵਰਤਣੋਂ ਪਰਹੇਜ਼ ਨਹੀਂ ਕੀਤਾ ਗਇਆ। ਰਚਨਾ ਵਿਚੋਂ ਦੋ ਉਦਾਹਰਣਾਂ ਪੇਸ਼ ਹਨ :

"ਮਿੱਟੀ ਵਿਚ ਰੁਲਦੇ ਵਾਂਗ ਕੰਕਰਾਂ ਦੇ,
ਦਾਣੇ ਦੰਦ ਜੋ ਕਦੀ ਅਨਾਰ ਦੇ ਸੀ।
ਕੋਈ ਕੌਡੀਆਂ ਦੇ ਮੁੱਲ ਪੁੱਛਦਾ ਨਹੀਂ,
ਮੋਤੀ ਕਦੀ ਜੋ ਹੁਸਨ ਬਾਜ਼ਾਰ ਦੇ ਸੀ।

Digitized by Panjab Digital Library | www.panjabdigilib.org

ਕਦੀ ਮੁੱਖ ਸੀ ਫੁੱਲ ਗੁਲਾਬ ਦੇ ਜੋ,
ਕੱਦ ਸਰੂ ਦੇ ਰੰਗ ਚਨਾਰ ਦੇ ਸੀ।
ਉਨ੍ਹਾਂ ਹੱਡੀਆਂ ਤੋਂ ਪਿਆ ਖ਼ੌਫ਼ ਆਉਂਦਾ,
ਜਿਨ੍ਹਾਂ ਹੱਡੀਆਂ ਤੋਂ ਜਿੰਦ ਵਾਰਦੇ ਸੀ।
ਬੰਦ ਹੋ ਗਿਆ ਚਹਿਕਣਾ ਬੁਲਬੁਲਾਂ ਦਾ,
ਭੌਰ ਗੂੰਜਦੇ ਫੁੱਲ ਕੋਈ ਹੱਸਦਾ ਨਹੀਂ।
ਬੰਦ ਹੋਏ ਨੇ ਅਮਲ ਤਬਖ਼ੀਰ ਸਾਰੇ,
ਘਟਾ ਉੱਠਦੀ ਮੀਂਹ ਕੋਈ ਵੱਸਦਾ ਨਹੀਂ।"[1]

* * * *

"ਜਿਸ ਦੇ ਮੈਂ ਕਾਗ ਉਡਾਉਂਦੀ ਸੀ, ਜਿਹਦੇ ਲਈ ਔਂਸੀਆਂ ਪਾਉਂਦੀ ਸੀ।
ਜਿਹਦੇ ਲਈ ਦੀਪ ਜਗਾਉਂਦੀ ਸੀ, ਜਿਹਦੇ ਮੈਂ ਸ਼ਗਨ ਮਨਾਉਂਦੀ ਸੀ।
ਜਿਹਦੇ ਲਈ ਪੀਹੜੇ ਡਾਹੁੰਦੀ ਸੀ, ਜਿਹਦੇ ਲਈ ਮਹਿੰਦੀ ਲਾਉਂਦੀ ਸੀ।
ਮੈਂ ਜਿਸ ਰਾਹੀ ਦੇ ਰਾਹਾਂ ਤੇ, ਪਲਕਾਂ ਦੇ ਫ਼ਰਸ਼ ਬਿਛਾਉਂਦੀ ਸੀ।
ਉਹ ਮਾਹੀ ਵੇਹੜੇ ਆ ਵੜਿਆ, ਰੁੜ੍ਹਦੀ ਨੂੰ ਬਾਹੋਂ ਆ ਫੜਿਆ।
ਮੈਂ ਯਰੂਸ਼ਲਮ ਵੱਲ ਵਿਹੰਦੀ ਸਾਂ, ਚੰਦ ਬੈਤਲਹਮ ਤੋਂ ਆ ਚੜ੍ਹਿਆ।"[2]

ਕਿਤੇ ਕਿਤੇ ਨਿਰੋਲ ਤੁਕਬੰਦੀ ਵਾਲਾ ਰੰਗ ਇਸ ਪੁਸਤਕ ਵਿਚ ਵੀ ਹੈ, ਪਰ ਮੂਲ ਰੂਪ ਵਿਚ ਭਾਸ਼ਾ ਅਤੇ ਛੰਦਾਂ ਉਤੇ ਕਵੀ ਦਾ ਅਧਿਕਾਰ ਹੈ।

ਰੂੜਦਾਸ ਦੀਆਂ ਗੀਤਾਂ

ਇਹ ਲਘੂ ਕਾਵਿ-ਰਚਨਾ ਈਸਾਈ ਮਿਸ਼ਨਰੀ ਰੂੜਦਾਸ ਦੁਆਰਾ ਲਿਖਿਤ ਕੁਝ ਗੀਤਾਂ ਤੇ ਨਜ਼ਮਾਂ ਦਾ ਸੰਗ੍ਰਹਿ ਹੈ। ਮੋਟੀ ਟਾਈਪ ਵਿਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁਲ 32 ਪੰਨੇ ਹਨ। ਲੇਖਕ ਨੇ ਇਸ ਕਿਰਤ ਨੂੰ ਚਾਰ ਉਪ-ਸਿਰਲੇਖਾਂ ਵਿਚ ਵੰਡਿਆ ਹੈ :—

(ੳ) ਖ਼ੁਦਾ ਦੇ ਦਸ ਹੁਕਮ
(ਅ) ਦੁਆ-ਇ-ਰੱਬਾਨੀ
(ੲ) ਅਕੀਦਾ
(ਸ) ਪੰਜਾਬੀ ਨਜ਼ਮ ਵਿਚ ਬਾਈਬਲ ਦੀਆਂ ਕਹਾਣੀਆਂ ਵਾ ਨਸੀਹਤਾਂ

ਖ਼ੁਦਾ ਦੇ ਦਸ ਹੁਕਮ, ਦੁਆ-ਇ-ਰੱਬਾਨੀ ਅਤੇ ਅਕੀਦਾ ਸਾਦੀ ਵਾਰਤਕ ਸ਼ੈਲੀ ਵਿਚ ਲਿਖੇ ਗਏ ਹਨ, ਕੇਵਲ ਬਾਈਬਲ ਦੀਆਂ ਕਹਾਣੀਆਂ ਅਤੇ ਨਸੀਹਤਾਂ ਹੀ ਛੰਦ-ਬੱਧ ਕੀਤੀਆਂ ਗਈਆਂ ਹਨ। ਬਾਈਬਲ ਨਾਲ ਸੰਬੰਧਿਤ ਭਾਗ ਪੰਨਾ 7 ਤੋਂ ਆਰੰਭ ਹੋ ਕੇ ਪੰਨਾ 26 ਤੇ ਮੁੱਕਦਾ ਹੈ। ਇਸ ਭਾਗ ਵਿਚ

---

1. ਮਖ਼ਮੂਰ, ਸਲੀਬੀ ਪਰਵਾਨੇ, ਪੰਨਾ 5.
2. ਓਹੀ, ਪੰਨਾ 27.

Digitized by Panjab Digital Library | www.panjabdigilib.org

ਜਗਤ ਦਾ ਉਤਪਤ ਅਤੇ ਪਾਪ ਦਾ ਸ਼ੁਰੂ, ਗੁਨਾਹ ਦਾ ਸ਼ੁਰੂ ਅਤੇ ਉਹਦਾ ਇਲਾਜ, ਖ਼ੁਦਾ ਦੀ ਵਡਿਆਈ, ਮਕੂਲਾ ਕਵੀਸ਼ਰ, ਫ਼ਰਿਸ਼ਤੇ ਦਾ ਜ਼ਕਰੀਆ ਕੋਲ ਆਉਣਾ, ਜ਼ਕਰੀਆ ਦਾ ਉਜ਼ਰ, ਈਸਾ ਦੀ ਪੈਦਾਇਸ਼, ਮਰੀਅਮ ਦਾ ਇਲਿਸਬਾਤ ਕੋਲ ਜਾਣਾ, ਜ਼ਕਰੀਆ ਦੀ ਜ਼ਬਾਨ ਦੀ ਬੰਦਖਲਾਸੀ, ਫ਼ਰਿਸ਼ਤੇ ਦਾ ਯੂਸਫ਼ ਕੋਲ ਆਉਣਾ ਅਤੇ ਯੂਸਫ਼ ਤੇ ਮਰੀਅਮ ਦਾ ਬੈਤੁਲਹਮ ਨੂੰ ਜਾਣਾ ਆਦਿ ਉਪ-ਸਿਰਲੇਖ ਵੀ ਦਿੱਤੇ ਗਏ ਹਨ। ਅਗਲੇ ਪੰਨਿਆਂ ਵਿਚ ਕਵੀ ਨੇ ਇਹ ਦੱਸਿਆ ਹੈ ਕਿ ਈਸਾ ਹੀ ਸੱਚਾ ਅਵਤਾਰ ਸੀ ਅਤੇ ਉਸ ਨੇ ਸਾਰੇ ਜਗਤ ਨੂੰ ਤਾਰਿਆ।

ਇਸ ਰਚਨਾ ਸੰਬੰਧੀ ਵਿਸ਼ੇਸ਼ ਗੱਲ ਇਹ ਹੈ ਕਿ ਈਸਾਈਆਂ ਦੇ ਧਰਮ-ਗ੍ਰੰਥ ਬਾਈਬਲ ਨੂੰ ਪਹਿਲੀ ਵਾਰੀ ਪੰਜਾਬੀ ਕਵਿਤਾ ਦੇ ਰੂਪ ਵਿਚ ਢਾਲਿਆ ਗਇਆ ਹੈ। ਰੂੜਦਾਸ ਨੇ ਆਪਣੀ ਮਰਜ਼ੀ ਅਨੁਸਾਰ ਕਥਾਵਾਂ ਦੀ ਚੋਣ ਕੀਤੀ ਹੈ। ਕੁਝ ਕਥਾਵਾਂ ਪੁਰਾਣੇ ਨੇਮ ਵਿਚੋਂ ਹਨ ਅਤੇ ਕੁਝ ਨਵੇਂ ਨੇਮ ਵਿਚੋਂ ਲਈਆਂ ਗਈਆਂ ਹਨ। ਮਿਸ਼ਨਰੀ ਲੇਖਕ ਦਾ ਉੱਦੇਸ਼ ਇਨ੍ਹਾਂ ਕਥਾਵਾਂ ਨੂੰ ਪੰਜਾਬੀ ਜਨ-ਸਾਧਾਰਣ ਵਿਚ ਲੋਕਪ੍ਰਿਯ ਬਣਾਉਣਾ ਸੀ। ਕਵੀ ਨੇ ਈਸਾ ਮਸੀਹ ਨੂੰ ਲੋਕ-ਹਿਤੈਸ਼ੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਕਵੀ ਦੀ ਮ੍ਰਿਤੂ ਹੋਣ ਕਰਕੇ ਇਹ ਰਚਨਾ ਸੰਪੂਰਣ ਨਾ ਹੋ ਸਕੀ।

ਕਲਾ-ਦ੍ਰਿਸ਼ਟੀ ਤੋਂ ਰੂੜਦਾਸ, ਮਖ਼ਮੂਰ ਦੀ ਤੁਲਨਾ ਵਿਚ ਵਧੇਰੇ ਚੰਗੀ ਕਵਿਤਾ ਨਾ ਲਿਖ ਸਕਿਆ। ਇਸ ਦਾ ਵੱਡਾ ਕਾਰਣ ਸ਼ਾਇਦ ਉਸ ਦੀ ਅਨਪੜ੍ਹਤਾ ਸੀ। ਕਵਿਤਾ ਵਿਚ ਨਾ ਤਾਂ ਭਾਵ ਦੀ ਡੂੰਘਾਈ ਹੈ ਅਤੇ ਨਾ ਹੀ ਵਗਦੇ ਹੜ੍ਹ ਵਰਗੀ ਰਵਾਨੀ ਅਤੇ ਗਤੀਸ਼ੀਲਤਾ। ਉਸ ਨੇ ਵਧੇਰੇ ਕਰਕੇ ਦੋਹਿਰਾ, ਬੈਂਤ, ਕੋਰੜਾ ਅਤੇ ਕਬਿੱਤ ਛੰਦਾਂ ਦਾ ਪ੍ਰਯੋਗ ਕੀਤਾ ਹੈ, ਪਰ ਵਜ਼ਨ ਕਈ ਥਾਈਂ ਟੁੱਟਦਾ ਹੈ। ਫ਼ਿਰ ਵੀ ਕਿਤੇ ਕਿਤੇ ਉਸ ਦੀ ਕਵਿਤਾ ਟੁਕੜਿਆਂ ਵਿਚ ਪ੍ਰਭਾਵਿਤ ਕਰਦੀ ਹੈ। ਇਕ ਉਦਾਹਰਣ ਪੇਸ਼ ਹੈ :

"ਬਾਗੀਂ ਮੋਰ ਚਕੋਰ ਤੇਰੇ ਬੋਲ ਰਹੇ ਨੇ,
ਝੰਡੇ ਝੂਲਦੇ ਵਿਚ ਦਰਬਾਰ ਈਸਾ।
ਜਿਨ੍ਹਾਂ ਸੇਵਯਾਂ ਉਨ੍ਹਾਂ ਨੂੰ ਤਾਰਿਯਾ ਏ,
ਬੇੜੇ ਉਨ੍ਹਾਂ ਦੇ ਕੀਤੇ ਤੂੰ ਪਾਰ ਈਸਾ।
ਕਿਤੇ ਵੇਦ ਪੁਰਾਨ ਮੈਂ ਭਾਲ ਡਿੱਠੇ,
ਮੈਨੂੰ ਆਯਾ ਨਾ ਕਿਤੇ ਇਤਬਾਰ ਈਸਾ।
ਕੇਈਯਾਂ ਸਾਧੂਆਂ ਦਾ ਸਤਸੰਗ ਕੀਤਾ,
ਕਿਸੇ ਦਸਯਾ ਨਹੀਂ ਨਿਖਾਰ ਈਸਾ।"[1]

ਪਰ ਆਮ ਤੌਰ ਤੇ ਕਵੀ ਨਿਰੋਲ ਤੁਕਬੰਦੀ ਦੀ ਪੱਧਰ ਉਤੇ ਹੀ ਰਹਿੰਦਾ ਹੈ। ਸਾਡੇ ਮਤ ਵਿਚ ਬਾਈਬਲ ਦੇ ਕੁਝ ਅੰਸ਼ਾਂ ਦਾ ਪਹਿਲਾ ਕਾਵਿ-ਰੂਪਾਂਤਰ ਹੋਣ ਕਰਕੇ ਇਸ ਰਚਨਾ ਦੀ ਇਤਿਹਾਸਿਕ ਮਹੱਤਾ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ।

---

1. ਰੂੜਦਾਸ, ਰੂੜਦਾਸ ਦੀਆਂ ਗੀਤਾਂ, ਪੰਨਾ 6.

Digitized by Panjab Digital Library | www.panjabdigilib.org

'ਗੀਤਾਵਲੀ' ਅਤੇ 'ਮਸੀਹੀ ਨੌਜਵਾਨੋਂ ਕੇ ਗੀਤ' ਵਿਚ ਈਸਾਈ ਮਿਸ਼ਨਰੀਆਂ ਦੁਆਰਾ, ਲਿਖੇ ਜਾਂ ਹੋਰਾਂ ਤੋਂ ਲਿਖਵਾਏ ਗਏ ਜ਼ਬੂਰਾਂ ਦਾ ਸੰਗ੍ਰਹਿ ਹੈ। 'ਗੀਤਾਵਲੀ' ਵਿਚ 50 ਜ਼ਬੂਰ ਹਨ ਅਤੇ 'ਮਸੀਹੀ ਨੌਜਵਾਨੋਂ ਕੇ ਗੀਤ' ਵਿਚ 98 ਜ਼ਬੂਰ ਹਨ। ਦੋਹਾਂ ਸੰਕਲਨਾਂ ਵਿਚ ਕੁਝ ਜ਼ਬੂਰ ਸਾਂਝੇ ਹਨ। 'ਗੀਤਾਵਲੀ' ਦੇ ਕੁਲ ਪੰਨੇ 44 ਅਤੇ 'ਮਸੀਹੀ ਨੌਜਵਾਨੋਂ ਕੇ ਗੀਤ' ਦੇ ਕੁਲ ਪੰਨੇ 78 ਹਨ। ਇਨ੍ਹਾਂ ਪੋਥੀਆਂ ਵਿਚ ਸੰਕਲਿਤ ਸਾਰੇ ਜ਼ਬੂਰਾਂ ਦੀ ਭਾਸ਼ਾ ਪੰਜਾਬੀ ਨਹੀਂ। ਕੁਝ ਜ਼ਬੂਰ ਹਿੰਦੀ ਅਤੇ ਉਰਦੂ ਵਿਚ ਵੀ ਲਿਖੇ ਗਏ ਹਨ। 'ਗੀਤਾਵਲੀ' ਨੂੰ ਮਿਸ ਈ. ਐਲ. ਸਾਂਡਰਸ ਨੇ ਸੰਪਾਦਿਤ ਕੀਤਾ ਹੈ ਅਤੇ 'ਮਸੀਹੀ ਨੌਜਵਾਨੋਂ ਕੇ ਗੀਤ' ਨੂੰ ਪਾਦਰੀ ਏ. ਬੋਏਡ ਨੇ ਸੰਪਾਦਿਤ ਕੀਤਾ ਹੈ।

'ਜ਼ਬੂਰ' ਸ਼ਬਦ ਪਰਾ-ਇਸਲਾਮੀ ਕਵੀਆਂ ਨੇ ਇਲਹਾਮੀ ਲਿਖਤ ਦੇ ਅਰਥਾਂ ਵਿਚ ਵਰਤਿਆ ਹੈ ਅਤੇ ਇਹ ਸ਼ਬਦ ਅਲ-ਫ਼ਰਾਜ਼ਦਾਕ ਨਕਾਇਦ (Nakãid) ਵਿਚ ਹੁਣ ਵੀ ਇਨ੍ਹਾਂ ਅਰਥਾਂ ਵਿਚ ਪ੍ਰਯੋਗ ਹੋਇਆ ਮਿਲਦਾ ਹੈ ਹਜ਼ਰਤ ਮੁਹੰਮਦ ਸਾਹਿਬ ਨੇ ਦੂਜੇ ਮੱਕਾਨ ਕਾਲ ਤੋਂ ਜ਼ਬੂਰ (ਬਹੁਵਚਨ) ਸ਼ਬਦ ਨੂੰ ਇਲਹਾਮ ਹੋਈਆਂ ਪੁਸਤਕਾਂ (ਸੂਰਾ 26.196; 3.181; 16.46; 35.23) ਅਤੇ ਉਨ੍ਹਾਂ ਰੱਬੀ ਪੁਸਤਕਾਂ, ਜਿਨ੍ਹਾਂ ਵਿਚ ਮਾਨਵੀ ਕਰਤਬਾਂ ਨੂੰ ਰੀਕਾਰਡ ਕੀਤਾ ਗਇਆ ਹੈ, ਲਈ ਵਰਤੋਂ ਵਿਚ ਲਿਆਂਦਾ। ਮੁਸਲਮਾਨਾਂ ਦੇ ਧਰਮ-ਗ੍ਰੰਥ 'ਕੁਰਆਨ ਮਜੀਦ' ਵਿਚ ਜ਼ਬੂਰ (ਇਕਵਚਨ) ਦੀ ਵਰਤੋਂ ਦਾਵੂਦ ਦੇ ਪ੍ਰਸੰਗ ਵਿਚ ਕੀਤੀ ਹੋਈ ਮਿਲਦੀ ਹੈ। ਸੂਰਾ 17.57 ਵਿਚ ਹਜ਼ਰਤ ਮੁਹੰਮਦ ਸਾਹਿਬ ਕਹਿੰਦੇ ਹਨ ਕਿ ਅੱਲਾਹ ਨੇ ਦਾਵੂਦ ਨੂੰ ਇਕ ਜ਼ਬੂਰ ਦਿੱਤਾ। ਇਸੇ ਜ਼ਬੂਰ ਦਾ ਉਲੇਖ ਸੂਰਾ 4.161 ਵਿਚ ਵੀ ਆਉਂਦਾ ਹੈ। ਸ਼ਾਇਦ ਪਰਾ-ਇਸਲਾਮੀ ਕਵੀ ਇਹ ਮੰਨਦੇ ਸਨ ਕਿ ਇਸ ਜ਼ਬੂਰ ਦੀ ਰਚਨਾ ਦਾਵੂਦ ਨੇ ਕੀਤੀ। ਇਹ ਵੀ ਅਸਲੋਂ ਨਾਮੁਮਕਿਨ ਨਹੀਂ ਕਿ ਉਨ੍ਹਾਂ ਦਾ ਭਾਵ ਇਮਰਾ-ਅਲ-ਕੈਸ ਤੋਂ ਹੋਵੇ, ਜਦੋਂ ਉਹ "ਫ਼ਕੀਰਾਂ ਦੀਆਂ ਪੁਸਤਕਾਂ ਵਿਚ ਇਕ ਜ਼ਬੂਰ" ਵਲ ਸੰਕੇਤ ਕਰਦਾ ਹੈ। ਇਸ ਸ਼ਬਦ ਦਾ ਪ੍ਰਯੋਗ ਪਹਿਲਾਂ ਹਜ਼ਰਤ ਮੁਹੰਮਦ ਸਾਹਿਬ ਨੇ ਕੀਤਾ ਜਾਂ ਕਿਸੇ ਹੋਰ ਨੇ, ਇਸ ਵਿਵਾਦ ਵਿਚ ਨਾ ਪੈਂਦਿਆਂ ਹੋਇਆਂ ਇਕ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਇਹ ਸ਼ਬਦ ਯਹੂਦੀ ਮਿਜ਼ਮੋਰ (Mizmōr), ਸੀਰੀਆਈ ਮਾਜ਼ਮੋਰ (Mazmōr) ਜਾਂ ਈਥੋਪੀਆਈ ਮਜ਼ਮੂਰ (Mazmūr) ਨਾਲ ਧੁਨੀ-ਸਮਾਨਤਾ ਤੇ ਆਧਾਰਿਤ ਹੈ। ਇਹੋ ਸ਼ਬਦ ਬਾਅਦ ਵਿਚ ਇਲਹਾਮੀ ਲਿਖਤਾਂ ਦੇ ਅਰਥਾਂ ਵਿਚ ਪ੍ਰਚਲਿਤ ਹੋਇਆ। ਅਬਦੁੱਲਾ ਬੀ. ਸਲਾਮ ਇਸ ਸ਼ਬਦ ਨੂੰ ਈਸਾਈਆਂ ਅਤੇ ਯਹੂਦੀਆਂ ਦੁਆਰਾ ਵਰਤੇ ਸ਼ਬਦ 'ਮਜ਼ਾਮੀਰ' ਨਾਲ ਸੰਬੰਧਿਤ ਮੰਨਦਾ ਹੈ।[1] ਹੌਲੀ ਹੌਲੀ ਇਹ ਸ਼ਬਦ ਵਧੇਰੇ ਪ੍ਰਚਲਿਤ ਹੁੰਦਾ ਗਇਆ। ਅਤੇ 'ਕੁਰਆਨ ਮਜੀਦ' ਜਾਂ ਬਾਈਬਲ ਨਾਲ ਸੰਬੰਧਿਤ ਕਾਵਿ-ਲਿਖਤਾਂ ਲਈ ਵਰਤਿਆ ਜਾਣ ਲੱਗਾ। ਈਸਾਈ ਮਿਸ਼ਨਰੀਆਂ ਨੇ ਇਹ ਸ਼ਬਦ ਗਿਰਜਿਆਂ ਅੰਦਰ ਸਾਮੂਹਿਕ ਰੂਪ ਵਿਚ ਗਾਏ ਜਾਣ ਵਾਲੇ ਗੀਤਾਂ ਨਜ਼ਮਾਂ ਆਦਿ ਲਈ ਵਰਤਣਾ ਸ਼ੁਰੂ ਕਰ ਦਿੱਤਾ।

---

1. Fd, The Encyclopaedia of Islam, Vol. IV, 1934, pp. 1184—85.

Digitized by Panjab Digital Library | www.panjabdigilib.org

ਇਨ੍ਹਾਂ ਜ਼ਬੂਰਾਂ ਦਾ ਤਿੰਨ ਭਾਸ਼ਾਵਾਂ ਵਿਚ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਈਸਾਈ ਮਿਸ਼ਨਰੀ ਭਾਸ਼ਾ-ਸ਼ੁੱਧੀ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਨੇ ਅੰਗ੍ਰੇਜ਼ੀ ਦਾ ਤਿਆਗ ਕਰਕੇ ਲੋਕ-ਪ੍ਰਚਲਿਤ ਭਾਸ਼ਾਵਾਂ ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ ਅਤੇ ਸਥਾਨਕ-ਲੋੜਾਂ ਅਨੁਸਾਰ ਭਾਸ਼ਾਵਾਂ ਦਾ ਪ੍ਰਯੋਗ ਕੀਤਾ। ਇਨ੍ਹਾਂ ਜ਼ਬੂਰਾਂ ਨਾਲ ਪੰਜਾਬੀ ਕਾਵਿ-ਸਾਹਿਤ ਵਿਚ ਇਕ ਨਵੀਂ ਪਰੰਪਰਾ ਨੇ ਜਨਮ ਲਿਆ।

ਵਿਚਾਰ-ਅਧੀਨ ਜ਼ਬੂਰਾਂ ਦਾ ਭਾਵ-ਪ੍ਰਬੰਧ ਧਰਮ ਉਤੇ ਆਧਾਰਿਤ ਹੈ। ਬਹੁਗਿਣਤੀ ਅਜਿਹੇ ਜ਼ਬੂਰਾਂ ਦੀ ਹੈ, ਜਿਨ੍ਹਾਂ ਵਿਚ ਈਸਾ ਮਸੀਹ ਦੀ ਉਸਤਤ ਕੀਤੀ ਗਈ ਹੈ। ਈਸਾਈ ਮਿਸ਼ਨਰੀਆਂ ਨੇ ਇਨ੍ਹਾਂ ਜ਼ਬੂਰਾਂ ਵਿਚ ਈਸਾ ਮਸੀਹ ਨੂੰ ਲੋਕ-ਹਿਤਾਂ ਲਈ ਸੰਘਰਸ਼ ਕਰਦੇ ਹੋਏ ਲੋਕ-ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਖ਼ੁਦਾ ਦਾ ਪੁੱਤਰ ਹੈ, ਪਰ ਉਸੇ ਨੂੰ ਹੀ ਰੱਬ ਮੰਨਣ ਉਤੇ ਜ਼ੋਰ ਦਿੱਤਾ ਗਇਆ ਹੈ। ਭਾਰਤੀ ਧਰਮਾਂ ਵਿਚ ਰੱਬ ਦੇ ਸੰਕਲਪੀ ਰੂਪ ਨੂੰ ਵਧੇਰੇ ਕਰਕੇ ਅਪਣਾਇਆ ਗਇਆ ਹੈ, ਇਸ ਲਈ ਉਸ ਦੇ ਸੰਘਰਸ਼ਮਈ ਰੂਪ ਵਲ ਘੱਟ ਧਿਆਨ ਦਿੱਤਾ ਗਿਆ ਹੈ। ਉਹ ਸਰਬੱਤ ਦਾ ਪਾਲਣਹਾਰਾ ਅਤੇ ਬਖਸ਼ਿਸ਼ਾਂ ਦਾ ਭੰਡਾਰ ਤਾਂ ਹੈ, ਪਰ ਲੋਕ-ਹਿਤਾਂ ਲਈ ਲੜਨ ਵਾਲਾ ਨਾਇਕ ਘੱਟ ਵੱਧ ਹੀ ਦਿਖਾਇਆ ਗਇਆ ਹੈ। ਦੁਰਗਾ ਸ਼ਕਤੀ ਅਤੇ ਸੰਘਰਸ਼ ਦਾ ਪ੍ਰਤੀਕ ਹੈ, ਦਾਨਵਾਂ ਵਿਰੁੱਧ ਸੰਘਰਸ਼ ਕਰਦੀ ਹੈ, ਪਰ ਲੋਕ-ਹਿਤਾਂ ਲਈ ਕੁਝ ਨਹੀਂ ਕਰਦੀ। ਹੁਣ ਤੀਕ ਉਸ ਦਾ ਲੋਕ ਨਾਇਕਾ ਦਾ ਬਿੰਬ ਪੇਸ਼ ਨਹੀਂ ਹੋ ਸਕਿਆ। ਸ਼ਾਇਦ ਪੰਜਾਬ ਵਿਚ ਈਸਾਈ ਨਵਧਰਮੀ ਈਸਾ ਮਸੀਹ ਦੇ ਇਸੇ ਲੋਕ-ਨਾਇਕ ਵਾਲੇ ਬਿੰਬ ਤੋਂ ਹੀ ਪ੍ਰਭਾਵਿਤ ਹੋਏ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਇਹ ਜ਼ਬੂਰ ਕਈ ਲੋਕਪ੍ਰਿਯ ਬਹਿਰਾਂ, ਛੰਦਾਂ ਤੇ ਕਾਵਿ-ਰੂਪਾਂ ਵਿਚ ਬੱਝੇ ਹੋਏ ਹਨ। ਗਾਉਣ ਵਿਚ ਸੁਵਿਧਾ ਪੈਦਾ ਕਰਨ ਲਈ ਨਾਲ ਨਾਲ ਗਾਉਣ ਦੀਆਂ ਤਰਜ਼ਾਂ ਵੀ ਦੱਸੀਆਂ ਗਈਆਂ ਹਨ। ਉਦਾਹਰਣ ਵਜੋਂ ਦੋ ਜ਼ਬੂਰ ਪੇਸ਼ ਹਨ :

"ਕੋਰਸ—ਖ਼ੁਦਾਯਾ ਤੇਰੀ ਰੂਹ ਤੋਂ ਮੈਂ ਭਲਾ ਨੱਸ ਕੇ ਕਿਧਰ ਜਾਵਾਂ।
ਹਜ਼ੂਰ ਤੇਰੀ ਥੋਂ ਛੁਪ ਕੇ ਮੈਂ ਕਿਹੜੀ ਤਰਫ ਨੂੰ ਨੱਸਾਂ।
ਮੈਂ ਚੜ੍ਹ ਜਾਵਾਂ ਜੇ ਅਸਮਾਨਾਂ ਦੇ ਉਤੇ ਉਥੇ ਹੈ ਤੂਹੀਂ।
ਵਿਛਾਵਾਂ ਬਿਸਤਰਾ ਪਾਤਾਲ ਦੇ ਵਿਚ ਉਥੇ ਹੈ ਤੂਹੀਂ।
ਸਮੁੰਦਰੋਂ ਪਾਰ ਜਾ ਉਤਰਾਂ ਸੁਬਾਹ ਦੇ ਪੰਖਾਂ ਨੂੰ ਫੈਲਾ,
ਤੇ ਉਥੇ ਵੀ ਤੇਰਾ ਹੱਥ ਮੈਨੂੰ ਯਾ ਰੱਬ ਰਾਹ ਵਖਾਵੇਗਾ।
ਖ਼ੁਦਾਇਆ ਤੂੰ ਕਰੇਂਗਾ ਦਸਤਗੀਰੀ ਆਪੇ ਮੇਰੀ ਵੀ,
ਤੇਰਾ ਹੱਥ ਸਜਾ ਓਸ ਪਾਤਾਲ ਵਿਚ ਹੋਮੇ ਮਦਦ ਮੇਰੀ।
ਜੇ ਮੈਂ ਆਖਾਂ ਕਿ ਮੈਨੂੰ ਘੁੱਪ ਹਨੇਰਾ ਹੁਣ ਛੁਪਾਵੇਗਾ,
ਮੇਰੇ ਗਿਰਦੇ ਹਨੇਰਾ ਵੀ ਤਦੋਂ ਚਾਨਣ ਹੋ ਜਾਵੇਗਾ।
ਨਹੀਂ ਹੈ ਸਾਹਮਣੇ ਤੇਰੇ ਹਨੇਰਾ ਘੁੱਪ ਹਨੇਰਾ ਵੀ,

Digitized by Panjab Digital Library | www.panjabdigilib.org

ਹਨੇਰੀ ਰਾਤ ਤੇਰੇ ਸਾਹਮਣੇ ਹੈ ਵਾਂਗ ਚਾਨਣ ਵੀ।"[1]

* * * *

"ਕੋਰਸ—ਹੈਲੀਲੂਯਾ ਬੋਲੋ ਯੱਸੂਹ ਜ਼ਿੰਦਾ ਹੋ ਗਿਆ।
ਕੁਲ ਦੁਨੀਆਂ ਦਾ ਨਜਾਤ ਦਹਿੰਦਾ ਹੋ ਗਿਆ।
ਪਾਪਾਂ ਤੋਂ ਬਚਾਵਣ ਯੱਸੂਹ ਆਇਆ, ਜੱਗ ਤੇ,
ਆਣ ਕੇ ਉਠਾਏ ਉਸ ਨੇ ਪਾਪ ਸਭ ਦੇ।
ਕੋੜੇ ਖਾਧੇ ਤਾਜ ਕੰਡਿਆਂ ਦਾ ਪਾ ਲਿਆ,
ਤੇ ਸੂਲੀ ਉਤੇ ਮਰਦੇ ਡਾਕੂ ਨੂੰ ਬਚਾ ਲਿਆ।
ਨੇਜ਼ਾ ਡਾਹਡਾ ਉਹ ਦੀ ਪੱਸਲੀ 'ਚ ਵੱਜਿਆ,
ਤੇ ਪਾਪ ਧੋਣ ਵਾਲਾ ਉਸ ਤੋਂ ਚਸ਼ਮਾ ਵਗਿਆ।
ਉਹ ਜ਼ਿੰਦਾ ਹੋਇਆ ਮੌਤ ਤੇ ਕਬਰ ਨੂੰ ਜਿੱਤ ਕੇ,
ਤੇ ਚੜ੍ਹ ਗਿਆ ਅਸਮਾਨ ਬੈਠਾ ਸਜੇ ਹੱਥ ਤੇ।
ਜੈ ਜੈ ਬੋਲੋ ਮੋਮਨੋ ਮਨਾਉ ਈਦ ਨੂੰ,
ਤੇ ਦਿਲ ਵਿਚ ਰੱਖਿਉ ਮਸੀਹ ਦੀ ਦੀਦ ਨੂੰ।"[2]

ਮੂਲ ਰੂਪ ਵਿਚ ਇਨ੍ਹਾਂ ਜ਼ਬੂਰਾਂ ਦੀ ਮਹੱਤਾ ਇਸ ਗੱਲ ਵਿਚ ਹੈ ਕਿ ਇਨ੍ਹਾਂ ਨਾਲ ਪੰਜਾਬੀ ਕਾਵਿ-ਸਾਹਿਤ ਵਿਚ ਨਵੀਂ ਪਰੰਪਰਾ ਨੇ ਜਨਮ ਲਇਆ। ਪੰਜਾਬੀ ਈਸਾਈ ਨਵਧਰਮੀਆਂ ਵਿਚ ਇਹ ਜ਼ਬੂਰ ਬਹੁਤ ਲੋਕਪ੍ਰਿਯ ਹੋਏ ਅਤੇ ਹੁਣ ਵੀ ਹਰ ਐਤਵਾਰ ਪੰਜਾਬ ਦੇ ਗਿਰਜਿਆਂ ਵਿਚ ਇਹ ਜ਼ਬੂਰ ਗਾਏ ਜਾਂਦੇ ਹਨ।

ਅਨੁਵਾਦਿਤ ਕਿਰਤਾਂ

ਕਿਸੇ ਵੀ ਭਾਰਤੀ ਲਈ, ਕਿਸੇ ਸਥਾਨਕ ਭਾਸ਼ਾ ਵਿਚ ਅਨੁਵਾਦ ਕਰਨ ਦਾ ਕੰਮ ਉਤਨਾ ਕਠਿਨ ਨਹੀਂ ਹੁੰਦਾ, ਜਿਤਨਾ ਕਿਸੇ ਵਿਦੇਸ਼ੀ ਵਿਅਕਤੀ ਲਈ, ਜੋ ਕਿ ਸਥਾਨਕ ਭਾਸ਼ਾਵਾਂ ਤੋਂ ਬਿਲਕੁਲ ਅਣਜਾਣ ਹੁੰਦਾ ਹੈ। ਉਸ ਸਥਾਨਕ ਭਾਸ਼ਾ ਦੇ ਮੁਹਾਵਰੇ, ਵਾਕ-ਬਣਤਰ, ਸ਼ਬਦ ਦੀ ਧੁਨੀ, ਲਹਿਜੇ, ਕਾਲਿਕ ਤੇ ਲਿੰਗਕ ਭੇਦਾਂ ਤੋਂ ਕੋਈ ਵਿਦੇਸ਼ੀ ਪੂਰੀ ਤਰ੍ਹਾਂ ਵਾਕਫ਼ ਨਹੀਂ ਹੁੰਦਾ ਅਤੇ ਇਸੇ ਕਾਰਣ ਅਨੁਵਾਦ ਕਰਨ ਸਮੇਂ ਉਸ ਦੇ ਸਾਹਮਣੇ ਕਈ ਪ੍ਰਕਾਰ ਦੀਆਂ ਕਠਿਨਾਈਆਂ ਆ ਪ੍ਰਗਟ ਹੁੰਦੀਆਂ ਹਨ। ਮਿਸ਼ਨਰੀਆਂ ਸਾਹਮਣੇ ਵੀ ਅਜਿਹੀਆਂ ਕਠਿਨਾਈਆਂ ਆਈਆਂ, ਪਰ ਕਈ ਵਾਰੀ ਧਰਮ ਦੇ ਨਾਮ ਉਤੇ ਇਨਸਾਨ ਸਭ ਕੁਝ ਕਰਨ ਲਈ ਤਿਆਰ ਹੋ ਜਾਂਦਾ ਹੈ। ਇਨ੍ਹਾਂ ਮੁਸ਼ਕਲਾਂ ਉਤੇ ਕਾਬੂ ਪਾਉਣ ਲਈ ਮਿਸ਼ਨਰੀਆਂ ਨੇ ਪੰਜਾਬੀਆਂ ਨਾਲ ਹਮਦਰਦੀ ਭਰਿਆ ਵਤੀਰਾ ਅਪਣਾ ਕੇ, ਮੇਲ-ਜੋਲ ਵਧਾ ਕੇ, ਉਨ੍ਹਾਂ ਦੀ ਗੱਲਬਾਤ ਕਰਨ ਦੀ ਵਿਧੀ ਨੂੰ ਗਹੁ ਨਾਲ ਜਾਂਚਦਿਆਂ ਹੋਇਆਂ ਭਾਸ਼ਾ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਜਤਨ ਕੀਤਾ। ਧਰਮ-ਪ੍ਰਚਾਰ ਦੀ ਤੀਬਰ ਇੱਛਾ ਨਾਲ ਸੁਦ੍ਰਿੜ੍ਹ

1. ਏ. ਬੋਏਡ, ਮਸੀਹੀ ਨੌਜਵਾਨੋਂ ਕੇ ਗੀਤ, ਪੰਨਾ 10.
2. ਈ. ਐਲ. ਸਾਂਡਰਸ, ਗੀਤਾਵਲੀ, ਪੰਨਾ 18.

Digitized by Panjab Digital Library | www.panjabdigilib.org

ਇਨ੍ਹਾਂ ਮਿਸ਼ਨਰੀਆਂ ਨੇ ਸਭ ਔਕੜਾਂ ਨੂੰ ਖਿੜੇ ਮੱਥੇ ਹੱਲ ਕੀਤਾ।

'ਬਾਈਬਲ' ਦਾ ਵਿਸ਼ਵ ਭਰ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਚਾਹ ਡਾ: ਵਿਲੀਅਮ ਕੇਰੀ ਦੇ ਦਿਲ ਵਿਚ ਚਿਰਾਂ ਤੋਂ ਮਚਲ ਰਹੀ ਸੀ। ਇਸੇ ਤੀਬਰ ਚਾਹ ਸਦਕਾ 'ਬਾਈਬਲ' ਦਾ ਪੰਜਾਬੀ ਅਨੁਵਾਦ 1811 ਈ: ਵਿਚ ਸੀਰਾਮਪੁਰ ਵਿਖੇ ਮੁਦ੍ਰਿਤ ਹੋਇਆ। ਇਸ ਪੰਜਾਬੀ ਅਨੁਵਾਦ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਅਨੁਵਾਦਾਂ ਦਾ ਆਰੰਭ ਹੁੰਦਾ ਹੈ। 'ਨਵੇਂ ਨੇਮ' ਦਾ ਅਨੁਵਾਦ 1807 ਈ: ਵਿਚ ਸ਼ੁਰੂ ਹੋਇਆ ਅਤੇ 1809 ਈ: ਵਿਚ ਇਸ ਦੀ ਛਪਾਈ ਆਰੰਭ ਹੋ ਗਈ। 'ਪੁਰਾਣੇ ਨੇਮ' ਦਾ ਅਨੁਵਾਦ ਵੀ ਨਾਲੋ ਨਾਲ ਚਲਦਾ ਰਹਿਆ। 1811 ਈ: ਵਿਚ 'ਨਵੇਂ ਨੇਮ' ਦਾ ਪੰਜਾਬੀ ਅਨੁਵਾਦ ਛਪ ਚੁੱਕਾ ਸੀ ਅਤੇ 'ਪੁਰਾਣੇ ਨੇਮ' ਦਾ ਅਨੁਵਾਦ ਵੀ ਲਗਭਗ ਸੰਪੂਰਣ ਹੋ ਚੁੱਕਾ ਸੀ। 1812 ਈ: ਵਿਚ ਸੀਰਾਮਪੁਰ ਪ੍ਰੈਸ ਵਿਚ ਅੱਗ ਲੱਗ ਜਾਣ ਕਰਕੇ ਪੰਜਾਬੀ ਅਨੁਵਾਦ ਦੇ ਕੁਝ ਖਰੜੇ ਤੇ ਟਾਈਪ ਅੱਗ ਦੀ ਭੇਟਾ ਹੋ ਗਏ। ਕੁਝ ਸਮਾਂ ਪਾ ਕੇ ਜਾਨ ਨਿਊਟਨ ਨੇ ਇਸੇ ਅਨੁਵਾਦ ਨੂੰ ਮੁੜ ਸੋਧ ਕੇ ਛਾਪਿਆ। ਇਹ ਅਨੁਵਾਦ 1845 ਈ: ਵਿਚ ਪ੍ਰਕਾਸ਼ਿਤ ਹੋ ਸਕਿਆ। ਵਿਲੀਅਮ ਕੇਰੀ ਦੁਆਰਾ ਕੀਤੇ ਅਨੁਵਾਦ ਨਾਲੋਂ ਨਿਰਸੰਦੇਹ ਇਹ ਚੰਗਾ ਅਨੁਵਾਦ ਸੀ, ਪਰ ਸਾਨੂੰ ਡਾ: ਕੇਰੀ ਦਾ ਰਿਣੀ ਹੋਣਾ ਪਏਗਾ, ਕਿਉਂਕਿ ਉਸ ਦੇ ਮੁੱਢਲੇ ਜਤਨਾਂ ਤੋਂ ਹੀ ਪਿਛੋਂ ਆਉਣ ਵਾਲੇ ਅਨੁਵਾਦਕਾਂ ਨੇ ਪ੍ਰੇਰਣਾ ਗ੍ਰਹਿਣ ਕੀਤੀ। ਉਕਤ ਅਨੁਵਾਦ ਤੋਂ ਹੀ ਪ੍ਰੇਰਣਾ ਲੈ ਕੇ ਬਾਈਬਲ ਸੋਸਾਇਟੀ ਆਫ਼ ਇੰਡੀਆ ਐਂਡ ਸੀਲੋਨ ਨੇ 1961 ਈ: ਵਿਚ ਬਾਈਬਲ ਦੇ ਦੋਹਾਂ ਨੇਮਾਂ ਦਾ ਇਕ ਸੰਪੂਰਣ ਅਨੁਵਾਦ ਪ੍ਰਕਾਸ਼ਿਤ ਕੀਤਾ, ਜੋ ਪਹਿਲੇ ਦੋਵੇਂ ਅਨੁਵਾਦਾਂ ਨਾਲੋਂ ਸ੍ਰੇਸ਼ਠ ਹੈ।

ਕਥਾ-ਸਾਰ :

ਪੁਰਾਣਾ ਨੇਮ

ਉਤਪਤ

ਇਹ ਬਾਈਬਲ ਦੀ ਪਹਿਲੀ ਪੁਸਤਕ ਹੈ। ਇਹ ਸ੍ਰਿਸ਼ਟੀ-ਰਚਨਾ ਸੰਬੰਧੀ ਨਿਮਨਲਿਖਿਤ ਗੱਲਾਂ ਦਾ ਪ੍ਰਸੰਗ ਦੱਸਦੀ ਹੈ: ਸੰਸਾਰ ਦੇ ਮਨੁੱਖ ਦੀ ਰਚਨਾ, ਮਨੁੱਖ ਦਾ ਪਰਤਾਵਾ ਤੇ ਉਸ ਦਾ ਪਰਤਾਵੇ ਵਿਚ ਡਿਗਣਾ; ਜਲ-ਪਰਲੋ ਤੇ ਨੂਹ ਦਾ ਬੇੜੀ ਦੁਆਰਾ ਬਚਾਉ; ਜਲ-ਪਰਲੋ ਮਗਰੋਂ ਸੰਸਾਰ ਦਾ ਫ਼ਿਰ ਦੁਬਾਰਾ ਆਬਾਦ ਹੋਣਾ; ਅਬਰਾਹਮ, ਇਸਹਾਕ ਤੇ ਯਾਕੂਬ ਦਾ ਜੀਵਨ-ਬਿਰਤਾਂਤ, ਜੋ ਯਹੂਦੀ ਜਾਤੀ ਦੀ ਨੀਂਹ ਰੱਖਣ ਵਾਲੇ ਸਨ। ਇਸ ਪੁਸਤਕ ਦਾ ਅੰਤ ਯੂਸਫ਼ ਦੀ ਕਹਾਣੀ ਉਤੇ ਜਾ ਕੇ ਹੁੰਦਾ ਹੈ, ਜਿਸ ਨੂੰ ਉਸ ਦੇ ਭਰਾਵਾਂ ਨੇ ਗੁਲਾਮ ਬਣਾ ਕੇ ਮਿਸਰ ਵਿਚ ਵੇਚ ਛੱਡਿਆ ਸੀ। ਉਥੇ ਆਪਣੀ ਮਿਹਨਤ ਤੇ ਸਚਾਈ ਨਾਲ ਉਸ ਨੇ ਬੜੀ ਉੱਚੀ ਪਦਵੀ ਪ੍ਰਾਪਤ ਕਰ ਲਈ ਅਤੇ ਮਿਸਰ ਦਾ ਹਾਕਮ ਬਣ ਕੇ ਨਾ ਕੇਵਲ ਉਸ ਨੇ ਮਿਸਰ ਨੂੰ, ਸਗੋਂ ਆਪਣੇ ਲੋਕਾਂ ਨੂੰ ਵੀ ਅਕਾਲ ਤੋਂ ਬਚਾ ਲਇਆ।

ਕੂਚ

ਇਸ ਪੁਸਤਕ ਵਿਚ ਹੇਠ ਲਿਖੀਆਂ ਗੱਲਾਂ ਦਾ ਵਰਣਨ ਹੈ : ਇਬਰਾਨੀ ਲੋਕਾਂ ਦੀ ਅਕਾਲ ਤੋਂ ਬਚਣ ਲਈ ਯੂਸਫ਼ ਦੇ ਸਮੇਂ ਵਿਚ ਮਿਸਰ ਵਲ ਯਾਤਰਾ, ਉਨ੍ਹਾਂ ਉਪਰ ਜ਼ੁਲਮ, ਮੂਸਾ ਦਾ ਜਨਮ ਤੇ ਰੱਖਿਆ, ਫ਼ਿਰਊਨ ਦੇ ਰਾਜ-ਦਰਬਾਰ ਵਿਚ, ਉਸ ਦਾ ਪਾਲਣ ਪੋਸਣ ਤੇ ਸਿਖਲਾਈ, ਦਸ

Digitized by Panjab Digital Library | www.panjabdigilib.org

ਆਫ਼ਤਾਂ, ਮੂਸਾ ਦੀ ਅਗਵਾਈ ਵਿਚ ਇਬਰਾਨੀਆਂ ਦਾ ਛੁਟਕਾਰਾ, ਉਜਾੜਾਂ, ਮਾਰੂਥਲਾਂ ਤੇ ਬੀਆਬਾਨਾਂ ਵਿਚ ਚਾਲ੍ਹੀ ਵਰ੍ਹੇ ਵਾਸਾ, ਦਸ ਹੁਕਮ ਅਤੇ ਭਜਨ ਬੰਦਗੀ ਦੇ ਡੇਰੇ ।

ਲੇਵੀਆਂ ਦੀ ਪੋਥੀ

ਇਹ ਜਾਚਕਾਂ ਦੀ ਵਰਤੋਂ ਦਾ ਗੁਟਕਾ ਹੈ, ਜਿਸ ਵਿਚ ਅਨੇਕ ਪ੍ਰਕਾਰ ਦੇ ਬਲੀਦਾਨਾਂ, ਈਦਾਂ ਤੇ ਚੜ੍ਹਾਵਿਆਂ ਦੇ ਬਿਰਤਾਂਤ ਹਨ ਅਤੇ ਇਹ ਵੀ ਦਸਿਆ ਗਇਆ ਹੈ ਕਿ ਪ੍ਰਭੂ ਦੇ ਭਗਤ ਉਨ੍ਹਾਂ ਰਸਮਾਂ ਨੂੰ ਕਿਵੇਂ ਸਿਰੇ ਚੜ੍ਹਾਉਣ । ਕੋੜ੍ਹ ਦੀ ਜਾਂਚ ਕਰਨ ਦੀਆਂ ਵਿਧੀਆਂ ਵੀ ਇਸ ਪੁਸਤਕਾਂ ਵਿਚ ਦੱਸੀਆਂ ਗਈਆਂ ਹਨ । ਕੱਫ਼ਾਰੇ ਦੇ ਦਿਨਾਂ ਵਿਚ ਬਲੀਦਾਨਾਂ ਦਾ ਇਹ ਪ੍ਰਬੰਧ ਚਰਮ ਸੀਮਾਂ ਤਕ ਪਹੁੰਚ ਜਾਂਦਾ ਹੈ, ਕਿਉਂਕਿ ਉਹ ਮਸੀਹ ਦੇ ਉਸ ਬਲੀਦਾਨ ਵਲ ਸੰਕੇਤ ਕਰਦਾ ਹੈ, ਜੋ ਉਸ ਨੇ ਸੂਲੀ ਉੱਤੇ ਪ੍ਰਾਣ ਤਿਆਗ ਕੇ ਦਿੱਤਾ ।

ਗਿਣਤੀ

ਯਹੂਦੀ ਜ਼ਾਤੀ ਦੀ ਦੋ ਵਾਰੀ ਜਿਹੜੀ ਗਿਣਤੀ ਕੀਤੀ ਗਈ, ਉਸ ਦਾ ਇਸ ਪੁਸਤਕ ਵਿਚ ਵਿਵਰਣ ਦਿੱਤਾ ਗਇਆ ਹੈ । ਯਹੂਦੀ ਲੋਕ ਚਾਲ੍ਹੀ ਵਰ੍ਹੇ ਉਜਾੜਾਂ ਵਿਚ ਘੁੰਮਦੇ ਰਹੇ । ਇਕ ਵਾਰੀ ਇਸ ਕਾਲ ਦੇ ਆਰੰਭ ਵਿਚ ਤੇ ਇਕ ਵਾਰੀ ਅੰਤ ਵਿਚ ਉਨ੍ਹਾਂ ਦੀ ਮਰਦਮਸ਼ੁਮਾਰੀ ਹੋਈ ਸੀ । ਉਜਾੜ ਵਿਚ ਬਿਤਾਏ ਉਸ ਜੀਵਨ ਵਿਚ ਜੋ ਕੁਝ ਉਨ੍ਹਾਂ ਉਤੇ ਬੀਤਿਆ ਸੀ, ਉਸ ਦੀਆਂ ਬਹੁਤ ਸਾਰੀਆਂ ਗੱਲਾਂ ਇਸ ਪੁਸਤਕ ਵਿਚ ਦੁਹਰਾਈਆਂ ਗਈਆਂ ਹਨ । ਪੁਸਤਕ ਦੇ ਅੰਤ ਵਿਚ ਦੇਸ਼ ਦੀ ਵੰਡ ਤੇ ਉਸ ਵਿਚ ਵਸੋਂ ਦੇ ਪ੍ਰਬੰਧਾਂ ਦਾ ਬ੍ਰਿਤਾਂਤ ਦਿੱਤਾ ਗਇਆ ਹੈ ।

ਬਿਵਸਥਾਸਾਰ

ਕਨਾਨ ਦੇਸ਼ ਵਿਚ ਵੱਸਣ ਦੀ ਤਿਆਰੀ ਦੇ ਪ੍ਰਤਿ ਮੂਸਾ ਦੇ ਤਿੰਨ ਉਪਦੇਸ਼ ਬੜੇ ਵਿਸਥਾਰ ਨਾਲ ਇਸ ਪੁਸਤਕ ਵਿਚ ਦਿੱਤੇ ਗਏ ਹਨ । ਪਹਿਲੇ ਉਪਦੇਸ਼ ਵਿਚ ਉਨ੍ਹਾਂ ਗੱਲਾਂ ਦਾ ਪ੍ਰਸੰਗ ਹੈ, ਜੋ ਉਨ੍ਹਾਂ ਨੇ ਸਮੀਪ ਭੂਤਕਾਲ ਦੇ ਇਤਿਹਾਸ ਤੋਂ ਸਿੱਖੀਆਂ ਸਨ । ਦੂਸਰੇ ਉਪਦੇਸ਼ ਵਿਚ ਲੋਕਾਂ ਦੇ ਭਲੇ ਤੇ ਲਾਭ ਹਿਤ ਵਿਧੀਆਂ ਤੇ ਕਾਨੂੰਨ ਦਿੱਤੇ ਗਏ ਹਨ । ਤੀਜੇ ਉਪਦੇਸ਼ ਵਿਚ ਪੁਸਤਕ ਦਾ ਸਾਰਾਂਸ਼ ਦਿੱਤਾ ਗਇਆ ਹੈ । ਅੰਤ ਵਿਚ ਯਹੋਸ਼ੁਆ ਦੇ ਮੂਸਾ ਦੀ ਥਾਂ ਥਾਪੇ ਜਾਣ ਦਾ ਬਿਆਨ ਹੈ । ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪ੍ਰਭੂ ਯਿਸੂ ਮਸੀਹ ਵਧੇਰੇ ਕਰਕੇ ਬਿਵਸਥਾਸਾਰ ਪੁਸਤਕ ਵਿਚੋਂ ਪ੍ਰਮਾਣ ਦਿੰਦਾ ਹੁੰਦਾ ਸੀ ।

ਯਹੋਸ਼ੁਆ

ਇਸ ਪੁਸਤਕ ਵਿਚ ਕਨਾਨ ਦੇਸ਼ ਦੇ ਫ਼ਤਹ ਕੀਤੇ ਜਾਣ ਅਤੇ ਇਸਰਾਈਲ ਦੇ ਬਾਰਾਂ ਗੋਤਾਂ ਵਿਚ ਉਸ ਦੀ ਭੂਮੀ ਦੇ ਬਟਵਾਰੇ ਦਾ ਪ੍ਰਸੰਗ ਹੈ ।

ਨਿਆਈਆਂ ਦੀ ਪੋਥੀ

ਇਸ ਪੁਸਤਕ ਵਿਚ ਉਨ੍ਹਾਂ ਫ਼ਤਹ ਕੀਤੇ ਹੋਏ ਇਲਾਕਿਆਂ ਦਾ ਪ੍ਰਸੰਗ ਹੈ, ਜਿਨ੍ਹਾਂ ਦਾ ਏਕੀਕਰਣ ਤੇ ਪਕਿਆਈ ਇਬਰਾਨੀ ਹਾਕਮਾਂ ਦੇ ਅਧੀਨ ਰਹਿਣ ਵਾਲੇ ਨਿਆਈਂ ਕਰਦੇ ਰਹੇ । ਉਨ੍ਹਾਂ

Digitized by Panjab Digital Library | www.panjabdigilib.org

ਨਿਆਈਆਂ ਵਿਚੋਂ ਉੱਘੇ ਇਹ ਸਨ : ਦਬੋਰਾਹ, ਨਬੀਆ, ਗਿਦਾਊਨ ਤੇ ਸਮੂਸਨ। ਮੂਰਤੀ ਪੂਜਾ ਕਰਨ ਵਾਲੇ ਕਨਾਨੀਆਂ ਵਿਚਕਾਰ ਯਹੋਵਾਹ ਦੀ ਸ਼ੁੱਧ ਬੰਦਗੀ ਨੂੰ ਜੋ ਜੋ ਖ਼ਤਰੇ ਸਨ, ਉਨ੍ਹਾਂ ਦਾ ਚਿੱਤਰ ਵੀ ਅੰਕਿਤ ਕੀਤਾ ਗਇਆ ਹੈ। ਇਸ ਪੁਸਤਕ ਵਿਚ ਗਿਦਾਊਨ, ਸਮੂਸਨ ਤੇ ਹੋਰ ਅਨੇਕਾਂ ਸੂਰਮਿਆਂ ਦੀਆਂ ਕਥਾਵਾਂ ਹਨ।

ਰੂਥ

ਇਹ ਇਕ ਮੋਆਬੀ ਕੁੜੀ ਦੀ ਕਹਾਣੀ ਹੈ, ਜਿਸ ਨੇ ਯਹੂਦੀ ਧਰਮ ਅੰਗੀਕਾਰ ਕਰ ਲਇਆ ਸੀ। ਦੁੱਖ ਦੇ ਵੇਲੇ ਉਸ ਨੇ ਆਪਣੀ ਸੱਸ ਦਾ ਲੜ ਨਾ ਛੱਡਿਆ, ਇਕ ਧਨਵਾਨ ਇਬਰਾਨੀ ਜ਼ਿਮੀਂਦਾਰ ਨਾਲ ਵਿਆਹ ਕੀਤਾ ਅਤੇ ਇਸ ਪ੍ਰਕਾਰ ਦਾਊਦ ਰਾਜਾ ਤੇ ਪ੍ਰਭੂ ਯਿਸੂ ਮਸੀਹ ਦੀ ਵੱਡ-ਵਡੇਰੀ ਬਣ ਗਈ।

ਸਮੂਏਲ ਦੀ ਪਹਿਲੀ ਤੇ ਦੂਜੀ ਪੋਥੀ

ਇਨ੍ਹਾਂ ਇਤਿਹਾਸਿਕ ਪੁਸਤਕਾਂ ਵਿਚ ਹੇਠ ਲਿਖੀਆਂ ਪਰਾ-ਇਤਿਹਾਸਿਕ ਕਹਾਣੀਆਂ ਹਨ : ਸਮੂਏਲ ਨਬੀ ਦਾ ਜਨਮ, ਸਾਊਲ ਦਾ ਇਸਰਾਈਲ ਦਾ ਪਹਿਲਾ ਰਾਜਾ ਚੁਣਿਆ ਜਾਣਾ, ਸਾਊਲ ਦੇ ਪੁੱਤਰ ਯੋਨਾਥਾਨ ਤੇ ਅਯਾਲੀਆਂ ਦੇ ਮੁੰਡੇ ਦਾਊਦ ਦੀ ਮਿੱਤਰਤਾ, ਦਾਊਦ ਦੇ ਹੱਥੀਂ ਦੈਂਤ ਗੋਲਿਅਥ ਦਾ ਮਾਰਿਆ ਜਾਣਾ, ਜਦੋਂ ਸਾਊਲ ਰਾਜ ਕਰਨ ਦੇ ਯੋਗ ਨਾ ਰਹਿਆ, ਤਾਂ ਦਾਊਦ ਦਾ ਰਾਜ-ਗੱਦੀ ਪ੍ਰਾਪਤ ਕਰਨਾ। ਪਹਿਲੀ ਪੁਸਤਕ ਦਾ ਅੰਤ ਸਾਊਲ ਦੀ ਮੌਤ ਨਾਲ ਹੁੰਦਾ ਹੈ, ਜੋ ਫ਼ਲਿਸਤੀਆਂ ਵਿਰੁੱਧ ਲੜਦਿਆਂ ਹੋਇਆਂ ਆਪਣੇ ਪੁੱਤਰਾਂ ਸਣੇ ਮਾਰਿਆ ਗਇਆ, ਜਿਨ੍ਹਾਂ ਵਿਚ ਯੋਨਾਥਾਨ ਵੀ ਸੀ।

ਸਮੂਏਲ ਦੀ ਦੂਜੀ ਪੁਸਤਕ ਦਾ ਆਰੰਭ ਇਕ ਵਿਰਲਾਪ-ਗੀਤ ਨਾਲ ਹੁੰਦਾ ਹੈ। ਇਹ ਵਿਰਲਾਪ ਦਾਊਦ ਨੇ ਸਾਊਲ ਤੇ ਉਸ ਦੇ ਪੁੱਤਰਾਂ ਦੀ ਮੌਤ ਉਤੇ ਕੀਤਾ ਸੀ। ਹੁਣ ਦਾਊਦ ਰਾਜਾ ਬਣ ਜਾਂਦਾ ਹੈ। ਉਸ ਦੇ ਰਾਜ-ਅਧਿਕਾਰ ਸਮੇਂ ਦੀਆਂ ਘਟਨਾਵਾਂ ਦਾ ਵੀ ਵਿਸਤ੍ਰਿਤ ਵਰਣਨ ਕੀਤਾ ਗਇਆ ਹੈ, ਜਿਵੇਂ ਦਾਊਦ ਦਾ ਯਰੂਸ਼ਲਮ ਤੇ ਕਬਜ਼ਾ ਕਰਨਾ, ਬਥ-ਸ਼ਬਾ ਨਾਲ ਉਸਦਾ ਪਾਪ ਤੇ ਉਸ ਪਾਪ ਦੀ ਸਜ਼ਾ ਵਜੋਂ ਅਬਸ਼ਾਲੋਮ ਦਾ ਉਸ ਦੇ ਵਿਰੁੱਧ ਵਿਦ੍ਰੋਹ ਕਰਨਾ ਆਦਿ। ਪੁਸਤਕ ਦੇ ਅੰਤ ਵਿਚ ਦਾਊਦ ਦੁਆਰਾ ਕਰਵਾਈ ਹੋਈ ਮਰਦਮਸ਼ੁਮਾਰੀ ਦਾ ਇਕ ਵਿਚਿੱਤਰ ਜਿਹਾ ਬ੍ਰਿਤਾਂਤ ਹੈ, ਜਿਸ ਨਾਲ ਪਰਮੇਸ਼ਵਰ ਦਾ ਕ੍ਰੋਧ ਭੜਕ ਉਠਿਆ। ਪੁਸਤਕ ਦਾ ਅੰਤ ਦਾਊਦ ਦੀ ਇਕ ਹੋਰ ਕਵਿਤਾ ਨਾਲ ਹੁੰਦਾ ਹੈ, ਜਿਸ ਦਾ ਇਕ ਭਾਗ ਅਠਾਰ੍ਹਵੇਂ ਜ਼ਬੂਰ ਨਾਲ ਮਿਲਦਾ ਜੁਲਦਾ ਹੈ।

ਰਾਜਿਆਂ ਦੀ ਪਹਿਲੀ ਤੇ ਦੂਜੀ ਪੋਥੀ

ਇਹ ਵੀ ਇਕ ਇਤਿਹਾਸਿਕ ਪੁਸਤਕ ਹੈ, ਜਿਸ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਨਿਮਨਲਿਖਿਤ ਘਟਨਾਵਾਂ ਦਾ ਪ੍ਰਸੰਗ ਹੈ—ਦਾਊਦ ਦੇ ਮਰਨ ਪਿਛੋਂ ਸੁਲੇਮਾਨ ਦਾ ਰਾਜਾ ਟਿੱਕਿਆ ਜਾਣਾ, ਸੁਲੇਮਾਨ ਦੁਆਰਾ ਆਪਣੇ ਲਈ ਇਕ ਰਾਜ-ਮਹੱਲ ਅਤੇ ਪ੍ਰਭੂ ਦੇ ਭਵਨ ਨੂੰ ਬਣਾਉਣਾ, ਸ਼ਬਾਂ ਦੀ ਰਾਣੀ ਦਾ ਦਰਸ਼ਨ ਕਰਨ ਲਈ ਆਉਣਾ, ਸੁਲੇਮਾਨ ਦੀ ਮੌਤ ਮਗਰੋਂ ਰਾਜ ਦਾ ਦੋ ਹਿੱਸਿਆਂ ਵਿਚ ਵੰਡਿਆ ਜਾਣਾ ਅਤੇ ਰਾਜ-ਅਧਿਕਾਰੀਆਂ ਦੀਆਂ ਇਕ ਦੂਜੇ ਨਾਲ

Digitized by Panjab Digital Library | www.panjabdigilib.org

ਲੜਾਈਆਂ, ਏਲੀਆਹ ਨਬੀ ਦਾ ਕੰਮ ਜੋ ਕਰਮਲ ਪਹਾੜ ਉਤੇ ਬਆਲ ਦੇ ਨਬੀਆਂ ਨਾਲ ਅੰਤਿਮ ਹੱਦ ਤਕ ਪਹੁੰਚਿਆ।

ਦੂਸਰੀ ਪੁਸਤਕ ਦਾ ਆਰੰਭ ਏਲੀਆਹ ਦੇ ਸਥਾਨ ਉਤੇ ਅਲੀਸ਼ਾ ਦੇ ਨਬੀ ਥਾਪੇ ਜਾਣ ਨਾਲ ਹੁੰਦਾ ਹੈ। ਇਹ ਪੁਸਤਕ ਇਸਰਾਈਲ ਦੇ ਅਤੇ ਯਹੂਦਾਹ ਦੇ ਰਾਜਿਆਂ ਦੀ ਉਸ ਵੇਲੇ ਤਕ ਦੀ ਬਖ਼ਤਾਵਰੀ ਦਾ ਪਤਾ ਦਿੰਦੀ ਹੈ, ਜਦੋਂ ਤਕ ਉਹ ਕੈਦੀ ਬਣ ਕੇ ਬਾਬਲ ਵਿਚ ਨਾ ਚਲੇ ਗਏ। ਇਸਰਾਈਲ ਦੇ ਲੋਕ ਲਗਭਗ 746 ਵਰ੍ਹੇ ਮਸੀਹ ਤੋਂ ਪਹਿਲਾਂ ਤੇ ਯਹੂਦਾਹ ਦੇ ਲੋਕ ਲਗਭਗ 586 ਵਰ੍ਹੇ ਮਸੀਹ ਤੋਂ ਪਹਿਲਾਂ ਬਾਬਲ ਵਿਚ ਕੈਦੀ ਹੋਏ ਸਨ। ਇਕ ਵੱਡੀ ਵਿਸ਼ੇਸ਼ ਗੱਲ ਇਹ ਹੈ ਕਿ ਪ੍ਰਭੂ ਦੇ ਭਵਨ ਦੀ ਮੁਰੰਮਤ ਕਰਦਿਆਂ ਉਨ੍ਹਾਂ ਨੂੰ ਗੁਆਚੀ ਹੋਈ ਨੇਮ ਦੀ ਪੁਸਤਕ ਲੱਭ ਗਈ ਅਤੇ ਇਸੇ ਕਾਰਣ ਹੀ ਰਾਜਾ ਯੋਸੀਯਾਰ ਦਾ ਸੁਧਾਰ-ਕਾਰਜ ਆਰੰਭ ਹੋਇਆ।

ਇਤਿਹਾਸ ਦੀ ਪਹਿਲੀ ਤੇ ਦੂਜੀ ਪੋਥੀ }

ਇਨ੍ਹਾਂ ਇਤਿਹਾਸਿਕ ਪੁਸਤਕਾਂ ਵਿਚ ਵੀ ਉਨ੍ਹਾਂ ਹੀ ਗੱਲਾਂ ਦਾ ਪ੍ਰਸੰਗ ਹੈ, ਜੋ ਸਮੂਏਲ ਤੇ ਰਾਜਿਆਂ ਦੀਆਂ ਪੁਸਤਕਾਂ ਵਿਚ ਹੈ, ਪਰ ਇਨ੍ਹਾਂ ਪ੍ਰਸੰਗਾਂ ਤੋਂ ਇਲਾਵਾ ਕੁਝ ਵਾਧੂ ਘਟਨਾਵਾਂ ਵੀ ਜੋੜ ਦਿੱਤੀਆਂ ਗਈਆਂ ਹਨ। ਇਹ ਪੁਸਤਕਾਂ ਸ਼ਰਧਾਲੂ ਦ੍ਰਿਸ਼ਟੀਕੋਣ ਨਾਲ ਲਿਖੀਆਂ ਗਈਆਂ ਹਨ। ਸਿੱਧ ਕੀਤਾ ਗਇਆ ਹੈ ਕਿ ਇਹ ਦਾਊਦ ਦੀ ਬਦਨਸੀਬੀ ਸੀ, ਜੋ ਉਸ ਦੁਆਰਾ ਕਰਵਾਈ ਗਈ ਮਰਦਮ-ਸ਼ੁਮਾਰੀ ਸ਼ੈਤਾਨ ਦੀ ਪ੍ਰੇਰਣਾ ਨਾਲ ਕਰਵਾਈ ਹੋਈ ਦੱਸੀ ਗਈ ਹੈ। ਪਰ ਸਮੂਏਲ ਦੇ ਚੌਵੀਵੇਂ ਕਾਂਡ ਵਿਚ ਜਿਸ ਮਰਦਮਸ਼ੁਮਾਰੀ ਦਾ ਵਿਵਰਣ ਉਪਲਬਧ ਹੈ, ਉਹ ਯਹੋਵਾਹ ਦੀ ਆਗਿਆ ਨਾਲ ਇਸਰਾਈਲ ਨੂੰ ਸਜ਼ਾ ਦੇਣ ਲਈ ਕਰਵਾਈ ਗਈ ਸੀ।

ਅਜ਼ਰਾ

ਫ਼ਾਰਸ ਦੇ ਰਾਜੇ ਨੇ ਅਜ਼ਰਾ ਨੂੰ ਇਜਾਜ਼ਤ ਦਿੱਤੀ ਕਿ ਉਹ ਯਹੂਦੀ ਅਸੀਰਾਂ ਨੂੰ ਨਾਲ ਲੈ ਕੇ ਬਾਬਲ ਤੋਂ ਯਰੂਸ਼ਲਮ ਨੂੰ ਮੁੜ ਜਾਏ ਅਤੇ ਉਥੇ ਜਾ ਕੇ ਯਹੋਵਾਹ ਦੀ ਬੰਦਗੀ ਨੂੰ ਫ਼ਿਰ ਪ੍ਰਚਲਿਤ ਕਰੇ, ਇਸੇ ਘਟਨਾ ਦਾ ਵਿਸਤ੍ਰਿਤ ਵਰਣਨ ਇਸ ਪੁਸਤਕ ਵਿਚ ਦਿੱਤਾ ਹੈ।

ਨਹਮਯਾਹ

ਇਸ ਪੁਸਤਕ ਦਾ ਲੇਖਕ ਨਹਮਯਾਹ ਫ਼ਾਰਸ ਦੇ ਰਾਜਾ ਦਾ ਸਾਕੀ ਸੀ ਅਤੇ ਰਾਜੇ ਨੇ ਯਰੂਸ਼ਲਮ ਨੂੰ ਮੁੜ ਜਾਣ ਵਿਚ ਉਸ ਦੀ ਸਹਾਇਤਾ ਕੀਤੀ, ਤਾਂਕਿ ਉਹ ਯਰੂਸ਼ਲਮ ਨਗਰ ਤੇ ਉਸ ਦੇ ਚੁਫ਼ੇਰੇ ਵਾਲੀ ਕੰਧ ਨੂੰ ਮੁੜ ਕੇ ਫ਼ੇਰ ਬਣਾਵੇ। ਸਾਮਰੀਆਂ ਨੇ ਉਸ ਦੇ ਇਸ ਕਾਰਜ ਦਾ ਬਹੁਤ ਵਿਰੋਧ ਕੀਤਾ। ਜਦੋਂ ਮੁੜ ਵਸਾਉਣ ਦਾ ਕਾਰਜ ਸਿਰੇ ਚੜ੍ਹ ਗਇਆ, ਤਾਂ ਧਾਰਮਕ ਸੁਧਾਰ ਦਾ ਕੰਮ ਆਰੰਭ ਕੀਤਾ ਗਇਆ। ਯਹੂਦੀ ਈਦਾਂ ਮੁੜ ਚਾਲੂ ਕੀਤੀਆਂ ਗਈਆਂ ਅਤੇ ਰਲੀਆਂ ਮਿਲੀਆਂ ਸ਼ਾਦੀਆਂ ਦਾ ਵਿਰੋਧ ਤੇ ਖੰਡਨ ਕੀਤਾ ਗਇਆ।

ਅਸਤਰ

ਅਸਤਰ ਇਕ ਅਨਾਥ ਯਹੂਦੀ ਕੁੜੀ ਸੀ, ਜੋ ਮਾਦਾ ਫ਼ਰਾਸ ਦੀ ਰਾਣੀ ਬਣ ਗਈ। ਯਹੂਦੀਆਂ ਦਾ ਸੰਘਾਰ ਕਰਨ ਲਈ ਰਾਜਾ ਅਹਸ਼ਵੇਰੋਸ਼ ਦੇ ਮੰਤਰੀ ਹਾਮਾਨ ਦੁਆਰਾ ਇਕ ਮਤਾ ਪਕਾਇਆ

Digitized by Panjab Digital Library | www.panjabdigilib.org

ਗਇਆ ਸੀ, ਪਰ ਅਸਤਰ ਨੇ ਜਾਨ ਹੂਲ ਕੇ ਆਪਣੀ ਜਾਤੀ ਦੇ ਲੋਕਾਂ ਨੂੰ ਬਚਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਉਹ ਯਹੂਦੀ ਇਤਿਹਾਸ ਦੇ ਵੱਡੇ ਸੂਰਮਿਆਂ ਵਿਚੋਂ ਇਕ ਹੈ।

ਅਯੂਬ

ਅਯੂਬ ਦੀ ਪੁਸਤਕ ਗਿਆਨ-ਸਾਹਿਤ ਦੀਆਂ ਪੁਸਤਕਾਂ ਵਿਚ ਗਿਣੀ ਜਾਂਦੀ ਹੈ। ਇਸ ਗਿਆਨ-ਸਾਹਿਤ ਵਿਚ ਅਯੂਬ, ਜ਼ਬੂਰ, ਕਹਾਉਤਾਂ ਤੇ ਉਪਦੇਸ਼ਕ ਦੀ ਪੋਥੀ ਆਦਿਕ ਲਘੂ-ਪੁਸਤਕਾਂ ਸੰਕਲਿਤ ਹਨ। ਇਸ ਵਿਚ ਇਤਨਾ ਪ੍ਰਮਾਤਮਾ ਦਾ ਪ੍ਰਕਾਸ਼ ਨਹੀਂ, ਜਿਤਨਾ ਮਾਨਵੀ ਸੋਚ ਵਿਚਾਰ ਪਾਇਆ ਜਾਂਦਾ ਹੈ। ਅਯੂਬ ਦੀ ਪੁਸਤਕ ਕਵਿਤਾ ਵਿਚ ਹੈ, ਜਿਸ ਦਾ ਵਿਸ਼ੇ ਹੈ ਕਿ ਧਰਮੀ ਮਨੁੱਖ ਕਿਉਂ ਦੁਖ ਭੋਗਦੇ ਹਨ। ਜਦੋਂ ਅਯੂਬ ਦਾ ਟੱਬਰ, ਧਨ ਮਾਲ ਤੇ ਸਿਹਤ ਸਭ ਕੁਝ ਖੁੱਸ ਗਇਆ, ਤਾਂ ਉਸ ਦੇ ਚਾਰ ਮਿੱਤਰ ਉਸ ਨੂੰ ਦਿਲਾਸਾ ਦੇਣ ਅਤੇ ਪਾਪ ਤੇ ਦੁੱਖ-ਭੋਗ ਨਾਲ ਸੰਬੰਧਿਤ ਵਿਸ਼ੇ ਉਤੇ ਉਸ ਨਾਲ ਗੱਲਬਾਤ ਕਰਨ ਆਏ, ਪਰ ਉਹ ਉਸ ਨੂੰ ਗਿਆਨ ਦਾ ਪ੍ਰਕਾਸ਼ ਨਾ ਦੇ ਸਕੇ। ਅੰਤ ਵਿਚ ਯਹੋਵਾਹ ਆਪ ਅਯੂਬ ਸਨਮੁਖ ਪ੍ਰਗਟ ਹੋ ਕੇ ਉਸ ਨਾਲ ਗੱਲਾਂ ਕਰਦਾ ਹੈ ਅਤੇ ਤਾਂ ਫ਼ਿਰ ਅਯੂਬ ਸ੍ਵੀਕਾਰ ਕਰ ਲੈਂਦਾ ਹੈ ਕਿ ਉਸ ਦਾ ਗਿਆਨ ਅਜੇ ਅਧੂਰਾ ਹੈ। ਉਹ ਇਹ ਵੀ ਸਮਝ ਜਾਂਦਾ ਹੈ ਕਿ ਕਸ਼ਟ ਨਿਵਾਰਣ ਤਦ ਹੀ ਹੋ ਸਕਦਾ ਹੈ, ਜੇ ਪ੍ਰਮਾਤਮਾ ਉਪਰ ਪੂਰਣ ਭਰੋਸਾ ਰੱਖਿਆ ਜਾਵੇ। ਇਹ ਪੁਸਤਕ ਦਾ ਧਾਰਮਿਕ ਕਵਿਤਾ ਦੀਆਂ ਪੁਸਤਕਾਂ ਵਿਚ ਗੌਰਵਮਈ ਸਥਾਨ ਹੈ।

ਜ਼ਬੂਰ

ਇਹ ਪ੍ਰਭੂ-ਸਤੁਤੀ ਤੇ ਅਰਦਾਸ ਦੇ 150 ਗੀਤ ਹਨ, ਜਿਨ੍ਹਾਂ ਵਿਚੋਂ ਛੋਟੇ ਤੋਂ ਛੋਟੇ ਦੋ ਪਦਾਂ ਵਿਚ ਮੁੱਕ ਜਾਂਦੇ ਹਨ ਅਤੇ ਲੰਮੇਂ ਗੀਤ 200 ਪਦਾਂ ਉਪਰ ਜਾ ਕੇ ਸਮਾਪਤ ਹੁੰਦੇ ਹਨ। ਬਹੁਤੇ ਜ਼ਬੂਰ ਅਜਿਹੇ ਹਨ, ਜਿਹੜੇ ਦਾਊਦ ਨੇ ਆਪ ਰਚੇ ਅਤੇ ਕੁਝ ਹੋਰਨਾਂ ਦੁਆਰਾ ਲਿਖੇ ਗਏ ਜ਼ਬੂਰ ਵੀ ਇਕੱਠੇ ਕੀਤੇ। ਇਨ੍ਹਾਂ ਗੀਤਾਂ ਵਿਚ ਡੂੰਘੀਆਂ ਧਾਰਮਕ ਅਨੁਭੂਤੀਆਂ ਦਾ ਬੜਾ ਵਿਸਥਾਰ ਪੂਰਵਕ ਬ੍ਰਿਤਾਂਤ ਹੈ, ਇਸੇ ਲਈ ਯਿਸੂ ਮਸੀਹ ਅਤੇ ਨਵੇਂ ਨੇਮ ਦੇ ਲੇਖਕਾਂ ਨੇ ਵਧੇਰੇ ਕਰਕੇ ਇਨ੍ਹਾਂ ਗੀਤਾਂ ਵਿਚੋਂ ਪ੍ਰਮਾਣ ਦਿੱਤੇ ਹਨ। ਜ਼ਬੂਰ ਯੁਗਾਂ ਯੁਗਾਂ ਤੋਂ ਆਤਮਕ ਆਨੰਦ ਦਾ ਸਾਧਨ ਬਣੇ ਚਲੇ ਆਏ ਹਨ ਅਤੇ ਅੱਜ ਵੀ ਬਾਈਬਲ ਦੀਆਂ ਸਭਨਾਂ ਤੋਂ ਪਿਆਰੀਆਂ ਪੁਸਤਕਾਂ ਵਿਚ ਗਿਣੇ ਜਾਂਦੇ ਹਨ।

ਕਹਾਉਤਾਂ

ਇਹ ਕਹਾਉਤਾਂ ਸੁਲੇਮਾਨ ਰਾਜਾ ਦੁਆਰਾ ਰਚਿਤ ਸਮਝੀਆਂ ਜਾਂਦੀਆਂ ਹਨ। ਇਸ ਪੁਸਤਕ ਵਿਚ ਸੱਚੇ ਗਿਆਨ ਤੇ ਅਮਲੀ ਭਗਤੀ ਸੰਬੰਧੀ 917 ਕਹਾਉਤਾਂ ਹਨ।

ਉਪਦੇਸ਼ਕ ਦੀ ਪੋਥੀ

ਇਸ ਪੁਸਤਕ ਦਾ ਭਾਵ ਬਹੁਤਾ ਕਰਕੇ ਨਿਖੇਧਾਤਮਕ ਹੈ। ਸ਼ਾਇਦ ਸੁਲੇਮਾਨ ਰਾਜਾ ਹੀ ਅਜਿਹਾ ਉਪਦੇਸ਼ਕ ਹੈ, ਜਿਸ ਨੇ ਸੰਸਾਰ ਦੀਆਂ ਵੱਧ ਤੋਂ ਵੱਧ ਵਸਤੂਆਂ ਨੂੰ ਪ੍ਰਯੋਗ ਵਿਚ ਲਿਆ ਕੇ ਉਨ੍ਹਾਂ ਦਾ ਅਨੁਭਵ ਕੀਤਾ ਜੋ ਜੀਵਨ ਨੂੰ ਸਫ਼ਲ ਬਣਾਉਣ ਤੇ ਤ੍ਰਿਪਤ ਕਰਨ ਲਈ ਜ਼ਰੂਰੀ ਹਨ। ਇਨ੍ਹਾਂ ਸਾਰੀਆਂ ਵਸਤੂਆਂ ਬਾਰੇ ਉਸ ਦਾ ਵਿਚਾਰ ਹੈ ਕਿ ਉਹ "ਵਿਅਰਥ ਅਤੇ ਹਵਾ ਦਾ ਫੱਕਣਾ

Digitized by Panjab Digital Library | www.panjabdigilib.org

ਹੈ।" ਲੇਖਕ ਇਸ ਸਿਖਿਆ ਨਾਲ ਪੁਸਤਕ ਦਾ ਅੰਤ ਕਰਦਾ ਹੈ : ਪਰਮੇਸ਼ੁਰ ਕੋਲੋਂ ਡਰ ਅਤੇ ਉਹਦੀ ਆਗਿਆ ਨੂੰ ਮੰਨ, ਕਿਉਂ ਜੋ ਇਨਸਾਨ ਦਾ ਇਹੋ ਰਿਣ ਹੈ।"[1]

ਸਰੇਸ਼ਟ ਗੀਤ

ਇਸ ਪੁਸਤਕ ਵਿਚ ਪ੍ਰੇਮ ਤੇ ਵਿਆਹ ਸੰਬੰਧੀ ਸੁੰਦਰ ਗੀਤ ਸੰਕਲਿਤ ਹਨ। ਉਪਮਾਵਾਂ, ਅਲੰਕਾਰਾਂ ਨਾਲ ਸੁਸੱਜਿਤ ਇਹ ਗੀਤਾਂ ਦਾ ਅਰਥ ਅਕਸਰ ਇਹ ਕੀਤਾ ਜਾਂਦਾ ਹੈ ਕਿ ਇਹ ਆਤਮਾ ਦੇ ਪ੍ਰਮਾਤਮਾ ਨਾਲ ਪ੍ਰੇਮ ਦਾ ਵਰਣਨ ਕਰਦੇ ਹਨ।

ਯਸਾਯਾਹ

ਯਸਾਯਾਹ ਨੂੰ ਸ਼੍ਰੋਮਣੀ ਨਬੀਆਂ ਵਿਚ ਗਿਣਿਆ ਜਾਂਦਾ ਹੈ। ਉਹ ਪੁਰਾਣੇ ਨੇਮ ਦਾ ਪ੍ਰਚਾਰਕ ਹੋਣ ਕਰਕੇ ਪ੍ਰਸਿੱਧ ਹੋਇਆ। ਇਸ ਪੁਸਤਕ ਦੁਆਰਾ ਦਿੱਤਾ ਗਇਆ ਸੰਦੇਸ਼ ਇਤਨਾ ਉੱਤਮ ਤੇ ਉੱਚ-ਕੋਟੀ ਦਾ ਸਮਝਿਆ ਗਇਆ ਹੈ ਕਿ ਸਾਧਾਰਣ ਭਾਸ਼ਾ ਸ਼ਾਇਦ ਸਪਸ਼ਟ ਰੂਪ ਵਿਚ ਉਸ ਦਾ ਵਖਿਆਨ ਨਹੀਂ ਕਰ ਸਕਦੀ। ਇਸ ਪੁਸਤਕ ਦਾ ਵਧੇਰੇ ਭਾਗ ਕਵਿਤਾ ਵਿਚ ਹੈ। ਵਿਚਾਰਾਂ ਦੀ ਸਪਸ਼ਟਤਾ ਇਸ ਪੁਸਤਕ ਦੀ ਵਿਸ਼ੇਸ਼ਤਾ ਹੈ।

ਯਿਰਮਿਯਾਹ

ਭਵਿੱਖਵਾਣੀ ਦੀ ਇਹ ਇਕ ਹੋਰ ਪੁਸਤਕ ਹੈ, ਜੋ ਛੰਦ-ਬੱਧ ਰਚਨਾ ਹੈ। ਯਿਰਮਿਯਾਹ ਆਪਣੇ ਸਮੇਂ ਦਾ ਪਹੁੰਚਿਆ ਹੋਇਆ ਨਬੀ ਸੀ, ਪਰ ਉਸ ਨੂੰ ਵਿਸ਼ਵਾਸਘਾਤੀ ਸਮਝ ਕੇ ਉਸ ਉਤੇ ਬੜੇ ਅੱਤਿਆਚਾਰ ਕੀਤੇ ਗਏ। ਯਿਰਮਿਯਾਹ ਦੀ ਇਸ ਪੁਸਤਕ ਵਿਚ ਇਸ ਗੱਲ ਉਤੇ ਵਧੇਰੇ ਜ਼ੋਰ ਦਿੱਤਾ ਗਇਆ ਹੈ ਕਿ ਬਾਹਰਲੇ ਧਰਮ ਦੇ ਵਿਧੀ ਸੰਸਕਾਰਾਂ ਦਾ ਮਾਨ ਕਰਨ ਨਾਲੋਂ ਅੰਦਰਲੀ ਕਾਇਆ ਪਲਟ ਅਤੇ ਆਤਮਕ ਅਨੁਭਵ ਦੀ ਵਧੇਰੇ ਲੋੜ ਹੈ।

ਵਿਰਲਾਪ

ਯਰੂਸ਼ਲਮ ਦੇ ਉੱਜੜ ਜਾਣ ਮਗਰੋਂ ਉਥੋਂ ਦੇ ਲੋਕਾਂ ਦੇ ਦੁਖ ਤੇ ਮੁਸੀਬਤਾਂ ਨੂੰ ਵੇਖ ਕੇ ਵਿਰਲਾਪ ਗੀਤਾਂ ਦੇ ਰੂਪ ਵਿਚ ਯਿਰਮਿਯਾਹ ਨੇ ਇਹ ਪੁਸਤਕ ਲਿਖੀ। ਇਹ ਸੀਹਰ-ਫ਼ੀਆਂ ਦੇ ਰੂਪ ਵਿਚ ਹੈ, ਜਿਸ ਦਾ ਹਰ ਪਦ ਇਬਰਾਨੀ ਵਰਣਮਾਲਾ ਦੇ ਅੱਖਰਾਂ ਨਾਲ ਸ਼ੁਰੂ ਹੁੰਦਾ ਹੈ।

ਹਿਜ਼ਕੀਏਲ

ਇਹ ਭਵਿੱਖਬਾਣੀ ਦੀ ਇਕ ਵਿਸਤ੍ਰਿਤ ਛੰਦ-ਰਹਿਤ ਪੁਸਤਕ ਹੈ, ਜਿਸ ਦਾ ਲੇਖਕ ਹਿਜ਼ਕੀਏਲ ਸੀ। ਇਸ ਰਚਨਾ ਵਿਚ ਯਰੂਸ਼ਲਮ ਦੇ ਵਸਨੀਕਾਂ ਤੇ ਵਿਦੇਸ਼ੀ ਕੌਮਾਂ ਵਿਰੁੱਧ ਭਵਿੱਖਵਾਣੀ ਕੀਤੀ ਗਈ ਹੈ।

ਦਾਨੀਏਲ

ਇਹ ਇਕ ਦੇਸ਼ 'ਚੋਂ ਕੱਢੇ ਹੋਏ ਇਬਰਾਨੀ ਗੱਭਰੂ ਦੀ ਕਹਾਣੀ ਹੈ, ਜਿਸ ਨੇ ਬਾਬਲ ਵਿਚ

---

1. ਅਨਾਮ, ਪਵਿੱਤਰ ਬਾਈਲ, ਪੰ: 839.

Digitized by Panjab Digital Library | www.panjabdigilib.org

ਜਾ ਕੇ ਉੱਚ-ਪਦਵੀ ਪ੍ਰਾਪਤ ਕਰ ਲਈ ਸੀ। ਦਾਨੀਏਲ ਦੀ ਪੁਸਤਕ ਪ੍ਰਕਾਸ਼ ਦੀ ਪੁਸਤਕ ਕਰਕੇ ਵਧੇਰੇ ਪ੍ਰਸਿੱਧ ਹੈ, ਕਿਉਂਕਿ ਇਸ ਦਾ ਬਹੁਤ ਵੱਡਾ ਭਾਗ ਅਜਿਹੀਆਂ ਕਹਾਣੀਆਂ ਨਾਲ ਪਰਿਪੂਰਣ ਹੈ, ਜੋ ਦੇਸ਼-ਨਿਕਾਲੇ ਦੇ ਦਿਨੀਂ ਉਥੋਂ ਦੇ ਵਾਸੀਆਂ ਨੂੰ ਦਿਲਾਸਾ ਦੇਣ ਤੇ ਹੌਂਸਲਾ ਵਧਾਉਣ ਲਈ ਉਪਯੋਗੀ ਸਨ। ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ ਕਹਾਣੀਆਂ ਇਹ ਹਨ : ਦਾਨੀਏਲ ਦੇ ਤਿੰਨ ਮਿੱਤਰਾਂ ਦਾ ਅੱਗ ਦੀ ਭੱਠੀ ਵਿਚੋਂ ਬਚ ਨਿਕਲਣਾ, ਕੰਧ ਉਤੇ ਉਂਗਲ ਦੀ ਲਿਖਾਈ ਜੋ ਅੱਤਿਆਚਾਰੀ ਦੀ ਬਰਬਾਦੀ ਦਾ ਅਗੰਮ-ਵਾਕ ਸੀ, ਸ਼ੇਰਾਂ ਦੇ ਖੁੰਧਰ ਵਿਚੋਂ ਦਾਨੀਏਲ ਦਾ ਛੁਟਕਾਰਾ ਆਦਿਕ। ਇਨ੍ਹਾਂ ਕਹਾਣੀਆਂ ਤੋਂ ਇਹ ਪਤਾ ਚੱਲਦਾ ਹੈ ਕਿ ਪਰਮੇਸ਼ਰ ਆਪਣੇ ਵਫ਼ਾਦਾਰ ਲੋਕਾਂ ਨੂੰ ਉਨ੍ਹਾਂ ਦੇ ਦੇਸ਼-ਨਿਕਾਲੇ ਤੇ ਸੰਕਟ-ਭਰਪੂਰ ਪਰਿਸਥਿਤੀਆਂ ਵਿਚ ਕਿਵੇਂ ਸੰਭਾਲਦਾ ਹੈ।

ਹੋਸ਼ੇਆ

ਹੋਸ਼ੇਆ ਦੀ ਪੁਸਤਕ ਤੋਂ ਲੈ ਕੇ ਅਗਲੀਆਂ ਬਾਰਾਂ ਪੁਸਤਕਾਂ ਛੋਟੇ ਨਬੀਆਂ ਦੀਆ ਪੁਸਤਕਾਂ ਅਖਵਾਉਂਦੀਆਂ ਹਨ ਅਤੇ ਇਹ ਪਹਿਲੀਆਂ ਪੁਸਤਕਾਂ ਦੀ ਤੁਲਨਾ ਵਿਚ ਛੋਟੀਆਂ ਵੀ ਹਨ। ਹੋਸ਼ੇਆ ਦਾ ਅਗੰਮ ਵਾਕ ਕਵਿਤਾ ਵਿਚ ਹੈ। ਉਹ ਇਸ ਪੁਸਤਕ ਵਿਚ ਦੁਨਿਆਵੀ ਵਿਆਹ ਪ੍ਰਤਿ ਆਪਣੇ ਅਨੁਭਵ ਦੁਆਰਾ ਪਰਮੇਸ਼ਰ ਦੇ ਨਾ ਘਟਣ ਵਾਲੇ ਪ੍ਰੇਮ ਨੂੰ ਪ੍ਰਗਟ ਕਰਦਾ ਹੈ।

ਯੋਏਲ

ਜਦੋਂ ਫ਼ਸਲਾਂ ਉਤੇ ਟਿੱਡੀਆਂ ਧਾਵਾ ਬੋਲ ਦਿੰਦੀਆਂ ਹਨ, ਤਾਂ ਲੋਕਾਂ ਨੂੰ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਪਛਤਾਵੇ ਤੇ ਪ੍ਰਾਸ਼ਚਿਤ ਮਗਰੋਂ ਉਨ੍ਹਾਂ ਦਾ ਛੁਟਕਾਰਾ ਹੋਵੇਗਾ ਅਤੇ ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਉਨ੍ਹਾਂ ਉਤੇ ਪਏਗੀ : ਇਸ ਅਗੰਮ-ਵਾਕ ਦਾ ਹਵਾਲਾ 'ਰਸੂਲਾਂ ਦੇ ਕਰਤਬ' ਪੁਸਤਕ ਵਿਚੋਂ ਦੇ ਕੇ ਇਥੇ ਇਹ ਦੱਸਿਆ ਗਇਆ ਹੈ ਕਿ ਇਹ ਪੈਂਟਾਕੋਸਟ ਦੇ ਦਿਨ ਪੂਰਾ ਹੋ ਗਇਆ ਸੀ।

ਆਮੋਸ

ਆਮੋਸ ਇਕ ਅਯਾਲੀ, ਬਾਗਬਾਨ ਤੇ ਨਬੀ ਸੀ, ਜੋ ਦੱਖਣੀ ਯਹੂਦਿਆ ਦਾ ਸੀ ਅਤੇ ਇਸਰਾਏਲ ਦੇ ਉੱਤਰੀ ਰਾਜ ਵਿਚ ਰਹਿੰਦਾ ਸੀ। ਇਸ ਪੁਸਤਕ ਵਿਚ ਅਗੰਮ-ਵਾਕਾਂ ਤੇ ਦਰਸ਼ਨਾਂ ਦਾ ਇਕ ਸਿਲਸਿਲਾ ਹੈ, ਜੋ ਤੋਬਾ ਤੇ ਪਛਤਾਵੇ ਦੀ ਮੰਗ ਕਰਦਾ ਹੈ। ਲੇਖਕ ਦੇ ਮਤ ਅਨੁਸਾਰ ਤੋਬਾ ਦਾ ਫ਼ਲ ਸਮਾਜਕ ਨਿਆਂ ਵਿਚ ਪ੍ਰਗਟ ਹੋਣਾ ਚਾਹੀਦਾ ਹੈ।

ਓਬਦਯਾਹ

ਇਹ ਇਕ ਹੋਰ ਛੰਦ-ਬੱਧ ਪੁਸਤਕ ਹੈ, ਜੋ ਏਸਾਓ ਦੀ ਸੰਤਾਨ ਏਦੋਮ ਦੀ ਕੌਮ ਦੀ ਬਰਬਾਦੀ ਦੀ ਭਵਿੱਖਬਾਣੀ ਕਰਦੀ ਹੈ, ਕਿਉਂਕਿ ਉਨ੍ਹਾਂ ਨੇ ਇਜ਼ਰਾਈਲੀਆਂ ਨਾਲ ਜਦੋਂ ਉਹ ਮਿਸਰੀਆਂ ਦੀ ਗ਼ੁਲਾਮੀ ਵਿਚੋਂ ਨਿਕਲੇ ਸਨ, ਭਾਈਚਾਰੇ ਵਾਲਾ ਸਲੂਕ ਨਹੀਂ ਕੀਤਾ, ਸਗੋਂ ਬਹੁਤ ਮੰਦਾ ਸਲੂਕ ਕੀਤਾ ਸੀ। ਇਸ ਪੁਸਤਕ ਵਿਚ ਸਾਰੀਆਂ ਕੁਨਿਆਈਂ ਜਾਤੀਆਂ ਨੂੰ ਤੋਬਾ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।

ਯੂਨਾਹ

ਯਹੋਵਾਹ ਨੇ ਯੂਨਾਹ ਨੂੰ ਆਗਿਆ ਦਿੱਤੀ ਸੀ, ਕਿ ਉਹ ਨੀਨਵਾਹ ਦੇ ਲੋਕਾਂ ਨੂੰ, ਜੋ ਯਹੂਦੀ

Digitized by Panjab Digital Library | www.panjabdigilib.org

ਨਹੀਂ ਸਨ, ਪ੍ਰਚਾਰ ਕਰੇ; ਪਰ ਯੂਨਾਹ ਨੇ ਉਸ ਦੀ ਆਗਿਆ ਭੰਗ ਕਰਕੇ ਨੱਸ ਜਾਣ ਦਾ ਯਤਨ ਕੀਤਾ। ਪਰਮੇਸ਼ਰ ਨੇ ਕਿਵੇਂ ਉਸ ਕੋਲੋਂ ਪ੍ਰਚਾਰ-ਕਾਰਜ ਕਰਵਾਇਆ ਅਤੇ ਕਿਵੇਂ ਉਸ ਦੇ ਪ੍ਰਚਾਰ ਦੁਆਰਾ ਲੋਕਾਂ ਨੇ ਤੋਬਾ ਕੀਤੀ, ਇਹੋ ਇਸ ਛੋਟੀ ਜਿਹੀ ਪੁਸਤਕ ਦਾ ਵਿਸ਼ੇ ਹੈ। ਇਸ ਪੁਸਤਕ ਤੋਂ ਇਹ ਸਿੱਧ ਹੁੰਦਾ ਹੈ ਕਿ ਹੌਲੀ ਹੌਲੀ ਯਹੂਦੀਆਂ ਦੇ ਵਿਚਾਰਾਂ ਵਿਚ ਵਿਸ਼ਾਲਤਾ ਆ ਰਹੀ ਸੀ।

ਮੀਕਾਹ

ਮੀਕਾਹ ਨੂੰ ਗ਼ਰੀਬਾਂ ਦਾ ਨਬੀ ਆਖਿਆ ਗਇਆ ਹੈ, ਕਿਉਂਕਿ ਉਹ ਸਾਰਿਆਂ ਦੇ ਲਈ ਸਮਾਜਕ ਨਿਆਂ ਦੀ ਮੰਗ ਕਰਦਾ ਹੈ। ਉਹ ਯਿਸੂ ਦੇ ਜਨਮ-ਸਥਾਨ ਦਾ ਸਮਾਚਾਰ ਪਹਿਲਾਂ ਹੀ ਦੇ ਦਿੰਦਾ ਹੈ।

ਨਹੂਮ

ਨੀਨਵਾਹ ਦੇ ਵਾਸੀਆਂ ਨੇ ਇਸਰਾਈਲ ਉਤੇ ਅੱਤਿਆਚਾਰ ਕੀਤੇ ਸਨ; ਸੋ ਨਹੂਮ ਭਵਿੱਖ ਵਾਣੀ ਕਰਦਾ ਹੈ, ਕਿ ਪਰਮੇਸ਼ਰ ਦੇ ਨਿਆਂ ਅਨੁਸਾਰ ਨੀਨਵਾਹ ਉੱਜੜ ਜਾਵੇਗਾ।

ਹਬੱਕੂਕ

ਅੱਤਿਆਚਾਰੀਆਂ ਦੀ ਸਫਲਤਾ ਨੂੰ ਵੇਖ ਹਬੱਕੂਕ ਨਬੀ ਚੱਕਰ ਵਿਚ ਪੈ ਜਾਂਦਾ ਹੈ, ਪਰ ਫ਼ਿਰ ਵੀ ਉਸ ਨੂੰ ਨਿਸਚਾ ਹੈ ਕਿ ਯਹੋਵਾਹ ਉਨ੍ਹਾਂ ਦਾ ਨਿਆਂ ਕਰੇਗਾ। ਅੰਤਿਮ ਕਾਂਡ ਪ੍ਰਾਰਥਨਾ ਦਾ ਕਾਂਡ ਹੈ, ਜਿਸ ਵਿਚ ਸਰਬਸ਼ਕਤੀਮਾਨ ਯਹੋਵਾਹ ਦੀ ਵਡਿਆਈ ਕੀਤੀ ਗਈ ਹੈ ਅਤੇ ਉਸ ਦੇ ਚਰਨਾਂ ਨਾਲ ਜੁੜੇ ਰਹਿਣ ਦੀ ਮੰਗ ਕੀਤੀ ਗਈ ਹੈ।

ਸਫ਼ਨਯਾਹ

ਇਹ ਵੀ ਅਗੰਮ-ਵਾਕਾਂ ਦੀ ਪੁਸਤਕ ਹੈ, ਜਿਸ ਵਿਚ ਸਾਰੇ ਜਗਤ ਦੇ ਨਿਆਂ ਦਾ ਸਮਾਚਾਰ ਤੇ ਤੋਬਾ ਕਰਨ ਦਾ ਬੁਲਾਵਾ ਦਿੱਤਾ ਗਇਆ ਹੈ ਅਤੇ ਦਸਿਆ ਗਿਆ ਹੈ ਕਿ ਤੋਬਾ ਕਰਨ ਨਾਲ ਅਰੋਗਤਾ ਤੇ ਸ਼ਾਂਤੀ ਪ੍ਰਾਪਤ ਹੋਵੇਗੀ।

ਹੱਜਈ

ਅਗੰਮ-ਵਾਕਾਂ ਦੀ ਇਹ ਇਕ ਛੋਟੀ ਜਿਹੀ ਪੁਸਤਕ ਹੈ, ਜਿਸ ਵਿਚ ਯਰੂਸ਼ਲਮ ਦੀ ਰੱਬੀ ਇਮਾਰਤ ਨੂੰ ਮੁੜ ਕੇ ਉਸਾਰਨ ਦੇ ਕੰਮ ਨੂੰ ਚਾਲੂ ਰੱਖਣ ਉਤੇ ਜ਼ੋਰ ਦਿੱਤਾ ਗਇਆ ਹੈ, ਕਿਉਂਕਿ ਇਹ ਪਰਮੇਸ਼ਰ ਦੀ ਮਹਿਮਾ ਕਰਨ ਦਾ ਇਕ ਸਾਧਨ ਹੈ, ਜਿਸ ਦੇ ਪੂਰਿਆਂ ਹੋਣ ਉਤੇ ਸੁਲੱਖਣੇ ਦਿਨਾਂ ਦੇ ਆਉਣ ਦੀ ਆਸ ਕੀਤੀ ਜਾ ਸਕਦੀ ਹੈ।

ਜ਼ਕਰਯਾਹ

ਜਿਹੜੇ ਯਹੂਦੀ ਬਾਬਲ ਦੇ ਦੇਸ-ਨਿਕਾਲੇ ਤੋਂ ਮੁੜ ਕੇ ਆਪਣੇ ਉੱਜੜੇ ਤੇ ਭੁੱਖ, ਗ਼ਰੀਬੀ ਦੇ ਸਤਾਏ ਨਗਰ ਵਿਚ ਆਏ ਸਨ, ਉਨ੍ਹਾਂ ਦਾ ਹੌਂਸਲਾ ਵਧਾਉਣ ਲਈ ਇਸ ਪੁਸਤਕ ਵਿਚ ਕਹਾਣੀਆਂ ਲਿਖੀਆਂ ਗਈਆਂ ਹਨ। ਅੰਤਿਮ ਕਾਂਡ ਵਿਚ ਦਸਿਆ ਗਇਆ ਹੈ ਕਿ ਸਾਰੀ

Digitized by Panjab Digital Library | www.panjabdigilib.org

ਧਰਤੀ ਉਤੇ ਯਹੋਵਾਹ ਹੀ ਪਾਤਸ਼ਾਹ ਹੋਵੇਗਾ, ਯਰੂਸ਼ਲਮ ਦੇ ਵੈਰੀ ਵੀ ਯਹੋਵਾਹ ਦੀ ਬੰਦਗੀ ਕਰਨਗੇ ।

ਮਲਾਕੀ

ਇਹ ਇਕ ਛੋਟੀ ਜਿਹੀ ਅਗੰਮ-ਵਾਕਾਂ ਦੀ ਪੁਸਤਕ ਹੈ, ਜੋ ਪ੍ਰਭੂ ਤੋਂ ਪਹਿਲਾਂ ਉਸ ਦੁਆਰਾ ਭੇਜੇ ਜਾਣ ਵਾਲੇ ਸੰਦੇਸ਼ਵਾਹਕ ਦੇ ਆਉਣ ਦੀ ਆਸ ਬੰਨ੍ਹਾਉਂਦੀ ਹੈ ਅਤੇ ਦੱਸਦੀ ਹੈ ਕਿ ਤੋਬਾ ਕਰਨ ਵਾਲੇ ਧੰਨ ਹੋਣਗੇ, ਪਰ ਜਿਹੜੇ ਬੁਰਾਈ ਵਿਚ ਕਠੋਰ ਹੋ ਗਏ ਹਨ, ਉਹ ਸਰਾਪੇ ਜਾਣਗੇ । ਇਸ ਪ੍ਰਕਾਰ ਪੁਰਾਣੇ ਨੇਮ ਦਾ ਅੰਤ ਇਸ ਆਸ ਉਤੇ ਹੁੰਦਾ ਹੈ ਕਿ ਮਸੀਹ ਤੋਂ ਪਹਿਲਾਂ ਉਸ ਦਾ ਸੰਦੇਸ਼ਵਾਹਕ ਆਵੇਗਾ ।

ਉਪਰੋਕਤ ਪੁਰਾਣੇ ਨੇਮ ਦੀਆਂ 39 ਪੁਸਤਕਾਂ ਮਗਰੋਂ ਨਵਾਂ ਨੇਮ ਸ਼ੁਰੂ ਹੋ ਜਾਂਦਾ ਹੈ, ਜੋ ਪੁਰਾਣੇ ਨੇਮ ਨੂੰ ਸੰਪੂਰਣ ਕਰਦਾ ਹੈ ।

ਨਵਾਂ ਨੇਮ

ਮੱਤੀ ਦੀ ਇੰਜੀਲ

ਮੱਤੀ ਦੀ ਇੰਜੀਲ ਦਾ ਮੁਖ ਵਿਸ਼ਾ ਪ੍ਰਮੇਸ਼ਰ ਦਾ ਰਾਜ ਹੈ । ਇਸ ਵਿਚ 'ਪੁਰਾਣੇ ਨੇਮ' ਵਿਚੋਂ ਹਵਾਲੇ ਦੇ ਕੇ ਦੱਸਿਆ ਗਇਆ ਹੈ ਕਿ ਇਹ ਹਵਾਲੇ ਕਿਵੇਂ ਯਿਸੂਹ ਮਸੀਹ ਦੇ ਕੰਮਾਂ ਰਾਹੀਂ ਪੂਰੇ ਹੋ ਗਏ। ਇਹ ਪੁਸਤਕ ਪੁਰਾਣੇ ਤੇ ਨਵੇਂ ਨੇਮ ਵਿਚਕਾਰ ਸੰਬੰਧ ਸਥਾਪਿਤ ਕਰਦੀ ਹੈ, ਇਸ ਲਈ ਇੰਜੀਲਾਂ ਵਿਚ ਇਸ ਨੂੰ ਪ੍ਰਥਮ ਸਥਾਨ ਦੇਣਾ ਉਚਿਤ ਹੈ, ਭਾਵੇਂ ਲਿਖਣ ਵਿਚ ਪਹਿਲਾ ਸਥਾਨ ਮਰੁਕਸ ਦੀ ਇੰਜੀਲ ਦਾ ਸੀ। ਮੱਤੀ ਦੀ ਇੰਜੀਲ ਮਸੀਹ ਦੀ ਸਿਖਿਆ ਨੂੰ ਅੱਡੋ ਅੱਡ ਹਿੱਸਿਆਂ ਵਿਚ ਵੰਡਦੀ ਹੈ । ਮਸੀਹ ਦੇ ਭਾਸ਼ਣਾਂ ਵਿਚੋਂ ਸਰਵ-ਪ੍ਰਸਿੱਧ ਉਸ ਦਾ ਪਹਾੜੀ ਉਪਦੇਸ਼ ਹੈ । ਇਸ ਇੰਜੀਲ ਨੂੰ ਇਕ ਬਹੁਤ ਵੱਡੇ ਗਿਰਜੇ ਦੇ ਸਮਾਨ ਦੱਸਿਆ ਗਇਆ ਹੈ, ਜਿਸ ਦੇ ਪਵਿੱਤਰ ਆਂਗਨ ਵਿਚ ਅਯਾਲੀ, ਜੋਤਸ਼ੀ, ਸੂਬੇਦਾਰ, ਮਾਛੀ, ਮਸੂਲੀਏ, ਕਿਸਾਨ, ਅੰਗੂਰੀ ਬਾਗਾਂ ਦੇ ਕਾਮੇ, ਅੰਨ੍ਹੇ ਮੰਗਤੇ, ਦਾਨਸ਼ੀਲ ਤੀਵੀਆਂ, ਗ੍ਰਿਹਸਤੀ, ਬੱਚੇ, ਬੁੱਢੇ ਆਦਿਕ ਸਭ ਸ਼੍ਰੇਣੀਆਂ ਦੇ ਲੋਕ ਮਿਲਦੇ ਹਨ, ਜਿੱਥੋਂ ਪਤਾ ਲੱਗਦਾ ਹੈ ਕਿ ਯਿਸੂ ਦੇ ਵਿਅਕਤਿਤ੍ਵ ਦਾ ਪ੍ਰਭਾਵ ਕਿਤਨਾ ਵਿਸ਼ਾਲ ਤੇ ਹਰ ਪ੍ਰਕਾਰ ਦੇ ਲੋਕਾਂ ਨੂੰ ਮੋਹਿਤ ਕਰਨ ਵਾਲਾ ਸੀ। ਉਹ ਇਲਾਹੀ ਸਚਾਈ ਦਾ ਇਕ ਅਨੋਖਾ ਉਪਦੇਸ਼ਕ ਸੀ, ਪਰ ਧਾਰਮਿਕ ਆਗੂਆਂ ਨੇ ਹਠ-ਧਰਮੀ ਨਾਲ ਅੰਨ੍ਹੇ ਹੋ ਕੇ ਉਸ ਨੂੰ ਸੂਲੀ ਉਤੇ ਚਾੜ੍ਹ ਦਿੱਤਾ । ਇਸ ਇੰਜੀਲ ਵਿਚ ਯਿਸੂ ਮਸੀਹ ਦੇ ਜੀਵਨ ਦੀਆਂ ਘਟਨਾਵਾਂ ਦਾ ਵਿਵਰਣ ਦਿੰਦਿਆਂ ਹੋਇਆਂ ਉਸ ਦੀ ਸ਼ਖਸੀਅਤ ਨੂੰ ਵਡਿਆਇਆ ਗਇਆ ਹੈ । ਮੂਲ ਰੂਪ ਵਿਚ ਬਾਕੀ ਇੰਜੀਲਾਂ ਦਾ ਵਿਸ਼ੇ ਵੀ ਇਹੋ ਹੀ ਹੈ ।

ਮਰੁਕਸ ਦੀ ਇੰਜੀਲ

ਇੰਜੀਲਾਂ ਵਿਚੋਂ ਇਹ ਇੰਜੀਲ ਸਭ ਤੋਂ ਪੁਰਾਣੀ ਤੇ ਛੋਟੀ ਹੈ । ਇਸ ਦਾ ਬਹੁਤ ਵੱਡਾ ਭਾਗ ਮੱਤੀ ਤੇ ਲੂਕਾ ਦੀਆਂ ਇੰਜੀਲਾਂ ਵਿਚ ਆ ਗਇਆ ਹੈ । ਮਰੁਕਸ ਮਸੀਹ ਦੇ ਬਪਤਿਸਮੇਂ ਤੋਂ ਉਸ ਦੀ ਜੀਵਨ-ਕਥਾ ਆਰੰਭ ਕਰਦਾ ਹੈ । ਇਸ ਦਾ ਖ਼ਾਸ ਮਨੋਰਥ ਇਹ ਹੈ ਕਿ ਰੋਮ ਦੇ ਮਸੀਹੀਆਂ ਨੂੰ ਅੱਤਿਆਚਾਰ ਤੇ ਸ਼ਰਮਿੰਦਗੀ ਝੱਲਣ ਲਈ ਦ੍ਰਿੜ੍ਹ ਤੇ ਤਕੜਾ ਕੀਤਾ ਜਾਵੇ । ਮਰੁਕਸ ਮਸੀਹ ਦੀ

Digitized by Panjab Digital Library | www.panjabdigilib.org

ਬਹੁਮੁਖੀ ਸ਼ਖਸੀਅਤ ਉਤੇ ਜ਼ੋਰ ਦਿੰਦਿਆਂ ਹੋਇਆਂ ਉਸ ਦੀ ਦਲੇਰੀ, ਦਿਆਸ਼ੀਲਤਾ ਦਾ ਉਲੇਖ ਕਰਦਾ ਹੈ ।

ਲੂਕਾ ਦੀ ਇੰਜੀਲ

ਇਹ ਇੰਜੀਲ ਇਕ ਯੂਨਾਨੀ ਹਕੀਮ ਨੇ ਲਿਖੀ ਸੀ ਅਤੇ ਇਹ ਉਹ ਇੰਜੀਲ ਹੈ, ਜੋ ਇਕ ਗ਼ੈਰ-ਯਹੂਦੀ ਦੇ ਹੱਥੋਂ ਲਿਖੀ ਗਈ । ਇਹ ਇੰਜੀਲ ਪਰਾਈਆਂ ਕੌਮਾਂ ਦੇ ਲਈ ਹੈ ਅਤੇ ਆਪਣੀ ਮਾਨਵ-ਹਿਤੈਸ਼ੀ ਭਾਵਨਾ ਤੇ ਖੁੱਲ੍ਹੇ ਡੁੱਲ੍ਹੇ ਵਿਚਾਰਾਂ ਦੁਆਰਾ ਸਾਰੀ ਮਾਨਵ-ਜਾਤੀ ਨੂੰ ਈਸਾਈ ਧਰਮ ਵਲ ਪ੍ਰੇਰਿਤ ਕਰਨ ਲਈ ਰਚੀ ਗਈ ਹੈ । ਲੂਕਾ ਯਿਸੂ ਦੇ ਜਨਮ ਸੰਬੰਧੀ ਸਾਰੀਆਂ ਘਟਨਾਵਾਂ ਵਿਸਥਾਰ ਨਾਲ ਪੇਸ਼ ਕਰਦਾ ਹੈ । ਪੁਸਤਕ ਵਿਚ ਲੇਖਕ ਯਿਸੂ ਦੀ ਇਕ ਕੁਲਪੱਤਰੀ ਵੀ ਦਿੰਦਾ ਹੈ, ਜਿਹੜੀ ਮਾਨਵਜਾਤੀ ਦੇ ਮੁੱਢ ਆਦਮ ਤਕ ਜਾ ਪਹੁੰਚਦੀ ਹੈ ।

ਯੂਹੰਨਾ ਦੀ ਇੰਜੀਲ

ਇਹ ਇੰਜੀਲ ਪਹਿਲੀਆਂ ਤਿੰਨ ਇੰਜੀਲਾਂ ਦੇ ਮਗਰੋਂ ਲਿਖੀ ਗਈ । ਇਸ ਦੇ ਦੋ ਮਨੋਰਥ ਪਰਤੀਤ ਹੁੰਦੇ ਹਨ, ਪਹਿਲਾ, ਤਿੰਨ ਇੰਜੀਲਾਂ ਨੇ ਜੋ ਮਸੀਹ ਦੇ ਜੀਵਨ ਤੇ ਸਿਖਿਆ ਦਾ ਚਿੱਤਰ ਅੰਕਿਤ ਕੀਤਾ ਹੈ, ਉਸ ਨੂੰ ਪੂਰਾ ਕਰਨਾ ਅਤੇ ਦੂਜਾ, ਤਾਲੀਮੀ ਮਨਸ਼ਾ ਦੀ ਸੰਪੂਰਣਤਾ, "ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹੀ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰਕੇ ਉਸ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ ।[1]

ਰਸੂਲਾਂ ਦੇ ਕਰਤਬ

ਲੂਕਾ ਦੀ ਇੰਜੀਲ ਦੇ ਲੇਖਕ ਨੇ ਇਹ ਮਨ ਨੂੰ ਮੋਹਿਤ ਕਰਨ ਵਾਲੀ ਪੁਸਤਕ ਲਿਖੀ । 120 ਵਿਅਕਤੀਆਂ ਦੀ ਮਸੀਹੀ ਮੰਡਲੀ ਉਤੇ ਪਵਿੱਤਰ ਆਤਮਾ ਦੇ ਉਤਰਨ ਦੇ ਪ੍ਰਸੰਗ ਨਾਲ ਇਸ ਪੁਸਤਕ ਦਾ ਆਰੰਭ ਹੁੰਦਾ ਹੈ, ਜਦੋਂ ਪਵਿੱਤਰ ਆਤਮਾ ਪੈਂਟਾਕੋਸਟ ਦੇ ਦਿਨ ਉਤਰੀ ਸੀ । ਇਸ ਪੁਸਤਕ ਵਿਚ ਦਸਿਆ ਗਇਆ ਹੈ ਕਿ ਕਿਵੇਂ ਇਹ ਆਤਮਾ ਨਾਲ ਭਰੇ ਹੋਏ ਪੁਰਸ਼ ਇਸਤ੍ਰੀਆਂ ਇੰਜੀਲ ਦੇ ਸੰਦੇਸ਼ ਨੂੰ ਯਰੂਸ਼ਲਮ ਤੇ ਯਹੂਦੀਆਂ ਦੀਆਂ ਹੱਦ-ਲਕੀਰਾਂ ਤੋਂ ਬਾਹਰ ਲੈ ਗਏ ਅਤੇ ਉਨ੍ਹਾਂ ਨੇ ਰੋਗੀ ਜਗਤ ਦੇ ਸਾਰੇ ਭਾਗਾਂ ਵਿਚ ਮਸੀਹੀ ਮੰਡਲੀਆਂ ਸਥਾਪਿਤ ਕੀਤੀਆਂ । ਵਾਸਤਵ ਵਿਚ ਇਹ ਪੁਸਤਕ ਯਿਸੂ ਦੀ ਸਿਖਿਆ ਦੇ ਅਮਲੀ ਰੂਪ ਧਾਰਣ ਦਾ ਇਤਿਹਾਸ ਹੈ ।

ਪੱਤ੍ਰੀਆਂ

ਇਸ ਪੁਸਤਕ ਮਗਰੋਂ ਜੋ ਪੱਤ੍ਰੀਆਂ ਆਉਂਦੀਆਂ ਹਨ, ਉਹ ਪ੍ਰਾਚੀਨ ਕਲੀਸਿਯਾ ਦੇ ਧਾਰਮਕ ਸਿਧਾਂਤਾਂ ਤੇ ਅਮਲੀ ਕਠਿਨਾਈਆਂ ਦਾ ਨਿਬੇੜਾ ਕਰਦੀਆਂ ਹਨ । ਇਨ੍ਹਾਂ ਪੱਤ੍ਰੀਆਂ ਦੇ ਨਾਮ ਕ੍ਰਮਵਾਰ ਇਸ ਪ੍ਰਕਾਰ ਹਨ—**ਰੋਮੀਆਂ ਨੂੰ, ਕੁਰਿੰਥੀਆਂ ਨੂੰ ਪਹਿਲੀ ਪੱਤ੍ਰੀ, ਕੁਰਿੰਥੀਆਂ ਨੂੰ ਦੂਜੀ ਪੱਤ੍ਰੀ, ਗਲਾਤੀਆਂ ਨੂੰ, ਅਫਸੀਆਂ ਨੂੰ, ਫ਼ਿਲਿੱਪੀਆਂ ਨੂੰ, ਕੁਲੁੱਸੀਆਂ ਨੂੰ, ਥੱਸਲੁਨੀਕੀਆਂ ਨੂੰ ਪਹਿਲੀ ਪੱਤ੍ਰੀ, ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ, ਤਿਮੋਥਿਉਸ ਨੂੰ ਪਹਿਲੀ ਪੱਤ੍ਰੀ, ਤਿਮੋਥਿਓਸ ਨੂੰ ਦੂਜੀ ਪੱਤ੍ਰੀ, ਤੀਤੁਸ ਨੂੰ, ਫ਼ਿਲੇਮੋਨ ਨੂੰ, ਇਬਰਾਨੀਆਂ ਨੂੰ, ਯਾਕੂਬ ਨੂੰ, ਪਤਰਸ ਨੂੰ ਪਹਿਲੀ ਪੱਤ੍ਰੀ, ਪਤਰਸ ਨੂੰ ਦੂਜੀ ਪੱਤ੍ਰੀ, ਯੂਹੰਨਾ ਨੂੰ**

---

1. ਅਨਾਮ, ਪਵਿੱਤਰ ਬਾਈਬਲ, ਪੰ: 149.

Digitized by Panjab Digital Library | www.panjabdigilib.org

ਪਹਿਲੀ ਪੱਤ੍ਰੀ, ਯੂਹੰਨਾ ਨੂੰ ਦੂਜੀ ਪੱਤ੍ਰੀ, ਯੂਹੰਨਾ ਨੂੰ ਤੀਜੀ ਪੱਤ੍ਰੀ, ਯਹੂਦਾਹ ਨੂੰ, ਯੂਹੰਨਾ ਦੇ ਪਰਕਾਸ਼ ਦੀ ਪੋਥੀ। ਇਨ੍ਹਾਂ ਪੱਤ੍ਰੀਆਂ ਦੇ ਨਾਮ ਉਨ੍ਹਾਂ ਨਗਰਾਂ ਦੇ ਅਨੁਸਾਰ ਹਨ, ਜਿਨ੍ਹਾਂ ਵਿਚ ਉਹ ਮੰਡਲੀਆਂ ਕਾਇਮ ਸਨ ਅਤੇ ਜਾਂ ਜਿਨ੍ਹਾਂ ਵਿਅਕਤੀਆਂ ਨੂੰ ਲਿਖੀਆਂ ਗਈਆਂ, ਉਨ੍ਹਾਂ ਦੇ ਨਾਮ ਅਤੇ ਕਦੀ ਕਦੀ ਲੇਖਕ ਦੇ ਨਾਮ ਅਨੁਸਾਰ ਹਨ। ਇਨ੍ਹਾਂ ਵਿਚੋਂ ਬਹੁਤੀਆਂ ਤਾਂ ਪੌਲੁਸ ਨੇ ਲਿਖੀਆਂ। ਬਾਕੀ ਦੀਆਂ ਯਾਕੂਬ, ਯਹੂਦਾਹ, ਪਤਰਸ, ਯੂਹੰਨਾ ਨੇ ਅਤੇ ਕਿਸੇ ਇਕ ਅਨਾਮ ਲੇਖਕ ਨੇ ਇਬਰਾਨੀਆਂ ਨੂੰ ਪੱਤ੍ਰੀ ਲਿਖੀ। 'ਨਵੇਂ ਨੇਮ' ਦੀ ਅੰਤਿਮ ਪੁਸਤਕ 'ਯੂਹੰਨਾ ਦੇ ਪਰਕਾਸ਼ ਦੀ ਪੋਥੀ' ਆਸ਼ਾ ਭਰੇ ਤੇ ਪ੍ਰਭੂ-ਕਿਰਪਾ ਨਾਲ ਭਰਪੂਰ ਇਸ ਸੰਦੇਸ਼ ਨਾਲ ਸਮਾਪਤ ਹੁੰਦੀ ਹੈ : "ਪ੍ਰਭੂ ਯਿਸੂ ਦੀ ਕਿਰਪਾ ਸੰਤਾਂ ਦੇ ਉਤੇ ਹੋਵੇ। ਆਮੀਨ।"[1]

ਵਿਵੇਚਨ

ਵਾਸਤਵ ਵਿਚ ਬਾਈਬਲ ਇਕ ਪੁਸਤਕ-ਭੰਡਾਰ ਹੈ। 'ਪੁਰਾਣੇ ਨੇਮ' ਦੀਆਂ 39 ਅਤੇ 'ਨਵੇਂ ਨੇਮ' ਦੀਆਂ 27 ਪੁਸਤਕਾਂ ਨੂੰ ਰਲਾ ਕੇ ਬਾਈਬਲ ਦੀਆਂ ਕੁੱਲ 66 ਪੁਸਤਕਾਂ ਹਨ। ਇਹ ਪੁਸਤਕਾਂ ਕਿਸੇ ਇਕ ਲੇਖਕ ਦੁਆਰਾ ਨਹੀਂ ਲਿਖੀਆਂ ਗਈਆਂ, ਸਗੋਂ ਇਨ੍ਹਾਂ ਦੇ ਵੱਖ ਵੱਖ ਲੇਖਕ ਸਨ। ਕੁਝ ਲੇਖਕ ਨਬੀ, ਕੁਝ ਰਾਜੇ, ਕੁਝ ਅਯਾਲੀ, ਸਰਕਾਰੀ ਕਰਮਚਾਰੀ, ਮਾਛੀ ਤੇ ਰਸੂਲ ਸਨ ਅਤੇ ਕੁਝ ਗੁਪਤ ਲੇਖਕ ਸਨ, ਜਿਨ੍ਹਾਂ ਦਾ ਸਾਨੂੰ ਗਿਆਨ ਨਹੀਂ। ਇਨ੍ਹਾਂ ਪੁਸਤਕਾਂ ਦੇ ਲਿਖਣ ਵਿਚ ਜੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਵਰ੍ਹੇ ਤਾਂ ਜ਼ਰੂਰ ਲੱਗੇ ਹਨ। ਵਿਭਿੰਨ ਪ੍ਰਕਾਰ ਦੇ ਲੇਖਕਾਂ ਤੇ ਵੱਖੋ ਵੱਖਰੇ ਇਤਿਹਾਸਕ ਯੁਗਾਂ ਦੇ ਹੁੰਦਿਆਂ ਵੀ ਇਕ ਮਹਾਨ ਵਿਸ਼ਾ ਬਾਈਬਾਲ ਨੂੰ ਏਕਤਾ ਪ੍ਰਦਾਨ ਕਰਦਾ ਹੈ ਅਤੇ ਉਹ ਵਿਸ਼ੇ ਹੈ : "ਪਵਿੱਤਰ ਪ੍ਰਮੇਸ਼ਰ ਦਾ ਪਾਪੀ ਮਨੁੱਖ ਨਾਲ ਵਤੀਰਾ," ਜਿਸ ਦਾ ਆਰੰਭ ਅਦਨ ਦੇ ਬਾਗ ਵਿਚ ਹੋਇਆ ਅਤੇ ਯਿਸੂ ਮਸੀਹ ਦੇ ਸੂਲੀ ਉਤੇ ਟੰਗੇ ਜਾਣ, ਜੀ ਉੱਠਣ ਤੇ ਪਵਿੱਤਰ ਆਤਮਾ ਦੇ ਦਾਨ ਨਾਲ ਉਸ ਦਾ ਵਰਤਾਵਾ ਅੰਤਿਮ ਹੱਦ ਤਕ ਪਹੁੰਚਿਆ।

ਇਬਰਾਨੀ ਲੋਕ ਭਾਣੇ ਨੂੰ ਬੜਾ ਮੰਨਦੇ ਸਨ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਮਾਨਵੀ-ਇਤਿਹਾਸ ਰਾਹੀਂ ਅਤੇ ਵਿਸ਼ੇਸ਼ ਕਰਕੇ ਆਪਣੀ ਚੁਣੀ ਹੋਈ ਯਹੂਦੀ ਕੌਮ ਦੇ ਇਤਿਹਾਸ ਰਾਹੀਂ ਆਪਣੇ ਮਨੋਰਥ ਨੂੰ ਪੂਰਾ ਕਰਦਾ ਹੈ। ਇਸ ਲਈ ਬਾਈਬਲ ਵਿਚ ਇਤਿਹਾਸ ਨੂੰ ਬੜਾ ਉੱਤਮ ਸਥਾਨ ਦਿੱਤਾ ਗਇਆ ਹੈ। ਰਾਜਿਆਂ, ਰਾਣੀਆਂ, ਰਾਜ-ਦਰਬਾਰਾਂ ਦੇ ਕੂਟ-ਪ੍ਰਬੰਧਾਂ, ਫ਼ਤਹ ਤੇ ਬਚਾਉ ਲਈ ਯੁੱਧਾਂ, ਵਿਦੇਸ਼ੀਆਂ ਨਾਲ ਜੰਗੀ-ਸੰਧੀਆਂ, ਮਰਦਮ-ਸ਼ੁਮਾਰੀਆਂ ਤੇ ਸ੍ਵਦੇਸ਼ੀ ਤੇ ਸਰਬਦੇਸ਼ੀ ਹਿਤਾਂ ਸੰਬੰਧੀ ਵਿਧੀਆਂ ਵਿਧਾਨਾਂ ਦੇ ਪ੍ਰਸੰਗਾਂ ਨਾਲ ਬਾਈਬਲ ਭਰੀ ਪਈ ਹੈ। ਬਹੁਤ ਸਥਾਨਾਂ ਉਤੇ ਸਾਨੂੰ ਵਿਚਾਰਾਂ ਵਿਚ ਅੰਤਰਵਿਰੋਧ ਵੀ ਦਿਸਦਾ ਹੈ। ਅਜਿਹਾ ਪਰਤੀਤ ਹੁੰਦਾ ਹੈ ਕਿ ਬਹੁਤੇ ਯਹੂਦੀ ਆਪਣੇ ਆਪ ਨੂੰ ਵਿਸ਼ੇਸ਼ ਅਧਿਕਾਰਾਂ ਲਈ ਚੁਣੇ ਹੋਏ ਲੋਕ ਸਮਝਦੇ ਸਨ, ਪਰ ਵੱਡੇ ਵੱਡੇ ਨਬੀਆਂ, ਰਸੂਲਾਂ ਅਤੇ ਵਿਸ਼ੇਸ਼ ਕਰਕੇ ਈਸਾ ਮਸੀਹ ਦਾ ਇਹ ਵਿਚਾਰ ਸੀ ਕਿ ਉਹ ਖ਼ਾਸ ਸੇਵਾ ਦੇ ਲਈ, ਸਗੋਂ ਹੋਰਨਾਂ ਦੀ ਥਾਂ ਦੁੱਖ ਝੱਲਣ ਲਈ ਚੁਣੇ ਗਏ ਸਨ। ਯਸਾਯਾਹ ਤਰਵਿੰਜਵੇਂ

1. ਅਨਾਮ, ਪਵਿੱਤਰ ਬਾਈਬਲ. ਪੰ: 344.

Digitized by Panjab Digital Library | www.panjabdigilib.org

ਕਾਂਡ ਵਿਚ ਦੁਖ ਝੱਲਣ ਵਾਲੇ ਦਾਸ ਦਾ ਪ੍ਰਸੰਗ ਆਉਂਦਾ ਹੈ, ਜੋ ਦੂਜਿਆਂ ਦੇ ਅਪਰਾਧਾਂ ਨਮਿਤ ਘਾਇਲ ਕੀਤਾ ਗਇਆ। ਇਸ ਪ੍ਰਕਾਰ ਮਨੁੱਖਾਂ ਦੇ ਪਾਪਾਂ ਤੇ ਕਮਜ਼ੋਰੀਆਂ ਲਈ ਪਰਮੇਸ਼ੂਰ ਦੇ ਇਲਾਜ ਦਾ ਹੋਕਾ ਦਿੱਤਾ ਗਇਆ; ਕਿਉਂਕਿ ਮਨੁੱਖਾਂ ਦਾ ਪਾਪ ਹੀ ਉਨ੍ਹਾਂ ਨੂੰ ਪਰਮੇਸ਼ੂਰ ਦੀ ਸੰਗਤ ਤੋਂ ਰੋਕਦਾ ਹੈ। ਹਰ ਥਾਂ ਮਨੁੱਖਾਂ ਨੂੰ ਇਸ ਸੰਗਤ ਦੀ ਤਾਂਘ ਲੱਗੀ ਰਹੀ ਹੈ, ਇਸ ਲਈ ਕਿਉਂਕਿ ਉਹ ਪਰਮਾਤਮਾ ਦੇ ਸਰੂਪ ਤੋਂ ਬਣਾਏ ਗਏ ਹਨ। ਅਰਥਾਤ ਉਨ੍ਹਾਂ ਨੂੰ ਉਸ ਉੱਤਮ ਸੰਗਤ ਦੇ ਲਈ ਆਤਮਕ ਸ਼ਕਤੀ ਪ੍ਰਦਾਨ ਕੀਤੀ ਗਈ ਹੈ। ਪਸ਼ੂਆਂ ਦੇ ਬਲੀਦਾਨਾਂ ਤੇ ਭੇਟਾਂ ਸੰਬੰਧੀ ਦਸਤੂਰਾਂ ਨਾਲ ਪੁਰਾਣੇ ਨੇਮ ਦੇ ਬਹੁਤ ਸਾਰੇ ਕਾਂਡ ਭਰੇ ਪਏ ਹਨ। ਉਹ ਪਾਪ ਦਾ ਗਿਆਨ ਤੇ ਮੁਆਫ਼ੀ ਮੰਗਣ ਲਈ ਤਿਆਰੀ ਵਜੋਂ ਸਨ। ਸੂਲੀ ਉਤੇ ਕੁਰਬਾਨ ਹੋ ਕੇ ਪ੍ਰਭੂ ਯਿਸੂ ਮਸੀਹ ਨੇ ਪ੍ਰਾਣ-ਬਲੀਦਾਨ ਨੂੰ ਅੰਤਿਮ ਹੱਦ ਉਤੇ ਪਹੁੰਚਾ ਦਿੱਤਾ ਅਤੇ ਮਨੁੱਖ-ਮਾਤਰ ਨੂੰ ਬਲੀਦਾਨ ਦਾ ਅਸਲੀ ਪ੍ਰਯੋਜਨ ਦੱਸਿਆ।

ਬਾਈਬਲ ਦੇ ਇਤਿਹਾਸ ਤੋਂ ਇਕ ਵੱਡੀ ਸਿਖਿਆ ਇਹ ਮਿਲਦੀ ਹੈ ਕਿ ਪਹਿਲਾਂ ਅਜਿਹੀ ਤੰਗਦਿਲੀ ਤੇ ਆਤਮਕ ਘਮੰਡ ਪਾਇਆ ਜਾਂਦਾ ਸੀ ਕਿ ਪਰਮਾਤਮਾ ਦੀ ਕਿਰਪਾ ਨੂੰ ਕੇਵਲ ਯਹੂਦੀ ਜਾਤੀ ਤਕ ਹੀ ਸੀਮਿਤ ਮੰਨਿਆ ਜਾਂਦਾ ਸੀ, ਪਰ ਮਗਰੋਂ ਜਾਕੇ ਉਹ ਤੰਗਦਿਲੀ ਵਿਸ਼ਾਲਤਾ ਵਿਚ ਬਦਲ ਗਈ ਅਤੇ ਯਸਾਯਾਹ ਤੇ ਯਿਰਮਿਯਾਹ ਜਿਹੇ ਮਹਾਨ ਨਬੀਆਂ ਨੇ ਪ੍ਰਚਾਰ ਕੀਤਾ ਕਿ ਪਰਮਾਤਮਾ ਕਿਰਪਾਪੂਰਣ ਮੁਕਤੀ ਦਾ ਦਾਨ ਸਾਰੀ ਮਨੁੱਖ-ਜਾਤੀ ਨੂੰ ਦੇਣ ਲਈ ਤਿਆਰ ਹੈ। ਪਰਮਾਤਮਾ ਦਾ ਉੱਤਮ ਪ੍ਰਕਾਸ਼ ਜੋ ਯਿਸੂ ਮਸੀਹ ਦੁਆਰਾ ਹੋਣ ਵਾਲਾ ਸੀ, ਉਸ ਦੀ ਤਿਆਰੀ ਸਾਨੂੰ ਪੁਰਾਣੇਂ ਨੇਮ ਵਿਚ ਹੁੰਦੀ ਦਿਸਦੀ ਹੈ।

'ਨਵੇਂ ਨੇਮ' ਦੇ ਤਿੰਨ ਵਿਸ਼ੇਸ਼ ਖੰਡ ਹਨ। ਪਹਿਲੇ ਖੰਡ ਵਿਚ ਚਾਰ ਇੰਜੀਲਾਂ ਹਨ, ਜਿਨ੍ਹਾਂ ਵਿਚ ਯਿਸੂ ਮਸੀਹ ਦੇ ਜੀਵਨ ਤੇ ਸਿਖਿਆ ਦਾ ਬਿਰਤਾਂਤ ਹੈ। ਇਨ੍ਹਾਂ ਇੰਜੀਲਾਂ ਦਾ ਲਿਖਣ-ਢੰਗ ਟੋਕਵਾਂ ਤੇ ਢਲਵਾਂ ਹੈ, ਜਿਹੜਾ ਰੋਮੀਆਂ ਦੇ ਕਾਰਵਿਹਾਰੀ ਸੰਸਾਰ ਵਿਚ ਪਸੰਦ ਕੀਤਾ ਜਾਂਦਾ ਸੀ। ਇਹ ਚਾਰੇ ਇੰਜੀਲਾਂ ਯਰੂਸ਼ਲਮ ਵਿਚ ਪ੍ਰਭੂ ਯਿਸੂ ਦੇ ਜੀਵਨ ਤੇ ਅੰਤਿਮ ਹਫ਼ਤੇ ਦੀਆਂ ਘਟਨਾਵਾਂ ਦਾ ਵਿਸਤ੍ਰਿਤ ਵਿਵਰਣ ਤਾਂ ਦਿੰਦੀਆਂ ਹਨ, ਪਰ ਫ਼ਿਰ ਵੀ ਕੋਈ ਵੀ ਇੰਜੀਲ ਯਿਸੂ ਦੇ ਪੂਰੇ ਜੀਵਨ ਦਾ ਮਿਤਿਕ੍ਰਮ ਤੇ ਕਾਲਕ੍ਰਮ ਅਨੁਸਾਰ ਹਾਲ ਦੱਸਣ ਦੇ ਸਮਰਥ ਨਹੀਂ। ਦੂਜੇ ਖੰਡ ਵਿਚ ਰਸੂਲਾਂ ਦੇ ਕਰਤਬਾਂ ਦੀ ਪੁਸਤਕ ਪ੍ਰਾਚੀਨ ਮਸੀਹੀ ਮੰਡਲੀ ਦੇ ਵਿਕਾਸ ਦਾ ਵਰਣਨ ਕਰਦੀ ਹੈ। ਤੀਜੇ ਖੰਡ ਵਿਚ ਸਿਧਾਂਤਾਂ ਤੇ ਅਮਲੀ ਵਿਸ਼ਿਆਂ ਸੰਬੰਧੀ ਵੱਖੋ ਵੱਖਰੀਆਂ ਮੰਡਲੀਆਂ ਦੇ ਨਾਮ ਪੱਤ੍ਰੀਆਂ ਹਨ। 'ਪੁਰਾਣੇ ਨੇਮ' ਵਿਚ ਮਸੀਹ ਗੁੱਝਾ ਅਤੇ 'ਨਵੇਂ ਨੇਮ' ਵਿਚ ਪ੍ਰਗਟ ਹੈ। ਇਤਨੇ ਵੱਡੇ ਆਕਾਰ ਦੇ ਧਰਮ-ਗ੍ਰੰਥ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਹੋਣਾ ਇਕ ਬੜੀ ਸ਼ੁਭ ਘਟਨਾ ਸੀ। ਇਸ ਅਨੁਵਾਦ ਨੇ ਪੰਜਾਬੀ ਸਾਹਿਤ-ਭੰਡਾਰ ਵਿਚ ਭਰਪੂਰ ਵਾਧਾ ਕੀਤਾ।

ਪੰਜਾਬੀ ਭਾਸ਼ਾ ਵਿਚ ਈਸ਼ਾਈ ਮਿਸ਼ਨਰੀਆਂ ਦੁਆਰਾ ਅਨੁਵਾਦਿਤ ਦੂਜੀ ਵਿਸ਼ੇਸ਼ ਪੁਸਤਕ ਜਿਸ ਦਾ ਇਥੇ ਉਲੇਖ ਕਰਨਾ ਅਸੀਂ ਜ਼ਰੂਰੀ ਸਮਝਦੇ ਹਾਂ, 'ਮਸੀਹੀ ਮੁਸਾਫ਼ਰ ਦੀ ਜਾਤ੍ਰਾ' (Pilgrim's Progress) ਨਾਮ ਦਾ ਇਕ ਨਾਵਲ ਹੈ। ਅੰਗ੍ਰੇਜ਼ੀ ਦੇ ਪ੍ਰਸਿੱਧ ਈਸਾਈ ਵਿਦਵਾਨ ਲੇਖਕ ਜਾਨ ਬਨਿਆਨ (John Bunyan) ਨੇ ਇਹ ਨਾਵਲ ਲਿਖਿਆ ਅਤੇ ਲੁਧਿਆਣਾ ਮਿਸ਼ਨ

Digitized by Panjab Digital Library | www.panjabdigilib.org

ਨੇ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰੀ ਇਸ ਦਾ ਅਨੁਵਾਦ 1844 ਈ: ਵਿਚ ਪ੍ਰਕਾਸ਼ਿਤ ਕੀਤਾ, ਜਿਸ ਦੇ 144 ਸਫ਼ੇ ਅਤੇ 3000 ਕਾਪੀਆਂ ਸਨ ।[1] ਇਸ ਤੋਂ ਮਗਰੋਂ ਇਸੇ ਅਨੁਵਾਦ ਨੂੰ 1848 ਈ: ਵਿਚ ਜਾਨ ਨਿਊਟਨ ਦੇ ਸਹਿਯੋਗ ਨਾਲ ਮੁੜ ਛਾਪਿਆ ਗਇਆ, ਜਿਸ ਦੇ ਸਫ਼ਿਆਂ ਦੀ ਗਿਣਤੀ 148 ਸੀ ਅਤੇ ਇਸ ਦੀਆਂ 10,000 ਕਾਪੀਆਂ ਪ੍ਰਕਾਸ਼ਿਤ ਹੋਈਆਂ ।[2] 1854 ਈ: ਵਿਚ ਇਹ ਨਾਵਲ ਇਕ ਵਾਰੀ ਫ਼ਿਰ ਛਾਪਿਆ ਗਇਆ ।[3] ਉਪਰੰਤ ਪਾਦਰੀ ਈ: ਗਿਲਫ਼ੋਰਡ ਦੇ ਸਹਿਯੋਗ ਨਾਲ ਪੰਜਾਬ ਰਿਲਿਜਸ ਬੁੱਕ ਸੋਸਾਇਟੀ ਨੇ ਇਸ ਨੂੰ ਛੋਟੇ ਸਾਈਜ਼ ਵਿਚ ਦੋ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ । ਪਹਿਲਾ ਭਾਗ 1888 ਈ: ਵਿਚ ਛਪਿਆ ਅਤੇ ਦੂਜਾ ਭਾਗ 1892 ਈ: ਵਿਚ ਮੁਦ੍ਰਿਤ ਹੋਇਆ ।[4] ਇਸ ਅਨੁਵਾਦ ਦੀ ਛਪਾਈ ਲਿਥੋ ਪ੍ਰੈਸ ਵਿਚ ਹੋਈ ।

ਕਥਾ-ਸਾਰ

ਇਸ ਪੁਸਤਕ ਵਿਚ ਮਸੀਹੀ ਮੁਸਾਫ਼ਰ ਦੀ ਸਵਰਗ-ਯਾਤ੍ਰਾ ਦਾ ਵਰਣਨ ਹੈ । ਮਸੀਹ ਆਪਣੇ ਘਰੋਂ ਉਦਾਸ ਹੋ ਕੇ ਸ਼ਾਂਤੀ ਦੀ ਭਾਲ ਵਿਚ ਨਿਕਲਦਾ ਹੈ । ਮਾਰਗ ਵਿਚ ਉਸ ਨੂੰ ਇਕ ਈਸਾਈ ਗੁਰੂ ਸਵਰਗ ਤਕ ਪਹੁੰਚਣ ਦਾ ਰਸਤਾ ਦੱਸਦਾ ਹੈ । ਮਸੀਹੀ ਆਪਣੇ ਗੁਰੂ ਦੁਆਰਾ ਦੱਸੇ ਮਾਰਗ ਉੱਤੇ ਤੁਰਨ ਲੱਗ ਪੈਂਦਾ ਹੈ । ਰਸਤੇ ਵਿਚ ਉਸ ਨੂੰ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਈ ਰੁਕਾਵਟਾਂ ਉਸ ਦੇ ਰਾਹ ਵਿਚ ਆਉਂਦੀਆਂ ਹਨ, ਪਰ ਉਹ ਸਭ ਕੁਝ ਸਹਿੰਦਾ ਤੁਰਿਆ ਚਲਾ ਜਾਂਦਾ ਹੈ । ਜਿਥੇ ਕਿਧਰੇ ਉਹ ਥਿੜਕਦਾ ਵੀ ਹੈ, ਤਾਂ ਪਰਮਾਤਮਾ ਉਸ ਦੀ ਰੱਖਿਆ ਕਰਦਾ ਹੈ । ਅੰਤ ਵਿਚ ਉਹ ਸਵਰਗ ਦੇ ਦੁਆਰ ਉਤੇ ਪਹੁੰਚ ਜਾਂਦਾ ਹੈ, ਜਿਥੇ ਉਸਦਾ ਬੜਾ ਸ਼ਾਨਦਾਰ ਸਵਾਗਤ ਹੁੰਦਾ ਹੈ ਅਤੇ ਉਸ ਨੂੰ ਹੋਰ ਸੁਖਾਂ ਦੇ ਨਾਲ ਆਤਮਕ ਸ਼ਾਂਤੀ ਵੀ ਪ੍ਰਾਪਤ ਹੁੰਦੀ ਹੈ । ਇਹ ਸਭ ਕੁਝ ਮਸੀਹੀ ਧਰਮ ਵਿਚ ਪ੍ਰਵੇਸ਼ ਕਰਨ ਮਗਰੋਂ ਹੀ ਸੰਭਵ ਹੁੰਦਾ ਹੈ । ਨਾਵਲ ਦੇ ਦੂਜੇ ਭਾਗ ਵਿਚ ਮਸੀਹੀ ਦੀ ਪਤਨੀ ਤੇ ਬੱਚੇ ਆਪਣੇ ਪਤੀ ਦੀ ਭਾਲ ਵਿਚ ਘਰੋਂ ਨਿਕਲਦੇ ਹਨ । ਉਨ੍ਹਾਂ ਦਾ ਮੇਲ ਵੀ ਉਸੇ ਮਸੀਹੀ ਗੁਰੂ ਨਾਲ ਹੁੰਦਾ ਹੈ, ਜਿਸ ਨੇ ਮਸੀਹੀ ਮੁਸਾਫ਼ਰ ਨੂੰ ਸਵਰਗ ਦਾ ਮਾਰਗ ਦੱਸਿਆ ਸੀ । ਉਹ ਉਨ੍ਹਾਂ ਨੂੰ ਵੀ ਸਵਰਗ ਦਾ ਰਾਹ ਦੱਸਦਾ ਹੈ । ਨਿਰੰਤਰ ਕਈ ਮੁਸੀਬਤਾਂ ਝਾਗਣ ਮਗਰੋਂ ਮਸੀਹੀ ਦੀ ਪਤਨੀ ਤੇ ਬੱਚੇ ਵੀ ਸਵਰਗ ਵਿਚ ਆਪਣੇ ਪਤੀ ਕੋਲ ਪਹੁੰਚ ਜਾਂਦੇ ਹਨ ਅਤੇ ਇਸ ਪ੍ਰਕਾਰ ਨਾਵਲ ਦਾ ਅੰਤ ਹੁੰਦਾ ਹੈ ।

ਵਿਵੇਚਨ

ਇਸ ਨਾਵਲ ਦੀ ਵਿਸ਼ੇਸ਼ਤਾ ਇਸ ਦੇ ਗੰਭੀਰ ਵਿਸ਼ੇ ਵਿਚ ਹੈ । ਸਾਰੀ ਦੀ ਸਾਰੀ ਪੁਸਤਕ ਗੂੜ੍ਹ-ਗਿਆਨ ਦੀਆਂ ਗੱਲਾਂ ਨਾਲ ਭਰਪੂਰ ਹੈ । ਚਿੰਨ੍ਹਾਂ ਤੇ ਸੰਕੇਤਾਂ ਦੀ ਵਰਤੋਂ ਦੁਆਰਾ ਕਠਿਨ ਸਿਧਾਂਤਕ ਗੱਲਾਂ ਨੂੰ ਖੋਲ੍ਹ ਕੇ ਸਮਝਾਉਣ ਦਾ ਜਤਨ ਕੀਤਾ ਗਇਆ ਹੈ । ਮਨੁੱਖ ਜਦੋਂ ਸਚਾਈ ਦੇ

1. Ed., Lodiana Mission Reports (1836-1844), p. 140.
2. Ed., Lodiana Mission Reports (1848), p. 15.
3. Ed., Lodiana Mission Reports (1859), p. 29.
4. ਸਾਡਾ ਅਧਿਐਨ ਇਸੇ ਸੰਸਕਰਣ ਉਤੇ ਆਧਾਰਿਤ ਹੈ ।

Digitized by Panjab Digital Library | www.panjabdigilib.org

ਮਾਰਗ ਉਤੇ ਤੁਰਦਾ ਹੈ, ਤਾਂ ਪਾਪਾਂ ਦੇ ਸੰਸਕਾਰ ਉਸ ਨੂੰ ਪਿਛਾਂਹ ਵਲ ਖਿੱਚਦੇ ਹਨ ਅਤੇ ਉਸ ਦੇ ਰਾਹ ਦਾ ਰੋੜਾ ਬਣਦੇ ਹਨ, ਪਰ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਸਦਕਾ ਮਨੁੱਖ ਇਨ੍ਹਾਂ ਭੈੜੀਆਂ ਕਾਮਨਾਵਾਂ ਉਤੇ ਜਿੱਤ ਪ੍ਰਾਪਤ ਕਰਦਾ ਹੈ ਅਤੇ ਮੁਕਤੀ ਦੇ ਦੁਆਰ ਉਤੇ ਪਹੁੰਚ ਜਾਂਦਾ ਹੈ। ਇਸ ਪੁਸਤਕ ਤੋਂ ਮਨੁੱਖ ਨੂੰ ਸ਼ੁਭ ਕਰਮ ਕਰਨ ਦੀ ਪ੍ਰੇਰਣਾ ਪ੍ਰਾਪਤ ਹੁੰਦੀ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ ਨਾਵਲ ਦਾ ਕਥਾਨਕ ਬੜਾ ਰੋਚਕ ਹੈ। ਪਾਠਕ ਜਿਉਂ ਜਿਉਂ ਨਾਵਲ ਪੜ੍ਹਦਾ ਜਾਂਦਾ ਹੈ, ਤਿਉਂ ਤਿਉਂ ਉਤਸੁਕਤਾ ਵਧਦੀ ਹੀ ਜਾਂਦੀ ਹੈ ਅਤੇ ਪਾਠਕ ਸੁਆਦ ਦਾ ਅਨੁਭਵ ਕਰਦਾ ਹੈ। ਪਰ ਫ਼ਿਰ ਵੀ ਆਧੁਨਿਕ ਨਾਵਲ-ਕਲਾ ਦੀ ਕਸੌਟੀ ਉਤੇ ਪਰਖਿਆਂ ਕੁਝ ਦੋਸ਼ ਇਸ ਵਿਚੋਂ ਸਹਿਜੇ ਹੀ ਉਭਰ ਆਉਂਦੇ ਹਨ। ਇਸ ਨਾਵਲ ਦੇ ਪਹਿਲੇ ਭਾਗ ਵਿਚ ਵੀਹ ਕਾਂਡ ਅਤੇ ਦੂਜੇ ਵਿਚ ਯਾਰਾਂ ਕਾਂਡ ਹਨ। ਪੁਸਤਕ ਵਿਚ ਇਨ੍ਹਾਂ ਕਾਂਡਾਂ ਨੂੰ ਪਰਬ ਦਾ ਨਾਮ ਦਿੱਤਾ ਗਇਆ ਹੈ। ਪਹਿਲੇ ਭਾਗ ਦੇ ਵੀਹ ਪਰਬਾਂ ਤੋਂ ਮਗਰੋਂ ਦੂਜੇ ਭਾਗ ਵਿਚ ਫ਼ਿਰ ਪਹਿਲਾ ਪਰਬ ਆਰੰਭ ਹੁੰਦਾ ਹੈ। ਓਪਰੀ ਦ੍ਰਿਸ਼ਟੀ ਤੋਂ ਵੇਖਿਆਂ ਤਾਂ ਦੋਹਾਂ ਭਾਗਾਂ ਵਿਚ ਕੋਈ ਸਮਾਨਤਾ ਨਹੀਂ ਲੱਭਦੀ, ਪਰ ਵਿਸ਼ੇ ਦੀ ਸਮਾਨਤਾ ਪ੍ਰਤੱਖ ਹੈ। ਨਾਵਲ ਦਾ ਕਥਾਨਕ ਬੜਾ ਸਾਦਾ ਪਰ ਚੰਗੀ ਤਰ੍ਹਾਂ ਗੁੰਦਿਆ ਹੋਇਆ ਹੈ। ਘਟਨਾਵਾਂ ਲੜੀਵਾਰ ਘਟਿਤ ਹੁੰਦੀਆਂ ਜਾਂਦੀਆਂ ਹਨ, ਪਰ ਜਿਹੜਾ ਹਰ ਪਰਬ ਮਗਰੋਂ ਮਸੀਹੀ ਧਰਮ ਬਾਰੇ ਉਪਦੇਸ਼ ਦਿੱਤਾ ਗਇਆ ਹੈ, ਉਹ ਨਾਵਲ ਦੇ ਕਥਾਨਕ ਨੂੰ ਕਮਜ਼ੋਰ ਬਣਾਉਂਦਾ ਹੈ। ਜੇ ਇਹ ਉਪਦੇਸ਼ ਪੁਸਤਕ ਵਿਚੋਂ ਕੱਢ ਦਿੱਤੇ ਜਾਣ, ਤਾਂ ਕਲਾ-ਦ੍ਰਿਸ਼ਟੀ ਤੋਂ ਇਹ ਨਾਵਲ ਕੁਝ ਚੰਗਾ ਬਣ ਸਕਦਾ ਹੈ। ਨਾਵਲ ਦੇ ਦੂਜੇ ਭਾਗ ਵਿਚ ਇਹ ਉਪਦੇਸ਼ ਨਹੀਂ ਦਿੱਤੇ ਗਏ।

ਨਾਵਲ ਦੇ ਪਾਤਰਾਂ ਬਾਰੇ ਖ਼ਾਸ ਗੱਲ ਇਹ ਹੈ ਕਿ ਇਸ ਦੇ ਬਹੁਤ ਸਾਰੇ ਪਾਤਰ ਪੰਜਾਬੀ ਲਏ ਗਏ ਹਨ, ਜਿਨ੍ਹਾਂ ਵਿਚੋਂ ਬਹੁਤੇ ਸਿਖ ਪਾਤਰ ਹਨ, ਜਿਵੇਂ ਰਣਧੀਰ ਸਿੰਘ, ਸੁਚੇਤ ਸਿੰਘ, ਬੁੱਧ ਸਿੰਘ, ਕਿਰਪਾ ਦੇਈ, ਭੋਲਾ ਰਾਮ ਆਦਿਕ। ਪਹਿਲੇ ਭਾਗ ਵਿਚ ਸਫ਼ਾ 50 ਉਤੇ ਤਾਂ ਜਪੁਜੀ ਸਾਹਿਬ ਵਿਚੋਂ ਨਿਮਨਲਿਖਿਤ ਪੰਕਤੀਆਂ ਵੀ ਲਿਖੀ ਦਿੱਤੀਆਂ ਹਨ :

"ਤੀਰਥ ਤਪ ਦਇਆ ਦਤ ਦਾਨ।
ਜੇ ਕੋ ਪਾਵੈ ਤਿਲ ਕਾ ਮਾਨ॥"

ਨਾਵਲ ਦੇ ਇਸ ਭਾਗ ਨੂੰ ਮੌਲਿਕ ਕਹਿਣਾ ਵਧੇਰੇ ਯੋਗ ਪਰਤੀਤ ਹੁੰਦਾ ਹੈ। ਸ਼ਾਇਦ ਲੇਖਕ ਨੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿਖਾਂ ਨੂੰ ਈਸਾਈ ਮਤ ਵਲ ਪ੍ਰੇਰਿਤ ਕਰਨ ਲਈ ਅਜਿਹਾ ਕੀਤਾ। ਨਿਰਸੰਦੇਹ ਇਹ ਵਿਧੀ ਧਰਮ-ਪ੍ਰਚਾਰ ਲਈ ਬੜੀ ਉਪਯੋਗੀ ਸੀ। ਨਾਵਲ ਦਾ ਨਾਇਕ ਮਸੀਹ ਤੇ ਨਾਇਕਾ ਉਸ ਦੀ ਪਤਨੀ ਹੈ। ਦੋਵੇਂ ਪਾਤਰ ਆਦਰਸ਼ਕ ਹਨ ਅਤੇ ਬੜੀ ਚੰਗੀ ਤਰ੍ਹਾਂ ਨਿੱਖਰੇ ਹਨ।

ਨਾਵਲ ਵਿਚ ਵਾਰਤਾਲਾਪਾਂ ਦਾ ਬੜਾ ਸੋਹਣਾ ਪ੍ਰਯੋਗ ਕੀਤਾ ਗਇਆ ਹੈ। ਅਨੁਵਾਦ ਦੀ ਭਾਸ਼ਾ ਤਾਂ ਕਾਫ਼ੀ ਸੁਥਰੀ ਹੈ, ਪਰ ਗ਼ਲਤ ਸ਼ਬਦ-ਜੋੜਾਂ ਦਾ ਪ੍ਰਯੋਗ ਵੀ ਆਮ ਹੈ, ਜਿਵੇਂ ਕਿ :

ਉਪਰੰਦ	(ਉਪਰੰਤ)
ਸੋਹੁਣੀ	(ਸੋਹਣੀ)

Digitized by Panjab Digital Library | www.panjabdigilib.org

ਮੁਸਕੜਾਯਾ	(ਮੁਸਕਰਾਇਆ)
ਸਦੀਪਕਾਲ	(ਸਦੀਵ ਕਾਲ)
ਚੰਨਿਆਉਣਗੀਆਂ	(ਚੁੰਧਿਆਉਣਗੀਆਂ)
ਨਯਾਯ	(ਨਿਆਂ) ਆਦਿਕ ।

ਪੁਸਤਕ ਵਿਚ ਥਾਂ ਥਾਂ ਤੇ ਚੌਪਈਆਂ ਤੇ ਦੋਹਰਿਆਂ ਦਾ ਪ੍ਰਯੋਗ ਕੀਤਾ ਗਇਆ ਹੈ । ਭਾਵੇਂ ਇਸ ਨਾਵਲ ਵਿਚ ਕਲਾ-ਪੱਖ ਤੋਂ ਕਈ ਕਚਿਆਈਆਂ ਹਨ, ਪਰ ਫਿਰ ਵੀ ਪੰਜਾਬੀ ਭਾਸ਼ਾ ਦਾ ਪ੍ਰਥਮ ਅਨੁਵਾਦਿਤ ਨਾਵਲ ਹੋਣ ਕਾਰਣ ਇਸ ਦਾ ਬੜਾ ਮਹੱਤਵ ਹੈ । ਇਹ ਗੱਲ ਆਪਣੇ ਆਪ ਵਿਚ ਹੀ ਬਹੁਤ ਮਹੱਤਵਪੂਰਣ ਹੈ ਕਿ ਪੰਜਾਬੀ ਭਾਸ਼ਾ ਵਿਚ ਦੂਜੀਆਂ ਭਾਸ਼ਾਵਾਂ ਤੋਂ ਅਨੁਵਾਦ ਕਰਨ ਦੀ ਪਰੰਪਰਾ ਵੀ ਈਸਾਈ ਮਿਸ਼ਨਰੀਆਂ ਨੇ ਤੋਰੀ । ਇਨ੍ਹਾਂ ਦੇ ਆਗਮਨ ਤੋਂ ਪਹਿਲਾਂ ਕੋਈ ਅਨੁਵਾਦ ਹੋਇਆ ਨਹੀਂ ਮਿਲਦਾ ।

ਵਾਰਤਕ ਤੋਂ ਇਲਾਵਾ ਕੁਝ ਕੁ ਕਵਿਤਾਵਾਂ ਦਾ ਵੀ ਬਾਈਬਲ ਵਿਚੋਂ ਅਨੁਵਾਦ ਕੀਤਾ ਗਇਆ ਹੈ । 'ਦਾਸਤਾਨਿ ਯੂਸਫ਼' ਵਿਚੋਂ ਇਕ ਨਮੂਨਾ ਹਾਜ਼ਰ ਹੈ :

"ਰੋਬਿਨ ਕਹਿੰਦਾ ਛੋਟਾ ਭਾਈ ਮੈਂ ਹੁਣ ਨਾਲ ਲੈ ਜਾਵਾਂ ।
ਸਹੀ ਸਲਾਮਤ ਮਿਸਰੋਂ ਉਹਨੂੰ ਤੇਰੇ ਕੋਲ ਲੈ ਆਵਾਂ ।
ਜੇਕਰ ਮਿਸਰੋਂ ਛੋਟਾ ਭਾਈ ਲਿਆਵਾਂ ਪਾਸ ਨਾ ਤੇਰੇ ।
ਲੈ ਤਲਵਾਰ ਤੇ ਆਪਣੇ ਹੱਥੀਂ ਮਾਰ ਕੇਈ ਪੁੱਤ ਮੇਰੇ ।"[1]

ਮਿਸ਼ਨਰੀਆਂ ਦੁਆਰਾ ਕੀਤੇ ਹੋਏ ਸਾਰੇ ਅਨੁਵਾਦਾਂ ਨੂੰ ਜੇ ਗਹੁ ਨਾਲ ਵੇਖੀਏ, ਤਾਂ ਇਨ੍ਹਾਂ ਅਨੁਵਾਦਾਂ ਦੀ ਭਾਸ਼ਾ ਜਿਥੇ ਤਾਂ 20 ਵੀਂ ਸਦੀ ਵਿਚ ਅਨੁਵਾਦ ਹੋਏ, ਉਥੇ ਤਾਂ ਅੱਜ ਦੀ ਪੰਜਾਬੀ ਨਾਲ ਮਿਲਦੀ ਜੁਲਦੀ ਹੈ, ਪਰ ਜਿਹੜੇ ਅਨੁਵਾਦ 1860 ਈ: ਤੋਂ ਪਹਿਲਾਂ ਹੋਏ, ਉਨ੍ਹਾਂ ਦੀ ਭਾਸ਼ਾ ਵਰਤਮਾਨ ਪੰਜਾਬੀ ਭਾਸ਼ਾ ਨਾਲੋਂ ਅੱਡਰੀ ਪਰਤੀਤ ਹੁੰਦੀ ਹੈ । ਇਸ ਪੱਖ ਤੋਂ ਨਿਮਨਲਿਖਿਤ ਗੱਲਾਂ ਧਿਆਨਯੋਗ ਹਨ :

1. ਕਈ ਸਥਾਨਾਂ ਉਤੇ ਲਾਵਾਂ ਦੀ ਥਾਂ ਦੁਲਾਵਾਂ ਦਾ ਪ੍ਰਯੋਗ ਕੀਤਾ ਗਇਆ ਹੈ, ਜਿਵੇਂ ਨੇ ਦੀ ਥਾਂ ਨੈ, ਆਪਣੇ ਦੀ ਥਾਂ ਆਪਣੈ ਆਦਿਕ ।

2. ਜਿਵੇਂ ਗੁਰਬਾਣੀ ਵਿਚ ਜਾਂ ਪੁਰਾਤਨ ਪੰਜਾਬੀ ਰਚਨਾਵਾਂ ਵਿਚ ਔਂਕੜਾਂ ਦੀ ਵਰਤੋਂ ਵਧੇਰੇ ਮਾਤਰਾ ਵਿਚ ਕੀਤੀ ਹੋਈ ਮਿਲਦੀ ਹੈ, ਇਹ ਪ੍ਰਭਾਵ ਮਿਸ਼ਨਰੀਆਂ ਦੁਆਰਾ ਕੀਤੇ ਗਏ ਅਨੁਵਾਦਾਂ ਵਿਚ ਵੀ ਦੇਖਿਆ ਜਾ ਸਕਦਾ ਹੈ, ਜਿਵੇਂ ਬੈਬੁਲ, ਪਰਮੇਸੁਰ ਆਦਿਕ ।

3. ਕ੍ਰਿਆ ਲਿੰਗ-ਭੇਦ ਨਹੀਂ ਮਿਲਦਾ । ਜਿਵੇਂ "ਇਥੇ ਹੀ ਧਰਮ-ਪੁਸਤਕ ਤਿਆਰ ਹੋਇਆ, ਜਾਂ "ਪਰਮੇਸੁਰ ਦਾ ਆਤਮਾ ਪਾਣੀਆਂ ਤੇ ਹਿਲਦਾ ਸਾ ।"

---

1. ਅਨਾਮ, ਦਾਸਤਾਨਿ ਯੂਸਫ਼, ਪ: 17,

Digitized by Panjab Digital Library | www.panjabdigilib.org

4. ਧੁਨੀ-ਪਰਿਵਰਤਨ ਦੀ ਦ੍ਰਿਸ਼ਟੀ ਤੋਂ ਸਮਾਨਤਾ ਦੇ ਕਾਰਣ ਧੁਨੀ-ਪਰਿਵਰਤਨ ਦੇ ਕਈ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਵੇਂ ਚਾਕੂ ਤੋਂ ਕਾਚੂ, ਵਸਨੀਕ ਤੋਂ ਬਸਕੀਣ, ਚੁੰਧਿਆਉਣਾ ਤੋਂ ਚੁੰਨਿਆਉਣਾ, ਉਪਰੰਤ ਤੋਂ ਉਪਰੰਦ ਆਦਿਕ। ਧੁਨੀ-ਪਰਿਵਰਤਨ ਵਿਚ ਹੀ ਸੰਯੁਕਤ ਸੁਰਾਂ ਦੇ ਮੇਲ ਨਾਲ ਧੁਨੀਆਂ ਬਦਲ ਜਾਂਦੀਆਂ ਹਨ। ੲ ਅ=ਯ ਇਆਣਾ ਦੀ ਥਾਂ ਉਤੇ ਯਾਣਾ ਦੀ ਵਰਤੋਂ, ਨਿਆਂ ਦੀ ਥਾਂ ਉਤੇ ਨਯਾਯ ਦੀ ਵਰਤੋਂ ਆਮ ਕੀਤੀ ਹੋਈ ਮਿਲਦੀ ਹੈ। ਉਂਜ ਵੀ ਅੰਗ੍ਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਭਾਸ਼ਾ ਵਿਚ ਉਲਥਾਉਣ ਨਾਲ ਵੀ ਧੁਨੀ ਪਰਿਵਰਤਿਤ ਹੋ ਜਾਂਦੀ ਹੈ। ਮਿਸਾਲ ਲਈ ਸਟੇਸ਼ਨ ਤੋਂ ਟੇਸ਼ਣ, ਸਿਗਨਲ ਤੋਂ ਸਿੰਗਲ, ਕਾਰਡ ਤੋਂ ਕਾਟ, ਡਾਕਟਰ ਤੋਂ ਡਾਕਦਾਰ, ਕ੍ਰਿਸਚੀਅਨ ਤੋਂ ਖ੍ਰਿਸਟਾਨ ਆਦਿਕ ਪੰਜਾਬੀ ਸ਼ਬਦ ਬਣ ਗਏ ਹਨ।

5. ਇਨ੍ਹਾਂ ਅਨੁਵਾਦਾਂ ਦੀ ਭਾਸ਼ਾ ਉਤੇ ਸਥਾਨਕ ਉਪਭਾਸ਼ਾਵਾਂ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਲਾਹੌਰ ਵਿਚ ਹੋਏ ਅਨੁਵਾਦਾਂ ਵਿਚ ਪੱਛਮੀ ਜਾਂ ਫ਼ਾਰਸੀ ਸ਼ਬਦਾਂ ਦੇ ਤਤਸਮ ਤੇ ਤਦਭਵ ਰੂਪਾਂ ਦੀ ਬਹੁਲਤਾ ਮਿਲਦੀ ਹੈ। ਮਿਸਾਲ ਲਈ 'ਦਾਸਤਾਨਿ ਯੂਸਫ਼' ਵਿਚ ਅਕਲ, ਰੱਬੁ, ਰੌਸ਼ਨ, ਹਜ਼ੂਰੋਂ, ਰੂਹ ਆਦਿਕ ਫ਼ਾਰਸੀ ਦੇ ਸ਼ਬਦ ਉਪਲਬਧ ਹੁੰਦੇ ਹਨ। ਦੂਜੇ ਪਾਸੇ ਲੁਧਿਆਣਾ ਮਿਸ਼ਨ ਦੁਆਰਾ ਅਨੁਵਾਦਿਤ ਤੇ ਪ੍ਰਕਾਸ਼ਿਤ ਰਚਨਾਵਾਂ ਉਤੇ ਲੁਧਿਆਣੇ ਦੀ ਸਥਾਨਕ ਉਪਭਾਸ਼ਾ ਮਲਵੱਈ ਦਾ ਪ੍ਰਭਾਵ ਪ੍ਰਤੱਖ ਹੈ। ਮਲਵੱਈ ਉਪਭਾਸ਼ਾ ਵਿਚ ਵ ਦੀ ਥਾਂ ਬ ਦੀ ਵਰਤੋਂ ਹੁੰਦੀ ਹੈ, ਜਿਵੇਂ ਬਸਕੀਣ, ਬੱਡਾ ਆਦਿਕ। "ਅਸੀਂ ਘਰ ਜਾਂਦੇ ਹਾਂ" ਦੇ ਸਥਾਨ ਉਤੇ "ਅਸੀਂ ਘਰ ਜਾਂਦੇ ਹਾਂਗੇ" ਕਹਿਆ ਜਾਂਦਾ ਹੈ। ਇਹੋ ਜਿਹੀ ਪੇਂਡੂ ਪੰਜਾਬੀ ਵੀ ਇਨ੍ਹਾਂ ਅਨੁਵਾਦਾਂ ਵਿਚੋਂ ਸਹਿਜੇ ਹੀ ਲੱਭ ਜਾਂਦੀ ਹੈ।

6. ਅਤੇ ਦੇ ਸਥਾਨ ਉਤੇ ਅਰ, ਸੀ ਦੇ ਸਥਾਨ ਉਤੇ ਸਾ, ਸਨ ਦੀ ਥਾਂ ਉਤੇ ਸੇ, ਦਾ ਦੇ ਦੀ ਥਾਂ ਉਤੇ ਕਾ ਕੇ ਦਾ ਪ੍ਰਯੋਗ ਇਨ੍ਹਾਂ ਅਨੁਵਾਦਾਂ ਵਿਚ ਆਮ ਮਿਲਦਾ ਹੈ।

ਪੰਜਾਬੀ ਅਨੁਵਾਦਾਂ ਵਿਚ ਪ੍ਰਗਟਾਏ ਗਏ ਉਪਰੋਕਤ ਭਿੰਨ ਭੇਦ ਉਸ ਸਮੇਂ ਅਨੁਸਾਰ ਤੇ ਵਿਦੇਸ਼ੀਆਂ ਦੇ ਪੰਜਾਬੀ ਭਾਸ਼ਾ ਦੀ ਸਾਹਿਤਕਤਾ, ਠੇਠਤਾ ਤੋਂ ਅਣਜਾਣ ਹੋਣ ਕਾਰਣ ਸੁਭਾਵਕ ਹੀ ਸਨ। ਫਿਰ ਉਸ ਸਮੇਂ ਜਦੋਂ ਪੰਜਾਬੀ ਭਾਸ਼ਾ ਨੇ ਪ੍ਰਗਤੀ ਤੇ ਵਿਕਾਸ-ਪਥਾਂ ਦਾ ਪਾਂਧੀ ਬਣਨਾ ਅੱਜ ਵਾਂਗ ਨਹੀਂ ਸਿੱਖਿਆ ਸੀ, ਵਿਦੇਸ਼ੀਆਂ ਦੁਆਰਾ ਕੀਤੇ ਗਏ ਪੰਜਾਬੀ ਅਨੁਵਾਦਾਂ ਵਿਚ ਇਤਨੀਆਂ ਕੁ ਭੁੱਲਾਂ ਦਾ ਹੋਣਾ ਅਸੁਭਾਵਕ ਨਹੀਂ ਸੀ। ਈਸਾਈ ਮਿਸ਼ਨਰੀਆਂ ਨੇ ਪ੍ਰਚਾਰ ਦੀ ਲਗਨ ਨਾਲ ਪੰਜਾਬੀ ਭਾਸ਼ਾ ਵਿਚ ਅਨੁਵਾਦਾਂ ਦੇ ਅੰਬਾਰ ਲਗਾ ਦਿੱਤੇ। ਅੱਜ ਵੀ ਯਿਸੂ ਮਸੀਹ ਦੇ ਕੰਮਾਂ ਤੇ ਉਪਦੇਸ਼ਾਂ ਸੰਬੰਧੀ ਪੁਸਤਕਾਂ ਦੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਹੋ ਰਹੇ ਹਨ।

ਈਸਾਈ ਮਿਸ਼ਨਰੀਆਂ ਨੇ ਜਿਥੇ ਆਪ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਤਨਾ ਕੁਝ ਦਿੱਤਾ, ਉਥੇ ਉਨ੍ਹਾਂ ਨੇ ਆਪਣੀ ਪ੍ਰੇਰਣਾ ਦੁਆਰਾ ਕੁਝ ਲੇਖਕ ਵੀ ਪੈਦਾ ਕੀਤੇ। ਇਨ੍ਹਾਂ ਵਿਚੋਂ ਕੁਝ ਲੇਖਕ ਤਾਂ ਅਜਿਹੇ ਹਨ, ਜਿਹੜੇ ਉਨ੍ਹਾਂ ਦੇ ਪ੍ਰਭਾਵ ਅਧੀਨ ਮਗਰੋਂ ਈਸਾਈ ਧਰਮ ਦਾ ਪ੍ਰਚਾਰ ਕਰਦੇ ਰਹੇ ਅਤੇ ਕੁਝ ਲੇਖਕ ਉਨ੍ਹਾਂ ਦੇ ਧਰਮ-ਪ੍ਰਚਾਰ ਦੇ ਪ੍ਰਤਿਕਰਮ ਵਜੋਂ ਆਪਣੇ ਆਪਣੇ ਧਰਮਾਂ ਦੀ ਭੂਤਕਾਲੀਨ ਪਵਿੱਤਰਤਾ ਤੇ ਉੱਚਤਾ ਨੂੰ ਸਿੱਧ ਕਰਨ ਲਈ ਲਿਖਣ ਲੱਗੇ। ਭਾਈ

Digitized by Panjab Digital Library | www.panjabdigilib.org

ਵੀਰ ਸਿੰਘ ਨੇ ਮਿਸ਼ਨਰੀਆਂ ਦੀ ਦੇਖਾ ਦੇਖੀ ਉਨ੍ਹਾਂ ਵਾਂਗ ਹੀ ਲਗਭਗ ਬਾਰਾਂ ਸੌ ਟ੍ਰੈਕਟ ਲਿਖੇ ਤੇ ਛਾਪੇ।[1] ਸ਼ਰਧਾ ਰਾਮ ਫਿਲੌਰੀ ਨੇ ਉਨ੍ਹਾਂ ਦੀ ਤੇ ਅੰਗ੍ਰੇਜ਼ ਸਰਕਾਰ ਦੀ ਪ੍ਰੇਰਣਾ ਨਾਲ ਪੰਜਾਬੀ ਭਾਸ਼ਾ ਵਿਚ ਦੋ ਪੁਸਤਕਾਂ ਲਿਖੀਆਂ। ਇਸੇ ਤਰ੍ਹਾਂ ਸਾਧੂ ਸੁੰਦਰ ਸਿੰਘ, ਸਾਂਈਂ ਸੁੱਚਾ ਸਿੰਘ, ਐਫ. ਐਸ. ਤਾਜ, ਬਿਸ਼ਨ ਦਾਸ ਪੁਰੀ, ਜਵਾਹਰ ਦਾਸ ਤੇ ਬਾਵਾ ਅਮਰਦਾਸ, ਸ਼ੋਭਾ, ਮਖ਼ਮੂਰ ਆਦਿ ਲੇਖਕਾਂ ਨੇ ਵੀ ਪੰਜਾਬੀ ਸਾਹਿਤ ਦੀ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਕੀਤੀ।

ਮਿਸ਼ਨਰੀਆਂ ਦੀਆਂ ਇਨ੍ਹਾਂ ਗਤੀਵਿਧੀਆਂ ਪ੍ਰਤਿ ਪੰਜਾਬ ਦੇ ਵਸਨੀਕਾਂ ਦੇ ਮਨ ਤੇ ਬੁੱਧੀ ਵਿਚ ਪ੍ਰਤਿਕਰਮ ਹੋਣਾ ਸੁਭਾਵਕ ਸੀ। ਇਸ ਸਮੇਂ ਅੰਗ੍ਰੇਜ਼ ਸਾਮਰਾਜ ਇਕ ਪਾਸੇ ਤਾਂ ਵਿਗਿਆਨ ਦੇ ਚਾਨਣ ਨਾਲ ਅਤੇ ਦੂਜੇ ਪਾਸੇ ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਭਾਰਤੀ ਸਭਿਆਚਾਰ ਨੂੰ ਖ਼ਤਮ ਕਰਨ ਉਤੇ ਤੁਲਿਆ ਹੋਇਆ ਸੀ। ਇਹ ਕੰਮ ਮਿਸ਼ਨਰੀ ਵਧੇਰੇ ਸਫ਼ਲਤਾ ਸਹਿਤ ਨਿਭ੍ਹਾ ਰਹੇ ਸਨ। ਮਿਸ਼ਨਰੀਆਂ ਦੇ ਧਰਮ-ਪ੍ਰਚਾਰ ਦਾ ਸਮਾਜਿਕ ਤੇ ਇਤਿਹਾਸਿਕ ਵਿਕਾਸਵਾਦ ਦੀ ਦ੍ਰਿਸ਼ਟੀ ਤੋਂ ਵੱਡਾ ਪ੍ਰਤੀਕਰਮ ਇਹ ਹੋਇਆ ਕਿ ਜਨ-ਸਾਧਾਰਣ ਵਿਚ ਭਰਮ-ਮੁਕਤੀ ਦੀ ਪ੍ਰਕਿਰਿਆ ਆਰੰਭ ਹੋ ਗਈ, ਪਰ ਇਹ ਪ੍ਰਤਿਕ੍ਰਿਆ ਵਧੇਰੇ ਕਰਕੇ ਬੁੱਧੀਜੀਵੀ ਹਲਕੇ ਵਿਚ ਹੀ ਸੀ। ਲੋਕ ਅਜੇ ਆਪਣੇ ਪੁਰਾਤਨ ਵਹਿਮਾਂ ਭਰਮਾਂ ਤੇ ਆਦਰਸ਼ਵਾਦੀ ਵਿਚਾਰਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋ ਸਕੇ ਸਨ। ਇਹ ਵਿਚਾਰ ਉਨ੍ਹਾਂ ਦੀ ਪਰੰਪਰਾ ਤੇ ਸਭਿਆਚਾਰ ਦਾ ਅੰਗ ਬਣ ਚੁੱਕੇ ਸਨ ਅਤੇ ਉਹ ਕਿਸੇ ਕੀਮਤ ਉਤੇ ਵੀ ਇਨ੍ਹਾਂ ਪਰੰਪਰੋਗਤ ਕੀਮਤਾਂ ਨਾਲੋਂ ਨਾਤਾ ਤੋੜਨ ਲਈ ਤਿਆਰ ਨਹੀਂ ਸਨ। ਇਸ ਲਈ ਪੁਰਾਣੀ ਪਰੰਪਰਾ ਤੇ ਆਧੁਨਿਕ ਕੀਮਤਾਂ ਦਾ ਦ੍ਵੰਦ ਸ਼ੁਰੂ ਹੋ ਗਇਆ, ਜਿਸ ਦਾ ਉਲੇਖ ਪਿਛੇ ਵੀ ਕੀਤਾ ਜਾ ਚੁੱਕਾ ਹੈ। ਪਰੰਪਰਾਗਤ ਕੀਮਤਾਂ ਢਹਿ ਰਹੀਆਂ ਸਨ ਅਤੇ ਉਨ੍ਹਾਂ ਨੂੰ ਸਥਿਰ ਰੱਖਣ ਲਈ ਅੰਧਾਧੁੰਦ ਪ੍ਰਚਾਰ ਕੀਤਾ ਜਾ ਰਹਿਆ ਸੀ। ਇਥੋਂ ਤਕ ਕਿ ਚੰਦਰਪਾਲ, ਤਿਲਕ ਬਿਪਨ, ਅਰਬਿੰਦੋ ਘੋਸ਼ ਅਤੇ ਲਾਲਾ ਲਾਜਪਤ ਰਾਇ ਵਰਗੇ ਕੌਮੀ ਨੇਤਾ ਵੀ ਇਨ੍ਹਾਂ ਪਰੰਪਰਾਗਤ ਕੀਮਤਾਂ ਦੇ ਵੱਡੇ ਸਮਰਥਕ ਸਨ। ਫਲਸਰੂਪ ਸਾਰੀਆਂ ਭਾਰਤੀ ਆਦਰਸ਼ਵਾਦੀ ਸ਼੍ਰੇਣੀਆਂ ਇਨ੍ਹਾਂ ਕੀਮਤਾਂ ਨੂੰ ਬਚਾਉਣ ਲਈ ਰਣਖੇਤਰ ਵਿਚ ਉਤਰ ਆਈਆਂ, ਪਰ ਅੰਗ੍ਰੇਜ਼ ਸਰਕਾਰ ਨੇ ਅਜਿਹੀ ਸਿਆਣੀ ਚਾਲ ਚੱਲੀ ਕਿ ਇਹ ਭਾਰਤੀ ਸ਼੍ਰੇਣੀਆਂ ਇਕੱਠੀਆਂ ਹੋ ਕੇ ਸਾਮਰਾਜ ਨਾਲ ਟੱਕਰ ਲੈਣ ਦੀ ਬਜਾਇ ਆਪਣੀ ਭਾਵੁਕ ਆਦਰਸ਼ਵਾਦੀ ਪਕੜ ਅਧੀਨ ਆਪਸ ਵਿਚ ਹੀ ਲੜਨ ਮਰਨ ਲੱਗ ਪਈਆਂ।

ਇਹ ਅਜਿਹਾ ਯੁਗ ਸੀ, ਜਦੋਂ ਹਰ ਫ਼ਿਰਕੇ ਨੂੰ ਦੂਜੇ ਫਿਰਕੇ ਤੋਂ ਭੈ ਆ ਰਹਿਆ ਸੀ ਅਤੇ ਉਹ ਆਪਣੇ ਬਚਾਉ ਲਈ ਹੱਥ ਪੈਰ ਮਾਰ ਰਹਿਆ ਸੀ। ਹਰ ਫ਼ਿਰਕਾ ਆਪਣੇ ਆਪ ਨੂੰ ਸਰਵ-ਸ੍ਰੇਸ਼ਠ ਅਤੇ ਦੂਜੇ ਨੂੰ ਘਟੀਆ ਤੇ ਜ਼ਲੀਲ ਸਿੱਧ ਕਰਨ ਦੇ ਚੱਕਰ ਵਿਚ ਸੀ।[2] ਜਿਥੇ ਆਪਣੇ ਫ਼ਿਰਕੇ ਦੇ ਪ੍ਰਚਾਰ ਲਈ ਸਾਹਿਤ ਰਚਿਆ ਜਾਣਾ ਆਰੰਭ ਹੋਇਆ, ਉਥੇ ਦੂਜੇ ਫ਼ਿਰਕੇ ਦੇ ਇਤਿਹਾਸ ਨੂੰ ਝੁਠਲਾਉਣ ਦਾ ਜਤਨ ਵੀ ਕੀਤਾ ਗਇਆ। ਇਥੋਂ ਤਕ ਕਿ ਦੂਜੇ ਫ਼ਿਰਕੇ ਦੇ ਪੈਗੰਬਰਾਂ ਤੇ ਗੁਰੂਆਂ ਉਤੇ ਚਿੱਕੜ ਉਛਾਲਣੋਂ ਵੀ ਦਰੇਗ ਨਹੀਂ ਕੀਤਾ ਗਇਆ। ਆਰੀਆ ਸਮਾਜ ਲਹਿਰ, ਬ੍ਰਹਮੋ ਸਮਾਜ

1. ਹਰਚਰਨ ਸਿੰਘ ਸੰਪਾ:; ਪੰਜਾਬੀ ਸਾਹਿਤ ਧਾਰਾ, ਪੰਨਾ 183.
2. Law, N. K., Promotion and Learning in India, p. 102.

Digitized by Panjab Digital Library | www.panjabdigilib.org

ਲਹਿਰ ਤੇ ਸਿੰਘ ਸਭਾ ਲਹਿਰ ਇਸੇ ਸਥਿਤੀ ਦੀ ਦੇਣ ਹਨ। ਅੰਗ੍ਰੇਜ਼ ਸਰਕਾਰ ਨੂੰ ਆਪਣੀ ਚਾਲ ਸਫਲ ਹੋ ਗਈ ਜਾਪੀ। ਕਿਉਂਕਿ ਉਹ ਇਨ੍ਹਾਂ ਨੂੰ ਆਪਸ ਵਿਚ ਪਾੜ ਕੇ ਹੀ ਇਨ੍ਹਾਂ ਉਤੇ ਰਾਜ ਕਰ ਸਕਦੀ ਸੀ, ਇਸ ਲਈ ਆਪਣੀ 'ਪਾੜੋ ਤੇ ਰਾਜ ਕਰੋ' ਦੀ ਦੂਰਨੀਤੀ ਅਨੁਸਾਰ ਉਸ ਨੇ ਇਨ੍ਹਾਂ ਸਾਰੀਆਂ ਸ਼੍ਰੇਣੀਆਂ ਦੀ ਪਿੱਠ ਠੋਕੀ। ਇਸ ਤਰ੍ਹਾਂ ਇਹ ਸਾਰੀ ਸਥਿਤੀ ਅਤੇ ਇਨ੍ਹਾਂ ਸ਼੍ਰੇਣੀਆਂ ਦਾ ਕਰਮ ਚਰਿੱਤਰ-ਘਾਤਕ ਸੀ। ਇਸ ਦੇ ਜ਼ਿੰਮੇਵਾਰ ਕਿਸੇ ਹੱਦ ਤੱਕ ਈਸਾਈ ਮਿਸ਼ਨਰੀ ਵੀ ਸਨ।

ਆਰੰਭਕ ਕਠਿਨਾਈਆਂ ਨੇ ਉਨ੍ਹਾਂ ਦੀ ਦ੍ਰਿੜ੍ਹਤਾ ਨੂੰ ਕਾਇਮ ਰਖਿਆ ਅਤੇ ਮਿਸ਼ਨਰੀਆਂ ਨੇ ਆਪਣੇ ਜਤਨ ਇਸੇ ਤਰ੍ਹਾਂ ਜਾਰੀ ਰੱਖੇ। ਜਿਸ ਦਾ ਨਤੀਜਾ ਇਹ ਹੋਇਆ ਕਿ ਈਸਾਈ ਧਰਮ ਭਾਰਤ ਦੇ ਹੋਰ ਪ੍ਰਦੇਸ਼ਾਂ ਵਾਂਗ ਪੰਜਾਬ ਵਿਚ ਵੀ ਪੱਕੇ ਪੈਰਾਂ ਉਤੇ ਖੜ੍ਹਾ ਹੋ ਗਇਆ। 1947 ਈ: ਵਿਚ ਕੇਵਲ ਪੰਜਾਬ ਵਿਚ ਹੀ ਛੇ ਲੱਖ ਤੋਂ ਉਤੇ ਈਸਾਈ ਲੋਕ ਵਾਸ ਕਰਦੇ ਸਨ। ਪਾਦਰੀ ਅਰਨੈਸਟ ਵਾਈ. ਕੈਂਬਲ ਆਪਣੀ ਪੁਸਤਕ ਵਿਚ ਇਸ ਗੱਲ ਦਾ ਜ਼ਿਕਰ ਇਸ ਪ੍ਰਕਾਰ ਕਰਦਾ ਹੈ :

"ਪੰਜਾਬ ਦਾ ਹੁਣ ਤਕ ਦਾ ਇਤਿਹਾਸਕ ਸਰਵੇਖਣ ਕਰਨ ਮਗਰੋਂ ਇਹ ਸਿੱਧ ਹੋ ਜਾਂਦਾ ਹੈ ਕਿ ਪੰਜਾਬ ਵਿਚ ਈਸਾਈ ਬਹੁਗਿਣਤੀ ਵਿਚ ਵਾਸ ਕਰਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਗ਼ਰੀਬ ਤੇ ਅਨਪੜ੍ਹ ਵਿਅਕਤੀ ਹਨ। ਇਨ੍ਹਾਂ ਦਾ ਵਿਦਿਅਕ ਮਿਆਰ ਦਿਨੋਂ ਦਿਨ ਉੱਚਾ ਹੋ ਰਹਿਆ ਹੈ ਅਤੇ ਆਰਥਿਕ ਹਾਲਤ ਸੁਧਰਦੀ ਜਾ ਰਹੀ ਹੈ।[1]

ਹੁਣ ਤਾਂ ਪੰਜਾਬ ਭਾਸ਼ਾਈ ਝਗੜਿਆਂ ਕਾਰਣ ਖੰਡ ਖੰਡ ਹੋ ਗਇਆ ਹੈ ਅਤੇ ਵਰਤਮਾਨ ਪੰਜਾਬ ਵਿਚ ਈਸਾਈ ਧਰਮ ਦੇ ਮੰਨਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਦੀ ਸੰਖਿਆ ਵਿਚ ਹੀ ਹੈ। ਹੁਣ ਵੀ ਪੰਜਾਬ ਵਿਚ ਕਈ ਗਿਰਜਾ-ਘਰ ਹਨ, ਜਿਥੇ ਈਸਾਈ-ਪੰਥੀ ਹਰ ਐਤਵਾਰ ਨੂੰ ਇਕੱਤਰ ਹੋ ਕੇ ਆਪਣੇ ਪ੍ਰਭੂ ਯਿਸੂ ਦੀ ਅਰਾਧਨਾ ਕਰਦੇ ਹਨ।

ਉਪਸੰਹਾਰ

ਇਸ ਅਧਿਆਇ ਦੇ ਅੰਤ ਵਿਚ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ :

1. ਮਿਸ਼ਨਰੀਆਂ ਦੁਆਰਾ ਰਚਿਤ ਸਾਹਿਤ ਰੁਚੀ ਵਲੋਂ ਧਾਰਮਕ ਸੀ, ਜਿਸ ਵਿਚ ਅੰਧ-

---

1. "The Punjab today—to bring this historical survey up to the present—has a majority of Christians still in the villages, still very poor, still predominantly illiterate. The educational level of this community is slowly rising, the economic base is changing and more and more young people and families are migrating to the cities. The majority of pastors in the Punjab church are still living and working in rural parishes with groups of village Christians spread in ten to twenty villages with three to thirty Christians in each village."

Campbell, Ernest Y., The Church in the Punjab, p. I7.

Digitized by Panjab Digital Library | www.panjabdigilib.org

ਵਿਸ਼ਵਾਸ, ਨਿਰੰਕੁਸ਼ਵਾਦ ਅਤੇ ਚਮਤਕਾਰਕ ਅੰਸ਼ਾਂ ਦੀ ਬਹੁਤਾਤ ਸੀ। ਉਨ੍ਹਾਂ ਨੇ ਪ੍ਰਚਾਰ-ਕਾਰਜ ਦੇ ਮੰਤਵ ਦੀ ਸਿੱਧੀ ਲਈ ਜਿਤਨਾ ਵੀ ਮੌਲਿਕ ਅਤੇ ਅਨੁਵਾਦਿਤ ਸਾਹਿਤ ਰਚਿਆ, ਆਕਾਰ ਤੇ ਪ੍ਰਕਾਰ ਦੋਹਾਂ ਦ੍ਰਿਸ਼ਟੀਕੋਣਾਂ ਤੋਂ ਉਸ ਦਾ ਪੰਜਾਬੀ ਸਾਹਿਤ ਵਿਚ ਲਿੱਗਰ ਤੇ ਵਿਸ਼ੇਸ਼ ਸਥਾਨ ਹੈ।

2. ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਵਿਭਿੰਨ ਸਾਹਿਤਕ ਰੂਪ ਪ੍ਰਚਲਿਤ ਕੀਤੇ। ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ, ਨਿੱਕੀ ਕਹਾਣੀ, ਜੀਵਨੀ, ਸਫ਼ਰਨਾਮਾ, ਨਿਬੰਧ ਈਸਾਈ ਮਿਸ਼ਨਰੀਆਂ ਨੇ ਹੀ ਲਿਖੇ।

3. ਪੰਜਾਬੀ ਵਿਚ ਅਨੁਵਾਦਾਂ ਦੀ ਪਰੰਪਰਾ ਤੋਰਨ ਵਾਲੇ ਵੀ ਮਿਸ਼ਨਰੀ ਹੀ ਸਨ। ਬਾਈਬਲ ਦੇ ਪੰਜਾਬੀ ਅਨੁਵਾਦ ਦੁਆਰਾ ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਗਿਆਨ-ਸਾਹਿਤ ਨੂੰ ਪ੍ਰਫੁਲਿਤ ਕੀਤਾ ਅਤੇ ਅਨੁਵਾਦ ਦੇ ਖੇਤਰ ਵਿਚ ਨਵੇਂ ਮਾਪ-ਦੰਡ ਸਥਾਪਿਤ ਕੀਤੇ।

4. ਆਧੁਨਿਕ ਪੰਜਾਬੀ ਵਾਰਤਕ ਦਾ ਠੁੱਕ ਬੰਨ੍ਹ ਕੇ ਇਸ ਦੇ ਜਨਮਦਾਤਾ ਬਣੇ।

5. ਪੰਜਾਬੀ ਵਿਚ ਪਾਠਕਾਂ ਦਾ ਘੇਰਾ ਪੈਦਾ ਕੀਤਾ।

6. ਆਪਣੀ ਸਿੱਧੀ ਜਾਂ ਅਸਿੱਧੀ ਪ੍ਰੇਰਣਾ ਨਾਲ ਪੰਜਾਬੀ ਵਿਚ ਕਈ ਹੋਰ ਲੇਖਕ ਪੈਦਾ ਕੀਤੇ, ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਸੇਵਾ ਕੀਤੀ।

Digitized by Panjab Digital Library | www.panjabdigilib.org

ਸਿੱਟਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਿੱਟਾ

ਇਸ ਖੋਜ-ਪ੍ਰਬੰਧ ਵਿਚ ਸਾਡਾ ਮਨੋਰਥ ਈਸਾਈ ਮਿਸ਼ਨਰੀਆਂ ਦੁਆਰਾ ਪੰਜਾਬੀ ਭਾਸ਼ਾ ਵਿਚ ਰਚਿਤ ਮੌਲਿਕ ਅਤੇ ਅਨੁਵਾਦਿਤ ਕਿਰਤਾਂ ਦਾ ਵਿਸ਼ਲੇਸ਼ਣ ਅਤੇ ਮੁਲਿਆਂਕਣ ਕਰਨਾ ਅਤੇ ਉਨ੍ਹਾਂ ਦੇ ਆਸਰੇ ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ ਦਾ ਆਕਾਰ ਅਤੇ ਗੁਣ ਨਿਸ਼ਚਿਤ ਕਰਨਾ ਰਹਿਆ ਹੈ।

ਭਾਰਤ ਵਿਚ ਤਿੰਨ ਪ੍ਰਚਾਰ-ਧਰਮ ਵਿਭਿੰਨ ਦਿਸ਼ਾਵਾਂ ਵਲ ਫ਼ੈਲ੍ਹਦੇ ਦਿਸਦੇ ਹਨ। ਬੁੱਧ ਧਰਮ ਦਾ ਸੰਬੰਧ ਇਥੋਂ ਦੀ ਧਰਤੀ ਨਾਲ ਸੀ। ਬੁੱਧ ਧਰਮ ਦੇ ਪ੍ਰਚਾਰ ਲਈ ਬੋਧੀ ਭਿਕਸ਼ੂ ਬਾਹਰਲੇ ਦੇਸ਼ਾਂ ਵਿਚ ਗਏ ਅਤੇ 'ਬੁੱਧਮ ਸ਼ਰਣਮ ਗੱਛਾਮਿ' ਦਾ ਸੁਨੇਹਾ ਉਥੋਂ ਦੇ ਵਾਸੀਆਂ ਤਕ ਪਹੁੰਚਾਉਂਦੇ ਰਹੇ। ਇਸ ਧਰਮ ਦਾ ਰਾਜ-ਘਰਾਣਿਆਂ ਨਾਲ ਬੜਾ ਗਹਿਰਾ ਸੰਬੰਧ ਸੀ। ਇਸ ਪ੍ਰਚਾਰ-ਧਰਮ ਦੀ ਵਿਸ਼ੇਸ਼ ਗੱਲ ਇਹ ਸੀ ਕਿ ਭਿਕਸ਼ੂ ਉਪਦੇਸ਼ ਦੇਣ ਸਮੇਂ ਆਪਣੀ ਆਖੀ ਹੋਈ ਗੱਲ ਦੇ ਅੰਤਿਮ ਸੱਚ ਹੋਣ ਦਾ ਦਾਅਵਾ ਨਹੀਂ ਕਰਦੇ ਸਨ ਅਤੇ ਨਾ ਹੀ ਬੁੱਧ ਮਤ ਦੇ ਅਨੁਯਾਈ ਰਾਜਿਆਂ ਨੇ ਧਰਮ-ਪ੍ਰਸਾਰ ਦੇ ਲਈ ਸ਼ਕਤੀ ਦੀ ਅਯੋਗ ਵਰਤੋਂ ਕੀਤੀ ਸੀ। ਇਸਲਾਮ ਧਰਮ ਦਾ ਪ੍ਰਚਾਰ-ਕਾਰਜ ਦੋ ਵਿਧੀਆਂ ਨਾਲ ਹੋਇਆ। ਜਿਥੇ ਸੂਫ਼ੀ ਪ੍ਰਚਾਰਕਾਂ ਨੇ ਇਥੋਂ ਦੇ ਲੋਕਾਂ ਨੂੰ ਪਿਆਰ, ਰਵਾਦਾਰੀ, ਸਾਂਝ ਅਤੇ ਹਮਦਰਦੀ ਦਾ ਸੁਨੇਹਾ ਦਿੱਤਾ, ਉਥੇ ਇਸਲਾਮੀ ਸ਼ਾਸਕਾਂ ਨੇ ਜਬਰ ਨੂੰ ਪ੍ਰਚਾਰ ਦਾ ਮਾਧਿਅਮ ਬਣਾਇਆ। ਮੰਤਵ ਦੋਹਾਂ ਦਾ ਇੱਕੋ ਸੀ, ਪਰ ਪ੍ਰਚਾਰ-ਵਿਧੀਆਂ ਵਿਚ ਅੰਤਰ ਸੀ। ਈਸਾਈ ਮਿਸ਼ਨਰੀਆਂ ਨੇ ਧਰਮ-ਪ੍ਰਸਾਰ ਲਈ ਅਸਲੋਂ ਨਵਾਂ ਢੰਗ ਅਪਣਾਇਆ। ਸਭ ਤੋਂ ਪਹਿਲਾਂ ਉਨ੍ਹਾਂ ਨੇ ਮਿਸ਼ਨ ਸਕੂਲਾਂ ਰਾਹੀਂ ਭਾਰਤੀ ਵਸਨੀਕਾਂ ਨੂੰ ਸਿਖਿਆ ਦੇਣੀ ਆਰੰਭ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸ੍ਵੈ-ਸਿਖਿਆ ਦਾ ਕਾਰਜ ਵੀ ਜਾਰੀ ਰੱਖਿਆ। ਉਨ੍ਹਾਂ ਨੇ ਇਥੋਂ ਦੇ ਲੋਕਾਂ ਵਿਚਕਾਰ ਰਹਿ ਕੇ ਭਾਰਤੀ ਭਾਸ਼ਾਵਾਂ, ਸੰਸਕ੍ਰਿਤੀ, ਆਚਾਰ-ਵਿਹਾਰ, ਸੰਬੰਧੀ ਲੋੜੀਂਦਾ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਨੇ ਆਪਣੀ ਆਚਰਣਕ ਉੱਚਤਾ, ਨਿੱਘੇ ਸੁਭਾ, ਅਤੇ ਲੋਕ-ਸੰਪਰਕ ਰਾਹੀਂ ਲੋਕਾਂ ਦੇ ਹਿਰਦਿਆਂ ਵਿਚ ਅਜਿਹਾ ਸਤਿਕਾਰ ਪੈਦਾ ਕਰ ਲਇਆ ਕਿ ਪੰਜਾਬ ਦੇ ਬਹੁਤ ਸਾਰੇ ਵਸਨੀਕ ਈਸਾਈ ਧਰਮ ਵਲ ਪ੍ਰੇਰਿਤ ਹੋ ਗਏ। ਈਸਾਈ ਮਿਸ਼ਨਰੀਆਂ ਦੀ ਸਹਿਜ ਸਫ਼ਲਤਾ ਦੇ ਕਈ ਕਾਰਣ ਸੋਚੇ ਜਾ ਸਕਦੇ ਹਨ :

1. ਉਸ ਯੁਗ-ਵਿਸ਼ੇਸ਼ ਵਿਚ ਨੀਵੀਆਂ ਜਾਤੀਆਂ ਨੂੰ ਉੱਚ-ਜਾਤੀਆਂ ਵਾਲੇ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਿਆ ਕਰਦੇ ਸਨ। ਹਿੰਦੂ ਧਰਮ ਵਿਚ ਤਾਂ ਇਹ ਵਿਤਕਰਾ ਹੱਦੋਂ ਵੱਧ ਸੀ, ਪਰ ਸਿਖ ਧਰਮ ਵਿਚ ਵੀ ਇਹੋ ਵਿਤਕਰਾ ਘਰ ਕਰਦਾ ਜਾ ਰਹਿਆ ਸੀ। ਸਿਖਾਂ ਵਿਚ ਵੀ ਸੋਢੀ, ਬੇਦੀ, ਜੱਟ, ਖੱਤਰੀ, ਮਜ਼ੁਬੀ, ਜੁਲਾਹੇ; ਰਾਮਦਾਸੀਏ, ਰਾਮਗੜ੍ਹੀਏ, ਛੀਂਬੇ ਆਦਿ ਜਾਤਾਂ ਦੇ ਲੋਕ ਸਨ। ਊਚ-ਨੀਚ ਦੀ ਜਾਤੀ-ਵੰਡ ਏਥੇ ਵੀ ਸੀ। ਈਸਾਈ ਧਰਮ ਗ੍ਰਹਿਣ ਕਰਨ ਮਗਰੋਂ ਉਨ੍ਹਾਂ ਨੂੰ

Digitized by Panjab Digital Library | www.panjabdigilib.org

ਬਰਾਬਰੀ ਦੇ ਹੱਕ ਪ੍ਰਾਪਤ ਹੋ ਜਾਂਦੇ ਸਨ ਅਤੇ ਹਰ ਪ੍ਰਕਾਰ ਦੀ ਸੁਵਿਧਾ ਪ੍ਰਾਪਤ ਹੁੰਦੀ ਸੀ ।

2. ਈਸਾਈ ਮਿਸ਼ਨਰੀਆਂ ਨੂੰ ਪ੍ਰਚਾਰ-ਕਾਰਜਾਂ ਲਈ ਅੰਗ੍ਰੇਜ਼ ਸਰਕਾਰ ਦੇ ਅਫ਼ਸਰਾਂ ਵਲੋਂ ਲੋੜੀਂਦੀ ਮਾਇਕ ਸਹਾਇਤਾ ਮਿਲਦੀ ਸੀ । ਈ. ਮੌਰਿਸ ਵੇਰੀ ਨੇ ਆਪਣੀ ਪੁਸਤਕ 'ਅਵਰ ਮਿਸ਼ਨਜ਼ ਇਨ ਇੰਡੀਆ' ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ ।ਅਜਿਹੀ ਗੁਪਤ ਮਾਇਕ ਸਹਾਇਤਾ ਆਮ ਤੌਰ ਤੇ ਵਿਅਕਤੀਗਤ ਰੂਪ ਵਿਚ ਹੀ ਹੁੰਦੀ ਸੀ, ਸਰਕਾਰੀ ਰੂਪ ਵਿਚ ਨਹੀਂ ।

3. ਉੱਚ ਸ਼੍ਰੇਣੀਆਂ ਦੇ ਰਾਜੇ ਮਹਾਰਾਜੇ ਈਸਾਈ ਧਰਮ ਧਾਰਣ ਕਰਕੇ ਆਪਣੀਆਂ ਜਾਗੀਰਾਂ ਅਤੇ ਰਿਆਸਤਾਂ ਨੂੰ ਸੁਰੱਖਿਅਤ ਬਣਾ ਸਕਦੇ ਸਨ । ਸ਼ਾਇਦ ਇਸੇ ਕਰਕੇ ਜਿਥੇ ਨੀਵੀਂ ਜਾਤ ਦੇ ਲੋਕ ਈਸਾਈ ਧਰਮ ਵਲ ਵਧੇਰੇ ਰੁਚਿਤ ਹੋਏ. ਉਥੇ ਕੁਝ ਕੁ ਉੱਚ ਵਰਗ ਦੇ ਰਾਜਿਆਂ ਨੇ ਵੀ ਇਹ ਮਤ ਗ੍ਰਹਿਣ ਕਰ ਲਇਆ । ਕਪੂਰਥਲਾ ਘਰਾਣੇ ਦੀ ਉਦਾਹਰਣ ਸਾਡੇ ਸਾਹਮਣੇ ਹੈ ।

ਪਰ ਇਸ ਸਫ਼ਲਤਾ ਦਾ ਸਭ ਤੋਂ ਵੱਡਾ ਕਾਰਣ ਮਿਸ਼ਨਰੀਆਂ ਦਾ ਵਿਗਿਆਨਕ ਪ੍ਰਚਾਰ-ਢੰਗ ਸੀ । ਉਨ੍ਹਾਂ ਨੇ ਭਾਰਤੀ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਕੇ, ਆਪਣੇ ਧਰਮ-ਸਾਹਿਤ ਦਾ ਦੇਸੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ । ਉਸ ਨੂੰ ਪ੍ਰਕਾਸ਼ਿਤ ਕਰਕੇ ਬਹੁਤ ਸਾਰੇ ਹੱਥਾਂ ਤਕ ਪਹੁੰਚਾ ਕੇ ਲੋਕ-ਦਿਲਾਂ ਵਿਚ ਆਪਣੇ ਲਈ ਸਥਾਨ ਪੈਦਾ ਕਰ ਲਇਆ । ਇਸ ਪ੍ਰਕਾਰ ਮਿਸ਼ਨਰੀਆਂ ਨੇ ਭਾਰਤ ਵਿਚ ਇਕ ਸਭਿਆਚਾਰਕ ਸਾਂਝ ਪੈਦਾ ਕਰਨ ਦਾ ਜਤਨ ਕੀਤਾ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਹੋਰਨਾਂ ਮਤਾਂ ਵਾਂਗ ਈਸਾਈ ਮਤ ਵੀ ਇਥੋਂ ਦੀ ਧਰਤੀ ਵਿਚ ਪੁੰਗਰ ਕੇ ਫਲਣ ਫੁੱਲਣ ਲੱਗਾ ।

ਧਰਮ-ਪ੍ਰਚਾਰ ਦੇ ਨਾਲ ਨਾਲ ਅਚੇਤ ਹੀ ਉਨ੍ਹਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਖੇਤਰ ਵੀ ਚੌੜਾ ਕੀਤਾ । ਇਸ ਤੋਂ ਪਹਿਲਾਂ ਪੰਜਾਬੀ ਭਾਸ਼ਾ ਪੰਜਾਬੀ ਧਰਮ ਦਾ ਸਹਿਜ ਅੰਗ ਨਹੀਂ । ਮੁਸਲਮਾਨ ਸੂਫੀਆਂ ਨੇ ਅਵੱਸ਼ ਹੀ ਪੰਜਾਬੀ ਭਾਸ਼ਾ ਨੂੰ ਆਪਣੀ ਧਰਮ-ਸਾਧਨਾ ਲਈ ਵਰਤਿਆ, ਪਰ ਆਧੁਨਿਕ ਕਾਲ ਵਿਚ ਇਸਲਾਮ ਦਾ ਸੰਬੰਧ ਅਰਬੀ, ਫ਼ਾਰਸੀ ਅਤੇ ਉਰਦੂ ਨਾਲ ਹੀ ਰਹਿਆ । ਹਿੰਦੁਸਤਾਨੀ ਇਸਲਾਮ ਦੀਆਂ ਸਾਂਸਕ੍ਰਿਤਿਕ ਭਾਸ਼ਾਵਾਂ ਇਹੋ ਹਨ । ਸਿਖ ਧਰਮ ਦੀ ਸਾਂਸਕ੍ਰਿਤਿਕ ਭਾਸ਼ਾ, ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤਕ, ਬ੍ਰਿਜੀ ਜਾਂ ਸਾਧ-ਭਾਖ਼ਾ ਸੀ । ਪੰਜਾਬੀ ਨੂੰ ਵੀ ਇਸ ਧਰਮ ਵਿਚ ਸਥਾਨ ਪ੍ਰਾਪਤ ਸੀ, ਪਰ ਗੌਣ । ਈਸਾਈ ਮਿਸ਼ਨਰੀਆਂ ਨੇ ਪਹਿਲੀ ਵਾਰ, ਪੱਕੀ ਤਰ੍ਹਾਂ ਧਰਮ ਨੂੰ ਲੋਕ-ਭਾਸ਼ਾ ਨਾਲ ਸੰਬੰਧਿਤ ਕਰਨ ਦਾ ਜਤਨ ਕੀਤਾ । ਇਹ ਬਹੁਤ ਮੁੱਲਵਾਨ ਪ੍ਰਾਪਤੀ ਹੈ । ਭਾਵੇਂ ਪੰਜਾਬੀ ਦਾ ਆਧੁਨਿਕ ਜੁਗ ਵਿਚ ਪ੍ਰਚਾਰ ਬਹੁਤ ਹੱਦ ਤਕ ਸਿਖ ਧਰਮ ਅਤੇ ਸਿਖ ਸਮਾਜ ਰਾਹੀਂ ਸੰਭਵ ਹੋਇਆ, ਪਰ ਇਸ ਸੰਭਾਵਨਾ ਵਲ ਸਪਸ਼ਟ ਸੰਕੇਤ ਈਸਾਈ ਮਿਸ਼ਨਰੀਆਂ ਨੇ ਆਪਣੇ ਉੱਦਮ ਰਾਹੀਂ ਪਹਿਲੋਂ ਹੀ ਕਰ ਦਿੱਤਾ ਸੀ । ਉਨ੍ਹਾਂ ਦੇ ਇਸ ਉੱਦਮ ਦਾ ਇਤਿਹਾਸਕ ਮਹੱਤਵ ਕਿਸੇ ਵਿਵਾਦ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ।

ਇਸ ਖੋਜ-ਪ੍ਰਬੰਧ ਵਿਚ ਤੱਥ-ਸਾਮੱਗ੍ਰੀ ਦੀ ਦ੍ਰਿਸ਼ਟੀ ਤੋਂ ਸਾਡੀਆਂ ਉਪਲਬਧੀਆਂ ਭਾਸ਼ਾਈ ਖੇਤਰ ਵਿਚ ਵੀ ਹਨ ਅਤੇ ਸਾਹਿਤਕ ਖੇਤਰ ਵਿਚ ਵੀ । ਸਭ ਤੋਂ ਪਹਿਲਾ ਤੱਥ ਜੋ ਸਾਡੇ ਸਾਹਮਣੇ ਉਘੜਦਾ ਹੈ, ਉਹ ਇਹ ਹੈ ਕਿ ਈਸਾਈ ਮਿਸ਼ਨਰੀਆਂ ਨੇ ਪਹਿਲੀ ਵਾਰੀ ਪੰਜਾਬੀ ਭਾਸ਼ਾ ਨੂੰ ਸਿਖਿਆ

Digitized by Panjab Digital Library | www.panjabdigilib.org

ਦਾ ਦਰਜਾ ਪ੍ਰਦਾਨ ਕੀਤਾ । ਇਸ ਤੋਂ ਪਹਿਲਾਂ ਪੰਜਾਬੀ ਕੇਵਲ ਬੋਲਚਾਲ ਦੀ ਭਾਸ਼ਾ ਸਮਝੀ ਜਾਂਦੀ ਸੀ । ਮਿਸ਼ਨਰੀਆਂ ਨੇ ਇਸ ਭਾਸ਼ਾ ਨੂੰ **ਪਹਿਲੀ ਵਾਰੀ ਵਿਆਕਰਣ ਬੱਧ** ਕੀਤਾ ।[1] ਵਿਲੀਅਮ ਕੇਰੀ ਦੁਆਰਾ ਲਿਖਿਆ ਹੋਇਆ ਪੰਜਾਬੀ ਭਾਸ਼ਾ ਦਾ ਪਹਿਲਾ ਵਿਆਕਰਣ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਇਕ ਮੀਲ-ਪੱਥਰ ਹੈ । ਇਸ ਵਿਆਕਰਣ ਦੀ ਰਚਨਾ ਪਿਛੇ ਕੰਮ ਕਰ ਰਹਿਆ ਮੂਲ ਪ੍ਰਯੋਜਨ ਵਿਦੇਸ਼ਾਂ ਤੋਂ ਆਏ ਮਿਸ਼ਨਰੀ ਭਰਾਵਾਂ ਲਈ ਪੰਜਾਬੀ ਭਾਸ਼ਾ ਦੇ ਗ੍ਰਹਿਣ ਕਰਨ ਵਿਚ ਸੌਖ ਪੈਦਾ ਕਰਨਾ ਸੀ । ਇਨ੍ਹਾਂ ਪੁਸਤਕਾਂ ਦਾ ਮੂਲ ਮੰਤਵ ਵਿਦੇਸ਼ੀਆਂ ਲਈ ਜਨ-ਸਾਧਾਰਣ ਦੀ ਭਾਸ਼ਾ ਦੇ ਅਧਿਐਨ ਦੀ ਸੁਵਿਧਾ ਪੈਦਾ ਕਰਨਾ ਸੀ ।

ਇਸ ਤੋਂ ਪਹਿਲਾਂ ਪੰਜਾਬੀ ਭਾਸ਼ਾ ਦਾ ਐਵੇਂ ਜ਼ਿਕਰ ਹੀ ਕੀਤਾ ਜਾਂਦਾ ਸੀ । ਡਾ: ਗਰੀਅਰਸਨ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਦਾ ਜ਼ਿਕਰ ਕਿਤੇ ਕਿਤੇ ਦੇਖਣ ਨੂੰ ਮਿਲਦਾ ਸੀ । ਵਿਲੀਅਮ ਕੇਰੀ ਦੇ ਇਸ ਵਿਆਕਰਣ ਤੋਂ ਮਗਰੋਂ ਪਾਦਰੀ ਜਾਨ ਨਿਊਟਨ ਅਤੇ ਪਾਦਰੀ ਈ. ਪੀ. ਨਿਊਟਨ ਨੇ ਪੰਜਾਬੀ ਭਾਸ਼ਾ ਦੇ ਵਿਆਕਰਣ ਲਿਖੇ । ਇਨ੍ਹਾਂ ਮਿਸ਼ਨਰੀਆਂ ਨੇ ਆਪਣੇ ਜਤਨਾਂ ਨੂੰ ਕੇਰੀ ਦੇ ਕੀਤੇ ਹੋਏ ਜਤਨ ਨਾਲੋਂ ਵਧੇਰੇ ਪਰਿਪੂਰਣ ਬਣਾਉਣ ਦਾ ਹੀਲਾ ਕੀਤਾ, ਭਾਵੇਂ ਇਸ ਵਿਚ ਉਹ ਵਧੇਰੇ ਸਫ਼ਲਤਾ ਪ੍ਰਾਪਤ ਨਾ ਕਰ ਸਕੇ । ਇਸ ਤੋਂ ਇਲਾਵਾ ਪਾਦਰੀ ਕਮਿੰਗਜ਼ ਅਤੇ ਪਾਦਰੀ ਗ੍ਰਾਹਮ ਬੇਲੀ ਨੇ ਸਾਂਝੇ ਜਤਨਾਂ ਨਾਲ ਪੰਜਾਬੀ ਭਾਸ਼ਾ ਦਾ ਇਕ ਹੋਰ ਵਿਆਕਰਣ ਤਿਆਰ ਕੀਤਾ, ਜੋ ਕਈ ਪੱਖਾਂ ਤੋਂ ਪਹਿਲੇ ਵਿਆਕਰਣਾਂ ਨਾਲੋਂ ਸ੍ਰੇਸ਼ਠ ਸੀ । ਪਾਦਰੀ ਐਫ. ਐਸ. ਤਾਜ ਦੁਆਰਾ ਸਕੂਲ ਦੇ ਬੱਚਿਆਂ ਲਈ ਲਿਖੀ ਗਈ ਇਕ ਹੋਰ ਵਿਆਕਰਣ ਵੀ ਉਪਲਬਧ ਹੋਈ ਹੈ । ਇਸ ਤੋਂ ਇਲਾਵਾ ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਦਾ **ਪਹਿਲਾ ਸ਼ਬਦ-ਕੋਸ਼** ਤਿਆਰ ਕਰਕੇ ਇਸ ਭਾਸ਼ਾ ਦੀ ਇਹ ਲੋੜ ਨੂੰ ਪੂਰਿਆਂ ਕੀਤਾ । ਉਪਰੰਤ ਪੰਜਾਬੀ ਦੀਆਂ **ਮੁਲਤਾਨੀ ਤੇ ਜਟਕੀ (ਪੱਛਮੀ ਪੰਜਾਬੀ) ਆਦਿ ਉਪਭਾਸ਼ਾਵਾਂ ਦੇ ਸ਼ਬਦ-ਕੋਸ਼ ਅਤੇ ਸ਼ਬਦਾਵਲੀ-ਸੰਗ੍ਰਹਿ ਵੀ ਤਿਆਰ ਕੀਤੇ । ਪੰਜਾਬੀ ਮੁਹਾਵਰਿਆਂ ਅਤੇ ਅਖਾਣਾਂ ਨੂੰ ਵੀ ਸਭ ਤੋਂ ਪਹਿਲਾਂ ਉਨ੍ਹਾਂ ਨੇ ਹੀ ਪੁਸਤਕ ਰੂਪ ਵਿਚ ਸੰਕਲਿਤ ਕੀਤਾ ।** ਕੁਲ ਮਿਲਾ ਕੇ ਉਨ੍ਹਾਂ ਨੇ ਪੰਜ ਵਿਆਕਰਣ, ਅੱਠ ਕੋਸ਼ ਅਤੇ ਅਖਾਣ-ਸੰਗ੍ਰਹਿ ਤਿਆਰ ਕੀਤੇ । ਵਿਦੇਸ਼ੀ ਹੋਣ ਕਾਰਣ ਉਹ ਭਾਵੇਂ ਪੰਜਾਬੀ ਭਾਸ਼ਾ ਲਈ ਵਧੇਰੇ ਪ੍ਰਮਾਣਿਕ ਰੂਪ ਵਿਚ ਤਾਂ ਕੁਝ ਨਾ ਕਰ ਸਕੇ, ਪਰ ਜਿਤਨਾ ਕੁਝ ਉਨ੍ਹਾਂ ਨੇ ਕੀਤਾ, ਇਸ ਤੋਂ ਵੱਧ ਉਨ੍ਹਾਂ ਕੋਲੋਂ ਆਸ ਵੀ ਨਹੀਂ ਸੀ ਰੱਖੀ ਜਾ ਸਕਦੀ । ਉਕਤ ਸਾਰੀਆਂ ਰਚਨਾਵਾਂ **ਭਾਸ਼ਾ ਵਿਗਿਆਨੀਆਂ ਲਈ ਬੜਾ ਸਾਰਥਕ ਮਹੱਤਵ ਰਖਦੀਆਂ** ਹਨ ।

ਇਸ ਤੋਂ ਛੁਟ ਮਿਸ਼ਨਰੀਆਂ ਨੇ ਆਪਣੀਆਂ ਵਾਰਤਕ ਰਚਨਾਵਾਂ ਵਿਚ ਪਹਿਲੀ ਵਾਰੀ ਠੇਠ

---

1. ਪਿਛਲੇ ਦਿਨੀਂ ਨੈਸ਼ਨਲ ਆਰਕਾਈਵਜ਼ ਵਿਚ ਕਾਉਂਸਿਲ ਆਫ਼ ਫ਼ੋਰਟ ਵਿਲੀਅਮ ਦੇ ਰੀਕਾਰਡ ਫੋਲਣ ਮਗਰੋਂ ਪਤਾ ਲੱਗਾ ਹੈ ਕਿ ਕੇਰੀ ਤੋਂ ਪਹਿਲਾਂ ਉਸ ਦੇ ਸਹਾਇਕ ਅਤੇ ਸਲਾਹਕਾਰ ਕਾਸ਼ੀ ਰਾਜ ਨੇ ਵੀ ਪੰਜਾਬੀ ਵਿਆਕਰਣ ਲਿਖੀ, ਜਿਸ ਵਿਚ ਲੇਡਨ (Leyden) ਅਨੁਸਾਰ ਮੁਲਤਾਨੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ । ਇਸ ਵਿਆਕਰਣ ਦਾ ਖਰੜਾ ਕਿਤੇ ਵੀ ਉਪਲਬਧ ਨਹੀਂ । ਇਸ ਦਿਸ਼ਾ ਵਿਚ ਹੋਰ ਖੋਜ ਕੀਤੀ ਜਾ ਸਕਦੀ ਹੈ ।

Digitized by Panjab Digital Library | www.panjabdigilib.org

ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ । ਉਸ ਸਮੇਂ ਪੰਜਾਬ-ਵਾਸੀ ਆਪਣੇ ਨਿਤਾਪ੍ਰਤਿ ਜੀਵਨ ਵਿਚ ਇਸੇ ਭਾਸ਼ਾ ਦੀ ਵਰਤੋਂ ਕਰਦੇ ਸਨ । ਇਹ ਕੰਮ ਮਿਸ਼ਨਰੀਆਂ ਲਈ ਉਤਨਾ ਸਹਿਲ ਨਹੀਂ ਸੀ, ਜਿਤਨਾ ਕਿਸੇ ਪੰਜਾਬੀ ਦੇ ਲਈ ਹੋ ਸਕਦਾ ਸੀ । ਕਈ ਵਰ੍ਹੇ ਉਹ ਪੰਜਾਬੀਆਂ ਦੇ ਨਾਲ ਘੁਲ-ਮਿਲ ਕੇ ਰਹੇ, ਉਨ੍ਹਾਂ ਦੀ ਬੋਲ-ਚਾਲ ਨੂੰ ਗਹੁ ਨਾਲ ਸੁਣਦੇ ਰਹੇ, ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ ਧੁਨੀਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ । ਲੰਮੀ ਘਾਲਣਾ ਮਗਰੋਂ ਉਨ੍ਹਾਂ ਨੇ ਪੰਜਾਬੀ ਭਾਸ਼ਾ-ਖੇਤਰ ਵਿਚ ਉਪਰੋਕਤ ਰਚਨਾਵਾਂ ਕੀਤੀਆਂ । ਇਹ ਮਿਸ਼ਨਰੀਆਂ ਦੀ ਵਿਸ਼ੇਸ਼ ਪ੍ਰਾਪਤੀ ਸੀ ।

ਪੰਜਾਬੀ ਭਾਸ਼ਾ ਨੂੰ ਆਧੁਨਿਕ ਲੀਹਾਂ ਉਪਰ ਤੋਰਨ ਵਾਲੇ ਵੀ ਈਸਾਈ ਮਿਸ਼ਨਰੀ ਹੀ ਸਨ। ਇਸ ਤੋਂ ਪਹਿਲਾਂ ਜਨਮਸਾਖੀਆਂ ਦੀ ਵਾਰਤਕ ਜਾਂ ਭਾਈ ਮਨੀ ਸਿੰਘ, ਅੱਡਣ ਸ਼ਾਹ ਦੀ ਵਾਰਤਕ ਪਰੰਪਰਾਗਤ ਸੀ। ਗ਼ਲਤ ਵਾਕ-ਬਣਤਰ, ਸ਼ਬਦ-ਜੋੜਾਂ ਦਾ ਗ਼ਲਤ ਪ੍ਰਯੋਗ, ਸਿਹਾਰੀਆਂ, ਬਿਹਾਰੀਆਂ, ਔਂਕੜਾਂ ਦੀਆਂ ਅਸ਼ੁੱਧੀਆਂ ਇਨ੍ਹਾਂ ਵਾਰਤਕ ਰਚਨਾਵਾਂ ਵਿਚ ਆਮ ਸਨ । ਬਿਸਰਾਮ-ਚਿੰਨ੍ਹਾਂ, ਅਰਧ ਬਿਸਰਾਮ-ਚਿੰਨ੍ਹਾਂ, ਵਿਸਮਿਕ ਚਿੰਨ੍ਹਾਂ ਆਦਿ ਦਾ ਪ੍ਰਯੋਗ ਤਾਂ ਬਿਲਕੁਲ ਨਾਂਹ ਦੇ ਸਮਾਨ ਸੀ । ਪੈਰ੍ਹੇ ਬਣਾਉਣ ਦਾ ਰਿਵਾਜ ਵੀ ਬਹੁਤ ਘੱਟ ਸੀ ਅਤੇ ਜੇਕਰ ਪੈਰ੍ਹਾ-ਵੰਡ ਕੀਤੀ ਵੀ ਹੁੰਦੀ ਸੀ, ਤਾਂ ਉਹ ਬੜੀ ਅਣਵਿਗਿਆਨਕ ਹੁੰਦੀ ਸੀ । ਕਈ ਵਾਰੀ ਤਾਂ ਚਾਰ ਚਾਰ ਸਫ਼ਿਆਂ ਤਕ ਕਿਤੇ ਬਿਸਰਾਮ-ਚਿੰਨ੍ਹ ਹੀ ਨਹੀਂ ਸੀ ਲਗਾਇਆ ਜਾਂਦਾ । ਮਿਸ਼ਨਰੀਆਂ ਨੇ ਪੰਜਾਬੀ ਭਾਸ਼ਾ ਨੂੰ ਵਿਆਕਰਣਿਕ ਨਿਯਮਾਂ ਅਨੁਸਾਰ ਵਿਆਕਰਣ-ਬੱਧ ਕਰਕੇ ਵਿਗਿਆਨਕ ਲੀਹਾਂ ਉਪਰ ਤੋਰਿਆ ।

ਸਾਹਿਤਕ ਖੇਤਰ ਵਿਚ ਈਸਾਈ ਮਿਸ਼ਨਰੀਆਂ ਦੇ ਯੋਗਦਾਨ ਸੰਬੰਧੀ ਸਾਡੀ ਸਭ ਤੋਂ ਮਹੱਤਵਪੂਰਣ ਉਪਲਬਧੀ ਇਹ ਹੈ ਕਿ ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਵਿਭਿੰਨ ਸਾਹਿਤ-ਰੂਪ ਪ੍ਰਚਲਿਤ ਕੀਤੇ ।

1. 'ਜਯੋਤਿਰੁਦਯ' ਪੰਜਾਬੀ ਭਾਸ਼ਾ ਵਿਚ ਲਿਖਿਆ ਗਇਆ **ਪਹਿਲਾ ਮੌਲਿਕ ਨਾਵਲ** ਹੈ । ਇਸ ਤੋਂ ਪਹਿਲਾਂ ਪੰਜਾਬੀ ਸਾਹਿਤ-ਖੇਤਰ ਵਿਚ ਨਾਵਲ-ਰੂਪ ਅਜੇ ਪ੍ਰਚਲਿਤ ਨਹੀਂ ਹੋਇਆ ਸੀ । ਇਹ ਨਾਵਲ 1882 ਈ: ਵਿਚ ਪ੍ਰਕਾਸ਼ਿਤ ਹੋਇਆ । ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' 1897 ਈ: ਵਿਚ ਪ੍ਰਕਾਸ਼ਿਤ ਹੋਇਆ ।

2. ਪੰਜਾਬੀ ਭਾਸ਼ਾ ਵਿਚ ਨਿੱਕੀ ਕਹਾਣੀ ਵੀ ਪਹਿਲਾਂ ਪਹਿਲ ਈਸਾਈ ਮਿਸ਼ਨਰੀਆਂ ਨੇ ਹੀ ਲਿਖੀ । ਇਹ ਕਹਾਣੀਆਂ ਮੌਲਿਕ ਵੀ ਹਨ ਅਤੇ ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚੋਂ ਅਨੁਵਾਦਿਤ ਅਤੇ ਬਾਈਬਲ ਉਪਰ ਆਧਾਰਿਤ ਵੀ ਹਨ। ਕੁਝ ਕਹਾਣੀਆਂ ਨਿਰੋਲ ਸਾਹਿਤਕ ਹਨ ਅਤੇ ਪ੍ਰਚਾਰ ਦਾ ਉਨ੍ਹਾਂ ਵਿਚ ਅਭਾਵ ਹੈ । ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਦੇ ਰਚਣਹਾਰਿਆਂ ਨੇ ਕੇਵਲ ਧਰਮ-ਪ੍ਰਚਾਰ ਅਤੇ ਭਾਰਤੀਆਂ ਦੇ ਧਰਮ-ਪਰਿਵਰਤਨ ਵਲ ਹੀ ਧਿਆਨ ਨਹੀਂ ਦਿੱਤਾ, ਸਗੋਂ ਭਾਰਤੀ ਸਭਿਆਚਾਰ ਵਿਚ ਡੂੰਘੀਆਂ ਜੜ੍ਹਾਂ ਪਕੜਨਾ ਵੀ ਇਨ੍ਹਾਂ ਮਿਸ਼ਨਰੀਆਂ ਦਾ ਮੰਤਵ ਪਰਤੀਤ ਹੁੰਦਾ ਹੈ । ਇਨ੍ਹਾਂ ਕਹਾਣੀਆਂ ਵਿਚ ਇਕ ਵਿਆਪਕ ਜੀਵਨ-ਜਾਚ ਦੀ ਝਲਕ ਮਿਲਦੀ ਹੈ । ਸ਼ਿਲਪ ਦੀ ਦ੍ਰਿਸ਼ਟੀ ਤੋਂ ਇਹ ਕਹਾਣੀਆਂ ਆਧੁਨਿਕ ਨਿੱਕੀ ਕਹਾਣੀ ਦੇ ਨੇੜੇ ਹਨ । ਕੁਝ ਕਹਾਣੀਆਂ ਤਾਂ ਨਿਰੋਲ ਪੰਜਾਬੀ-ਭਾਰਤੀ ਜੀਵਨ ਨਾਲ ਸੰਬੰਧਿਤ ਹਨ ।

Digitized by Panjab Digital Library | www.panjabdigilib.org

3. ਪੰਜਾਬੀ ਭਾਸ਼ਾ ਵਿਚ ਪਹਿਲਾਂ ਪਹਿਲ **ਜੀਵਨੀਆਂ** ਲਿਖਣ ਦੀ ਪਿਰਤ ਵੀ ਮਿਸ਼ਨਰੀਆਂ ਨੇ ਹੀ ਪਾਈ । ਇਸ ਤੋਂ ਪਹਿਲਾਂ ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ ਮਿਲਦਾ ਸੀ ਅਤੇ ਜਾਂ ਭਾਈ ਮਨੀ ਸਿੰਘ ਨੇ ਕੁਝ ਭਗਤਾਂ ਦੇ ਜੀਵਨ ਲਿਖੇ ਸਨ, ਪਰ ਇਹ ਕਿਰਤਾਂ ਆਧੁਨਿਕ ਜੀਵਨੀ-ਕਲਾ ਦੀ ਕਸੌਟੀ ਉਤੇ ਪੂਰੀਆਂ ਨਹੀਂ ਉਤਰਦੀਆਂ । ਮਿਸ਼ਨਰੀਆਂ ਨੇ ਸਭ ਤੋਂ ਪਹਿਲਾਂ 'ਈਸਾ ਮਸੀਹ ਦਾ ਜੀਵਨ-ਬ੍ਰਿਤਾਂਤ' ਲਿਖਿਆ । ਇਸ ਤੋਂ ਪਹਿਲੇ ਜੀਵਨ-ਬ੍ਰਿਤਾਂਤਾਂ ਨਾਲ ਇਸ ਦੀ ਇਕ ਪੱਖ ਤੋਂ ਸਮਾਨਤਾ ਜ਼ਰੂਰ ਹੈ; ਉਹ ਇਸ ਗੱਲ ਵਿਚ ਹੈ ਕਿ ਲੇਖਕਾਂ ਦਾ ਵਤੀਰਾ ਉਸ ਪ੍ਰਤਿ ਜਿਸ ਦਾ ਜੀਵਨ ਲਿਖਿਆ ਜਾ ਰਹਿਆ ਹੈ, ਸ਼ਰਧਾ-ਭਰਪੂਰ ਹੈ । ਸ਼ਰਧਾ ਦਾ ਇਹ ਅੰਸ਼ ਮਿਸ਼ਨਰੀਆਂ ਦੁਆਰਾ ਲਿਖਿਤ ਜੀਵਨੀ ਵਿਚ ਘੱਟ ਹੈ, ਪਰ ਜਿਥੋਂ ਤਕ ਜੀਵਨੀ-ਕਲਾ ਦਾ ਸੰਬੰਧ ਹੈ, ਮਿਸ਼ਨਰੀ ਲੇਖਕ ਦੁਆਰਾ ਲਿਖਿਤ ਇਹ ਜੀਵਨੀ ਪੰਜਾਬੀ ਭਾਸ਼ਾ ਵਿਚ ਉਪਲਬਧ ਪ੍ਰਥਮ ਜੀਵਨੀ ਹੈ । ਇਸ ਤੋਂ ਛੁਟ **ਸਾਧੂ ਸੁੰਦਰ ਸਿੰਘ, ਸਾਈਂ ਸੁੱਚਾ ਸਿੰਘ ਆਦਿ** ਸਾਧ-ਪੁਰਸ਼ਾਂ ਦੀਆਂ ਜੀਵਨੀਆਂ ਵੀ ਹੱਰ ਪੱਖ ਤੋਂ ਆਧੁਨਿਕ ਹਨ ।

4. ਪੰਜਾਬੀ ਭਾਸ਼ਾ ਵਿਚ **ਪਹਿਲਾ ਸਫ਼ਰਨਾਮਾ** ਲਿਖਣ ਦਾ ਮਾਣ ਵੀ ਮਿਸ਼ਨਰੀਆਂ ਨੂੰ ਹੀ ਪ੍ਰਾਪਤ ਹੈ । 'ਏਸ਼ੀਆ ਦੀ ਸੈਲ' ਜਿਥੇ ਪਹਿਲਾ ਸਫ਼ਰਨਾਮਾ ਹੈ, ਉਥੇ ਇਹ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਦਾ ਸੰਖੇਪ ਇਤਿਹਾਸ ਵੀ ਹੈ । ਇਤਿਹਾਸ ਦੀ ਦ੍ਰਿਸ਼ਟੀ ਤੋਂ ਭਾਵੇਂ ਇਹ ਪੁਸਤਕ ਲੋੜ ਤੋਂ ਵੱਧ ਸੰਖੇਪ ਆਕਾਰ ਦੀ ਹੈ, ਪਰ ਏਸ਼ੀਆ ਦੇ ਇਤਨੇ ਦੇਸ਼ਾਂ ਬਾਰੇ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰੀ ਜਾਣਕਾਰੀ ਪ੍ਰਾਪਤ ਹੋ ਸਕੀ ਹੈ । ਇਸ ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿਚ ਕੋਈ ਇਤਿਹਾਸ-ਰਚਨਾ ਨਹੀਂ ਹੋ ਸਕੀ ਸੀ । ਸਾਹਿਤ ਦੇ ਇਤਿਹਾਸ ਲਿਖਣ ਦਾ ਰਿਵਾਜ ਵੀ ਮਗਰੋਂ ਹੀ ਸ਼ੁਰੂ ਹੋਇਆ। ਪੰਜਾਬੀ ਭਾਸ਼ਾ ਦਾ ਪਹਿਲਾ ਸਫ਼ਰਨਾਮਾ ਹੋਣ ਦੀ ਦ੍ਰਿਸ਼ਟੀ ਤੋਂ ਇਸ ਦਾ ਮਹੱਤਵ ਤਾਂ ਨਿਸਚਿਤ ਹੀ ਹੈ, ਪੰਜਾਬੀ ਵਿਚ ਉਪਲਬਧ **ਪ੍ਰਥਮ ਇਤਿਹਾਸ** ਹੋਣ ਦੀ ਦ੍ਰਿਸ਼ਟੀ ਤੋਂ ਵੀ ਇਸ ਦਾ ਮਹੱਤਵ ਘੱਟ ਨਹੀਂ ।

5. ਪੰਜਾਬੀ ਸਾਹਿਤ ਵਿਚ **ਨਿਬੰਧ ਰੂਪ ਵੀ ਪਹਿਲੀ ਵਾਰੀ** ਈਸਾਈ ਮਿਸ਼ਨਰੀਆਂ ਨੇ ਹੀ ਲਿਆਂਦਾ । ਇਨ੍ਹਾਂ ਵਿਚੋਂ ਕੁਝ ਨਿਬੰਧ ਤਾਂ ਈਸਾਈ ਧਰਮ ਨਾਲ ਸੰਬੰਧਿਤ ਹਨ ਅਤੇ ਕੁਝ ਨਿਬੰਧ ਉਨ੍ਹਾਂ ਨੇ ਸਕੂਲਾਂ ਦੀਆਂ ਪਾਠ-ਪੁਸਤਕਾਂ ਲਈ ਵੀ ਲਿਖੇ । ਇਸ ਤੋਂ ਪਹਿਲਾਂ ਪੰਜਾਬੀ ਸਾਹਿਤ ਮੂਲ ਰੂਪ ਵਿਚ ਕਾਵਿ-ਸਾਹਿਤ ਹੈ ।

6. ਪੰਜਾਬੀ ਭਾਸ਼ਾ ਵਿਚ **ਅਨੁਵਾਦ ਦੀ ਪਰੰਪਰਾ** ਤੋਰਨ ਵਾਲੇ ਵੀ ਈਸਾਈ ਮਿਸ਼ਨਰੀ ਹੀ ਸਨ । ਇਨ੍ਹਾਂ ਤੋਂ ਪਹਿਲਾਂ ਕੁਝ ਸੰਸਕ੍ਰਿਤ ਰਚਨਾਵਾਂ ਨੂੰ ਭਾਖਾ ਵਿਚ ਲਿਖਿਆ ਗਇਆ ਸੀ । ਭਾਖਾ ਤੋਂ ਆਮ ਤੌਰ ਤੇ ਭਾਵ ਬ੍ਰਿਜਭਾਸ਼ਾ ਤੋਂ ਹੁੰਦਾ ਸੀ । 'ਬਾਈਬਲ' ਧਰਮ-ਗ੍ਰੰਥ ਦਾ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰੀ ਅਨੁਵਾਦ ਕਰਕੇ ਮਿਸ਼ਨਰੀਆਂ ਨੇ ਪੰਜਾਬੀ ਸਾਹਿਤ ਦਾ ਮਾਣ ਵਧਾਇਆ । ਇਸ ਤੋਂ ਛੁਟ 'ਪਿਲਗ੍ਰਿਮ'ਜ਼ ਪ੍ਰੋਗਰੈਸ' ਅੰਗ੍ਰੇਜ਼ੀ ਸਾਹਿਤ ਦੀ ਪ੍ਰਸਿੱਧ ਪ੍ਰਤੀਕਵਾਦੀ ਰਚਨਾ ਹੈ, ਇਸ ਦਾ ਪੰਜਾਬੀ ਅਨੁਵਾਦ ਪੰਜਾਬੀ ਅਨੁਵਾਦ-ਸਾਹਿਤ ਵਿਚ ਵਿਸ਼ੇਸ਼ ਵਾਧਾ ਹੈ । ਉਨ੍ਹਾਂ ਨੇ ਅਨੁਵਾਦ ਦੇ **ਖੇਤਰ** ਵਿਚ ਨਵੇਂ ਮਾਪ-ਦੰਡ ਸਥਾਪਿਤ ਕੀਤੇ ।

Digitized by Panjab Digital Library | www.panjabdigilib.org

7. ਮਿਸ਼ਨਰੀਆਂ ਦੁਆਰਾ ਲਿਖਿਤ ਲਘੂ-ਨਾਟਕ **'ਮਲਕਾ ਅਸਤਰ'** ਵੀ ਧਿਆਨਯੋਗ ਹੈ। ਨਾਟਕਕਾਰ ਨੇ ਇਸ ਨੂੰ ਜੋ ਨਾਟਕੀਅਤਾ ਪ੍ਰਦਾਨ ਕੀਤੀ ਹੈ, ਉਸ ਨਾਲ ਪ੍ਰਭਾਵ ਵਿਚ ਵਾਧਾ ਹੁੰਦਾ ਹੈ। ਆਕਾਰ ਦੀ ਦ੍ਰਿਸ਼ਟੀ ਤੋਂ ਨਾਟਕ ਸੰਖੇਪ ਹੈ, ਪਰ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਇਹ ਨਾਟਕ 19 ਵੀਂ ਸਦੀ ਦੇ ਅੰਤਿਮ ਦਹਾਕੇ ਦੀ ਰਚਨਾ ਹੋਣ ਕਰਕੇ ਆਧੁਨਿਕ ਪੰਜਾਬੀ ਨਾਟਕ ਦੇ ਵਿਕਾਸ ਦਾ ਪਤਾ ਦਿੰਦਾ ਹੈ। ਸ਼ਾਇਦ ਇਸ ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿਚ ਆਧੁਨਿਕ ਨਾਟਕ ਦੀ ਅਣਹੋਂਦ ਸੀ।

8. ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਮਿਸ਼ਨਰੀਆਂ ਨੇ **ਛਾਪੇਖਾਨੇ ਦੀ ਵਡਮੁੱਲੀ ਦੇਣ** ਦਿੱਤੀ। ਇਸ ਤੋਂ ਪਹਿਲਾਂ ਪੰਜਾਬ ਵਿਚ ਛਾਪੇਖਾਨੇ ਦੀ ਅਣਹੋਂਦ ਸੀ। ਇਸ ਦੇ ਨਾਲ ਹੀ ਪੰਜਾਬੀ ਅੱਖਰ-ਮਾਲਾ ਦੇ ਟਾਈਪ ਵੀ ਤਿਆਰ ਕਰਵਾਏ। ਪੰਜਾਬੀ ਪ੍ਰਕਾਸ਼ਨ-ਕਲਾ ਦੇ ਖੇਤਰ ਵਿਚ ਵੀ ਉਨ੍ਹਾਂ ਨੇ ਨਵੇਂ ਮਾਪ-ਦੰਡ ਸਥਾਪਿਤ ਕੀਤੇ।

ਇਸ ਖੋਜ-ਪ੍ਰਬੰਧ ਵਿਚ ਜਿਥੇ ਨਵੇਂ ਤੱਥਾਂ ਦੀਆਂ ਉਪਲਬਧੀਆਂ ਨੂੰ ਪੇਸ਼ ਕੀਤਾ ਗਇਆ ਹੈ, ਉਥੇ ਤੱਤ-ਚਿੰਤਨ ਵਲ ਵੀ ਵਿਸ਼ੇਸ਼ ਧਿਆਨ ਦਿੱਤਾ ਗਇਆ ਹੈ। ਮਿਸ਼ਨਰੀਆਂ ਦੁਆਰਾ ਲਿਖਿਤ ਭਾਸ਼ਾਈ ਕਿਰਤਾਂ ਦਾ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਵਿਵੇਚਨ ਕਰਦਿਆਂ ਹੋਇਆਂ ਉਨ੍ਹਾਂ ਦੇ ਗੁਣ-ਦੋਸ਼ਾਂ ਨੂੰ ਉਘਾੜਿਆ ਗਇਆ ਹੈ। ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦਾ ਜਿਥੇ ਸ਼ਾਸਤ੍ਰੀ ਵਿਵੇਚਨ ਕੀਤਾ ਗਇਆ ਹੈ, ਉਥੇ ਲੋੜ ਅਨੁਸਾਰ ਉਨ੍ਹਾਂ ਦਾ ਅੰਤਰ-ਸਾਂਸਕ੍ਰਿਤਿਕ ਅਧਿਐਨ ਕਰਦਿਆਂ ਹੋਇਆਂ ਕਲਾ-ਦ੍ਰਿਸ਼ਟੀ ਤੋਂ ਮੁਲਿਆਂਕਣ ਵੀ ਕੀਤਾ ਗਇਆ ਹੈ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲ-ਸੰਗਲੀ ਵਿਚ ਇਨ੍ਹਾਂ ਕਿਰਤਾਂ ਦਾ ਸਥਾਨ ਨਿਸ਼ਚਿਤ ਕੀਤਾ ਗਇਆ ਹੈ।

ਈਸਾਈ ਮਿਸ਼ਨਰੀ ਪੰਜਾਬ ਵਿਚ ਭਾਵੇਂ ਧਰਮ-ਪ੍ਰਚਾਰ ਅਤੇ ਧਰਮ-ਪ੍ਰਸਾਰ ਦੇ ਮਨੋਰਥ ਨੂੰ ਲੈ ਕੇ ਆਏ ਸਨ, ਪਰ ਇਸ ਸਿਲਸਿਲੇ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਇਤਨਾ ਪ੍ਰਫੁਲਿਤ ਕੀਤਾ ਕਿ ਅੱਜ ਪੰਜਾਬੀ ਸਾਹਿਤ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤ ਨਾਲੋਂ ਕਿਸੇ ਪ੍ਰਕਾਰ ਵੀ ਹੀਣਾ ਨਹੀਂ। ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦਿੱਤੀ ਕੁਲ ਦੇਣ ਸਦਕਾ ਉਨ੍ਹਾਂ ਨੂੰ ਆਧੁਨਿਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਮੋਢੀਆਂ ਦੇ ਰੂਪ ਵਿਚ ਸਦਾ ਸਤਿਕਾਰਿਆ ਜਾਏਗਾ। ਆਪਣੀ ਦੇਣ ਨਾਲ ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਜੋ ਮਾਣ ਵਧਾਇਆ, ਉਸ ਦੇ ਲਈ ਪੰਜਾਬੀ ਜਨਸਾਧਾਰਣ ਸਦਾ ਉਨ੍ਹਾਂ ਦਾ ਰਿਣੀ ਰਹੇਗਾ।

ਭਾਰਤ ਵਿਚ ਮਿਸ਼ਨਰੀਆਂ ਦੇ ਵਧਦੇ ਪ੍ਰਭਾਵ ਨੂੰ ਦੇਖ ਕੇ ਇਥੋਂ ਦੇ ਧਾਰਮਿਕ ਆਗੂਆਂ ਨੂੰ ਆਪੋ ਆਪਣੇ ਧਰਮਾਂ ਨੂੰ ਬਚਾਉਣ ਦੀ ਚਿੰਤਾ ਪੈ ਗਈ। ਪ੍ਰਤਿਕਰਮ ਵਜੋਂ ਇਹ ਧਰਮ-ਸਨੇਹੀ ਆਪਣੇ-ਆਪਣੇ ਧਰਮਾਂ ਦੀ ਪੁਨਰ-ਸੁਰਜੀਤੀ ਲਈ ਤਤਪਰ ਹੋ ਗਏ। ਆਪਣੇ ਮੰਤਵ ਦੀ ਸਿੱਧੀ ਲਈ ਉਨ੍ਹਾਂ ਨੇ ਉਹੋ ਸਾਧਨ ਪ੍ਰਯੋਗ ਵਿਚ ਲਿਆਉਣੇ ਸ਼ੁਰੂ ਕੀਤੇ, ਜਿਨ੍ਹਾਂ ਦਾ ਪ੍ਰਯੋਗ ਈਸਾਈ ਮਿਸ਼ਨਰੀ ਕਰਦੇ ਸਨ। ਫਲਸਰੂਪ ਭਾਰਤੀ ਧਰਮਾਂ ਦਾ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਆਰੰਭ ਹੋ ਗਇਆ। ਅੰਗ੍ਰੇਜ਼ੀ ਸਾਮਰਾਜ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਵੀ ਇਨ੍ਹਾਂ ਲਹਿਰਾਂ ਲਈ

Digitized by Panjab Digital Library | www.panjabdigilib.org

ਸਹਾਇਕ ਸਿੱਧ ਹੋਈ। ਪੰਜਾਬ ਵਿਚ ਵੱਸਣ ਵਾਲਿਆਂ ਨੇ ਧਰਮ-ਪ੍ਰਚਾਰ ਲਈ ਪੰਜਾਬੀ ਨੂੰ ਮਾਧਿਅਮ ਬਣਾਇਆ ਅਤੇ ਸੈਂਕੜੇ ਪੈਂਫਲਿਟ ਅਤੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਅਤੇ ਪੱਤਰ ਜਾਰੀ ਹੋਏ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਯੋਗ ਵਾਤਾਵਰਣ ਤਿਆਰ ਕੀਤਾ। ਸਾਡੇ ਮਤ ਵਿਚ ਈਸਾਈ ਮਿਸ਼ਨਰੀਆਂ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ ਦਾ ਇਹ ਪੱਖ ਸਭ ਤੋਂ ਵਧੇਰੇ ਉੱਘੜਦਾ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪਰਿਸ਼ਿਸ਼ਟ

1. ਪ੍ਰਸਿੱਧ ਈਸਾਈ ਮਿਸ਼ਨਰੀ ਲੇਖਕ
2. ਰੇਲ ਗੱਡੀ ਦਾ ਸਫ਼ਰ
3. ਮਲਕਾ ਅਸਤਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪ੍ਰਸਿੱਧ ਈਸਾਈ ਮਿਸ਼ਨਰੀ ਲੇਖਕ

ਡਾ: ਵਿਲੀਅਮ ਕੇਰੀ

ਵਿਲੀਅਮ ਕੇਰੀ ਦਾ ਜਨਮ ਸਤਾਰਾਂ ਅਗਸਤ 1761 ਈ: ਨੂੰ ਨਾਰਥੰਪਟਨ (ਇੰਗਲੈਂਡ) ਵਿਚ ਹੋਇਆ। ਉਸ ਦਾ ਪਿਤਾ ਜੁਲਾਹਾ ਸੀ। ਮਗਰੋਂ ਜਦੋਂ ਵਿਲੀਅਮ ਕੇਰੀ ਛੇ ਵਰ੍ਹਿਆਂ ਦਾ ਹੋਇਆ, ਤਾਂ ਉਸ ਨੂੰ ਸਕੂਲ-ਮਾਸਟਰੀ ਤੇ ਗਿਰਜੇ ਦੀ ਕਲਰਕੀ ਦਾ ਸਾਂਝਾ ਕੰਮ ਮਿਲਿਆ। ਬਚਪਨ ਤੋਂ ਹੀ ਕੇਰੀ ਦੇ ਦਿਲ ਵਿਚ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਦੀ ਸੈਰ ਕਰਨ ਦੀ ਚਾਹ ਸੀ। ਆਪਣੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਹ ਹਰ ਵੇਲੇ ਵਿਆਕੁਲ ਰਹਿੰਦਾ ਸੀ। ਸਾਹਿਤਕ ਰੁਚੀਆਂ ਦਾ ਸੁਆਮੀ ਹੋਣ ਦੇ ਨਾਲ ਨਾਲ ਕੇਰੀ ਨੂੰ ਬਨਸਪਤ-ਗਿਆਨ ਤੇ ਜੰਤ-ਵਿਗਿਆਨ ਨੂੰ ਸਮਝਣ ਦਾ ਵੀ ਬੜਾ ਸ਼ੌਕ ਸੀ। ਇਸੇ ਸ਼ੌਕ ਸਦਕਾ ਹੀ ਉਹ ਬਨਸਪਤ-ਗਿਆਨ ਦੀ ਸਿੱਖਿਆ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕਰਨ ਲਈ ਘਰੋਂ ਨਿਕਲਿਆ।

ਉਹ ਨਵੰਬਰ 1793 ਈ: ਵਿਚ ਆਪਣੇ ਚਾਰ ਬੱਚਿਆਂ ਤੇ ਪਤਨੀ ਸਮੇਤ ਕਲਕੱਤੇ ਪਹੁੰਚਿਆ। ਇਥੇ ਪਹੁੰਚਣ ਮਗਰੋਂ ਉਸ ਨੂੰ ਆਪਣੀ ਪੇਟ-ਪੂਰਤੀ ਲਈ ਰੋਜ਼ਗਾਰ ਦੇ ਸਾਧਨ ਲੱਭਣ ਦੀ ਲੋੜ ਪਈ। 1794 ਈ: ਵਿਚ ਈਸਟ ਇੰਡੀਆ ਕੰਪਨੀ ਦੇ ਕਮਰਸ਼ਿਅਲ ਰੈਜ਼ੀਡੈਂਟ ਮਿਸਟਰ ਅਤਨੀ ਦੇ ਸਹਿਯੋਗ ਨਾਲ ਉਸ ਨੂੰ ਮਾਲਦਾ ਵਿਚ ਇੰਡੀਗੋ ਫ਼ੈਕਟਰੀ ਵਿਚ ਕੰਮ ਮਿਲ ਗਇਆ। ਇਥੇ ਕਿਸੇ ਅਸਾਧ ਰੋਗ ਕਾਰਣ ਉਸ ਦੇ ਦੋ ਬੱਚੇ ਮਰ ਗਏ। ਮਦਨਾਵਤੀ (ਜ਼ਿਲਾ ਮਾਲਦਾ) ਵਿਚ ਰਹਿੰਦਿਆਂ ਹੋਇਆਂ ਉਸ ਨੇ ਬੰਗਾਲੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਕੇ ਇਥੇ ਹੀ ਇਕ ਸਕੂਲ ਖੋਲ੍ਹਿਆ। ਅਤੇ ਇਨ੍ਹਾਂ ਭਾਸ਼ਾਵਾਂ ਦੁਆਰਾ ਉਸ ਨੇ ਈਸਾਈ ਧਰਮ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਬੰਗਾਲੀ ਭਾਸ਼ਾ ਉਸ ਨੇ ਜਹਾਜ਼ ਵਿਚ ਕਲਕੱਤੇ ਆਉਂਦਿਆਂ ਹੋਇਆਂ ਇਕ ਬੰਗਾਲੀ ਮਿੱਤਰ ਪਾਸੋਂ ਸਿੱਖਣੀ ਸ਼ੁਰੂ ਕਰ ਦਿੱਤੀ ਸੀ। ਫ਼ੈਕਟਰੀ ਦਾ ਕੰਮ ਗੰਗਾ ਨਦੀ ਵਿਚ ਹੜ੍ਹ ਆਉਣ ਕਾਰਣ ਬੰਦ ਹੋ ਗਇਆ, ਤਾਂ ਕੇਰੀ ਨੇ ਆਪਣੀ ਬਚਾਈ ਹੋਈ ਪੂੰਜੀ ਨਾਲ ਮਿਸ਼ਨ ਦੇ ਕੰਮਾਂ ਲਈ ਇਕ ਛਾਪਾਖ਼ਾਨਾ ਖ਼ਰੀਦਿਆ। ਜੋਸ਼ੂਆ ਮਾਰਸ਼ਮੈਨ ਤੇ ਵਿਲੀਅਮ ਵਾਰਡ ਉਸ ਦੀ ਸਹਾਇਤਾ ਲਈ ਆ ਪਹੁੰਚੇ। ਉਪਲਬਧ ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਈਸਾਈ ਧਰਮ ਦੇ ਪ੍ਰਚਾਰ ਦੀ ਪ੍ਰੇਰਣਾ ਉਸ ਨੂੰ ਸੀਰਾਮਪੁਰ ਦੇ ਬੈਪਟਿਸਟ ਮਿਸ਼ਨਰੀਆਂ ਪਾਸੋਂ ਪ੍ਰਾਪਤ ਹੋਈ ਸੀ।

1800 ਈ: ਵਿਚ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਤੇ ਬੈਪਟਿਸਟ ਮਿਸ਼ਨ ਦੇ ਹੋਰ ਚਾਰ ਪਰਿਵਾਰਾਂ ਦੀ ਸਾਂਝ ਨਾਲ ਸੀਰਾਮਪੁਰ ਵਿਚ ਕੇਰੀ ਨੇ ਮਿਸ਼ਨ-ਕੇਂਦਰ ਸਥਾਪਿਤ ਕੀਤਾ ਅਤੇ ਛਾਪਾਖ਼ਾਨਾ ਵੀ ਇਥੇ ਹੀ ਲਿਆਂਦਾ ਗਇਆ। ਸਭ ਤੋਂ ਪਹਿਲਾਂ ਡਾ: ਕੇਰੀ ਨੇ 1801 ਈ: ਵਿਚ ਬਾਈਬਲ ਦਾ ਬੰਗਾਲੀ ਭਾਸ਼ਾ ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕੀਤਾ। ਇਸੇ ਸਾਲ ਹੀ ਉਸ ਨੂੰ

Digitized by Panjab Digital Library | www.panjabdigilib.org

ਫ਼ੋਰਟ ਵਿਲੀਅਮ ਕਾਲਜ ਵਿਚ ਪ੍ਰੋਫੈਸਰ ਦੇ ਪਦ ਤੇ ਨਿਯੁਕਤ ਕੀਤਾ ਗਇਆ। ਇਸ ਕਾਲਜ ਵਿਚ ਭਾਰਤ ਦੀਆਂ ਕਈ ਜਨ-ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਸਨ। ਇਥੇ ਕੇਰੀ ਦੇ ਦਿਲ ਵਿਚ ਬਾਈਬਲ ਨੂੰ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਇੱਛਾ ਨੇ ਜਨਮ ਲਇਆ ਅਤੇ ਇਥੇ ਹੀ ਉਸ ਨੇ ਹੋਰ ਭਾਰਤੀ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਵੀ ਸਿੱਖੀ। 1807 ਈ: ਵਿਚ ਉਸ ਨੇ ਬਾਈਬਲ ਦਾ ਪੰਜਾਬੀ ਵਿਚ ਅਨੁਵਾਦ ਸ਼ੁਰੂ ਕੀਤਾ, ਜੋ 1811 ਈ: ਵਿਚ ਸੰਪੂਰਣ ਹੋਇਆ। 1812 ਈ: ਵਿਚ ਉਸ ਨੇ ਪੰਜਾਬੀ ਭਾਸ਼ਾ ਦੇ ਪਹਿਲੇ ਵਿਆਕਰਣ ਦੀ ਰਚਨਾ ਕੀਤੀ।

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਉਕਤ ਯੋਗਦਾਨ ਦੇਣ ਵਾਲਾ ਕੇਰੀ ਸ੍ਰੇਸ਼ਠ ਤੇ ਪ੍ਰਤਿਭਾਸ਼ਾਲੀ ਵਿਅਕਤਿਤ੍ਵ ਦਾ ਮਾਲਕ ਸੀ। ਉਹ ਪਹਿਲਾ ਵਿਦੇਸ਼ੀ ਈਸਾਈ ਮਿਸ਼ਨਰੀ ਸੀ, ਜਿਸ ਨੇ ਭੁੱਲੀ ਵਿਸਰੀ ਪੰਜਾਬੀ ਭਾਸ਼ਾ ਨੂੰ ਨਿਖਾਰ ਸ਼ਿੰਗਾਰ ਕੇ ਹੋਰ ਭਾਰਤੀ ਭਾਸ਼ਾਵਾਂ ਦੇ ਬਰਾਬਰ ਲਿਆਂਦਾ ਅਤੇ ਪੰਜਾਬੀ ਭਾਸ਼ਾ ਦੀ ਪਹਿਲੀ ਵਿਆਕਰਣ ਦੀ ਰਚਨਾ ਕਰਕੇ ਇਸ ਦੀ ਮੁੱਢਲੀ ਲੋੜ ਨੂੰ ਪੂਰਿਆਂ ਕੀਤਾ। ਵਿਲੀਅਮ ਕੇਰੀ ਦੀ ਸਰਬਪੱਖੀ ਸ਼ਖਸੀਅਤ ਤੇ ਉਸ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦਿੱਤੇ ਗਏ ਯੋਗਦਾਨ ਤੋਂ ਪ੍ਰਭਾਵਿਤ ਹੋ ਕੇ ਡਾ: ਹਰਨਾਮ ਸਿੰਘ ਸ਼ਾਨ ਨੇ ਲਿਖਿਆ :

"ਪੰਜਾਬੀ ਦੇ ਪਹਿਲੇ ਵਿਆਕਰਣ ਦੇ ਲੇਖਕ ਡਾ: ਵਿਲੀਅਮ ਕੇਰੀ (1761-1834) ਪੰਜਾਬੀ ਬੋਲੀ ਅਤੇ ਸਾਹਿਤ ਦੇ ਪਹਿਲੇ ਤੇ ਮਹਾਨ ਬਦੇਸ਼ੀ ਉਸਰਈਏ ਸਨ। ਉਹ ਭਾਰਤੀ ਪੱਤਰਕਾਰੀ, ਛਾਪੇਖ਼ਾਨੇ, ਪ੍ਰਕਾਸ਼ਨਾ ਤੇ ਪੱਛਮੀ ਭਾਂਤ ਦੀ ਸਕੂਲੀ ਵਿੱਦਿਆ ਦੇ ਵੀ ਸੰਚਾਲਕ ਸਨ। ਪੂਰਬ ਤੇ ਪੱਛਮ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਅਤੇ ਪੂਰਬੀ ਤੇ ਪੱਛਮੀ ਭਾਸ਼ਾਵਾਂ, ਸਾਹਿਤਾਂ ਸਭਿਆਚਾਰਾਂ ਦੇ ਮੇਲ ਕਰਾਣ ਵਿਚ ਉਨ੍ਹਾਂ ਮੋਢੀਆਂ ਵਰਗਾ ਕੰਮ ਕੀਤਾ।"

ਪ੍ਰਿੰ: ਪ੍ਰੀਤਮ ਸਿੰਘ ਨੇ ਵੀ ਵਿਲੀਅਮ ਕੇਰੀ ਦੀਆਂ ਇਨ੍ਹਾਂ ਮੁੱਢਲੀਆਂ ਤੇ ਉਸਾਰੂ ਕਿਰਤਾਂ ਨੂੰ ਸਨਮੁਖ ਰੱਖਦਿਆਂ ਹੋਇਆਂ ਇਸ ਪ੍ਰਕਾਰ ਲਿਖਿਆ ਹੈ :

"ਕੇਰੀ ਸਾਹਿਬ ਦੇ ਕੰਮ ਦੀ ਮਹਾਨਤਾ ਦੇ ਸਾਹਮਣੇ ਉਸ ਦੇ ਸਹਿਜਧਰਮੀਆਂ ਤੇ ਸਹਿਦੇਸ਼ੀਆਂ ਦੇ ਸਿਰ ਤਾਂ ਭਲਾ ਨਿਊਣੇ ਹੀ ਸਨ, ਸੋਚ ਤਾਂ ਇਹ ਹੈ ਕਿ ਉਸ ਦੀ ਧਰਮ-ਪ੍ਰਚਾਰ ਦੀ ਲਗਨ, ਭਾਰਤ ਦੀਆਂ ਕਈ ਭਾਸ਼ਾਵਾਂ ਦੀ ਅਨੇਕ-ਪੱਖੀ ਵ੍ਰਿਧੀ ਲਈ ਇਤਨੀ ਹਿਤਕਾਰੀ ਤੇ ਉਤਸ਼ਾਹ-ਜਨਕ ਸਾਬਤ ਹੋਈ ਹੈ ਕਿ ਪਰਧਰਮੀ ਤੇ ਪਰਦੇਸੀ ਲੋਕ ਵੀ ਉਸ ਦਾ ਰਿਣ ਨਹੀਂ ਚੁਕਾ ਸਕਦੇ। ਇਹ ਇਕੱਲਾ ਪ੍ਰਤਿਭਾਸ਼ੀਲ ਅੰਗ੍ਰੇਜ਼ ਕੋਈ ਚੌਂਤੀ ਪੈਂਤੀ ਭਾਰਤੀ ਬੋਲੀਆਂ ਵਿਚ ਬਾਈਬਲ ਦਾ ਪੂਰਾ ਅਨੁਵਾਦ ਕਰਕੇ ਜਾਂ ਕਰਵਾ ਕੇ ਛਪਵਾਉਣ ਵਿਚ ਸਫਲ ਹੋਇਆ। ਇਉਂ ਡਾ: ਕੇਰੀ ਸਾਰੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਜਾਗੇ ਸਾਹਿਤਕ ਸ਼ੌਕ ਦਾ ਪਿਤਾਮਾ ਤੇ ਆਧੁਨਿਕਤਾ ਦੇ ਪ੍ਰਵੇਸ਼ ਦਾ ਵੱਡਾ ਸਾਧਨ ਬਣਿਆ।"

1834 ਈ: ਵਿਚ ਵਿਲੀਅਮ ਕੇਰੀ ਦਾ ਮ੍ਰਿਤੂ ਹੋ ਗਈ।

ਪਾਦਰੀ ਐਲ. ਜੇਨਵੀਅਰ

ਪਾਦਰੀ ਜੇਨਵੀਅਰ ਦਾ ਜਨਮ 25 ਅਪ੍ਰੈਲ 1816 ਈ: ਨੂੰ ਨਿਊ ਜਰਸੀ ਦੇ ਪ੍ਰਦੇਸ਼ ਵਿਚ

Digitized by Panjab Digital Library | www.panjabdigilib.org

ਹੋਇਆ। ਉਸ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਪਾਦਰੀ ਜੈਨਕਿਨ ਦੀ ਕਿਰਪਾ ਨਾਲ ਉਸ ਨੇ ਗਣਿਤ ਵਿੱਦਿਆ ਵਿਚ ਵੀ ਪ੍ਰਬੀਨਤਾ ਹਾਸਿਲ ਕਰ ਲਈ ਅਤੇ ਫ਼ਿਰ ਲਾਰੈਂਸ ਵਲ ਚਾਲੇ ਪਾ ਦਿੱਤੇ। ਇਥੋਂ ਉਹ ਪ੍ਰਿੰਸਟਨ ਚਲਾ ਗਇਆ, ਜਿਥੇ ਉਸ ਨੇ ਫ਼ਰਾਂਸੀਸੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ ਅਤੇ ਇਥੇ ਹੀ ਯਿਸੂ ਮਸੀਹ ਦੇ ਚਰਚ ਦਾ ਮੈਂਬਰ ਬਣਿਆ। ਇਸ ਤੋਂ ਮਗਰੋਂ ਮਿਸ਼ਨ ਦੇ ਕੰਮਾਂ ਵਿਚ ਉਸ ਨੇ ਬੜੀ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਬੋਰਡ ਆਫ਼ ਫੌਰਿਨ ਮਿਸ਼ਨ ਦੀ ਆਗਿਆ ਨਾਲ ਉਹ ਆਪਣੀ ਪਤਨੀ ਸਮੇਤ ਸਤੰਬਰ 1841 ਈ: ਵਿਚ ਪ੍ਰਿੰਸਟਨ ਤੋਂ ਚੱਲ ਪਇਆ। 1842 ਈ: ਵਿਚ ਉਹ ਆਪਣੇ ਨਵੇਂ ਟਿਕਾਣੇ ਲੁਧਿਆਣੇ ਵਿਚ ਪਹੁੰਚ ਗਇਆ।

ਉਸ ਨੇ ਲੁਧਿਆਣੇ ਵਿਚ ਆ ਕੇ ਧਰਮ-ਪ੍ਰਚਾਰ ਤੇ ਅਨੁਵਾਦਾਂ ਦੇ ਕਾਰਜ ਨੂੰ ਸੰਭਾਲਿਆ ਅਤੇ ਨਾਲ ਹੀ ਹਿੰਦੂ ਸਕੂਲ ਵਿਚ ਅਧਿਆਪਕ ਦਾ ਕੰਮ ਵੀ ਸਫ਼ਲਤਾ ਸਹਿਤ ਨਿਭਾਉਂਦਾ ਰਹਿਆ। ਇਥੇ ਹੀ ਉਸ ਨੇ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ ਅਤੇ ਹੋਰ ਮਿਸ਼ਨਰੀਆਂ ਦੇ ਸਹਿਯੋਗ ਨਾਲ ਉਸ ਨੇ ਪੰਜਾਬੀ ਭਾਸ਼ਾ ਦਾ ਪਹਿਲਾ ਸ਼ਬਦ-ਕੋਸ਼ ਤਿਆਰ ਕੀਤਾ। ਈਸਾਈ ਧਰਮ ਦਾ ਪ੍ਰਚਾਰ ਕਰਦਿਆਂ ਹੋਇਆਂ ਹੀ ਇਕ ਦਿਨ ਉਸ ਨੂੰ ਮੌਤ ਦਾ ਸੱਦਾ ਆ ਗਇਆ। ਆਨੰਦਪੁਰ ਵਿਚ ਲੱਗੇ ਹੋਏ ਇਕ ਮੇਲੇ ਵਿਚ ਧਰਮ-ਪ੍ਰਚਾਰ ਸੰਬੰਧੀ ਪੁਸਤਕਾਂ ਵੰਡਣ ਲਈ ਗਇਆ ਅਤੇ ਉਥੇ ਇਕ ਨਿਹੰਗ ਸਿੰਘ ਦੇ ਕ੍ਰੋਧ ਦਾ ਸ਼ਿਕਾਰ ਬਣ ਕੇ 1864 ਈ: ਵਿਚ ਚਲਾਣਾ ਕਰ ਗਇਆ।

ਜੇਨਵੀਅਰ ਨੇ ਕਈ ਸਾਲ ਮਿਸ਼ਨ ਦੇ ਕੰਮ ਨੂੰ ਚਲਾਇਆ ਅਤੇ ਪੰਜਾਬੀ ਭਾਸ਼ਾ ਵਿਚ ਕੁਝ ਪੁਸਤਕਾਂ ਦਾ ਅਨੁਵਾਦ ਵੀ ਕੀਤਾ। ਪੰਜਾਬੀ ਸ਼ਬਦ-ਕੋਸ਼ ਦੀ ਤਿਆਰੀ ਵਿਚ ਵੀ ਉਸ ਦਾ ਵਿਸ਼ੇਸ਼ ਹੱਥ ਸੀ। ਪੰਜਾਬੀ ਅਨੁਵਾਦਕ ਤੇ ਕੋਸ਼ਕਾਰ ਦੇ ਰੂਪ ਵਿਚ ਉਸ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਸਚਿਤ ਸਥਾਨ ਹੈ।

ਪਾਦਰੀ ਜਾਨ ਨਿਊਟਨ

ਪਾਦਰੀ ਜਾਨ ਨਿਊਟਨ ਦੀ ਜਨਮ-ਤਿਥੀ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਉਹ ਅਮਰੀਕਾ ਦਾ ਜੰਮਪਲ ਸੀ ਅਤੇ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ ਦਾ ਮੈਂਬਰ ਸੀ। ਧਰਮ-ਪ੍ਰਚਾਰ ਦੇ ਕਾਰਜ ਲਈ ਉਹ ਅਮਰੀਕਾ ਤੋਂ ਪਾਦਰੀ ਵਿਲਸਨ ਨਾਲ 8 ਦਸੰਬਰ 1835 ਈ: ਵਿਚ ਲੁਧਿਆਣੇ ਪਹੁੰਚਿਆ। ਉਸ ਨੇ ਆਪਣੇ ਨਾਲ ਕਲਕੱਤੇ ਤੋਂ ਇਕ ਲੱਕੜੀ ਦਾ ਪ੍ਰੈਸ ਵੀ ਲੁਧਿਆਣੇ ਲਿਆਂਦਾ। ਇਥੇ ਆ ਕੇ ਉਸ ਨੇ ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ ਅਤੇ ਪੰਜਾਬੀ ਅੱਖਰਮਾਲਾ ਤਿਆਰ ਕਰ ਕੇ ਮਿਸ਼ਨ ਪ੍ਰੈਸ ਵਿਚ ਪੰਜਾਬੀ ਸ਼ਬਦ-ਕੋਸ਼ ਤੇ ਹੋਰ ਅਨੇਕਾਂ ਪੰਜਾਬੀ ਪੁਸਤਕਾਂ ਮੁਦ੍ਰਿਤ ਕਰਵਾਈਆਂ। ਨਾਲ ਨਾਲ ਉਹ ਮਿਸ਼ਨ-ਸਕੂਲ ਵਿਚ ਅਧਿਆਪਨ-ਕਾਰਜ ਵੀ ਕਰਦਾ ਰਹਿਆ।

ਵਿਲੀਅਮ ਕੇਰੀ ਦੁਆਰਾ ਲਿਖਿਤ ਪੰਜਾਬੀ ਵਿਆਕਰਣ ਵਿਚ ਉਸ ਨੂੰ ਕਈ ਅਸ਼ੁੱਧੀਆਂ ਨਜ਼ਰ ਆਈਆਂ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਉਸ ਨੇ ਪੰਜਾਬੀ ਭਾਸ਼ਾ ਦਾ ਇਕ ਨਵਾਂ

Digitized by Panjab Digital Library | www.panjabdigilib.org

ਵਿਆਕਰਣ 1851 ਈ: ਵਿਚ ਪ੍ਰਕਾਸ਼ਿਤ ਕੀਤਾ। ਇਹ ਵਿਆਕਰਣ ਨਿਰਸੰਦੇਹ ਕੇਰੀ ਦੇ ਵਿਆਕਰਣ ਨਾਲੋਂ ਚੰਗਾ ਸੀ, ਪਰ ਇਹ ਵੀ ਪੂਰਣ ਭਾਂਤ ਪ੍ਰਮਾਣਿਕ ਵਿਆਕਰਣ ਦਾ ਦਰਜਾ ਪ੍ਰਾਪਤ ਨਾ ਕਰ ਸਕਿਆ, ਕਿਉਂਕਿ ਕੁਝ ਉਕਾਈਆਂ ਇਸ ਵਿਚ ਵੀ ਰਹਿ ਗਈਆਂ। ਪਰ ਫ਼ਿਰ ਵੀ ਨਿਊਟਨ ਦਾ ਇਹ ਜਤਨ ਸ਼ਲਾਘਾਯੋਗ ਸੀ।

ਨਿਊਟਨ ਨੇ ਕਈ ਵਰ੍ਹਿਆਂ ਤਕ ਲਗਾਤਾਰ ਲੁਧਿਆਣੇ ਵਿਚ ਰਹਿ ਕੇ ਮਿਸ਼ਨ ਦੀ ਸੇਵਾ ਕੀਤੀ ਅਤੇ ਪੰਜਾਬੀ ਵਿਚ ਕਈ ਪੁਸਤਕਾਂ ਛਪਵਾਈਆਂ।

ਪਾਦਰੀ ਵਿਲਸਨ

ਪਾਦਰੀ ਵਿਲਸਨ ਆਪਣੀ ਪਤਨੀ ਸਹਿਤ ਜਾਨ ਨਿਊਟਨ ਦੇ ਨਾਲ ਅਮਰੀਕਾ ਤੋਂ ਧਰਮ-ਪ੍ਰਚਾਰ ਦੇ ਮਨੋਰਥ ਨਾਲ ਭਾਰਤ ਆਇਆ। ਕਲਕੱਤੇ ਪਹੁੰਚਣ ਮਗਰੋਂ ਜਾਨ ਨਿਊਟਨ ਦੀ ਸਲਾਹ ਅਤੇ ਜਾਨ ਸੀ. ਲੌਰੀ ਦੀ ਪ੍ਰੇਰਣਾ ਨਾਲ ਉਸ ਨੇ ਕਲਕੱਤੇ ਤੋਂ ਲੱਕੜ ਦਾ ਪ੍ਰੈਸ ਖ਼ਰੀਦਿਆ ਅਤੇ ਦੋਵੇਂ ਇਸ ਨੂੰ ਲੁਧਿਆਣੇ ਵਿਚ ਲੈ ਆਏ। ਇਥੇ ਆ ਕੇ ਵਿਲਸਨ ਨੇ ਬੜੇ ਜ਼ੋਰ ਸ਼ੋਰ ਨਾਲ ਈਸਾਈ ਧਰਮ ਦੇ ਪ੍ਰਚਾਰ ਦਾ ਕਾਰਜ ਆਰੰਭ ਕੀਤਾ। ਬਹੁਤ ਥੋੜ੍ਹੇ ਸਮੇਂ ਵਿਚ ਹੀ ਉਸ ਨੇ ਪੰਜਾਬੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਲਈ।

ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨ ਮਗਰੋਂ ਉਸ ਨੇ ਪੰਜਾਬੀ ਸ਼ਬਦ-ਕੋਸ਼ ਨੂੰ ਤਿਆਰ ਕਰਨ ਵਿਚ ਪਾਦਰੀ ਨਿਊਟਨ ਤੇ ਪਾਦਰੀ ਜੇਨਵੀਅਰ ਦਾ ਹੱਥ ਵਟਾਇਆ। ਇਸ ਤੋਂ ਇਲਾਵਾ ਉਸ ਨੇ ਮਿਸਟਰ ਈ: ਓ'ਬ੍ਰੇਨ ਦੁਆਰਾ ਲਿਖਿਤ 'ਦੱਖਣ-ਪੱਛਮੀ ਪੰਜਾਬੀ ਜਾਂ ਮੁਲਤਾਨੀ ਸ਼ਬਦ-ਕੋਸ਼' ਨੂੰ ਮੁੜ ਸੋਧਿਆ, ਜੋ 1903 ਈ ਵਿਚ ਪ੍ਰਕਾਸ਼ਿਤ ਹੋਇਆ।

ਪਾਦਰੀ ਈ. ਪੀ. ਨਿਊਟਨ

ਪਾਦਰੀ ਈ. ਪੀ. ਨਿਊਟਨ ਦਾ ਜਨਮ 24 ਜੂਨ 1874 ਈ: ਨੂੰ ਲੁਧਿਆਣੇ ਵਿਚ ਹੋਇਆ। ਇਸ ਦੇ ਪਿਤਾ ਦਾ ਨਾਮ ਜਾਨ ਨਿਊਟਨ ਸੀ। ਪਿਤਾ ਦੀਆਂ ਧਰਮ-ਪ੍ਰਚਾਰ ਦੇ ਖੇਤਰ ਵਿਚ ਗਤੀ-ਵਿਧੀਆਂ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਵੀ ਈਸਾਈ ਧਰਮ ਦਾ ਪ੍ਰਚਾਰ ਕਰਨਾ ਆਰੰਭ ਕੀਤਾ। ਲੁਧਿਆਣੇ ਵਿਚ ਰਹਿੰਦਿਆਂ ਉਸ ਨੇ ਪੰਜਾਬੀ ਭਾਸ਼ਾ ਦੀ ਚੰਗੀ ਤਰ੍ਹਾਂ ਮੁਹਾਰਤ ਹਾਸਿਲ ਕਰ ਲਈ। ਪੰਜਾਬੀ ਸ਼ਬਦ-ਕੋਸ਼ ਦੀ ਤਿਆਰੀ ਵਿਚ ਵੀ ਉਹ ਆਪਣੇ ਪਿਤਾ ਨੂੰ ਲੋੜੀਂਦਾ ਸਹਿਯੋਗ ਦਿੰਦਾ ਰਹਿਆ।

ਆਪਣੇ ਪਿਤਾ ਜਾਨ ਨਿਊਟਨ ਦੁਆਰਾ 1851 ਈ: ਵਿਚ ਪ੍ਰਕਾਸ਼ਿਤ ਹੋਈ ਪੰਜਾਬੀ ਵਿਆਕਰਣ ਉਸ ਨੂੰ ਬਹੁਤੀ ਪ੍ਰਮਾਣਿਕ ਨਾ ਜਾਪੀ, ਸੋ ਉਸਨੇ 1896 ਈ: ਵਿਚ 'ਪੰਜਾਬੀ ਮੈਨੂਅਲ ਐਂਡ ਗਰਾਮਰ' ਲਿਖ ਕੇ ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਦੇ ਅੰਤ ਵਿਚ ਉਸ ਨੇ ਪੰਜਾਬੀ ਸ਼ਬਦ-ਜੋੜਾਂ ਦੀ ਇਕ ਸ਼ਬਦਾਵਲੀ ਵੀ ਦਿੱਤੀ। ਇਹ ਪੁਸਤਕ ਜਾਨ ਨਿਊਟਨ ਦੀ ਵਿਆਕਰਣ ਨਾਲੋਂ ਵਧੇਰੇ ਲਾਭਦਾਇਕ ਸਿੱਧ ਨਾ ਹੋ ਸਕੀ ਅਤੇ ਕਈਆਂ ਪੱਖਾਂ ਤੋਂ ਤਾਂ ਇਹ ਉਸ ਨਾਲੋਂ ਵੀ ਹਲਕੇ ਪੱਧਰ ਦੀ ਸੀ।

Digitized by Panjab Digital Library | www.panjabdigilib.org

ਈ. ਪੀ. ਨਿਊਟਨ ਦੇ ਉੱਦਮ ਨਾਲ ਲੁਧਿਆਣਾ ਮਿਸ਼ਨ ਦੁਆਰਾ ਕਈ ਪੁਸਤਕਾਂ ਪ੍ਰਕਾਸ਼ਿਤ ਹੋਈਆਂ। 1924 ਈ: ਵਿਚ ਉਸ ਦੀ ਮ੍ਰਿਤੂ ਹੋ ਗਈ।

ਪਾਦਰੀ ਜੋਜ਼ਫ ਪੋਰਟਰ

ਪਾਦਰੀ ਜੋਜ਼ਫ ਪੋਰਟਰ ਦਾ ਜਨਮ 5 ਫ਼ਰਵਰੀ 1808 ਈ: ਨੂੰ ਓਹਿਓ (Ohio) ਦੀ ਰਿਆਸਤ ਵਿਖੇ ਹੋਇਆ। ਛੋਟੀ ਜਿਹੀ ਅਵਸਥਾ ਵਿਚ ਹੀ ਉਸ ਨੇ ਆਪਣਾ ਸਾਰਾ ਧਿਆਨ ਧਰਮ-ਕਾਰਜਾਂ ਵਲ ਲਗਾ ਦਿੱਤਾ। ਯੁਵਾਅਵਸਥਾ ਵਿਚ ਹੀ ਉਹ ਈਸਾਈ ਧਰਮ ਦੇ ਪ੍ਰਚਾਰ ਲਈ ਤਤਪਰ ਹੋ ਗਇਆ। 1835 ਈ: ਵਿਚ ਉਹ ਆਪਣੀ ਸੁਪਤਨੀ ਸਮੇਤ ਭਾਰਤ ਵਲ ਚਲ ਪਇਆ ਅਤੇ ਦਸੰਬਰ 1836 ਈ: ਵਿਚ ਉਹ ਲੁਧਿਆਣੇ ਆ ਪਹੁੰਚਿਆ। 1842 ਈ: ਵਿਚ ਉਸ ਦੀ ਪਤਨੀ ਸਵਰਗਵਾਸ ਹੋ ਗਈ। ਇਸ ਸਦਮੇ ਨੇ ਉਸ ਨੂੰ ਬਹੁਤ ਨਿਤਾਣਾਂ ਕਰ ਦਿੱਡਾ, ਪਰ ਫਿਰ ਵੀ ਉਸ ਨੇ ਧਰਮ-ਪ੍ਰਚਾਰ ਦਾ ਕੰਮ ਨਾ ਤਿਆਗਿਆ ਅਤੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਤਕ ਇਸ ਫ਼ਰਜ਼ ਨੂੰ ਸਫ਼ਲਤਾ ਸਹਿਤ ਨਿਭਾਉਂਦਾ ਰਹਿਆ।

1849-51 ਈ: ਦੀਆਂ ਲੁਧਿਆਣਾ ਮਿਸ਼ਨ ਦੁਆਰਾ ਪ੍ਰਕਾਸ਼ਿਤ ਸਾਲਾਨਾ ਰੀਪੋਰਟਾਂ ਪਾਦਰੀ ਪੋਰਟਰ ਦੀ ਨਿਗਰਾਨੀ ਹੇਠਾਂ ਛਪੀਆਂ ਤੇ ਅਨੁਵਾਦ ਹੋਈਆਂ ਪੁਸਤਕਾਂ ਦੀ ਸੂਚੀ ਪੇਸ਼ ਕਰਦੀਆਂ ਹਨ। ਪੰਜਾਬੀ ਭਾਸ਼ਾ ਉਸ ਨੇ ਹੋਰ ਮਿਸ਼ਨਰੀ ਪ੍ਰਚਾਰਕਾਂ ਦੀ ਦੇਖਾ ਦੇਖੀ ਜਲਦੀ ਹੀ ਸਿੱਖ ਲਈ ਸੀ। ਪੰਜਾਬੀ ਭਾਸ਼ਾ ਵਿਚ ਉਸ ਨੇ ਕੁਝ ਨਿੱਕੇ ਨਿੱਕੇ ਪੈਂਫਲਿਟਾਂ ਦਾ ਅਨੁਵਾਦ ਵੀ ਕੀਤਾ।

ਸਾਧੂ ਸੁੰਦਰ ਸਿੰਘ

ਸਾਧੂ ਸੁੰਦਰ ਸਿੰਘ ਪਿੰਡ ਰਾਮਪੁਰ (ਜ਼ਿਲਾ ਲੁਧਿਆਣਾ) ਦਾ ਵਸਨੀਕ ਸੀ। ਉਸ ਦੇ ਘਰ ਵਾਲੇ ਹਿੰਦੂ ਸ਼ਾਸਤ੍ਰਾਂ ਦੇ ਪੂਜਕ ਸਨ। ਉਸ ਦਾ ਪਿਤਾ ਸਿਖ ਤੇ ਮਾਂ ਹਿੰਦੂ ਸੀ। ਬਚਪਨ ਵਿਚ ਹੀ ਸੁੰਦਰ ਸਿੰਘ ਦਾ ਮਨ ਘਰ ਤੇ ਹਿੰਦੂ ਧਰਮ-ਸ਼ਾਸਤ੍ਰਾਂ ਵਲੋਂ ਉਚਾਟ ਹੋ ਗਇਆ। ਉਸ ਨੇ ਇਨ੍ਹਾਂ ਦਾ ਅਧਿਐਨ ਕੀਤਾ, ਪਰ ਉਸ ਨੂੰ ਕੋਈ ਆਤਮਕ ਸੰਤੁਸ਼ਟੀ ਪ੍ਰਾਪਤ ਨਾ ਹੋ ਸਕੀ। ਮੁੱਢਲੀ ਵਿਦਿਆ ਏ. ਪੀ. ਮਿਸ਼ਨ ਸਕੂਲ ਵਿਚ ਪ੍ਰਾਪਤ ਕਰਦਿਆਂ ਹੀ ਉਸ ਦਾ ਝੁਕਾਅ ਈਸਾਈ ਮਤ ਵਲ ਹੋ ਗਇਆ ਸੀ। ਮਾਪਿਆਂ ਨੇ ਦੁਖੀ ਹੋ ਕੇ ਉਸ ਨੂੰ ਘਰੋਂ ਕੱਢ ਦਿੱਤਾ। ਸੁੰਦਰ ਸਿੰਘ ਘਰੋਂ ਨਿਕਲ ਆਇਆ ਤੇ ਉਸ ਨੇ ਆਪਣੇ ਕੇਸ ਕਟਵਾ ਲਏ। ਉਹ ਬਪਤਿਸਮਾ ਧਾਰਣ ਕਰਕੇ ਈਸਾਈ ਮਤ ਵਿਚ ਦਾਖ਼ਲ ਹੋ ਗਇਆ। ਇਸ ਸਮੇਂ ਉਸ ਦੀ ਉਮਰ ਸੋਲ੍ਹਾਂ ਵਰ੍ਹਿਆਂ ਦੀ ਸੀ।

ਬਪਤਿਸਮਾ ਧਾਰਣ ਕਰਨ ਮਗਰੋਂ ਉਹ ਸੰਨਿਆਸੀ ਬਣ ਗਇਆ। ਪਥਰੀਲੀਆਂ ਸੜਕਾਂ ਉਤੇ ਨੰਗੇ ਪੈਰੀਂ ਯਾਤਰਾ ਕਰਦਿਆਂ ਉਹ ਸਿੰਧ, ਬਲੋਚਿਸਤਾਨ ਤੋਂ ਹੁੰਦਾ ਹੋਇਆ ਪਿਸ਼ਾਵਰ ਜਾ ਪਹੁੰਚਿਆ। ਇਸ ਯਾਤਰਾ ਦੇ ਦੌਰਾਨ ਉਸ ਨੇ ਡੱਟਕੇ ਈਸਾਈ ਮਤ ਦਾ ਪ੍ਰਚਾਰ ਕੀਤਾ। ਸਰਹੱਦੀ ਸੂਬੇ ਲੰਘਦਾ ਹੋਇਆ ਉਹ ਕਸ਼ਮੀਰ ਜਾ ਪਹੁੰਚਿਆ। 1918 ਈ: ਤੋਂ ਮਗਰੋਂ ਉਸ ਦੀ ਪ੍ਰਸਿੱਧੀ ਦੇਸ਼ਾਂ ਵਿਦੇਸ਼ਾਂ ਵਿਚ ਫ਼ੈਲ ਗਈ। ਸਾਰੇ ਭਾਰਤ ਦਾ ਦੌਰਾ ਕਰਨ ਮਗਰੋਂ ਉਸ ਨੇ ਤਿੱਬਤ ਵਲ ਚਾਲੇ ਪਾ ਦਿੱਤੇ। ਤਿੱਬਤ ਵਿਚ ਉਸ ਨੇ ਇਕ ਧਾਰਮਿਕ ਵਿਦਿਆਲਯ ਖੋਲ੍ਹਿਆ, ਜਿਥੇ ਸੈਂਕੜੇ

Digitized by Panjab Digital Library | www.panjabdigilib.org

ਲੋਕ ਉਸ ਦੇ ਮੁਰੀਦ ਬਣੇ। ਮਗਰੋਂ ਉਹ ਲੰਕਾ ਤੇ ਦੂਰ-ਪੂਰਬ ਵਲੋਂ ਹੁੰਦਾ ਹੋਇਆ ਯੂਰਪ ਜਾ ਪਹੁੰਚਿਆ। ਹੁਣ ਤਕ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਹਜ਼ਾਰਾਂ ਤਕ ਪਹੁੰਚ ਚੁੱਕੀ ਸੀ। ਇਸ ਤੋਂ ਮਗਰੋਂ ਉਹ ਸਪਾਟੂ ਵਿਚ ਮੁੜ ਆਇਆ। ਇਥੇ ਉਸ ਨੇ ਆਪਣੇ ਉੱਦੇਸ਼ਾਂ ਨੂੰ ਲਿਖਤੀ ਰੂਪ ਦਿੱਤਾ। 'ਸੱਚਾ ਜੀਵਨ' ਅਤੇ 'ਮਸੀਹੀ ਦੇ ਬਿਨਾਂ ਤੇ ਮਸੀਹੀ ਦੇ ਨਾਲ' ਦੋ ਪੁਸਤਕਾਂ ਉਸਨੇ ਪੰਜਾਬੀ ਭਾਸ਼ਾ ਵਿਚ ਲਿਖੀਆਂ। ਇਨ੍ਹਾਂ ਦਿਨਾਂ ਵਿਚ ਉਹ ਕਾਫ਼ੀ ਬੀਮਾਰ ਰਹਿਣ ਲੱਗ ਪਇਆ।

ਅੰਤਿਮ ਦਿਨਾਂ ਵਿਚ ਜਦੋਂ ਸਾਧੂ ਸਪਾਟੂ ਵਿਚ ਸੀ, ਤਾਂ ਉਹ ਤਿੱਬਤ ਜਾਣ ਲਈ ਬਹੁਤ ਬੇਚੈਨ ਸੀ, ਪਰ ਰੋਗ ਨੇ ਇਹ ਸਫ਼ਰ ਲਗਭਗ ਅਸੰਭਵ ਕਰ ਦਿੱਤਾ ਸੀ। ਅਪ੍ਰੈਲ, 1927 ਵਿਚ ਉਹ ਤਿੱਬਤੀ ਵਪਾਰੀਆਂ ਦੇ ਨਾਲ ਰਿਸ਼ੀਕੇਸ਼ ਤੋਂ ਤੁਰ ਪਇਆ। ਅਜੇ ਮਸਾਂ ਚਾਲ੍ਹੀ ਕੁ ਮੀਲ ਦੀ ਵਾਟ ਮੁੱਕੀ ਸੀ ਕਿ ਉਸ ਦੇ ਮੂੰਹ ਵਿਚੋਂ ਖ਼ੂਨ ਵਗਣਾ ਸ਼ੁਰੂ ਹੋ ਗਇਆ। ਬੇਹੋਸ਼ੀ ਦੀ ਹਾਲਤ ਵਿਚ ਕੁਝ ਲੋਕ ਉਸ ਨੂੰ ਰੇਲ ਦੇ ਸਟੇਸ਼ਨ ਉਤੇ ਛੱਡ ਕੇ ਚਲੇ ਗਏ। ਕੋਈ ਇਕ ਵਰ੍ਹੇ ਮਗਰੋਂ ਉਹ ਫ਼ਿਰ ਤਿੱਬਤ ਵਲ ਤੁਰ ਪਇਆ ਅਤੇ ਉਸ ਤੋਂ ਮਗਰੋਂ ਲੱਖ ਭਾਲ ਕਰਨ ਮਗਰੋਂ ਵੀ ਉਸ ਦੀ ਲਾਸ਼ ਨਹੀਂ ਲੱਭੀ। ਅਜਿਹਾ ਸਮਝਿਆ ਜਾਂਦਾ ਹੈ ਕਿ ਮਾਰਗ ਵਿਚ ਹੀ ਉਸਦੀ ਮ੍ਰਿਤੂ ਹੋ ਗਈ।

ਜਨਮ-ਸਥਾਨ ਪੰਜਾਬੀ ਹੋਣ ਕਰਕੇ ਉਸ ਨੂੰ ਪੰਜਾਬੀ ਭਾਸ਼ਾ ਦਾ ਬਹੁਤ ਗਿਆਨ ਸੀ, ਪਰ ਫ਼ਿਰ ਵੀ ਉਸ ਨੇ ਪੰਜਾਬੀ ਭਾਸ਼ਾ ਦਾ ਡੂੰਘਾ ਗਿਆਨ ਪ੍ਰਾਪਤ ਕੀਤਾ, ਤਾਂ ਕਿ ਉਹ ਬਾਈਬਲ ਦੇ ਪੁਰਾਣੇ ਤੇ ਨਵੇਂ ਨੇਮਾਂ ਦਾ ਪੰਜਾਬੀ ਭਾਸ਼ਾ ਵਿਚ ਚੰਗਾ ਅਨੁਵਾਦ ਕਰ ਸਕੇ। ਸਾਧੂ ਸੁੰਦਰ ਸਿੰਘ ਦੇ ਇਸ ਅਨੁਵਾਦ-ਕਲਾ ਦੇ ਗੁਣ ਵਲ ਸੰਕੇਤ ਕਰਦਿਆਂ ਡਾ: ਸੀ. ਐਚ. ਲੋਹਿਲਿਨ ਲਿਖਦਾ ਹੈ :

"ਉੱਤਰੀ ਭਾਰਤ ਦੇ ਯੂਨਾਈਟਿਡ ਚਰਚ ਦੇ ਰੀਟਾਇਰਡ ਪਾਦਰੀ ਸਾਧੂ ਸੁੰਦਰ ਸਿੰਘ ਪੰਜਾਬੀ ਅਨੁਵਾਦਕਾਰਾਂ ਵਿਚੋਂ ਇਕ ਮਹਾਨ ਅਨੁਵਾਦਕਾਰ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਈਸਾਈ ਧਰਮ ਦੇ ਪ੍ਰਚਾਰ ਵਿਚ ਲੰਘਾ ਦਿੱਤਾ।"

ਭਾਵੇਂ ਇਹ ਕਥਨ ਅਸਲੋਂ ਅਸਪਸ਼ਟ ਹੈ ਅਤੇ ਕਿਸੇ ਨਿਸਚਿਤ ਤੱਥ ਵਲ ਸੰਕੇਤ ਨਹੀਂ ਕਰਦਾ, ਪਰ ਇਤਨਾ ਅਵੱਸ਼ ਪਤਾ ਲੱਗਦਾ ਹੈ ਕਿ ਉਹ ਇਕ ਲੇਖਕ ਹੋਣ ਦੇ ਨਾਲ ਨਾਲ ਅਨੁਵਾਦਕ ਵੀ ਸੀ।

ਸਾਈਂ ਸੁੱਚਾ ਸਿੰਘ

ਪਾਦਰੀ ਸਾਈਂ ਸੁੱਚਾ ਸਿੰਘ ਸਾਰੇ ਪੰਜਾਬ ਦੇ ਮਸੀਹੀ ਤੇ ਗ਼ੈਰ-ਮਸੀਹੀ ਲੋਕਾਂ ਵਿਚ ਬਹੁਤ ਪ੍ਰਸਿੱਧ ਸੀ। ਕਹਿੰਦੇ ਹਨ ਕਿ "ਜਦੋਂ ਤਕ ਉਸ ਨੇ ਮਸੀਹੀ ਨੂੰ ਆਪਣੇ ਅੱਖੀਂ ਨਾ ਵੇਖ ਲਇਆ, ਉਦੋਂ ਤਕ ਉਸ ਦਾ ਧਰਮ ਗ੍ਰਹਿਣ ਨਹੀਂ ਕੀਤਾ। ਬਪਤਿਸਮਾ ਧਾਰਣ ਕਾਰਨ ਮਗਰੋਂ ਕਈ ਵਰ੍ਹਿਆਂ ਤਕ ਉਸ ਨੇ ਕੋੜ੍ਹੀਆਂ ਦੇ ਬੱਚਿਆਂ ਨੂੰ ਦੀਨੀ ਤੇ ਦੁਨਿਆਵੀ ਸਿੱਖਿਆ ਦਿੱਤੀ। 1906 ਈ: ਵਿਚ ਪਾਦਰੀ ਜਾਨ ਹਾਈਡ ਦੇ ਸੱਦੇ ਉਤੇ ਉਹ ਮੋਗੇ ਵਿਚ ਆ ਗਇਆ ਅਤੇ ਬਾਕੀ ਦੀ ਸਾਰੀ ਉਮਰ ਉਸ ਨੇ ਮੋਗੇ ਵਿਚ ਹੀ ਗੁਜ਼ਾਰੀ। 1920 ਈ: ਵਿਚ ਈਸਾਈ ਮਿਸ਼ਨਰੀਆਂ ਦੀ ਨੌਕਰੀ ਤਿਆਗ

Digitized by Panjab Digital Library | www.panjabdigilib.org

ਕੇ ਉਸ ਨੇ ਈਸਾਈ ਧਰਮ ਦੇ ਪ੍ਰਚਾਰ ਦਾ ਕੰਮ ਮੁਫ਼ਤ ਕਰਨਾ ਆਰੰਭ ਕੀਤਾ। ਇਸ ਹਾਲਤ ਵਿਚ ਉਸ ਦੇ ਸਾਰੇ ਪਰਿਵਾਰ ਨੂੰ ਸਲੀਬ ਦੇ ਮਾਰਗ ਉਤੇ ਤੁਰਨਾ ਪਇਆ। ਉਹ ਬਹੁਤ ਦਲੇਰ ਤੇ ਨਿਧੜਕ ਵਿਅਕਤੀ ਸੀ। ਉਹ ਸਾਰੀ ਉਮਰ ਉਪਦੇਸ਼-ਕਾਰਜ ਵਿਚ ਹੀ ਲੱਗਾ ਰਹਿਆ। ਉਹ ਨਿਰੰਤਰ ਕਈ ਕਈ ਘੰਟੇ ਪ੍ਰਭੂ ਦੀ ਪ੍ਰਾਰਥਨਾ ਵਿਚ ਬਿਤਾਉਂਦਾ ਸੀ। ਉਸ ਦਾ ਜੀਵਨ ਅੰਦਰੋਂ ਬਾਹਰੋਂ ਇਕੋ ਜਿਹਾ ਸੀ। ਲੁਧਿਆਣਾ ਮਿਸ਼ਨ ਵਾਲਿਆਂ ਦੀ ਪ੍ਰੇਰਣਾ ਨਾਲ ਸਾਈਂ ਸੁੱਚਾ ਸਿੰਘ ਨੇ ਪੰਜਾਬੀ ਭਾਸ਼ਾ ਵਿਚ ਬਾਈਬਲ ਦੇ ਨਵੇਂ ਨੇਮ ਦਾ ਕੁਝ ਭਾਗ ਉਲਥਾਇਆ। ਇਹ ਅਨੁਵਾਦ ਲਘੂ-ਪੋਥੀਆਂ ਦੇ ਰੂਪ ਵਿਚ ਮਿਸ਼ਨ ਪ੍ਰੈਸ, ਲੁਧਿਆਣਾ ਤੋਂ ਸਮੇਂ ਸਮੇਂ ਸਿਰ ਪ੍ਰਕਾਸ਼ਿਤ ਹੁੰਦੇ ਰਹੇ। 8 ਮਈ 1961 ਈ: ਨੂੰ ਉਸ ਦੀ ਮ੍ਰਿਤੂ ਹੋ ਗਈ। ਈਸਾਈ ਅਨੁਵਾਦਕਾਰਾਂ ਵਿਚ ਉਸ ਦੀ ਗਣਨਾ ਕੀਤੀ ਜਾਣੀ ਅਯੋਗ ਨਹੀਂ।

ਐਫ. ਐਸ. ਤਾਜ

ਐਫ. ਐਸ. ਤਾਜ ਨੇ ਆਪਣੀ ਮੁੱਢਲੀ ਵਿਦਿਆ ਮਿਸ਼ਨ ਸਕੂਲ, ਮੋਗਾ ਤੋਂ ਪ੍ਰਾਪਤ ਕੀਤੀ ਅਤੇ ਆਪਣੀ ਯੁਵਾਅਵਸਥਾ ਵਿਚ ਬਪਤਿਸਮਾ ਲੈ ਕੇ ਈਸਾਈ ਮਤ ਧਾਰਣ ਕਰ ਲਇਆ। ਮਿਸ਼ਨ ਕੰਪਾਊਂਡ, ਮੋਗੇ ਵਿਚ ਰਹਿੰਦਿਆਂ ਹੋਇਆਂ ਕਈ ਵਰ੍ਹਿਆਂ ਤੋਂ ਉਹ ਈਸਾਈ ਧਰਮ ਦੇ ਪ੍ਰਚਾਰ ਲਈ ਹੁਣ ਤਕ ਪੰਜਾਬੀ ਭਾਸ਼ਾ ਵਿਚ ਕੁਝ ਨਾ ਕੁਝ ਲਿਖਦਾ ਚਲਾ ਆ ਰਹਿਆ ਹੈ। ਉਸ ਨੇ ਪੰਜਾਬੀ ਭਾਸ਼ਾ ਵਿਚ ਸਾਧੂ ਸੁੰਦਰ ਸਿੰਘ ਤੇ ਸਾਈ ਸੁੱਚਾ ਸਿੰਘ ਦੋਹਾਂ ਨਾਲੋਂ ਵਧੇਰੇ ਕੰਮ ਕੀਤਾ ਹੈ। ਉਸ ਨੇ ਪੰਜਾਬੀ ਭਾਸ਼ਾ ਵਿਚ ਬਾਈਬਲ ਦੀਆਂ ਕਥਾਵਾਂ ਦੇ ਅਨੁਵਾਦਾਂ ਤੋਂ ਇਲਾਵਾ ਹੋਰ ਵੀ ਕਈ ਅਨੁਵਾਦ ਕੀਤੇ, ਜਿਵੇਂ ਸਾਈਂ ਸੁੰਦਰ ਸਿੰਘ ਦਾ ਜੀਵਨ, 'ਮਸੀਹੀ ਭਗਤ ਸਾਈਂ ਸੁੱਚਾ ਸਿੰਘ', ਸੁੱਚਾ ਮੋਤੀ' ਆਦਿਕ। ਇਸ ਤੋਂ ਇਲਾਵਾ ਉਸ ਨੇ ਸਕੂਲ ਦੇ ਬੱਚਿਆਂ ਲਈ ਇਕ ਪੰਜਾਬੀ ਵਿਆਕਰਣ ਦੀ ਰਚਨਾ ਵੀ ਕੀਤੀ। ਇਹ ਵਿਆਕਰਣ ਛੋਟੇ ਬੱਚਿਆਂ ਲਈ ਪੰਜਾਬੀ ਭਾਸ਼ਾ ਸਿਖਣ ਵਿਚ ਸਹਾਇਕ ਸਿੱਧ ਹੋ ਸਕਦੀ ਹੈ। ਪੰਜਾਬੀ ਸਾਹਿਤ ਵਿਚ ਉਹ ਕੇਵਲ ਇਕ ਅਨੁਵਾਦਕਾਰ ਦੇ ਤੌਰ ਤੇ ਜਾਣਿਆ ਜਾਵੇਗਾ।

ਲੱਭੂ ਮੱਲ 'ਮਖ਼ਮੂਰ'

ਪਾਦਰੀ ਲੱਭੂ ਮੱਲ 'ਮਖ਼ਮੂਰ' ਨੇ ਮਸੀਹੀ ਇਤਿਹਾਸ ਵਿਚੋਂ ਕੁਝ ਚੋਣਵੇਂ ਸ਼ਹੀਦਾਂ. ਮਸੀਹ ਦੇ ਸੱਚੇ ਆਸ਼ਕਾਂ ਅਤੇ ਮੁਰੀਦਾਂ ਦੀ ਜੀਵਨ-ਕਥਾ ਨੂੰ ਕਾਵਿ-ਜਾਮਾ ਪੁਆਇਆ ਹੈ। 'ਸਲੀਬੀ ਪਰਵਾਨੇ' ਅਤੇ 'ਮਸੀਹ ਦਾ ਭਗਤ ਪਾਦਰੀ ਸਾਈਂ ਸੁੱਚਾ ਸਿੰਘ' ਉਸ ਦੀਆਂ ਦੋ ਪ੍ਰਸਿੱਧ ਕਾਵਿ-ਰਚਨਾਵਾਂ ਹਨ। ਮਸੀਹੀ ਸ਼ਹੀਦਾਂ ਦੇ ਇਲਾਵਾ ਉਸ ਨੇ ਹੋਰ ਕਈ ਇੰਜੀਲੀ ਤਾਲੀਮਾਂ ਨੂੰ ਕਾਵਿ-ਬੱਧ ਵੀ ਕੀਤਾ ਹੈ। ਪੰਜਾਬ ਦੇ ਈਸਾਈ ਹਲਕਿਆਂ ਵਿਚ ਮਖ਼ਮੂਰ ਦੀ ਕਵਿਤਾ ਕਾਫ਼ੀ ਲੋਕਪ੍ਰਿਯ ਰਹੀ ਹੈ। ਇਸ ਕਵੀ ਦੇ ਜੀਵਨ ਬਾਰੇ ਵਾਕਫ਼ੀਅਤ ਨਹੀਂ ਮਿਲ ਸਕੀ।

ਰੂੜਦਾਸ

ਰੂੜਦਾਸ ਪਿੰਡ ਠੱਠੀ ਜੈਮਲ ਸਿੰਘ, ਤਹਿਸੀਲ ਕਸੂਰ, ਜ਼ਿਲਾ ਲਾਹੌਰ ਦਾ ਵਸਨੀਕ ਸੀ। ਆਪਣੀ ਉਮਰ ਦੇ ਪੈਂਤੀ ਵਰ੍ਹੇ ਉਸ ਨੇ ਇਸੇ ਪਿੰਡ ਵਿਚ ਕੱਟੇ। ਈਸਾਈ ਹੋਣ ਤੋਂ ਪਹਿਲਾਂ ਉਹ

Digitized by Panjab Digital Library | www.panjabdigilib.org

ਇਕ ਪੱਕਾ ਬੁੱਤ-ਪੂਜ ਸੀ। ਕਹਿਆ ਜਾਂਦਾ ਹੈ ਕਿ ਜਦੋਂ ਉਸ ਨੂੰ ਈਸਾ ਦੇ ਦਰਸ਼ਨ ਹੋਏ ਤਾਂ, ਉਹ ਉਸੇ ਦਾ ਭਗਤ ਬਣ ਗਇਆ। ਅਤੇ ਈਸਾਈ ਧਰਮ ਦੇ ਪ੍ਰਚਾਰ ਕਾਰਜ ਵਿਚ ਜੁੱਟ ਗਇਆ। ਉਹ ਕੇਵਲ ਗੁਰਮੁਖੀ ਹੀ ਪੜ੍ਹ ਲਿਖ ਸਕਦਾ ਸੀ। ਇਕ ਮਿਸ਼ਨਰੀ ਦੀ ਪ੍ਰੇਰਣਾ ਨਾਲ ਉਸ ਨੇ ਦੋ ਵਰ੍ਹਿਆਂ ਤਕ ਮੋਗੇ ਦੇ ਮਿਸ਼ਨ ਸਕੂਲ ਤੋਂ ਵਿੱਦਿਆ ਪ੍ਰਾਪਤ ਕੀਤੀ। ਮੋਗੇ ਤੋਂ ਵਾਪਸ ਪਰਤ ਕੇ ਉਸ ਨੇ ਈਸਾ ਮਸੀਹ ਦੀ ਉਸਤਤ ਵਿਚ ਗੀਤ ਲਿਖਣੇ ਸ਼ੁਰੂ ਕੀਤੇ, ਜੋ ਉਸ ਦੀ ਮੌਤ ਮਗਰੋਂ 'ਰੂੜਦਾਸ ਦੀਆਂ ਗੀਤਾਂ' ਨਾਮ ਹੇਠ ਪ੍ਰਕਾਸ਼ਿਤ ਹੋਏ। 1901 ਈ: ਵਿਚ ਉਸ ਦੀ ਮੌਤ ਹੋਈ।

ਇਨ੍ਹਾਂ ਤੋਂ ਇਲਾਵਾ ਪਾਦਰੀ ਗਰਾਹਮ ਬੇਲੀ, ਪਾਦਰੀ ਟਾਮਸ ਐਫ. ਕਮਿੰਗਜ਼, ਪਾਦਰੀ ਈ. ਐਮ. ਵੇਰੀ. ਪਾਦਰੀ ਡਬਲਿਊ. ਪੀ. ਹੇਅਰਜ਼, ਪਾਦਰੀ ਏ. ਜਿਊਕਸ, ਪਾਦਰੀ ਰੁਡਵੁਲਫ ਤੇ ਪਾਦਰੀ ਈ. ਗਿਲਫਰਡ ਕੁਝ ਹੋਰ ਪ੍ਰਸਿੱਧ ਈਸਾਈ ਮਿਸ਼ਨਰੀ ਲੇਖਕ ਹਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਦੇਣ ਦਿੱਤੀ। ਇਨ੍ਹਾਂ ਮਿਸ਼ਨਰੀ ਲੇਖਕਾਂ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ।

****

Digitized by Panjab Digital Library | www.panjabdigilib.org

ਰੇਲ ਗੱਡੀ ਦਾ ਸਫ਼ਰ

ਲੇਖਿਕਾ (ਏ. ਐਲ. ਓ. ਈ.)

ਅਮਰਤਸਰ ਦੇ ਜ਼ਿਲੇ ਵਿੱਚ ਇੱਕ ਬਰਾਹਮਣ ਗੋਬਿੰਦ ਰਾਮ ਰੈਂਹਦਾ ਹੁੰਦਾ ਸੀ। ਉਹਦਾ ਇੱਕ ਭਰਾ ਅੰਬਾਲੇ ਵਿੱਚ ਸੀ ਜੇਹੜਾ ਕਈ ਮਹੀਨਿਆਂ ਥੋਂ ਬੀਮਾਰ ਸੀ। ਇੱਕ ਦਿਨ ਗੋਬਿੰਦ ਰਾਮ ਨੂੰ ਖ਼ਬਰ ਮਿਲੀ ਪਈ ਉਹਦੇ ਭਾਈ ਦੀ ਹਾਲਤ ਬਹੁਤ ਖ਼ਰਾਬ ਹੋ ਗਈ ਹੈ ਅਤੇ ਉਸ ਦੇ ਬਚਣੇ ਦੀ ਕੋਈ ਉਮੈਦ ਨਹੀਂ। ਉਹ ਰੋਣ ਪਿੱਟਣ ਲੱਗਾ ਅਤੇ ਛੇਤੀਨਾਲ ਘਰੋਂ ਨਿਕਲ ਕੇ ਅਮਰਤਸਰ ਨੂੰ ਟੁਰਿਆ। ਜਦ ਉਹ ਸਟੇਸ਼ਨ ਦੇ ਨੇੜੇ ਅਪੜਿਆ ਤਾਂ ਘੰਟੀ ਵਜ ਰਹੀ ਸੀ ਅਤੇ ਗੱਡੀ ਟੁਰਨ ਨੂੰ ਬਿਲਕੁਲ ਤਿਆਰ ਸੀ। ਉਸ ਨੇ ਖ਼ਿਆਲ ਕੀਤਾ ਪਈ ਜੇ ਥੋੜੀ ਜੇਹੀ ਵੀ ਦੇਰ ਲਗ ਗਈ ਤਾਂ ਗੱਡੀ ਟੁਰ ਜਾਏਗੀ ਅਤੇ ਮੈਂ ਪਿੱਛੇ ਰੈਹ ਜਾਂਗਾ। ਏਸ ਲਈ ਉਹ ਲੋਕਾਂ ਦੀ ਭੀੜ ਨੂੰ ਚੀਰਦਾ ਹੋਇਆ ਅੱਗੇ ਵੱਧ ਗਿਆ ਅਤੇ ਉਹਦੇ ਕੱਪੜੇ ਵੀ ਕਈਆਂ ਥਾਵਾਂ ਥੋਂ ਪਾਟ ਗਏ। ਪਰ ਉਸ ਨੇ ਕੋਈ ਪਰਵਾਹ ਨਾ ਕੀਤੀ। ਇਸ ਥੋਂ ਪੈਹਲਾਂ ਉਹ ਕਦੀ ਗੱਡੀ ਨਹੀਂ ਸੀ ਚੜ੍ਹਿਆ। ਪਰ ਅਜ ਜਦ ਉਹਨੂੰ ਲੋਕਾਂ ਨੂੰ ਹੱਥਾਂ ਨਾਲ ਪਿੱਛਾਂ ਹਟਾਣਾ ਪਿਆ ਉਹਨੂੰ ਇਸ ਤਰ੍ਹਾਂ ਜਾਪਣ ਲੱਗਾ ਜਿਵੇਂ ਭੁੱਖਿਆਂ ਬਗਿਆੜਾਂ ਉਹਨੂੰ ਚੌਂ ਪਾਸਿਓਂ ਘੇਰਾ ਪਾ ਲਿਆ ਹੈ।

ਉਹਨੂੰ ਟਿਕਟ ਮੁਲ ਲੈਣ ਲਈ ਬੜ੍ਹਾ ਥੋੜ੍ਹਾ ਵੇਲਾ ਮਿਲਿਆ। ਉਹਦੇ ਹੱਥੋਂ ਕੁਝ ਪੈਸੇ ਵੀ ਡਿਗ ਪਏ ਪਰ ਛੇਤੀ ਦੀ ਵਜ੍ਹਾ ਨਾਲ ਉਹਨੇ ਉਹ ਹੀ ਨਾਂ ਫੜੇ ਸਗੋਂ ਉਹਨਾਂ ਨੂੰ ਛੱਡ ਕੇ ਨੱਠਾ ਗਿਆ ਤੇ ਹਫ਼ਿਆ ਹੋਇਆ ਤੇ ਘਬਰਾਇਆ ਹੋਇਆ ਗੱਡੀ ਤਕ ਅੱਪੜ ਗਿਆ। ਜੇਹੜਾ ਡੱਬਾ ਉਹਦੇ ਅੱਗੇ ਆਇਆ ਉਹ ਨੱਕੋ ਨੱਕ ਭਰਿਆ ਹੋਇਆ ਸੀ। ਏਸ ਡਰ ਥੋਂ ਪਈ ਗੱਡੀ ਚਲੀ ਨਾ ਜਾਵੇ ਉਸ ਨੇ ਉਹਦੇ ਵਿਚ ਵੜਨ ਦੀ ਕੋਸ਼ਿਸ਼ ਕੀਤੀ ਪਰ ਉਹਦਾ ਪੈਰ ਤਿਲਕ ਗਿਆ ਅਤੇ ਜੇ ਗੱਡੀ ਦੇ ਵਿਚੋਂ ਇਕ ਬੰਦਾ ਹੱਥ ਵਧਾ ਕੇ ਉਹਨੂੰ ਨਾ ਫੜਦਾ ਤਾਂ ਉਹ ਜ਼ਰੂਰ ਡਿਗ ਜਾਂਦਾ ਤੇ ਉਹਨੂੰ ਡਾਹਡੀ ਸੱਟ ਲੱਗਦੀ। ਜਦ ਉਹ ਗੱਡੀ ਦੇ ਵਿੱਚ ਆਰਾਮ ਨਾਲ ਬੈਠ ਗਿਆ ਅਤੇ ਉਹਨੂੰ ਯਕੀਨ ਹੋ ਗਿਆ ਪਈ ਹੁਣ ਕੋਈ ਖ਼ਤਰਾ ਨਹੀਂ ਤਦ ਉਹਨੂੰ ਪਤਾ ਲੱਗਾ ਪਈ ਜਿਸ ਬੰਦੇ ਨੇ ਉਹਨੂੰ ਡਿੱਗਣ ਥੋਂ ਬਚਾਇਆ ਉਹ ਕੌਣ ਸੀ। ਉਹ ਇਹ ਜਾਣਕੇ ਬੜਾ ਹੈਰਾਨ ਹੋਇਆ ਕਿ ਜਿਸ ਬੰਦੇ ਨੇ ਉਹਨੂੰ ਬਚਾਇਆ ਉਹ ਉਹਦਾ ਨਿੱਕੇ ਹੁੰਦੇ ਦਾ ਯਾਰ ਸੀ। ਜੇਹੜਾ ਉਹਨੂੰ ਸੱਕੇ ਭਰਾਵਾਂ ਨਾਲੋਂ ਵੀ ਵੱਧ ਪਿਆਰ ਕਰਦਾ ਸੀ। ਪਰ ਜਦ ਦਾ ਉਹ ਇਸਾਈ ਹੋ ਗਿਆ ਹੋਇਆ ਸੀ, ਉਹ ਉਹਨੂੰ ਕਦੀ ਨਹੀਂ ਸੀ ਮਿਲਿਆ। ਉਹਦਾ ਨਾਂ ਤਾਰਾ ਚੰਦ ਸੀ।

ਭਾਵੇਂ ਤਾਰਾ ਚੰਦ ਰੁਪਈਆਂ ਦੀ ਥੈਲੀ ਵੀ ਦੇਂਦਾ ਤਾਂ ਵੀ ਗੋਬਿੰਦ ਰਾਮ ਉਹਦੇ ਨਾਲ

Digitized by Panjab Digital Library | www.panjabdigilib.org

ਗੱਲ ਨਾ ਕਰਦਾ। ਉਹਦਾ ਖ਼ਿਆਲ ਸੀ ਪਈ ਜੇਹੜਾ ਮਨੁੱਖ ਆਪਣੇ ਧਰਮ ਅਤੇ ਬਰਾਦਰੀ ਨੂੰ ਛੱਡ ਦਿੰਦਾ ਹੈ ਜੇ ਉਹਦਾ ਪਰਛਾਵਾਂ ਖਾਣੇ ਤੇ ਪੈ ਜਾਵੇ ਤਾਂ ਖਾਣਾ ਭਰਿਸ਼ਟ ਹੋ ਜਾਂਦਾ ਹੈ।

ਪਰ ਹੁਣ ਇਹ ਦੋਵੇਂ ਇਕੱਠੇ ਬੈਠੇ ਹੋਏ ਸਣ। ਗੋਬਿੰਦ ਰਾਮ ਵਿਚ ਇਹ ਚੰਗੀ ਗੱਲ ਸੀ ਪਈ ਕਿਸੇ ਦੀ ਮੇਹਰਬਾਨੀ ਭੁੱਲਣ ਵਾਲਾ ਨਹੀਂ ਸੀ। ਭਾਵੇਂ ਤਾਰਾ ਚੰਦ ਇਸਾਈ ਹੋ ਗਿਆ ਸੀ ਤਾਂ ਵੀ ਉਸ ਨੇ ਉਹਦੀ ਮੱਦਦ ਕੀਤੀ ਸੀ। ਗੋਬਿੰਦ ਰਾਮ ਸਿਆਣਾ ਬੰਦਾ ਸੀ। ਉਹਨੂੰ ਪਤਾ ਸੀ ਪਈ ਜੇ ਗੱਡੀ ਵਿੱਚ ਸਫ਼ਰ ਕਰਨਾ ਹੋਵੇ ਅਤੇ ਡੱਬੇ ਵਿਚ ਭੀੜ ਹੋਵੇ ਤਾਂ ਉਹਨੂੰ ਇਸਾਈਆਂ ਅਤੇ ਹਰ ਜਾਤ ਦੇ ਮਨੁੱਖਾਂ ਨਾਲ ਲੱਗਣਾ ਅਤੇ ਉਹਨਾਂ ਦੇ ਨਾਲ ਬੈਠਣਾ ਪਏਗਾ। ਇਸ ਲਈ ਆਪਣੀ ਲੋੜ ਨੂੰ ਉਹ ਤਾਰਾ ਚੰਦ ਦੇ ਕੋਲ ਬੈਠ ਗਿਆ ਅਤੇ ਉਹਦਾ ਧਨਵਾਦ ਕੀਤਾ। ਭਾਵੇਂ ਜੇਕਰ ਗੱਡੀ ਦੇ ਸ਼ੋਰ ਦੀ ਵਜ੍ਹਾ ਨਾਲ ਗੱਲਬਾਤ ਚੰਗੀ ਤਰ੍ਹਾਂ ਸੁਣਾਈ ਨਹੀਂ ਸੀ ਦੇਂਦੀ ਤਾਂ ਵੀ ਗੋਬਿੰਦ ਰਾਮ ਨੇ ਉਹਦੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ ਉਹਨੂੰ ਇਹ ਸਭ ਕੁਝ ਲੋੜ ਦੀ ਖਾਤਰ ਕਰਨਾ ਪਿਆ ਤਾਂ ਵੀ ਉਹ ਦਿਲ ਵਿੱਚ ਉਸ ਬੰਦੇ ਨੂੰ ਮਿਲ ਕੇ ਬੜਾ ਖੁਸ਼ ਹੋਇਆ ਜੇਹੜਾ ਬੱਚਪਨ ਥੋਂ ਉਹਦਾ ਗੂੜ੍ਹਾ ਦੋਸਤ ਸੀ।

ਥੋੜ੍ਹੇ ਚਿਰ ਪਿਛੋਂ ਸਟੇਸ਼ਨ ਆ ਗਿਆ ਅਤੇ ਗੱਡੀ ਖਲੋ ਗਈ। ਬਹੁਤ ਸਾਰੇ ਲੋਕ ਉਤਰ ਗਏ ਅਤੇ ਜੇਹੜੇ ਬਾਕੀ ਰੈਹ ਗਏ ਉਹਨਾਂ ਨੂੰ ਖੁੱਲ੍ਹੀ ਥਾਂ ਮਿਲ ਗਈ। ਗੱਡੀ ਜਿੰਨਾਂ ਚਿਰ ਖਲੋਤੀ ਰਹੀ ਲੋਕੀਂ ਆਪੋ ਵਿੱਚ ਗੱਲਾਂ ਬਾਤਾਂ ਕਰਦੇ ਰਹੇ।

ਤਾਰਾ ਚੰਦ ਨੇ ਗੋਬਿੰਦ ਰਾਮ ਨੂੰ ਆਖਿਆ—ਮੇਰਾ ਖ਼ਿਆਲ ਸੀ ਪਈ ਤੈਨੂੰ ਗੱਡੀ ਵਿੱਚ ਸਫ਼ਰ ਕਰਨਾ ਪਸੰਦ ਨਹੀਂ। ਕਈ ਸਾਲ ਹੋਏ ਤੂੰ ਆਖਿਆ ਸੀ ਪਈ ਜਿਸ ਤਰ੍ਹਾਂ ਮੈਂ ਹੋਰਨਾਂ ਦੇ ਧਰਮਾਂ ਥੋਂ ਦੂਰ ਰੈਹਣਾ ਚਾਹੁੰਦਾ ਹਾਂ ਇਸ ਤਰ੍ਹਾਂ ਉਹਨਾਂ ਦੇ ਤਰੀਕਿਆਂ ਦੇ ਨਾਲ ਵੀ ਕਿਸੇ ਕਿਸਮ ਦਾ ਲਗਾਓ ਨਹੀਂ ਰੱਖਣਾ ਚਾਹੁੰਦਾ।

ਗੋਬਿੰਦ ਰਾਮ ਨੇ ਇੱਕ ਲੰਮਾ ਹੌਕਾ ਭਰਿਆ ਅਤੇ ਆਖਿਆ—ਤੂੰ ਠੀਕ ਆਖਿਆ ਪਰ ਕੀਹ ਕਰਾਂ। ਮੁਸ਼ਕਲ ਤੇ ਇਹ ਹੈ ਪਈ ਮੈਂ ਛੇਤੀ ਅੰਬਾਲੇ ਪਹੁੰਚਣਾ ਚਾਹੁੰਦਾ ਹਾਂ ਅਤੇ ਜੇ ਗੱਡੀ ਤੇ ਨਾ ਚੜ੍ਹਾਂ ਤਾਂ ਛੇਤੀ ਨਹੀਂ ਪਹੁੰਚ ਸਕਦਾ।

ਤਾਰਾ ਚੰਦ ਨੇ ਆਖਿਆ—ਸਾਡੇ ਪਿਉ ਦਾਦੇ ਕਦੀ ਗੱਡੀ ਤੇ ਨਹੀਂ ਸਨ ਚੜ੍ਹੇ। ਉਹਨਾਂ ਨੂੰ ਗੱਡੇ ਤੇ ਯੱਕੇ ਦੀ ਸਵਾਰੀ ਚੰਗੀ ਲਗਦੀ ਸੀ। ਬਹੁਤ ਸਾਰੇ ਲੋਕ ਤੇ ਜਿਥੇ ਜਾਣਾ ਹੁੰਦਾ ਸੀ ਟੁਰਦੇ ਹੀ ਟੁਰ ਜਾਂਦੇ ਹੁੰਦੇ ਸਣ।

ਗੋਬਿੰਦ ਰਾਮ ਨੇ ਆਖਿਆ—ਮੇਰਾ ਦਾਦਾ ਕਾਂਸ਼ੀ ਦੀ ਜਾਤਰਾ ਲਈ ਟੁਰਦਾ ਗਿਆ। ਏਸ ਲਈ ਨਹੀਂ ਪਈ ਉਹ ਗ਼ਰੀਬ ਸੀ ਪਰ ਏਸ ਲਈ ਪਈ ਇਹ ਧਰਮ ਦੀ ਗੱਲ ਸੀ। ਰੁਪਈਏ ਪੈਸੇ ਦਾ ਉਹਦੇ ਘਰ ਕੋਈ ਘਾਟਾ ਨਹੀਂ ਸੀ। ਉਹ ਦੇ ਨਾਲ ਕੁਝ ਹੋਰ ਜਾਤਰੀ ਵੀ ਟੁਰ ਪਏ ਜੇਹੜੇ ਵੇਖਣ ਵਿੱਚ ਤੇ ਬੜੇ ਚੰਗੇ ਸਣ। ਪਰ ਸਚ ਮੁਚ ਉਹ ਡਾਕੂ ਸਣ। ਅਫ਼ਸੋਸ ਮੇਰੇ ਦਾਦੇ ਵਿਚਾਰੇ ਨੂੰ ਕਾਂਸੀ ਪਹੁੰਚਣਾ ਕਦੇ ਨਸੀਬ ਨਾ ਹੋਇਆ ਕਿਉਂ ਜੋ ਇਹਨਾਂ ਡਾਕੂਆਂ ਉਹਦਾ ਰੁਪਈਆ ਪੈਸਾ ਅਤੇ ਸਭ ਕੁਝ ਲੁਟ ਲਿਆ ਅਤੇ ਉਹਨੂੰ ਮਾਰ ਕੇ ਸੁਟ ਗਏ।

Digitized by Panjab Digital Library | www.panjabdigilib.org

ਤਾਰਾ ਚੰਦ ਨੇ ਆਖਿਆ—ਪਰ ਉਹ ਤੇ ਘਰੋਂ ਉਸ ਵਾਰ ਚਲਿਆ ਸੀ ਜੇਹਦਾ ਉਹਨੂੰ ਯਕੀਨ ਸੀ ਪਈ ਸ਼ੁਭ ਹੈ।

ਗੋਬਿੰਦ ਰਾਮ ਨੇ ਆਖਿਆ—ਹਾਂ ਉਹਦਾ ਇਹ ਹੀ ਖ਼ਿਆਲ ਸੀ।

ਤਾਰਾ ਚੰਦ ਨੇ ਏਸ ਦਾ ਕੋਈ ਜਵਾਬ ਨਾ ਦਿੱਤਾ ਪਰ ਸਿਰਫ਼ ਆਪਣੇ ਦਿਲ ਵਿਚ ਆਖਿਆ—ਜਦ ਵਿਚਾਰੇ ਨੂੰ ਡਾਕੂ ਰਾਹ ਵਿੱਚ ਹੀ ਮਾਰ ਕੇ ਸੁੱਟ ਗਏ ਤਾਂ ਸ਼ੁਭ ਵਾਰ ਸਫ਼ਰ ਕਰਨ ਦਾ ਅਤੇ ਕਾਂਸ਼ੀ ਦੀ ਜਾਤਰਾ ਨੂੰ ਜਾਣ ਦਾ ਕੁਝ ਵੀ ਫ਼ੈਦਾ ਨਾ ਹੋਇਆ।

ਗੋਬਿੰਦ ਰਾਮ ਨੇ ਆਖਿਆ—ਗੱਡੀ ਦੇ ਸਫ਼ਰ ਵਿੱਚ ਇਹ ਫ਼ੈਦਾ ਹੈ ਕਿ ਇੱਥੇ ਇਹੋ ਜੇਹੇ ਕੱਤਲ ਨਹੀਂ ਹੁੰਦੇ ਅਤੇ ਨਾਲੇ ਜਿਥੇ ਪਹੁੰਚਣਾ ਹੋਵੇ ਛੇਤੀ ਪਹੁੰਚ ਜਾਈਦਾ ਹੈ।

ਤਾਰਾ ਚੰਦ ਨੇ ਆਖਿਆ—ਇਹਦਾ ਮਤਲਬ ਇਹ ਹੈ ਕਿਹ ਜੇ ਤੂੰ ਕਿਤੇ ਛੇਤੀ ਅਪੜਨਾ ਹੋਵੇ ਤਾਂ ਤੂੰ ਹੋਰਨਾਂ ਦੀ ਵਿੱਦਿਆ ਅਤੇ ਅਕਲ ਥੋਂ ਫ਼ੈਦਾ ਉਠਾਣ ਵਿੱਚ ਕੋਈ ਬੁਰਿਆਈ ਨਹੀਂ ਸਮਝਦਾ।

ਗੋਬਿੰਦ ਰਾਮ ਨੇ ਜਵਾਬ ਦਿੱਤਾ—ਇਹਦਾ ਮਤਲਬ ਇਹ ਹੈ ਪਈ ਜੇ ਮੈਂ ਯੱਕੇ ਜਾਂ ਗੱਡੇ ਤੇ ਸਫ਼ਰ ਕਰਾਂ ਤਾਂ ਮੈਂ ਛੇਤੀ ਅੰਬਾਲੇ ਨਹੀਂ ਪਹੁੰਚ ਸਕਦਾ।

ਤਾਰਾ ਚੰਦ ਨੇ ਆਖਿਆ—ਇਕ ਸਾਲ ਹੋਇਆ ਜਦ ਮੈਂ ਇੱਕ ਲੰਮੇ ਸਫ਼ਰ ਤੇ ਜਾਣਾ ਸੀ ਮੈਂ ਸੋਚਿਆ ਕਿਹ ਦੂਜਿਆਂ ਦੀ ਸਮਝ ਥੋਂ ਫ਼ੈਦਾ ਉਠਾਣ ਵਿੱਚ ਕੋਈ ਬੁਰਿਆਈ ਨਹੀਂ ਅਤੇ ਜੇ ਮੈਂ ਵੀ ਆਪਣੇ ਪਿਉ ਦਾਦਿਆਂ ਵਾਂਗੂ ਸਫ਼ਰ ਕਰਾਂ ਤਾਂ ਮੈਂ ਵੀ ਰਾਹ ਵਿਚ ਹੀ ਮਰ ਖਪ ਜਾਂਗਾ।

ਗੋਬਿੰਦ ਰਾਮ ਨੇ ਮੁਸਕਰਾ ਕੇ ਆਖਿਆ—ਕੀਹ ਤੈਨੂੰ ਇਸ ਗੱਲ ਦਾ ਪੈਹਲਾਂ ਹੀ ਪਤਾ ਲਗ ਗਿਆ ਸੀ ?

ਤਾਰਾ ਚੰਦ ਨੇ ਜਵਾਬ ਦਿੱਤਾ—ਮੈਂ ਗੱਡੀ ਦੇ ਵਿੱਚ ਬੈਠਾ ਅਤੇ ਰਾਜਿਆ ਵਾਂਙੂ ਫਸ ਕਲਾਸ ਵਿੱਚ ਬੜੇ ਚੈਨ ਤੇ ਸ਼ਾਨ ਨਾਲ ਸਫ਼ਰ ਕੀਤਾ।

ਗੋਬਿੰਦ ਰਾਮ ਨੇ ਹੈਰਾਨ ਹੋ ਕੇ ਪੁਛਿਆ—ਕੀਹ ਤੂੰ ਸਚਮੁਚ ਫਸ ਕਲਾਸ ਵਿੱਚ ਸਫ਼ਰ ਕੀਤਾ ? ਤੂੰ ਆਖਨਾ ਹੈਂ ਕਿਹ ਬੜਾ ਲੰਮਾ ਸਫ਼ਰ ਸੀ ਤਾਂ ਤੇ ਤੇਰਾ ਕਰਾਇਆ ਬੜਾ ਲੱਗਾ ਹੋਣਾ ਸੀ।

ਤਾਰਾ ਚੰਦ ਨੇ ਉੱਤਰ ਦਿੱਤਾ—ਮੈਨੂੰ ਟਿਕਟ ਮੁਫ਼ਤ ਮਿਲ ਗਈ ਸੀ ਅਤੇ ਮੈਨੂੰ ਇਕ ਪੈਸਾ ਨਹੀਂ ਦੇਣਾ ਪਿਆ। ਮੇਰਾ ਸਾਰਾ ਕਰਾਇਆ ਇਕ ਮੇਹਰਬਾਨ ਦੋਸਤ ਨੇ ਖੁਸ਼ੀ ਨਾਲ ਦੇ ਦਿੱਤਾ।

ਗੋਬਿੰਦ ਰਾਮ ਨੇ ਆਖਿਆ—ਅਜਿਹੇ ਆਦਮੀ ਨੂੰ ਤਾਂ ਜ਼ਰੂਰ ਦੋਸਤ ਬਨਾਣਾ ਚਾਹੀਦਾ ਹੈ। ਦੁਨੀਆਂ ਵਿੱਚ ਇਸ ਤਰ੍ਹਾਂ ਦੇ ਮੇਹਰਬਾਨ ਦੋਸਤ ਬੜੇ ਥੋੜੇ ਨੇ।

ਤਾਰਾ ਚੰਦ ਨੇ ਆਖਿਆ—ਪਰ ਉਹਦੇ ਵਰਗਾ ਮੇਹਰਬਾਨ ਦੋਸਤ ਦੁਨੀਆਂ ਵਿਚ ਇਕ ਵੀ ਨਹੀਂ ਹੈ।

Digitized by Panjab Digital Library | www.panjabdigilib.org

ਗੋਬਿੰਦ ਰਾਮ ਨੇ ਆਖਿਆ—ਮੇਰਾ ਖ਼ਿਆਲ ਹੈ ਕਿ ਜਿੱਥੇ ਤੂੰ ਪਹੁੰਚਣਾ ਸੀ ਚੈਨ ਨਾਲ ਰਾਜ਼ੀ ਖੁਸ਼ੀ ਪਹੁੰਚ ਗਿਆ ਹੈਂ।

ਤਾਰਾ ਚੰਦ ਨੇ ਜ਼ਰਾ ਮੁਸਕਰਾ ਕੇ ਉੱਤਰ ਦਿੱਤਾ—ਪਰ ਅਜੇ ਮੈਂ ਉਸ ਥਾਂ ਨਹੀਂ ਪਹੁੰਚਿਆ।

ਗੋਬਿੰਦ ਰਾਮ ਨੇ ਹੈਰਾਨ ਹੋਕੇ ਪੁਛਿਆ—ਹੁਣੇ ਤੂੰ ਆਖਿਆ ਪਈ ਤੈਨੂੰ ਇਕ ਸਾਲ ਸਫ਼ਰ ਕਰਦਿਆਂ ਹੋ ਗਿਆ ਹੈ, ਅਤੇ ਹੁਣ ਆਖਨਾ ਹੈਂ ਕਿ ਜੇਹੜੇ ਥਾਂ ਤੂੰ ਜਾਣਾ ਸੀ ਅਜੇ ਓਥੇ ਨਹੀਂ ਅੱਪੜਿਆ। ਏਨੇ ਚਿਰ ਵਿੱਚ ਤਾਂ ਬੰਦਾ ਸਾਰੀ ਦੁਨੀਆਂ ਦਾ ਗੇੜਾ ਲਾ ਕੇ ਵੀ ਮੁੜ ਆਉਂਦਾ ਹੈ।

ਡੱਬੇ ਦੇ ਵਿੱਚ ਜਿੰਨੇ ਮੁਸਾਫ਼ਰ ਸਣ ਉਹ ਸਭ ਧਿਆਨ ਤੇ ਚਾਉ ਨਾਲ ਉਹਨਾਂ ਦੀ ਗੱਲਬਾਤ ਸੁਣ ਰਹੇ ਸਣ। ਇੱਕ ਨੌਜਵਾਨ ਨੇ ਜੇਹੜਾ ਕਿਸੇ ਸਰਕਾਰੀ ਸਕੂਲ ਵਿਚ ਪੜ੍ਹਦਾ ਸੀ ਅਤੇ ਬੜਾ ਹੁਸ਼ਿਆਰ ਮਲੂਮ ਹੁੰਦਾ ਸੀ ਤਾਰਾ ਚੰਦ ਥੋਂ ਪੁਛਿਆ—ਤੁਸੀਂ ਗੋਲ ਮੋਲ ਗੱਲਾਂ ਨਾ ਕਰੋ। ਸਾਨੂੰ ਖੋਲ੍ਹ ਕੇ ਦੱਸੋ, ਪਈ ਤੁਹਾਡਾ ਮਤਲਬ ਕੀਹ ਹੈ।

ਤਾਰਾ ਚੰਦ ਨੇ ਸਾਰਿਆਂ ਵੱਲ ਵੇਖਿਆ ਅਤੇ ਆਖਿਆ—ਜੇ ਤੁਸੀਂ ਗੁਸੇ ਨਾ ਹੋਵੋ ਅਤੇ ਸਬਰ ਨਾਲ ਮੇਰੀ ਗੱਲ ਸੁਣੋ ਤਾਂ ਮੈਂ ਆਪਣਾ ਅਸਲੀ ਮਤਲਬ ਖੋਲਕੇ ਦੱਸਾਂਗਾ।

ਗ਼ੋਬਿੰਦ ਰਾਮ ਨੇ ਆਖਿਆ—ਜੋ ਕੁਝ ਆਖਣਾ ਚਾਹੁੰਦਾ ਹੈਂ ਬੇਸ਼ੱਕ ਆਖ ਅਤੇ ਦੱਸ ਪਈ ਜਦ ਤੂੰ ਗੱਡੀ ਤੇ ਚੜ੍ਹਿਆ ਤੂੰ ਕਿੱਥੇ ਜਾਣ ਦਾ ਇਰਾਦਾ ਕੀਤਾ ਸੀ ?

ਤਾਰਾ ਚੰਦ ਨੇ ਉੱਤਰ ਦਿੱਤਾ—ਸੁਰਗ ਨੂੰ। ਇਹ ਸੁਣ ਕੇ ਸਭ ਮੁਸਾਫ਼ਰ ਹੈਰਾਨ ਹੋ ਗਏ ਅਤੇ ਬੜੀ ਦੇਰ ਤਕ ਚੁਪਚਾਪ ਬੈਠੇ ਰਹੇ।

ਫਿਰ ਤਾਰਾ ਚੰਦ ਨੇ ਆਖਿਆ—ਦੁਨੀਆਂ ਵਿਚ ਹਰ ਇੱਕ ਮਨੁੱਖ ਦਾ ਚਾਉ ਹੈ ਕਿ ਜਦ ਉਹ ਮਰ ਜਾਏ ਤਾਂ ਉਹਦੀ ਆਤਮਾ ਅਜਿਹੇ ਥਾਂ ਜਾਵੇ ਜਿੱਥੇ ਹਰ ਤਰ੍ਹਾਂ ਦਾ ਆਰਾਮ ਤੇ ਖੁਸ਼ੀ ਹੋਵੇ ਅਤੇ ਕੋਈ ਤਕਲੀਫ ਨਾ ਹੋਵੇ। ਸਾਡੇ ਦਿਲਾਂ ਵਿਚੋਂ ਇੱਕ ਆਵਾਜ਼ ਨਿਕਲਦੀ ਹੈ ਜੋ ਇਹ ਕਹਿੰਦੀ ਹੈ, ਕਿ ਮਨੁੱਖ ਦਾ ਸਰੀਰ ਤਾਂ ਮਰ ਜਾਂਦਾ ਹੈ ਪਰ ਉਹਦੀ ਆਤਮਾ ਸਦਾ ਜਿਊਂਦੀ ਰਹਿੰਦੀ ਹੈ। ਜਦ ਸਾਨੂੰ ਆਪਣੇ ਪਾਪ ਯਾਦ ਆਉਂਦੇ ਹਨ ਤਾਂ ਦਿਲ ਕੰਬ ਜਾਂਦਾ ਹੈ ਪਈ ਸਾਨੂੰ ਅਜੇਹੇ ਥਾਂ ਜਾਣਾ ਪਏਗਾ ਜਿੱਥੇ ਅਸੀਂ ਬਹੁਤ ਲੰਮੇ ਚਿਰ ਤਕ ਦੁਖ ਤੇ ਰੰਜ ਭੋਗਾਂਗੇ। ਇਹੋ ਹੀ ਡਰ ਹੈ ਜਿਹਦੀ ਵਜਾ ਨਾਲ ਲੋਕ ਦੂਰ ਦੂਰ ਯਾਤਰਾ ਨੂੰ ਜਾਂਦੇ ਅਤੇ ਆਪਣੇ ਸਰੀਰਾਂ ਨੂੰ ਤਰ੍ਹਾਂ ਤਰ੍ਹਾਂ ਦੇ ਦੁਖ ਦਿੰਦੇ ਹਨ। ਏਸੇ ਕਾਰਣ ਲੋਕ ਆਪਣਾ ਸਭ ਕੁਝ ਛੱਡ ਦਿੰਦੇ ਹਨ ਅਤੇ ਭੁੱਖ ਦਾ ਦੁੱਖ ਸਹਾਰਦੇ ਹਨ ਤਾਂ ਜੋ ਅਗਲੇ ਜੁੱਗ ਦੇ ਡਰ ਤੇ ਦੁਖ ਤੋਂ ਬਚ ਜਾਣ ਜੇਹੜਾ ਏਸ ਵੇਲੇ ਸਾਡੀਆਂ ਅਖੀਆਂ ਥੋਂ ਲੁਕਿਆ ਹੋਇਆ ਹੈ।

ਨੌਜਵਾਨ ਨੇ ਆਖਿਆ—ਮੈਂ ਏਸ ਗੱਲ ਨੂੰ ਨਹੀਂ ਮੰਨਦਾ ਕਿ ਮਨੁੱਖ ਦੇ ਸਰੀਰ ਨੂੰ ਦੁਖ ਦੇਣ ਨਾਲ ਉਹਦੀ ਆਤਮਾ ਨੂੰ ਕੁਝ ਫ਼ੈਦਾ ਹੋ ਸਕਦਾ ਹੈ।

ਤਾਰਾ ਚੰਦ ਨੇ ਆਖਿਆ—ਏਸੇ ਤਰ੍ਹਾਂ ਦੇ ਖ਼ਿਆਲਾਂ ਨੇ ਮੇਰੇ ਦਿਲ ਨੂੰ ਬੇਚੈਨ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਮੈਂ ਕਈ ਸਾਲਾਂ ਤਕ ਉਸ ਰਾਹੀ ਵਾਂਙੂ ਘੁਮਦਾ ਫਿਰਿਆ ਜਿਹਨੂੰ ਰਾਹ ਨਾ ਲਭਦਾ ਹੋਵੇ ਅਤੇ ਉਹ ਰਾਹ ਥੋਂ ਭਟਕ ਕੇ ਕੰਡਿਆਂ ਤੇ ਪਥਰਾਂ ਵਾਲੀ ਟੁੱਟੀ ਫੁੱਟੀ ਜ਼ਮੀਨ

Digitized by Panjab Digital Library | www.panjabdigilib.org

ਤੇ ਚਲ ਰਿਹਾ ਹੋਵੇ ਅਤੇ ਉਹ ਦੇ ਪੈਰਾਂ ਵਿੱਚ ਛਾਲੇ ਪੈ ਗਏ ਹੋਣ ਅਤੇ ਉਹਨਾਂ ਵਿਚੋਂ ਲਹੂ ਵਗਦਾ ਹੋਵੇ ਅਤੇ ਉਹਨੂੰ ਪਤਾ ਨਾ ਹੋਵੇ ਕਿ ਅਸਲ ਥਾਂ ਅਪੜਨ ਲਈ ਸਿੱਧਾ ਰਾਹ ਕੇਹੜਾ ਹੈ। ਮੈਂ ਥਕ ਕੇ ਬੈਠ ਗਿਆ ਅਤੇ ਬੇਉਮੈਦ ਹੋ ਗਿਆ। ਉਸ ਵੇਲੇ ਮੇਰੇ ਕੰਨ ਵਿਚ ਆਵਾਜ਼ ਆਈ ਕਿ ਉਠ ਗੱਡੀ ਤਿਆਰ ਹੈ। ਚੜ੍ਹ ਜਾ ਅਤੇ ਚੈਨ ਨਾਲ ਸੁਰਗ ਵਿਚ ਪਹੁੰਚ ਜਾ। ਤੈਨੂੰ ਉਹਦੇ ਲਈ ਕੁਝ ਦੇਣਾ ਨਹੀਂ ਪਏਗਾ ਕਿਉ ਜੋ ਤੇਰੇ ਕਰਾਏ ਦੀ ਸਾਰੀ ਰਕਮ ਇੱਕ ਮੇਹਰਬਾਨ ਨੇ ਦੇ ਦਿੱਤੀ ਹੈ।

ਗੋਬਿੰਦ ਰਾਮ ਨੂੰ ਇਹ ਗੱਲ ਮਲੂਮ ਸੀ ਕਿ ਜਦ ਤਾਰਾ ਚੰਦ ਈਸਾਈ ਹੋ ਗਿਆ ਉਹਦੇ ਘਰ ਵਾਲਿਆਂ ਨੇ ਉਹਨੂੰ ਮਾਰ ਕੁੱਟ ਕੇ ਘਰੋਂ ਕੱਢ ਛਡਿਆ। ਉਸ ਨੇ ਤਾਰਾ ਚੰਦ ਨੂੰ ਅਖਿਆ ਜੇ ਜੱਡੀ ਚੜ੍ਹਨ ਤੋਂ ਤੇਰਾ ਮਤਲਬ ਈਸਾਈ ਹੋਣਾ ਹੈ ਤਾਂ ਮੈਨੂੰ ਪਤਾ ਹੈ ਪਈ ਤੈਨੂੰ ਉਹਦੀ ਭਾਰੀ ਕੀਮਤ ਦੇਣੀ ਪਈ।

ਤਾਰਾ ਚੰਦ ਨੇ ਵੇਖ ਲਿਆ ਸੀ ਕਿ ਪਈ ਭੀੜ ਵਿਚੋਂ ਦੀ ਲੰਘਣ ਦੇ ਸਬਬ ਗੋਬਿੰਦ ਰਾਮ ਦੇ ਕੱਪੜੇ ਪਾਟ ਗਏ ਸਣ। ਉਸ ਨੇ ਉੱਤਰ ਦਿੱਤਾ ਜੀਵੇਂ ਗੱਡੀ ਤਕ ਅਪੜਨ ਲਈ ਅਤੇ ਡੱਬੇ ਵਿਚ ਚੜ੍ਹਨ ਲਈ ਤੈਨੂੰ ਬਹੁਤ ਦੌੜ ਕਰਨੀ ਪਈ ਹੈ, ਇਵੇਂ ਮੈਨੂੰ ਵੀ ਸੁਰਗੀ ਰੇਲ ਗੱਡੀ ਤੇ ਚੜ੍ਹਨ ਲਈ ਬਹੁਤ ਤਕਲੀਫ ਭੋਗਣੀ ਪਈ। ਮੈਂ ਵੀ ਤੇਰੇ ਵਾਂਙੂ ਡਿਗਦਾ ਡਿਗਦਾ ਬਚਿਆ। ਮੈਨੂੰ ਵੀ ਤੇਰੇ ਵਾਂਙੂ ਬੜੀ ਔਖਤ ਨਾਲ ਬੈਠਨ ਦੀ ਥਾਂ ਮਿਲੀ। ਭਾਵੇਂ ਤੇਰੇ ਕੋਲ ਵੀਹ ਟਿੱਕਟ ਵੀ ਹੁੰਦੇ ਪਰ ਜੇ ਤੂੰ ਗੱਡੀ ਤਕ ਅਪੜਨ ਅਤੇ ਉਹਦੇ ਉੱਤੇ ਚੜ੍ਹਨ ਲਈ ਹੱਥ ਪੈਰ ਨਾ ਮਾਰਦਾ ਅਤੇ ਦੌੜ ਨਾ ਕਰਦਾ ਤਾਂ ਚਲੀ ਜਾਂਦੀ ਅਤੇ ਤੂੰ ਮੂੰਹ ਵੇਖਦਾ ਰੈਹ ਜਾਂਦਾ। ਜਦ ਕੋਈ ਮਨੁਖ ਇਸਾਈ ਧਰਮ ਵਿੱਚ ਰਲਣਾ ਚਾਹੁੰਦਾ ਹੈ ਤਦ ਉਹਦਾ ਵੀ ਇਹੋ ਹਾਲ ਹੁੰਦਾ ਹੈ। ਪੁਰਾਣੀਆਂ ਆਦਤਾਂ, ਬਰਾਦਰੀ ਦੇ ਰਸਮ ਰਵਾਜ, ਪੁਰਾਣੇ ਯਾਰ ਬੇਲੀ, ਆਪਣੇ ਪਾਪ ਅਤੇ ਸ਼ੈਤਾਨ ਸਾਰੇ ਉਹਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਪਰ ਜਿਹੜਾ ਦਿਲ ਨਾਲ ਅਤੇ ਪੱਕੇ ਇਰਾਦੇ ਨਾਲ ਪ੍ਰਭੂ ਯਿਸੂ ਮਸੀਹ ਤੇ ਪਰਤੀਤ ਕਰਦਾ ਹੈ ਉਹ ਪਰਮੇਸੁਰ ਦੀ ਕਿਰਪਾ ਨਾਲ ਇਹਨਾਂ ਸਭਨਾਂ ਨੂੰ ਪਿੱਛੇ ਹਟਾਉਂਦਾ ਹੋਇਆ ਆਪ ਅੱਗੇ ਵਧਦਾ ਜਾਂਦਾ ਹੈ।

ਨੌਜਵਾਨ ਇਹ ਸਾਰੀਆਂ ਗੱਲਾਂ ਧਿਆਨ ਨਾਲ ਸੁਣ ਰਿਹਾ ਸੀ। ਉਹਦੇ ਦਿਲ ਵਿੱਚ ਇਹ ਯਕੀਨ ਹੋ ਰਿਹਾ ਸੀ ਪਈ ਈਸਾਈ ਧਰਮ ਸੱਚਾ ਹੈ। ਉਹਨੇ ਇਹ ਵੀ ਦੇਖ ਲਿਆ ਸੀ ਪਈ ਤਾਰਾ ਚੰਦ ਨੇ ਬੜੀ ਦਿਲੇਰੀ ਨਾਲ ਆਪਣੇ ਨਿਹਚਾ ਦਾ ਲੋਕਾਂ ਦੇ ਅੱਗੇ ਇਕਰਾਰ ਕੀਤਾ ਸੀ। ਪਰ ਉਹਨੂੰ ਡਰ ਤੇ ਸ਼ਰਮ ਦੇ ਮਾਰੇ ਹਿੰਮਤ ਨਾ ਪਈ ਕਿਹ ਜੇਹੜੀ ਗੱਲ ਉਹਦੇ ਮਨ ਵਿੱਚ ਸੀ ਉਹ ਮੂੰਹੋਂ ਕੱਢਦਾ।

ਤਾਰਾ ਚੰਦ ਨੇ ਆਖਿਆ—ਜਦੋਂ ਮੈਂ ਪਹਿਲਾਂ ਸਟੇਸ਼ਨ ਤੇ ਅਪੜਿਆ ਤਾਂ ਮੈਨੂੰ ਉਹਨਾਂ ਮੁਸੀਬਤਾਂ ਦਾ ਜੇਹੜੀਆਂ ਗੱਡੀ ਤੇ ਚੜ੍ਹਨ ਵੇਲੇ ਆਈਆਂ ਕੁਝ ਵੀ ਖ਼ਿਆਲ ਨਾ ਆਇਆ। ਉਸ ਸਟੇਸ਼ਨ ਦਾ ਨਾਂ ਆਰਾਮ ਸੀ।

ਨੌਜਵਾਨ ਨੇ ਆਖਿਆ—ਇਹ ਤੁਸੀਂ ਦੱਸੋ ਤੁਹਾਡਾ ਅਸਲੀ ਮਤਲਬ ਕੀਹ ਹੈ ?

Digitized by Panjab Digital Library | www.panjabdigilib.org

ਤਾਰਾ ਚੰਦ ਨੇ ਉੱਤਰ ਦਿੱਤਾ—ਆਰਾਮ ਦੇ ਸਟੇਸ਼ਨ ਦਾ ਮਤਲਬ ਇਹ ਹੈ ਪਈ ਮੇਰੇ ਦਿਲ ਨੂੰ ਤਸੱਲੀ ਮਿਲ ਗਈ ਅਤੇ ਇਹ ਉਹ ਤਸੱਲੀ ਹੈ ਜੇਹੜੀ ਮਨੁੱਖ ਨੂੰ ਉਸ ਵੇਲੇ ਮਿਲਦੀ ਹੈ ਜਦ ਉਹਨੂੰ ਮਲੂਮ ਹੋ ਜਾਂਦਾ ਹੈ ਪਈ ਉਹਦੇ ਸਭ ਪਾਪ ਮੁਆਫ ਹੋ ਗਏ ਹਨ। ਜੇ ਅਸਾਂ ਬਹੁਤ ਸਾਰਾ, ਕਰਜ਼ਾ ਦੇਣਾ ਹੋਵੇ ਅਤੇ ਸਾਡਾ ਇੱਕ ਦੋਸਤ ਸਾਰਾ ਕਰਜ਼ ਭਰ ਦੇਵੇ ਤਾਂ ਸਾਡੇ ਦਿਲ ਨੂੰ ਆਰਾਮ ਤੇ ਖੁਸ਼ੀ ਹੁੰਦੀ ਹੈ। ਜੇ ਅਸੀਂ ਕਿਸੇ ਵੱਡੇ ਭਾਰ ਹੇਠ ਦੱਬੇ ਹੋਏ ਹੋਈਏ ਅਤੇ ਕੋਈ ਹੋਰ ਆਦਮੀ ਸਾਡਾ ਭਾਰ ਚੁਕ ਕੇ ਆਪਣੇ ਮੋਢੇ ਉੱਤੇ ਰੱਖ ਲਏ ਤਾਂ ਫ਼ਿਰ ਸਾਨੂੰ ਆਰਾਮ ਮਿਲਦਾ ਹੈ।

ਗੋਬਿੰਦ ਰਾਮ ਨੇ ਆਖਿਆ—ਜੇ ਕਰਜ਼ ਦੇ ਭਾਰ ਦਾ ਮਤਲਬ ਪਾਪ ਹੈ ਤਾਂ ਸਾਨੂੰ ਕਿਸ ਤਰ੍ਹਾਂ ਪਤਾ ਲਗ ਸਕਦਾ ਹੈ ਪਈ ਕਿਸੇ ਸਾਡੇ ਪਾਪਾਂ ਦਾ ਭਾਰ ਚੁੱਕ ਲਿਆ ਹੈ ਅਤੇ ਸਾਡਾ ਕਰਜ਼ ਭਰ ਦਿੱਤਾ ਹੈ ?

ਤਾਰਾ ਚੰਦ ਨੇ ਉੱਤਰ ਦਿੱਤਾ—ਪਰਮਾਤਮਾ ਦੇ ਉਹਨਾਂ ਪਵਿੱਤਰ ਵਾਇਦਿਆਂ ਦੀ ਪਰਤੀਤ ਕੀਤਿਆਂ ਜੇਹੜੇ ਪਵਿੱਤਰ ਬਾਇਬਲ ਵਿੱਚ ਲਿਖੇ ਹਨ ਸਾਨੂੰ ਇਸ ਗੱਲ ਦਾ ਪਤਾ ਲਗਦਾ ਹੈ। ਇਹ ਮੇਰੀ ਪੱਕੀ ਨਿਹਚਾ ਹੈ ਪਈ ਯਿਸੂ ਮਸੀਹ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ। ਉਸਨੇ ਆਪਣਿਆਂ ਸਾਰਿਆਂ ਲੋਕਾਂ ਦਾ ਭਾਰ ਚੁਕ ਲਿਆ ਅਤੇ ਉਹਨਾਂ ਦੇ ਪਾਪਾਂ ਨੂੰ ਆਪਣੇ ਲਹੂ ਨਾਲ ਧੋ ਦਿਤਾ।

ਏਸ ਲਈ ਪਰਮਾਤਮਾ ਸਾਰੇ ਸੱਚੇ ਪਰਤੀਤ ਕਰਨ ਵਾਲਿਆਂ ਨੂੰ ਇਹ ਆਖਦਾ ਹੈ ਪਈ ਮੈਂ ਉਹਨਾਂ ਦੇ ਪਾਪਾਂ ਤੇ ਬੇਦੀਨੀਆਂ ਨੂੰ ਫਿਰ ਕਦੀ ਯਾਦ ਨਾ ਕਰਾਂਗਾ।

ਉਸ ਡੱਬੇ ਵਿਚ ਇਕ ਮੁਸਲਮਾਨ ਵੀ ਸੀ। ਜਿਹ ਨੂੰ ਅਖੀਰੀ ਗੱਲ ਇਉਂ ਲਗੀ ਜਿਵੇਂ ਸੁਰਗ ਵਿਚੋਂ ਕੋਈ ਅਵਾਜ਼ ਆਈ ਹੈ। ਉਹ ਬਚਪਨ ਥੋਂ ਹੀ ਜਦ ਕਦੀ ਖ਼ੁਦਾ ਦੇ ਕੈਹਰ ਅਤੇ ਕਿਆਮਤ ਦੇ ਦਿਣ ਹੋਣ ਵਾਲੀ ਅਦਾਲਤ ਦੀ ਬਾਬਤ ਸੁਣਦਾ ਤਾਂ ਉਹਦਾ ਦਿਲ ਕੰਬ ਜਾਂਦਾ ਹੁੰਦਾ ਸੀ। ਉਹ ਕਈ ਸਾਲਾਂ ਤਕ ਆਰਾਮ ਦੇ ਸਟੇਸ਼ਨ ਦੀ ਭਾਲ ਕਰਦਾ ਰਿਹਾ ਪਰ ਉਹਨੂੰ ਉਹਦਾ ਕੋਈ ਪਤਾ ਨਾ ਲੱਗਾ। ਉਹ ਇਕ ਨੁਕਰੇ ਬੈਠਾ ਸਾਰੀਆਂ ਗੱਲਾਂ ਸੁਣ ਰਿਹਾ ਸੀ ਪਰ ਕੁੱਝ ਨਾ ਬੋਲਿਆ। ਉਸ ਨੇ ਆਪਣੇ ਦਿਲ ਵਿਚ ਆਖਿਆ ਜੋ ਮੈਨੂੰ ਤਾਰਾ ਚੰਦ ਵਾਂਙੂ ਯਕੀਨ ਹੋ ਜਾਵੇ ਕਿ ਖ਼ੁਦਾ ਨੇ ਮੇਰੇ ਸਾਰੇ ਗੁਨਾਹ ਮਾਫ਼ ਕਰ ਦਿੱਤੇ ਹਨ ਤਾਂ ਮੈਂ ਉਹਦੇ ਲਈ ਸਬ ਕੁੱਝ ਛਡ ਦਿਆਗਾ ਏਥੋਂ ਤਕ ਪਈ ਜੇ ਮੈਨੂੰ ਆਪਣਾ ਸੱਜਾ ਹੱਥ ਵੀ ਦੇਣਾ ਪਵੇ ਤਾਂ ਵੀ ਇਨਕਾਰ ਨਾ ਕਰਾਂਗਾ।

ਨੌਜਵਾਨ ਨੇ ਤਾਰਾ ਚੰਦ ਕੋਲੋਂ ਪੁੱਛਿਆ—ਤੁਹਾਡੇ ਉਸ ਲੰਮੇ ਰਾਹ ਦਾ ਦੂਜਾ ਸਟੇਸ਼ਨ ਕੇਹੜਾ ਸੀ ?

ਤਾਰਾ ਚੰਦ ਨੇ ਉੱਤਰ ਦਿੱਤਾ—ਦੂਜਾ ਸਟੇਸ਼ਨ ਖੁਸ਼ੀ ਸੀ। ਕਿਉਂ ਜੋ ਮੈਨੂੰ ਪਤਾ ਲਗ ਗਿਆ ਕਿਹ ਪਰਮਾਤਮਾ ਨਿਰੇ ਮੇਰੇ ਪਾਪ ਹੀ ਮਾਫ਼ ਨਹੀਂ ਕੀਤੇ ਪਰ ਮੈਨੂੰ ਪਾਲਕ ਹੋਣ ਦਾ ਦਰਜਾ ਵੀ ਦਿੱਤਾ। ਉਸਨੇ ਮੈਨੂੰ ਨਰਕ ਤੋਂ ਬਚਾਇਆ ਅਤ ਸੁਰਗ ਦਾ ਬੂਹਾ ਖੋਲ੍ਹ ਦਿੱਤਾ ਤਾਂ ਜੋ ਮੈਂ ਉਹਦੇ ਵਿੱਚ ਹੋ ਜਾਵਾਂ। ਮੈਂ ਭੁੱਖੇ ਅਤ ਅੱਨੇ ਮੰਗਤੇ ਵਾਂਙੂ ਸੀ ਪਰ ਉਸ ਨੇ ਮੈਨੂੰ ਬਾਦਸ਼ਾਹ ਬਣਨ

Digitized by Panjab Digital Library | www.panjabdigilib.org

ਲਈ ਸੱਦਿਆ । ਪਰਮਾਤਮਾ ਨੇ ਆਖਿਆ ਹੈ । ਤੂੰ ਮਰਨ ਤਕ ਨਿਹਚਵਾਨ ਬਨਿਆ ਰਹੁ ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ । ਜਦ ਮੈਂ ਪੂਰੇ ਦਿਲ ਨਾਲ ਇਸ ਗੱਲ ਦੀ ਪਰਤੀਤ ਕੀਤੀ ਤਾਂ ਮੈਂ ਖੁਸ਼ੀ ਤੇ ਪਹੁੰਚ ਗਿਆ । ਜਿਦੋਂ ਤਾਰਾ ਚੰਦ ਦੇ ਮੂੰਹ ਥੋਂ ਇਹ ਲਫ਼ਜ਼ ਨਿਕਲੇ ਤਾਂ ਉਹਦਾ ਚਿਹਰਾ ਖੁਸ਼ੀ ਨਾਲ ਲਿਸ਼ਕਣ ਲੱਗਾ ।

ਜਦ ਗੋਬਿੰਦ ਰਾਮ ਇਸ ਗੱਲ ਦਾ ਮੁਕਾਬਲਾ ਆਪਣੇ ਧਰਮ ਦੀ ਯਾਤਰਾ ਅਤੇ ਸਰੀਰ ਨੂੰ ਤਰ੍ਹਾਂ ਤਰ੍ਹਾਂ ਦੇ ਦੁਖ ਦੇਣ ਨਾਲ ਕੀਤਾ ਤਾਂ ਉਹਦੇ ਦਿਲ ਵਿੱਚ ਇਹ ਗੱਲ ਆਈ ਕਿਹ ਇਸਾਈ ਧਰਮ ਬਹੁਤ ਹੀ ਖੁਸ਼ੀ ਦਾ ਧਰਮ ਮਲੂਮ ਹੁੰਦਾ ਹੈ ।

ਨੌਜਵਾਨ ਨੇ ਪੁਛਿਆ—ਤੁਹਾਡਾ ਤੀਜਾ ਸਟੇਸ਼ਨ ਕਿਹੜਾ ਸੀ ?

ਤਾਰਾ ਚੰਦ ਨੇ ਉੱਤਰ ਦਿੱਤਾ—ਮੈਂ ਅਜੇ ਉਸ ਸਟੇਸ਼ਨ ਤੇ ਨਹੀਂ ਅੱਪੜਿਆ ਪਰ ਮੈਨੂੰ ਉਮੇਦ ਹੈ ਕਿਹ ਮੈਂ ਉਸਦੇ ਵੱਲ ਜਾ ਰਿਹਾ ਹਾਂ । ਤੀਜਾ ਸਟੇਸ਼ਨ ਪਵਿੱਤਰਤਾਈ ਹੈ ।

ਨੌਜਵਾਨ ਨੇ ਹੱਸਦੇ ਹੋਏ ਆਖਿਆ ਜੇ ਇਹ ਗੱਲ ਹੈ ਤਾਂ ਮੇਰਾ ਖ਼ਿਆਲ ਹੈ ਕਿਹ ਤੁਸੀਂ ਝੂਠੀਆਂ ਉਮੈਦਾਂ ਨਾਲ ਆਪਣੇ ਆਪ ਨੂੰ ਧੋਖਾ ਦੇ ਰਹੇ ਹੋ । ਮੈਂ ਬਹੁਤ ਸਾਰੇ ਈਸਾਈ ਵੇਖੇ ਹਨ । ਏਹ ਤੇ ਮੈਨੂੰ ਪਤਾ ਨਹੀਂ ਕਿਹ ਉਨ੍ਹਾਂ ਦੇ ਦਿਲਾਂ ਵਿਚ ਖੁਸ਼ੀ ਤੇ ਸ਼ਾਨਤੀ ਹੈ ਕਿਹ ਨਹੀਂ ਪਰ ਏਨਾ ਜਾਣਦਾ ਹਾਂ ਪਈ ਜਦੋਂ ਉਨ੍ਹਾਂ ਤੇ ਦੁਖ ਆਉਂਦਾ ਹੈ ਤਾਂ ਉਹ ਵੀ ਦੂਜਿਆਂ ਲੋਕਾਂ ਵਾਂਙੂ ਪਿੱਟਦੇ ਹਨ । ਉਹਨਾਂ ਵਲ ਵੇਖ ਕੇ ਮੈਨੂੰ ਖ਼ਿਆਲ ਆਉਂਦਾ ਹੈ ਕਿਹ ਜਿਵੇਂ ਖਜੂਰ ਦੀ ਗਿਟਕ ਵਿਚ ਦੁੱਧ ਨਹੀਂ ਹੁੰਦਾ ਤਿਵੇਂ ਉਹਨਾਂ ਦੇ ਦਿਲਾਂ ਵਿਚ ਵੀ ਪਵਿੱਤਰਤਾਈ ਨਹੀ ਹੁੰਦੀ ।

ਉਹ ਹੱਸ ਪਿਆ ਅਤੇ ਉਹਦੇ ਨਾਲ ਡੱਬੇ ਦੇ ਸਾਰੇ ਲੋਕ ਹੱਸਣ ਲਗ ਪਏ ।

ਗੋਬਿੰਦ ਰਾਮ ਨੇ ਆਖਿਆ—ਮੇਰਾ ਖ਼ਿਆਲ ਹੈ ਕਿਹ ਇਸਾਈਆਂ ਨਾਲੋਂ ਹੋਰ ਕੋਈ ਕੌਮ ਵਧ ਲਾਲਚੀ ਨਹੀਂ ਹੁੰਦੀ । ਪਰ ਤਾਰਾ ਚੰਦ ਇਹੋ ਜੇਹਾ ਬੰਦਾ ਨਹੀਂ ਸੀ ਜੋ ਇਹਨਾਂ ਨਿੱਕੀਆਂ ਨਿੱਕੀਆਂ ਗੱਲਾਂ ਥੋਂ ਡਰ ਜਾਂਦਾ । ਜਦ ਉਹ ਹੱਸ ਚੁੱਕੇ ਤਾਂ ਉਸ ਨੇ ਆਖਿਆ ਜੇਹੜਿਆਂ ਲੋਕਾਂ ਦੀ ਤੁਸੀਂ ਗੱਲ ਕਰਦੇ ਹੋ ਉਹ ਨਿਰੇ ਨਾਂ ਦੇ ਇਸਾਈ ਹੁੰਦੇ ਨੇ । ਉਹਨਾਂ ਦੇ ਦਿਲਾਂ ਵਿਚ ਪ੍ਰਭੂ ਯਿਸੂ ਮਸੀਹ ਦਾ ਸੱਚਾ ਪ੍ਰੇਮ ਨਹੀਂ ਹੁੰਦਾ । ਜੇ ਗੱਡੀ ਪੁੱਠੇ ਪਾਸੇ ਵੱਲ ਜਾ ਰਹੀ ਹੋਵੇ ਤਾਂ ਉਹਦੇ ਉੱਤੇ ਚੜ੍ਹਨ ਅਤੇ ਕਾਹਲੀ ਨਾਲ ਜਾਣ ਦਾ ਕੋਈ ਫ਼ੈਦਾ ਨਹੀਂ । ਜੇ ਮੈਂ ਲਾਹੌਰ ਵੱਲ ਜਾਂਦਾ ਹੋਵਾਂ ਤਾਂ ਮੈਂ ਅੰਬਾਲੇ ਅਪੜਨ ਦੀ ਉਮੇਦ ਨਹੀਂ ਕਰ ਸਕਦਾ । ਮੇਰੀ ਪਵਿੱਤਰ ਕਿਤਾਬ ਬਾਈਬਲ ਏਸ ਗੱਲ ਦਾ ਪੱਕਾ ਯਕੀਨ ਦੇਂਦੀ ਹੈ ਕਿਹ ਕੋਈ ਇਸਾਈ ਜਦ ਤਕ ਪਵਿੱਤਰਤਾਈ ਦੇ ਸਟੇਸ਼ਨ ਥੋਂ ਹੋਕੇ ਨਾ ਲੰਘੇ ਉਹ ਕਦੀ ਵੀ ਅਕਾਸ਼ ਦੇ ਸਟੇਸ਼ਨ ਤੇ ਨਹੀਂ ਅੱਪੜ ਸਕਦਾ ਕਿਉਂ ਜੋ ਲਿਖਿਆ ਹੈ ਕਿਹ ਪਵਿੱਤਰਤਾਈ ਦੇ ਬਿਨਾਂ ਕੋਈ ਮਨੁੱਖ ਪਰਮੇਸ਼ਰ ਨੂੰ ਨਹੀਂ ਵੇਖੇਗਾ ।

ਗੋਬਿੰਦ ਰਾਮ ਦਾ ਆਮ ਬ੍ਰਾਹਮਣਾਂ ਦੀ ਤਰ੍ਹਾਂ ਇਹ ਖ਼ਿਆਲ ਸੀ ਕਿਹ ਨਿੱਕੀ ਜ਼ਾਤਾਂ ਦੇ ਸਾਰੇ ਲੋਕ ਅਪਵਿਤਰ ਹੁੰਦੇ ਨੇ । ਉਸ ਨੇ ਆਖਿਆ ਇਕ ਕੋੜ੍ਹੀ ਭਾਵੇਂ ਹਜ਼ਾਰ ਸਾਲ ਰੋਜ਼ੇ ਰੱਖੇ ਅਤੇ ਪਰਾਰਥਨਾ ਕਰੇ ਉਹ ਕਦੀ ਵੀ ਪਾਕ ਸਾਫ਼ ਨਹੀਂ ਹੋ ਸਕਦਾ ।

ਤਾਰਾ ਚੰਦ ਨੇ ਉੱਤਰ ਦਿੱਤਾ—ਮਨੁੱਖ ਨੂੰ ਸਿਰਫ਼ ਪਰਮਾਤਮਾ ਦਾ ਪਵਿੱਤਰ ਆਤਮਾ ਹੀ

Digitized by Panjab Digital Library | www.panjabdigilib.org

ਪਾਕ ਕਰ ਸਕਦਾ ਹੈ। ਅਤੇ ਇਹ ਪਵਿੱਤਰ ਆਤਮਾ ਉਹਨਾਂ ਸਾਰਿਆਂ ਨੂੰ ਮੁਫ਼ਤ ਮਿਲਦਾ ਹੈ ਜੇਹੜੇ ਸੱਚੇ ਦਿਲ ਨਾਲ ਪ੍ਰਭੂ ਯਿਸੂ ਮਸੀਹ ਨੂੰ ਢੂੰਡਦੇ ਹਨ। ਪਵਿੱਤਰ ਬਾਇਬਲ ਵਿੱਚ ਲਿਖਿਆ ਹੈ ਮੰਗੋ ਤਾਂ ਤੁਹਾਨੂੰ ਦਿੱਤਾ ਜਾਏਗਾ। ਲੱਭੋ ਤਾਂ ਤੁਹਾਨੂੰ ਮਿਲੇਗਾ। ਦਰਵਾਜ਼ਾ ਖੜਕਾਓ ਤੇ ਤੁਹਾਡੇ ਲਈ ਖੋਲਿਆ ਜਾਏਗਾ।

ਫ਼ਿਰ ਲਿਖਿਆ ਹੈ ਜਾਂ ਤੁਸੀਂ ਬੁਰੇ ਹੋਕੇ ਅਪਣਿਆਂ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦੇਣੀਆਂ ਜਾਣਦੇ ਹੋ ਤਾਂ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਕਿਉਂ ਨਾ ਦੇਵੇਗਾ ?

ਤਾਰਾ ਚੰਦ ਨੇ ਆਪਣੇ ਬੋਝੇ ਵਿਚੋਂ ਇੱਕ ਨਿੱਕੀ ਜੇਹੀ ਪੋਥੀ ਕੱਢੀ ਅਤੇ ਆਖਿਆ—ਮੈਂ ਮਿੱਨਤ ਕਰਦਾ ਹਾਂ ਕਿ ਤੁਸੀਂ ਇੰਜੀਲ ਨੂੰ ਪੜ੍ਹੋ ਅਤੇ ਅਪਣਿਆਂ ਤਰੀਕਿਆਂ ਨਾਲ ਅਸਮਾਨ ਤੇ ਅਪੜਨ ਦੇ ਥਾਂ ਇਹਦੇ ਵਿਚੋਂ ਲੱਭੋ ਅਤੇ ਪਤਾ ਕਰੋ ਕਿ ਪ੍ਰਮਾਤਮਾ ਨੇ ਤੁਹਾਡੇ ਲਈ ਸੁਖ ਦਾ ਅਤੇ ਸਿੱਧਾ ਕੇਹੜਾ ਰਾਹ ਤਿਆਰ ਕੀਤਾ ਹੋਇਆ ਹੈ। ਮੈਨੂੰ ਉਮੇਦ ਹੈ ਕਿ ਏਸ ਡੱਬੇ ਵਿੱਚ ਜਿੱਨੇ ਵੀ ਲੋਕ ਬੈਠੇ ਹਨ ਉਹਨਾਂ ਵਿੱਚੋਂ ਹਰ ਇੱਕ ਇਹੋ ਚਾਹੁੰਦਾ ਹੈ ਕਿ ਉਹਦੇ ਦਿਲ ਨੂੰ ਅਜੇਹੀ ਤਸੱਲੀ ਮਿਲੇ ਜੇਹੜੀ ਪਾਪਾਂ ਦੇ ਮਾਫ਼ ਹੋਣ ਨਾਲ ਮਿਲਦੀ ਹੈ ਨਾਲੇ ਉਹਦਾ ਦਿਲ ਅਜੇਹੀ ਖੁਸ਼ੀ ਨਾਲ ਭਰਜਾਵੇ ਜੇਹੜੀ ਸਦਾ ਦੇ ਜੀਵਣ ਅਤੇ ਜਲਾਲ ਦੀ ਉਮੈਦ ਨਾਲ ਹੁੰਦੀ ਹੈ ਇਸ ਥਾਂ ਅਜੇਹਾ ਇਕ ਵੀ ਮਨੁੱਖ ਨਹੀਂ ਜੇਹੜਾ ਪਵਿੱਤਰ ਹੋਣ ਅਤੇ ਸੁਰਗ ਦੀ ਖੁਸ਼ੀ ਪਾਣ ਥੋਂ ਇਨਕਾਰ ਕਰੇ ਜੇਹੜੀ ਪਰਮਾਤਮਾ ਨੇ ਉਹਨਾਂ ਸਾਰਿਆਂ ਲਈ ਤਿਆਰ ਕੀਤੀ ਹੈ ਜੇਹੜੇ ਉਹਨੂੰ ਸੱਚੇ ਦਿਲ ਨਾਲ ਪਿਆਰ ਕਰਦੇ ਨੇ।

ਇੰਞਣ ਨੇ ਜ਼ੋਰ ਨਾਲ ਸੀਟੀ ਵਜਾਈ ਅਤੇ ਉਹਦੇ ਸ਼ੋਰ ਥੋਂ ਸਾਰੇ ਲੋਕ ਚੁੱਪ ਹੋ ਗਏ। ਦੋ ਤਿੰਨ ਮਿਨਟਾਂ ਪਿਛੋਂ ਗੱਡੀ ਫਿਰ ਬਹੁਤ ਛੇਤੀ ਅੰਬਾਲੇ ਵੱਲ ਦੌੜਨ ਲਗੀ। ਜੇਹੜੀ ਗੱਲ ਬਾਤ ਹੋਈ ਸੀ ਉਹਦਾ ਕਈਆਂ ਦੇ ਦਿਲ ਤੇ ਕੁਝ ਅਸਰ ਹੋਇਆ ਅਤੇ ਕਈਆਂ ਦੇ ਦਿਲ ਤੇ ਕੁਝ। ਇਕ ਬੰਦੇ ਨੂੰ ਸਾਰੀ ਗੱਲ ਬਾਤ ਉਸੇ ਵੇਲੇ ਭੁੱਲ ਗਈ। ਉਹਦੀ ਆਤਮਾ ਉਸ ਪਾਣੀ ਵਾਙੂ ਸੀ ਜਿਹਦੇ ਉਤੋਂ ਚੱਪੂ ਦਾ ਨਿਸ਼ਾਨ ਉਸੇ ਵੇਲੇ ਢਹਿ ਜਾਂਦਾ ਹੈ। ਦੂਜੇ ਦਾ ਦਿਲ ਇੱਕ ਈਸਾਈ ਨੂੰ ਆਪਣੇ ਨਿਹਚਾ ਦਾ ਇਸ ਦਲੇਰੀ ਨਾਲ ਇਕਰਾਰ ਕਰਦੇ ਹੋਏ ਸੁਣ ਕੇ ਗੁਸੇ ਨਾਲ ਭਰ ਗਿਆ। ਗੋਬਿੰਦ ਰਾਮ ਆਪਣੇ ਦਿਲ ਵਿਚ ਸੋਚਣ ਲੱਗਾ ਸ਼ੈਦ ਮੈਂ ਸਾਰੀ ਉਮਰ ਅੰਨ੍ਹੇ ਵਾਹੀ ਵਾਂਙੂ ਕੁਰਾਹੇ ਭਟਕਦਾ ਫਿਰਿਆ ਹਾਂ। ਪਰ ਉਸਨੇ ਸਚਿਆਈ ਨੂੰ ਕਬੂਲਣਾ ਪਸੰਦ ਨਾ ਕੀਤਾ। ਮੁਸਲਮਾਨ ਨੇ ਇਰਾਦਾ ਕੀਤਾ ਕਿਹ ਹੁਣ ਮੈਂ ਕੁਰਾਨ ਸ਼ਰੀਫ਼ ਅਤੇ ਪਵਿੱਤਰ ਬਾਈਬਲ ਦੋਹਾਂ ਨੂੰ ਆਹਮਣੇ ਸਾਹਮਣੇ ਰਖ ਕੇ ਧਿਆਨ ਨਾਲ ਪੜ੍ਹੂਗਾਂ ਅਤੇ ਖ਼ੁਦਾ ਤੋਂ ਦੁਆ ਕਰਾਂਗਾ ਕਿ ਉਹ ਮੈਨੂੰ ਸਿਧੇ ਰਸਤੇ ਤੇ ਚਲਨ ਦੀ ਮੱਤ ਦੇਵੇ।

Digitized by Panjab Digital Library | www.panjabdigilib.org

ਮਲਕਾ ਅਸਤਰ (ਨਾਟਕ)

ਲੇਖਕ : ਐਸ. ਐਸ. ਬਚਿੰਤ

ਐਵਾਲਾਨ ਹਾਈ ਸਕੂਲ
ਟ੍ਰੇਨਿੰਗ ਸੈਂਟਰ,
ਪਠਾਨਕੋਟ ।

Digitized by Panjab Digital Library | www.panjabdigilib.org

ਨਾਟਕ ਦੇ ਪਾਤਰ

*	ਅਸਤਰ	—	ਯਹੂਦੀ ਲੜਕੀ
*	ਅਹਸ਼ਵੇਰੋਸ਼ ਰਾਜਾ	—	ਬਾਦਸ਼ਾਹ
*	ਮਾਰਦਕਈ	—	ਅਸਤਰ ਦਾ ਚਾਚਾ
*	ਛੋਟੀ ਕੁੜੀ	—	ਅਸਤਰ ਦਾ ਬਚਪਨ ਵਿਖਾਣ ਲਈ
*	ਹਾਮਾਨ	—	ਬਾਦਸ਼ਾਹ ਦਾ ਵੱਡਾ ਵਜ਼ੀਰ
*	ਫ਼ਰਿਸ਼ਤਾ	—	ਸਵਰਗ ਦੂਤ
*	ਹਾਤਾਕ	—	ਮਲਕਾ ਅਸਤਰ ਦਾ ਮੰਤਰੀ
*	ਦੋ ਮੰਤਰੀ	—	ਦਰਵਾਜ਼ੇ ਵਿਚ ਖੜ੍ਹੇ ਰਹਿਣ ਲਈ

Digitized by Panjab Digital Library | www.panjabdigilib.org

ਪਹਿਲਾ ਪੱਟ

ਸਾਮਾਨ :

ਅਸਤਰ ਪਲੰਗ ਤੇ ਸੌਂ ਰਹੀ ਹੈ। ਉਸ ਦਾ ਬਿਸਤਰਾ ਸ਼ਾਹੀ ਠਾਟ ਬਾਟ ਨਾਲ ਸਜਾਇਆ ਹੋਇਆ ਹੈ। ਇੱਕ ਪਾਸੇ ਤਾਂ ਇੱਕ ਟੇਬਲ ਪਈ ਹੈ ਜਿਸ ਉੱਤੇ ਸੋਹਣੇ ਸੋਹਣੇ ਫੁੱਲ ਸਜਾਏ ਹੋਏ ਹਨ। ਪਰਦਾ ਚੁੱਕਿਆ ਜਾਂਦਾ ਹੈ। ਇਕ ਫ਼ਰਿਸ਼ਤਾ ਆ ਕੇ ਅਸਤਰ ਦੇ ਸਰਹਾਣੇ ਖੜਾ ਹੋ ਜਾਂਦਾ ਹੈ ਅਤੇ ਬੋਲਦਾ ਹੈ—

ਫ਼ਰਿਸ਼ਤਾ : ਅਸਤਰ ਤੂੰ ਨਿਸਚਿੰਤ ਹੋ ਕੇ ਸੌਂ ਰਹੀ ਏਂ। ਜ਼ਰਾ ਅੱਖਾਂ ਖੋਲ ਕੇ ਬਾਹਰ ਤਾਂ ਵੇਖ, ਤੇਰੀ ਕੌਮ ਅਤੇ ਤੇਰੇ ਦੇਸ਼ ਤੇ ਕੀ ਬਣੀ ਹੋਈ ਏ। ਹਜ਼ਾਰਾਂ ਸੁਹਾਗਣਾਂ ਦੇ ਸੁਹਾਗ ਲੁੱਟ ਗਏ। ਅਣਗਿਣਤ ਭੈਣਾਂ ਦੇ ਨੌਜਵਾਨ ਵੀਰ ਹਾਮਾਨ ਦੀ ਤਲਵਾਰ ਦੇ ਸ਼ਿਕਾਰ ਹੋਏ ਹਨ। ਪਤਾ ਨਹੀਂ ਕਿਨੀਆਂ ਬਦਕਿਸਮਤ ਮਾਵਾਂ ਦੀਆਂ ਗੋਦੀਆਂ ਖ਼ਾਲੀ ਹੋ ਗਈਆਂ ਹਨ। ਅਸਤਰ, ਤੂੰ ਰਾਣੀ ਏਂ। ਤੇਰੇ ਇੱਕ ਇਸ਼ਾਰੇ ਤੇ ਤੇਰੀ ਕੌਮ ਸ਼ਾਂਤੀ ਪਾ ਸਕਦੀ ਏ। ਕੀ ਤੂੰ ਉਹ ਦਿਨ ਭੁੱਲ ਗਈ ਏਂ ਜਦ— ਤੂੰ ਬੱਚੀ ਸੈਂ (ਇਕ ਛੋਟੀ ਲੜਕੀ ਫ਼ਟੇ ਪੁਰਾਣੇ ਕੱਪੜੇ ਪਾਈ ਸਟੇਜ ਤੇ ਆ ਕੇ ਖੜ੍ਹੀ ਹੋ ਜਾਂਦੀ ਹੈ)। ਤੇਰੇ ਮਾਂ ਬਾਪ ਚਲਾਣਾ ਕਰ ਗਏ। ਤੇਰੀ ਕੌਮ ਦੀਆਂ ਅੱਖਾਂ ਤੇਰੇ ਉੱਠ ਰਹੇ ਜੋਬਨ ਤੋਂ ਪਤਾ ਨਹੀਂ ਕੀ ਮੰਗ ਕਰ ਰਹੀਆਂ ਸਨ ਤੇਰੇ ਚਾਚੇ ਮਾਰਦਕਈ ਨੇ ਆਪਣੇ ਗਰੀਬਪਨ ਵਿਚ ਛੁਪ ਕੇ ਤੈਨੂੰ ਪਾਲਿਆ (ਮਾਰਦਕਈ ਦੂਸਰੇ ਪਾਸਿਓਂ ਸਟੇਜ ਤੇ ਆ ਕੇ ਉਸ ਲੜਕੀ ਦਾ ਜੋ ਛੋਟੀ ਅਸਤਰ ਬਣੀ ਹੋਈ ਹੈ, ਹੱਥ ਫ਼ੜ ਲੈਂਦਾ ਹੈ।) ਖ਼ੁਦ ਦੁਖ ਸਹੇ ਪਰ ਤੈਨੂੰ ਕਿਸੇ ਗਲੋਂ ਨਿਰਾਸ ਨਾ ਹੋਣ ਦਿੱਤਾ। (ਮਾਰਦਕਈ ਬੜੇ ਦੁਖ ਨਾਲ ਏਧਰ ਉਧਰ ਵੇਖ ਕੇ ਅਸਤਰ ਨੂੰ ਨਾਲ ਲੈ ਕੇ ਚਲਾ ਜਾਂਦਾ ਹੈ।) ਅਤੇ ਉਹ ਦਿਨ ਜਦ ਰਾਜਾ ਅਹਸ਼ਵੇਰੋਸ਼ ਨੇ ਆਪਣੀ ਪਤਨੀ ਨੂੰ ਸਭਾ ਵਿਚ ਨਾ ਆਉਣ ਦੀ ਸਜ਼ਾ ਦਿੱਤੀ ਤਾਂ ਉਸ ਦਿਨ ਕਈ ਹੁਸੀਨਾ ਵਿਚੋਂ ਰਾਜੇ ਨੇ ਤੈਨੂੰ ਪਸੰਦ ਕੀਤਾ। ਤੇਰੀ ਕੌਮ ਗਰੀਬ ਸੀ। ਤੂੰ ਗਰੀਬੀ ਵਿਚ ਪਲ ਕੇ ਅੱਜ ਰਾਜੇ ਦੇ ਮਹਿਲਾਂ ਦਾ ਸ਼ਿੰਗਾਰ ਬਣੀ ਏਂ ਪਰ ਇਹ ਤੈਨੂੰ ਸੱਜਦਾ ਨਹੀਂ। ਤੇਰੀ ਕੌਮ ਤੇ ਆਫ਼ਤ ਪਈ ਹੋਈ ਏ। ਤੂੰ ਅਜੇ ਤੱਕ ਸੌਂ ਰਹੀ ਏਂ। ਅਸਤਰ ਜ਼ਰਾ ਕੌਮ ਦੇ ਜ਼ਖਮਾਂ ਤੇ ਪੱਟੀ ਤਾਂ ਬੰਨ੍ਹ। ਮੂਸਾ ਨੇ ਆਪਣੀ ਪਰਜਾ ਨੂੰ ਯਹੋਵਾਹ ਦੀ ਕ੍ਰਿਪਾ ਨਾਲ ਬਚਾ ਲਿਆ। ਤੂੰ ਤਾਂ ਇਕ ਰਾਣੀ ਏਂ। ਕੀਹ ਕੁਝ ਨਹੀਂ ਕਰ ਸਕਦੀ ?

ਫ਼ਰਿਸ਼ਤਾ ਚਲਾ ਜਾਂਦਾ ਹੈ।

ਰਾਣੀ ਅਸਤਰ ਉੱਠ ਕੇ ਬੈਠ ਜਾਂਦੀ ਹੈ। ਬੜੀ ਹੈਰਾਨ ਹੈ। ਮੰਤਰੀ ਨੂੰ ਆਵਾਜ਼ ਮਾਰਦੀ ਹੈ।

ਅਸਤਰ : ਹਾਤਾਕ—ਹਾਤਾਕ! ਛੇਤੀ ਅੰਦਰ ਆ।

ਹਾਤਾਕ ਅੰਦਰ ਆਉਂਦਾ ਹੈ।

Digitized by Panjab Digital Library | www.panjabdigilib.org

ਅਸਤਰ : ਹੁਣੇ ਜਾ ਅਤੇ ਮੇਰੇ ਚਾਚੇ ਦਾ ਪਤਾ ਕਰਕੇ ਆ । ਉਹ ਕਿੱਥੇ ਹੈ ? ਉਸ ਦੀ ਸਾਰੀ ਹਾਲਤ ਮੇਰੇ ਕੋਲ ਲਿਖ ਕੇ ਲੈ ਆ ।

ਹਾਤਾਕ : ਜੋ ਆਗਿਆ ਰਾਣੀ ਜੀ !

ਚਲਾ ਜਾਂਦਾ ਹੈ ।

ਅਸਤਰ ਬੜੀ ਪ੍ਰੇਸ਼ਾਨ ਹੈ । ਕਦੇ ਪਲੰਘ ਤੇ ਬੈਠ ਜਾਂਦੀ ਹੈ । ਕਦੇ ਖੜੀ ਹੋ ਜਾਂਦੀ ਹੈ । ਕਦੇ ਦਰਵਾਜ਼ੇ ਵੱਲ ਦੇਖਦੀ ਹੈ । ਏਨੇ ਨੂੰ ਹਾਤਾਕ ਆਉਂਦਾ ਨਜ਼ਰ ਆ ਜਾਂਦਾ ਹੈ ।

ਅਸਤਰ ਛੇਤੀ ਨਾਲ ਉਸਨੂੰ ਅੰਦਰ ਬੁਲਾਉਂਦੀ ਹੈ ਅਤੇ ਆਖਦੀ ਹੈ—

ਅਸਤਰ : ਛੇਤੀ ਦੱਸ ! ਕੀ ਸੁਨੇਹਾ ਲੈ ਕੇ ਆਇਆ ਏਂ ?

ਹਾਤਾਕ : ਆਪਣੀ ਜੇਬ ਵਿਚੋਂ ਇੱਕ ਕਾਗਜ਼ ਕੱਢ ਕੇ ਪੜ੍ਹਨ ਲੱਗ ਜਾਂਦਾ ਹੈ ।

ਅਸਤਰ ਰਾਣੀ, ਕੀ ਤੈਨੂੰ ਪਤਾ ਨਹੀਂ ਹਾਮਾਨ ਦੇ ਗੌਰਵ ਅੱਗੇ ਸਾਰੀ ਪਰਜਾ ਝੁਕਦੀ ਸੀ ? ਪਰ ਮੈਂ ਯਹੂਦੀ ਸਾਂ ਇਸ ਲਈ ਉਹ ਕਈ ਵਾਰੀ ਮੇਰੇ ਸਾਹਮਣੇ ਆਇਆ ਪਰ ਮੈਂ ਨਾ ਝੁਕਿਆ । ਬਾਕੀ ਮੰਤ੍ਰੀਆਂ ਨੇ ਹਾਮਾਨ ਦੇ ਕੰਨ ਭਰੇ ਕਿ ਮਾਰਦਕਈ ਤੇਰਾ ਅਪਮਾਨ ਕਰਦਾ ਹੈ । ਸੋ ਉਸ ਨੇ ਗੁੱਸੇ ਵਿਚ ਆ ਕੇ ਸਾਰੇ ਦੇਸ਼ ਵਿਚ ਚਿੱਠੀਆਂ ਭੇਜ ਦਿੱਤੀਆਂ ਹਨ ਕਿ ਸਭ ਯਹੂਦੀਆਂ ਨੂੰ ਮਾਰ ਦਿੱਤਾ ਜਾਵੇ ਅਤੇ ਉਨ੍ਹਾਂ ਦਾ ਸਾਰਾ ਧਨ ਲੁੱਟ ਲਿਆ ਜਾਵੇ ।

ਸੋ ਅਸਤਰ, ਸਾਰੇ ਯਹੂਦੀ ਆਪਣੇ ਬਦਨ ਤੇ ਬੋਰੀਆਂ ਲਪੇਟ ਕੇ ਸੜਕਾਂ ਤੇ ਗਿੜਗਿੜਾ ਰਹੇ ਸਨ ਕਿ ਯਹੋਵਾਹ ਉਨ੍ਹਾਂ ਦੀ ਪੁਕਾਰ ਸੁਣ ਕੇ ਜ਼ੁਲਮ ਬੰਦ ਕਰੇ । ਮੈਂ ਵੀ ਬੋਰੀ ਲਪੇਟ ਕੇ ਚੌਂਕ ਵਿਚ ਬੈਠਾਂ ਹਾਂ । ਮੇਰੇ ਦੁੱਖਾਂ ਦੀ ਪੁਕਾਰ ਜ਼ਰੂਰ ਪਰਮੇਸ਼ੁਰ ਪਾਸ ਪਹੁੰਚੇਗੀ । ਅਸਤਰ ਤੂੰ ਰਾਣੀ ਏਂ ਰਾਜਾ ਤੇਰੀ ਗੱਲ ਜ਼ਰੂਰ ਮੰਨ ਲਵੇਗਾ । ਤੂੰ ਉਸ ਪਾਸ ਜਾ ਅਤੇ ਇਸ ਜ਼ੁਲਮ ਨੂੰ ਬੰਦ ਹੋਣ ਦੀ ਅਰਦਾਸ ਕਰ । ਕੌਮ ਦਾ ਬਚਾ ਤੂੰ ਕਰ ਸਕਦੀ ਏਂ ।

ਹਾਤਾਕ ਪੜ੍ਹ ਕੇ ਅਸਤਰ ਵਲ ਵੇਖਦਾ ਹੈ । ਅਸਤਰ ਇਕ ਠੰਡਾ ਸਾਹ ਭਰ ਕੇ ਉਸ ਨੂੰ ਬਾਹਰ ਜਾਣ ਦੀ ਆਗਿਆ ਦਿੰਦੀ ਹੈ ।

ਅਸਤਰ ਬੜੀ ਪ੍ਰੇਸ਼ਾਨੀ ਨਾਲ ਚਾਰੋਂ ਪਾਸੀਂ ਵੇਖਦੀ ਹੈ ਅਤੇ ਕਹਿੰਦੀ ਹੈ—

ਅਸਤਰ : ਮੈਂ ਰਾਜੇ ਪਾਸ ਕਿਸ ਤਰ੍ਹਾਂ ਜਾਵਾਂ । ਉਸ ਨੇ ਤਾਂ ਮੈਨੂੰ ਤੀਹ ਦਿਨ ਹੋ ਗਏ ਹਨ, ਕਦੇ ਬੁਲਾਇਆ ਨਹੀਂ ਉਸ ਪਾਸ ਜੋ ਜਾਵੇ ਉਸ ਨੂੰ ਮਾਰ ਦੇਣ ਦਾ ਹੁਕਮ ਹੈ । ਮੈਂ ਕੀ ਕਰਾਂ । ਕਿਸ ਤਰ੍ਹਾਂ ਕੌਮ ਨੂੰ ਬਚਾਵਾਂ । ਚੁੱਪ......। ਕੁਝ ਵੀ ਹੋਵੇ ਮੈਂ ਜ਼ਰੂਰ ਅੱਜ ਰਾਜੇ ਪਾਸ ਜਾਵਾਂਗੀ ਅਤੇ ਆਪਣੀ ਕੌਮ ਦਾ ਦੁੱਖ ਸੁਣਾਵਾਂਗੀ ।

ਅਸਤਰ ਛੇਤੀ ਨਾਲ ਕਮਰੇ ਚੋਂ ਬਾਹਰ ਨਿਕਲ ਜਾਂਦੀ ਹੈ ।

ਪਰਦਾ ਡਿੱਗਦਾ ਹੈ ।

Digitized by Panjab Digital Library | www.panjabdigilib.org

ਦੂਸਰਾ ਪੱਟ

ਰਾਜਾ ਗੱਦੀ ਤੇ ਬੈਠਾ ਹੈ। ਇੱਕ ਮੇਜ਼ ਤੇ ਵੱਡੀ ਸਾਰੀ ਕਿਤਾਬ ਪਈ ਹੈ। ਦੋ ਕੁਰਸੀਆਂ ਹੋਰ ਕੋਲ ਪਈਆਂ ਹਨ। ਦਰਵਾਜ਼ੇ ਵਿਚ ਮੰਤ੍ਰੀ ਖੜਾ ਹੈ। ਉਸ ਦੇ ਹੱਥ ਵਿੱਚ ਤਲਵਾਰ ਹੈ। ਰਾਜੇ ਦੇ ਹੱਥ ਵਿੱਚ ਇੱਕ ਸੋਨੇ ਦੀ ਸੋਟੀ ਹੈ।

ਰਾਜਾ ਦਰਵਾਜ਼ੇ ਵੱਲ ਵੇਖਦਾ ਹੈ ਕਿ ਅਸਤਰ ਰਾਜ-ਬਸਤਰਾਂ ਵਿਚ ਉਸ ਪਾਸ ਆਉਂਦੀ ਹੈ।

ਰਾਜਾ ਖੁਸ਼ ਹੋਕੇ ਉਸ ਵੱਲ ਆਪਣੀ ਸੋਨੇ ਦੀ ਸੋਟੀ ਕਰਦਾ ਹੈ। ਅਸਤਰ ਲੈਕੇ ਬੈਠ ਜਾਂਦੀ ਹੈ।

ਰਾਜਾ : ਰਾਣੀ ਅਸਤਰ, ਤੈਨੂੰ ਕੀਹ ਚਾਹੀਦਾ ਹੈ ?

ਅਸਤਰ : ਮਹਾਰਾਜ, ਮੈਂ ਅੱਜ ਜੇਵਨਾਰ ਤਿਆਰ ਕਰ ਰਹੀ ਆਂ। ਤੁਸੀਂ ਅਤੇ ਹਾਮਾਨ ਮੇਰੀ ਜੇਵਨਾਰ ਵਿੱਚ ਆਉ। ਬੱਸ, ਮੈਂ ਇਹ ਹੀ ਚਾਹੁੰਦੀ ਹਾਂ।

ਰਾਜਾ : ਅੱਛਾ ਰਾਣੀ, ਤੂੰ ਜੇਵਨਾਰ ਤਿਆਰ ਕਰ ਅਸੀਂ ਦੋਨੋਂ ਤੇਰੀ ਜੇਵਨਾਰ ਵਿੱਚ ਆਵਾਂਗੇ।

ਅਸਤਰ ਚਲੀ ਜਾਂਦੀ ਹੈ।

ਰਾਜਾ ਕੋਲ ਪਈ ਕਿਤਾਬ ਨੂੰ ਫ਼ੋਲਣ ਲੱਗ ਪੈਂਦਾ ਹੈ। ਅਚਾਨਕ ਬੰਦ ਕਰਕੇ ਸੋਚਣ ਲੱਗਦਾ ਹੈ। ਉੱਚੀ ਉੱਚੀ ਬੋਲਣ ਲੱਗਦਾ ਹੈ।

ਪਿਛਲੇ ਦਿਨੀਂ ਮੇਰੇ ਜੱਦ ਦੋ ਮੰਤਰੀਆਂ ਨੇ ਮੇਰੇ ਉੱਤੇ ਹੱਥ ਚੁਕਨ ਦਾ ਵਿਚਾਰ ਕੀਤਾ ਸੀ ਤਾਂ ਮਾਰਦਕਈ ਨੇ ਮੈਨੂੰ ਬਚਾਇਆ ਸੀ। ਮੈਂ ਅਜੇ ਤਕ ਉਸ ਦਾ ਕੋਈ ਧੰਨਵਾਦ ਨਹੀਂ ਕੀਤਾ। ਅਜ ਜ਼ਰੂਰ ਹਾਮਾਨ ਦੀ ਸਲਾਹ ਨਾਲ ਉਸ ਨੂੰ ਕੋਈ ਇਨਾਮ ਦਿੱਤਾ ਜਾਇਗਾ।

(ਬਾਹਰ ਖੜਾਕ ਹੁੰਦਾ ਹੈ।)

ਰਾਜਾ : ਮੰਤਰੀ, ਬਾਹਰ ਵੇਖ ਕੌਣ ਹੈ ?

ਮੰਤਰੀ : ਮਹਾਰਾਜ, ਹਾਮਾਨ ਆਇਆ ਹੈ।

ਰਾਜਾ : ਉਸ ਨੂੰ ਅੰਦਰ ਆਉਣ ਦਿਓ।

ਹਾਮਾਨ ਅੰਦਰ ਆ ਕੇ ਰਾਜਾ ਕੋਲ ਬੈਠ ਜਾਂਦਾ ਹੈ।

ਰਾਜਾ : ਹਾਮਾਨ, ਜੇ ਅੱਜ ਰਾਜਾ ਕਿਸੇ ਦੀ ਬਹੁਤ ਇੱਜ਼ਤ ਕਰਨੀ ਚਾਹੇ ਤਾਂ ਉਸ ਨਾਲ ਕਿਸ ਤਰ੍ਹਾਂ ਦਾ ਵਰਤਾਵਾ ਕੀਤਾ ਜਾਵੇ ?

ਹਾਮਾਨ : ਮਹਾਰਾਜ, ਉਸ ਦੇ ਹੱਥ ਵਿਚ ਤੁਹਾਡੀ ਅੰਗੂਠੀ ਪਾ ਕੇ, ਤੁਹਾਡੇ ਘੋੜੇ ਉੱਤੇ ਚੜ੍ਹਾ ਕੇ ਅਤੇ ਰਾਜ-ਬਸਤਰਾਂ ਵਿੱਚ ਸਾਰੇ ਸ਼ਹਿਰ ਵਿੱਚ ਫੇਰਨਾ ਚਾਹੀਦਾ ਹੈ ਕਿ ਇਹ ਉਹ ਇਨਸਾਨ ਹੈ ਜਿਸ ਦੀ ਰਾਜਾ ਇੱਜ਼ਤ ਕਰਨੀ ਚਾਹੁੰਦਾ ਹੈ।

ਰਾਜਾ : ਅੱਛਾ ਹਾਮਾਨ, ਜੋ ਕੁਝ ਤੂੰ ਆਖਿਆ ਹੈ, ਉਸੇ ਤਰ੍ਹਾਂ ਹੁਣੇ ਜਾਕੇ ਮਾਰਦਕਈ ਨਾਲ ਕਰ ਕਿਉਂਕਿ ਉਸ ਨੇ ਮੇਰੀ ਜਾਨ ਬਚਾਈ ਸੀ ਅਤੇ ਅਸੀਂ ਅਜੇ ਤਕ ਉਸ ਦਾ ਧੰਨਵਾਦ

Digitized by Panjab Digital Library | www.panjabdigilib.org

ਨਹੀਂ ਕੀਤਾ। ਛੇਤੀ ਕਰੀਂ। ਕਿਉਂਕਿ ਰਾਣੀ ਅਸਤਰ ਨੇ ਸਾਨੂੰ ਦੋਹਾਂ ਨੂੰ ਅੱਜ ਫੇਰ ਜੇਵਨਾਰ ਤੇ ਬੁਲਾਇਆ ਹੈ। ਅਸੀਂ ਦੋਨੋਂ ਜਾਵਾਂਗੇ। ਮੈਂ ਤਿਆਰ ਹੋ ਆਵਾਂ।

(ਰਾਜਾ ਬਾਹਰ ਚਲਾ ਜਾਂਦਾ ਹੈ।)

ਹਾਮਾਨ—ਇਹ ਕੀ ਹੋ ਗਿਆ ? ਮੈਂ ਤਾਂ ਇੱਕ ਵੱਡੀ ਸਾਰੀ ਸੂਲੀ ਮਾਰਦਕਈ ਵਾਸਤੇ ਬਣਾਈ ਸੀ ਪਰ ਰਾਜਾ ਮੈਨੂੰ ਕੀ ਕਹਿ ਗਿਆ। ਮੈਂ ਤਾਂ ਸੋਚਿਆ ਸੀ, ਰਾਜਾ ਮੈਨੂੰ ਹੀ ਸਭ ਤੋਂ ਅਧਿੱਕ ਚਾਹੁੰਦਾ ਹੈ ਅਤੇ ਇਹ ਸਲੂਕ ਮੇਰੇ ਨਾਲ ਹੀ ਕੀਤਾ ਜਾਏਗਾ। ਪਰ......ਮੈਂ...... ਮਾਰਦਕਈ ਨੂੰ ਰਾਜੇ ਦੇ ਘੋੜੇ ਤੇ ਚੜ੍ਹਾਵਾਂ......।

ਪਰਦਾ ਡਿੱਗਦਾ ਹੈ।

ਤੀਸਰਾ ਪੱਟ

ਕਮਰਾ ਸੱਜਿਆ ਹੋਇਆ ਹੈ। ਅਸਤਰ, ਰਾਜਾ ਤੇ ਹਾਮਾਨ ਜੇਵਨਾਰ ਤੇ ਬੈਠੇ ਬਹੁਤ ਖੁਸ਼ ਹਨ। ਦਰਵਾਜ਼ੇ ਵਿੱਚ ਇੱਕ ਮੰਤਰੀ ਖੜਾ ਹੈ।

ਰਾਜਾ : ਅਸਤਰ, ਹੁਣ ਦੱਸ, ਤੇਰੀ ਕਲ ਅਤੇ ਅੱਜ ਦੀ ਇਸ ਸ਼ਾਨਦਾਰ ਜੇਵਨਾਰ ਦਾ ਕੀਹ ਮਕਸਦ ਹੈ ? ਤੂੰ ਜੋ ਕੁਝ ਮੰਗੇਂਗੀ ਤੈਨੂੰ ਦਿੱਤਾ ਜਾਏਗਾ। ਜੇ ਤੂੰ ਰਾਜਗੱਦੀ ਵੀ ਮੰਗੇਂ ਤਾਂ ਕੋਈ ਇਨਕਾਰ ਨਹੀਂ। ਬੋਲ ਅਸਤਰ, ਕੀ ਚਾਹੀਦਾ ਹੈ।

ਅਸਤਰ : ਮਹਾਰਾਜ, ਮੈਨੂੰ ਰਾਜਗੱਦੀ ਦੀ ਕੋਈ ਲੋੜ ਨਹੀਂ। ਸਿਰਫ਼ ਇਤਨਾ ਹੈ ਕਿ ਜੋ ਜ਼ੁਲਮ ਮੇਰੀ ਬੇਗੁਨਾਹ ਯਹੂਦੀ ਕੌਮ ਉੱਤੇ ਕੀਤਾ ਜਾ ਰਿਹਾ ਹੈ ਉਹ ਰੋਕ ਦਿੱਤਾ ਜਾਏ।

ਰਾਜਾ : ਅਸਤਰ, ਕੌਣ ਤੇਰੀ ਬੇਗੁਨਾਹ ਕੌਮ ਤੇ ਜ਼ੁਲਮ ਕਰ ਰਿਹਾ ਹੈ ?

ਅਸਤਰ : ਮਹਾਰਾਜ, ਇਹ ਤੁਹਾਡੇ ਪਾਸ ਬੈਠਾ ਦੁਸ਼ਟ ਹਾਮਾਨ ਇਸ ਨੇ ਸਾਰੇ ਦੇਸ਼ਾਂ ਵਿੱਚ ਚਿੱਠੀਆਂ ਭੇਜ ਦਿੱਤੀਆਂ ਹਨ ਕਿ ਸਾਰੀ ਯਹੂਦੀ ਕੌਮ ਨੂੰ ਮਾਰ ਦਿੱਤਾ ਜਾਏ। ਇਸ ਨੇ ਮਾਰਦਕਈ ਵਾਸਤੇ ਸੂਲੀ ਵੀ ਤਿਆਰ ਕੀਤੀ ਹੈ।

ਰਾਜਾ : (ਗੁੱਸੇ ਵਿੱਚ ਮੰਤਰੀ ਨੂੰ ਆਵਾਜ਼ ਦਿੰਦਾ ਹੈ) ਮੰਤਰੀ !

ਮੰਤਰੀ : ਹਜ਼ੂਰ ਹਾਜ਼ਿਰ ਹਾਂ।

ਰਾਜਾ : ਮੰਤਰੀ, ਇਸ ਦੁਸ਼ਟ ਹਾਮਾਨ ਨੂੰ ਲੈ ਜਾਓ ਅਤੇ ਜੋ ਸੂਲੀ ਇਸ ਨੇ ਮਾਰਦਕਈ ਵਾਸਤੇ ਬਣਾਈ ਹੈ ਉਸ ਉੱਤੇ ਇਸ ਨੂੰ ਟੰਗ ਦਿਓ ਅਤੇ ਅੱਜ ਹੀ ਸਾਰੇ ਦੇਸ਼ਾਂ ਵਿਚ ਚਿੱਠੀਆਂ ਲਿਖ ਦਿਓ ਕਿ ਯਹੂਦੀ ਕੌਮ ਤੇ ਜ਼ੁਲਮ ਕਰਨਾ ਬੰਦ ਹੋ ਜਾਏ।

Digitized by Panjab Digital Library | www.panjabdigilib.org

ਮੰਤਰੀ: ਜੋ ਆਗਿਆ, ਹਜ਼ੂਰ।

ਹਾਮਾਨ ਨੂੰ ਲੈ ਕੇ ਚਲਾ ਜਾਂਦਾ ਹੈ।

ਰਾਜਾ : ਅਸਤਰ, ਹੋਰ ਕੀ ਚਾਹੁੰਦੀ ਏਂ ?

ਅਸਤਰ : ਮਹਾਰਾਜ, ਮੈਂ ਚਾਹੁੰਦੀ ਹਾਂ ਕਿ ਦੋ ਦਿਨ ਤਕ ਯਹੂਦੀ ਕੌਮ ਵੀ ਆਪਣਾ ਬਦਲਾ ਲੈ ਸਕੇ।

ਰਾਜਾ : ਇਹ ਆਸ਼ਾ ਵੀ ਪੂਰੀ ਹੋਵੇਗੀ।

ਰਾਜਾ : ਦੂਸਰੇ ਮੰਤਰੀ ਨੂੰ ਆਵਾਜ਼ ਮਾਰਦਾ ਹੈ।

ਦੂਸਰਾ ਮੰਤਰੀ ਆਉਂਦਾ ਹੈ।

ਰਾਜਾ : ਮੰਤਰੀ, ਜਾਓ ਅਤੇ ਇਹ ਖ਼ਬਰ ਸਾਰੇ ਦੇਸ਼ਾਂ ਵਿੱਚ ਫ਼ੈਲਾ ਦਿਓ ਕਿ ਯਹੂਦੀ ਕੌਮ ਦੋ ਦਿਨ ਤਕ ਆਪਣਾ ਬਦਲਾ ਲੈ ਸਕਦੀ ਹੈ।

ਰਾਜਾ : ਅਸਤਰ, ਹੁਣ ਤਾਂ ਤੂੰ ਖੁਸ਼ ਏਂ ? ਚਲ ਦੁਸ਼ਟ ਹਾਮਾਨ ਦਾ ਘਰ ਵੇਖਣ ਚਲੀਏ। ਉਹ ਘਰ ਹੁਣ ਤੇਰਾ ਘਰ ਹੈ। ਹਾਮਾਨ ਦੇ ਸਾਰੇ ਪ੍ਰਵਾਰ ਨੂੰ ਮਾਰ ਦਿੱਤਾ ਹੈ।

ਦੋਨੋਂ ਖੁਸ਼ ਹੋ ਕੇ ਬਾਹਰ ਜਾਂਦੇ ਹਨ।

ਪਰਦਾ ਡਿਗਦਾ ਹੈ।

(ਸੰਪੂਰਨ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਚੋਣਵੀਆਂ ਸਹਾਇਕ ਪੁਸਤਕਾਂ ਦੀ ਸੂਚੀ

ਅੰਗ੍ਰੇਜ਼ੀ :

Allen, J., The Cambridge Short History of India, The University Press, Cambridge, 1934.

Anderson, H. E., A Century for the Christ, Lodiana Mission Press, Ludhiana, 1937.

Anonymous, The Acts of St. Thomas, Carey Library, Serampur.

Auber, Rise and Progress of the British Power in India.

Banerjea, J. N., Scynthians and Parthians in India, Comprehensive History of India (Ed. K. A. N. Sastri) Vol. II, Orient Longmans, Bombay, 1957.

Banerjea, Anil Chandra, Anglo-Sikh Relations, 1934.

Banerji, Sri Kumar, Bangu Sahitya Upanyaser Dhara, Modern Book Agency, Calcutta, 1960.

Basham, A. L., A New Study of the Saka-Kushana Period, Bulletin of the School of Oriental and African Studies, Vol. XV, 1953.

Benade, Miriam Mcgaw, Towards New Horizons in India, Board of Foreign Missions, Newyork, 1946.

Block & Trager, An Introduction to Modern Linguistics, Newyork, 1956.

Blunt, Sir Edward, Social Service in India, 1944.

Burkitt, F. C., St. Thomas and his Feasts, Kerala Society Papers, Series VI.

Butterfield, Kenyon L., The Christian Mission in Rural India, International Missionary Council, Newyork, 1930.

Campbell, Ernest Y., The Church in the Punjab, The National Christian Council of India, 1964.

Digitized by Panjab Digital Library | www.panjabdigilib.org

Carey, William, Grammar of the Punjabi Language, Mission Press, Serampur, 1812.

Carter, Robert, The Foreign Missionary Chronicle, Vol. V (1837, 1844, 1845), 112, Canal Street, Newyork.

Charpentier, J., St. Thomas the Apostle in India, Kyrkohistorik Arskrift, 1927.

Clark, R., The Punjab and Sindh Mission of the Church Missionary Society, Seeley, Jackson and Halliday, London, 1885.

Collier's Encyclopaedia, Vol. IV, United States of America.

Cummings, T. F. & Bailey, T. G., Panjabi Manual and Grammar, Baptist Mission Press, Calcutta, 1912.

Cunningham, History of the Sikhs, S. Chand & Co., 1966.

Diwana, Mohan Singh, History of Punjabi Literature, Kasturi Lal & Sons, Amritsar, 1956.

Dodwell, H. H., The Cambridge History of India, Vol. V and VI, Cambridge.

Ed., A Brief Account of the Lodiana Mission, 1833-1844.

Ed., Foreign Missionary, The Mission House, Newyork, Vol. XXI, XXVI, XXX, (1862-1872).

Ed., The President's Report of the Work of Punjab Mission, Lodiana Mission Steam Press, Ludhiana, 1907.

Ed., The Reader's Digest Great Encyclopaedic Dictionary, Vol. I, II & III, The Reader's Digest Association, London.

Encyclopaedia Americana, Vol. XIII, United States of America.

Encyclopaedia Britannica, Vol. VII, X, London.

Entwistle, William J., Aspects of Language, Faber & Faber, London, 1951.

Farquhar, J. N., The Apostle Thomas in Northern India, Bulletin of the John Rylands Library, Vol. X.

Filth, Cyril Bruce, An Introduction to Indian Church History, London.

Fleet, J. F., St. Thomas and Gondophernes, Journal of the Royal Asiatic Society, 1905.

Geddier, William, Ed., Chamber's Twentieth Century Dictionary,

Digitized by Panjab Digital Library | www.panjabdigilib.org

Allied Publishers, Delhi, 1964.
Ganda Singh, Christianity in Punjab, Punjab Past and Present, Punjab University. 1966.
Ghatage, A. M., Historical Linguistics and Indo-Aryan Languages, University of Bombay, 1962.
Gorden, Andrew D. D., Our India Mission, 914, Filbert Street, Philadelphia, 1886.
Greenfield, M. Rose, Five Years in Ludhiana, S. W. Partridge & Co., London, 1886.
Grierson, Sir George, Linguistic Survey of India, Vol. V, Moti Lal Banarsi Das, Delhi.
Hares, Canon W. P., A Collection of Punjabi Proverbs and Idiomatic Sentences in Roman Punjabi, The Civil & Military Gazette Ltd., Lahore, 1940.
Heiler, Friedrich, The Gospel of Sadhu Sunder Singh, George Allen & Unwin, London, 1927.
Heras, H., The Two Apostles of India, Catholic Truth Society, Tiruchirapalli, 1944.
Hockett, Charles F., A Course in Modern Linguistics, The Macmillan Co., Newyork, 1958.
Hollistar, John N., The Centenary of the Methodist Church in Southern Asia, Lucknow Publishing House, Lucknow, 1956.
Hosten, H., St. Thomas in India or Thattah Fakirs, Indian Athenaeum, Sept. 1923.
Howard, William D., A History of the Origin of the Board of Foreign Mission of the Presbyterian Church, U. S. A.
Janvier, L., Ed., A Dictionary of the Panjabi Language, (Prepared by a Committee of the Lodiana Mission), Ludhiana Mission Press, Ludhiana, 1854.
—Idiomatic Sentences in English and Punjabi, American Presbyterian Mission Press, Ludhiana, 1846.
John, Catalogue of Bengali Books & Manuscripts, Serampore Missionary Press, Serampore, 1902.

Digitized by Panjab Digital Library | www.panjabdigilib.org

Joseph, T. K., Constantine and Indians, Journal of Indian History, Vol. XXVIII.

Jukes, A., Western Punjabi and English Dictionary or Dictionary of the Jatki or Western Punjabi Language, Language Department, Patiala, 1960.

Kabir, Humayun, The Indian Heritage, 1957.

Language Deptt. Pb., Anglo-Hindi-Punjabi Glossory of Technical Terms, Patiala, 1962.

Latif, S. M., History of the Punjab, S. Chand & Co., New Delhi, 1962.

Latourette, K. S., A History of Christianity, Karpers, Newyork 1953.

Law, N. N., Promotion and Learning in India, 1960.

Lehmann, Winfred P., Historical Linguistics–An Introduction, Holt, Rinehart & Winston, 1962.

Levi, S., Notes on the Indo-Synthians, Indian Antiquary, Vol. XXXIII, 1903.

L. M,, Lodiana Mission Reports from Nov. 1844 to 1845, 1868-1872, 1873-1880, 1881-1890, 1895-1901, Allahabad Mission Press, Allahabad.

Loehlin, C. H., The Sikhs and their Scriptures, Lucknow Publishing House, Lucknow, 1964.

Lowrie, John C., Two years in Upper India, Robert Carter & Bros., Broadway, Newyork, 1850.

–A Manual of the Foreign Mission of Presbyterian Church.

Mahajan, V. D. & Sethi, R. R., British Rule in India and After, 1964.

Marshall, J., Taxila, 3 Vols., The University Press, Cambridge, 1951.

Marshman, J. Clark, History of India, Baptist Mission Press, Calcutta, 1895.

–The Life and Labours of Carey, Marshman & Ward, 1893.

Digitized by Panjab Digital Library | www.panjabdigilib.org

Max Muller, F., Selected Essays on Language, Mythology and Religions, Vol I, Longmans, London, 1881.

Maya Singh, Bhai, The Punjabi Dictionary, Punjab Text-Book Committee, Lahore, 1895.

Medlycott, A. E., India and the Apostle Thomas, David Nutt, London, 1905.

Mookerji, Radha Kumud, Ancient India, Indian Press (Publishers) Pvt. Ltd., Allahabad, 1956.

Moraes, George Mark, A History of Christianity in India, P. C. Manaktala & Sons Pvt. Ltd., Bombay, 1964.

Morison, Theodore, Imperial Rule in India, London, 1899.

Murdoch, John, Ed., Selected Tracts (Ist Series), Scottish Press, Madras, 1861.

—Selected Tracts (IInd Series), Scottish Press, Madras, 1870.

Myers, John Brown, Ed., The Centenary Volume of the Baptist Missionary Society, Baptist Mission Press, Calcutta, (1792-1832), 1892.

Nehru, Jawahar Lal, Glimpses of World History, IVth Edition.

–Discovery of India, 1964.

Newton, E. P., Punjabi Manual and Grammar, IInd Edition, Language Deptt. Pb., Patiala, 1964.

Newton, John, A Grammar of the Punjabi Language, American Presbyterian Mission Press, Ludhiana, 1893.

–History of the American Presbyterian Mission, A. P. M. P., Ludhiana, North, E. M., The Book of Thousand Tongues; Newyork, 1910.

O'brien, E., Glossory of the Multani Language or South-Western Punjabi, Punjab Govt. Press, Lahore, 1903.

Pannikar, K. M., A Survey of Indian History, 1956.

Phillips, Connection of St. Thomas the Apostle with India, Indian Antiquary, Vol. XXXII.

Pischel, R., Comparative Grammar of Prakrit Languages, Moti Lal Banarsi Dass, Delhi, 1957.

Digitized by Panjab Digital Library | www.panjabdigilib.org

Punjab Mission Reports, (1910-1918), (1923-1927), Wesley Mission Press, Mysore.

Puri, Bishan Das, The Punjabi Dictionary, 1922.

Ray, Kumudranjan & Ray, Saradaranjan, Dikshita's Siddhanta Kaumudi Vol. I, Part 1, Desh-Bani Mudranika, Calcutta, 1954.

Reports of Northern India Conference of Christian Missionaries, Mussouri (1904-1911), Christ Mission Church Press, Cawnpore.

Richer, Julius, A History of Mission in India, Fleming H. Revell Co., Newyork, 1958.

—William Carey and his Mission, Baptist Mission Press, Calcutta.

Riddle, T. E., The Light of Other Days, Christ Church & Dunedin, NewZealand, 1949.

–The Vision and the Call, Literature Committee of the Punjab Synod, 1964.

Riencourt, Amaury De, The Soul of India, Harpers, Newyork, 1960.

Ryburn, W. M., Through Shadow and Sunshine, Presbyterian Book Room, Christ Church, 1961.

Sastri, Gauri Nath, The Philosophy of Word and Meaning, 1959.

Saussure, Ferdinand De, Course in Modern Linguistics, Peter Owen Ltd., London, 1960.

Scholberg, H. C., Concise Grammar of the Hindi Language, Oxford University Press, Oxford, 1955.

Sen, Sukumar, Bangla Sahityer Itihas Part II, Eastern Publishers, Calcutta.

Sinha, N. K., Ranjit Singh, Eastern Publishers, Calcutta.

Smith, George, The Life of William Carey, The Cambridge Brotherhood, Delhi, 1885.

Stauffer, Milton, Ed, An Indian Approach to India, Missionary Education Movement of U. S. A., Newyork, 1927.

Steinberg, S. H., Cassell's Encyclopaedia of Literature, Vol. I, Cassell & Co. Ltd., London, 1953.

Digitized by Panjab Digital Library | www.panjabdigilib.org

Surinder Singh, Characteristics and Trends of Punjabi Novel from 1860-1946, Punjab University, Thesis, 1964.

Taj, F. S., First Year Punjabi Course (Grammar), Vol. II, Missionary Language Board, Moga.

Tarn, W. W., The Greeks in Bactria and India, The University Press, Cambridge, 1951.

—Cambridge Ancient History, Vol. V, The University Press, Cambridge.

Tharanton, History of British Empire in India.

Tisserant, E., Early Christianity in India, Tr. by E. R. Humbye, Orient Longmans, Bombay, 1957.

Trotter, R. A., The History of Christianity in India, Conference (Journal of the Foreign Missions Deptt. of the Church of Scotland), Edinburgh, Feb., 1947.

Uppal, S. S., The Origin & Development of Punjabi Short Story, Pushap Prakashan, New Delhi, 1966.

Vakil, K. S., Education in India, 1948.

Vasu, S. C., Ashtadhyayi of Panini, Vol. I & II, Moti Lal Banarsi Dass, Delhi, 1962.

Warren, Joseph, Missionary Life in Northern India, Presbyterian Board of Education, Philadelphia, 1856.

Wellek, Rene & Warren, Austin, Theory of Piterature, Penguin Books. 1970.

Wherry, E. Morris, Our Missions in India, The Stratford Co., Bosten, Massachusetts, 1926.

Wilder, R. G., Mission Schools in India, 1942.

Wilson, J., Shahpuri–Kangri Glossory, II Ed., L. D. Pb., Patiala, 1962.

Wilberforce, S, Ed., The Journals and Letters of the Rev. Henry Martyn, MDCCLXXXVII.

Digitized by Panjab Digital Library | www.panjabdigilib.org

ਪੰਜਾਬੀ :

ਅਨਾਮ, ਜਯੋਤਿਰੁਦਯ, ਲੁਧਿਆਣਾ ਮਿਸ਼ਨ ਪ੍ਰੈਸ, ਲੁਧਿਆਣਾ, 1882.

ਸਾਂਡਰਸ, ਈ. ਐਲ, ਸੰਪਾ: ਗੀਤਾਵਲੀ, 1958.

ਸੰਪਾਦਿਤ, ਆਲੋਚਨਾ, ਅਪ੍ਰੈਲ 1951, ਪੰਜਾਬੀ ਸਾਹਿਤ ਅਕਾਦੇਮੀ, ਲੁਧਿਆਣਾ।

ਸੰਪਾਦਿਤ, ਪੰਜਾਬੀ ਸ਼ਬਦ-ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

— ਪਾਰਿਭਾਸ਼ਿਕ ਸ਼ਬਦ-ਸੰਗ੍ਰਹਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

— ਪਵਿੱਤਰ ਬਾਈਬਲ, ਦੀ ਬਾਈਬਲ ਸੋਸਾਇਟੀ ਆਫ਼ ਇੰਡੀਆ ਐਂਡ ਸੀਲੋਨ, ਬੰਗਲੋਰ, 1959.

ਹੋਤੀ, ਪ੍ਰੇਮ ਸਿੰਘ, ਮਹਾਰਾਜਾ ਰਣਜੀਤ ਸਿੰਘ, ਛੇਵਾਂ ਸੰਸਕਰਣ, 1941.

ਹਰਚਰਨ ਸਿੰਘ, ਡਾ:, ਸੰਪਾ: ਪੰਜਾਬੀ ਸਾਹਿਤ ਧਾਰਾ, ਸੁਰਜੀਤ ਬੁੱਕ ਡਿਪੋ, ਨਵੀਂ ਸੜਕ, ਦਿੱਲੀ—6, 1966.

ਕਾਨ੍ਹ ਸਿੰਘ, ਭਾਈ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਗੰਡਾ ਸਿੰਘ, ਡਾ:, ਪੰਜਾਬ, ਪੰਜਾਬੀ ਸਾਹਿਤ ਅਕਾਦੇਮੀ, ਲੁਧਿਆਣਾ, 1962,

ਜਵਾਹਰ ਦਾਸ, ਦਾਸਤਾਨਿ ਯੂਸਫ਼, ਲੁਧਿਆਣਾ ਮਿਸ਼ਨ ਪ੍ਰੈਸ, ਲੁਧਿਆਣਾ, 1933.

ਤੇਜਾ ਸਿੰਘ, ਐਂਗਲੋ ਪੰਜਾਬੀ ਡਿਕਸ਼ਨਰੀ, ਲਾਹੌਰ ਬੁੱਕ ਸ਼ਾਪ ਲੁਧਿਆਣਾ, 1964.

ਨਿਊਟਨ, ਸੀ. ਬੀ., ਸੰਪਾ:, ਬੇਬੁਲ ਸਾਰ, ਪਹਿਲਾ ਭਾਗ, ਲੁਧਿਆਣਾ, ਮਿਸ਼ਨ ਪ੍ਰੈਸ, ਲੁਧਿਆਣਾ, 1888.

ਪੰਜਾਬ ਰਿਲਿਜਸ ਬੁੱਕ ਸੋਸਾਇਟੀ, ਲਾਹੌਰ, ਬਾਇਬਲ ਸਾਰ, ਪਹਿਲਾ ਭਾਗ, 1913.

— ਏਸ਼ੀਆ ਦੀ ਸੈਲ, ਤਿਥੀ ਨਹੀਂ।

— ਇੰਜੀਲ ਦੇ ਬਾਰਾਂ ਵਿਸ਼ੇ, 1929.

— ਖ਼ੁਸ਼ਖਬਰੀ ਇੰਜੀਲ ਦੇ ਲਫ਼ਜ਼ਾਂ ਵਿਚ, 1942.

— ਆਇਤ ਮੁਕਤਾਵਲੀ, 1908.

— ਭਜਨ ਵਾ ਗ਼ਜ਼ਲਾਂ, 1908,

ਪ੍ਰੀਤਮ ਸਿੰਘ, ਸਿਖਾਂ ਦੇ ਰਾਜ ਦੀ ਵਿਥਿਆ, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਪਰਮਿੰਦਰ ਸਿੰਘ ਅਤੇ ਕਸੇਲ, ਕ੍ਰਿਪਾਲ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਬਚਿੰਤ, ਐਚ. ਐਸ., ਮਲਕਾ ਅਸਤਰ, ਮਿਸ਼ਨ ਕੰਪਾਊਂਡ, ਫੀਰੋਜ਼ਪੁਰ ਛਾਉਣੀ।

ਬਨਿਆਨ, ਜਾਨ., ਮਸੀਹੀ ਮੁਸਾਫਰ ਦੀ ਜਾਤਰਾ, ਦੋ ਭਾਗ, ਪੰਜਾਬ ਰਿਲਿਜਸ ਬੁੱਕ ਸੋਸਾਇਟੀ, ਲਾਹੌਰ, 1888, 1892.

ਬ੍ਰੋਨ, ਐਫ਼. ਐਲ., ਪੇਂਡੂ ਸੁਕਰਾਤ, ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ, ਬੰਬਈ, 1930,

Digitized by Panjab Digital Library | www.panjabdigilib.org

ਹਿੰਦੀ :

ਦੇਵ ਗੋਪਾਲ ਚੰਦਰ, ਵਯਾਕਰਣ ਰਤਨ, ਵਿੱਦਿਆ ਭਵਨ, ਲਾਹੌਰ, 1935.
ਦ੍ਵਿਵੇਦੀ, ਕਪਿਲ ਦੇਵ, ਅਰਥ-ਵਿਗਿਆਨ ਔਰ ਵਯਾਕਰਣ ਦਰਸ਼ਨ, ਹਿੰਦੁਸਤਾਨੀ ਅਕਾਦੇਮੀ, ਅਲਾਹਾਬਾਦ, 1951.
ਬੜਥਵਾਲ, ਨਿਰਗੁਣ ਸੰਪ੍ਰਦਾਇ, 1958.
ਮਿਸ਼੍ਰ, ਵਿਸ਼ਵਨਾਥ, ਹਿੰਦੀ ਭਾਸ਼ਾ ਔਰ ਸਾਹਿੱਤਯ ਪਰ ਅੰਗ੍ਰੇਜ਼ੀ ਪ੍ਰਭਾਵ, 1964.
ਮੀਮਾਂਸਕ, ਯੁਧਿਸ਼ਠਿਰ, ਸੰਸਕ੍ਰਿਤ ਵਯਾਕਰਣ-ਸ਼ਾਸਤ੍ਰ ਕਾ ਇਤਿਹਾਸ, ਭਾਰਤੀਯ ਪ੍ਰਾਚਯ-ਵਿੱਦਿਆ ਪ੍ਰਤਿਸ਼ਠਾਨ, ਅਜਮੇਰ, 1951.

———

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸ਼ਬਦ-ਅਨੁਕ੍ਰਮਣਿਕਾ

ੳ

ਉਜਾੜੂ ਪੁੱਤਰ 47, 140.
ਉਡਦਾ ਘੋੜਾ 47, 140.
ਉਤਪਤ 37, 38, 162.
ਉਤਪਤ ਤੇ ਕੂਚ 38, 43.
ਉੱਤਮ ਪੁਸਤਕ ਦਾ ਦੂਤ 45.
ਉੱਪਲ, ਡਾ: ਸਵਿੰਦਰ ਸਿੰਘ 5, 6, 136.
ਉਪਦੇਸ਼ਾਂ ਦੀ ਪੋਥੀ 36.
ਉਪਦੇਸ਼ ਪੱਤ੍ਰੀ 39.
ਉਪਦੇਸ਼ਕ ਦੀ ਪੋਥੀ 42, 43, 166.
ਓਬ੍ਰਾਇਨ, ਈ. 48, 56, 95, 99, 100.
ਉਬੇਦ 142.
ਓਬਦਯਾਹ 168.
ਓਰਛਾ 140, 141, 143.

ਅ

ਆਇਤ ਮੁਕਤਾਵਲੀ 45.
ਆਈਜ਼ੈਕ ਤੇ ਜੈਕੋਬ 42.
ਅਸ਼ੋਕ 13, 20.
ਅਸਤਰ 43, 165, 166, 210, 211, 212, 213, 214, 215.
ਆਸਪੈਕਟਸ ਆਫ਼ ਲੈਂਗੁਏਜ 57.
ਅਹਸ਼ਵੇਰੋਸ਼ 147, 148, 165, 210.
ਅੱਖਰਬੋਧ 40, 44.
ਅਗਨੇਸ਼ਸ 155, 156.
ਐਗਜ਼ੇਂਟੀਪਸ 17, 22, 23.
ਐਚਿਸਨ, ਸਰ ਚਾਰਲਸ 99.
ਅਜ਼ਰਾ 156.
ਆਜ਼ਾਦ, ਅਵਤਾਰ ਸਿੰਘ 4.
ਅਟੱਲ ਵਿਸ਼ਵਾਸ 46.
ਐਂਟਵਿਸਲ, ਵਿਲੀਅਮ. ਜੇ. 57.
ਅੱਡਣਸ਼ਾਹ 186.
ਐਡੀਸਨ 82.
ਐਂਡਰਸਨ, ਐਚ. ਈ 25. 34.
ਅਤਨੀ 193.
ਅਦਵੈਤ ਬਿਨਾਸਨ 43.
ਐਨ ਇੰਟਰੋਡਕਸ਼ਨ ਟੂ ਇੰਡੀਅਨ ਚਰਚ ਹਿਸਟਰੀ 32, 33.
ਐਨਸਾਈਕਲੋਪੀਡੀਆ ਅਮੈਰਿਕਨਾ 59, 61, 81.
ਐਨਸਾਈਕਲੋਪੀਡੀਆ ਬ੍ਰਿਟੈਨਿਕਾ 57, 58, 81, 82.
ਐਨੁਅਲ ਰੀਪੋਰਟ ਏ. ਪੀ. ਮਿਸ਼ਨ 35.
ਅਬਰਾਈਮ 42, 162.
ਅਬਸ਼ਾਲੋਮ 164.
ਅਮਰਜੋਤ ਕੌਰ 111.
ਅਮਰਦਾਸ, ਬਾਵਾ 49, 178.
ਅੰਮ੍ਰਿਤਾ ਪ੍ਰੀਤਮ 5.
ਆਮੋਸ 168.
ਅਯੂਬ 166.
ਅਰਸ਼ੀ, ਡਾ: ਗੁਰਚਰਨ ਸਿੰਘ 9,
ਅਲੋਈ 45.
ਅਲੈਗਜ਼ੈਂਡਰਾ, ਡਾ. 26.

Digitized by Panjab Digital Library | www.panjabdigilib.org

ਆਲੋਚਨਾ 7.
ਅਵਰ ਇੰਡੀਆ ਮਿਸ਼ਨ 29.
ਅਵਰ ਮਿਸ਼ਨਜ਼ ਇਨ ਇੰਡੀਆ 25, 27, 184.
ਅਵਾਨ, ਸ਼ੇਰ ਮੁਹੰਮਦ ੧8.

ੲ

ਏ ਸਰਮਨ ਫ਼ਾਰ ਦੀ ਵਰਲਡ 35, 36.
ਏਸ਼ੀਆ ਦੀ ਸੈਲ 45, 151, 187.
ਏ ਸੈਂਚੁਅਰੀ ਫ਼ਾਰ ਦੀ ਕ੍ਰਾਈਸਟ 25, 34.
ਇਸਹਾਕ 162.
ਇਸਰਾਈਲ 165.
ਈਸਾ ਮਸੀਹ 15, 16, 20, 21, 113, 114, 122, 150, 152, 155, 156, 158, 160, 163, 164, 166, 170, 172, 173, 206, 207.
ਈਸਾ ਮਸੀਹ ਦਾ ਜੀਵਨ 151, 187.
ਈਸਾ ਨਿਹਕਲੰਕ ਜੀ ਦਾ ਉਠਣਾ 48.
ਏ ਹਿਸਟਰੀ ਆਫ ਮਿਸ਼ਨ ਇਨ ਇੰਡੀਆ 14.
ਏ ਹਿਸਟਰੀ ਆਫ ਕ੍ਰਿਸਚਿਐਨਿਟੀ ਇਨ ਇੰਡੀਆ 18, 19, 22;
ਇਕ ਬੱਚੇ ਦੀ ਕਹਾਣੀ 47.
ਏ ਕੁਲੈਕਸ਼ਨ ਆਫ ਪੰਜਾਬੀ ਪ੍ਰੋਵਰਬਜ਼ ਐਂਡ ਈਡੀਓਮੈਟਿਕ ਸੈਨਟੈਨਸਿਜ਼ 56.
ਏ ਗਰਾਮਰ ਆਫ ਦੀ ਪੰਜਾਬੀ ਲੈਂਗੁਏਜ 55, 62, 66,
ਇੰਗਲਿਸ਼ ਡਿਕਸ਼ਨਰੀ ਆਫ ਨੈਸ਼ਨਲ ਬਾਇਓਗ੍ਰਾਫ਼ੀ 82.
ਇੰਜੀਲ ਸਾਰ 43, 44, 151.
ਇੰਡੀਅਨ ਐਂਟੀਕੁਆਇਰੀ 18, 19.
ਈਡੀਓਮੈਟਿਕ ਸੈਨਟੈਨਸਿਜ਼ 46, 56.
ਈਡੀਓਮੈਟਿਕ ਸੈਨਟੈਨਸਿਜ਼ ਇਨ ਇੰਗਲਿਸ਼ ਐਂਡ ਪੰਜਾਬੀ 56.
ਇਤਿਹਾਸ ਦੀ ਪਹਿਲੀ ਪੋਥੀ 49.
ਇਤਿਹਾਸ ਦੀ ਦੂਜੀ ਪੋਥੀ 166.
ਇਨਸਾਨ ਉਤੇ ਦਇਆ 40.
ਇਨਸਾਫ਼ ਤੇ ਰਹਿਮ 45.
ਏਨਸ਼ੈਂਟ ਇੰਡੀਆ 23.
ਇਬਟਸਨ, ਵੈਲਜ਼ਿਲ 99.
ਇਮਰਾ-ਅਲ-ਕੈਸ 159.
ਏ ਮੈਨੂਅਲ ਆਫ਼ ਦੀ ਫ਼ੌਰਿਨ ਮਿਸ਼ਨਜ਼ ਆਫ਼ ਪ੍ਰੈਸਬੀਟੇਰੀਅਨ ਚਰਚ 26.
ਏ. ਐਲ. ਓ. ਈ. 138, 139.
ਇਲਿਸਬਾਤ 158.
ਏਲੀਆਹ 165.
ਈਲੀਅਟ, ਡੇਵਿਡ 56.
ਈਵਨ, ਜੇਮਜ਼ ਐਮ. 29.

ਸ

ਸਾਊਲ 164.
ਸਾਈਂ ਸੁੱਚਾ ਸਿੰਘ 151, 152; 153, 187, 198, 199.
ਸਾਸੂਰ, ਫ਼ਰਡੀਨੈਂਡ ਡੀ. 57.
ਸੋਸ਼ਲ ਸਰਵਿਸ ਇਨ ਇੰਡੀਆ 144.
ਸ਼ਾਹਪੁਰੀ ਕਾਂਗੜੀ ਗਲੋਸਰੀ 48, 56, 84, 94.
ਸੂਹੀ ਚੁੰਨੀ 44.
ਸਿਕੰਦਰ 27.
ਸ਼ਕੁੰਤਲਾ 124.
ਸਿਖਿਆ ਦੂਤ 46.
ਸਿਖਾਂ ਨੂੰ ਅਮਰ ਸਿਖਿਆ 49.
ਸੇਖੋਂ, ਸੰਤ ਸਿੰਘ 5, 6.
ਸੰਘਮਿੱਤਰਾ 13.
ਸੱਚਾ ਚਾਨਣ 45.
ਸੱਚਾ ਜੀਵਨ 48, 198.
ਸੁੱਚਾ ਮੋਤੀ 48, 151, 199.

Digitized by Panjab Digital Library | www.panjabdigilib.org

ਸੁਚੇਤ ਸਿੰਘ 175,
ਸਟਾਫ਼ਰ, ਮਿਲਟਨ 13.
ਸਟੈਬੋ 19.
ਸਟੀਵਰਟ, ਮਿਸਿਜ਼ 47.
ਸੇਠੀ, ਆਰ. ਆਰ. 31.
ਸਾਂਡਰਸ, ਈ. ਐਲ. 45, 47, 152, 159, 160.
ਸੰਤ ਟਾਮਸ ਦੇ ਕਾਰਨਾਮੇ 16.
ਸੰਤ ਟਾਮਸ ਇਨ ਇੰਡੀਆ 22.
ਸੰਤ ਟਾਪਸ ਦੀ ਐਪਾਸਟਲ ਇਨ ਇੰਡੀਆ 22.
ਸਤੋ ਗਿਆਨ ਮੂਲ 44.
ਸੰਤ ਪਾਲ ਦਾ ਜੀਵਨ 46.
ਸ਼ਾਂਤੀ ਦਾਇਕ 39.
ਸੁੰਦਰੀ 111, 186.
ਸਾਧੂ ਸੁੰਦਰ ਸਿੰਘ 178, 197, 198.
ਸਾਧੂ ਸੁੰਦਰ ਸਿੰਘ ਦਾ ਜੀਵਨ 46, 47, 48, 151, 187.
ਸ਼ਾਨ, ਹਰਨਾਮ ਸਿੰਘ 109, 194.
ਸਫਨਯਾਹ 169.
ਸ਼ਿਫ਼ੂਰ 17.
ਸੋਭਾ 47, 178.
ਸਮਾਰਤ, ਜੇ. ਡੀ. 47.
ਸਮਿੱਥ, ਜਾਰਜ 55.
ਸਮਿੱਥ, ਈ. 100.
ਸਮੂਸਨ 164.
ਸਮੂਏਲ 164, 165.
ਸਮੂਏਲ ਦੀ ਪਹਿਲੀ ਤੇ ਦੂਜੀ ਪੋਥੀ 164.
ਸਰੇਸ਼ਟ ਗੀਤ 167.
ਸੁਰਿੰਦਰ ਸਿੰਘ, ਡਾ: 111.
ਸਰਮਨ ਆਨ ਦੀ ਮਾਊਂਟ 44.
ਸਰਬਵਾਦ ਅਤੇ ਟਰੈਕਟ 37, 43.
ਸ੍ਰਿਸ਼ਟੀ ਰਚਨਾ 42.
ਸ਼ਾਰਪੈਂਟੀਅਰ, ਡਾ: ਜਾਰਲ 22.
ਸ੍ਰੀਵਾਸਤਵ, ਏ. ਐਲ. 13.
ਸਲਾਦੀਨ ਦੀ ਮੌਤ 46.
ਸਲੀਲ 48.
ਸੂਲੀ ਦਾ ਬਿਆਨ 49.
ਸੁਲਤਾਨ 144 ,145.
ਸਲੀਬੀ ਪਰਵਾਨੇ 152, 155, 156, 157, 199.
ਸਲਾਮ, ਅਬਦੁੱਲਾ ਬੀ. 159.
ਸੁਲੇਮਾਨ 164, 166.
ਸ਼ਿਵ 21.
ਸਵਿਫ਼ਟ, ਡਾ: ਐਲਿਸ਼ਾ ਪੀ. 24.
ਸਵਾਲ ਜਵਾਬ 41.
ਸੇਵਕ ਤੇ ਗੁਰੂ 40.
ਸਵੀਟ, ਡਾ: ਹੈਨਰੀ 57.
ਸਵਰਗੀ ਰੇਲ ਗੱਡੀ 46.

ਹ

ਹੇਅਰਸ, ਡਬਲਿਊ. ਪੀ. 4, 6, 48, 56, 100, 102, 103, 200.
ਹਾਈਡ, ਪਾਦਰੀ ਜਾਨ 198.
ਹੋਸਟਨ 22.
ਹਿਸਟਰੀ ਆਫ਼ ਦੀ ਅਮੈਰਿਕਨ ਪ੍ਰੈਸਬੀਟੇਰੀਅਨ ਮਿਸ਼ਨ 27, 30.
ਹੋਸ਼ੇਆ 168.
ਹੌਕੇਟ, ਚਾਰਲਸ 58.
ਹੱਜਈ 169.
ਹਿਜ਼ਕੀਏਲ 167.
ਹਾਤਾਕ 146. 148, 210, 211, 212
ਹਿੰਦੂਆਂ ਲਈ ਪ੍ਰਣ ਪੱਤ੍ਰ 36.
ਹਿੰਦੂਆਂ ਦੇ ਇਤਰਾਜ਼ਾਂ ਦਾ ਖੰਡਨ 39.
ਹਬੱਕੂਕ 169.

Digitized by Panjab Digital Library | www.panjabdigilib.org

ਹੱਬਾਨ 16, 17, 20, 21.
ਹਮਦਰਦੀ 47.
ਹਾਮਾਨ 143, 147, 148, 149, 165. 210, 211, 212, 213. 214, 215.
ਹਰਕੀਰਤ ਸਿੰਘ. ਡਾ: 6.
ਹਰੀ ਚਰਿੱਤਰ 49.
ਹਰਸੁਖ ਰਾਇ, ਮੁਨਸ਼ੀ 99.
ਹਿਰਨੀ 112.
ਹਰੇਸ਼ 113.
ਹਰਚਰਨ ਸਿੰਘ, ਡਾ: 178.
ਹੇਲਡ 33.
ਹੋਵਰਡ, ਵਿਲੀਅਮ ਡੀ. 24, 29.
ਹੜ੍ਹ ਦੀ ਕਹਾਣੀ 40.

ਕ

ਕਸੇਲ, ਕ੍ਰਿਪਾਲ ਸਿੰਘ 5, 14.
ਕਾਂਸੀ ਦੇ ਦੋ 37.
ਕਾਸ਼ੀ ਰਾਜ 185.
ਕਾਂਸੀ ਨਾਥ 134.
ਕਿਸਾਨ ਦੀ ਵਾਰਤਾ 47.
ਕਹਾਉਤਾਂ 166.
ਕਹਾਉਤਾਂ ਦੀ ਪੁਸਤਕ 41.
ਕੋਹਲੀ, ਡਾ: ਸੁਰਿੰਦਰ ਸਿੰਘ 4, 5, 14.
ਕੂਚ 162.
ਕੰਜੂਸ 41.
ਕਿਦਾਰ ਨਾਥ, ਬਾਬੂ 132.
ਕਨਾਨ 41.
ਕਨਾਨ ਦੇਸ਼ ਨੂੰ ਜਿੱਤਣ ਦਾ ਬਰਣਨ 42,
ਕਾਨਫ੍ਰੈਂਸ 23.
ਕਾਨ੍ਹ ਸਿੰਘ, ਭਾਈ 99, 100.
ਕੰਪਾਉਡਰ ਸਾਹਿਬ 48.
ਕੈਂਬਲ, ਅਰਨੈਸਟ ਯੰਗ 14, 28, 50, 179.
ਕੈਂਬਲ, ਰੈਵਰੈਂਡ ਜੇਮਜ਼ 26, 29.
ਕੈਂਬਰਿਜ ਏਨਸ਼ੈਂਟ ਹਿਸਟਰੀ 19.
ਕਮਿੰਗਜ਼, ਪਾਦਰੀ ਟਾਮਸ 4, 6, 48, 62, 74, 77, 104, 185, 200.
ਕਾਮਨੀ 12, 114, 132.
ਕੁਮਾਰੀ 132.
ਕੇਰੀ, ਵਿਲੀਅਮ 28, 32, 33, 34, 48, 55, 62, 64, 65, 66, 68, 71, 102, 104, 109, 110, 185. 193, 194, 195, 196.
ਕਾਰਟਰ, ਰਾਬਰਟ 28.
ਕਾਰਲਟਨ, ਐਮ. ਐਮ. 30.
ਕੋਰਸ ਇਨ ਜਨਰਲ ਲਿੰਗੁਇਸਟਿਕਸ 57.
ਕੋਰਸ ਇਨ ਮਾਡਰਨ ਲਿੰਗੁਇਸਟਿਕਸ 58.
ਕਰੈਕਟ੍ਰਿਸਟਿਕਸ ਐਂਡ ਟ੍ਰੈਂਡਜ਼ ਆਫ਼ ਪੰਜਾਬੀ ਨਾਵਲ 111.
ਕੁਰਆਨ ਮਜੀਦ 159.
ਕਿਰਪਾ ਦੇਵੀ 175.
ਕ੍ਰਿਸਚਿਐਨਿਟੀ ਇਨ ਪੰਜਾਬ 33.
ਕਲਵਰੀ 155.
ਕਲਾਰਕ, ਡਾ: ਐਚ. ਮਾਰਟਿਨ 92.
ਕੈਲਾਸ 132.
ਕੌੜੀ ਦੇ ਦੋ ਯਾਤ੍ਰੀ 44.

ਖ

ਖੁਸ਼ਖਬਰੀ ਇੰਜੀਲ ਦੇ ਲਫ਼ਜ਼ਾਂ ਵਿਚ 45
ਖੁਸ਼ੀ ਪ੍ਰਾਪਤ ਕਰਨ ਦਾ ਸਾਧਨ 44.
ਖੁਸ਼ੀ ਪ੍ਰਾਪਤੀ ਦਾ ਮਾਰਗ 46.
ਖੇਤੀ ਕਰਨ ਦੀ ਪੋਥੀ 37, 44.

ਗ

ਗੰਗਾ ਇਸਨਾਨ 36.
ਗੰਡਾ ਸਿੰਘ, ਡਾ: 6, 33, 109.
ਗੌਂਡੋਫਰਨੀਸ 8, 16, 17, 18, 19,

Digitized by Panjab Digital Library | www.panjabdigilib.org

20, 21, 22, 23.
ਗੈਡ 17.
ਗਿਣਤੀ 163.
ਗੀਤਾਵਲੀ 38, 45, 47, 152, 159, 160.
ਗੀਤਮਾਲਾ 41.
ਗੀਤਾਂ ਦੀ ਪੋਥੀ 43, 44.
ਗਿਦਾਊਨ 164.
ਗੋਪਾਲ ਸਿੰਘ, ਡਾ; 4, 14.
ਗੋਬਿੰਦ ਰਾਮ 138, 139, 201, 202, 203, 204, 205, 206, 207, 208.
ਗੁਰਚਰਨ ਸਿੰਘ, ਡਾ: 5, 6.
ਗੌਰਡਨ, ਐਂਡਰਿਊ 29.
ਗ਼ਰੀਬ ਯੂਸਫ਼ 36.
ਗੁਰੂ ਤੇ ਸੇਵਕ ਦੀ ਕਹਾਣੀ 43, 44.
ਗਰਾਮਰ ਆਫ਼ ਦੀ ਪੰਜਾਬੀ
ਲੈਂਗੁਏਜ 48, 55, 62, 64, 65.
ਗਰੀਅਰਸਨ 95, 185.
ਗਲੋਸਰੀ ਆਫ ਦੀ ਮੁਲਤਾਨੀ
ਲੈਂਗੁਏਜ 48.
ਗਿਲਫ਼ੋਰਡ, ਈ. 49, 99, 111, 174, 200.
ਗੋਲਿਅਥ 164.

ਘ

ਘੋਸ਼. ਅਰਬਿੰਦੋ 178.

ਚ

ਚਾਸਰ 60.
ਚਿੱਟਾ ਲਹੂ 115.
ਚੰਦਰਪਾਲ 178.
ਚੁਪੱਤ੍ਰੀਆਂ 39,
ਚਮਕਦੀ ਰੌਸ਼ਨੀ 44.
ਚਾਲ੍ਹੀ ਵਰ੍ਹੇ ਦਾ ਸਫ਼ਰ 42.

ਜ

ਜਿਊਕਸ, ਏ. 48, 56, 84, 91, 92, 94, 200.
ਜੋਸਫ਼ 42.
ਜੋਸ਼ੂਆ 41.
ਜੈ ਸਿੰਘ ਦੀ ਵਾਰਤਾ 42.
ਜੇਹਾ ਬੀਜੈ ਤੇਹਾ ਹੋਵੈ 43.
ਜ਼ਕਰਯਾਹ 169.
ਜ਼ਕਰੀਆ 158.
ਜਗਤ ਦੀ ਉਤਪਤੀ 38.
ਜਗਤਾਂ ਦਾ ਮੁਕਤਿਦਾਤਾ 49,
ਜਗਤਾਰਨੀ 113, 127.
ਜੋਜ਼ਫ਼, ਟੀ. ਕੇ. 20, 21.
ਜੇਨਵੀਅਰ, ਐਲ. 6, 56, 84, 85, 100, 195, 196.
ਜੋਨਜ਼ ਗੋਸਪਲ 36.
ਜੈਨਕਿਨਸਨ, 45, 138.
ਜਾਨਸਨ, ਡਾ: ਸੇਮੁਅਲ 82, 83.
ਜ਼ਬੂਰ 37, 41, 166.
ਜਮੀਸਨ, ਜੇਮਜ਼ ਐਮ. 29.
ਜ਼ਿਮੀਂਦਾਰ ਦਾ ਬ੍ਰਿਤਾਂਤ 45.
ਜਯੋਤਿਰੁਦਯ 44, 110, 111, 112, 115, 116, 117, 119, 120, 121, 122, 123, 124, 125, 126, 127, 128, 129, 131, 132, 133, 134, 135, 151, 186.
ਜਰਨਲ ਆਫ਼ ਇੰਡੀਅਨ ਹਿਸਟਰੀ 27.
ਜਵਾਹਰ ਦਾਸ 178.
ਜੀਵਨ ਪੁਸਤਕ ਯਿਸੂ ਮਸੀਹ 150.

ਟ

ਟੈਕਸਿਲਾ 20.
ਟਾਮਸ, ਸੰਤ 8, 15, 16, 17, 18, 19.

Digitized by Panjab Digital Library | www.panjabdigilib.org

20, 21, 22, 23, 31.
ਟਾਮਸਨ, ਪਾਦਰੀ 26.
ਟਾਮਸ, ਮਿਸਟਰ 32.
ਟੂ ਯੀਅਰਜ਼ ਇਨ ਅਪਰ ਇੰਡੀਆ 28.
ਟਾਰਨ 19.
ਟ੍ਰੋਟਰ 23.
ਟ੍ਰੈਕਟ 37, 38.
ਟ੍ਰੈਂਚ, ਡੀਨ 82, 83.

ਡ

ਡਿਕਸ, ਡਬਲਿਊ 137.
ਡਿਕਸ਼ਨਰੀ ਆਫ਼ ਦੀ ਪੰਜਾਬੀ
ਲੈਂਗੁਏਜ 56, 84, 85.
ਡੱਫ, ਡਾ: 26.
ਡਲਹੌਜ਼ੀ, ਲਾਰਡ 30.
ਡੇਵਿਡ ਤੇ ਗੋਲਿਆਥ 47.

ਤ

ਤੁਹਾਡਾ ਧਰਮ ਕਿਹੜਾ ਹੈ 36.
ਤਾਜ, ਫ਼ਜ਼ਲ ਸੁੱਚਾ ਸਿੰਘ 48, 56, 62, 79, 178, 185, 199.
ਤੂਫ਼ਾਨ 46
ਤੇਰਤੀਆ 18.
ਤਾਰਾ ਚੰਦ 138, 139, 201, 202, 203, 204, 205, 206, 207, 208.
ਤਾਰਾ ਮਣੀ 112, 116, 132, 133.
ਤਿਲਕ ਬਿਪਨ 178.
ਤਵਾਰੀਖ ਦੀਆਂ ਠੇਠ ਗੱਲਾਂ 37.

ਦ

ਦੀ ਐਨਸਾਈਕਲੋਪੀਡੀਆ ਆਫ ਇਸਲਾਮ 159.
ਦਸ ਹਜ਼ੂਰੀ ਹੁਕਮ 39, 43.
ਦੁਸ਼ਯੰਤ 124.
ਦਾਸਤਾਨਿ ਯੂਸਫ਼ 176.
ਦੇਹਧਾਰੀ ਪਰਮੇਸ਼ੁਰ 47, 151.
ਦੁਹਰੀ ਨਿਆਮਤ 42.
ਦੀ ਹਿਸਟਰੀ ਆਫ਼ ਪ੍ਰੈਸ ਇਨ ਇੰਡੀਆ 31.
ਦੀ ਕ੍ਰਿਸਚੀਅਨ ਮਿਸ਼ਨ ਇਨ ਰੂਰਲ ਇੰਡੀਆ 28.
ਦੀ ਗੌਸਪਲ ਕਮੈਂਡਿਡ 44.
ਦੋ ਘਰਾਂ ਦੀ ਕਹਾਣੀ 40, 44, 45.
ਦੀ ਚਰਚ ਇਨ ਦੀ ਪੰਜਾਬ 28, 50, 179.
ਦਿਨ ਦਾ ਪ੍ਰਕਾਸ਼ 44.
ਦਾਨੀਏਲ ਦੀ ਪੁਸਤਕ 40, 167, 168.
ਦੀ ਪੰਜਾਬੀ ਡਿਕਸ਼ਨਰੀ 99.
ਦੀ ਫ਼ੌਰਿਨ ਮਿਸ਼ਨਰੀ ਕਰੋਨੀਕਲ 24, 28,
ਦਬੋਰਾਹ 164.
ਦੋ ਬੁੱਢੇ ਆਦਮੀ 36.
ਦਰਦ, ਹੀਰਾ ਸਿੰਘ 14.
ਦੀ ਲਾਈਫ਼ ਆਫ਼ ਵਿਲੀਅਮ ਕੇਰੀ 55.
ਦੀ ਲਾਈਫ਼ ਐਂਡ ਲੇਬਰਜ਼ ਆਫ਼ ਵਿਲੀਅਮ ਕੇਰੀ 55.
ਦਾਵਦ 159, 164, 165, 166.
ਦੀਵਾਨਾ, ਡਾ: ਮੋਹਣ ਸਿੰਘ 4, 14.

ਧ

ਧਰਮ ਪੁਸਤਕ ਵਿਚੋਂ 38, 40.
ਧਰਮ ਮਾਰਗ 39.
ਧਰਮ ਦਾ ਸਾਰ 44.
ਧਰਮੀ ਸਿਖਿਅਕ ਦੇ ਗੁਣ 45.
ਧਰਮ ਦੀ ਵਿਸ਼ੇਸ਼ਤਾ 46.
ਧਰਮ ਪੁਸਤਕ ਦੇ ਬਾਲ 47.
ਧਰਮ ਪੋਥੀ 48.
ਧਰਮ ਗਿਆਨ 49.
ਧਰਮ ਪੁਸਤਕ ਦਾ ਸਾਰ 49.

Digitized by Panjab Digital Library | www.panjabdigilib.org

ਨ

ਨਿਊਟਨ, ਪਾਦਰੀ ਜਾਨ 4, 6, 27, 29, 30 34, 35, 55, 56, 62, 66, 68, 71, 73, 77, 85, 162, 174, 185, 195, 196.
ਨਿਊਟਨ ਈ. ਪੀ. 49, 55, 56, 62, 63, 72, 73, 77, 104, 185, 196,
ਨਓਮੀ 140, 141, 143, 148.
ਨਿਆਂ ਤੇ ਦਇਆ 43.
ਨਿਆਈਆਂ ਦੀ ਪੋਥੀ 163.
ਨਿਸਤਾਰ ਬਿਧ, 39.
ਨੂਹ ਦੀ ਪਰਲੋ 40, 42,
ਨੂਹ 162.
ਨਹਮਯਾਹ 165.
ਨਹੂਮ 169.
ਨਕਲੀ ਵਾਰਤਾ 42.
ਨੌਕਰ ਤੇ ਮਾਲਕ 45.
ਨਟਰਾਜਨ, ਐਸ. 31.
ਨਾਦਰ ਸ਼ਾਹ 98.
ਨਾਨਕ ਦੇਵ, ਗੁਰੂ 72, 150, 187.
ਨਾਨਕ ਸਿੰਘ 115.
ਨਬੀਆ 194.
ਨਰੂਲਾ, ਸੁਰਿੰਦਰ ਸਿੰਘ 4.
ਨਵਾਂ ਨੇਮ 40, 43, 162, 170, 172, 173.

ਪ

ਪਿਆਰੇ ਦੀ ਸਿਫ਼ਤ 40, 43, 44.
ਪੁਸ਼ਪਾਵਲੀ 41, 45.
ਪਿਸ਼ਲ, ਆਰ. 59.
ਪਹਿਲਾ ਗੁਨਾਹ 46. 47.
ਪਹਿਲੇ ਪਾਪ ਦੀ ਵਿਥਿਆ 39.
ਪਹਾੜੀ ਉਪਰ ਉਪਦੇਸ਼ 37.
ਪੰਜਾਬੀ ਸਾਹਿਤ ਦਾ ਇਤਿਹਾਸ 4, 6.
ਪੰਜਾਬੀ ਸਾਹਿਤ ਦੀ ਜਾਣ-ਪਛਾਣ 4.
ਪੰਜਾਬੀ ਸਾਹਿਤ ਦੇ ਉਸਰਈਏ 4.
ਪੰਜਾਬੀ ਬੋਲੀ ਦਾ ਵਿਕਾਸ 5.
ਪੰਜਾਬੀ ਸਾਹਿਤ ਦਾ ਵਿਕਾਸ 5.
ਪੰਜਾਬੀ ਬੋਲੀ ਦਾ ਇਤਿਹਾਸ 5.
ਪੰਜਾਬੀ ਗਰਾਮਰ 5, 37, 46, 68, 72, 73.
ਪੰਜਾਬੀ ਸਾਹਿਤ ਬਾਰੇ 5.
ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ 5.
ਪੰਜਾਬੀ ਗਲਪ ਦਾ ਇਤਿਹਾਸ 6.
ਪੰਜਾਬ 6.
ਪੰਜਾਬੀ ਨਿੱਕੀ ਕਹਾਣੀ ਜਨਮ ਤੇ ਵਿਕਾਸ 6, 136.
ਪੰਜਾਬੀ ਬਾਰੇ 6.
ਪੰਜਾਬੀ ਸ਼ਬਦ-ਕੋਸ਼ 36, 46.
ਪੰਜਾਬੀ ਅੱਖਰ-ਮਾਲਾ ਪ੍ਰਾਇਮਰ 36.
ਪੰਜਾਬੀ ਬਾਲ-ਬੋਧ 41, 42, 43.
ਪੰਜਾਬੀ ਭੂਗੋਲ 46.
ਪੰਜਾਬੀ ਪ੍ਰਾਵਰਬਜ਼ ਐਂਡ ਈਡੀਓਮੈਟਿਕ ਮੈਨਟੈਨਸਿਜ 48, 100, 102, 103.
ਪੰਜਾਬੀ ਮੈਨੂਅਲ ਐਂਡ ਗਰਾਮਰਜ਼ 48, 49, 56, 61, 74, 78.
ਪੰਜਾਬੀ ਗਰਾਮਰ ਵਿਦ ਐਕਸਰਸਾਈਜ਼ ਐਂਡ ਵੋਕੈਬੁਲਰੀ 56, 62.
ਪੰਜਾਬੀ ਨਾਵਲ ਦਾ ਸਮਾਜਿਕ ਤੇ ਆਰਥਿਕ ਪਿਛੋਕੜ 112.
ਪੰਜਾਬੀ ਸਾਹਿਤ ਧਾਰਾ 176.
ਪੰਡਤ ਖੜਗ ਸਿੰਘ ਦਾ ਬਿਰਤਾਂਤ 46.
ਪੇਂਡੂ ਸੁਕਰਾਤ 48.
ਪਤਰਸ 155, 156, 172.
ਪਿਤਾ ਪਰਮੇਸੁਰ 47.

Digitized by Panjab Digital Library | www.panjabdigilib.org

ਪੱਤ੍ਰੀਆਂ 171.
ਪਿੱਤਲ ਦਾ ਨਾਗ 36, 39, 46.
ਪਦਮ, ਪਿਆਰਾ ਸਿੰਘ 5.
ਪੋਪ 82.
ਪਰਮਿੰਦਰ ਸਿੰਘ 5.
ਪਰਮੇਸੁਰ ਦੇ ਦਸ ਹੁਕਮ 36, 46.
ਪਰਕਾਸ਼ ਦੀ ਪੋਥੀ 43.
ਪੋਰਟਰ, ਜੋਜ਼ਫ਼ 197.
ਪਰਮੇਸੁਰ ਦੇ ਸੁਤ ਬਚਨ 48.
ਪਰਮੇਸੁਰ ਨੇ ਬਚਨ ਕੀਤਾ 48.
ਪੁਰਾਣੇ ਨੇਮ ਦੀਆਂ ਕਹਾਣੀਆਂ 47.
ਪੁਰੀ, ਖਿਸ਼ਨ ਦਾਸ 49, 100, 179.
ਪੁਰਾਣਾ ਨੇਮ 162, 173.
ਪ੍ਰੀਤਮ ਸਿੰਘ, ਪ੍ਰੋ: 7, 32, 109, 194.
ਪ੍ਰਭੂ ਯਿਸੂ ਮਸੀਹ 36, 40, 41, 43, 44, 45, 47.
ਪ੍ਰਭੂ ਅੱਗੇ ਬੇਨਤੀ 39.
ਪ੍ਰੇਮ ਦਰਸ 39.
ਪ੍ਰਥਮ ਪ੍ਰਕਾਸ਼ 49.
ਪ੍ਰੋਮੋਸ਼ਨ ਐਂਡ ਲਰਨਿੰਗ ਇਨ ਇੰਡੀਆ 178.
ਪ੍ਰੇਮਚੰਦ 112, 116, 117, 118, 120, 121, 123.
ਪ੍ਰਿਯ ਨਾਥ 112.
ਪ੍ਰਸੰਨੂੰ 112, 113, 113, 132.
ਪ੍ਰੇਮਨਾਥ 113, 114, 132.
ਪਿਲਗ੍ਰਿਮ'ਜ਼ ਪ੍ਰੋਗਰੈਸ 36, 109, 111, 173, 187.
ਪਲੱਟ, ਜੇ. ਜੇ, 94.
ਪੋਲੀਕਾਰਪ 155, 156.
ਪੋਲੂਸ 172.
ਪੜ੍ਹੋ ਤੇ ਪੜ੍ਹਾਉ 48.

ਫ

ਫ਼ਸਟ ਈਯਰ ਪੰਜਾਬੀ ਕੋਰਸ 48, 56, 79.
ਫ਼ਜ਼ਲੁਦੀਨ 47.
ਫੁੱਟਦੀਆਂ ਕਲੀਆਂ 47.
ਫ਼ਰਾਂਸਿਸ ਹੈਰਨ 24.
ਫਿਰਊਨ 162.
ਫ਼ਿਲਿਪਸ 18.
ਫਿਲਥ, ਸਿਰਿਲ ਬਰੂਸ 32, 33.
ਫ਼ਾਲ ਐਂਡ ਰੀਕਵਰੀ ਆਫ ਮੈਨ 36.
ਫੁੱਲਾਂ ਦੀ ਸੇਜ 47, 140.
ਫੁੱਲਾਂ ਦੀ ਧਰਤੀ 47.
ਫੁੱਲ 47, 144, 140.
ਫ਼ਲਾਬੇਅਰ 60.
ਫੁਲਵਾੜੀ 144.
ਫ਼ਿਲੌਰੀ, ਸ਼ਰਧਾ ਰਾਮ 49, 178.

ਬ

ਬੋਅਜ਼ 141, 142, 143.
ਬਾਈਬਲ 5, 19, 33, 34, 48, 109, 114, 132, 136, 137, 140, 142, 147, 152, 157, 158, 159, 162, 171, 172, 173, 176, 186. 187, 193, 194, 207, 208.
ਬਾਈਬਲ ਦੇ ਇਤਿਹਾਸ ਵਿਚੋਂ ਚੋਣਵੀਆਂ ਯਾਦਾਂ 36.
ਬੋਏਡ, ਈ. 152, 160.
ਬਸੰਤ 112, 113, 114, 117, 118, 120, 121, 122, 124, 131.
ਬਚਿੰਤ, ਐਸ. ਐਸ. 9, 146, 209.
ਬਚ ਗਿਆ 37, 44.
ਬੱਚਿਆਂ ਦੀ ਬਾਈਬਲ 47.
ਬਟਰਫ਼ੀਲਡ, ਕੀਨਯਾਨ 28.

Digitized by Panjab Digital Library | www.panjabdigilib.org

ਬਾਥਸ਼ੀਬਾ 164.
ਬਿੰਦੂਸਾਰ 20.
ਬੁੱਧ, ਮਹਾਤਮਾ 13.
ਬੁੱਧ ਸਿੰਘ 175.
ਬਨਾਰਸ ਦੇ ਦੋ ਜਾਤ੍ਰ 42.
ਬਨਿਆਨ, ਜਾਨ 49, 173.
ਬੇਨਤੀ ਪ੍ਰਕਾਸ਼ 42.
ਬੈਨਰਜੀ, ਜੇ. ਐਨ. 21
ਬੈਪਸਿਟ ਯੂਹੰਨਾ 41.
ਬਾਬ ਦੀ ਕੈਬਿਨਬੁਆਇ 36.
ਬੈਬੁਲ ਦੇ ਚਾਰ ਨੇਮ 36.
ਬੈਬੁਲ ਸਾਰ 39, 46.
ਬੈਬੁਲ ਦੀਆਂ ਮੂਰਤਾਂ ਅਤੇ ਕਹਾਣੀਆਂ 136.
ਬਾਰਥ ਧਰਮ-ਗ੍ਰੰਥ ਕੋਸ਼ 38, 45.
ਬ੍ਰਾਊਨ, ਡਾ: 54.
ਬ੍ਰਿਟਿਸ਼ ਰੂਲ,ਇਨ ਇੰਡੀਆ ਐਂਡ ਆਫਟਰ 31.
ਬੇਲੀ, ਗ੍ਰਾਹਮ 4, 6, 48, 56, 62, 64, 77, 78, 104, 185, 200.
ਬਲੰਟ, ਸਰ ਐਡਵਰਡ 144.
ਬਲੰਡੀਨਾ 155, 156.
ਧਿਵਸਥਾ ਸਾਰ 163.
ਬੜੀ ਪੁਰਾਣੀ ਕਹਾਣੀ 41.

ਭ

ਭੱਟਾਚਾਰੀਆ, ਰਾਜਕੁਮਾਰ 112, 114, 118, 132.
ਭੇਣ ਦਾ ਬਗਾਣ 42.
ਭੋਲਾ ਰਾਮ 175.

ਮ

ਮੱਈਆ ਸਿੰਘ, ਭਾਈ 4, 92, 99.
ਮਸੀਹੀ ਪ੍ਰਸ਼ਨੋਤਰੀ 36.
ਮਸੀਹੀ ਮੁਸਾਫਰ ਦੀ ਜਾਤ੍ਰਾ 37. 38, 39, 49, 173.
ਮਸੀਹੀ ਦੇ ਬਿਨਾਂ ਤੇ ਮਸੀਹੀ ਦੇ ਨਾਲ 47, 198.
ਮਸੀਹ ਦਾ ਭਗਤ ਸਾਂਈਂ ਸੁੱਚਾ ਸਿੰਘ 47, 152, 154, 155, 156.
ਮਸੀਹੀ ਨੌਜਵਾਨੋਂ ਕੇ ਗੀਤ 152, 159, 160.
ਮਸਾਲੁਦੀਨ ਦੀ ਮੌਤ 40.
ਮਿਸਰ ਵਿਖੇ ਇਜ਼ਰਾਈਲੀਆਂ ਦਾ ਬਰਣਨ 42.
ਮਿਸ਼ਨਰੀ ਦਾ ਟ੍ਰੈਕਟ 44.
ਮਿਸ਼ਨਰੀਆਂ ਸੰਬੰਧੀ ਕੁਝ ਗੱਲਾਂ 46.
ਮਿਸ਼ਨਰੀ ਲਾਈਫ਼ ਇਨ ਨਾਰਥ ਇੰਡੀਆ 29, 30.
ਮੂਸਾ 162, 163.
ਮਹਿਖਾਸੁਰ 120.
ਮੁਹੰਮਦ, ਹਜ਼ਰਤ 159.
ਮਹਾਜਨ, ਵੀ. ਡੀ. 31.
ਮਹਿੰਦਰ 13.
ਮੁਕਰਜੀ, ਆਰ. ਕੇ. 13, 22, 23.
ਮੁਕਤੀਮਾਲਾ 38, 45.
ਮੁਕਤੀਦਾਤਾ ਦੀ ਸਤੁਤੀ ਦਾ ਗੀਤ 39, 46,
ਮੈਕਮਿਲਨ 24.
ਮੁਕਤਾਵਲੀ 43.
ਮੁਕਤੀ ਦਾ ਰਾਹ 48.
ਮੀਕਾਹ 169.
ਮਖਮੂਰ, ਲੱਭੂ ਮੱਲ 47, 152, 154, 155, 157, 158, 178, 199.
ਮੰਗਲ ਮਾਰਗ 39.
ਮਿਗਦੋਨੀਆ 18.
ਮਾਜ਼ਦਈ 11, 18, 19.
ਮੈਂ ਤੇ ਦੂਜਾ ਸੈਮਲ 41.
ਮੱਤੀ ਦੇ ਉਚੇਰੇ ਹੋਏ ਮੰਗਲ ਸਮਾਚਾਰ ਦੇ

Digitized by Panjab Digital Library | www.panjabdigilib.org

ਸਵਾਲ 49.
ਮੈਂਥਿਊ ਦੀ ਇੰਜੀਲ 36, 38, 40, 41, 43, 49. 170.
ਮਨੀ ਸਿੰਘ, ਭਾਈ 186, 187.
ਮੋਪਾਸਾਂ 60.
ਮਾਰ ਵੱਡੀ ਕਿ ਪਿਆਰ 6.
ਮਰੀਅਮ 15, 158.
ਮਰੁਕਸ ਦਾ ਉਚਾਰਿਆ ਹੋਇਆ ਮੰਗਲ ਸਮਾਚਾਰ 49, 114,
ਮਰੁਕਸ ਦੀ ਇੰਜੀਲ 37, 38, 40, 43, 170.
ਮਾਰਸ਼ਲ 20.
ਮਾਰਸ਼ਮੈਨ, ਜੋਸ਼ੁਆ 33, 34, 183.
ਮਾਰਸ਼ਮੈਨ, ਜਾਨ ਕਲਾਰਕ 55.
ਮਾਰਦਕਈ 146, 147, 148, 149, 210, 211, 212, 213, 214.
ਮੌਰੇਸ, ਜੌਰਜ 16, 18, 19.
ਮਲਕਾ ਅਸਤਰ 9, 146, 147, 148, 183, 209.
ਮਲਾਕੀ 170.
ਮੁਲਤਾਨੀ ਗਲੋਸਰੀ 100.

ਯ

ਯੋਏਲ 168.
ਯਸੂ ਮਸੀਹ ਦੀ ਕਹਾਣੀ 36, 42, 47.
ਯਸੂ ਨਾਲ ਦਗ਼ਾ 41, 42.
ਯਸੂ ਦੇ ਚੇਲੇ 41, 42.
ਯਸੂ ਦਾ ਬਚਪਨ 41, 42.
ਯਸੂ ਦੇ ਚਮਰਤਾਰ 41, 42.
ਯਸੂ ਦੀ ਅਕਾਸ਼ ਉਡਾਰੀ 41.
ਯਸੂ ਦੀ ਮੌਤ 43, 46.
ਯਸੂ ਦੀ ਸਿਫ਼ਤ 46.
ਯਸੂ ਦਾ ਅਮਰ ਹੋਣਾ 46.
ਯਸੂ ਦਾ ਕ੍ਰਾਸ 47.
ਯੋਸੀਯਾਹ 165.
ਯਸਾਯਾਹ 167.
ਯੂਸਫ਼ 158, 162.
ਯਹੋਸ਼ੁਆ 163.
ਯਹੂਦਾਹ 172.
ਯੂਹੰਨਾ 172.
ਯੂਹੰਨਾ ਦੀ ਇੰਜੀਲ 37, 38, 39, 41, 71.
ਯਾਕੂਬ 155, 162, 172.
ਯਾਤ੍ਰਾ ਦੀ ਕਹਾਣੀ 40, 43 44, 45.
ਯਾਤ੍ਰੂਆਂ ਦੇ ਨਾਮ 36.
ਯਦੁਨਾਥ 112, 113, 132.
ਯੋਨਾਥਾਨ 164.
ਯੂਨਾਹ 198.
ਯੂਨਾਹ ਦੀ ਕਹਾਣੀ 41.
ਯਸਾਯਾਹ ਤੇ ਪਿਕੰਬਰ ਦੀ ਪੋਥੀ 49.
ਯਿਰਮਿਯਾਹ 167.
ਯੂਰਪ ਦੀ ਸੈਲ 46.

ਰ

ਰਾਈਬਰਨ, ਡਬਲਿਉ, ਐਮ. 13, 47.
ਰਸੂਲਾਂ ਦੇ ਕਰਤਬ 37, 39, 41, 171.
ਰੱਸੀ 45, 140.
ਰਾਹੀਲ 135.
ਰਾਖੇ ਦੀ ਸਤੁਤੀ ਦਾ ਗੀਤ 41, 43.
ਰਿਚਰ, ਜੂਲੀਅਸ 14.
ਰਾਜਮਾਤਾ 6, 14.
ਰਾਜਕੁਮਾਰ ਦਾ ਪ੍ਰੇਮ 40, 140.
ਰਾਜਿਆਂ ਦੇ ਪ੍ਰੇਮ 44.
ਰਾਜੇ ਦੇ ਪੁੱਤਰ ਦਾ ਪ੍ਰੇਮ 46.
ਰਾਜਿਆਂ ਦੀ ਪਹਿਲੀ ਤੇ ਦੂਜੀ ਪੋਥੀ 164.

Digitized by Panjab Digital Library | www.panjabdigilib.org

ਰੁਡਵੁਲਫ ਪਾਦਰੀ 200.
ਰਿਡਲ, ਟੀ. ਈ. 46.
ਰੀਡ,ਵਿਲੀਅਮ 25.
ਰਣਜੀਤ ਸਿੰਘ, ਮਹਾਰਾਜਾ 26, 27,
ਰਣਧੀਰ ਸਿੰਘ 175.
ਰੂਥ 43, 140, 143, 164.
ਰੱਬੀ ਮਿਹਰ 46.
ਰੌਬਿਨ 176.
ਰਾਮਦੱਤ 19.
ਰੋਮੀਆਂ ਦੀ ਪੱਤ੍ਰੀ 43.
ਰੇਲ ਗੱਡੀ ਦਾ ਸਫਰ 9, 43, 45, 138.
ਰੇਲ ਦਾ ਟਿਕਟ 40, 43, 46, 140.
ਰੇਲੂ ਚਾਚਾ 47, 140.
ਰੂੜਦਾਸ 152, 157, 158; 199.
ਰੂੜ ਦਾਸ ਦੀਆਂ ਗੀਤਾਂ 48, 152, 157, 199, 200.

ਲ

ਲਾਅ, ਐਨ. ਕੇ. 178.
ਲਾਅਰੈਂਸ, ਸਰ ਜਾਨ 30.
ਲਹੂ ਦੀ ਕੀਮਤ 42.
ਲੋਹਿਲਿਨ, ਸੀ. ਐਚ. 47, 56, 149, 149, 198.
ਲੋਹਿਲਿਨ, ਮਿਲਿਜ਼ 35.
ਲੂਕ 38.
ਲੂਕਾ ਦੀ ਇੰਜੀਲ 37, 38, 39, 39, 171.
ਲਾਜਪਤ ਰਾਏ, ਲਾਲਾ 178.
ਲਾਜ਼ਾਰ ਤੇ ਉਸ ਦੀਆਂ ਭੈਣਾਂ 42.
ਲੈਟਰਜ਼ ਆਫ਼ ਕੁਈਨ ਵਿਕਟੋਰੀਆ 30.
ਲੇਡਨ 185.
ਲੁਧਿਆਣਾ ਮਿਸ਼ਨ ਰੀਪੋਰਟਸ 18, 19, 80, 174.
ਲੌਰੀ, ਜਾਨ ਸੀ. 8, 14, 15, 25, 26, 27, 28, 29, 34, 169.
ਲੌਰੀ, ਵਾਲਟਰ 24.
ਲਾਲ 144, 145.
ਲੈਵੀ, ਸਿਲਵੇਨ 19.

ਵ

ਵਾਇਲੀ, ਪਾਦਰੀ ਐਮ. 56.
ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ 48, 84, 91, 92.
ਵਿਕਟੋਰੀਆ, ਮਲਕਾ 30, 128.
ਵੇਡ, ਕੈਪਟਨ 27, 28.
ਵੈਦ, ਮੋਹਨ ਸਿੰਘ 115.
ਵਾਰੇਨ, ਜੋਜ਼ਫ 29, 30.
ਵਾਰਡ. ਪਾਦਰੀ ਵਿਲੀਅਮ 26, 33, 34, 193.
ਵੇਰੀ, ਈ. ਮੌਰਿਸ 14, 25, 27, 110, 184, 200.
ਵਿਰਲਾਪ 167.
ਵੀਰ ਸਿੰਘ, ਭਾਈ 111, 112, 115, 123, 124, 130, 134, 135, 137, 178, 186.
ਵਿਲਸਨ, ਜਾਨ 6, 48, 84, 94, 95, 98, 99, 100, 196.
ਵਿਲਸਨ, ਜੇਮਜ਼ 29, 34, 35, 56.
ਵਿਲਸਨ ਦੁਆਰਾ ਹਿੰਦੂ ਮਤ ਦਾ ਖੰਡਨ 45.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

B-0809

Digitized by Panjab Digital Library | www.panjabdigilib.org

Digitized by Panjab Digital Library | www.panjabdigilib.org